

ਗੁਰਮਤਿ ਸਿਧਾਂਤਾਂ ਦੇ ਪਰਿਪੇਖ ਵਿਚ

(ਗੁਰਮਤਿ ਲੇਖ)

ਜਸਬੀਰ ਸਿੰਘ
ਵੈਨਕੂਵਰ

ਏਸੇ ਕਲਮ ਤੋਂ :

- *ਗੁਰਬਾਣੀ ਦਾ ਸਿਧਾਂਤਕ ਸੱਚ ਅਤੇ ਪ੍ਰਚਲਿਤ ਧਾਰਨਾਵਾਂ*

2

ਗੁਰਮਤਿ ਸਿਧਾਂਤਾਂ ਦੇ ਪਰਿਪੇਖ ਵਿਚ

[ਗੁਰਮਤਿ ਲੇਖ]

ਜਸਬੀਰ ਸਿੰਘ ਵੈਨਕੂਵਰ

ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ,
ਵੈਨਕੂਵਰ, ਬੀ.ਸੀ. ਕੈਨੇਡਾ

3

4

GURMAT SIDHANTAN DE PARPEKH WICH

by

JASBIR SINGH

334 EAST 48th AVE

VANCOUVER, B.C. CANADA

ISBN-978-0-9681683-9-4

First Edition January 2014

Price : Rs. 200-00

Distributors :

Singh Brothers

S.C.O. 223-24, City Centre, Amritsar - 143 001

E-mail : singhbro@vsnl.com

Website : www.singhbrothers.com

Published by :

Canadian Sikh Study & Teaching Society

#108-1083 East Kent Ave.,

Vancouver, B.C., V5X 4V9 Canada

Printers :

Printwell, 146, Industrial Focal Point, Amritsar.

Printed and bound in India

ਸਮਰਪਣ

ਗੁਰਮਤਿ ਦੇ ਮਹਾਨ ਵਿਆਖਿਆਕਾਰ ਤੇ ਖ਼ਾਲਸਾ ਪੰਥ ਦੇ ਨਿਰਾਲੇਪਨ ਨੂੰ ਪ੍ਰਗਟਾਉਣ ਤੇ ਪ੍ਰਚਾਰਨ ਦੀ ਤਾਂਘ ਰੱਖਣ ਵਾਲੀ ਪ੍ਰਮੁੱਖ ਵਿਦਵਾਨ ਸ਼ਖ਼ਸੀਅਤ

ਮਰਹੂਮ ਪ੍ਰਿੰਸੀਪਲ ਹਰਿਭਜਨ ਸਿੰਘ ਜੀ

ਨੂੰ

ਜੋ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ ਵਿਖੇ ਦਾਸ ਵਰਗੇ ਆਪਣੇ ਸਿਖਿਆਰਥੀਆਂ ਨੂੰ ਇਉਂ ਕਹਿਆ ਕਰਦੇ ਸਨ ਕਿ ਮੇਰੇ ਮਹਿੰਗੇ ਮੁੱਲ ਵਿਹਾਝੇ ਤੇ ਪੁੱਤਰਾਂ ਸਮਾਨ ਪਿਆਰੇ ਵਿਦਿਆਰਥੀਓ! ਜੇ ਦੇ ਸਕੋ ਤਾਂ ਮੈਨੂੰ ਸਭ ਤੋਂ ਵੱਡੀ ਸ਼ਰਧਾਂਜਲੀ ਇਹ ਹੋਵੇਗੀ ਕਿ ਜਗਤ-ਗੁਰੂ ਬਾਬੇ ਦੇ ਜਗਤ-ਧਰਮ ਦੀ ਲੋਅ ਸਮਸਤ ਸੰਸਾਰ ਦੇ ਮਨਾਂ ਦੀਆਂ ਅੰਧੇਰ ਕੋਠੜੀਆਂ ਤਕ ਪਹੁੰਚੇ ਤੇ ਗੁਰਮਤਿ ਦਾ ਪ੍ਰਚੰਡ ਪ੍ਰਕਾਸ਼ ਕਰ ਕੇ ਉਹਨਾਂ ਨੂੰ ਅਗਿਆਨ-ਠੋਕਰਾਂ ਤੋਂ ਬਚਾਵੇ।

b

ਤਤਕਰਾ

ਦੋ ਸ਼ਬਦ

ਨਵੇਂ ਯੁੱਗ ਅੰਦਰ, ਨਵੇਂ ਸੰਚਾਰ ਸਾਧਨਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾ ਰਹੀ ਹੈ। ਅਜੋਕੇ ਕਾਲ ਵਿਚ ਕੰਪਿਊਟਰ ਤੇ ਇੰਟਰਨੈੱਟ ਦੁਆਰਾ ਸੰਸਾਰ ਦੇ ਹਰ ਕੋਨੇ ਵਿਚ ਵੱਖ-ਵੱਖ ਵਿਸ਼ਿਆਂ ਬਾਰੇ ਭਰਪੂਰ ਜਾਣਕਾਰੀ ਉਪਲਬਧ ਹੈ। ਇੰਜ ਹੀ ਗੁਰਮਤਿ ਸੰਬੰਧੀ ਵੀ ਵਿਚਾਰ-ਚਰਚਾ ਕਰਨ ਉਪਰੰਤ ਵਿਦਵਾਨਾਂ ਦੇ ਖੋਜ ਭਰਪੂਰ ਲੇਖ ਪੜ੍ਹੇ ਜਾ ਸਕਦੇ ਹਨ। ਦੂਜੇ ਪਾਸੇ, ਟੀ.ਵੀ. ਚੈਨਲਾਂ ਉੱਤੇ ਕਰਮ-ਕਾਂਡਾਂ ਦਾ ਖੁੱਲ੍ਹ ਕੇ ਪ੍ਰਚਾਰ ਹੋ ਰਿਹਾ ਹੈ। ਜੋਤਸ਼ੀਆਂ ਵੱਲੋਂ ਇਸ਼ਤਿਹਾਰਬਾਜ਼ੀ ਕਰ ਕੇ ਲੋਕਾਈ ਨੂੰ ਭਰਮ-ਜਾਲ ਵਿਚ ਫਸਾਉਣ ਲਈ ਨਿਰੰਤਰ ਯਤਨ ਹੋ ਰਹੇ ਹਨ। ਡੇਰੇਦਾਰਾਂ ਵੱਲੋਂ ਆਪਨੀ ਮਾਇਕ ਸ਼ਕਤੀ ਦਾ ਪੂਰਾ ਪ੍ਰਯੋਗ ਕਰ ਕੇ, ਨਵੇਂ ਸਾਧਨਾਂ ਦੁਆਰਾ ਗ਼ਲਤ ਪ੍ਰਚਾਰ ਵੀ ਜ਼ੋਰ-ਸ਼ੋਰ ਨਾਲ ਕੀਤਾ ਜਾਂਦਾ ਹੈ। ਖ਼ਾਲਸਾ ਪੰਥ ਦੀਆਂ ਧਾਰਮਿਕ ਸੰਸਥਾਵਾਂ ਦਾ ਬਹੁਤ ਹੱਦ ਤਕ ਸਿਆਸੀਕਰਣ ਹੋ ਚੁੱਕਾ ਹੈ, ਜਿਸ ਕਰਕੇ ਗੁਰਮਤਿ ਅਤੇ ਗੁਰਬਾਣੀ ਦੇ ਸੱਚ ਬਾਰੇ ਬਹੁਤ ਘੱਟ ਪ੍ਰਚਾਰਿਆ ਜਾ ਰਿਹਾ ਹੈ, ਸਗੋਂ ਗੁਰਮਤਿ ਨੂੰ ਵੇਦਾਂਤੀਕਰਣ ਦੀ ਰੰਗਤ ਵਿਚ ਰੰਗ ਕੇ ਪੇਸ਼ ਕੀਤਾ ਜਾਂਦਾ ਹੈ।

ਉਪਰੋਕਤ ਬਿਆਨੀ ਸਥਿਤੀ ਵਿਚ ਗੁਰਮਤਿ ਦੇ ਸਹੀ ਪ੍ਰਚਾਰ ਲਈ ਨਿੱਤ ਨਵੀਆਂ ਚੁਣੌਤੀਆਂ ਪੈਦਾ ਹੋ ਰਹੀਆਂ ਹਨ। ਫਿਰ ਵੀ, ਖ਼ਾਲਸਾ ਪੰਥ ਅੰਦਰ ਗੁਰਮਤਿ ਸੰਬੰਧੀ ਲਿਖਣ ਵਾਲੇ ਅਨੇਕਾਂ ਨਿਧੜਕ ਵਿਦਵਾਨ ਅਤੇ ਪ੍ਰਚਾਰਕ ਮੈਦਾਨ ਵਿਚ ਕੁੱਦ ਪਏ ਹਨ, ਜਿਨ੍ਹਾਂ ਦਾ ਮਨੋਰਥ ਗੁਰੂ ਗ੍ਰੰਥ ਸਾਹਿਬ ਦੇ ਸੱਚ ਨੂੰ ਉਜਾਗਰ ਕਰਨਾ ਅਥਵਾ ਗੁਰ-ਉਪਦੇਸ਼ਾਂ ਦੀ ਸਪੱਸ਼ਟ ਰੂਪ ਵਿਚ ਵਿਆਖਿਆ ਕਰਨੀ ਹੈ। ਇਨ੍ਹਾਂ ਵਿਦਵਾਨਾਂ ਦੀ ਲੜੀ ਵਿਚ ਭਾਈ ਸਾਹਿਬ ਜਸਬੀਰ ਸਿੰਘ ਇੱਕ ਹਨ, ਜਿਨ੍ਹਾਂ ਨੇ ਗੁਰਬਾਣੀ ਤੇ ਇਤਿਹਾਸ ਨਾਲ ਸੰਬੰਧਤ ਅਨੇਕਾਂ ਵਿਸ਼ਿਆਂ ਨੂੰ ਛੋਹਿਆ ਹੈ। ਕਈ ਸਾਲਾਂ ਤੋਂ ਇਨ੍ਹਾਂ ਦੇ ਗੁਰਮਤਿ ਲੇਖ ਵੈਨਕੂਵਰ, ਬੀ.ਸੀ. ਦੇ ਕਈ ਅਖ਼ਬਾਰਾਂ ਵਿਚ ਛਪ ਰਹੇ ਹਨ ਅਤੇ ਇੰਟਰਨੈਟ ਦੁਆਰਾ 'ਸਿੱਖ ਮਾਰਗ ਡਾਟ ਕਾਮ' 'ਤੇ ਵੀ ਇਨ੍ਹਾਂ ਦੀਆਂ ਸਮੂਹ ਲਿਖਤਾਂ ਪੜ੍ਹੀਆਂ ਜਾ ਸਕਦੀਆਂ ਹਨ।

ਭਾਈ ਸਾਹਿਬ ਹੋਰਾਂ ਨੇ ਗੁਰਮਤਿ ਦੇ ਕਈ ਅਹਿਮ ਵਿਸ਼ਿਆਂ ਬਾਰੇ ਖੁੱਲ੍ਹ ਕੇ ਲਿਖਿਆ ਹੈ, ਤਾਂ ਜੋ ਸਿੱਖ ਸੰਗਤਾਂ ਦੇ ਮਨਾਂ 'ਚੋਂ ਵਹਿਮ-ਭਰਮ ਅਲੋਪ ਹੋ ਸਕਣ। ਇਸ਼ਾਰੇ ਮਾਤਰ, ਜਿਵੇਂ 'ਕੀ ਗੁਰੂਆਂ ਦੀਆਂ ਵਸਤੂਆਂ ਦੀ ਮਹੱਤਤਾ ਗੁਰਮਤਿ ਨਾਲੋਂ ਵਧੇਰੇ ਹੈ ?, ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਸੰਬੰਧੀ ਕੁਝ ਭਰਮ-ਭੁਲੇਖੇ, ਗੁਰੂ ਦੀ

ਹਜ਼ੂਰੀ ਵਿਚ ਗਦੇਲਾ ਤੇ ਵੀਲ੍ਹ-ਚੇਅਰ ਦੀ ਵਰਤੋਂ, ਰੁਮਾਲਾ ਭੇਟ ਕਰਨ ਸੰਬੰਧੀ, ਕੜਾਹ ਪ੍ਰਸਾਦਿ, ਪੰਜ ਪਿਆਰੇ, ਸੁੱਖਣਾ ਅਤੇ ਗੁਰਮਤਿ, ਅਰਦਾਸ ਬਾਰੇ ਅਜੋਕੇ ਸਮੇਂ ਦੀ ਮੰਗ ਨੂੰ ਮੁੱਖ ਰੱਖ ਕੇ ਅਨੇਕਾਂ ਹੀ ਵਿਸ਼ਿਆਂ ਨੂੰ ਗੁਰਬਾਣੀ ਦੀ ਕਸਵੱਟੀ 'ਤੇ ਸਪੱਸ਼ਟ ਕਰ ਕੇ ਲਿਖਿਆ ਹੈ।

ਸਿੱਖ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਦੇ ਲੇਖਾਂ ਨੂੰ ਚੰਗਾ ਹੁੰਗਾਰਾ ਮਿਲਿਆ ਹੈ ਅਤੇ ਬਹੁਤ ਪਾਠਕਾਂ ਦੀ ਦਿਲੀ ਇੱਛਾ ਸੀ ਕਿ ਇਨ੍ਹਾਂ ਦੇ ਸਾਰੇ ਲੇਖ ਪੁਸਤਕ ਰੂਪ ਵਿਚ ਛਪਣੇ ਚਾਹੀਦੇ ਹਨ। ਕੁਝ ਸਮਾਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਦੇ ਗੁਰੂ ਨਾਨਕ ਅਧਿਐਨ ਵਿਭਾਗ ਦੇ ਮੁਖੀ ਤੇ ਪੰਥ ਦੇ ਪ੍ਰਸਿੱਧ ਵਿਦਵਾਨ ਡਾ: ਗੁਰਸ਼ਰਨਜੀਤ ਸਿੰਘ ਨੇ ਭਾਈ ਸਾਹਿਬ ਦੇ ਖੋਜ ਭਰਪੂਰ ਲੇਖਾਂ ਨੂੰ ਪੜ੍ਹ ਕੇ ਸਲਾਹਿਆ ਅਤੇ ਉਨ੍ਹਾਂ ਨੇ ਵੀ ਸਲਾਹ ਦਿੱਤੀ ਸੀ ਕਿ ਸਮੂਹ ਲੇਖਾਂ ਨੂੰ ਜਲਦੀ ਹੀ ਪੁਸਤਕ ਰੂਪ ਵਿਚ ਛਾਪ ਦੇਣਾ ਚਾਹੀਦਾ ਹੈ।

ਉਮੀਦ ਕਰਦਾ ਹਾਂ ਕਿ ਭਾਈ ਸਾਹਿਬ ਗੁਰਮਤਿ ਸੰਬੰਧੀ ਖੋਜ ਭਰਪੂਰ ਨਿਬੰਧ ਲਿਖਦੇ ਰਹਿਣਗੇ, ਜਿਸ ਨਾਲ ਸੰਗਤਾਂ ਨੂੰ ਗੁਰਬਾਣੀ ਦੇ ਸੱਚ ਬਾਰੇ ਵਧੇਰੇ ਸਪੱਸ਼ਟਤਾ ਹੋਵੇਗੀ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਭਾਈ ਸਾਹਿਬ ਜਸਬੀਰ ਸਿੰਘ ਜੀ ਨੂੰ ਆਪਣੇ ਲਿਖਤਾਂ ਦੁਆਰਾ ਖ਼ਾਲਸਾ ਪੰਥ ਦੀ ਸੇਵਾ ਕਰਨ ਦਾ ਹੋਰ ਉੱਦਮ ਤੇ ਉਤਸ਼ਾਹ ਮਿਲਦਾ ਰਹੇ!

ਪੂਰਨ ਸਿੰਘ (ਡਾ:)
ਐਮ.ਏ., ਪੀਐੱਚ.ਡੀ.
ਸੰਪਾਦਕ, ਸਿੱਖ ਮਾਰਗ ਤੇ ਕੈਨੇਡੀਅਨ ਪੰਜਾਬ ਟਾਈਮਜ਼,
ਕੈਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ, ਵੈਨਕੂਵਰ, ਬੀ.ਸੀ.

ਭੂਮਿਕਾ

ਗੁਰੂ ਸਾਹਿਬਾਨ ਨੇ ਖ਼ਾਲਸਾ ਪੰਥ ਨੂੰ ਜੋ ਨਿਆਰੀ ਜੀਵਨ-ਜੁਗਤਿ ਦੀ ਬਖ਼ਸ਼ਸ਼ ਕੀਤੀ ਹੈ, ਉਹ ਇਕ-ਪੱਖੀ ਨਹੀਂ ਬਲਕਿ ਬਹੁ-ਪੱਖੀ ਹੈ; ਪ੍ਰੰਤੂ ਅਸੀਂ ਖ਼ਾਲਸੇ ਦੇ ਨਿਆਰੇਪਣ ਨੂੰ ਕੇਵਲ ਤਨ ਦੀ ਰਹਿਤ ਤਕ ਹੀ ਸੀਮਤ ਕਰ ਦਿੱਤਾ ਹੋਇਆ ਹੈ। ਗੁਰਬਾਣੀ ਜੋ ਇਸ ਨਿਆਰੀ ਜੀਵਨ-ਜਾਚ ਦਾ ਖ਼ਜ਼ਾਨਾ ਹੈ, ਉਸ ਨੂੰ ਗੁਰੂ ਦੇ ਰੂਪ ਵਿਚ ਸਵੀਕਾਰ ਕਰਦੇ ਹੋਏ ਵੀ ਅਸੀਂ ਇਸ ਵਿਚਲੀ ਜੀਵਨ-ਜੁਗਤਿ ਤੋਂ ਕੋਰੇ ਹਾਂ। ਸਿੱਟੇ ਵਜੋਂ ਪੰਜ ਕਕਾਰਾਂ ਦੀ ਰਹਿਤ ਦੇ ਧਾਰਨੀ ਹੋ ਕੇ ਵੀ ਅਸੀਂ ਇਸ ਵਿਲੱਖਣ ਰਹਿਣੀ ਤੋਂ ਸੱਖਣੇ ਹਾਂ। ਗੁਰਬਾਣੀ ਨੂੰ ਵਿਚਾਰ ਸਹਿਤ ਪੜ੍ਹ-ਸੁਣ ਕੇ ਇਸ ਵਿੱਚੋਂ ਇਸ ਰਹਿਣੀ ਨੂੰ ਸਮਝਣ ਦੀ ਬਜਾਏ, ਆਪਣੇ ਵਹਿਮਾਂ-ਭਰਮਾਂ ਨੂੰ ਹੋਰ ਪਕੇਰਿਆਂ ਕਰਨ ਲਈ ਬਾਣੀ ਦੀ ਵਰਤੋਂ ਕਰਨ ਲੱਗ ਪਏ ਹਾਂ। ਇਹੀ ਕਾਰਨ ਹੈ ਕਿ ਸਿੱਖ ਜਗਤ ਵਿਚ ਤਾਂਤਰਿਕ-ਵਿਧੀਆਂ ਨਾਲ ਗੁਰਬਾਣੀ ਦੇ ਪਠਨ-ਪਾਠ ਦਾ ਰਿਵਾਜ ਦਿਨ-ਪ੍ਰਤਿ-ਦਿਨ ਵਧੇਰੇ ਪ੍ਰਚੱਲਿਤ ਹੋ ਰਿਹਾ ਹੈ।

ਗੁਰਦੁਆਰਾ ਸਾਹਿਬਾਨ ਗੁਰਮਤਿ ਦੀਆਂ ਟਕਸਾਲਾਂ ਹਨ ਜਿਥੋਂ ਸਿੱਖ ਸੰਗਤਾਂ ਨੇ ਗੁਰਮਤਿ ਦੀ ਅਮਲੀ ਰੂਪ ਵਿਚ ਸਿੱਖਿਆ ਲੈਣੀ ਸੀ, ਪਰ ਸਾਡੇ ਜ਼ਿਆਦਾਤਰ ਗੁਰਦੁਆਰੇ ਗੁਰਮਤਿ ਦੀ ਥਾਂ ਕਰਮ-ਕਾਂਡ ਦਾ ਕੇਂਦਰ ਬਣ ਕੇ ਰਹਿ ਗਏ ਹਨ। ਡੇਰਾਵਾਦ ਰੂਪੀ ਅਮਰ-ਵੇਲ ਬੜੀ ਤੇਜ਼ੀ ਨਾਲ ਵਧ ਰਹੀ ਹੈ। ਜੇਕਰ ਡੇਰਾਵਾਦ ਇਸੇ ਤਰ੍ਹਾਂ ਵਧਦਾ ਰਿਹਾ ਤਾਂ ਖ਼ਾਲਸੇ ਦਾ ਨਿਆਰਾਪਣ ਮੂਲੋਂ ਹੀ ਜਾਂਦਾ ਰਹੇਗਾ ਅਤੇ ਸਿੱਖ ਧਰਮ ਇਕ ਕਰਮ-ਕਾਂਡੀ ਧਰਮ ਬਣ ਕੇ ਰਹਿ ਜਾਵੇਗਾ।

ਗੁਰਮਤਿ ਦੀ ਜੀਵਨ-ਜੁਗਤਿ ਦੇ ਨਿਆਰੇਪਣ ਨੂੰ ਸਮੇਂ ਸਮੇਂ ਕਈ ਵਿਦਵਾਨਾਂ ਨੇ ਆਪਣੇ ਵਿਆਖਿਆਨਾਂ ਅਤੇ ਲਿਖਤਾਂ ਦੁਆਰਾ ਪ੍ਰਗਟ ਕਰਨ ਦਾ ਉਪਰਾਲਾ ਕੀਤਾ ਹੈ ਅਤੇ ਕਰ ਰਹੇ ਹਨ। ਦਾਸ ਨੇ ਵੀ ਕੁਝ ਸੁਹਿਰਦ ਸੱਜਣਾਂ ਦੀ ਪ੍ਰੇਰਨਾ ਨਾਲ ਹਫ਼ਤਾਵਾਰੀ ਅਖ਼ਬਾਰ *ਸੱਚ ਦੀ ਆਵਾਜ਼* ਵਿਚ ਜੂਨ 1988 ਈ: ਵਿਖੇ 'ਗੁਰਮਤਿ' ਸੰਬੰਧੀ ਸਵਾਲ-ਜਵਾਬ ਦਾ ਕਾਲਮ ਸ਼ੁਰੂ ਕੀਤਾ ਸੀ। *ਸੱਚ ਦੀ ਆਵਾਜ਼* ਤੋਂ ਇਲਾਵਾ *ਗਾਰਡੀਅਨ*, *ਪੰਜਾਬੀ ਟ੍ਰਿਬਿਊਨ* ਅਤੇ *ਕੈਨੇਡੀਅਨ ਪੰਜਾਬੀ ਟਾਈਮਜ਼* ਵਿਚ ਵੀ ਛਪਦੇ ਰਹੇ ਹਨ। ਇਨ੍ਹਾਂ ਹਫ਼ਤਾਵਾਰੀ ਪੇਪਰਾਂ ਤੋਂ ਇਲਾਵਾ *ਸਿੱਖ ਮਾਰਗ* ਜਿਸ ਨੂੰ ਸ: ਮੱਖਣ ਸਿੰਘ ਜੀ ਪੁਰੇਵਾਲ ਹੁਰੀਂ ਬੜੀ ਲਗਨ, ਮਿਹਨਤ ਅਤੇ ਦ੍ਰਿੜ੍ਹਤਾ ਨਾਲ ਚਲਾ ਰਹੇ ਹਨ, ਵਿਚ ਵੀ ਛਪ ਚੁੱਕੇ ਹਨ। ਗੁਰਮਤਿ ਦੀ ਜੀਵਨ-ਜੁਗਤਿ ਦੇ ਸੰਬੰਧ

ਵਿਚ ਸਿੱਖ ਸੰਗਤਾਂ ਵੱਲੋਂ ਸਮੇਂ ਸਮੇਂ ਪੁੱਛੇ ਪ੍ਰਸ਼ਨਾਂ ਨੂੰ ਦਰਸਾਉਣ ਲਈ ਦਾਸ ਨੇ ਜੋ ਸਮੇਂ ਸਮੇਂ ਲੇਖ ਲਿਖੇ ਸਨ, ਉਨ੍ਹਾਂ ਨੂੰ ਕਿਤਾਬ ਦਾ ਰੂਪ ਦਿੱਤਾ ਜਾ ਰਿਹਾ ਹੈ। ਇਨ੍ਹਾਂ ਲੇਖਾਂ ਵਿਚ ਗੁਰਬਾਣੀ ਦੇ ਸ਼ਬਦਾਂ ਦੇ ਅਰਥ *ਗੁਰੂ ਗ੍ਰੰਥ ਸਾਹਿਬ ਦਰਪਣ* ਕ੍ਰਿਤ ਪ੍ਰੋਫ਼ੈਸਰ ਸਾਹਿਬ ਸਿੰਘ ਜੀ ਵਿੱਚੋਂ ਹਨ, ਭਾਈ ਗੁਰਦਾਸ ਜੀ ਦੀਆਂ ਵਾਰਾਂ ਦੀਆਂ ਪਉੜੀਆਂ ਦੇ ਅਰਥ ਪੰਡਤ ਹਜ਼ਾਰਾ ਸਿੰਘ ਜੀ ਦੇ ਟੀਕੇ ਵਿੱਚੋਂ ਲਏ ਗਏ ਹਨ ਅਤੇ ਕਬਿੱਤ ਸਵੱਈਆਂ ਦੇ ਅਰਥ ਭਾਈ ਸੇਵਾ ਸਿੰਘ ਜੀ ਵੱਲੋਂ ਕੀਤੇ ਟੀਕੇ ਵਿੱਚੋਂ ਲਏ ਗਏ ਹਨ।

ਸਭ ਤੋਂ ਪ੍ਰਥਮ ਉਸ ਅਕਾਲ ਪੁਰਖ ਅਤੇ ਗੁਰਬਾਣੀ ਦੁਆਰਾ ਉਸ ਦੀ ਸੋਝੀ ਕਰਾਉਣ ਵਾਲੇ ਕ੍ਰਿਪਾਲੂ ਸਤਿਗੁਰੂ ਜੀ ਦਾ ਕੋਟਾਨਿ-ਕੋਟਿ ਧੰਨਵਾਦ ਹੈ, ਜਿਨ੍ਹਾਂ ਦੀ ਅਪਾਰ ਬਖ਼ਸ਼ਸ਼ ਦੁਆਰਾ ਦਾਸ ਇਸ ਪੁਸਤਕ ਵਿਚਲੇ ਲੇਖ ਲਿਖਣ ਦੇ ਯੋਗ ਹੋ ਸਕਿਆ ਹੈ। ਉਪਰੰਤ ਦਾਸ ਧੰਨਵਾਦੀ ਹੈ ਗਿਆਨੀ ਜਗਤਾਰ ਸਿੰਘ ਜਾਚਕ (ਨਿਊਯਾਰਕ), ਪ੍ਰਿੰਸੀਪਲ ਸੁਰਜੀਤ ਸਿੰਘ ਦਿੱਲੀ ਵਾਲੇ, ਡਾਕਟਰ ਪੂਰਨ ਸਿੰਘ ਵੈਨਕੂਵਰ, ਗਿਆਨੀ ਹਰਬੰਸ ਸਿੰਘ (ਸਰੀ ਨਿਵਾਸੀ), ਬਚਿੱਤਰ ਸਿੰਘ ਵੈਨਕੂਵਰ ਜਿਨ੍ਹਾਂ ਤੋਂ ਸਮੇਂ ਸਮੇਂ ਗੁਰਮਤਿ ਦੇ ਕਈ ਪੱਖਾਂ ਨੂੰ ਸਮਝਣ ਲਈ ਸਹਾਇਤਾ ਮਿਲੀ। ਇਨ੍ਹਾਂ ਤੋਂ ਇਲਾਵਾ ਸ: ਬਲਜਿੰਦਰ ਸਿੰਘ ਧਾਲੀਵਾਲ ਅਤੇ ਸ: ਵੀਰਇੰਦਰ ਸਿੰਘ ਲਾਂਬਾ (ਐਡਮਿੰਟਨ ਨਿਵਾਸੀ) ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਇਨ੍ਹਾਂ ਲੇਖਾਂ ਨੂੰ ਪੜ੍ਹ ਕੇ ਕਈ ਵਡਮੁੱਲੇ ਸੁਝਾਅ ਦਿੱਤੇ, ਜਿਨ੍ਹਾਂ ਕਾਰਨ ਇਸ ਪੁਸਤਕ ਵਿਚਲੇ ਲੇਖਾਂ ਨੂੰ ਹੋਰ ਨਿਖਾਰਨ ਅਤੇ ਸਪੱਸ਼ਟ ਕਰਨ ਵਿਚ ਸਹਾਇਤਾ ਮਿਲੀ ਹੈ।

ਦਾਸ, ਸ: ਪ੍ਰੀਤਮ ਸਿੰਘ ਔਲਖ ਹੁਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹੈ, ਜਿਨ੍ਹਾਂ ਨੇ ਕੇਵਲ ਇਸ ਕਾਰਜ ਲਈ ਹੱਲਾਸ਼ੇਰੀ ਹੀ ਨਹੀਂ ਦਿੱਤੀ, ਸਗੋਂ ਹਰੇਕ ਲੇਖ ਨੂੰ ਪੜ੍ਹ ਕੇ ਟਾਈਪ ਦੀਆਂ ਗ਼ਲਤੀਆਂ ਦੀ ਸੁਧਾਈ ਦੇ ਨਾਲ-ਨਾਲ, ਕਈ ਵਾਕਾਂ ਦੀ ਸੁਧਾਈ ਕਰਨ ਦੇ ਨਾਲ ਸਿਧਾਂਤਕ ਪਹਿਲੂਆਂ ਵੱਲ ਵੀ ਧਿਆਨ ਦੁਆ ਕੇ ਉਨ੍ਹਾਂ ਨੂੰ ਨਿਖਾਰਨ ਵਿਚ ਸਹਾਇਤਾ ਕੀਤੀ ਹੈ।

ਇਨ੍ਹਾਂ ਲੇਖਾਂ ਨੂੰ ਕਿਤਾਬੀ ਰੂਪ ਸ਼ਾਇਦ ਅਜੇ ਨਾ ਦਿੱਤਾ ਜਾ ਸਕਦਾ, ਜੇਕਰ 'ਕੈਨੇਡੀਅਨ ਸਿੱਖ ਸਟੱਡੀ ਅਤੇ ਟੀਚਿੰਗ ਸੋਸਾਇਟੀ' ਇਸ ਨੂੰ ਛਾਪਣ ਦਾ ਉਪਰਾਲਾ ਨਾ ਕਰਦੀ। ਦਾਸ, ਇਸ ਸੋਸਾਇਟੀ ਦੀ ਇਸ ਉਦਾਰਤਾ ਲਈ ਵੀ ਧੰਨਵਾਦੀ ਹੈ।

ਇਸ ਤੋਂ ਇਲਾਵਾ 'ਅਕਾਲੀ ਸਿੰਘ ਸਿੱਖ ਸੋਸਾਇਟੀ' ਅਤੇ ਸਟਾਫ਼ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਤੋਂ ਹਰੇਕ ਤਰ੍ਹਾਂ ਦਾ ਸਹਿਯੋਗ ਮਿਲ ਰਿਹਾ ਹੈ।

ਪੁਸਤਕ ਵਿਚ ਕਿਸੇ ਤਰ੍ਹਾਂ ਦੀ ਵੀ ਤਰੁੱਟੀ/ਗ਼ਲਤੀ ਵੱਲ ਧਿਆਨ ਲਿਆਉਣ ਵਾਲਿਆਂ ਦਾ ਦਾਸ ਧੰਨਵਾਦੀ ਹੋਵੇਗਾ ਅਤੇ ਅਗਲੀ ਐਡੀਸ਼ਨ ਵਿਚ ਉਸ ਭੁੱਲ ਨੂੰ ਸੋਧ ਲਿਆ ਜਾਵੇਗਾ।

ਗੁਰੂ ਪੰਥ ਦਾ ਦਾਸ,

ਜਸਬੀਰ ਸਿੰਘ

ਵੈਨਕੂਵਰ ਬੀ.ਸੀ., ਕੈਨੇਡਾ

ਜਿ ਹੋਂਦੈ ਗੁਰੂ ਬਹਿ ਟਿਕਿਆ..

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਜੀਵਨ-ਮੁਕਤ ਹੋਣ ਲਈ ਕੇਵਲ ਤੇ ਕੇਵਲ ਗੁਰਬਾਣੀ ਵਿਚ ਦਰਸਾਈ ਜੀਵਨ-ਜੁਗਤਿ ਨੂੰ ਅਪਨਾਉਣ ਦੀ ਹੀ ਲੋੜ ਹੈ। ਗੁਰੂ-ਕਾਲ ਵਿਚ ਵੀ ਇਹੀ ਸ਼ਰਤ ਸੀ, ਹੁਣ ਵੀ ਇਹੀ ਹੈ ਅਤੇ ਭਵਿੱਖ ਵਿਚ ਵੀ ਇਹੀ ਰਹੇਗੀ। ਕੋਈ ਵੀ ਪ੍ਰਾਣੀ ਇਸ ਜੀਵਨ-ਜੁਗਤਿ ਨੂੰ ਅਪਣਾ ਕੇ ਜੀਵਨ-ਮੁਕਤ ਹੋ ਸਕਦਾ ਹੈ। ਪ੍ਰੰਤੂ ਗੁਰੂ-ਕਾਲ ਤੋਂ ਹੀ ਗੁਰੂ ਨਾਨਕ ਸਾਹਿਬ ਦੇ ਪੈਰੋਕਾਰ ਬਣਨ ਅਥਵਾ ਅਖਵਾਉਣ ਲਈ ਹਰੇਕ ਪ੍ਰਾਣੀ ਲਈ ਇਕ ਨਿਯਮ ਦੀ ਪਾਲਣਾ ਕਰਨਾ ਜ਼ਰੂਰੀ ਸੀ। ਉਹ ਨਿਯਮ ਸੀ ਕਿ ਹਰੇਕ ਵਿਅਕਤੀ ਨੂੰ ਗੁਰਬਾਣੀ ਦੀ ਜੀਵਨ-ਜੁਗਤਿ ਨੂੰ ਅਪਨਾਉਣ ਦੇ ਨਾਲ ਨਾਲ ਸਾਰੇ ਹੀ ਗੁਰੂ ਸਾਹਿਬਾਨ ਨੂੰ ਇੱਕੋ ਜੋਤਿ ਅਤੇ ਜੁਗਤਿ ਦੇ ਧਾਰਨੀ ਸਮਝਣਾ। ਇਸ ਧਾਰਨਾ ਅਨੁਸਾਰ ਹੀ ਜਦ ਕਿਸੇ ਗੁਰੂ ਸਾਹਿਬ ਨੇ ਦੂਜੇ ਗੁਰੂ ਸਾਹਿਬ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ, ਤਾਂ ਸਿੱਖ ਗੁਰ ਨਾਨਕ ਜੋਤਿ ਦੇ ਉਸ ਸਰੂਪ ਨੂੰ ਗੁਰੂ ਨਾਨਕ ਸਾਹਿਬ ਦਾ ਹੀ ਜ਼ਾਹਰਾ ਸਰੂਪ ਸਮਝ ਕੇ, ਉਨ੍ਹਾਂ ਦੇ ਹਰੇਕ ਆਦੇਸ਼ ਦੀ ਪਾਲਣਾ ਕਰਦਾ ਸੀ।

ਸਾਡਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਿਸ ਕਿਸੇ ਨੇ ਵੀ ਇਸ ਨਿਯਮ ਦੀ ਪਾਲਣਾ ਨਹੀਂ ਕੀਤੀ, ਉਹ ਗੁਰੂ ਨਾਨਕ ਸਾਹਿਬ ਦੇ ਸਿੱਖ ਵਜੋਂ ਆਪਣੀ ਪਛਾਣ ਗਵਾ ਬੈਠਾ। ਉਹ ਵਿਅਕਤੀ ਸਿੱਖ ਪੰਥ ਨਾਲੋਂ ਅਲੱਗ-ਥਲੱਗ ਹੋ ਕੇ ਰਹਿ ਗਿਆ। ਇੱਥੋਂ ਤਕ ਕਿ ਜੇਕਰ ਗੁਰੂ ਸਾਹਿਬਾਨ ਦੀ ਸੰਤਾਨ ਨੇ ਵੀ ਇਸ ਨਿਯਮ ਦੀ ਉਲੰਘਣਾ ਕੀਤੀ, ਤਾਂ ਉਹ ਵੀ ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਤੋਂ ਅਲੱਗ-ਥਲੱਗ ਹੋ ਕੇ ਰਹਿ ਗਈ।

ਭਾਵੇਂ ਸ੍ਰੀ ਚੰਦ ਅਤੇ ਲਖਮੀ ਚੰਦ ਨੇ ਗੁਰੂ ਨਾਨਕ ਸਾਹਿਬ ਦੀ ਅਜ਼ਮਤ ਨੂੰ ਹਜ਼ੂਰ ਦੇ ਜੋਤੀ ਜੋਤਿ ਸਮਾਉਣ ਉਪਰੰਤ ਹੀ ਸਮਝਿਆ ਸੀ ਪ੍ਰੰਤੂ ਫਿਰ ਵੀ ਇਨ੍ਹਾਂ ਨੇ ਗੁਰੂ ਅੰਗਦ ਸਾਹਿਬ ਨੂੰ ਗੁਰੂ ਨਾਨਕ ਰੂਪ ਵਿਚ ਸਵੀਕਾਰ ਨਹੀਂ ਸੀ ਕੀਤਾ।

ਇਸ ਲਈ ਹੀ ਤਾਂ ਸ੍ਰੀ ਚੰਦ ਜੀ ਨੇ ਗੁਰੂ ਨਾਨਕ ਸਾਹਿਬ ਦੇ ਮਤ ਨਾਲੋਂ ਆਪਣਾ ਵੱਖਰਾ ਉਦਾਸੀ ਮਤ ਚਲਾ ਲਿਆ ਸੀ। ਸ੍ਰੀ ਚੰਦ ਜੀ ਹਮੇਸ਼ਾ ਗੁਰੂ ਅੰਗਦ ਸਾਹਿਬ ਤੇ ਗੁਰੂ ਅਮਰਦਾਸ ਜੀ ਦਾ ਵਿਰੋਧ ਕਰਦੇ ਰਹੇ। ਗੁਰੂ ਰਾਮਦਾਸ ਸਾਹਿਬ ਜੀ ਦੇ ਸਮੇਂ ਆਪ ਜੀ ਦਾ ਕ੍ਰੋਧ ਸ਼ਾਂਤ ਹੋਇਆ ਅਤੇ ਆਪ ਗੁਰੂ ਰਾਮਦਾਸ ਸਾਹਿਬ ਨੂੰ ਮਿਲੇ ਸਨ। ਸਿੱਖ ਸੰਗਤਾਂ ਨੇ ਸ੍ਰੀ ਚੰਦ ਜੀ ਨੂੰ ਗੁਰੂ ਨਾਨਕ ਦੇ ਰੂਪ ਵਿਚ ਸਵੀਕਾਰ

ਕਰਨ ਦੀ ਥਾਂ ਗੁਰੂ ਅੰਗਦ ਸਾਹਿਬ ਨੂੰ ਹੀ ਗੁਰੂ ਨਾਨਕ ਦੇ ਰੂਪ ਵਿਚ ਸਵੀਕਾਰ ਕੀਤਾ ਸੀ।

[ਨੋਟ: ਉਦਾਸੀ ਮਤ ਨਾਲ ਸੰਬੰਧ ਰੱਖਣ ਵਾਲਿਆਂ ਨੇ ਸ੍ਰੀ ਚੰਦ ਜੀ ਅਤੇ ਗੁਰੂ ਸਾਹਿਬ ਨਾਲ ਸੰਬੰਧਤ ਕੁਝ ਸਾਖੀਆਂ ਪ੍ਰਚਾਰੀਆਂ ਹੋਈਆਂ ਹਨ। ਇਨ੍ਹਾਂ ਸਾਖੀਆਂ ਦੁਆਰਾ ਸ੍ਰੀ ਚੰਦ ਨੂੰ ਗੁਰੂ ਕਿਆਂ ਨਾਲੋਂ ਸ੍ਰੇਸ਼ਟ ਸਾਬਤ ਕਰਨ ਦੀ ਹੀ ਕੋਸ਼ਿਸ਼ ਕੀਤੀ ਹੋਈ ਹੈ। ਪ੍ਰੰਤੂ ਇਨ੍ਹਾਂ ਸਾਖੀਆਂ ਵਿਚ ਕੋਈ ਸਚਾਈ ਨਹੀਂ ਹੈ। ਉਦਾਹਰਣ ਵਜੋਂ ਕਹਾਣੀ ਹੈ ਕਿ ਬਾਬਾ ਗੁਰਦਿੱਤਾ ਜੀ ਨੂੰ ਸ੍ਰੀ ਚੰਦ ਜੀ ਨੇ ਸੇਲੀ ਟੋਪੀ ਦੇ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਕਿਹਾ ਕਿ, 'ਗੁਰਗੱਦੀ ਤਾਂ ਅੱਗੇ ਹੀ ਤੁਹਾਡੇ ਪਾਸ ਹੈ, ਸਾਡੇ ਪਾਸ ਥੋੜ੍ਹਾ ਜਿਹਾ ਤਪ ਤੇ ਫ਼ਕੀਰੀ ਸੀ, ਇਹ ਵੀ ਲੈ ਲਵੋ।' ਪਰ ਵਿਚਾਰਨ ਵਾਲੀ ਗੱਲ ਇਹ ਹੈ ਕਿ ਕੀ ਜਿਹੋ ਜਿਹੇ ਤਪ ਅਤੇ ਫ਼ਕੀਰੀ ਦੇ ਸ੍ਰੀ ਚੰਦ ਜੀ ਧਾਰਨੀ ਸਨ, ਉਸ ਦਾ ਗੁਰੂ ਨਾਨਕ ਸਾਹਿਬ ਦੇ ਘਰ ਵਿਚ ਕੋਈ ਸਥਾਨ ਹੈ? ਨਿਰਸੰਦੇਹ ਇਸ ਦਾ ਉੱਤਰ 'ਨਾਂਹ' ਵਿਚ ਹੀ ਹੈ। ਦੂਜੀ ਇਤਿਹਾਸਕ ਸਚਾਈ ਇਹ ਹੈ ਕਿ ਜਿਸ ਸਮੇਂ ਸ੍ਰੀ ਚੰਦ ਜੀ ਦਾ ਅਕਾਲ ਚਲਾਣਾ ਹੋਇਆ, ਉਸ ਸਮੇਂ ਬਾਬਾ ਗੁਰਦਿੱਤਾ ਜੀ ਦਾ ਜਨਮ ਹੀ ਨਹੀਂ ਸੀ ਹੋਇਆ। ਆਪ ਜੀ ਦਾ ਜਨਮ ਸ੍ਰੀ ਚੰਦ ਜੀ ਦੇ ਅਕਾਲ ਚਲਾਣਾ ਕਰਨ ਪਿੱਛੋਂ ਲੱਗਭੱਗ ਤੇਰ੍ਹਾਂ ਕੁ ਮਹੀਨਿਆਂ ਬਾਅਦ ਹੋਇਆ ਸੀ।]

ਗੁਰੂ ਅੰਗਦ ਸਾਹਿਬ ਦੇ ਦੋਵੇਂ ਸਾਹਿਬਜ਼ਾਦੇ, ਦਾਤੂ ਜੀ ਅਤੇ ਦਾਸੂ ਜੀ, ਗੁਰੂ ਨਾਨਕ ਸਾਹਿਬ ਅਤੇ ਗੁਰੂ ਅੰਗਦ ਸਾਹਿਬ ਜੀ ਨੂੰ ਤਾਂ ਗੁਰੂ ਮੰਨਦੇ ਸਨ, ਪ੍ਰੰਤੂ ਗੁਰੂ ਅਮਰਦਾਸ ਜੀ ਨੂੰ ਨਹੀਂ ਸੀ ਮੰਨਦੇ। ਇਨ੍ਹਾਂ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਨਾਨਕ ਅਥਵਾ ਗੁਰੂ ਅੰਗਦ ਸਾਹਿਬ ਦਾ ਰੂਪ ਨਹੀਂ ਸੀ ਮੰਨਿਆ। ਇਸ ਲਈ ਹੀ ਇਨ੍ਹਾਂ ਨੇ ਗੁਰੂ ਅਮਰਦਾਸ ਜੀ ਦਾ ਵਿਰੋਧ ਕੀਤਾ ਸੀ। ਦਾਤੂ ਜੀ ਨੇ ਤਾਂ ਗੁਰੂ ਅਮਰਦਾਸ ਜੀ ਨੂੰ ਸਿੰਘਾਸਨ 'ਤੇ ਬੈਠੇ ਹੋਇਆਂ ਨੂੰ ਲੱਤ ਵੀ ਕੱਢ ਮਾਰੀ ਸੀ। ਗੁਰੂ ਅਮਰਦਾਸ ਜੀ ਦੇ ਗੋਇੰਦਵਾਲ ਨੂੰ ਛੱਡ ਕੇ ਬਾਸਰਕੇ ਚਲੇ ਜਾਣ ਮਗਰੋਂ, ਦਾਤੂ ਜੀ ਗੁਰੂ ਸਾਹਿਬ ਦੇ ਸਿੰਘਾਸਨ 'ਤੇ ਬੈਠ ਕੇ, ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ ਵਾਰਿਸ ਹੋਣ ਦਾ ਢੰਡੋਰਾ ਦੇਂਦੇ ਰਹੇ, ਪ੍ਰੰਤੂ ਸਿੱਖ ਸੰਗਤਾਂ ਨੇ ਦਾਤੂ ਜੀ ਨੂੰ ਮੂੰਹ ਨਹੀਂ ਸੀ ਲਾਇਆ। ਸੰਗਤਾਂ ਦਾਤੂ ਜੀ ਦਾ ਗੁਰੂ-ਪੁੱਤਰ ਹੋਣ ਕਰਕੇ ਸਤਿਕਾਰ ਤਾਂ ਕਰਦੀਆਂ ਸਨ ਪ੍ਰੰਤੂ ਇਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਸਵੀਕਾਰ ਕਰਨ ਲਈ ਕਿਸੇ ਵੀ ਕੀਮਤ 'ਤੇ ਤਿਆਰ ਨਹੀਂ ਸਨ। ਚੂੰਕਿ ਸੰਗਤਾਂ ਨੇ ਗੁਰੂ ਅੰਗਦ ਸਾਹਿਬ ਦੇ ਹੁਕਮ ਅਨੁਸਾਰ ਕੇਵਲ ਗੁਰੂ ਅਮਰਦਾਸ ਜੀ ਨੂੰ ਹੀ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਸਵੀਕਾਰ ਕੀਤਾ ਸੀ। ਦਾਤੂ ਜੀ ਨੇ ਜਦ ਦੇਖਿਆ ਕਿ ਸਿੱਖ ਸੰਗਤਾਂ ਉਨ੍ਹਾਂ ਨੂੰ ਗੁਰੂ ਦੇ ਰੂਪ ਵਿਚ ਸਵੀਕਾਰ ਨਹੀਂ ਕਰ ਰਹੀਆਂ ਤਾਂ ਨਿਰਾਸ਼ ਹੋ ਕੇ, ਗੁਰੂ-ਘਰ ਦਾ ਜੋ ਮਾਲ ਅਸਬਾਬ ਹੱਥ ਲੱਗਾ, ਉਸ ਨੂੰ ਸਮੇਟ ਕੇ, ਵਾਪਸ ਖਡੂਰ ਆ ਗਏ ਸਨ।

ਗੁਰੂ ਅਮਰਦਾਸ ਜੀ ਦੇ ਦੋਹਾਂ ਪੁੱਤਰਾਂ ਵਿੱਚੋਂ ਮੋਹਰੀ ਜੀ ਨੇ ਹੀ ਪਿਤਾ ਗੁਰਦੇਵ ਦੇ ਹੁਕਮ ਨੂੰ ਮੰਨਦਿਆਂ ਹੋਇਆਂ, ਗੁਰੂ ਰਾਮਦਾਸ ਜੀ ਨੂੰ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਸਵੀਕਾਰ ਕਰ ਕੇ ਸੀਸ ਝੁਕਾਇਆ ਸੀ, ਪਰ ਦੂਜੇ ਪੁੱਤਰ ਮੋਹਨ ਜੀ ਨੇ ਸਵੀਕਾਰ ਨਹੀਂ ਸੀ ਕੀਤਾ। ਗੁਰੂ ਗ੍ਰੰਥ ਸਾਹਿਬ ਦਾ ਨਿਮਨ-ਲਿਖਤ ਫ਼ੁਰਮਾਨ ਇਸ ਪਹਿਲੂ ਉੱਤੇ ਰੋਸ਼ਨੀ ਪਾਉਂਦਾ ਹੈ:

ਸਤਿਗੁਰੁ ਪੁਰਖੁ ਜਿ ਬੋਲਿਆ ਗੁਰਸਿਖਾ ਮੰਨਿ ਲਈ ਰਜਾਇ ਜੀਉ ॥
ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥

(ਰਾਮਕਲੀ ਸਦੁ, ਪੰਨਾ 924)

ਅਰਥ : ਜਦੋਂ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ (ਕਿ ਸਾਰੇ ਗੁਰੂ ਰਾਮਦਾਸ ਜੀ ਦੇ ਚਰਨੀਂ ਲੱਗਣ, ਤਾਂ) ਗੁਰਸਿੱਖਾਂ ਨੇ (ਗੁਰੂ ਅਮਰਦਾਸ ਜੀ ਦਾ) ਹੁਕਮ ਮੰਨ ਲਿਆ। (ਸਭ ਤੋਂ ਪਹਿਲਾਂ) (ਗੁਰੂ ਅਮਰਦਾਸ ਜੀ ਦੇ) ਪੁੱਤਰ (ਬਾਬਾ) ਮੋਹਰੀ ਜੀ ਗੁਰੂ ਰਾਮਦਾਸ ਜੀ ਦੇ ਪੈਰਾਂ 'ਤੇ ਪੈ ਕੇ (ਪਿਤਾ ਦੇ) ਸਾਹਮਣੇ ਸੁਰਖ਼ਰੂ ਹੋ ਕੇ ਆ ਖਲੋਤੇ। ਪ੍ਰਿਥੀ ਚੰਦ, ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਰਾਮਦਾਸ ਜੀ ਤੀਕ ਗੁਰੂਆਂ ਨੂੰ ਗੁਰੂ ਮੰਨਦੇ ਸੀ, ਪਰ ਗੁਰੂ ਅਰਜਨ ਸਾਹਿਬ ਜੀ ਨੂੰ ਗੁਰੂ ਦੇ ਰੂਪ ਵਿਚ ਸਵੀਕਾਰ ਨਹੀਂ ਸੀ ਕਰਦੇ। ਪ੍ਰਿਥੀ ਚੰਦ ਕਾਫ਼ੀ ਚਿਰ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੀ ਗੱਦੀ ਦਾ ਉਤਰਾਧਿਕਾਰੀ ਪ੍ਰਚਾਰਦੇ ਰਹੇ ਸਨ। ਇਸੇ ਤਰ੍ਹਾਂ ਮਿਹਰਵਾਨ ਆਦਿਕ ਵੀ ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਅਜਿਹੀ ਹੀ ਧਾਰਨਾ ਰੱਖਦੇ ਸਨ।

ਧੀਰਮਲ ਹੁਰੀਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਤਾਂ ਗੁਰੂ ਮੰਨਦੇ ਸਨ, ਪਰ ਗੁਰੂ ਹਰਿਰਾਇ ਸਾਹਿਬ ਨੂੰ ਗੁਰੂ ਨਹੀਂ ਸੀ ਮੰਨਦੇ। ਇਸੇ ਤਰ੍ਹਾਂ ਗੁਰੂ ਹਰਿਰਾਇ ਸਾਹਿਬ ਦੇ ਵੱਡੇ ਪੁੱਤਰ ਰਾਮਰਾਇ ਵੀ ਪਹਿਲੇ ਸੱਤ ਗੁਰੂ ਸਾਹਿਬਾਨ ਨੂੰ ਗੁਰੂ ਮੰਨਦੇ ਸਨ, ਪਰ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਗੁਰੂ ਨਹੀਂ ਸੀ ਮੰਨਦੇ। ਉਹ ਆਪਣੇ ਪਿਛਲੱਗਾਂ ਦੁਆਰਾ ਸਿੱਖ ਸੰਗਤਾਂ ਵਿਚ ਇਹ ਪ੍ਰਚਾਰ ਕਰਾਉਂਦੇ ਰਹੇ ਕਿ ਪਿਤਾ ਗੁਰਦੇਵ ਤੋਂ ਬਾਅਦ ਗੁਰਗੱਦੀ ਉੱਤੇ ਹੁਣ ਉਹ ਹੀ ਬਿਰਾਜਮਾਨ ਹਨ। ਇਹ ਗੱਲ ਵੱਖਰੀ ਹੈ ਕਿ ਰਾਮਰਾਇ ਆਮ ਸਿੱਖ ਸੰਗਤਾਂ ਨੂੰ ਆਪਣੇ ਮਗਰ ਲਾਉਣ ਵਿਚ ਕਾਮਯਾਬ ਨਾ ਹੋ ਸਕੇ। ਪਰ ਜਦ ਰਾਮਰਾਇ ਨੂੰ ਉਨ੍ਹਾਂ ਦੇ ਆਪ ਸਥਾਪਤ ਕੀਤੇ ਮਸੰਦ ਤੰਗ ਕਰਨ ਲੱਗੇ ਤਾਂ ਰਾਮਰਾਇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ, ਅਤੇ ਹਜ਼ੂਰ ਨੇ ਤੁਰੰਤ ਹੀ ਰਾਮਰਾਇ ਦੀ ਇਸ ਇੱਛਾ ਨੂੰ ਪੂਰਿਆਂ ਕਰ ਦਿੱਤਾ ਸੀ।

ਧਿਆਨ ਰਹੇ ਕਿ ਇਸ ਤੋਂ ਪਹਿਲਾਂ ਰਾਮਰਾਇ ਨੂੰ ਆਪਣੀ ਭੁੱਲ ਦਾ ਅਹਿਸਾਸ ਨਹੀਂ ਸੀ ਹੋਇਆ। ਉਹ ਤਾਂ ਇਹ ਹੀ ਸਮਝਦੇ ਰਹੇ ਕਿ ਗੁਰਬਾਣੀ ਦੇ ਸੱਚ ਨੂੰ ਲੁਕਾ ਕੇ ਉਨ੍ਹਾਂ ਨੇ ਕੁਝ ਵੀ ਗ਼ਲਤ ਨਹੀਂ ਕੀਤਾ। ਜੇਕਰ ਰਾਮਰਾਇ ਸ਼ੁਰੂ ਵਿਚ ਹੀ ਆਪਣੀ ਭੁੱਲ ਨੂੰ ਸਵੀਕਾਰ ਕਰ ਲੈਂਦੇ ਤਾਂ ਗੁਰੂ ਸਾਹਿਬ ਉਨ੍ਹਾਂ ਨੂੰ ਜ਼ਰੂਰ ਮੁਆਫ਼ ਕਰ ਦੇਂਦੇ। ਪ੍ਰੰਤੂ ਇਸ ਦਾ ਇਹ ਭਾਵ ਨਹੀਂ ਕਿ ਉਸ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪ ਦੇਂਦੇ। ਐਸਾ ਤਾਂ ਨਹੀਂ ਪਰ ਉਸ ਨੂੰ ਪੁੱਤਰ ਦੇ ਰੂਪ ਵਿਚ ਅਵੱਸ਼ ਸਵੀਕਾਰ ਕਰ ਲੈਂਦੇ ਅਤੇ ਉਨ੍ਹਾਂ ਨਾਲੋਂ ਨਾਤਾ ਨਾ ਤੋੜਦੇ। ਪਰ ਰਾਮਰਾਇ ਨੇ ਆਪਣੀ ਭੁੱਲ ਨੂੰ ਮੰਨਿਆ ਹੀ ਨਹੀਂ ਸੀ। ਉਨ੍ਹਾਂ ਨੂੰ ਤਾਂ ਇੰਜ ਹੀ ਪ੍ਰਤੀਤ ਹੁੰਦਾ ਰਿਹਾ ਕਿ ਉਨ੍ਹਾਂ ਨੇ ਅਜਿਹਾ ਕਦਮ ਉਠਾ ਕੇ ਔਰੰਗਜ਼ੇਬ ਦੀ ਕਰੋਪੀ ਤੋਂ ਗੁਰੂ-ਘਰ ਨੂੰ ਬਚਾ ਲਿਆ ਹੈ। ਪ੍ਰੰਤੂ ਜਿਉਂ ਹੀ ਉਨ੍ਹਾਂ ਨੇ ਆਪਣੀ ਭੁੱਲ ਦਾ ਅਹਿਸਾਸ ਕਰ ਕੇ ਆਪਣੀ ਭੁੱਲ ਨੂੰ ਸੁਧਾਰਨਾ ਚਾਹਿਆ

ਤਾਂ ਗੁਰੂ ਸਾਹਿਬ ਨੇ ਬਾਹਾਂ ਉਲਾਰ ਕੇ ਰਾਮਰਾਇ ਨੂੰ ਆਪਣੇ ਗਲ ਨਾਲ ਲਾ ਲਿਆ ਸੀ।

ਇਹ ਤੱਥ ਇਸ ਗੱਲ ਦੀ ਗਵਾਹੀ ਭਰ ਰਹੇ ਹਨ ਕਿ ਜੇਕਰ ਗੁਰੂ ਸਾਹਿਬਾਨ ਦੇ ਸਪੁੱਤਰਾਂ ਨੇ ਵੀ ਗੁਰੂ ਸਾਹਿਬ ਵੱਲੋਂ ਕੀਤੀ ਚੋਣ ਨੂੰ ਮੰਨਣ ਤੋਂ ਇਨਕਾਰ ਕੀਤਾ, ਤਾਂ ਉਹ ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦਾ ਹਿੱਸਾ ਨਾ ਬਣ ਸਕੇ। ਭਾਈ ਗੁਰਦਾਸ ਜੀ ਵੀ ਇਸ ਸੰਬੰਧ ਵਿਚ ਲਿਖਦੇ ਹਨ:

ਬਾਲ ਜਤੀ ਹੈ ਸਿਰੀਚੰਦੁ ਬਾਬਾਣਾ ਦੇਹੁਰਾ ਬਣਾਇਆ।
ਲਖਮੀਦਾਸਹੁ ਧਰਮਚੰਦ ਪੋਤਾ ਹੁਇਕੈ ਆਪੁ ਗਣਾਇਆ।
ਮੰਜੀ ਦਾਸੁ ਬਹਾਲਿਆ ਦਾਤਾ ਸਿਧਾਸਣ ਸਿਖਿ ਆਇਆ।
ਮੋਹਣੁ ਕਮਲਾ ਹੋਇਆ ਚਉਬਾਰਾ ਮੋਹਰੀ ਮਨਾਇਆ।
ਮੀਣਾ ਹੋਆ ਪਿਰਥੀਆ ਕਰਿ ਕਰਿ ਟੇਢਕ ਬਰਲੁ ਚਲਾਇਆ।
ਮਹਾਦੇਉ ਅਹੰਮੇਉ ਕਰਿ ਕਰਿ ਬੇਮੁਖੁ ਕੁਤਾ ਭਉ ਕਾਇਆ।
ਚੰਦਨ ਵਾਸੁ ਨ ਵਾਸ ਬੋਹਾਇਆ॥੩੩॥੨੬॥

ਅਰਥ: ਸ਼੍ਰੀ ਚੰਦ (ਗੁਰੂ ਨਾਨਕ ਦਾ ਵੱਡਾ ਪੁੱਤਰ) ਬਾਲ ਜਤੀ ਹੀ ਰਿਹਾ (ਵਿਰੱਕਤੀ ਪਕੜ ਲੀਤੀ) ਅਰ ਬਾਬਾਣਾ ਦੇਹੁਰਾ (ਅਰਥਾਤ ਗੁਰੂ ਨਾਨਕ ਦਾ ਦੇਹੁਰਾ ਰਾਵੀ ਦੇ ਕੰਢੇ) ਬਣਵਾ ਕੇ ਬੈਠ ਗਿਆ (ਭਾਵ ਗੁਰੂ ਕੀ ਆਗਿਆ ਦੇਹੁਰਾ ਬਣਾਉਣ ਦੀ ਨਹੀਂ ਸੀ)। ਦੂਜੇ ਪੁੱਤਰ ਲਖਮੀ ਦਾਸ (ਜੋ ਗ੍ਰਿਹਸਥ ਮਾਰਗ ਵਿਖੇ ਸੀ) ਦਾ ਪੁੱਤਰ ਧਰਮ ਚੰਦ (ਗੁਰੂ ਨਾਨਕ ਸਾਹਿਬ ਦਾ) ਪੋਤਾ ਅਖਵਾ ਕੇ ਆਪਣਾ ਆਪ ਗਿਣਾਉਣ ਲੱਗਾ, (ਭਾਵ ਉਸ ਨੇ ਵੀ ਆਪਾ ਨਾ ਛੱਡਿਆ)। ਦਾਸੂ ਨੂੰ (ਗੋਇੰਦਵਾਲ) ਮੰਜੀ ਪੁਰ ਬਿਠਾ ਦਿੱਤਾ ਅਰ ਦਾਤੂ ਸਿਧਾਸਨ ਲਾ ਬੈਠਾ (ਗੱਲ ਕੀ ਗੁਰੂ ਜੀ ਦੇ ਵਕਤ ਦੋਵੇਂ ਪੁੱਤਰ ਗੱਦੀ ਲਾਇਕ ਨਾ ਹੁੰਦੇ ਹੋਏ, ਆਪੋ-ਆਪਣੀ ਵੱਲ ਸੰਗਤਾਂ ਨਿਵਾਉਣ ਲੱਗੇ)। ਮੋਹਨ ਕਮਲਾ ਹੋ ਗਿਆ, ਅਤੇ ਮੋਹਰੀ ਚਉਬਾਰੇ ਦੀ ਟਹਿਲ ਕਰਨ ਲੱਗਾ। ਪ੍ਰਿਥੀਆ 'ਮੀਣਾ' (ਅਰਥਾਤ ਕਪਟੀ) ਨਿਕਲਿਆ, ਟੇਢਪੁਣੇ ਕਰ ਕਰ ਕੇ ਆਪਣਾ ਸੌਦਾਪੁਣਾ ਚਲਾ ਦਿੱਤਾ (ਝੂਠੇ ਹੁਕਮਨਾਮੇ ਲਿਖ ਭੇਜੇ)। ਮਹਾਦੇਉ (ਗੁਰੂ ਅਰਜਨ ਸਾਹਿਬ ਦੇ ਭਰਾਤਾ; ਆਪ ਹਜ਼ੂਰ ਤੋਂ ਵੱਡੇ ਅਤੇ ਪ੍ਰਿਥੀਚੰਦ ਤੋਂ ਛੋਟੇ ਸਨ) ਨੇ ਹੰਕਾਰ ਕੀਤਾ, (ਉਸ ਨੂੰ ਪ੍ਰਿਥੀਏ ਨੇ) ਬੇਮੁਖ ਕਰ ਕੇ ਕੁੱਤੇ ਵਾਂਗ ਭਉਂਕਾਇਆ। (ਪਰ ਗੁਰੂ ਰੂਪ) ਚੰਦਨ ਦੀ ਵਾਸ਼ਨਾ ਨਾਲ ਵਾਂਸ (ਭਾਵ ਗੁਰੂ ਪੁੱਤਰ ਪ੍ਰਿਥੀ ਚੰਦ ਆਦਿਕ) ਸੁਗੰਧਤ ਨਾ ਹੋਇਆ।

ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬ ਦੇ ਹੁਕਮ ਤੋਂ ਆਕੀ ਹੋਏ ਗੁਰ-ਪੁੱਤਰਾਂ ਅਤੇ ਇਨ੍ਹਾਂ ਦੇ ਪਿਛਲੱਗਾਂ ਵੱਲੋਂ ਗੁਰੂ ਸਾਹਿਬਾਨ ਬਾਰੇ ਗੁਮਰਾਹਕੁੰਨ ਪ੍ਰਚਾਰ ਤੋਂ ਸੰਗਤਾਂ ਨੂੰ ਸੁਚੇਤ ਕਰਦਿਆਂ ਹੋਇਆਂ ਇਹ ਵੀ ਸਪੱਸ਼ਟ ਕੀਤਾ ਕਿ ਸਾਰੇ ਹੀ ਗੁਰੂ ਸਾਹਿਬਾਨ ਇੱਕੋ ਹੀ ਜੋਤਿ ਅਤੇ ਜੁਗਤਿ ਦੇ ਧਾਰਨੀ ਹਨ ਅਤੇ ਗੁਰੂ ਨਾਨਕ ਸਾਹਿਬ ਦੇ ਆਸ਼ੇ ਨੂੰ ਹੀ ਗੁਰੂ ਸਾਹਿਬ ਦੇ ਉਤਰਾਧਿਕਾਰੀ ਪ੍ਰਚਾਰ ਰਹੇ ਹਨ:

ਬਾਬਾਣੀ ਪੀੜੀ ਚਲੀ ਗੁਰ ਚੇਲੇ ਪਰਚਾ ਪਰਚਾਇਆ।
ਗੁਰੁ ਅੰਗਦੁ ਗੁਰੁ ਅੰਗ ਤੇ ਗੁਰੁ ਚੇਲਾ ਚੇਲਾ ਗੁਰੁ ਭਾਇਆ।

ਅਮਰਦਾਸੁ ਗੁਰ ਅੰਗਦਹੁ ਸਤਿਗੁਰੁ ਤੇ ਸਤਿਗੁਰੂ ਸਦਾਇਆ।
ਗੁਰੂ ਅਮਰਹੁ ਗੁਰੂ ਰਾਮਦਾਸੁ ਗੁਰ ਸੇਵਾ ਗੁਰੂ ਹੋਇ ਸਮਾਇਆ।
ਰਾਮਦਾਸਹੁ ਅਰਜਣੁ ਗੁਰੂ ਅੰਮ੍ਰਿਤ ਬ੍ਰਿਖਿ ਅੰਮ੍ਰਿਤ ਫਲ ਲਾਇਆ।
ਹਰਿਗੋਵਿੰਦ ਗੁਰੂ ਅਰਜਨਹੁੰ ਆਦਿ ਪੁਰਖ ਆਦੇਸੁ ਕਰਾਇਆ।
ਸੁਝੈ ਸੁਝ ਨ ਲੁਕੈ ਲੁਕਾਇਆ॥੩੪॥੨੬॥

ਅਰਥ : ਬਾਬੇ (ਗੁਰੂ ਨਾਨਕ) ਦੀ ਸੰਪ੍ਰਦਾਯ ਤੁਰੀ, ਜਿਸ ਵਿਚ ਗੁਰੂ ਅਤੇ ਚੇਲੇ ਦਾ ਪ੍ਰੇਮ ਪ੍ਰਚਾਰ ਹੋਇਆ। ਗੁਰੂ ਅੰਗਦ, ਗੁਰੂ (ਨਾਨਕ ਦੇ) ਅੰਗ ਤੋਂ ਚੇਲਾ ਅਤੇ ਗੁਰੂ ਇੱਕ ਜੋਤਿ ਹੋਏ। ਗੁਰੂ ਅੰਗਦ ਤੋਂ ਗੁਰੂ ਅਮਰਦਾਸ ਹੋਏ, ਸਤਿਗੁਰੂ ਤੋਂ ਸਤਿਗੁਰ ਸਦਾਏ। (ਭਾਵ ਸਤਿਗੁਰੂ ਨੇ ਵੀ 'ਸਤਿਗੁਰੂ' ਕਿਹਾ)। ਗੁਰੂ ਅਮਰਦਾਸ ਤੋਂ ਗੁਰੂ ਰਾਮਦਾਸ ਗੁਰੂ ਦੀ ਸੇਵਾ ਕਰ ਕੇ ਗੁਰੂ ਰੂਪ ਹੋ (ਗੁਰੂ ਵਿਚ) ਸਮਾਏ, (ਭਾਵ ਭਿੰਨ ਭੇਦ ਰੰਚਕ ਨਹੀਂ ਰਿਹਾ)। ਗੁਰੂ ਰਾਮਦਾਸ ਤੋਂ ਗੁਰੂ ਅਰਜਨ ਦੇਵ ਜੀ ਅੰਮ੍ਰਿਤ ਬ੍ਰਿੱਛ ਤੋਂ ਅੰਮ੍ਰਿਤ ਫਲ ਹੀ ਲੱਗਾ। ਗੁਰੂ ਅਰਜਨੋਂ ਗੁਰੂ ਹਰਿਗੋਬਿੰਦ ਹੋਏ; ਆਦਿ ਪੁਰਖ ਨੂੰ ਹੀ ਇਨ੍ਹਾਂ ਨੇ ਆਦੇਸ਼ ਕਰਾਇਆ (ਭਾਵ ਇਕ ਅਕਾਲ ਪੁਰਖ ਦਾ ਧਿਆਨ ਦ੍ਰਿੜ੍ਹ ਕਰ ਕੇ ਹੋਰ ਪੰਥ ਦੂਰ ਹੀ ਰੱਖੇ)। ਸੂਰਜ ਦਿਸਦਾ ਹੈ ਕਿਸੇ ਦੇ ਲੁਕਾਇਆਂ ਲੁਕਦਾ ਨਹੀਂ।

ਰਹਿਤਨਾਮਿਆਂ ਵਿਚ ਭਾਵੇਂ ਗੁਰਮਤਿ ਦੇ ਆਸ਼ੇ ਤੋਂ ਉਲਟ ਬਹੁਤ ਕੁਝ ਲਿਖਿਆ ਹੋਇਆ ਹੈ, ਅਤੇ ਕਈ ਥਾਈਂ ਸਵੈ-ਵਿਰੋਧ ਵੀ ਹੈ। ਪਰ ਫਿਰ ਵੀ ਕਿਤੇ ਕਿਤੇ ਇਨ੍ਹਾਂ ਰਹਿਤਨਾਮਿਆਂ ਵਿਚ ਗੁਰੂ ਸਾਹਿਬ ਦੇ ਆਸ਼ੇ ਨੂੰ ਵੀ ਦ੍ਰਿੜ੍ਹ ਕਰਵਾਇਆ ਹੋਇਆ ਹੈ। ਗੁਰ-ਵੰਸ਼ੀ ਸਾਹਿਬਜ਼ਾਦਿਆਂ ਬਾਰੇ ਭਾਈ ਚਉਪਾ ਸਿੰਘ ਦੇ ਰਹਿਤਨਾਮੇ ਵਿਚ ਨਿਮਨ-ਲਿਖਤ ਸ਼ਬਦ ਬੜੇ ਭਾਵ-ਪੂਰਤ ਹਨ :

> ਜੋ ਗੁਰੂ ਕਾ ਸਿਖ ਹੋਵੈ ਪੰਜਾਂ ਨਾਲਿ ਨਾਤਾ ਨ ਕਰੈ। ਵਰਤਣ ਭੀ ਨਾ ਕਰੈ— ਪਹਿਲੇ ਮੀਣੇ, ਦੂਜੇ ਰਾਮਰਾਈਏ, ਤੀਜੇ ਕੁੜੀਮਾਰ, ਚਉਥੇ ਭੱਦਣੀ, ਪੰਜਵੇਂ ਮਸੰਦ। ਭਾਵੇਂ ਗੁਰੂ ਕੇ ਸਰਬੰਧੀ ਹੈਨਿ, ਤਾਂ ਭੀ ਇਹ ਨਿੰਦਾ ਕਰਕੇ ਦੁਸ਼ਟ ਹੋਏ ਹੈਨਿ। ਜੈਸੇ ਦਰਖਤ ਵਿਚਹੁੰ ਫਲ ਪਤ੍ਰ ਟਾਸ ਨਿਕਸਦੇ ਹੈਨਿ ਅਤੇ ਕੰਡੇ ਭੀ ਵਿਚਹੁੰ ਹੀ ਨਿਕਸਦੇ ਹੈਨਿ। ਸੋ ਏਹੁ ਕੰਡੇ ਹੈਨਿ।

ਅਸੀਂ ਇਹ ਸ਼ਬਦ ਫਿਰ ਦੁਹਰਾਉਣਾ ਚਾਹੁੰਦੇ ਹਾਂ ਕਿ ਪ੍ਰਿਥੀਚੰਦ ਅਤੇ ਧੀਰਮਲ ਆਦਿ, ਗੁਰੂ ਨਾਨਕ ਸਾਹਿਬ ਅਤੇ ਬਾਅਦ ਦੇ ਗੁਰੂ ਸਾਹਿਬਾਨ ਨੂੰ ਤਾਂ ਗੁਰੂ ਮੰਨਦੇ ਸਨ ਪਰ ਆਪਣੇ ਸਮੇਂ ਦੇ ਗੁਰੂਆਂ ਨੂੰ ਗੁਰੂ ਮੰਨਣ ਤੋਂ ਆਕੀ ਸਨ। ਇਸ ਲਈ ਇਹ ਅਤੇ ਇਨ੍ਹਾਂ ਦੇ ਪੈਰੋਕਾਰ ਨਿਰਮਲ ਪੰਥ ਨਾਲੋਂ ਅਲੱਗ-ਥਲੱਗ ਹੋ ਕੇ ਰਹਿ ਗਏ ਸਨ।

'ਸਿੱਖ ਰਹਿਤ ਮਰਯਾਦਾ' ਵਿਚ ਜਿਨ੍ਹਾਂ ਨਾਲ ਰੋਟੀ-ਬੇਟੀ ਦੀ ਸਾਂਝ ਕਰਨ ਨਾਲ ਤਨਖ਼ਾਹੀਏ ਹੋ ਜਾਈਦਾ ਹੈ, ਇਨ੍ਹਾਂ ਵਿਚ ਸਭ ਤੋਂ ਪਹਿਲਾਂ ਜਿਨ੍ਹਾਂ ਦਾ ਵਰਣਨ ਹੈ ਉਹ ਗੁਰ-ਵੰਸ਼ੀ ਸਾਹਿਬਜ਼ਾਦੇ ਹੀ ਹਨ, 'ਮੀਣੇ, ਮਸੰਦ, ਧੀਰਮਲੀਏ, ਰਾਮਰਾਈਏ, ਆਦਿਕ ਪੰਥ ਵਿਰੋਧੀਆਂ ਨਾਲ, ਵਰਤਣ ਵਾਲਾ ਤਨਖ਼ਾਹੀਆ ਹੋ ਜਾਂਦਾ ਹੈ।'

[ਨੋਟ : ਮੀਣੇ, ਮਸੰਦ, ਧੀਰਮਲੀਏ, ਆਦਿ ਤੋਂ ਭਾਵ ਕੇਵਲ ਇਨ੍ਹਾਂ ਦੀ ਸੰਤਾਨ ਤੋਂ

ਨਹੀਂ, ਇਨ੍ਹਾਂ ਵਾਲੀ ਬਿਰਤੀ ਅਥਵਾ ਇਨ੍ਹਾਂ ਦੇ ਪਦ ਚਿੰਨ੍ਹਾਂ 'ਤੇ ਚੱਲਣ ਵਾਲੇ ਪ੍ਰਾਣੀਆਂ ਨੂੰ ਹੀ ਸਮਝਣਾ ਚਾਹੀਦਾ ਹੈ। ਇਹੋ ਜਿਹੀ ਬਿਰਤੀ ਵਾਲੇ ਵਿਅਕਤੀਆਂ ਨੇ ਹਮੇਸ਼ਾ ਹੀ ਗੁਰੂ-ਪੰਥ ਦਾ ਵਿਰੋਧ ਕਰ ਕੇ ਪੰਥ ਵਿਰੋਧੀ ਸ਼ਕਤੀਆਂ ਦੀ ਮਦਦ ਹੀ ਕੀਤੀ ਹੈ।]

ਮਸੰਦਾਂ ਤੋਂ ਛੁੱਟ ਬਾਕੀ ਸਾਰੇ ਹੀ ਗੁਰੂ ਕੀ ਸੰਤਾਨ ਦੇ ਹੀ ਪੈਰੋਕਾਰ ਹਨ। ਜਿਨ੍ਹਾਂ ਨੇ ਵੀ ਗੁਰੂ ਸਾਹਿਬਾਨ ਦੇ ਆਦੇਸ਼ ਦੀ ਪਾਲਣਾ ਕਰਨ ਦੀ ਬਜਾਏ ਇਨ੍ਹਾਂ ਵਿੱਚੋਂ ਕਿਸੇ ਇਕ ਦੀ ਸਿੱਖੀ-ਸੇਵਕੀ ਪ੍ਰਵਾਨ ਕੀਤੀ ਹੋਈ ਹੈ, ਉਨ੍ਹਾਂ ਨਾਲ ਹੀ ਰੋਟੀ-ਬੇਟੀ ਦੀ ਸਾਂਝ ਤੋਂ ਵਰਜਿਆ ਗਿਆ ਹੈ।

ਗੁਰ-ਇਤਿਹਾਸ ਵਿਚ ਇਹ ਗੱਲ ਬਿਲਕੁਲ ਸਪੱਸ਼ਟ ਹੈ ਕਿ ਜਿਸ ਨੂੰ ਗੁਰੂ ਸਾਹਿਬ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਬਖ਼ਸ਼ੀ, ਸੰਗਤਾਂ ਨੇ ਉਨ੍ਹਾਂ ਨੂੰ ਹੀ ਗੁਰੂ ਨਾਨਕ ਸਰੂਪ ਸਮਝ ਕੇ, ਉਨ੍ਹਾਂ ਦੀ ਅਗਵਾਈ ਨੂੰ ਕਬੂਲਿਆ। ਜਦ ਕੁਝ ਕੁ ਗੁਰ-ਪੁੱਤਰਾਂ ਨੇ ਗੁਰੂ ਸਾਹਿਬ ਦੀ ਇਸ ਚੋਣ ਤੋਂ ਇਨਕਾਰੀ ਹੋ ਕੇ ਆਪਣੇ ਆਪ ਨੂੰ 'ਗੁਰੂ' ਘੋਸ਼ਿਤ ਕੀਤਾ ਤਾਂ ਸਿੱਖ ਸੰਗਤਾਂ ਨੇ ਇਨ੍ਹਾਂ ਨੂੰ ਗੁਰੂ ਦੇ ਰੂਪ ਵਿਚ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਭਾਵੇਂ ਪਿਤਾ ਗੁਰਦੇਵ ਤੋਂ ਆਕੀ ਹੋਏ ਗੁਰ-ਪੁੱਤਰਾਂ ਨੇ ਸਿੱਖ ਸੰਗਤਾਂ ਨੂੰ ਆਪਣਾ ਪੱਖੀ ਬਣਾਉਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਅਪਣਾਏ, ਪਰ ਫਿਰ ਵੀ ਇਹ ਸਿੱਖ ਸੰਗਤਾਂ ਨੂੰ ਆਪਣੇ ਮਗਰ ਲਗਾਉਣ ਵਿਚ ਕਾਮਯਾਬ ਨਾ ਹੋ ਸਕੇ।

ਭਾਈ ਗੁਰਦਾਸ ਜੀ ਨੇ ਆਪਣੀ 36ਵੀਂ ਵਾਰ ਦੀਆਂ ਇਕ ਤੋਂ ਵਧੀਕ ਪਉੜੀਆਂ ਵਿਚ ਪਿਤਾ ਗੁਰਦੇਵ ਤੋਂ ਆਕੀ ਹੋਏ ਗੁਰ-ਪੁੱਤਰਾਂ ਤੋਂ ਸਿੱਖ ਸੰਗਤਾਂ ਨੂੰ ਸੁਚੇਤ ਕੀਤਾ ਹੈ। ਭਾਈ ਸਾਹਿਬ ਨੇ ਗੁਰੂ ਨਾਨਕ ਸਾਹਿਬ ਦੇ ਦਰ ਨੂੰ ਛੱਡ ਕੇ, ਗੁਰੂ-ਘਰ ਦੇ ਆਕੀਆਂ ਦੀ ਸੰਗਤ ਕਰਨ ਵਾਲਿਆਂ ਨੂੰ ਸੁਚੇਤ ਕਰਦਿਆਂ ਹੋਇਆਂ ਕਿਹਾ ਕਿ ਪਾਖੰਡੀਆਂ ਦੇ ਪਿੱਛੇ ਲੱਗ ਕੇ ਆਖ਼ਰ ਪਛੁਤਾਉਣਾ ਪੈਂਦਾ ਹੈ। ਭਾਈ ਸਾਹਿਬ ਦੀਆਂ ਨਿਮਨ-ਲਿਖਤ ਦੋ ਪਉੜੀਆਂ ਵਿੱਚੋਂ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ :

(ੳ) **ਹਰਿ ਚੰਦਉਰੀ ਦੇਖਿਕੈ ਕਰਦੇ ਭਰਵਾਸਾ।**
ਥਲ ਵਿਚਿ ਤਪਨ ਭਠੀਆ ਕਿਉ ਲਹੈ ਪਿਆਸਾ।
ਸੁਹਣੇ ਰਾਜੁ ਕਮਾਈਐ ਕਰਿ ਭੋਗ ਬਿਲਾਸਾ।
ਛਾਇਆ ਬਿਰਖੁ ਨ ਰਹੈ ਥਿਰੁ ਪੁਜੈ ਕਿਉ ਆਸਾ।
ਬਾਜੀਗਰ ਦੀ ਖੇਡ ਜਿਉ ਸਭੁ ਕੂੜੁ ਤਮਾਸਾ।
ਰਲੈ ਜੁ ਸੰਗਤਿ ਮੀਣਿਆ ਉਠਿ ਚਲੈ ਨਿਰਾਸਾ ॥੭॥੩੬॥

ਅਰਥ : ਹਰੀ ਚੰਦ ਦੀ ਨਗਰੀ ਅਰਥਾਤ ਧੂੰਏਂਧਾਰ ਨੂੰ ਨਗਰ ਦੇ ਆਕਾਰ ਵਾਂਗੂ ਵੇਖ ਕੇ ਭਰੋਸਾ ਕਰਦੇ ਹਨ ਕਿ ਇਹ ਸੱਚਾ ਨਗਰ ਵੱਸਦਾ ਹੈ। ਜਿਸ ਥਲ ਵਿਖੇ ਭੱਠ ਤਪਣ ਅਰਥਾਤ ਕਹਿਰ ਦੀ ਧੁੱਪ ਪੈਂਦੀ ਹੋਵੇ, ਉਥੇ ਤ੍ਰੇਹ ਕਿਸ ਤਰ੍ਹਾਂ ਲਹਿੰਦੀ ਹੈ ? ਭਾਵ ਮ੍ਰਿਗ-ਤ੍ਰਿਸ਼ਨਾ ਦਾ ਜਲ ਸਚਮੁੱਚ ਦਾ ਜਲ ਕਿੱਥੋਂ ਹੋ ਸਕਦਾ ਹੈ ? ਸੁਫ਼ਨੇ ਵਿਖੇ ਰਾਜ ਕਰੀਏ ਅਰ ਨਾਨਾ ਭੋਗ ਬਿਲਾਸ ਕਰੀਏ ਤਦ ਪੱਲੇ ਕੀ ਬੱਝਦਾ ਹੈ ? ਭਾਵ ਕੁਛ ਵੀ ਹੱਥ ਪੱਲੇ ਨਹੀਂ ਪੈਂਦਾ। ਬ੍ਰਿਛ ਦੀ ਛਾਂ ਥਿਰ ਨਹੀਂ ਰਹਿੰਦੀ, ਆਸਾ ਕਿਵੇਂ ਪੂਰਨ ਹੋਵੇ, ਭਾਵ ਭੋਜਨ ਅਜੇ ਵਿੱਚੇ ਹੀ ਰਹਿੰਦਾ ਹੈ ਕਿ ਸਿਰ 'ਤੇ ਧੁੱਪ ਆ ਜਾਂਦੀ ਹੈ।

ਬਾਜ਼ੀਗਰ ਦੀ ਖੇਡ ਵਾਂਗੂੰ ਬੇਮੁਖਾਂ ਦੇ ਸਭ ਕੂੜੇ ਹੀ ਤਮਾਸ਼ੇ ਹਨ। ਮੀਣਿਆਂ ਅਰਥਾਤ ਬੇਮੁਖਾਂ ਦੀ ਸੰਗਤ ਵਿਖੇ ਜੋ ਮਿਲ ਬੈਠਦਾ ਹੈ, ਉਹ ਨਿਰਾਸ਼ ਹੋ ਕੇ ਅੰਤ ਨੂੰ ਉੱਠ ਤੁਰਦਾ ਹੈ।

(ਅ) **ਊਚਾ ਲੰਮਾ ਝੰਟੁਲਾ ਵਿਚਿ ਬਾਗ ਦਿਸੰਦਾ।**
ਮੋਟਾ ਮੁਢੁ ਪਤਾਲਿ ਜੜਿ ਬਹੁ ਗਰਬ ਕਰੰਦਾ।
ਪਤ ਸੁਪਤਰ ਸੋਹਣੇ ਵਿਸਥਾਰੁ ਬਣੰਦਾ।
ਫੁਲ ਰਤੇ ਫਲ ਬਕਬਕੇ ਹੋਇ ਅਫਲ ਫਲੰਦਾ।
ਸਾਵਾ ਤੋਤਾ ਚੁਹਚੁਹਾ ਤਿਸੁ ਦੇਖਿ ਭੁਲੰਦਾ।
ਪਿਛੋ ਦੇ ਪਛੁਤਾਇਦਾ ਓਹੁ ਫਲੁ ਨ ਲਹੰਦਾ ॥੧੦॥੩੬॥

ਅਰਥ : ਸੰਘਣਾ (ਸਿੰਮਲ ਦਾ ਬੂਟਾ) ਬਾਗ਼ ਵਿਖੇ ਸੁੰਦਰ ਦਿੱਸਦਾ ਹੈ। ਮੁੱਢ ਮੋਟਾ ਹੈ ਜੜ੍ਹ ਵੱਡੀ ਡੂੰਘੀ ਮਾਨੋਂ ਪਤਾਲ ਗਈ ਹੋਈ ਹੈ। ਹੰਕਾਰ ਵੱਡਾ ਕਰਦਾ ਹੈ ਕਿ ਮੈਂ ਸਭਨਾਂ ਨਾਲੋਂ ਦ੍ਰਿੜ੍ਹ ਅਰ ਵਿਸਥਾਰ ਵਾਲਾ ਹਾਂ। ਪੱਤੇ ਸਾਵੇਂ ਤੇ ਸੋਹਣੇ ਹਨ, ਲੰਮੇ ਚੌੜੇ ਫੈਲਾਉ ਵਿਖੇ ਪਸਰਿਆ ਹੋਇਆ ਹੈ। ਫੁੱਲ ਲਾਲ ਪ੍ਰੰਤੂ ਫਲ ਉਸ ਦੇ ਬਕਬਕੇ ਹੁੰਦੇ ਹਨ, ਇਸ ਲਈ ਫਲਦਾ ਹੋਇਆ ਵੀ ਅਫਲ ਹੈ, ਕਿਉਂ ਜੋ ਸਾਵੇਂ ਰੰਗ ਦੇ ਤੋਤੇ ਚੁਹ ਚੁਹ ਕਰਕੇ ਚੀਕਦੇ ਹੋਏ ਉਸ ਦੇ ਫਲਾਂ ਪਰ ਭੁੱਲਦੇ ਹਨ। ਪਿੱਛੋਂ ਨੂੰ ਉਹ ਪਸ਼ਚਾਤਾਪ ਕਰ ਕੇ ਮੁੜ ਜਾਂਦੇ ਹਨ, ਕਿਉਂ ਜੋ ਉਹ ਅਨੰਦਦਾਇਕ ਫਲ ਨਹੀਂ ਪਾ ਸਕੇ।

ਗੁਰ-ਇਤਿਹਾਸ ਵਿੱਚੋਂ ਇਕ ਹੋਰ ਗੱਲ ਸਪੱਸ਼ਟ ਹੁੰਦੀ ਹੈ ਕਿ ਆਪੂੰ ਬਣੇ ਗੁਰੂ, ਨਾ ਤਾਂ ਗੁਰੂ ਸਾਹਿਬ ਨਾਲ ਸੰਬੰਧਤ ਕਿਸੇ ਵਿਸ਼ੇਸ਼ ਸਥਾਨ ਅਤੇ ਨਾ ਹੀ ਗੁਰੂ ਸਾਹਿਬਾਨ ਨਾਲ ਸੰਬੰਧਤ ਕਿਸੇ ਵਿਸ਼ੇਸ਼ ਵਸਤੂ ਨੂੰ ਹਥਿਆ ਕੇ, ਸਿੱਖ ਸੰਗਤਾਂ ਨੂੰ ਗੁਰੂ ਸਾਹਿਬ ਵੱਲੋਂ ਟਿੱਕੇ ਹੋਏ ਗੁਰੂ ਨਾਨਕ ਸਰੂਪ ਨਾਲੋਂ ਤੋੜ ਕੇ ਆਪਣੇ ਪਿੱਛੇ ਲਗਾਉਣ ਵਿਚ ਕਾਮਯਾਬ ਹੋ ਸਕੇ।

ਇਤਿਹਾਸ ਵਿਚ ਜੇਕਰ ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਉਪਰੰਤ ਗੁਰੂ ਅੰਗਦ ਸਾਹਿਬ ਦੇ ਖਡੂਰ ਆ ਕੇ ਗੁਪਤਵਾਸ ਹੋ ਜਾਣ; ਦਾਤੂ ਵੱਲੋਂ ਗੁਰਗੱਦੀ ਦਾ ਦਾਅਵਾ ਕਰਨ, ਤੇ ਗੁਰੂ ਅਮਰਦਾਸ ਜੀ ਦਾ ਗੋਇੰਦਵਾਲ ਤੋਂ ਬਿਨਾਂ ਕਿਸੇ ਨੂੰ ਦੱਸਿਆਂ ਬਾਸਰਕੇ ਚਲੇ ਜਾਣ ਅਤੇ ਆਪਣੇ ਆਪ ਨੂੰ ਇਕ ਕੋਠੇ ਵਿਚ ਬੰਦ ਕਰ ਲੈਣ; ਗੁਰੂ ਤੇਗ ਬਹਾਦਰ ਜੀ ਦਾ ਬਾਬਾ ਬਕਾਲੇ ਵਿਖੇ ਆਪਣੇ ਆਪ ਨੂੰ ਪ੍ਰਗਟ ਨਾ ਕਰਨ ਦਾ ਵਰਣਨ ਹੈ, ਤਾਂ ਇਸ ਦਾ ਹਰਗਿਜ਼ ਇਹ ਭਾਵ ਨਹੀਂ ਕਿ ਗੁਰੂ ਸਾਹਿਬਾਨ ਇਨ੍ਹਾਂ ਆਪੂੰ ਬਣੇ ਗੁਰੂਆਂ ਦੀਆਂ ਆਪ-ਹੁਦਰੀਆਂ ਨੂੰ ਦੇਖ ਕੇ ਅਣਡਿੱਠ ਕਰ ਰਹੇ ਸਨ। ਗੁਰੂ ਸਾਹਿਬਾਨ ਆਪਣੀਆਂ ਜ਼ਿੰਮੇਵਾਰੀ ਨੂੰ ਭਲੀ ਪ੍ਰਕਾਰ ਸਮਝਦੇ ਸਨ। ਇਸ ਲਈ ਆਪ ਨੇ ਆਪਣੀ ਹਰੇਕ ਜ਼ਿੰਮੇਵਾਰੀ ਨੂੰ ਬੜੀ ਬਾਖ਼ੂਬੀ ਨਾਲ ਨਿਭਾਇਆ ਸੀ। ਇਸ ਲਈ ਗੁਰੂ ਸਾਹਿਬਾਨ ਕਿਸੇ ਵੀ ਕੀਮਤ 'ਤੇ ਸਿੱਖ ਸੰਗਤਾਂ ਨੂੰ ਇਨ੍ਹਾਂ ਆਪੂੰ ਬਣੇ ਗੁਰੂਆਂ ਨੂੰ ਆਪਣੇ ਜਾਲ ਵਿਚ ਫਸਾਉਣ ਦੀ ਕੁਚੇਸ਼ਟਾ ਨੂੰ ਦੇਖ ਕੇ ਨਜ਼ਰ-ਅੰਦਾਜ਼ ਨਹੀਂ ਸਨ ਕਰ ਸਕਦੇ। ਗੁਰਦੇਵ ਇਸ ਗੱਲ ਤੋਂ ਅਨਜਾਣ ਨਹੀਂ ਸਨ ਕਿ ਅਜਿਹੀ ਸਥਿਤੀ ਵਿਚ ਉਨ੍ਹਾਂ ਦੀ ਖ਼ਾਮੋਸ਼ੀ, ਆਪੂੰ ਬਣੇ ਗੁਰੂਆਂ ਦੇ ਪਾਖੰਡ ਨੂੰ ਉਤਸ਼ਾਹ ਦੇਣ

ਦਾ ਕਾਰਨ ਬਣੇਗੀ। ਗੁਰੂ ਸਾਹਿਬਾਨ ਨੇ ਤਾਂ ਅਜਿਹਾ ਦਾਅਵਾ ਕਰਨ ਵਾਲਿਆਂ ਦੇ ਹਰੇਕ ਹੱਥਕੰਡੇ ਤੋਂ ਸਿੱਖ ਸੰਗਤਾਂ ਨੂੰ ਭਲੀ ਪ੍ਰਕਾਰ ਸੁਚੇਤ ਕੀਤਾ ਸੀ। ਗੁਰੂ ਗ੍ਰੰਥ ਸਾਹਿਬ ਦੇ ਨਿਮਨ-ਲਿਖਤ ਫ਼ੁਰਮਾਨ ਇਸ ਗੱਲ ਦੇ ਹੀ ਲਖਾਇਕ ਹਨ ਕਿ ਗੁਰਦੇਵ ਸੰਗਤਾਂ ਨੂੰ ਦੰਭੀਆਂ, ਪਾਖੰਡੀਆਂ ਵੱਲੋਂ ਆਮ ਲੋਕਾਈ ਨੂੰ ਆਪਣੇ ਪਿੱਛੇ ਲਗਾਉਣ ਦੀ ਕੁਚੇਸ਼ਟਾ ਪ੍ਰਤੀ ਸੁਚੇਤ ਕਰਦੇ ਹਨ :

(ੳ) **ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥**
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥
ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥

(ਵਾਰ ਗਉੜੀ ਮਹਲਾ 4, ਪੰਨਾ 304)

ਅਰਥ : ਸਤਿਗੁਰੂ ਦੀ ਬਾਣੀ ਸੱਚੇ ਪ੍ਰਭੂ ਦਾ ਸਰੂਪ ਹੈ (ਕਿਉਂਕਿ ਇਹ ਨਿਰੋਲ ਸੱਚੇ ਪ੍ਰਭੂ ਦੀ ਸਿਫ਼ਤਿ-ਸਾਲਾਹ ਹੈ) ਤੇ ਸਤਿਗੁਰੂ ਦੀ ਬਾਣੀ ਰਾਹੀਂ (ਸਤਿ ਸਰੂਪ) ਬਣ ਜਾਈਦਾ ਹੈ (ਭਾਵ ਜੋ ਨਾਮ ਜਪਦਾ ਹੈ, ਉਹ ਨਾਮ ਵਿਚ ਸਮਾ ਜਾਂਦਾ ਹੈ)। ਕਈ ਹੋਰ ਕੂੜ ਦੇ ਵਪਾਰੀ ਸਤਿਗੁਰੂ ਦੀ ਰੀਸ ਕਰ ਕੇ ਕੱਚੀ-ਪਿੱਲੀ ਬਾਣੀ ਉਚਾਰਦੇ ਹਨ, ਪਰ ਉਹ (ਹਿਰਦੇ ਵਿਚ) ਕੂੜ ਹੋਣ ਕਰਕੇ ਝੜ ਪੈਂਦੇ ਹਨ (ਭਾਵ, ਸਤਿਗੁਰੂ ਦੀ ਬਰਾਬਰੀ ਨਹੀਂ ਕਰ ਸਕਦੇ, ਤੇ ਉਨ੍ਹਾਂ ਦਾ ਪਾਜ ਖੁੱਲ੍ਹ ਜਾਂਦਾ ਹੈ), ਉਨ੍ਹਾਂ ਦੇ ਹਿਰਦੇ ਵਿਚ ਕੁਝ ਹੋਰ ਹੁੰਦਾ ਹੈ ਤੇ ਮੂੰਹ ਵਿਚ ਹੋਰ, ਉਹ ਵਿਹੁ-ਮਾਇਆ ਨੂੰ ਇਕੱਤਰ ਕਰਨ ਲਈ ਝੂਰਦੇ ਹਨ ਤੇ ਖਪ-ਖਪ ਮਰਦੇ ਹਨ।

(ਅ) **ਅੰਧੇ ਗੁਰੂ ਤੇ ਭਰਮੁ ਨ ਜਾਈ ॥**
ਮੂਲੁ ਛੋਡਿ ਲਾਗੇ ਦੂਜੈ ਭਾਈ ॥
ਬਿਖੁ ਕਾ ਮਾਤਾ ਬਿਖੁ ਮਾਹਿ ਸਮਾਈ ॥ *(ਗਉੜੀ ਮਹਲਾ 3, ਪੰਨਾ 232)*

ਅਰਥ : ਹੇ ਭਾਈ! (ਮਾਇਆ ਦੇ ਮੋਹ ਵਿਚ ਆਪ) ਅੰਨ੍ਹੇ ਹੋਏ ਦੀ ਗੁਰੂ ਪਾਸੋਂ (ਸ਼ਰਨ ਆਏ ਸੇਵਕ ਦੇ ਮਨ ਦੀ) ਭਟਕਣਾ ਦੂਰ ਨਹੀਂ ਹੋ ਸਕਦੀ। (ਅਜਿਹੇ ਗੁਰੂ ਦੀ ਸ਼ਰਨ ਪੈ ਕੇ ਤਾਂ ਮਨੁੱਖ ਸਗੋਂ) ਜਗਤ ਦੇ ਮੂਲ-ਕਰਤਾਰ ਨੂੰ ਛੱਡ ਕੇ ਮਾਇਆ ਦੇ ਮੋਹ ਵਿਚ ਫਸਦੇ ਹਨ। (ਆਤਮਿਕ ਮੌਤ ਪੈਦਾ ਕਰਨ ਵਾਲੀ ਮਾਇਆ ਦੇ) ਜ਼ਹਿਰ ਵਿਚ ਮਸਤ ਹੋਇਆ ਮਨੁੱਖ ਉਸ ਜ਼ਹਿਰ ਵਿਚ ਹੀ ਮਗਨ ਰਹਿੰਦਾ ਹੈ।

ਇਸ ਲਈ ਜੇਕਰ ਗੁਰੂ ਸਾਹਿਬਾਨ ਕੁਝ ਸਮੇਂ ਲਈ ਖ਼ਾਮੋਸ਼ ਰਹਿੰਦੇ ਸਨ ਜਾਂ ਸੰਗਤਾਂ ਤੋਂ ਕੁਝ ਸਮੇਂ ਲਈ ਕਿਨਾਰਾ ਕਰ ਲੈਂਦੇ ਸਨ ਤਾਂ ਇਸ ਦਾ ਕਦਾਚਿਤ ਇਹ ਭਾਵ ਨਹੀਂ ਸੀ ਕਿ ਆਪ ਆਪਣੀ ਜ਼ਿੰਮੇਵਾਰੀ ਤੋਂ ਮੂੰਹ ਮੋੜ ਲੈਂਦੇ ਸਨ। ਗੁਰਦੇਵ ਤਾਂ ਅਜਿਹੇ ਕਦਮ ਉਠਾ ਕੇ ਸੰਗਤਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਉਣਾ ਚਾਹੁੰਦੇ ਸਨ ਅਤੇ ਸਿੱਖ ਸੰਗਤਾਂ ਨੇ ਵੀ ਆਪਣੇ ਫ਼ਰਜ਼ ਨੂੰ ਬੜੀ ਹੀ ਬਾਖ਼ੂਬੀ ਨਾਲ ਨਿਭਾਇਆ ਸੀ। ਸਿੱਖ ਸੰਗਤਾਂ ਦੀ ਜਾਗਰੂਕਤਾ ਕਾਰਨ ਹੀ ਅਜਿਹੀਆਂ ਪਰਿਸਥਿਤੀਆਂ ਵਿਚ ਵੀ ਗੁਰ-ਪੁੱਤਰ ਸੰਗਤਾਂ ਨੂੰ ਆਪਣੇ ਮਗਰ ਲਾਉਣ ਵਿਚ ਕਾਮਯਾਬ ਨਾ ਹੋ ਸਕੇ। ਸਿੱਖ ਸੰਗਤਾਂ ਨੇ ਗੁਰੂ-ਘਰ ਦਾ ਵਿਰੋਧ ਕਰ ਰਹੀਆਂ ਤਾਕਤਾਂ ਨੂੰ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਕੇਵਲ ਤੇ ਕੇਵਲ ਉਨ੍ਹਾਂ ਨੂੰ ਹੀ ਗੁਰੂ ਨਾਨਕ

ਸਾਹਿਬ ਦੇ ਰੂਪ ਵਿਚ ਪ੍ਰਵਾਨ ਕਰ ਸਕਦੀਆਂ ਹਨ, ਜਿਨ੍ਹਾਂ ਨੂੰ ਗੁਰੂ ਕਿਆਂ ਨੇ ਇਹ ਜ਼ਿੰਮੇਵਾਰੀ ਬਖ਼ਸ਼ੀ ਸੀ। ਗੁਰੂ ਗ੍ਰੰਥ ਸਾਹਿਬ ਵਿਚ ਇਸ ਹਕੀਕਤ ਨੂੰ ਇਉਂ ਦਰਸਾਇਆ ਗਿਆ ਹੈ :

ਜਿ ਹੋਂਦੈ ਗੁਰੂ ਬਹਿ ਟਿਕਿਆ ਤਿਸੁ ਜਨ ਕੀ ਵਡਿਆਈ ਵਡੀ ਹੋਈ॥
ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸੁ ਵਰਤਿਆ ਲੋਈ॥
ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ
ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ॥
ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ॥
ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ ਆਪੇ ਪੈਜ ਰਖੈ ਪ੍ਰਭੁ ਸੋਈ॥

(ਵਾਰ ਗਉੜੀ ਮਹਲਾ 4, ਪੰਨਾ 309)

ਅਰਥ : ਜਿਸ ਮਨੁੱਖ ਨੂੰ ਸਤਿਗੁਰੂ ਨੇ ਆਪ ਹੁੰਦਿਆਂ ਬਹਿ ਕੇ (ਭਾਵ, ਆਪਣੀ ਜ਼ਿੰਦਗੀ ਵਿਚ ਆਪਣੀ ਹੱਥੀਂ) ਤਿਲਕ ਦਿੱਤਾ ਹੋਵੇ, ਉਸ ਦੀ ਬਹੁਤ ਸੋਭਾ ਹੁੰਦੀ ਹੈ। ਉਸ ਦੇ ਅੱਗੇ ਸਾਰਾ ਸੰਸਾਰ ਨਿਊਂਦਾ ਹੈ ਤੇ ਉਸ ਦੀ ਚਰਨੀਂ ਲੱਗਦਾ ਹੈ, ਉਸ ਦੀ ਸ਼ੋਭਾ ਸਾਰੇ ਜਗਤ ਵਿਚ ਖਿੱਲਰ ਜਾਂਦੀ ਹੈ। ਜਿਸ ਦੇ ਮੱਥੇ 'ਤੇ ਪੂਰੇ ਸਤਿਗੁਰੂ ਨੇ ਹੱਥ ਰੱਖਿਆ ਹੋਵੇ (ਭਾਵ, ਜਿਸ ਦੀ ਸਹਾਇਤਾ ਸਤਿਗੁਰੂ ਨੇ ਕੀਤੀ) ਉਹ (ਸਭ ਗੁਣਾਂ ਵਿਚ) ਪੂਰਨ ਹੋ ਗਿਆ ਤੇ ਸਭ ਖੰਡਾਂ-ਬ੍ਰਹਿਮੰਡਾਂ ਦੇ ਜੀਆ-ਜੰਤ ਉਸ ਨੂੰ ਨਮਸਕਾਰ ਕਰਦੇ ਹਨ। ਸਤਿਗੁਰੂ ਦੀ ਵਡਿਆਈ ਦਿਨੋ-ਦਿਨ ਵਧਦੀ ਹੈ, ਕੋਈ ਮਨੁੱਖ ਉਸ ਦੀ ਬਰਾਬਰੀ ਨਹੀਂ ਕਰ ਸਕਦਾ, (ਕਿਉਂਕਿ) ਆਪਣੇ ਸੇਵਕ ਨਾਨਕ ਨੂੰ ਸਿਰਜਨਹਾਰ ਪ੍ਰਭੂ ਨੇ ਆਪ ਮਾਣ ਬਖ਼ਸ਼ਿਆ ਹੈ, (ਇਸ ਕਰਕੇ) ਪ੍ਰਭੂ ਆਪ ਲਾਜ ਰੱਖਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ, ਖ਼ਾਲਸਾ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ ਲਾ ਗਏ ਸਨ। ਜਿਨ੍ਹਾਂ ਨੇ ਦਸਮੇਸ਼ ਪਾਤਸ਼ਾਹ ਦੇ ਹੁਕਮ ਨੂੰ ਸਵੀਕਾਰ ਕਰਦਿਆਂ ਹੋਇਆਂ, ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਦੇ ਰੂਪ ਵਿਚ ਸਵੀਕਾਰ ਕੀਤਾ, ਉਹੀ ਇਸ ਲਹਿਰ ਦਾ ਅਟੁੱਟ ਅੰਗ ਬਣੇ ਰਹੇ। ਪ੍ਰੰਤੂ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ, ਉਹ ਖ਼ਾਲਸਾ ਪੰਥ ਨਾਲੋਂ ਅਲੱਗ-ਥਲੱਗ ਹੋ ਕੇ ਰਹਿ ਗਏ।

ਜਦ ਪਾਲਕ ਪੁੱਤਰ ਅਜੀਤ ਸਿੰਘ ਆਪਣੇ ਆਪ ਨੂੰ ਗੁਰੂ ਕਹਾਉਣ ਲੱਗ ਪਿਆ ਸੀ ਤਾਂ ਮਾਤਾ ਸੁੰਦਰੀ ਜੀ ਨੇ ਇਸ ਨਾਲੋਂ ਸੰਬੰਧ ਤੋੜ ਲਏ ਸਨ। ਬਾਬਾ ਬੰਦਾ ਸਿੰਘ ਬਹਾਦਰ ਬਾਰੇ ਵੀ ਕਈਆਂ ਨੇ ਗ਼ਲਤ ਅਫ਼ਵਾਹਾਂ ਫੈਲਾਅ ਕੇ ਪੰਥ ਦੇ ਕਈ ਹਲਕਿਆਂ ਵਿਚ ਗ਼ਲਤ-ਫਹਿਮੀ ਪੈਦਾ ਕਰ ਦਿੱਤੀ ਸੀ ਕਿ ਉਹ ਆਪਣੇ ਆਪ ਨੂੰ ਗਿਆਰ੍ਹਵਾਂ ਗੁਰੂ ਕਹਿਲਾਉਂਦੇ ਹਨ। ਭਾਵੇਂ ਇਸ ਵਿਚ ਕੋਈ ਸਚਾਈ ਨਹੀਂ ਸੀ, ਚੂੰਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਹਮੇਸ਼ਾ ਆਪਣੇ ਆਪ ਨੂੰ ਗੁਰੂ ਦੇ ਇਕ ਨਿਮਾਣੇ ਸਿੱਖ ਦੀ ਹੈਸੀਅਤ ਦੇ ਰੂਪ ਵਿਚ ਹੀ ਪ੍ਰਗਟ ਕੀਤਾ ਸੀ, ਪਰ ਫਿਰ ਵੀ ਮਾਤਾ ਸੁੰਦਰੀ ਜੀ ਨੇ ਸਿੱਖ ਸੰਗਤਾਂ ਨੂੰ ਸਪੱਸ਼ਟ ਰੂਪ ਵਿਚ ਇਹ ਹਦਾਇਤ ਕੀਤੀ ਸੀ :

ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕਾ ਸੁਚੇਤ ਬਿਬੇਕ ਬੁਧ ਚਾਹੀਏ ਜੋ ਸਿਵਾਏ ਅਕਾਲ ਪੁਰਖ ਦੂਜੇ ਨੋ ਜਾਨੈ ਨਾਹੀ। ਦਸਮ ਪਾਤਸਾਹੀਆਂ ਤਕ ਜਾਮੇ ਪੈਧੇ। ਯਾਰਵੀਂ ਬਾਰਵੀਂ ਬੰਦਾ ਚੌਬੰਦਾ ਅਜੀਤਾ ਵਗੈਰਾ ਤੇ ਇਤਕਾਦ ਲੈ ਆਵਨਾ ਹਤਿਆ ਹੈ। ਹੋਰ ਹਤਿਆ ਗੁਰੂ ਜਪਣ ਨਾਲ ਦੂਰ ਹੋਸਣ ਪਰ ਇਹ ਹਤਿਆ ਗੁਨਾਹ ਬਖਸੀਐਗਾ ਨਹੀਂ ਜੋ ਮਨੁੱਖ ਕੇ ਜਾਮੇ ਉਪਰ ਏਤਕਾਦ ਕਰੇਗਾ।...ਖ਼ਾਲਸਾ ਜੀ ਤੁਸਾਂ ਸਿਵਾਏ ਅਕਾਲ ਦੂਜੇ ਨੋ ਮੰਨਣਾ ਨਾਹੀ। ਸਬਦ ਦਸਵੀਂ ਪਾਤਸਾਹੀ ਤਕ ਖੋਜਣਾ। 'ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ।' ਗੁਰੂ ਕਾ ਨਿਵਾਸ ਸਬਦ ਵਿਚ ਹੈ।..

[ਨੋਟ : ਇਹ ਹੁਕਮਨਾਮਾ ਹੁਣ ਵੀ ਬਠਿੰਡਾ ਜ਼ਿਲੇ ਦੇ ਪਿੰਡ ਭਾਈ ਰੂਪਾ ਵਿਚ ਭਾਈ ਮੋਰ ਸਿੰਘ ਹੁਰਾਂ ਦੇ ਘਰ ਮੌਜੂਦ ਹੈ। (ਅਰਦਾਸ ਦਰਸ਼ਨ, ਰੂਪ ਤੇ ਅਭਿਆਸ—ਜਸਵੰਤ ਸਿੰਘ ਨੇਕੀ)।]

ਸਿੱਖ-ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਿਸ ਕਿਸੇ ਨੇ ਵੀ ਗੁਰੂ ਸਾਹਿਬ ਵੱਲੋਂ ਦਿੱਤੀ ਗੁਰਤਾ-ਗੱਦੀ ਨੂੰ ਚੈਲੰਜ ਕੀਤਾ, ਉਹ ਖ਼ਾਲਸਾ ਪੰਥ ਨਾਲੋਂ ਅਲੱਗ-ਥਲੱਗ ਹੋ ਕੇ ਰਹਿ ਗਿਆ। ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਦੇ ਸ਼ੁਰੂ ਵਿਚ ਜਦ ਕੂਕਿਆਂ/ਨਾਮਧਾਰੀਆਂ ਨੇ ਗੁਰੂ ਗ੍ਰੰਥ ਸਾਹਿਬ ਦੇ ਪੱਤਰੇ ਅਲੱਗ-ਅਲੱਗ ਕਰ ਕੇ ਇਕ-ਇਕ ਪੰਨੇ ਦਾ ਪਾਠ ਕਰਨ ਦਾ ਐਲਾਨ ਕੀਤਾ ਸੀ, ਤਾਂ ਖ਼ਾਲਸਾ ਪੰਥ ਨੇ 'ਕੂਕਾ ਕੁਫ਼ਰ ਤੋੜ' ਕਾਨਫ਼ਰੰਸ ਕਰ ਕੇ ਕੂਕਿਆਂ ਵੱਲੋਂ ਇਸ ਹਰਕਤ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕੀਤੀ ਸੀ। ਭਾਵੇਂ ਇਸ ਘਟਨਾ ਮਗਰੋਂ ਵੀ ਪੰਥਕ ਆਗੂ ਨਾਮਧਾਰੀਆਂ ਨੂੰ 'ਆਲ ਪਾਰਟੀਜ਼ ਸਿੱਖ ਕਾਨਫ਼ਰੰਸ' ਵਿਚ ਸਿੱਖ ਪੰਥ ਦੇ ਅੰਗ ਵਜੋਂ ਬੁਲਾਉਂਦੇ ਰਹੇ। ਇਸ ਨੂੰ ਪੰਥਕ ਆਗੂਆਂ ਦੀ ਅਣਗਹਿਲੀ ਜਾਂ ਫ਼ਰਾਖ-ਦਿਲੀ ਸਮਝ ਲਈਏ, ਪਰ ਇਹ ਸਿਲਸਿਲਾ ਜ਼ਿਆਦਾ ਦੇਰ ਜਾਰੀ ਨਹੀਂ ਸੀ ਰਿਹਾ। 1947 ਤੋਂ ਬਾਅਦ ਨਾਮਧਾਰੀ, ਖ਼ਾਲਸਾ ਪੰਥ ਨਾਲੋਂ ਅਲੱਗ-ਥਲੱਗ ਹੋ ਕੇ ਰਹਿ ਗਏ। ਭਾਵੇਂ ਨਾਮਧਾਰੀ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਤਕ ਦਸ ਹੀ ਗੁਰੂ ਸਾਹਿਬਾਨ ਨੂੰ ਗੁਰੂ ਰੂਪ ਮੰਨਦੇ ਹਨ, ਪਰ ਇਸ ਦੇ ਨਾਲ ਹੀ ਉਹ ਯਾਰ੍ਹਵਾਂ, ਬਾਰ੍ਹਵਾਂ, ਤੇਰ੍ਹਵਾਂ, ਚੌਦ੍ਹਵਾਂ ਅਤੇ ਪੰਦਰ੍ਹਵਾਂ ਗੁਰੂ ਵੀ ਮੰਨਦੇ ਹਨ। ਨਾਮਧਾਰੀ ਗੁਰਬਾਣੀ ਪੜ੍ਹਦੇ ਹਨ, ਗੁਰਬਾਣੀ ਦਾ ਹੀ ਕੀਰਤਨ ਕਰਦੇ ਹਨ ਅਤੇ ਖੰਡੇ ਦੀ ਪਾਹੁਲ ਵੀ ਲੈਂਦੇ ਹਨ, ਪਰ ਫਿਰ ਵੀ ਗੁਰੂ ਗੋਬਿੰਦ ਸਿੰਘ ਜੀ ਦੇ ਫ਼ੁਰਮਾਨ ਦੀ ਉਲੰਘਣਾ ਕਰਨ ਕਾਰਨ, ਇਹ ਖ਼ਾਲਸਾ ਪੰਥ ਨਾਲੋਂ ਅਲੱਗ-ਥਲੱਗ ਹੋ ਕੇ ਰਹਿ ਗਏ ਹਨ।

ਧਿਆਨ ਰਹੇ, ਬਾਬਾ ਰਾਮ ਸਿੰਘ ਜੀ ਨੇ ਆਪਣੇ ਜਿਉਂਦੇ-ਜੀਅ ਕਦੀ ਵੀ ਕੋਈ ਅਜਿਹੀ ਕਾਰਵਾਈ ਸਿੱਧੇ ਜਾਂ ਅਸਿੱਧੇ ਰੂਪ ਵਿਚ ਨਹੀਂ ਸੀ ਕੀਤੀ, ਜਿਸ ਤੋਂ ਇਹ ਪ੍ਰਗਟ ਹੁੰਦਾ ਹੋਵੇ ਕਿ ਉਹ ਆਪਣੇ ਆਪ ਨੂੰ ਬਾਰ੍ਹਵਾਂ ਗੁਰੂ ਸਮਝਦੇ ਸਨ। ਉਹ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਦੇ ਸਨ। ਕੂਕਿਆਂ/ਨਾਮਧਾਰੀਆਂ ਵੱਲੋਂ ਗੁਰੂ-ਡੰਮ੍ਹ ਦਾ ਪ੍ਰਚਾਰ 1920 ਈ: ਦੇ ਲਗਭਗ ਪ੍ਰਾਰੰਭ ਹੋਇਆ ਸੀ।

ਸਮੇਂ ਸਮੇਂ ਨਾਲ ਭਾਵੇਂ ਕਈ ਵਿਅਕਤੀਆਂ ਨੇ ਆਪਣੇ ਆਪ ਨੂੰ ਆਮ ਸਿੱਖਾਂ

ਨਾਲੋਂ ਸਰਬ ਸ੍ਰੇਸ਼ਟ ਸਮਝ ਕੇ, ਆਪਣੀ ਪੂਜਾ ਪ੍ਰਤਿਸ਼ਟਾ ਕਰਾਉਣੀ ਚਾਹੀ ਅਤੇ ਕਰਵਾ ਵੀ ਰਹੇ ਹਨ। ਪਰ ਅਜਿਹਾ ਕਰਨ ਵਾਲਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਸਰਬ ਸ੍ਰੇਸ਼ਟਤਾ ਨੂੰ ਚੈਲੰਜ ਨਹੀਂ ਕੀਤਾ। ਉਂਜ ਗੁਰੂ ਗ੍ਰੰਥ ਸਾਹਿਬ ਦੀ ਆੜ ਵਿਚ ਇਨ੍ਹਾਂ ਨੇ ਸਿੱਖ ਸੰਗਤਾਂ ਨੂੰ ਗੁਰੂ ਦੇ ਨਹੀਂ, ਸਗੋਂ ਆਪਣੇ ਹੀ ਲੜ ਲਾਇਆ ਹੈ ਅਤੇ ਲਗਾ ਰਹੇ ਹਨ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਉਣ ਵਾਲੇ ਸਮੇਂ ਇਹ ਡੇਰੇ ਖ਼ਾਲਸਾ ਪੰਥ ਲਈ ਬਹੁਤ ਹੀ ਮਾਰੂ ਸਾਬਤ ਹੋਣਗੇ। ਪਰ ਜੇਕਰ ਸਿੱਖ ਸੰਗਤਾਂ ਸੁਚੇਤ ਹੋ ਕੇ ਗੁਰੂ ਗ੍ਰੰਥ ਸਾਹਿਬ ਦਾ ਦਾਮਨ ਘੁੱਟ ਕੇ ਪਕੜੀ ਰੱਖਣਗੀਆਂ ਤਾਂ ਦੁਨੀਆਂ ਦੀ ਕੋਈ ਵੀ ਤਾਕਤ ਸਿੱਖ ਸੰਗਤਾਂ ਨੂੰ ਗੁਰਬਾਣੀ ਦੀ ਜੀਵਨ-ਜੁਗਤਿ ਨਾਲੋਂ ਤੋੜ ਨਹੀਂ ਸਕੇਗੀ। ਸ਼ਾਇਦ ਇਸ ਲਈ ਹੀ ਪੰਥ ਵਿਰੋਧੀ ਤਾਕਤਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਸਰਬ ਸ੍ਰੇਸ਼ਟਤਾ ਨੂੰ ਚੈਲੰਜ ਕਰਨ ਲਈ ਅਜਿਹੀ ਚਾਲ ਚੱਲੀ ਹੈ ਕਿ ਜਿਸ ਨੂੰ ਆਮ ਸਿੱਖ ਨਾ ਸਮਝ ਸਕਿਆ। ਪ੍ਰੰਤੂ ਇਹ ਸਾਜ਼ਸ਼ ਹੁਣ ਜੱਗ ਜ਼ਾਹਰ ਹੋ ਗਈ ਹੈ ਕਿ ਕਿਸ ਤਰ੍ਹਾਂ ਇਨ੍ਹਾਂ ਤਾਕਤਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ 'ਤੇ ਅਖੌਤੀ 'ਦਸਮ ਗ੍ਰੰਥ' ਨੂੰ ਲੈ ਆਂਦਾ ਹੈ। ਇਹ ਪੁਸਤਕ ਜਿਸ ਨੂੰ ਪਹਿਲਾਂ 'ਬਚਿਤ੍ਰ ਨਾਟਕ ਗ੍ਰੰਥ', ਫਿਰ 'ਦਸਮ ਗ੍ਰੰਥ' ਅਤੇ ਹੁਣ 'ਸ੍ਰੀ ਗੁਰੂ ਦਸਮ ਗ੍ਰੰਥ ਸਾਹਿਬ' ਦੇ ਨਾਮ ਨਾਲ ਪੁਕਾਰਿਆ ਜਾਣ ਲੱਗ ਪਿਆ ਹੈ।

ਕਥਿਤ 'ਦਸਮ ਗ੍ਰੰਥ', 'ਮਾਰਕੰਡੇ ਪੁਰਾਣ', 'ਸ੍ਰੀਮਦ ਭਗਵਤ ਪੁਰਾਣ' ਅਤੇ 'ਸ਼ਿਵ ਪੁਰਾਣ' 'ਤੇ ਆਧਾਰਤ ਹੈ। ਇਸ ਵਿਚਲਾ 'ਤ੍ਰਿਯਾ ਚਰਿਤ੍ਰ' ਵਾਲਾ ਭਾਗ, 'ਸ਼ਿਵ ਪੁਰਾਣ' ਵਿਚ ਲਿਖੇ 'ਨਾਰਦ ਤੇ ਇਕ ਅਪਸਰਾ' ਦੀ ਵਾਰਤਾਲਾਪ 'ਤੇ ਆਧਾਰਤ ਹੈ। ਇਸ ਗ੍ਰੰਥ ਨੂੰ ਪਿਛਲੇ ਕੁਝ ਸਮੇਂ ਤੋਂ ਕੁਝ ਪੰਥ ਵਿਰੋਧੀ ਸੰਸਥਾਵਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਵਜੋਂ ਉਭਾਰਿਆ ਜਾ ਰਿਹਾ ਹੈ।

ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਵਜੋਂ ਉਭਾਰਨ ਵਾਲੇ ਇਹ ਮੰਨਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਚੜ੍ਹਾਈ ਸੀ। ਪਰ ਫਿਰ ਕੀ ਕਾਰਨ ਹੈ ਕਿ ਗੁਰਦੇਵ ਆਪਣੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹਾਉਂਦੇ ? ਕੀ ਗੁਰੂ ਸਾਹਿਬ ਨੂੰ ਆਪਣੀ ਰਚਨਾ ਗੁਰੂ ਗ੍ਰੰਥ ਸਾਹਿਬ ਦਾ ਅੰਗ ਬਣਾਉਣ ਦਾ ਧਿਆਨ ਨਹੀਂ ਰਿਹਾ ਜਾਂ ਹਜ਼ੂਰ ਨੇ ਆਪਣੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਬਣਾਉਣਾ ਯੋਗ ਨਾ ਸਮਝਿਆ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਜੋਂ ਕੇਵਲ ਇਹ ਕਹਿਣਾ ਤਰਕ ਸੰਗਤ ਨਹੀਂ ਹੈ ਕਿ ਗੁਰੂ ਸਾਹਿਬ ਦੀ ਆਪਣੀ ਮੌਜ ਜਾਂ ਰਜ਼ਾ ਹੈ ਜਾਂ ਗੁਰੂ ਗ੍ਰੰਥ ਸਾਹਿਬ ਵਿਚ ਭਗਤੀ-ਭਾਵ ਵਾਲੀਆਂ ਰਚਨਾਵਾਂ ਹਨ ਜਦ ਕਿ ਦਸਮੇਸ਼ ਪਾਤਸ਼ਾਹ ਦੀ ਬਾਣੀ ਵਿਚ ਬੀਰ ਰਸ ਦੀ ਪ੍ਰਧਾਨਤਾ ਹੈ, ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀਆਂ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਕੀਤਾ।

ਕਈ ਸੱਜਣ ਤਾਂ ਅਖੌਤੀ ਦਸਮ ਗ੍ਰੰਥ ਸੰਬੰਧੀ ਇਹ ਕਹਿਣ ਤੋਂ ਵੀ ਸੰਕੋਚ ਨਹੀਂ ਕਰ ਰਹੇ ਕਿ ਹੁਣ ਦਸਮ ਗ੍ਰੰਥ ਤੋਂ ਬਿਨਾਂ ਪੰਥ ਦਾ ਗੁਜ਼ਾਰਾ ਨਹੀਂ ਹੋ ਸਕਦਾ।

ਇਸ ਤਰ੍ਹਾਂ ਦੀ ਧਾਰਨਾ ਰੱਖਣ ਵਾਲੇ ਸੱਜਣ ਇਸ ਗੱਲ ਦਾ ਉੱਤਰ ਨਹੀਂ ਦੇਂਦੇ ਕਿ ਇਸ ਗ੍ਰੰਥ ਦੀ ਹੋਂਦ ਤੋਂ ਪਹਿਲਾਂ ਪੰਥ ਦਾ ਗੁਜ਼ਾਰਾ ਕਿਸ ਤਰ੍ਹਾਂ ਹੋ ਰਿਹਾ ਸੀ ?

ਗੁਰੂ ਦੇ ਹੁਕਮ ਦੀ ਪਾਲਣਾ ਕਰਨੀ ਗੁਰਸਿੱਖ ਦਾ ਧਰਮ ਹੈ, ਪਰ ਗੁਰੂ ਦੇ ਹੁਕਮ ਨਾਲੋਂ ਅਗਲੇਰਾ ਕਦਮ ਪੁੱਟ ਲੈਣਾ, ਗੁਰੂ ਦੇ ਹੁਕਮ ਨੂੰ ਚੈਲੰਜ ਕਰਨਾ ਹੈ ਅਤੇ ਗੁਰੂ ਦੇ ਹੁਕਮ ਵਿਚ ਅਧੂਰਾਪਣ ਨਜ਼ਰ ਆਉਣ ਦਾ ਲਖਾਇਕ ਹੈ। ਜਿਹੜੇ ਸੱਜਣ ਇਹ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਭਗਤੀ ਅਤੇ ਦਸਮ ਗ੍ਰੰਥ ਸ਼ਕਤੀ ਦਾ ਸੋਮਾ ਹੈ, ਜ਼ਰਾ ਈਮਾਨਦਾਰੀ ਨਾਲ ਆਪਣੀ ਇਸ ਧਾਰਨਾ ਵੱਲ ਗਹੁ ਕਰਨ ਕਿ ਉਨ੍ਹਾਂ ਦੇ ਇਸ ਕਥਨ ਦਾ ਕੀ ਭਾਵ ਨਿਕਲਦਾ ਹੈ। ਕੀ ਗੁਰੂ ਗੋਬਿੰਦ ਸਿੰਘ ਜੀ ਖ਼ਾਲਸਾ ਪੰਥ ਨੂੰ ਅਧੂਰੇ ਗੁਰੂ ਦੇ ਲੜ ਲਾ ਗਏ ਸਨ ? ਕੀ ਗੁਰੂ ਗ੍ਰੰਥ ਸਾਹਿਬ ਜੀ ਭਗਤੀ ਅਤੇ ਸ਼ਕਤੀ ਦੇ ਸੋਮੇ ਨਹੀਂ ਹਨ ? ਕੀ ਇਹ ਸੱਚ ਨਹੀਂ ਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਰਤ ਦੇ ਇਤਿਹਾਸ ਵਿਚ ਪਹਿਲੀ ਵਾਰ ਜਨ-ਸਾਧਾਰਨ ਨੂੰ ਇਕ ਪਲੇਟਫ਼ਾਰਮ 'ਤੇ ਇਕੱਠਿਆਂ ਕਰ ਕੇ ਸ਼ਾਹੀ ਫ਼ੌਜਾਂ ਨਾਲ ਲੜਾ ਕੇ, ਸ਼ਾਹੀ ਫ਼ੌਜਾਂ ਨੂੰ ਮੈਦਾਨਿ-ਜੰਗ ਵਿੱਚੋਂ ਭੱਜਣ ਲਈ ਮਜਬੂਰ ਕਰ ਦਿੱਤਾ ਸੀ।

ਸਾਡੇ ਇਤਿਹਾਸ ਵਿਚ ਭਾਵੇਂ ਬਹੁਤ ਕੁਝ ਅਜਿਹਾ ਲਿਖਿਆ ਮਿਲਦਾ ਹੈ ਜਿਸ ਦਾ ਗੁਰਬਾਣੀ ਦੀ ਜੀਵਨ-ਜੁਗਤਿ ਨਾਲ ਕੋਈ ਸੰਬੰਧ ਨਹੀਂ ਹੈ, ਪਰ ਫਿਰ ਵੀ ਕਿਸੇ ਇਤਿਹਾਸਕਾਰ ਨੇ ਇਹ ਨਹੀਂ ਲਿਖਿਆ ਕਿ ਦਸਮ ਗ੍ਰੰਥ ਨੂੰ ਪੜ੍ਹ ਕੇ ਗਿੱਦੜਾਂ ਤੋਂ ਸ਼ੇਰ ਬਣ ਸਕੀਦਾ ਹੈ। ਹਾਂ, ਇਸ ਗੱਲ ਨਾਲ ਤਾਂ ਲੱਗਭੱਗ ਸਾਰੇ ਸਹਿਮਤ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਛਕਾ ਕੇ ਗਿੱਦੜਾਂ ਤੋਂ ਸ਼ੇਰ ਬਣਾ ਦਿੱਤਾ। ਉਦਾਹਰਣ ਵਜੋਂ ਭਾਈ ਰਤਨ ਸਿੰਘ ਭੰਗੂ ਦੀ ਨਿਮਨ-ਲਿਖਤ ਰਚਨਾ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ :

ਚੌਪਈ॥ ਤੌ ਸਿੱਖਨ ਯੌ ਮੰਨੀ ਨ ਬਾਤ। ਹਮ ਤੌ ਤੁਰਕ ਕਬ ਮਾਰੇ ਜਾਤ।
ਅਸੀਂ ਚਿਰੀਆਂ ਵੈ ਸਾਨੀ ਬਾਜ। ਹਮ ਛੇਲੇ ਵੈ ਬਘਜਾਰਨ ਸਾਜ ॥੨੫॥
ਤੁਮ ਮ੍ਰਿਗਨ ਤੇ ਕਿਮ ਸ਼ੇਰ ਮੁਵਾਵੋ। ਲੌਤੀ ਕੋ ਪਾਣੀ ਮਗਰੀ ਪਰ ਚੜ੍ਹਾਵੋ।
ਵਹੁ ਆਦ ਸਿਪਾਹੀ ਮੁਗਲ ਪਠਾਨ। ਹਮ ਜੱਟ ਬੂਟ ਨਾਈ ਤਰਖਾਨ ॥੨੬॥
ਤੁਮ ਟੋਲੇ ਸਭ ਜਾਤ ਕਮੀਨ। ਹੁਤੇ ਜੋਊ ਸਭ ਸ਼ਸਤਰ ਹੀਨ।
ਲਲਕਾਰੋ ਰਜਪੂਤਹਿ ਰਾਜੇ। ਜੋਊ ਸਵਾਰੈਂ ਤੁਮਰੋ ਕਾਜੈ ॥੨੭॥

ਦੋਹਰਾ॥ ਤੌ ਸ੍ਰੀ ਸਤਿਗੁਰ ਸੋਚਿਓ ਕਜਾ ਯਹ ਸਿੱਖਨ ਕੀਨ।
ਹਮ ਚਹਿੰ ਦੇਂ ਪਤਿਸ਼ਾਹੀ ਸਿੱਖਨ, ਉਨ ਨੈ ਨਾਹਿ ਨਾਹਿ ਕੀਨ ॥੨੮॥

ਚੌਪਈ॥ ਹੁਤੇ ਗੁਰੂ ਸ੍ਰੀ ਜਾਣੀ ਜਾਣ। ਸਭੀ ਬਿਧੀ ਗੁਰੂ ਲਈ ਪਛਾਣ।
ਯਹ ਚਰਣ ਪਹੁਲ ਹੈ ਸ਼ਾਂਤ ਸਰੂਪ। ਤੇਜ ਨਾਹਿ ਯਹਿ ਮਾਂਹਿ ਅਨੂਪ ॥੨੯॥

ਦੋਹਰਾ॥ ਸੇਹਲੀ ਟੋਪੀ ਸਿਰ ਧਰੈਂ, ਦਾਸਹਿ ਨਾਮ ਕਹਾਇ।
ਹੁਤੀ ਦਯਾ ਮੱਧ ਰੂਪ ਬਹੁ, ਇਮ ਨਹਿੰ ਸ਼ਸਤ੍ਰ ਫੜਾਇ ॥੩੦॥

ਚੌਪਈ॥ ਅਬ ਸਿੱਖਨ ਰੂਪ ਪਲਟਾਈਐ। ਤੇਜ ਧਾਰੀ ਜਿਮ ਲਖ ਭੈ ਖਾਈਐ।
ਤੇਜ ਨਾਮ ਕੋਊ ਇਨੈ ਧਰੱਯੈ। ਕਰ ਪਾਹੁਲ ਇਨੈਂ ਤੇਜ ਪਿਲੱਯੈ ॥੩੧॥

ਯੋ ਸਤਿਗੁਰ ਸ੍ਰੀ ਚਿਤ ਲਯੋ ਧਾਰ, ਸੋ ਉੱਦਮ ਕੀਓ ਗੁਰੂ ਬਿਚਾਰ।
ਛਤ੍ਰੀ ਰੂਪ ਸੁੰਦਰ ਅਤਿ ਲਾਗੇ। ਕੇਸ ਸੀਸ ਸਿਰ ਬਾਂਧੇ ਪਾਗੇ ॥੩੨॥
ਨਾਮ ਸਿੰਘ ਹੁਤੇ ਛਤ੍ਰਨ ਕੇਰੇ। ਸ੍ਰੀ ਗੁਰ ਜਾਨਯੋ ਯਹੀ ਭਲੇਰੇ।
ਖੰਡੇ ਪਾਹੁਲ ਚਿਤ ਮਧ ਠਟੀ। ਇਮ ਹੋਵੇਗੋ ਖਾਲਸਾ ਹਠੀ ॥੩੩॥
ਪਭੇ ਪਤਿਸ਼ਾਹੀ ਇਮ ਇਨ ਖੋਇ। ਹੰਨੈ ਹੰਨੈ ਹਮ ਪਤਿਸ਼ਾਹ ਹੋਇ।
ਕਾਣ ਕੂਟ ਵਾਂਗ ਲੋਹੇ ਕਰੈਂ। ਖੰਡੇ ਪਾਹੁਲ ਪੀ ਖੰਡਯੋਂ ਨ ਟਰੈਂ ॥੩੪॥

(ਸ੍ਰੀ ਗੁਰ ਪੰਥ ਪ੍ਰਕਾਸ਼)

[ਨੋਟ: ਸਾਡਾ ਇਹ ਮੰਨਣਾ ਨਹੀਂ ਹੈ ਕਿ ਦਸਮੇਸ਼ ਪਾਤਸ਼ਾਹ ਜੀ ਨੇ ਖੰਡੇ ਦੀ ਪਾਹੁਲ ਕੇਵਲ ਯੁੱਧ ਕਰਨ ਲਈ ਹੀ ਬਖ਼ਸ਼ਿਸ਼ ਕੀਤੀ ਸੀ ਜਾਂ ਕੇਵਲ ਖੰਡੇ ਦੀ ਪਾਹੁਲ ਲੈ ਕੇ ਹੀ ਸਿੰਘਾਂ ਨੇ ਸੂਰਬੀਰਤਾ ਦੇ ਜੌਹਰ ਦਿਖਾਏ। ਇਸ ਨੂੰ ਪੂਰਨ ਰੂਪ ਵਿਚ ਸੱਚ ਤਾਂ ਹੀ ਮੰਨਿਆ ਜਾ ਸਕਦਾ ਸੀ, ਜੇਕਰ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖੰਡੇ ਦੀ ਪਾਹੁਲ ਛਕਾਉਣ ਤੋਂ ਪਹਿਲਾਂ ਯੁੱਧਾਂ ਵਿਚ ਕਾਮਯਾਬੀ ਹਾਸਲ ਨਾ ਹੋਈ ਹੁੰਦੀ।]

ਗੁਰੂ ਗੋਬਿੰਦ ਸਿੰਘ ਜੀ ਦੀ ਛਤਰ-ਛਾਇਆ ਹੇਠ ਜਿਸ ਤਰ੍ਹਾਂ ਜਨ-ਸਾਧਾਰਨ ਨੇ ਤੇਗਾਂ ਵਾਹੀਆਂ, ਇਸ ਦੀ ਅਸੀਂ ਕੇਵਲ ਇਕ ਹੀ ਉਦਾਹਰਣ ਪਾਠਕਾਂ ਨਾਲ ਸਾਂਝੀ ਕਰਨੀ ਚਾਹੁੰਦੇ ਹਾਂ। ਜਦ ਭੰਗਾਣੀ ਦੇ ਯੁੱਧ ਸਮੇਂ, ਐਨ ਮੌਕੇ 'ਤੇ ਪੀਰ ਬੁੱਧੂ ਸ਼ਾਹ ਵੱਲੋਂ ਰਖਾਏ ਪਠਾਨ ਨੌਕਰ ਗੁਰੂ ਸਾਹਿਬ ਦਾ ਸਾਥ ਛੱਡ ਕੇ ਰਾਜਾ ਫਤੇ ਸ਼ਾਹ ਗੜ੍ਹਵਾਲ ਨਾਲ ਜਾ ਰਲੇ, ਤਾਂ ਰਾਜਾ ਫਤੇ ਸ਼ਾਹ ਪਠਾਨ ਸਰਦਾਰਾਂ ਨੂੰ ਗੁਰੂ ਸਾਹਿਬ ਦੀ ਸੈਨਾ ਬਾਰੇ ਪੁੱਛਦਾ ਹੈ। ਉੱਤਰ ਵਿਚ ਭੀਖਨ ਖਾਂ ਮੁਸਕਰਾਉਂਦਿਆਂ ਹੋਇਆਂ ਕਹਿੰਦਾ ਹੈ:

ਗੁਰ ਘਰ ਅਪਰ ਸੈਨ ਹੈ ਕਹਾਂ। ਪਿਖਿ ਖਾਨਨ ਢਿਗ, ਲਰਿਬੇ ਚਹਾ।
ਸੋ ਹਮ ਸਭਿ ਹੀ ਉਠਿ ਚਲਿ ਆਏ। ਹਿਤ ਰਾਖਨ ਕੇ ਬਹੁਤ ਅਲਾਏ ॥੩੩॥
ਬਾਕੀ ਦਲ ਖ਼ੁਦਾਇ ਕੋ ਨਾਊ। ਮਿਲੇ ਗਵਾਰ ਲੋਕ ਸਮਦਾਊ।
ਹਸਿਬੇ ਜੋਗ ਜਾਤਿ ਤਿਨ ਕੇਰੀ। ਮੋ ਤੇ ਸੁਨੋ ਕਹੌਂ ਇਸ ਬੇਰੀ ॥੩੫॥
ਘਨੇ ਜਾਤਿ ਹੈਂ ਅਧਿਕ ਗਵਾਰ। ਨਾਈ, ਬਾਮਨ, ਸੂਦ, ਸੁਨਾਰ।
ਬਨੀਏ, ਰੋੜੇ, ਜਾਟ, ਲੁਹਾਰ। ਝੀਵਰ ਜਾਤਿ, ਕਲਾਲ, ਕੁਮ੍ਹਾਰ ॥੩੬॥
ਖਾਤੀ, ਛੀਬਿ, ਔਰ ਲੁਬਾਣੇ। ਛੱਤੀਸ ਜਾਤਿ ਸਨਾਤ ਪਛਾਣੇ।
ਅਪਰ ਕਹਾਂ ਲਗਿ ਕਰੌਂ ਉਚਾਰ। ਹੈਂ ਹਲਾਲ ਖੁਰ ਨੀਚ ਚੁਮਾਰ ॥੩੭॥
ਪਕਰੀ ਜਾਇਂ ਨ ਕਰ ਤਰਵਾਰੇਂ। ਨਹਿਂ ਜਾਨਹਿਂ ਕਿਮ ਤੋਮਰ ਧਾਰੇਂ।
ਤੀਰ ਤੁਫੰਗ ਪ੍ਰਹਾਰਨਿ ਜੋਇ। ਇਹ ਬਿਦਯਾ ਤਿਨ ਕੇ ਕਿਮ ਹੋਇ ॥੩੯॥
ਤੁਮ ਅਰੁ ਤੁਮਰੇ ਦਲ ਕਿਤ ਰਹੇ। ਹਮ ਹੀ ਘਨੇ ਹਤਨਿ ਕੋ ਲਹੇ ॥੪੨॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ 2, ਅੰਸੂ 22)

ਜਦ ਗਹਿਰੱਚ ਦੀ ਲੜਾਈ ਸ਼ੁਰੂ ਹੁੰਦੀ ਹੈ ਤਾਂ ਮਹੰਤ ਕ੍ਰਿਪਾਲ ਦਾਸ ਵੀ ਆਪਣੇ ਕੁਤਕੇ ਨੂੰ ਸੰਭਾਲਦਾ ਹੋਇਆ ਪਠਾਨ ਸਰਦਾਰ ਨੂੰ ਵੰਗਾਰਦਾ ਹੈ। ਆਪ ਨੇ ਪਠਾਨ ਸਰਦਾਰ ਨੂੰ ਕੇਵਲ ਵੰਗਾਰਿਆ ਹੀ ਨਹੀਂ ਹੈ, ਬਲਕਿ ਪਠਾਨ ਦੇ ਵਾਰ ਨੂੰ ਰੋਕ ਕੇ ਆਪਣੇ ਕੁਤਕੇ ਦਾ ਅਜਿਹਾ ਵਾਰ ਕੀਤਾ ਕਿ ਪਠਾਨ ਸਰਦਾਰ ਦਾ ਸਿਰ ਫੇਹ ਕੇ ਰੱਖ ਦਿੱਤਾ।

ਭਭਕ੍ਯੋ ਸਮ ਕੇਹਰਿ ਸਾਧ ਤਬੈ। ਦਲ ਦੋਇ ਬਿਲੋਕਤਿ ਬੀਰ ਸਬੈ।
ਕੁਤਕਾ ਬਲ ਸਾਥ ਸੰਭਾਰਿ ਲਯੋ। ਸਿਰ ਖਾਨ ਹਯਾਤ ਕੇ ਝਾਰ ਦਯੋ ॥੩੪॥
ਪਗ ਕੋ ਬਲ ਪਾਇ ਰਕਾਬਨ ਪੈ। ਉਛਰਯੋ ਕੁਛ ਊਚਹਿ ਆਸਨ ਪੈ।
ਸਗਰੇ ਤਨ ਓਜ ਲਗਾਇ ਬਡੋ। ਕੁਤਕਾ ਜੁਗ ਹਾਥਨ ਸਾਥ ਛਡੋ ॥੩੫॥
ਇਸ ਭਾਂਤਿ ਲਗਯੋ ਸਿਰ ਫੋਰ ਦਯੋ। ਨਿਕਸੀ ਮਿਝ ਸੇਤ ਸੁ ਮ੍ਰਿਤੁ ਭਯੋ।
ਬਹੁ ਖੰਡ ਕਰੇ ਜਿਹ ਸੀਸਹਿਂ ਕੇ। ਸਭਿ ਦੇਖਤਿ ਹੈਂ ਗਿਰ ਈਸ਼ਹਿਂ ਕੇ ॥੩੬॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ 2, ਅੰਸੂ 27)

ਇਸ ਯੁੱਧ ਵਿਚ ਇਕ ਹੋਰ ਸੂਰਬੀਰ ਦਾ ਜ਼ਿਕਰ ਆਉਂਦਾ ਹੈ। ਇਹ ਸੂਰਮਾ ਹੈ ਭਾਈ ਲਾਲ ਚੰਦ। ਕਿੱਤੇ ਵਜੋਂ ਇਹ ਇਕ ਹਲਵਾਈ ਹੈ। ਇਸ ਦੇ ਹੱਥ ਵਿਚ ਤਲਵਾਰ ਢਾਲ ਦੇਖ ਕੇ ਇਕ ਪਠਾਨ ਦੂਜੇ ਨੂੰ ਇਉਂ ਕਹਿੰਦਾ ਹੈ:

...ਜਾਤਿ ਅਰੋੜਾ ਬਿਨ ਹਥਜਾਰ।
ਅਬਿ ਦੀਨੇ ਇਸ ਖੜਗ ਸਿਪਰ ਗੁਰ, ਛੀਨਹੁਂ ਤੁਰੰਗ ਲੇਹੁ ਇਸ ਮਾਰ ॥੬॥
ਕਹਾਂ ਲਰਨ ਕੀ ਸਾਰ ਲਖੈ ਇਹੁ, ਤਕਰੀ ਤੋਲਤ ਨਿਤ ਦ੍ਰਿਸ਼ਟਾਇ।
ਦਯੋ ਖ਼ੁਦਾਇ, ਮਾਰ ਲਿਹੁ ਆਯੁਧ ਸੁਨਤਿ ਮੀਰ ਖਾਂ ਓਜ ਵਧਾਇ।
ਨਿਜ ਸ਼ਮਸ਼ੇਰ ਨਿਕਾਸੀ ਤੀਖਨ ਤੁਰੰਗ ਧਵਾਇ ਨੇਰ ਕੌ ਪਾਇ।
ਕਰਿ ਬਲ ਬਾਹੁ ਹਤੀ ਇਸ ਊਪਰ ਰੋਕਯੋ ਢਾਲ ਕਰੀ ਅਗੁਵਾਇ ॥੭॥
ਬਹੁਰ ਸੰਭਾਰ ਰਹਯੋ ਹਿਤ ਮਾਰਨ ਇਤ ਉਤ ਤਕਹਿ ਹਤਨ ਕੇ ਦਾਇ।
ਲਾਲ ਚੰਦ ਲਹਿ ਗੁਰ ਬਚ ਬਲਿ ਕੌ ਤੂਰਨ ਕਰ ਤੇ ਖੜਗ ਚਲਾਇ।
ਗਰ ਤੇ ਸਿਰ ਤਤਕਾਲ ਉਤਾਰਯੋ, ਸ਼ਾਖਾ ਤੇ ਫਲ ਮਨੋਂ ਗਿਰਾਇ।
ਪਰਯੋ ਤੁਰੰਗ ਤੇ ਧਰ ਧਰ ਊਪਰ ਹਯ ਗੇਰਤਿ ਹੀ ਗਯੋ ਪਰਾਇ ॥੮॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ 2, ਅੰਸੂ 29)

ਗੁਰੂ ਕੇ ਸਿੱਖਾਂ ਨੇ ਕੁਰਬਾਨੀ ਦਾ ਇਹ ਜਜ਼ਬਾ ਨਿਰਸੰਦੇਹ ਕਿਸੇ ਅਖੌਤੀ ਦਸਮ ਗ੍ਰੰਥ ਤੋਂ ਹਾਸਲ ਨਹੀਂ ਸੀ ਕੀਤਾ; ਇਹ ਤਾਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਪ੍ਰਾਰੰਭੇ ਹੋਏ ਸੰਘਰਸ਼ ਨੂੰ ਦੇਖ ਕੇ ਇਨ੍ਹਾਂ ਸੂਰਬੀਰਾਂ ਦਾ ਖ਼ੂਨ ਵੀ ਉਬਾਲੇ ਖਾਣ ਲੱਗਾ ਅਤੇ ਇਹ ਵੀ ਮੈਦਾਨਿ-ਜੰਗ ਵਿਚ ਕੁੱਦ ਪਏ ਸਨ। ਇਸ ਲਈ ਗੁਰੂ ਕੇ ਸਿੱਖਾਂ ਦੀ ਸੂਰਬੀਰਤਾ ਅਤੇ ਆਪਾ ਵਾਰਨ ਦੇ ਜਜ਼ਬੇ ਦਾ ਸੋਮਾ ਗੁਰੂ ਗ੍ਰੰਥ ਸਾਹਿਬ ਸਨ, ਨਾ ਕਿ ਦਸਮ ਗ੍ਰੰਥ।

ਖ਼ਾਲਸਾ ਪੰਥ ਦਾ ਅੱਜ ਤੱਕ ਦਾ ਇਤਿਹਾਸ ਇਸ ਗੱਲ ਦਾ ਹੀ ਗਵਾਹ ਹੈ ਕਿ ਜਿਸ ਕਿਸੇ ਨੇ ਵੀ ਗੁਰੂ ਪਾਤਸ਼ਾਹ ਦੇ ਆਦੇਸ਼ ਦੀ ਉਲੰਘਣਾ ਕੀਤੀ, ਉਹ ਖ਼ਾਲਸਾ ਪੰਥ ਨਾਲੋਂ ਅਲੱਗ-ਥਲੱਗ ਹੋ ਕੇ ਰਹਿ ਗਿਆ। ਪਰ ਅੱਜ ਸਮੇਂ ਨੇ ਐਸੀ ਕਰਵਟ ਲਈ ਹੈ ਕਿ ਜਿਹੜੇ ਗੁਰਸਿੱਖ, ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ, ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਦੇ ਹਨ, ਉਨ੍ਹਾਂ ਨੂੰ ਖ਼ਾਲਸਾ ਪੰਥ ਦਾ ਦੋਖੀ ਮੰਨਿਆ ਜਾ ਰਿਹਾ ਹੈ; ਪੰਥ ਤੋਂ ਛੇਕਣ ਦੇ ਫ਼ਰਮਾਨ ਜਾਰੀ ਹੋ ਰਹੇ ਹਨ ਅਤੇ ਕਈਆਂ ਨੂੰ ਪੰਥ ਵਿੱਚੋਂ ਛੇਕਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਸਿਤਮ ਦੀ ਗੱਲ ਇਹ ਹੈ ਕਿ ਇਹ ਸਭ ਕੁਝ ਉਨ੍ਹਾਂ ਵੱਲੋਂ ਹੋ ਰਿਹਾ

ਹੈ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਦੇ ਫ਼ੁਰਮਾਨ ਦੀਆਂ ਸ਼ਰ੍ਹੇਆਮ ਧੱਜੀਆਂ ਉਡਾਉਂਦੇ ਹੋਏ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਅਖੌਤੀ ਦਸਮ ਗ੍ਰੰਥ ਦਾ ਪ੍ਰਕਾਸ਼ ਕਰ ਕੇ, ਪਿਤਾ ਗੁਰਦੇਵ ਦੇ ਹੁਕਮ ਦੀ ਉਲੰਘਣਾ ਕਰ ਰਹੇ ਹਨ। ਅਜਿਹੀ ਧੱਕੇਸ਼ਾਹੀ ਨੂੰ ਦੇਖ ਕੇ ਇਹ ਹੀ ਕਹਿਣਾ ਪੈ ਰਿਹਾ ਹੈ ਕਿ ਅਸਲ ਵਿਚ ਅੱਜ ਮੀਣੇ, ਧੀਰਮੱਲੀਏ, ਅਤੇ ਰਾਮਰਾਇ ਦੇ ਪੈਰੋਕਾਰਾਂ ਰੂਪੀ 'ਅਮਰ ਵੇਲ' ਨੇ ਖ਼ਾਲਸਾ ਪੰਥ ਨੂੰ ਆਪਣੀ ਲਪੇਟ ਵਿਚ ਇਸ ਕਦਰ ਲੈ ਲਿਆ ਹੈ ਕਿ ਉਹ ਦਸਮੇਸ਼ ਪਾਤਸ਼ਾਹ ਦੇ ਹੁਕਮ ਦੀ ਪਾਲਣਾ ਕਰਨ ਵਾਲਿਆਂ ਨੂੰ ਹੀ ਡਰਾਉਣ-ਧਮਕਾਉਣ ਲੱਗ ਪਏ ਹਨ। ਪਰ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨੂੰ ਮੰਨ ਕੇ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਦੇ ਰੂਪ ਵਿਚ ਮੰਨ ਕੇ ਸਿਰ ਝੁਕਾਉਣ ਵਾਲਿਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ। ਚੂੰਕਿ ਜਿਉਂ ਜਿਉਂ ਸਿੱਖ ਸੰਗਤਾਂ ਗ਼ਫ਼ਲਤ ਦੀ ਨੀਂਦ ਵਿੱਚੋਂ ਜਾਗਣਗੀਆਂ, ਤਿਉਂ ਤਿਉਂ 'ਕਾਲਕਾ ਪੰਥ' ਨਾਲੋਂ ਤੋੜ ਕੇ 'ਖ਼ਾਲਸਾ ਪੰਥ' ਦੇ ਇਸ ਕਾਫ਼ਲੇ ਵਿਚ ਸ਼ਾਮਲ ਹੁੰਦੀਆਂ ਜਾਣਗੀਆਂ।

ਗੁਰਦੇਵ ਦੇ ਹੁਕਮ ਨੂੰ ਮੰਨ ਕੇ ਹੀ ਸਿੱਖ ਗੁਰੂ ਨਾਨਕ ਸਾਹਿਬ ਦੇ ਪੈਰੋਕਾਰਾਂ ਦੀ ਕਤਾਰ ਵਿਚ ਖੜਾ ਹੋ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਲੜ ਗੁਰੂ ਗੋਬਿੰਦ ਸਿੰਘ ਜੀ ਨੇ ਲਾਇਆ ਹੈ, ਇਸ ਲਈ ਇਸ ਦੇ ਬਰਾਬਰ ਕਿਸੇ ਹੋਰ ਪੁਸਤਕ ਨੂੰ ਪ੍ਰਕਾਸ਼ ਕਰ ਕੇ ਗੁਰੂ ਸਾਹਿਬ ਦੀ ਚੋਣ ਪ੍ਰਕਿਰਿਆ ਉੱਤੇ ਪ੍ਰਸ਼ਨ-ਚਿੰਨ੍ਹ ਲਾਉਣ ਵਾਲਿਆਂ ਨੂੰ ਇਕ ਦਿਨ ਸਪੱਸ਼ਟ ਰੂਪ ਵਿਚ, ਖ਼ਾਲਸਾ ਪੰਥ ਨਾਲੋਂ ਅਲੱਗ-ਥਲੱਗ ਹੋਣਾ ਹੀ ਪਵੇਗਾ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜੋ ਕੋਈ ਵੀ ਖ਼ਾਲਸਾ ਪੰਥ ਨਾਲੋਂ ਅਲੱਗ-ਥਲੱਗ ਹੋਇਆ ਤਾਂ ਉਸ ਦੀ ਵੱਖਰੀ ਪਛਾਣ ਕਾਇਮ ਹੋ ਗਈ ਅਤੇ ਉਹ ਉਸ ਨਾਮ ਨਾਲ ਹੀ ਪੁਕਾਰਿਆ ਜਾਣ ਲੱਗ ਪਿਆ ਜਿਸ ਤਰ੍ਹਾਂ ਧੀਰਮੱਲੀਏ ਅਤੇ ਰਾਮਰਾਈਏ ਆਦਿਕ। ਇਸੇ ਤਰ੍ਹਾਂ ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਮਾਨਤਾ ਦੇ ਕੇ ਇਸ ਅੱਗੇ ਆਪਣਾ ਸਿਰ ਝੁਕਾਉਣ ਵਾਲੇ ਆਪਣੀ ਪਛਾਣ ਕਾਲਕਾ ਪੰਥੀ ਦੇ ਰੂਪ ਵਿਚ ਹੀ ਕਰਾਉਣਗੇ, ਨਾ ਕਿ ਖ਼ਾਲਸਾ ਪੰਥ ਦੇ ਅਨੁਯਾਈਆਂ ਦੇ ਰੂਪ ਵਿਚ। ਚੂੰਕਿ ਖ਼ਾਲਸਾ ਪੰਥ ਨਿਮਨ-ਲਿਖਤ ਸ਼ਬਦਾਂ ਨੂੰ ਰਸਮੀ ਤੌਰ 'ਤੇ ਹੀ ਨਹੀਂ ਪੜ੍ਹਦਾ, ਸਗੋਂ ਇਸ ਨੂੰ ਤਨੋਂ ਮਨੋਂ ਸਵੀਕਾਰਦਾ ਵੀ ਹੈ :

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ,
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈਂ ਲੇਹ।

ਖ਼ਾਲਸਾ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਇਸ ਫ਼ੁਰਮਾਨ ਉੱਤੇ ਅਟੁੱਟ ਵਿਸ਼ਵਾਸ ਹੈ :

ਜਿ ਹੋਂਦੈ ਗੁਰੂ ਬਹਿ ਟਿਕਿਆ ਤਿਸੁ ਜਨ ਕੀ ਵਡਿਆਈ ਵਡੀ ਹੋਈ॥
ਤਿਸੁ ਕਉ ਜਗਤੁ ਨਿਵਿਆ ਸਭੁ ਪੈਰੀ ਪਇਆ ਜਸੁ ਵਰਤਿਆ ਲੋਈ॥

ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ
ਜਿਸ ਕੈ ਮਸਤਕਿ ਹਥੁ ਧਰਿਆ ਗੁਰਿ ਪੂਰੈ ਸੋ ਪੂਰਾ ਹੋਈ॥
ਗੁਰ ਕੀ ਵਡਿਆਈ ਨਿਤ ਚੜੈ ਸਵਾਈ ਅਪੜਿ ਕੋ ਨ ਸਕੋਈ॥
ਜਨੁ ਨਾਨਕੁ ਹਰਿ ਕਰਤੈ ਆਪਿ ਬਹਿ ਟਿਕਿਆ ਆਪੇ ਪੈਜ ਰਖੈ ਪ੍ਰਭੁ ਸੋਈ॥

(ਵਾਰ ਗਉੜੀ ਮਹਲਾ ੪, ਪੰਨਾ 309)

ਗੁਰਬਾਣੀ ਦੇ ਇਸ ਫ਼ੁਰਮਾਨ ਦੀ ਰੌਸ਼ਨੀ ਵਿਚ ਅਸੀਂ ਇਹ ਗੱਲ ਦਾਅਵੇ ਨਾਲ ਆਖ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਅਖੌਤੀ ਦਸਮ ਗ੍ਰੰਥ ਨਹੀਂ ਟਿਕ ਸਕੇਗਾ। ਇਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਦੇ ਰੂਪ ਵਿਚ ਪੇਸ਼ ਕਰਨ ਵਾਲੀਆਂ ਤਾਕਤਾਂ ਦੀ ਕਦੀ ਵੀ ਇਹ ਆਸ ਪੂਰੀ ਨਹੀਂ ਹੋਣ ਲੱਗੀ। ਚੂੰਕਿ ਜਿਉਂ ਜਿਉਂ ਇਸ ਗ੍ਰੰਥ ਦੀ ਅਸਲੀਅਤ ਸਿੱਖ ਸੰਗਤਾਂ ਦੇ ਸਾਹਮਣੇ ਆਉਂਦੀ ਜਾਵੇਗੀ, ਸੰਗਤਾਂ ਇਸ ਦਾ ਪੂਰਨ ਰੂਪ ਵਿਚ ਤਿਆਗ ਕਰ ਕੇ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਅੱਗੇ ਹੀ ਸੀਸ ਝੁਕਾਉਣਗੀਆਂ। ਕਾਲਕਾ ਪੰਥੀਆਂ ਦੀ ਕੋਈ ਵੀ ਦਲੀਲ ਜਾਂ ਅਪੀਲ ਸੰਗਤਾਂ ਨੂੰ ਗੁਮਰਾਹ ਨਹੀਂ ਕਰ ਸਕੇਗੀ।

ਖ਼ਾਲਸਾ ਪੰਥ

ਗੁਰੂ ਨਾਨਕ ਸਾਹਿਬ ਵੱਲੋਂ ਦ੍ਰਿੜ੍ਹ ਕਰਵਾਈ ਜੀਵਨ-ਜੁਗਤਿ ਨੂੰ ਹੀ ਹਜ਼ੂਰ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਆਪੋ-ਆਪਣੇ ਸਮੇਂ ਵਿਚ ਪ੍ਰਚਾਰਿਆ ਹੈ। ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਮਗਰੋਂ ਗੁਰੂ ਅੰਗਦ ਸਾਹਿਬ ਦੇ ਰੂਪ ਵਿਚ, ਗੁਰੂ ਨਾਨਕ ਸਾਹਿਬ ਦੀ ਹੀ ਜੋਤਿ ਅਤੇ ਜੁਗਤਿ ਦਾ ਵਰਤਾਰਾ ਵਰਤਦਾ ਰਿਹਾ ਹੈ। ਇਹ ਸਿਲਸਿਲਾ ਗੁਰੂ ਗੋਬਿੰਦ ਸਿੰਘ ਜੀ ਤੀਕ ਇਸੇ ਤਰ੍ਹਾਂ ਨਿਰੰਤਰ ਰੂਪ ਵਿਚ ਜਾਰੀ ਰਿਹਾ ਹੈ। ਜੋਤਿ ਅਤੇ ਜੁਗਤਿ ਦੀ ਇਸ ਨਿਰੰਤਰਤਾ ਕਾਰਨ ਹੀ ਦਸ ਗੁਰੂ ਸਾਹਿਬਾਨ ਨੂੰ ਇੱਕੋ ਜੋਤਿ ਅਤੇ ਜੁਗਤਿ ਦਾ ਧਾਰਨੀ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਨਿਮਨ-ਲਿਖਤ ਫ਼ੁਰਮਾਨ ਵਿਚ ਇਸ ਹਕੀਕਤ ਦਾ ਹੀ ਪ੍ਰਗਟਾਵਾ ਕੀਤਾ ਗਿਆ ਹੈ:

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥

(ਵਾਰ ਰਾਮਕਲੀ ਰਾਇ ਬਲਵੰਡਿ, ਪੰਨਾ 966)

ਅਰਥ: (ਬਾਬਾ ਲਹਿਣਾ ਜੀ ਦੇ ਅੰਦਰ) ਉਹੀ (ਗੁਰੂ ਨਾਨਕ ਸਾਹਿਬ ਵਾਲੀ) ਜੋਤਿ ਸੀ, ਜੀਵਨ ਦਾ ਢੰਗ ਭੀ ਉਹੀ (ਗੁਰੂ ਨਾਨਕ ਸਾਹਿਬ ਵਾਲਾ) ਸੀ, ਗੁਰੂ (ਨਾਨਕ ਦੇਵ ਜੀ) ਨੇ (ਕੇਵਲ ਸਰੀਰ ਹੀ) ਮੁੜ ਵਟਾਇਆ ਸੀ।

ਭਾਈ ਗੁਰਦਾਸ ਜੀ ਨੇ, ਇਕ ਜੋਤਿ ਅਤੇ ਜੁਗਤਿ ਦੀ ਧਾਰਨਾ ਨੂੰ ਇਉਂ ਬਿਆਨ ਕੀਤਾ ਹੈ:

ਗੁਰਮੁਖਿ ਪਾਰਸੁ ਹੋਇ ਪੂਜ ਕਰਾਇਆ।
ਅਸਟ ਧਾਤੁ ਇਕੁ ਧਾਤੁ ਜੋਤਿ ਜਗਾਇਆ।
ਬਾਵਨ ਚੰਦਨੁ ਹੋਇ ਬਿਰਖੁ ਬੋਹਾਇਆ।
ਗੁਰਸਿਖੁ ਸਿਉ ਗੁਰ ਹੋਇ ਅਚਰਜੁ ਦਿਖਾਇਆ।
ਜੋਤੀ ਜੋਤਿ ਜਗਾਇ ਦੀਪੁ ਦੀਪਾਇਆ।
ਨੀਰੈ ਅੰਦਰਿ ਨੀਰੁ ਮਿਲੈ ਮਿਲਾਇਆ॥੨॥੨੦॥

ਅਰਥ: ਗੁਰਮੁਖ ਆਪ ਪਾਰਸ ਹੋ ਕੇ ਸਿੱਖਾਂ ਨੂੰ ਪੂਜਕ ਕਰ ਦੇਂਦੇ ਹਨ। ਅੱਠਾਂ ਧਾਤਾਂ ਦੀ ਇਕ ਧਾਤੂ ਕਰਕੇ, ਜਾਤ ਵਰਣ ਅਭਿਮਾਨ ਗਵਾ ਕੇ ਜੋਤ ਜਗਾ ਦੇਂਦੇ ਹਨ। ਗੁਰਮੁਖ ਬਾਵਨ ਚੰਦਨ ਹੋ ਕੇ ਹੋਰ ਬਿਰਖਾਂ ਨੂੰ ਸੁਗੰਧਿਤ ਕਰਦੇ ਹਨ। ਗੁਰੂ ਦੇ ਸਿੱਖ ਹੁੰਦੇ ਹਨ, ਫਿਰ ਸਿੱਖੋਂ ਗੁਰੂ ਹੋ ਕੇ ਹੋਰ ਅਚਰਜ ਦੱਸਦੇ ਹਨ (ਕਿ ਜੋਤਿ ਇਕ

ਤੇ ਮੂਰਤਾਂ ਦੋ ਭਾਸਦੀਆਂ ਹਨ। ਅੱਗੇ ਪੰਜਵੀਂ ਤੇ ਛੇਵੀਂ ਤੁਕ ਵਿਖੇ ਦੋ ਹੋਰ ਦ੍ਰਿਸ਼ਟਾਂਤ ਦੇ ਕੇ ਪੱਕਾ ਕਰਦੇ ਹਨ)। ਜੋਤਿ ਜੋਤਿ ਥੋਂ ਜਗਾ ਕੇ ਦੀਵੇ ਤੋਂ ਦੀਵਾ ਬਾਲ ਦੇਂਦੇ ਹਨ। ਪਾਣੀ ਵਿਚ ਪਾਣੀ ਵਾਂਙੂ ਮਿਲਦੇ ਨੂੰ ਮੇਲ ਲੈਂਦੇ ਹਨ।

ਇਤਿਹਾਸ ਵਿਚ ਇਸ ਗੱਲ ਦਾ ਵਰਣਨ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਉਠਾਏ ਹੋਏ ਕਦਮ ਬਾਰੇ, ਗੁਰੂ-ਘਰ ਦੇ ਦੋਖੀਆਂ ਨੇ ਆਮ ਸਿੱਖ ਸੰਗਤਾਂ ਨੂੰ ਗੁਮਰਾਹ ਕਰਨ ਲਈ ਕਈ ਤਰ੍ਹਾਂ ਦੇ ਸ਼ੋਸ਼ੇ ਛੱਡਣੇ ਸ਼ੁਰੂ ਕਰ ਦਿੱਤੇ ਸਨ। ਗੁਮਰਾਹਕੁੰਨ ਪ੍ਰਚਾਰ ਕਰਨ ਵਾਲਿਆਂ ਨੇ ਹਜ਼ੂਰ ਦੇ ਵਿਰੁੱਧ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਆਪ ਜੀ ਨੇ ਆਪਣੇ ਵਡੇਰਿਆਂ ਦਾ ਰਸਤਾ ਤਿਆਗ ਦਿੱਤਾ ਹੈ। ਅਜਿਹਾ ਗੁਮਰਾਹਕੁੰਨ ਪ੍ਰਚਾਰ ਕਰਨ ਵਾਲਿਆਂ ਨੇ ਆਪਣੀ ਗੱਲ ਨੂੰ ਪ੍ਰਮਾਣਿਤ ਕਰਨ ਲਈ ਜੋ ਤਰਕ ਪੇਸ਼ ਕੀਤੇ ਸਨ, ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ ਆਪਣੀ ਨਿਮਨ-ਲਿਖਤ ਵਾਰ ਵਿਚ ਇਉਂ ਦਰਸਾਇਆ ਹੈ:

ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ ॥੨੪॥੨੬॥

ਅਰਥ: ਗੁਰੂ ਦਾ ਨੇਮ ਹੁੰਦਾ ਸੀ ਕਿ ਧਰਮਸਾਲ ਵਿਚ ਟਿਕ ਕੇ ਬੈਠਦੇ ਸਨ, ਇਹ ਗੁਰੂ ਹਰਿਗੋਬਿੰਦ ਇਕ ਥਾਵੇਂ ਟਿਕਾਯਾ ਨਹੀਂ ਟਿਕਦਾ। ਪਹਿਲੇ ਗੁਰੂ ਸਾਹਿਬਾਂ ਦੇ ਘਰ ਪਾਤਸ਼ਾਹ ਆਉਂਦੇ ਸਨ, ਇਹ ਪਾਤਸ਼ਾਹ ਦਾ ਚੜ੍ਹਾਇਆ ਕਿਲ੍ਹੇ ਚੜ੍ਹਿਆ ਹੈ, ਭਾਵ ਬੰਦੀ ਵਿਚ ਪਿਆ ਹੈ। ਅੱਗੇ ਸਿੱਖੀ ਮਹਿਲ ਪ੍ਰਾਪਤ ਕਰਦੀ ਸੀ, ਪਰ ਹੁਣ ਮਹਿਲ ਨਹੀਂ ਪਾਉਂਦੀ, ਕਿਉਂਕਿ ਇਹ ਨੱਠਾ ਫਿਰਦਾ ਹੈ ਤੇ ਕਿਸੇ ਦਾ ਡਰਾਇਆ ਡਰਦਾ ਨਹੀਂ। ਅਗਲੇ ਸਤਿਗੁਰ ਜੀ ਮੰਜੀ ਬੈਠ ਕੇ ਜਗਤ ਨੂੰ ਤਸੱਲੀ ਦਾਨ ਦੇਂਦੇ ਸਨ, ਇਸ ਨੇ ਕੁੱਤੇ ਰੱਖੇ ਹਨ ਤੇ ਸ਼ਿਕਾਰ ਖੇਲਦਾ ਹੈ। ਪਹਿਲੇ ਸਤਿਗੁਰ ਜੀ ਬਾਣੀ ਰਚਦੇ, ਗਾਉਂਦੇ ਤੇ ਸੁਣਦੇ ਸਨ, ਇਹ ਨਾ ਬਾਣੀ ਕਥਦਾ ਹੈ ਨਾ ਸੁਣਦਾ ਹੈ ਅਤੇ ਨਾ ਹੀ ਗਾਉਂਦਾ ਹੈ। ਅਗਲੇ ਸੇਵਕਾਂ ਨੂੰ ਪਾਸ ਰੱਖਦੇ ਸਨ, ਇਹ ਸੇਵਕ ਪਾਸ ਨਹੀਂ ਰੱਖਦੇ, ਦੋਖੀਆਂ, ਦੁਸ਼ਟਾਂ ਨੂੰ ਆਗੂ ਕਰਕੇ ਮੂੰਹ ਲਾਉਂਦੇ ਭਾਵ ਮਾਨ ਦੇਂਦੇ ਹਨ।

ਪਉੜੀ ਦੀਆਂ ਅਖ਼ੀਰਲੀਆਂ ਤੁਕਾਂ ਵਿਚ ਭਾਈ ਸਾਹਿਬ ਨੇ ਲਿਖਿਆ ਹੈ:

ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੇ ਨ ਆਪੁ ਜਣਾਇਆ ॥੨੪॥੨੬॥

ਅਰਥ: ਇਸ ਤਬਦੀਲੀ ਨਾਲ ਸੱਚ ਲੁਕਾਇਆਂ ਨਹੀਂ ਲੁਕਦਾ, ਸਿੱਖ ਭਵਰੇ ਵਾਂਙੂ ਹਨ, ਉਹ ਸਿਆਣਦੇ ਹਨ ਤੇ ਭਵਰੇ ਵਾਂਙੂ ਚਰਨ ਕੰਵਲਾਂ 'ਤੇ ਲੁਭਿਤ ਹਨ। ਕਿਉਂਕਿ ਉਹ ਜਾਣਦੇ ਹਨ ਕਿ ਗੁਰੂ ਅਜਰ ਨੂੰ ਜਰ ਰਿਹਾ ਹੈ ਤੇ ਆਪਾ ਨਹੀਂ

ਜਣਾਉਂਦਾ, ਅਥਵਾ ਪੱਕੇ ਸਿੱਖ ਅਜਰ ਨੂੰ ਜਰਦੇ ਹਨ ਤੇ ਵਿਰਥਾ ਨੁਕਤਾਚੀਨੀਆਂ ਕਰ ਕੇ ਆਪਾ ਨਹੀਂ ਜਣਾਉਂਦੇ।

ਭਾਈ ਗੁਰਦਾਸ ਜੀ ਨੇ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਉਠਾਏ ਹੋਏ ਕਦਮਾਂ ਬਾਰੇ ਵਿਰੋਧੀਆਂ ਵੱਲੋਂ ਪਾਏ ਜਾ ਰਹੇ ਭਰਮ-ਭੁਲੇਖਿਆਂ ਤੋਂ ਸੰਗਤਾਂ ਨੂੰ ਸੁਚੇਤ ਕਰਦਿਆਂ ਹੋਇਆਂ ਸਪੱਸ਼ਟ ਕੀਤਾ:

ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।
ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।

(ਵਾਰ 1, ਪਉੜੀ 48)

ਅਰਥ: ਪੰਜ ਪੀਰ (ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਨੇ ਤਾਂ) ਪੰਜ ਪਿਆਲੇ (ਸਤਿ, ਸੰਤੋਖ, ਦਯਾ, ਧਰਮ, ਧੀਰਜ ਦੇ ਪੀਤੇ, ਭਾਵ ਸਤੇ ਗੁਣ ਦਾ ਬੜਾ ਅਭਿਆਸ ਕੀਤਾ) ਛੇਵਾਂ ਪੀਰ (ਗੁਰੂ ਹਰਿਗੋਬਿੰਦ ਸਾਹਿਬ) ਭਾਰੀ ਗੁਰੂ ਹੋ ਕੇ (ਗੱਦੀ 'ਤੇ) ਬੈਠਾ ਹੈ, ਭਾਵ ਇਨ੍ਹਾਂ ਨੇ ਦੇਗ ਤੇਗ ਦੀਆਂ ਦੋ ਤਲਵਾਰਾਂ ਪਹਿਨੀਆਂ। ਸ਼ਾਂਤ ਰਸ ਦੇ ਨਾਲ ਬੀਰ ਰਸ ਦੇ ਪਿਆਲੇ ਪੀਤੇ। ਗੁਰੂ ਅਰਜਨ ਜੀ ਨੇ ਹੀ ਆਪਣੀ ਕਾਇਆਂ ਪਲਟ ਕੇ ਹਰਿਗੋਬਿੰਦ ਦੀ ਮੂਰਤੀ ਬਣਾਈ ਹੈ।

ਭਾਈ ਸਾਹਿਬ ਨੇ ਇਸ ਤਬਦੀਲੀ ਦੇ ਕਾਰਨਾਂ ਉੱਤੇ ਵੀ ਭਰਪੂਰ ਰੋਸ਼ਨੀ ਪਾਉਂਦਿਆਂ ਹੋਇਆਂ ਸਪੱਸ਼ਟ ਕੀਤਾ ਕਿ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਉਠਾਇਆ ਹੋਇਆ ਅਜਿਹਾ ਕਦਮ ਸਮੇਂ ਦੀ ਲੋੜ ਹੀ ਨਹੀਂ, ਸਗੋਂ ਸਿੱਖੀ ਜੀਵਨ-ਜੁਗਤਿ ਦਾ ਅਟੁੱਟ ਅੰਗ ਵੀ ਹੈ। ਗੁਰੂ ਅਰਜਨ ਸਾਹਿਬ ਦੀ ਆਗਿਆ ਅਨੁਸਾਰ ਹੀ ਗੁਰੂ ਹਰਿਗੋਬਿੰਦ ਜੀ ਨੇ ਇਹ ਕਦਮ ਉਠਾਇਆ ਹੈ। ਹਜ਼ੂਰ ਵੱਲੋਂ ਉਠਾਇਆ ਇਹ ਕਦਮ ਧਰਮ ਦੀ ਖੇਤੀ ਨੂੰ ਬਚਾਉਣ ਲਈ ਵਾੜ ਦੀ ਨਿਆਈਂ ਹੈ:

ਖੇਤੀ ਵਾੜਿ ਸੁ ਢਿੰਗਰੀ ਕਿਕਰ ਆਸ ਪਾਸ ਜਿਉ ਬਾਗੈ।
ਸਪ ਪਲੇਟੇ ਚੰਨਣੈ ਬੂਹੇ ਜੰਦ੍ਰਾ ਕੁੱਤਾ ਜਾਗੈ। *(ਵਾਰ 26, ਪਉੜੀ 25)*

ਅਰਥ: ਖੇਤੀ ਦੇ ਉਦਾਲੇ ਢਿੰਗਰਾਂ ਦੀ ਵਾੜ ਤੇ ਬਾਗ਼ ਦੇ ਆਸ-ਪਾਸ ਜਿਵੇਂ ਕਿੱਕਰ ਹੁੰਦੇ ਹਨ। ਚੰਦਨ ਦੁਆਲੇ ਸੱਪ ਲਪੇਟੇ, ਖਜ਼ਾਨੇ ਦੇ ਬੂਹੇ ਦੁਆਲੇ ਜੰਦ੍ਰੇ ਤੇ ਕੁੱਤੇ ਜਾਗਦੇ ਹਨ।

ਭਾਈ ਗੁਰਦਾਸ ਜੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਗੁਰੂ ਸਾਹਿਬਾਨ ਦੀ ਗੱਦੀ-ਨਸ਼ੀਨੀ ਦੁਨਿਆਵੀ ਪਾਤਸ਼ਾਹਾਂ ਵਰਗੀ ਨਹੀਂ ਹੈ। ਗੁਰੂ-ਘਰ ਵਿਖੇ ਤਾਂ ਜੋ ਜੀਵਨ-ਜੁਗਤਿ ਗੁਰੂ ਨਾਨਕ ਸਾਹਿਬ ਨੇ ਦ੍ਰਿੜ੍ਹ ਕਰਵਾਈ ਹੈ, ਉਸੇ ਨੂੰ ਹੀ ਮਗਰਲੇ ਗੁਰੂ ਸਾਹਿਬਾਨ ਨੇ ਪ੍ਰਚਾਰਿਆ ਹੈ:

ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ।
ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ।
ਕੁਤਬਾ ਜਾਇ ਪੜਾਇਦਾ ਕਾਜੀ ਮੁੱਲਾਂ ਕਰੈ ਉਗਾਹੀ।
ਟਕਸਾਲੈ ਸਿਕਾ ਪਵੈ ਹੁਕਮੈ ਵਿਚਿ ਸਪੇਦੀ ਸਿਆਹੀ।

ਮਾਲੁ ਮੁਲਕੁ ਅਪਣਾਇਦਾ ਤਖਤ ਚੜਿ ਬੇਪਰਵਾਹੀ।
ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ।
ਇਕ ਦੋਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ।
ਗੁਰਮਖਿ ਸੁਖ ਫਲੁ ਦਾਦਿ ਇਲਾਹੀ॥੩੧॥੨੬॥

ਅਰਥ : ਦੁਨੀਆਂ ਦਾ ਪਾਤਸ਼ਾਹ ਆਪਣੇ ਪੁੱਤਰ ਨੂੰ ਪਾਤਸ਼ਾਹੀ ਦੇ ਕੇ ਮਰ ਜਾਂਦਾ ਹੈ। ਪੁੱਤਰ ਆਪਣੀ ਦੁਹਾਈ ਫੇਰਦਾ ਹੈ, ਸਾਰੇ ਸਿਪਾਹੀਆਂ ਨੂੰ ਆਪਣੇ ਹੁਕਮ ਦੇ ਤਾਬੇ ਕਰਦਾ ਹੈ। ਮਸੀਤ ਵਿਚ ਜਾ ਕੇ ਖ਼ੁਤਬਾ ਪੜ੍ਹਾਉਂਦਾ ਹੈ, ਕਾਜ਼ੀ ਮੁੱਲਾਂ ਸਾਰੇ ਉਸ ਉਪਰ ਉਗਾਹੀ ਭਰਦੇ ਹਨ। ਟਕਸਾਲ ਵਿਚ ਉਸ ਦਾ ਸਿੱਕਾ ਚੱਲਦਾ ਹੈ, ਭਲਾ ਬੁਰਾ ਕੰਮ ਉਸੇ ਦੇ ਹੁਕਮ ਵਿਚ ਹੁੰਦਾ ਹੈ। ਮਾਲ ਮੁਲਕ ਸਾਰਾ ਆਪਣੇ ਵੱਸ ਵਿਚ ਕਰਦਾ ਹੈ, ਭਾਗਾਂ ਦੇ ਤਖ਼ਤ ਪੁਰ ਚੜ੍ਹ ਕੇ ਬੇ-ਪ੍ਰਵਾਹੀ ਕਰਦਾ ਹੈ। ਪ੍ਰੰਤੂ ਬਾਬਾਣੇ (ਗੁਰੂ ਨਾਨਕ ਸਾਹਿਬ) ਦੇ ਘਰ ਦੀ ਇਹ ਰੀਤਿ ਨਹੀਂ ਹੈ, ਇੱਥੇ ਰੀਤ ਇਹ ਹੈ ਕਿ ਗੁਰਮੁਖ ਹੋ ਕੇ 'ਗਾਡੀ ਰਾਹ' ਨਿਬਾਹੇ, ਭਾਵ ਜੋ ਰਸਤਾ ਪਿਛਲੇ ਗੁਰੂ ਦਾ ਹੈ, ਸੋਈ ਚੱਲੇ, ਵਾਹਿਗੁਰੂ ਦਾ ਗਿਆਨ ਉਕਰੇ ਨਿਰੋਲ ਦਿੱਤਾ ਜਾਵੇ। ਯਥਾ ਇੱਕੋ ਅਕਾਲ ਪੁਰਖ ਦੇ ਨਾਮ ਦੀ ਦੋਹੀ, ਇੱਕੋ ਟਕਸਾਲ (ਸਾਧ-ਸੰਗਤ), ਕੁਤਬਾ (ਗੁਰੂ ਬਾਣੀ ਦੇ ਗ੍ਰੰਥ ਜਾਂ ਬਾਣੀ ਦੇ ਹੇਠਾਂ) ਇੱਕੋ ਨਾਮ ਨਾਨਕ, ਇੱਕੋ ਤਖ਼ਤ (ਗੁਰਿਆਈ ਦੀ ਗੱਦੀ) ਸੱਚੀ ਦਰਗਾਹ (ਅਰਥਾਤ ਸੱਚੀ ਨਿਆਇ ਸਭਾ ਹੈ, ਹੋਰ ਝੂਠੀਆਂ ਪਾਤਸ਼ਾਹੀਆਂ ਵਿਖੇ ਨਾਨਾ ਝਗੜੇ ਅਤੇ ਸੰਸੇ ਰਹਿੰਦੇ ਹਨ, ਸਾਧ ਸੰਗਤ ਦੀ ਪਾਤਸ਼ਾਹੀ ਸਦਾ ਅਟੱਲ, ਸੁਲੱਭ ਸਾਰੇ ਦੇਸ਼ਾਂ ਅਤੇ ਸਾਰੇ ਦਿਨਾਂ ਵਿਖੇ ਇਕ-ਰਸ ਰਹਿਣ ਹਾਰੀ ਹੈ। ਇਲਾਹੀ ਦਾਤ (ਦੈਵੀ ਨਿਆਉਂ ਇਹ ਹੈ ਕਿ) ਗੁਰਮੁਖਾਂ ਨੂੰ ਇਸ ਦਰਗਾਹੋਂ ਸੁਖ ਫਲ ਮਿਲਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਉਠਾਏ ਹੋਏ ਕਦਮ ਨੂੰ ਦੇਖ ਕੇ ਕੁਝ ਧਿਰਾਂ ਨੇ ਸਿੱਖ ਸੰਗਤਾਂ ਨੂੰ ਗੁਮਰਾਹ ਕਰਨ ਦਾ ਯਤਨ ਕੀਤਾ ਸੀ। ਭਾਈ ਨੰਦ ਲਾਲ ਜੀ ਗੋਯਾ ਜੀ ਦੀ 'ਜੋਤਿ ਬਿਗਾਸ' ਕਾਵਿ-ਰਚਨਾ ਸ਼ਾਇਦ ਅਜਿਹਾ ਭਰਮ ਭੁਲੇਖਾ ਪਾਉਣ ਵਾਲਿਆਂ ਦੇ ਉੱਤਰ ਵਿਚ ਹੀ ਸੀ :

ਹਮੋ ਨਾਨਕ ਅਸਤ ਹਮੋ ਅੰਗਦ ਅਸਤ।
ਹਮੋ ਅਮਰਦਾਸ ਅਫ਼ਜ਼ਲੋ ਅਜਮਦ ਅਸਤ।

ਅਰਥ : ਉਹ ਹੀ ਨਾਨਕ ਦੇਵ ਜੀ ਹਨ, ਉਹ ਹੀ ਅੰਗਦ ਦੇਵ ਜੀ ਹਨ, ਉਹ ਹੀ ਅਮਰਦਾਸ ਜੀ ਵੱਡੇ ਬਜ਼ੁਰਗ ਹਨ।

ਹਮੋ ਰਾਮਦਾਸ ਹਮੋ ਅਰਜਨ ਅਸਤ।
ਹਮੋ ਹਰਿਗੋਬਿੰਦ ਅਕ੍ਰਮੋ ਅਹਸਨ ਅਸਤ।

ਅਰਥ : ਉਹ ਹੀ ਗੁਰੂ ਰਾਮਦਾਸ ਜੀ ਹਨ ਅਤੇ ਉਹ ਹੀ ਗੁਰੂ ਅਰਜਨ ਦੇਵ ਜੀ ਹਨ। ਉਹ ਹੀ ਗੁਰੂ ਹਰਿਗੋਬਿੰਦ ਸਾਹਿਬ ਬਖ਼ਸ਼ਿੰਦ ਅਤੇ ਨੇਕ ਹਨ।

ਹਮੂ ਅਸਤ ਹਰਿਰਾਇ ਕਰਤਾ ਗੁਰੂ।
ਬਦੋ ਆਸ਼ਕਾਰਾ ਹਮਹ ਪੁਸ਼ਤ ਰੂ।

ਅਰਥ : ਉਹ ਹੀ ਗੁਰੂ ਹਰਿਰਾਇ ਸਾਹਿਬ ਕਰਤਾਰ ਰੂਪ ਹਨ, ਉਹ ਜ਼ਾਹਰ-ਜ਼ਹੂਰ ਹਨ ਅਤੇ ਆਤਮਾ ਦੇ ਸਹਾਰੇ ਹਨ।

ਹਮੂ ਹਰਿਕ੍ਰਿਸ਼ਨ ਆਮਦਹ ਸਰ ਬੁਲੰਦ।
ਅਜ਼ੋ ਹਾਸਿਲ ਉੱਮੀਦਿ ਹਰ ਮੁਸਤ ਮੰਦ।

ਅਰਥ : ਉਹ ਹੀ ਉੱਚੇ ਦਰਜੇ ਵਾਲੇ ਸ੍ਰੀ ਹਰਿਕ੍ਰਿਸ਼ਨ ਜੀ ਆਏ। ਉਨ੍ਹਾਂ ਤੋਂ ਹਰ ਇਕ ਦੁਖੀਏ ਦੀ ਆਸ਼ਾ ਪੂਰੀ ਹੁੰਦੀ ਹੈ।

ਹਮੂ ਅਸਤ ਤੇਗ਼ੋ ਬਹਾਦਰ ਗੁਰੂ।
ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿ ਊ।

ਅਰਥ : ਉਹ ਹੀ ਗੁਰੂ ਤੇਗ਼ ਬਹਾਦਰ ਸਾਹਿਬ ਹਨ ਜਾਂ ਗੁਰੂ ਗੋਬਿੰਦ ਸਿੰਘ ਜੀ ਉਨ੍ਹਾਂ ਦੀ ਜੋਤਿ ਤੋਂ ਹੀ ਪ੍ਰਗਟ ਹੋਏ ਹਨ।

ਹਮੂ ਗੁਰ ਗੋਬਿੰਦ ਸਿੰਘ ਹਮੂ ਨਾਨਕ ਅਸਤ।
ਹਮੂ ਰਤਨ ਜੌਹਰ ਹਮੂ ਮਾਣਕ ਅਸਤ।

ਅਰਥ : ਗੁਰੂ ਗੋਬਿੰਦ ਸਿੰਘ ਜੀ ਵੀ ਉਹੀ ਹਨ ਅਤੇ ਗੁਰੂ ਨਾਨਕ ਸਾਹਿਬ ਵੀ ਉਹੀ, ਉਹ ਹੀ ਰਤਨ ਮੋਤੀ ਤੇ ਉਹ ਹੀ ਮਾਣਕ ਹਨ।

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਮੌਜੂਦਗੀ ਵਿਚ ਅਜਿਹੀਆਂ ਤਾਕਤਾਂ ਨੂੰ ਕਾਮਯਾਬੀ ਹਾਸਲ ਨਾ ਹੋ ਸਕੀ। ਸਿੱਖ ਸੰਗਤਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਹੀ ਸਵੀਕਾਰ ਕੀਤਾ। ਗੁਰੂ-ਘਰ ਦੇ ਵਿਰੋਧੀਆਂ ਵੱਲੋਂ ਫੈਲਾਈਆਂ ਜਾ ਰਹੀਆਂ ਇਹੋ ਜਿਹੀਆਂ ਅਫ਼ਵਾਹਾਂ ਦਾ ਸਿੱਖ ਸੰਗਤਾਂ ਦੇ ਮਨਾਂ ਵਿਚ ਰੰਚ-ਮਾਤਰ ਵੀ ਅਸਰ ਨਾ ਹੋਇਆ।

ਪ੍ਰੰਤੂ ਦਸਮੇਸ਼ ਪਾਤਸ਼ਾਹ ਜੀ ਦੇ ਜੋਤੀ-ਜੋਤਿ ਸਮਾਉਣ ਮਗਰੋਂ ਹਜ਼ੂਰ ਵੱਲੋਂ ਉਠਾਏ ਹੋਏ ਕਦਮ ਖ਼ਾਸ ਤੌਰ 'ਤੇ ਖ਼ਾਲਸਾ ਪੰਥ ਨੂੰ ਪ੍ਰਗਟ ਕਰਨ ਦੀ ਘਟਨਾ ਨੂੰ, ਕੁਝ ਵਿਦਵਾਨਾਂ ਵੱਲੋਂ ਇਸ ਤਰ੍ਹਾਂ ਨਾਲ ਪ੍ਰਚਾਰਿਆ ਗਿਆ ਹੈ, ਜਿਸ ਤੋਂ ਇੰਜ ਪ੍ਰਤੀਤ ਹੋਣ ਲੱਗ ਪਿਆ ਹੈ ਕਿ ਜਿਵੇਂ ਇਹ ਸੰਕਲਪ ਬਿਲਕੁਲ ਹੀ ਨਵਾਂ ਹੋਵੇ। ਇਸ ਤਰ੍ਹਾਂ ਦੇ ਭੁਲੇਖੇ ਦੇ ਸ਼ਿਕਾਰ, ਉਹ ਲਿਖਾਰੀ ਵੀ ਹੋਏ ਹਨ, ਜਿਨ੍ਹਾਂ ਨੇ ਇੱਕੋ ਜੋਤਿ ਅਤੇ ਜੁਗਤਿ ਦੀ ਸਚਾਈ ਨੂੰ ਵੀ ਸਵੀਕਾਰ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸੇ ਦੀ ਸਿਰਜਣਾ ਨੂੰ ਇਕ ਨਿਵੇਕਲੇ ਪੰਥ ਦੇ ਰੂਪ ਵਿਚ ਦੇਖਣ ਦਾ ਕਾਰਨ, ਨਿਰਸੰਦੇਹ ਗੁਰੂ-ਘਰ ਦੇ ਵਿਰੋਧੀਆਂ ਵੱਲੋਂ ਹੀ ਪ੍ਰਾਰੰਭ ਹੋਇਆ ਸੀ।

ਸਮੇਂ ਦੇ ਗੇੜ ਨਾਲ ਖ਼ਾਲਸਾ ਪੰਥ ਬਾਰੇ ਇਸ ਤਰ੍ਹਾਂ ਦੀ ਧਾਰਨਾ ਰੱਖਣ ਵਾਲਿਆਂ ਦੀ ਪਛਾਣ ਕਰਨੀ ਕਠਿਨ ਹੋ ਗਈ। ਚੂੰਕਿ ਇਹ ਭੁਲੇਖਾ ਇਕ ਐਸੀ ਲਿਖਤ (ਬਚਿੱਤ੍ਰ ਨਾਟਕ) ਤੋਂ ਪਿਆ, ਜਿਸ ਲਿਖਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਆਤਮ-ਕਥਾ ਦੇ ਰੂਪ ਵਿਚ ਸਵੀਕਾਰ ਕਰ ਲਿਆ ਗਿਆ ਹੈ। ਜਦ ਇਹ ਮੰਨ ਲਿਆ ਗਿਆ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਮੁਖ਼ਾਰਬਿੰਦ ਵਿੱਚੋਂ ਨਿਕਲੇ ਹੋਏ ਬੋਲ ਹਨ, ਤਾਂ ਫਿਰ ਕਿਸੇ ਸਿੱਖ ਨੂੰ ਇਹ ਮੰਨਣ ਵਿਚ ਕਾਹਦੀ ਹਿਚਕਚਾਹਟ ਹੋ ਸਕਦੀ ਸੀ

ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਗੁਰੂ ਸਾਹਿਬਾਨ ਨਾਲੋਂ ਵੱਖਰੀ ਹੀ ਜੀਵਨ-ਜੁਗਤਿ ਦਾ ਪ੍ਰਗਟਾਵਾ ਕੀਤਾ ਹੈ।

'ਬਚਿੱਤ੍ਰ ਨਾਟਕ' ਦੀ ਜਿਹੜੀ ਲਿਖਤ ਇਸ ਭੁਲੇਖੇ ਦਾ ਮੁੱਖ ਕਾਰਨ ਬਣੀ ਹੈ, ਉਹ ਇਸ ਤਰ੍ਹਾਂ ਹੈ:

ਮੈ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ॥
ਜਾਹਿ ਤਹਾਂ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥੨੯॥
ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰਿ ਨਿਆਇ॥
ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ॥੩੦॥

(ਅਧਿਆਇ ੬)

ਪਰ 'ਬਚਿਤ੍ਰ ਨਾਟਕ' ਦੇ ਪੰਜਵੇਂ ਅਧਿਆਇ ਵਿਚ ਲੇਖਕ ਇਸ ਗੱਲ ਦਾ ਪਹਿਲਾਂ ਵਰਣਨ ਕਰ ਚੁੱਕਾ ਹੈ ਕਿ:

ਤਿਨ ਇਹ ਕਲ ਮੋ ਧਰਮੁ ਚਲਾਯੋ॥ ਸਭ ਸਾਧਨ ਕੋ ਰਾਹੁ ਬਤਾਯੋ॥
ਜੋ ਤਾਂ ਕੇ ਮਾਰਗ ਮਹਿ ਆਏ॥ ਤੇ ਕਬਹੂੰ ਨਹੀ ਪਾਪ ਸੰਤਾਏ॥੫॥

(ਅਧਿਆਇ ੫)

ਨਿਰਸੰਦੇਹ 'ਬਚਿੱਤ੍ਰ ਨਾਟਕ' ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਸਵੀਕਾਰ ਕਰਨ ਨਾਲ ਹੀ ਇਸ ਭੁਲੇਖੇ ਦਾ ਮੁੱਢ ਬੱਝਾ ਹੈ। ਚੂੰਕਿ ਇਸ ਵਿਚ ਇਹ ਸਪੱਸ਼ਟ ਰੂਪ ਵਿਚ ਦਰਸਾਇਆ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਪੰਥ ਸਾਜਨ ਦਾ ਹੁਕਮ ਅਕਾਲ ਪੁਰਖ ਨੇ ਆਪ ਕੀਤਾ ਸੀ। ਇਸ ਲਿਖਤ ਨੂੰ ਦਸਮੇਸ਼ ਪਾਤਸ਼ਾਹ ਦੀ ਆਤਮ-ਕਥਾ ਮੰਨਣ ਵਾਲਿਆਂ ਨੂੰ ਇਹ ਧਿਆਨ ਹੀ ਨਾ ਰਿਹਾ ਕਿ ਇਹ ਲਿਖਤ ਗੁਰੂ ਨਾਨਕ ਪਾਤਸ਼ਾਹ ਦੇ ਨਿਰਮਲ ਪੰਥ ਨਾਲੋਂ ਖ਼ਾਲਸਾ ਪੰਥ ਨੂੰ ਵੱਖਰਾ ਦਰਸਾਉਣ ਦੀ ਸਾਜ਼ਸ਼ ਰਚਣ ਵਾਲੇ ਕਿਸੇ ਲੇਖਕ ਦੀ ਲਿਖਤ ਹੈ। ਇਸ ਰਚਨਾ ਨੂੰ ਦਸਮੇਸ਼ ਪਾਤਸ਼ਾਹ ਦੀ ਰਚਨਾ ਮੰਨਣ ਵਾਲਿਆਂ ਨੂੰ ਗੁਰੂ ਗ੍ਰੰਥ ਸਾਹਿਬ ਦਾ 'ਇਕ ਜੋਤ ਤੇ ਜੁਗਤਿ' ਦਰਸਾਉਣ ਵਾਲਾ ਫ਼ੁਰਮਾਨ ਅਤੇ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਗੋਯਾ ਦੀਆਂ ਉਪਰੋਕਤ ਲਿਖਤਾਂ ਵੱਲੋਂ ਮੂੰਹ ਮੋੜਨ ਵਿਚ ਕਿਸੇ ਤਰ੍ਹਾਂ ਦੀ ਕੋਈ ਕਠਿਨਾਈ ਮਹਿਸੂਸ ਨਹੀਂ ਹੋਈ।

'ਬਚਿੱਤ੍ਰ ਨਾਟਕ' ਦੀ ਉਪਰੋਕਤ ਲਿਖਤ ਨਾਲ ਕੇਵਲ ਇਹ ਭੁਲੇਖਾ ਹੀ ਨਹੀਂ ਪਿਆ ਕਿ ਖ਼ਾਲਸਾ ਪੰਥ ਗੁਰੂ ਨਾਨਕ ਸਾਹਿਬ ਦੇ ਚਲਾਏ ਹੋਏ ਨਿਰਮਲ ਪੰਥ ਨਾਲੋਂ ਵੱਖਰਾ ਹੈ, ਸਗੋਂ ਇਸ ਦੀਆਂ ਇਨ੍ਹਾਂ ਤੁਕਾਂ:

ਤਹ ਹਮ ਅਧਿਕ ਤਪੱਸਿਆ ਸਾਧੀ॥ ਮਹਾਕਾਲ ਕਾਲਿਕਾ ਅਰਾਧੀ॥

ਨੇ ਗੁਰੂ ਸਾਹਿਬ ਨੂੰ ਦੇਵੀ ਭਗਤ ਵੀ ਪ੍ਰਮਾਣਿਤ ਕਰ ਦਿੱਤਾ ਹੈ। ਇਨ੍ਹਾਂ ਤੁਕਾਂ ਨੂੰ ਹੀ ਆਧਾਰ ਬਣਾ ਕੇ, ਸਾਡੇ ਕੁਝ ਲੇਖਕਾਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਵੀ ਦਾ ਪੁਜਾਰੀ ਸਿੱਧ ਕਰਨ ਦੀ ਕੁਚੇਸ਼ਟਾ ਕੀਤੀ ਹੈ। ਗੁਰਦੇਵ ਨੂੰ ਦੁਰਗਾ ਦਾ ਪੁਜਾਰੀ ਹੀ ਨਹੀਂ, ਸਗੋਂ ਦੁਰਗਾ ਦੇ ਵਰ ਨਾਲ ਪੰਥ ਪ੍ਰਗਟਾਉਣ ਦੀ ਗੱਪ ਮਾਰਨ ਲਈ ਲੰਬਾ

ਚੌੜਾ ਪ੍ਰਸੰਗ ਵੀ ਲਿਖ ਮਾਰਿਆ ਹੈ। ਅਸੀਂ ਇੱਥੇ ਉਦਾਹਰਣ ਵਜੋਂ *ਸ੍ਰੀ ਗੁਰੂ ਪੰਥ ਪ੍ਰਕਾਸ਼* ਦੇ ਕਰਤੇ ਦੀ ਲਿਖਤ ਦਾ ਨਿਮਨ-ਲਿਖਤ ਹਿੱਸਾ ਹੀ ਲਿਖ ਰਹੇ ਹਾਂ:

ਅਬਿ ਹੁਐ ਪ੍ਰਸੰਨ ਨਿਜ ਦਾਸ ਪਰ ਕਰਿ ਕਿਰਪਾ ਅਸ ਦੇਹੁ ਬਰ।
ਇਕ ਰਚੋਂ ਪੰਥ ਤੁਰਕੈਂ ਹਨੋ ਧਰਮ ਵਿਥਾਰੋਂ ਸਕਲ ਧਰ।..
ਗੁਰ ਕਾ ਸਿਦਕ ਉਪਾਇ ਪਿਖਿ ਸੁਨਿ ਉਸਤਤਿ ਤਬਿ ਮਾਤ।
ਕਹਯੋ ਪੰਥ ਤੁਵ ਚਲੈਗੋ ਬੀਰ ਬਲੀ ਬਖਯਾਤ। *(ਗਿਆਨੀ ਗਿਆਨ ਸਿੰਘ)*

ਸ੍ਰੀ ਗੁਰੂ ਪੰਥ ਪ੍ਰਕਾਸ਼ ਦੇ ਕਰਤੇ ਦੀ ਨਿਮਨ-ਲਿਖਤ ਪੜ੍ਹ ਕੇ ਕਿਸੇ ਤਰ੍ਹਾਂ ਦਾ ਭਰਮ-ਭੁਲੇਖਾ ਨਹੀਂ ਰਹਿੰਦਾ ਕਿ ਦਸਮ ਗ੍ਰੰਥ ਦੀਆਂ ਇਹ ਲਿਖਤਾਂ ਇਹੋ ਜਿਹੀਆਂ ਕਹਾਣੀਆਂ ਦਾ ਕਿਸ ਹੱਦ ਤੀਕ ਆਧਾਰ ਬਣੀਆਂ ਹਨ:

ਛੱਕੇ ਆਦਿਕ ਉਸਤਤੀ ਬਰਨੀ ਤਬਿ ਗੁਰੁ ਜੋਇ।
ਲਿਖੀ ਦਸਮ-ਗੁਰੁ ਗ੍ਰੰਥ ਮੈਂ ਜਾਨਤ ਗੁਰ ਸਿਖ ਸੋਇ।

ਸੋ, ਗੱਲ ਕੀ ਖ਼ਾਲਸੇ ਦੀ ਸਿਰਜਣਾ ਦਾ ਸੰਕਲਪ ਅਤੇ ਇਸ ਦੀ ਜੀਵਨ-ਸ਼ੈਲੀ ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਨਾਲੋਂ ਭਿੰਨ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖੰਡੇ ਦੀ ਪਾਹੁਲ ਦੀ ਬਖ਼ਸ਼ਸ਼ ਕਰ ਕੇ ਦ੍ਰਿੜ੍ਹ ਕਰਵਾਈ ਪੰਜ ਕਕਾਰਾਂ ਦੀ ਰਹਿਤ, ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦੇ ਪੈਰੋਕਾਰਾਂ ਦੀ ਜੀਵਨ-ਜੁਗਤਿ ਦਾ ਹੀ ਲਖਾਇਕ ਹੈ, ਨਾ ਕਿ ਕਿਸੇ ਵੱਖਰੇ ਫ਼ਿਰਕੇ ਅਥਵਾ ਪੰਥ ਦੀ।

ਖ਼ਾਲਸੇ ਦਾ ਨਿਆਰਾਪਣ

ਖ਼ਾਲਸੇ ਨੂੰ ਨਿਆਰੀ ਜੀਵਨ-ਜੁਗਤਿ ਦੀ ਬਖ਼ਸ਼ਸ਼ ਗੁਰੂ ਨਾਨਕ ਸਾਹਿਬ ਜੀ ਨੇ ਹੀ ਪ੍ਰਦਾਨ ਕੀਤੀ ਹੈ। ਭਾਈ ਗੁਰਦਾਸ ਜੀ ਦਾ ਇਹ ਕਥਨ 'ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ' ਇਸ ਪਹਿਲੂ ਉੱਤੇ ਹੀ ਰੌਸ਼ਨੀ ਪਾਉਂਦਾ ਹੈ। ਗੁਰੂ ਨਾਨਕ ਸਾਹਿਬ ਜੀ ਵੱਲੋਂ ਦਰਸਾਈ ਜੀਵਨ-ਜਾਚ ਨੂੰ ਜਿਨ੍ਹਾਂ ਨੇ ਅਪਣਾਇਆ, ਉਹ ਹੀ 'ਸਿੱਖ' ਅਖਵਾਏ। ਇਸ ਨਿਆਰੇਪਣ ਦਾ ਰੂਪ ਦਿਨ-ਪ੍ਰਤਿ-ਦਿਨ ਨਿਖਰਦਾ ਗਿਆ। ਇਸ ਜੀਵਨ-ਜੁਗਤਿ ਦਾ ਆਧਾਰ, ਗੁਰਬਾਣੀ ਵਿਚਲੀ ਵਿਚਾਰਧਾਰਾ ਹੈ। ਗੁਰਬਾਣੀ ਵਿਚਲੀ ਜੀਵਨ-ਜੁਗਤਿ ਦੇ ਧਾਰਨੀ ਪ੍ਰਲੋਕ ਸੰਵਾਰਨ ਦੀ ਥਾਂ ਇਸ ਲੋਕ ਨੂੰ ਹੀ ਸੰਵਾਰਨ ਲਈ ਯਤਨਸ਼ੀਲ ਹੋ ਗਏ। ਮਰਨ ਮਗਰੋਂ ਮੁਕਤੀ ਦੀ ਪ੍ਰਾਪਤੀ ਦਾ ਖ਼ਿਆਲ ਤਿਆਗ ਕੇ ਜੀਵਨ-ਮੁਕਤ ਹੋਣ ਲਈ ਆਪਣੇ ਮਨ ਦੀ ਸੁੰਦਰ ਘਾੜਤ ਘੜਨ ਲਈ ਤਤਪਰ ਹੋ ਗਏ। ਅਕਾਲ ਪੁਰਖ ਨੂੰ ਮਿਲਣ ਦੀ ਬਜਾਏ, ਗੁਰ-ਉਪਦੇਸ਼ ਦੁਆਰਾ ਪ੍ਰਭੂ ਨੂੰ ਆਪਣੇ-ਆਪੇ ਵਿਚ ਪ੍ਰਤੱਖ ਕਰਨ ਲਈ ਉਤਸੁਕ ਹੋ ਗਏ। ਕਿਸੇ ਆਕਾਸ਼ੀ ਸੁਰਗ ਦੀ ਲਾਲਸਾ ਤੋਂ ਉਪਰ ਉੱਠ ਕੇ, ਇਸ ਧਰਤੀ ਨੂੰ ਹੀ ਸੁਰਗ ਬਣਾਉਣ ਲਈ ਹੰਭਲਾ ਮਾਰਨ ਲੱਗ ਪਏ।

ਗੁਰੂ ਸਾਹਿਬਾਨ ਨੇ ਇਸ ਜੀਵਨ-ਜੁਗਤਿ ਨੂੰ ਅਪਨਾਉਣ ਵਾਲਿਆਂ ਨੂੰ ਸ਼ੁਰੂ ਵਿਚ ਹੀ ਇਹ ਸਪੱਸ਼ਟ ਕਰ ਦਿੱਤਾ ਸੀ ਕਿ ਗੁਰਮਤਿ ਦਾ ਮਾਰਗ ਫੁੱਲਾਂ ਦੀ ਸੇਜ ਨਹੀਂ ਹੈ, ਇਹ ਤਾਂ ਕੰਡਿਆਲਾ ਮਾਰਗ ਹੈ। ਇਸ ਉੱਤੇ ਚੱਲਣ ਲਈ ਆਪਣਾ-ਆਪ ਮਾਰਨਾ ਪੈਂਦਾ ਹੈ। ਹਜ਼ੂਰ ਦਾ ਇਹ ਫ਼ੁਰਮਾਨ ਇਸ ਸੁਚੇਤਤਾ ਵੱਲ ਹੀ ਇਸ਼ਾਰਾ ਕਰਦਾ ਹੈ:

> **ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥**
> **ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥**
>
> *(ਸਲੋਕ ਵਾਰਾਂ ਤੇ ਵਧੀਕ ਮ: ੧, ਪੰਨਾ 1412)*

ਅਰਥ: ਹੇ ਭਾਈ! ਜੇ ਤੈਨੂੰ (ਪ੍ਰਭੂ-ਪ੍ਰੇਮ ਦੀ) ਖੇਡ ਖੇਡਣ ਦਾ ਸ਼ੌਕ ਹੈ, ਤਾਂ (ਆਪਣਾ) ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿਚ ਆ (ਲੋਕ-ਲਾਜ ਛੱਡ ਕੇ ਹਉਮੈ ਦੂਰ ਕਰ ਕੇ ਆ)। (ਪ੍ਰਭੂ-ਪ੍ਰੀਤ ਦੇ) ਇਸ ਰਸਤੇ ਉੱਤੇ (ਤਦੋਂ ਹੀ) ਪੈਰ ਧਰਿਆ ਜਾ ਸਕਦਾ ਹੈ (ਜਦੋਂ) ਸਿਰ ਭੇਟਾ ਕੀਤਾ ਜਾਏ, ਪਰ ਕੋਈ ਝਿਜਕ ਨਾ ਕੀਤੀ ਜਾਏ (ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ-ਲਾਜ ਅਤੇ ਹਉਮੈ ਛੱਡੀ ਜਾਏ)।

ਇਸ ਮਾਰਗ ਉੱਤੇ ਚੱਲਣ ਵਾਲਿਆਂ ਨੇ ਗੁਰਬਾਣੀ 'ਚੋਂ ਇਹ ਗੱਲ ਚੰਗੀ ਤਰ੍ਹਾਂ ਸਮਝ ਲਈ ਸੀ ਕਿ ਗੁਰਸਿੱਖੀ ਦੀ ਇਸ ਨਿਆਰੀ ਰਹਿਣੀ ਵਿਚ ਕੇਵਲ ਇਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਸ਼ਕਤੀ ਦੀ ਉਪਾਸ਼ਨਾ ਦੀ ਧਾਰਨਾ ਨਹੀਂ ਹੈ। ਅਕਾਲ ਪੁਰਖ ਨੂੰ ਧਿਆਉਣ ਦਾ ਮਨੋਰਥ ਰੱਬੀ ਗੁਣਾਂ ਨੂੰ ਚੇਤੇ ਕਰ ਕੇ ਇਨ੍ਹਾਂ ਅਨੁਸਾਰ ਆਪਣੇ ਜੀਵਨ ਨੂੰ ਢਾਲਣਾ ਹੈ। ਕਰਤਾਰ ਦੇ ਗੁਣ ਗਾਉਣ ਲਈ ਕਿਰਤ ਨੂੰ ਤਿਆਗਣਾ ਨਹੀਂ ਹੈ ਸਗੋਂ ਕਿਰਤ ਕਰਦਿਆਂ ਹੋਇਆਂ ਜੀਵਨ ਦੇ ਉੱਚੇ ਆਦਰਸ਼ ਨੂੰ ਸਮਝ ਕੇ ਇਨ੍ਹਾਂ ਨੂੰ ਅਮਲੀ ਰੂਪ ਵਿਚ ਅਪਨਾਉਣਾ ਹੈ। ਮਨੁੱਖਾ ਜਨਮ ਕਿਸੇ ਪੂਰਬਲੇ ਚੰਗੇ ਜਾਂ ਮੰਦੇ ਕਰਮ ਦੇ ਫਲ ਜਾਂ ਸਜ਼ਾ ਭੋਗਣ ਲਈ ਨਹੀਂ ਬਲਕਿ ਇਹ ਨਿਰੋਲ ਅਕਾਲ ਪੁਰਖ ਦੀ ਮਿਹਰ ਦਾ ਲਖਾਇਕ ਹੈ। ਜੀਵਨ ਦਾ ਉਦੇਸ਼ ਮੌਤ ਮਗਰੋਂ ਕਿਸੇ ਸੁਰਗ ਦੀ ਪ੍ਰਾਪਤੀ ਨਹੀਂ, ਇਸ ਮਾਤ ਲੋਕ ਵਿਚ ਰਹਿੰਦਿਆਂ ਹੀ ਜੀਵਨ-ਮੁਕਤ ਹੋਣਾ ਹੈ। ਜੀਵਨ-ਮੁਕਤ ਹੋਣ ਲਈ ਕਿਸੇ ਕਰਮ-ਕਾਂਡ ਦੀ ਲੋੜ ਨਹੀਂ, ਸਗੋਂ ਕਰਮ-ਕਾਂਡ ਦੀ ਥਾਂ ਗੁਰ-ਸ਼ਬਦ ਅਨੁਸਾਰ ਜ਼ਿੰਦਗੀ ਬਸਰ ਕਰਨਾ ਹੈ।

ਇਸ ਨਿਆਰੇਪਣ ਵਿਚ ਕਿਸੇ ਨੂੰ ਉੱਚਾ ਜਾਂ ਨੀਵਾਂ ਜਨਮ ਤੋਂ ਨਹੀਂ, ਬਲਕਿ ਕਰਮ ਤੋਂ ਸਮਝਿਆ ਜਾਂਦਾ ਹੈ। ਲੜਕੀਆਂ ਨੂੰ ਰੱਬ ਦੀ ਕਰੋਪੀ ਅਤੇ ਸਪੁੱਤਰ ਨੂੰ ਪਰਮਾਤਮਾ ਦੀ ਪ੍ਰਸੰਨਤਾ ਦਾ ਪ੍ਰਤੀਕ ਨਹੀਂ, ਸਗੋਂ ਦੋਹਾਂ ਨੂੰ ਪ੍ਰਭੂ ਦੀ ਦਾਤ ਦੇ ਰੂਪ ਵਿਚ ਹੀ ਸਵੀਕਾਰ ਕੀਤਾ ਗਿਆ ਹੈ, ਆਦਿ।

ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੀ ਜਿਨ੍ਹਾਂ ਗੁਰਸਿੱਖਾਂ ਨੇ ਇਸ ਜੀਵਨ-ਜਾਚ ਨੂੰ ਅਪਣਾਇਆ, ਉਹ ਗੁਰੂ ਵੱਲੋਂ ਬਖ਼ਸ਼ੇ ਤੇਜ ਪ੍ਰਤਾਪ ਦੇ ਭਾਗੀਦਾਰ ਬਣੇ। ਪ੍ਰੰਤੂ ਜਿਹੜੇ ਗੁਰਸਿੱਖੀ ਦੀ ਇਸ ਨਿਆਰੀ ਜੀਵਨ-ਜੁਗਤਿ ਦੇ ਧਾਰਨੀ ਬਣਨੋਂ ਅਸਮਰੱਥ ਰਹੇ, ਉਹ ਗੁਰੂ ਬਖ਼ਸ਼ਸ਼ ਤੋਂ ਵਾਂਝੇ ਹੀ ਰਹੇ। ਗੁਰੂ ਲਿਵ ਦੇ ਤੇਜ ਦੇ ਭਾਗੀਦਾਰ ਬਣ ਕੇ ਗੁਰਮਤਿ ਅਨੁਸਾਰ ਜ਼ਿੰਦਗੀ ਬਸਰ ਕਰਨ ਵਾਲਿਆਂ ਨੂੰ ਦੇਖ ਕੇ, ਕਰਮ-ਕਾਂਡਾਂ ਨੂੰ ਹੀ ਵਿਧੀ ਪੂਰਬਕ ਕਰਨ ਨੂੰ ਧਰਮ ਸਮਝਣ ਵਾਲਿਆਂ ਨੇ, ਗੁਰੂ ਸਾਹਿਬਾਨ ਦਾ ਸਮੇਂ ਸਮੇਂ ਵਿਰੋਧ ਕੀਤਾ। ਗੁਰੂ ਅਮਰਦਾਸ ਜੀ ਦੇ ਵਿਰੁੱਧ, ਅਕਬਰ ਬਾਦਸ਼ਾਹ ਦੇ ਪਾਸ ਜਾਤਿ-ਅਭਿਮਾਨੀਆਂ ਨੇ ਜੋ ਸ਼ਿਕਾਇਤ ਕੀਤੀ ਸੀ, ਉਹ ਗੁਰਸਿੱਖੀ ਦੀ ਨਿਆਰੀ ਰਹਿਣੀ ਸੰਬੰਧੀ ਹੀ ਸੀ। ਗੁਰਮਤਿ ਦੀ ਨਿਰਾਲੀ ਜੀਵਨ-ਜੁਗਤਿ, ਜਿਸ ਨੂੰ ਦੇਖ ਕੇ ਕਰਮ-ਕਾਂਡੀ ਦੁਖੀ ਸਨ, ਉਸ ਦਾ ਸਰੂਪ ਇਹ ਸੀ :

> ਪੰਥ ਨਵੀਨ ਪ੍ਰਕਾਸ਼ਨ ਕਰਯੋ। ਭੇਦ ਬਰਨ ਜਾਤੀ ਪਰਹਰਯੋ ॥੨੮॥
> ਚਤੁਰ ਬਰਨ ਇਕ ਦੇਗ ਅਹਾਰਾ। ਇਕ ਸਮ ਸੇਵਹਿਂ ਧਰ ਉਰ ਪਯਾਰਾ ॥...੨੯॥
> ਜਰਹਿ ਨ ਗੁਰੁ ਕੀ ਸਿਫ਼ਤਿ ਉਦਾਰਾ। ਕਹੈਂ ਸੁ 'ਕਯਾ ਪਰਪੰਚ ਪਸਾਰਾ ?'॥੩੦॥
> ਇਕ ਦਿਨ ਮਿਲਿ ਸਭਿ ਮਸਲਤ ਕਰੀ। ਇਹਤੋ ਰੀਤਿ ਬੁਰੀ ਜਗ ਪਰੀ।
> ਅਬਿ ਦਿਜ ਕੋ ਨਹਿਂ ਮਾਨਹਿ ਕੋਇ। ਖੱਤ੍ਰੀ ਧਰਮ ਨਸ਼ਟ ਸਭ ਹੋਇ ॥੩੧॥
> ਚਤੁਰ ਬਰਨ ਕੋ ਇਕ ਮਤ ਕਰਯੋ। ਭ੍ਰਿਸ਼ਟ ਹੋਇ ਜਗ ਧਰਮ ਪ੍ਰਹਰਯੋ।
> ਇਕ ਥਲ ਭੋਜਨ ਸਭ ਕੋ ਖਈ। ਸ਼ੰਕਰਿ ਬਰਨ ਪ੍ਰਜਾ ਅਬਿ ਭਈ ॥੩੨॥
> ਦੇਵ ਪਿਤਰ ਕੀ ਮਨਤਾ ਛੋਰੀ। ਸਭਿ ਮਿਰਯਾਦ ਜਗਤ ਕੀ ਤੋਰੀ।

ਤੁਮ ਮਿਰਯਾਦਾ ਰਾਖਨ ਹਾਰੇ। ਬਿਗਰਤਿ ਕੋ ਜਗ ਦੇਤਿ ਸੁਧਾਰੇ।
ਗੋਇੰਦਵਾਲ ਅਮਰ ਗੁਰੁ ਹੋਵਾ। ਭੇਦ ਬਰਨ ਚਾਰੋਂ ਕਾ ਖੋਵਾ॥੩੫॥
ਰਾਮ ਗਾਇਤ੍ਰੀ ਮੰਤ੍ਰ ਨ ਜਪੈ। ਵਾਹਿਗੁਰੂ ਕੀ ਥਾਪਨ ਥਪੈ।
ਜੁਗ ਚਾਰਹੁੰ ਮਹਿ ਕਹੀਂ ਨ ਹੋਈ। ਜਿਮਿ ਮਿਰਜਾਦ ਬਿਗਾਰੀ ਸੋਈ॥੩੬॥
ਸ਼੍ਰੁਤਿ ਸਿੰਮ੍ਰਿਤਿ ਕੇ ਰਾਹੁ ਨ ਚਾਲੇ। ਮਨ ਕੋ ਮਤਿ ਕਰਿ ਭਏ ਨਿਰਾਲੇ॥...੩੭॥"

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ 1, ਅ: 43)

[ਨੋਟ: ਸ਼ੰਕਰਵਰਣ/ਵਰਣਸ਼ੰਕਰ ਦਾ ਅਰਥ ਹੈ ਚਾਰ ਵਰਣਾਂ ਦੇ ਇਸਤ੍ਰੀ ਪੁਰਖਾਂ ਦੇ ਪਰਸਪਰ ਮੇਲ ਤੋਂ ਪੈਦਾ ਹੋਈ ਸੰਤਾਨ।]

ਗੁਰੂ ਅਰਜਨ ਸਾਹਿਬ ਦੇ ਸਮੇਂ ਤੱਕ ਗੁਰਸਿੱਖੀ ਜੀਵਨ-ਜਾਚ ਦੇ ਨਿਆਰੇਪਣ ਦਾ ਡੰਕਾ ਉਘੜਵੇਂ ਰੂਪ ਵਿਚ ਚਹੁੰ ਕੁੰਟਾਂ ਵਿਚ ਵੱਜ ਚੁੱਕਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਮੂਲ ਰੂਪ ਵਿਚ ਗੁਰੂ ਨਾਨਕ ਪਾਤਸ਼ਾਹ ਵੱਲੋਂ ਪ੍ਰਦਾਨ ਕੀਤੀ ਨਿਰਾਲੀ ਜੀਵਨ-ਜੁਗਤਿ ਵਿਚ ਕੋਈ ਤਬਦੀਲੀ ਨਹੀਂ ਕੀਤੀ ਸੀ। ਦਸਮੇਸ਼ ਪਾਤਸ਼ਾਹ ਦੇ ਸਮੇਂ ਆਤਮਿਕ ਤਲ 'ਤੇ ਨਿਆਰੇਪਣ ਦੇ ਧਾਰਨੀ, ਨਿਰਮਲ ਪੰਥ ਨੂੰ ਖ਼ਾਲਸਾ ਪੰਥ ਦਾ ਨਾਉਂ ਦੇ ਕੇ ਇਸ ਨੂੰ ਤਨ ਦੇ ਤਲ 'ਤੇ ਵੀ ਜ਼ਾਹਰਾ ਰੂਪ ਬਖ਼ਸ਼ਸ਼ ਕਰ ਦਿੱਤਾ ਸੀ। ਦਸਮੇਸ਼ ਪਾਤਸ਼ਾਹ ਜੀ ਨੇ ਸਵੈ-ਇੱਛਾ ਨਾਲ ਸਿਰ ਤਲੀ 'ਤੇ ਰੱਖ ਕੇ ਵਿਚਰਨ ਵਾਲਿਆਂ ਨੂੰ ਹੀ ਖੰਡੇ ਦੀ ਪਾਹੁਲ ਛਕਾਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦੇ ਧਾਰਨੀਆਂ ਨੂੰ ਹੀ ਜਥੇਬੰਦਕ ਢਾਂਚੇ ਵਿਚ ਢਾਲ ਕੇ ਇਕ ਅਜਿਹਾ ਪਲੇਟਫ਼ਾਰਮ ਮੁਹੱਈਆ ਕਰ ਦਿੱਤਾ, ਜਿਸ ਨੇ ਖ਼ਾਲਸੇ ਦੇ ਦਿਲ-ਦਿਮਾਗ਼ ਵਿਚ ਉੱਠਦਿਆਂ-ਬੈਠਦਿਆਂ ਵੀ ਇਸ ਨਿਆਰੇਪਣ ਦੇ ਜਜ਼ਬੇ ਦਾ ਅਹਿਸਾਸ ਬਣਾਈ ਰੱਖਿਆ।

ਪਰ ਅੱਜ ਜ਼ਿਆਦਾਤਰ ਜਦ ਖ਼ਾਲਸੇ ਦੇ ਨਿਆਰੇਪਣ ਦੀ ਗੱਲ ਕੀਤੀ ਜਾਂਦੀ ਹੈ ਤਾਂ ਸਾਰਾ ਜ਼ੋਰ ਕੇਵਲ ਬਾਹਰਲੀ ਦਿੱਖ ਉੱਤੇ ਹੀ ਲਾਇਆ ਜਾਂਦਾ ਹੈ। ਇਸ ਤਰ੍ਹਾਂ ਦੀ ਧਾਰਨਾ ਰੱਖਣ ਵਾਲੇ ਸੱਜਣਾਂ ਵੱਲੋਂ ਆਮ ਤੌਰ 'ਤੇ ਰਹਿਤਨਾਮਿਆਂ ਦੀਆਂ ਕੁਝ ਕੁ ਲਿਖਤਾਂ ਅਤੇ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚਲੀ ਲਿਖਤ ਨੂੰ ਆਧਾਰ ਬਣਾਇਆ ਜਾਂਦਾ ਹੈ।

ਭਾਈ ਸੰਤੋਖ ਸਿੰਘ ਜੀ ਦੀ ਇਹ ਲਿਖਤ ਇਨ੍ਹਾਂ ਰਹਿਤਨਾਮਿਆਂ 'ਤੇ ਹੀ ਆਧਾਰਤ ਹੈ। ਰਹਿਤਨਾਮਿਆਂ ਦੀਆਂ ਭਿੰਨ ਭਿੰਨ ਲਿਖਤਾਂ ਸਾਂਝਿਆਂ ਕਰਨ ਦੀ ਥਾਂ ਕੇਵਲ ਭਾਈ ਸੰਤੋਖ ਸਿੰਘ ਜੀ ਦੀ ਲਿਖਤ ਨੂੰ ਹੀ ਪਾਠਕਾਂ ਨਾਲ ਸਾਂਝਿਆਂ ਕਰ ਰਹੇ ਹਾਂ। ਭਾਈ ਸਾਹਿਬ ਦੀ ਇਸ ਲਿਖਤ ਅਨੁਸਾਰ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਲੱਖੀ ਸ਼ਾਹ ਪਾਸੋਂ ਇਹ ਸੁਣਿਆ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਉਪਰੰਤ, ਕਿਸੇ ਵੀ ਸਿੱਖ ਨੇ ਐਲਾਨੀਆ ਤੌਰ 'ਤੇ ਇਸ ਗੱਲ ਦਾ ਪ੍ਰਗਟਾਵਾ ਨਹੀਂ ਕੀਤਾ ਕਿ ਉਹ ਗੁਰੂ ਕਾ ਸਿੱਖ ਹੈ, ਤਾਂ ਦਸਮੇਸ਼ ਪਾਤਸ਼ਾਹ ਨੇ ਜਲਾਲ ਵਿਚ ਆ ਕੇ ਕਿਹਾ:

ਸ੍ਰੀ ਗੋਬਿੰਦ ਸਿੰਘ ਸੁਨਿ ਕਰਿ ਐਸੇ। ਗਰਜਤਿ ਬੋਲੇ ਜਲਧਰ ਜੈਸੇ।
ਇਸ ਬਿਧਿ ਕੋ ਅਬਿ ਪੰਥ ਬਨਾਵੌਂ। ਸਕਲ ਜਗਤ ਮਹਿ ਬਹੁ ਬਿਦਤਾਵੌਂ॥੯॥

ਲਾਖਹੁੰ ਜਗ ਕੇ ਨਰ ਇਕ ਥਾਇਂ। ਤਿਨ ਮਹਿਂ ਮਿਲੇ ਏਕ ਸਿਖ ਜਾਇ।
ਸਭਿ ਮਹਿਂ ਪ੍ਰਥਕ ਪਛਾਨਯੋਂ ਪਰੈ। ਰਲੈ ਨਾ ਕਯੋਂਹੂੰ ਕੈਸਿਹੂੰ ਕਰੈ ॥੯॥
ਜਥਾ ਬਕਨ ਮਹਿਂ ਹੰਸ ਨ ਛਪੈ। ਗ੍ਰਿੱਝਨਿ ਬਿਖੈ ਮੋਰ ਜਿਮ ਦਿਪੈ।
ਜਯੋਂ ਖਰ ਗਨ ਮਹਿਂ ਬਲੀ ਤੁਰੰਗ। ਜਥਾ ਮਿਗ੍ਰਨਿ ਮਹਿਂ ਕੇਹਰਿ ਅੰਗ ॥੧੦॥
ਤਿਮ ਨਾਨਾ ਭੇਖਨ ਕੇ ਮਾਂਹਿ। ਮਮ ਸਿਖ ਕੋ ਸਗਲੇ ਪਰਖਾਹਿਂ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ 1, ਅੰਸੂ 7)

ਭਾਈ ਸੰਤੋਖ ਸਿੰਘ ਜੀ ਦੀ ਇਸ ਲਿਖਤ ਨੂੰ ਹੀ ਆਧਾਰ ਬਣਾ ਕੇ ਇਸ ਤਰ੍ਹਾਂ ਦੀ ਧਾਰਨਾ ਰੱਖਣ ਅਤੇ ਪ੍ਰਚਾਰਨ ਵਾਲੇ ਸੱਜਣ ਭਾਈ ਸਾਹਿਬ ਦੀ ਹੀ ਉਸ ਲਿਖਤ ਨੂੰ ਨਜ਼ਰ-ਅੰਦਾਜ਼ ਕਰ ਦੇਂਦੇ ਹਨ, ਜਿਸ ਵਿਚ ਭਾਈ ਸੰਤੋਖ ਸਿੰਘ ਜੀ ਨੇ ਸਤਿਗੁਰੂ ਜੀ ਵੱਲੋਂ ਖ਼ਾਲਸੇ ਨੂੰ ਖ਼ਾਲਸੇ ਦਾ ਆਦਰਸ਼ ਦ੍ਰਿੜ੍ਹ ਕਰਵਾਇਆ ਹੈ। ਨਿਮਨ-ਲਿਖਤ ਵੀ ਭਾਈ ਸੰਤੋਖ ਸਿੰਘ ਜੀ ਦੀ ਹੈ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਖ਼ਾਲਸੇ ਨੂੰ ਸੰਬੋਧਨ ਕਰਦਿਆਂ ਹੋਇਆਂ ਇਹ ਕਹਿੰਦਿਆਂ ਦਰਸਾਇਆ ਹੈ ਕਿ :

...ਇਹੁ ਦ੍ਰਿਸ਼ਟਾਂਤ ਤੁਮਹਿਂ ਦਿਖਰਾਯੋ ॥੧੪॥
ਜਾਤਿ ਪਾਤ ਮਹਿਂ ਰਾਸ਼ਭ ਜੈਸੇ ॥ ਬਸੀ ਕੁਲਾਲ ਲਾਜ ਮਹਿਂ ਤੈਸੇ ॥
ਤਿਸ ਤੇ ਸਤਿਗੁਰ ਲਏ ਨਿਕਾਸ ॥ ਬਖਸ਼ੇ ਸਕਲ ਪਦਾਰਥ ਪਾਸ ॥੧੫॥
ਸ਼੍ਰੀ ਅਸਧੁਜ ਕੋ ਦੇ ਕਰਿ ਬਾਣਾ ॥ ਸਭਿ ਤੇ ਊਚੇ ਕਰੇ ਸੁ ਤਾਣਾ ॥
ਹਲਤਿ ਬਿਖੇ ਸ਼ੁਭ ਭੋਗ ਬਿਸਾਲੇ ॥ ਪਲਤਿ ਬਿਖੈ ਮੈਂ ਕਰੋਂ ਸੰਭਾਲੇ ॥੧੬॥
ਊੱਤਮ ਪਦ ਮੈਂ ਤਬਿ ਪਹੁੰਚਾਊਂ ॥ ਜਮ ਬਸਿ ਪਰਿਬੇ ਤੇ ਛੁਟਕਾਊਂ ॥
ਜਿਮ ਰਾਸ਼ਭ ਧਰਿ ਕੇਹਰਿ ਬਾਨਾ ॥ ਬਿਨ ਡਰ ਕਰਯੋ ਖੇਤ ਗਨ ਖਾਨਾ ॥੧੭॥
ਪੁਨ ਕਲਾਲ ਕੇ ਪ੍ਰਵਿਸ਼ਯੋ ਜਾਈ ॥ ਲਾਦ ਗੂਣ ਕੋ ਲਸ਼ਟ ਲਗਾਈ ॥
ਤਿਸ ਰੁਦਿ ਸਿੰਘ ਜਾਤਿ ਮੈਂ ਪਰੈ ॥ ਤਜਹਿ ਸ਼ਸਤ੍ਰ ਭੈ ਕੋਇ ਨ ਧਰੈ ॥੧੮॥
ਹਲਤ ਕਾਰ ਕੋ ਕਰਤਿ ਗਵਾਵੈ ॥ ਪਲਤਿ ਸਹਾਇਕ ਕੋਇ ਨ ਪਾਵੈ ॥
ਤਜਹਿ ਸ਼ਸਤ੍ਰ ਭੈ ਕਰਹਿ ਨ ਕੋਈ ॥ ਭਯੋ ਗਧੇ ਕੋ ਗਧਹਾ ਸੋਈ ॥੧੯॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ 3, ਅੰਸੂ 22)

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਹੋਰ ਇਤਿਹਾਸ ਦੀਆਂ ਪੁਸਤਕਾਂ ਵਿਚ ਅੰਕਿਤ ਇਸ ਸਾਖੀ ਤੋਂ ਇਹ ਗੱਲ ਹੀ ਸਪੱਸ਼ਟ ਹੁੰਦੀ ਹੈ ਕਿ ਸਤਿਗੁਰੂ ਜੀ ਨੇ ਖ਼ਾਲਸੇ ਨੂੰ ਇਸ ਕੌਤਕ ਦੁਆਰਾ ਇਹੀ ਸਮਝਾਉਣ ਦਾ ਯਤਨ ਕੀਤਾ ਹੈ ਕਿ ਜੇਕਰ ਖ਼ਾਲਸੇ ਨੇ ਗੁਰਮਤਿ ਦੀ ਰਹਿਣੀ ਦੇ ਨਵੇਕਲੇਪਣ ਨੂੰ ਤਿਆਗ ਕੇ, ਕੇਵਲ ਸਰੀਰਕ ਤਲ ਨੂੰ ਹੀ ਨਿਆਰਾਪਣ ਸਮਝ ਲਿਆ ਤਾਂ ਇਹ ਆਪਣੀ ਸਰਦਾਰੀ ਗਵਾ ਬੈਠੇਗਾ।

ਖ਼ਾਲਸੇ ਦੇ ਨਿਆਰੇਪਣ ਨੂੰ ਜੇਕਰ ਅਨਮਤਾਂ ਵਾਲਿਆਂ ਨੇ ਵੀ ਸਲਾਹਿਆ ਹੈ ਤਾਂ ਉਹ ਕੇਵਲ ਬਾਹਰਲੇ ਬਾਣੇ ਨੂੰ ਦੇਖ ਕੇ ਨਹੀਂ, ਬਲਕਿ ਜੀਵਨ-ਢੰਗ ਨੂੰ ਦੇਖ ਕੇ ਸਲਾਹਿਆ ਹੈ।

ਅਹਿਮਦ ਸ਼ਾਹ ਅਬਦਾਲੀ ਦੇ ਇਕ ਹਮਲੇ ਦੌਰਾਨ ਕਾਜ਼ੀ ਨੂਰ ਮੁਹੰਮਦ ਵੀ ਇਸਲਾਮ ਲਸ਼ਕਰ ਵਿਚ ਸ਼ਾਮਲ ਸੀ। ਇਸ ਨੇ ਸਿੰਘਾਂ ਨੂੰ ਆਪਣੇ ਦੇਸ਼ ਵਾਸੀਆਂ

ਨਾਲ ਲੜਦਿਆਂ ਹੋਇਆਂ ਆਪਣੀਆਂ ਅੱਖਾਂ ਨਾਲ ਦੇਖਿਆ ਹੈ। ਇਸ ਨੇ ਆਪਣੇ ਜੰਗਨਾਮੇ ਵਿਚ ਸਿੰਘਾਂ ਦੀ ਸੂਰਬੀਰਤਾ ਅਤੇ ਇਨ੍ਹਾਂ ਦੇ ਕਿਰਦਾਰ ਅਥਵਾ ਨਿਰਾਲੀ ਜੀਵਨ-ਜੁਗਤਿ ਦਾ ਵਰਣਨ ਕੀਤਾ ਹੈ। ਇਸ ਦੀ ਇਸ ਲਿਖਤ ਵਿਚ ਖ਼ਾਲਸੇ ਦੇ ਨਿਆਰੇਪਣ ਦੇ ਸਰੂਪ ਦੀ ਸੋਹਣੀ ਝਲਕ ਮਿਲਦੀ ਹੈ। ਇਹ ਲਿਖਦਾ ਹੈ :

> ਜੇਕਰ ਤੈਨੂੰ ਇਨ੍ਹਾਂ ਦੇ ਮਜ਼ਬ ਬਾਰੇ ਪਤਾ ਨਹੀਂ, ਮੈਂ ਤੈਨੂੰ ਦੱਸਦਾ ਹਾਂ ਕਿ ਇਹ ਉੱਚੇ ਪ੍ਰਭੁਤਾ ਵਾਲੇ ਗੁਰੂ ਦੇ ਚੇਲੇ ਹਨ ਜੋ ਚੱਕ (ਅੰਮ੍ਰਿਤਸਰ) ਵਿਚ ਰਹਿੰਦਾ ਸੀ। ਇਨ੍ਹਾਂ ਦੀ ਰਹੁ-ਰੀਤਿ (ਗੁਰੂ) ਨਾਨਕ ਤੋਂ ਚੱਲੀ, ਉਸ ਨੇ ਇਨ੍ਹਾਂ ਨੂੰ ਨਿਆਰਾ ਮਾਰਗ ਦਿਖਾਇਆ। ਅੱਗੇ ਗੋਬਿੰਦ ਸਿੰਘ ਗੁਰੂ ਹੋਇਆ, ਜਿਸ ਤੋਂ ਇਨ੍ਹਾਂ ਨੂੰ 'ਸਿੰਘ' ਦੀ ਪਦਵੀ ਪ੍ਰਾਪਤ ਹੋਈ, ਇਹ ਹਿੰਦੂ ਨਹੀਂ, ਇਹ 'ਬਦਜ਼ਾਤ' ਆਪਣਾ ਵੱਖਰਾ ਹੀ ਮਜ਼ਬ ਰੱਖਦੇ ਹਨ।...
>
> ਲੜਾਈ ਤੋਂ ਵਧ ਕੇ ਇਨ੍ਹਾਂ ਦੀ ਇਕ ਹੋਰ ਗੱਲ ਵੀ ਸੁਣ, ਜਿਸ ਵਿਚ ਇਹ ਹੋਰਨਾਂ ਜੰਗਜੂ ਲੋਕਾਂ ਨਾਲੋਂ ਬਹੁਤ ਅੱਗੇ ਵਧੇ ਹੋਏ ਹਨ। ਇਹ ਨਾਮਰਦ ਨੂੰ, ਜੋ ਲੜਾਈ ਵਿਚ ਹਥਿਆਰ ਰੱਖ ਦੇਵੇ, ਕਦੀ ਵੀ ਨਹੀਂ ਮਾਰਦੇ ਤੇ ਨਾ ਹੀ ਨੱਸੇ ਜਾਂਦੇ ਨੂੰ ਵਲਦੇ ਹਨ। ਇਹ ਨਾ ਕਿਸੇ ਤ੍ਰੀਮਤ ਦਾ ਗਹਿਣਾ ਰੁਪਿਆ ਲੁੱਟਦੇ ਹਨ, ਭਾਵੇਂ ਵੱਡੀ ਸੁਆਣੀ ਹੋਵੇ ਭਾਵੇਂ ਕੋਈ ਮਾਮੂਲੀ ਗੋਲੀ ਬਾਂਦੀ। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ, ਨਾ ਹੀ ਇਹ ਚੋਰੀ ਕਰਦੇ ਹਨ। ਤ੍ਰੀਮਤ ਭਾਵੇਂ ਜੁਆਨ ਹੋਵੇ ਭਾਵੇਂ ਬਿਰਧ, ਇਹ ਉਸ ਨੂੰ 'ਬੁੱਢੀ' ਹੀ ਆਖਦੇ ਹਨ। ਹਿੰਦਕੀ ਵਿਚ 'ਬੁੱਢੀ' ਸ਼ਬਦ ਦੇ ਅਰਥ ਹਨ— ਵੱਡੀ ਉਮਰ ਵਾਲੀ ਤ੍ਰੀਮਤ। ਇਹ ਨਾ ਹੀ ਆਪ ਚੋਰੀ ਕਰਦੇ ਹਨ ਤੇ ਨਾ ਹੀ ਸੰਨ੍ਹ ਮਾਰਨ ਵਾਲੇ ਨੂੰ ਆਪਣਾ ਮਿੱਤ੍ਰ ਬਣਾਉਂਦੇ ਹਨ।

ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ ਖ਼ਾਲਸੇ ਦੀ ਇਸ ਜੀਵਨ-ਜੁਗਤਿ ਦਾ ਹੀ ਵਰਣਨ ਕਰਦਿਆਂ, ਜ਼ਕਰੀਆ ਖ਼ਾਂ ਨਾਦਰ ਸ਼ਾਹ ਨੂੰ ਦੱਸਦਾ ਹੈ :

> ਹਿੰਦੂ ਤੁਰਕਨ ਤੇ ਹੈ ਨਯਾਰਾ। ਫਿਰਕਾ ਇਨ ਕਾ ਅਪਰ ਅਪਾਰਾ।...
> ਸਿੰਘ ਸਿੰਘਣੀ ਜੋ ਮਰ ਜੈ ਹੈਂ। ਬਾਂਟਤ ਹਲੂਵਾ ਤੁਰਤ ਬਨੈ ਹੈਂ।
> ਕਿਰਿਆ ਕਰਮ ਕਰਾਵਤ ਨਾਹੀਂ। ਹੱਡੀ ਪਾਂਯ ਨ ਗੰਗਾ ਮਾਹੀਂ।
> ਕਰਤ ਦਸਹਿਰਾ ਗ੍ਰੰਥ ਪੜ੍ਹਾਵਤ। ਅਸਨ ਬਸਨ ਗਰੀਬਨ ਕੋ ਦਯਾਵਤ।
> ਏਕ ਰੱਬ ਕੀ ਕਰਤ ਬੰਦਗੀ। ਰਖਤ ਨ ਔਰਨ ਕੀ ਮੁਛੰਦਗੀ।
> ਵੇਦ ਪੁਰਾਨ ਕਤੇਬ ਕੁਰਾਨ। ਪੜ੍ਹਤ ਸੁਨਤ ਨਹਿ ਮਾਨਤ ਆਨ।
> ਗੁਰੂ ਨਾਨਕ ਜੋ ਕਥੀ ਕਲਾਮ। ਤਾਂ ਪਰ ਰਖਤ ਇਮਾਨ ਤਮਾਮ।
> ਆਬਹਯਾਤ ਪਿਲਾਵਤ ਤਾਹੂੰ। ਏਕ ਹੀ ਬਰਤਨ ਮੇਂ ਸਭ ਕਾਹੂੰ।
> ਜਾਤਿ ਗੋਤ ਕੁਲ ਕਿਰਿਆ ਨਾਮ। ਕਰਮ ਧਰਮ ਪਿਤ ਮਾਤਾ ਕਾਮ।
> ਪਿਛਲੇ ਜੋ ਤਜ ਦੇਤ ਤਮਾਮ।
> ਮੁਸਲਮਾਨ ਹਿੰਦੁਨ ਤੈ ਨਯਾਰੀ। ਰੀਤਿ ਇਨੋਂ ਮੈ ਹੈ ਭਲਿ ਸਾਰੀ।
> ਪ੍ਰੇਤ ਪੀਰ ਗ੍ਰਹਿ ਪੀੜ ਨ ਮਾਨਤ। ਮੜੀ ਮਸਾਨੀ ਕੋ ਨ ਪਛਾਨਤ।
> ਹੋਮ ਸਰਾਧ ਨ ਖਯਾਹ ਸੰਭਾਲੈਂ। *(ਪੰਥ ਪ੍ਰਕਾਸ਼, ਅਧਿਆਇ 74)*

ਅੰਤ ਵਿਚ ਪਾਠਕਾਂ ਦਾ ਧਿਆਨ ਪ੍ਰਸਿੱਧ ਇਤਿਹਾਸਕਾਰ ਮੈਕਾਲਿਫ਼ ਦੀ ਲਿਖਤ ਵੱਲ ਦੁਆ ਰਹੇ ਹਾਂ। ਮੈਕਾਲਿਫ਼, ਖ਼ਾਲਸੇ ਦੇ ਨਿਆਰੇਪਣ ਨੂੰ ਦੁਨੀਆਂ ਦੇ ਸਾਹਮਣੇ

ਰੱਖਦਿਆਂ ਹੋਇਆਂ ਇਸ ਨਿਆਰੇਪਣ ਦੀਆਂ ਖ਼ੂਬੀਆਂ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:

> ਐ ਦੁਨੀਆਂ ਦੇ ਲੋਕੋ! ਮੈਂ ਪੂਰਬ ਤੋਂ ਤੁਹਾਨੂੰ ਇਕ ਐਸੇ ਧਰਮ ਦੀ ਵਾਕਫ਼ੀਅਤ ਦਿਲਵਾਉਂਦਾ ਹਾਂ ਜਿਸ ਵਿਚ ਨਾ ਬੁੱਤ-ਪ੍ਰਸਤੀ ਹੈ, ਨਾ ਪਾਖੰਡ , ਨਾ ਜਾਤ- ਪਾਤ, ਨਾ ਵਿਧਵਾ ਨੂੰ ਸਾੜ (ਕੇ) ਸਤੀ ਕਰਨ ਦੀ ਰੀਤ ਅਤੇ ਨਾ ਔਰਤ ਨੂੰ ਗ਼ੁਲਾਮ ਰੱਖਣ ਦਾ ਰਿਵਾਜ, ਨਾ ਨਸ਼ਿਆਂ ਦੀ ਵਰਤੋਂ ਅਤੇ ਨਾ ਤੰਮਾਕੂ ਵਰਗੀ ਗ਼ਲੀਜ਼ ਸ਼ੈਅ ਨੂੰ ਪੀਣ ਦੀ ਭੈੜੀ ਆਦਤ, ਨਾ ਹਿੰਦੂਆਂ ਵਾਂਗ ਦਰਿਆ 'ਤੇ ਤੀਰਥਾਂ ਦੀ ਪੂਜਾ ਅਤੇ ਨਾ ਹਰ ਇਕ ਨੂੰ ਨਿੰਦਣ ਦੀ ਵਾਦੀ। ਸਗੋਂ ਇਸ ਦੇ ਉਲਟ, ਸ਼ੁਕਰ, ਸਬਰ, ਕੀਤੇ ਨੂੰ ਜਾਣਨਾ, ਵੰਡ ਛਕਣਾ, ਨਿਆਂ, ਨਿਰਪੱਖਤਾ, ਸਚਾਈ, ਦਿਆਨਤਦਾਰੀ ਤੇ ਹੋਰ ਉੱਚ ਇਖ਼ਲਾਕ ਤੇ ਭਾਈਚਾਰਕ ਖ਼ੂਬੀਆਂ ਹਨ।

ਸੋ, ਖ਼ਾਲਸੇ ਨੇ ਜਿੱਥੇ ਪੰਜ ਕਕਾਰਾਂ ਦੀ ਰਹਿਤ ਰੱਖਣੀ ਹੈ, ਨਾਲ ਹੀ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈ ਨਿਵੇਕਲੀ ਜੀਵਨ-ਜੁਗਤਿ ਦਾ ਵੀ ਧਾਰਨੀ ਹੋਣਾ ਹੈ। ਜੇਕਰ ਅਸੀਂ ਕੇਵਲ ਬਾਹਰਲੀ ਰਹਿਤ ਉੱਤੇ ਹੀ ਜ਼ੋਰ ਦੇ ਕੇ ਇਸ ਨੂੰ ਹੀ ਨਿਆਰਾਪਣ ਆਖਾਂਗੇ ਤਾਂ ਇਸ ਨਾਲ ਗੁਰਮਤਿ ਦੀਆਂ ਕਦਰਾਂ-ਕੀਮਤਾਂ ਤੋਂ ਮੂੰਹ ਮੋੜ ਕੇ ਅਸੀਂ ਭੇਖੀ ਸਿੱਖ ਹੀ ਸਦਵਾਵਾਂਗੇ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਿਸੇ ਵੀ ਧਰਮ ਵਿਚ ਜਦ ਭੇਖ ਨੂੰ ਹੀ ਅਸਲ ਧਰਮ ਸਮਝਿਆ ਗਿਆ ਤਾਂ ਉਸ ਧਰਮ ਦੇ ਪੈਰੋਕਾਰ ਆਤਮਿਕ ਬੁਲੰਦੀਆਂ ਨੂੰ ਛੂਹਣ ਦੀ ਬਜਾਏ, ਕਰਮ-ਕਾਂਡ ਦੀ ਦਲਦਲ ਵਿਚ ਖੁੱਭ ਕੇ ਅਸਲ ਆਦਰਸ਼ ਤੋਂ ਭਟਕ ਗਏ। ਇਸ ਲਈ ਸਾਨੂੰ ਆਪਣੀ ਰਹਿਤ ਵਿਚ ਇਨ੍ਹਾਂ ਗੁਣਾਂ ਨੂੰ ਵੀ ਸ਼ਾਮਲ ਕਰਨ ਦੀ ਜ਼ਰੂਰਤ ਹੈ:

ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ।
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।
ਸਾਧ ਸੰਗਤਿ ਮਿਲਿ ਗਾਵਦੇ ਰਾਤਿ ਦਿਹੈ ਨਿਤ ਚਲਿ ਚਲਿ ਜਾਏ।
ਸਬਦ ਸੁਰਤਿ ਪਰਚਾ ਕਰੈ ਸਤਿਗੁਰ ਪਰਚੈ ਮਨੁ ਪਰਚਾਏ।
ਆਸਾ ਵਿਚਿ ਨਿਰਾਸੁ ਵਲਾਏ ॥੧੫॥੨੮॥

ਅਰਥ: ਪਹਿਰ ਰਾਤ ਰਹਿੰਦੀ ਜਾਗਣਾ ਕਰੇ, ਨਾਮ, ਦਾਨ, ਇਸ਼ਨਾਨ ਦਾ ਅਭਿਆਸ ਕਰੇ। ਕੋਮਲ ਵਾਕ ਬੋਲੇ, ਨਿਮ੍ਰੀਭੂਤ ਹੋ ਕੇ ਚੱਲੇ, ਹੱਥੋਂ ਦੇ ਕੇ ਭਲਾ ਮਨਾਵੇ। ਸਵਣਾ, ਖਾਣਾ, ਬੋਲਣਾ ਥੋੜਾ-ਥੋੜਾ ਕਰੇ ਅਰ ਗੁਰੂ ਦੀ ਮਤਿ/ਸਿੱਖਿਆ ਗ੍ਰਹਿਣ ਕਰੇ। ਕਮਾਈ ਦਸਾਂ ਨਹੁੰਆਂ ਦੀ ਕਰ ਕੇ ਖਾਵੇ, ਭਲੇ ਕੰਮ ਕਰੇ ਪਰ ਵੱਡਾ (ਦਾਨੀ) ਬਣ ਕੇ ਆਪਣਾ ਆਪ ਨਾ ਗਣਾਵੇ। ਜਿੱਥੇ ਸਾਧ ਸੰਗਤ ਮਿਲ ਕੇ ਕਥਾ-ਕੀਰਤਨ ਕਰਨ, ਰਾਤ-ਦਿਨ ਨਿੱਤ ਤੁਰ ਕੇ ਜਾਵੇ, ਭਾਵ ਆਲਸ ਨਾ ਕਰੇ। ਸ਼ਬਦ ਦੀ ਸੁਰਤਿ ਵਿਖੇ ਪ੍ਰੇਮ ਕਰੇ ਅਰ ਸਤਿਗੁਰੂ ਦੇ ਪ੍ਰੇਮ ਵਿਖੇ ਮਨ ਨੂੰ ਪਰਚਾਵੇ। ਆਸਾ ਵਿਖੇ ਨਿਰਾਸ ਹੋ ਕੇ ਰਹੇ, (ਸਾਧ ਸੰਗਤ ਵਿਖੇ ਦੁੱਧ, ਪੁੱਤ, ਧਨ ਦੀ ਆਸਾ ਨਾ ਕਰੇ, ਕੇਵਲ ਗੁਰੂ ਦੇ ਪ੍ਰੇਮ ਕਰਕੇ ਨਿਸ਼ਕਾਮ ਭਗਤੀ ਕਰੇ।

ਰਹਿਤਨਾਮਿਆਂ ਵਿਚ ਅੰਕਤ ਨਿਮਨ-ਲਿਖਤ ਸ਼ਬਦ ਇਸ ਸਚਾਈ ਵੱਲ ਹੀ ਸੰਕੇਤ ਕਰਦੇ ਹਨ:

ਜਬ ਲਗ ਖਾਲਸਾ ਰਹੇ ਨਿਆਰਾ। ਤਬ ਲਗ ਤੇਜ ਦੀਉ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ। ਮੈਂ ਨ ਕਰੋਂ ਇਨ ਕੀ ਪ੍ਰਤੀਤ।

ਅੰਤ ਵਿਚ ਖ਼ਾਲਸੇ ਦੇ ਨਿਆਰੇਪਣ ਨੂੰ ਦਰਸਾਉਂਦੇ ਕਬਿੱਤ ਵੱਲ ਪਾਠਕਾਂ ਦਾ ਧਿਆਨ ਦਿਵਾ ਰਹੇ ਹਾਂ:

ਮਾਨਤ ਹੈ ਏਕ ਜੋ ਅਨਾਦੀ ਔ ਅਨੰਤ ਨਿਤਯ,
ਤਿਸਹੀ ਤੇ ਜਾਨਤ ਹੈ ਸਰਬ ਪਸਾਰੋ ਹੈ।
ਕ੍ਰਿਤ ਕੀ ਉਪਾਸ਼ਨਾ ਨ ਕਰੈ ਕਰਤਾਰ ਤਯਾਗ,
ਏਕ ਗੁਰੂ ਗ੍ਰੰਥ ਕੀਓ ਆਪਨੋ ਅਧਾਰੋ ਹੈ।
ਜਾਤਿ ਪਾਤਿ ਭੇਦ ਭ੍ਰਮ ਮਨ ਤੈਂ ਮਿਟਾਇ ਕਰ,
ਸਭ ਸੋ ਸਹੋਦਰ ਸੋ, ਕਰਤ ਪਯਾਰੋ ਹੈ।
ਚਿਤਕਾਰੀ ਜਗ ਕੋ ਪੈ ਜਲ ਮਾਹਿ ਪੰਕਜ ਜਯੋਂ,
ਗੁਰੁਦੇਵ ਨਾਨਕ ਕੋ ਖ਼ਾਲਸਾ ਨਿਆਰੋ ਹੈ।

ਸੋ, ਖ਼ਾਲਸਾ ਅਨ-ਧਰਮਾਂ ਤੋਂ ਧਾਰਮਿਕ ਨਿਯਮ ਅਥਵਾ ਗੁਰਮਤਿ ਦੀ ਰਹਿਣੀ ਕਾਰਨ ਨਿਆਰਾ ਹੈ, ਨਾ ਕਿ ਕੇਵਲ ਪੰਜ ਕਕਾਰਾਂ ਦੀ ਰਹਿਤ ਕਾਰਨ। ਜੇਕਰ ਕੋਈ ਪ੍ਰਾਣੀ ਇਨ੍ਹਾਂ ਕਕਾਰਾਂ ਦਾ ਤਾਂ ਧਾਰਨੀ ਹੈ ਪ੍ਰੰਤੂ ਗੁਰਮਤਿ ਦੀ ਵਿਲੱਖਣ ਰਹਿਣੀ ਤੋਂ ਸੱਖਣਾ ਹੈ ਤਾਂ ਅਜਿਹੇ ਪ੍ਰਾਣੀਆਂ ਦੀ ਹੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਫ਼ੁਰਮਾਨ ਤਰਜਮਾਨੀ ਕਰਦਾ ਹੈ:

ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥
ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥੫੦॥

(ਸਲੋਕ ਫ਼ਰੀਦ ਜੀ, ਪੰਨਾ 1380)

ਅਰਥ: ਹੇ ਫ਼ਰੀਦ! (ਤੇਰੇ) ਮੋਢੇ ਉੱਤੇ ਮੁਸੱਲਾ ਹੈ, (ਤੂੰ) ਗਲ ਵਿਚ ਕਾਲੀ ਖ਼ਫਨੀ (ਪਾਈ ਹੋਈ ਹੈ), (ਤੇਰੇ) ਮੂੰਹ ਵਿਚ ਗੁੜ ਹੈ; (ਪਰ) ਦਿਲ ਵਿਚ ਕੈਂਚੀ ਹੈ (ਭਾਵ, ਬਾਹਰ ਲੋਕਾਂ ਨੂੰ ਵਿਖਾਲਣ ਲਈ ਫ਼ਕੀਰੀ ਵੇਸ ਹੈ, ਮੂੰਹੋਂ ਭੀ ਲੋਕਾਂ ਨਾਲ ਮਿੱਠਾ ਬੋਲਦਾ ਹੈਂ, ਪਰ ਦਿਲੋਂ 'ਵਿਸੁ ਗੰਦਲਾਂ' ਦੀ ਖ਼ਾਤਰ ਖੋਟਾ ਹੈਂ, ਸੋ) ਬਾਹਰ ਤਾਂ ਚਾਨਣ ਦਿੱਸ ਰਿਹਾ ਹੈ (ਪਰ) ਦਿਲ ਵਿਚ ਹਨੇਰੀ ਰਾਤ (ਪਸਰੀ ਹੋਈ) ਹੈ।

ਕੇਵਲ ਤਨ ਦੇ ਤਲ ਦਾ ਨਿਆਰਾਪਣ ਖ਼ਾਲਸੇ ਦੀ ਵਿਲੱਖਣ ਰਹਿਣੀ ਦਾ ਨਹੀਂ, ਸਗੋਂ ਭੇਖ ਦਾ ਹੀ ਲਖਾਇਕ ਹੈ। ਦੂਜੇ ਪਾਸੇ ਜਿਨ੍ਹਾਂ ਨੇ ਗੁਰਮਤਿ ਦੀ ਰਹਿਣੀ ਨੂੰ ਸੱਚ-ਮੁੱਚ ਅਪਣਾਇਆ ਹੈ, ਉਨ੍ਹਾਂ ਨੇ ਗੁਰਮਤਿ ਦੀ ਅੰਦਰਲੀ ਰਹਿਣੀ ਨੂੰ ਸਰੀਰਕ ਤਲ 'ਤੇ ਵੀ ਕਾਇਮ ਰੱਖਿਆ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਿਸੇ ਵੀ ਧਰਮ ਨੂੰ ਜਿਤਨਾ ਨੁਕਸਾਨ ਭੇਖੀਆਂ ਨੇ ਪਹੁੰਚਾਇਆ ਹੈ, ਉਤਨਾ ਧਰਮ ਤੋਂ ਆਕੀ ਵੀ ਨਹੀਂ ਪਹੁੰਚਾ ਸਕੇ।

ਮੂਰਖ ਭੇਖੀ ਸਿਖ

ਸਿਖ ਸੰਗਤਾਂ ਨੂੰ ਖੰਡੇ ਦੀ ਪਾਹੁਲ ਦੀ ਪ੍ਰੇਰਨਾ ਕਰਨ ਲਈ ਕਈ ਰਾਗੀ, ਢਾਡੀ, ਪ੍ਰਚਾਰਕ, ਕਥਾਵਾਚਕ ਅਤੇ ਲੇਖਕ "ਧਰੈ ਕੇਸ ਪਾਹੁਲ ਬਿਨਾ, ਭੇਖੀ ਮੂਰਖ ਸਿੱਖ" ਇਨ੍ਹਾਂ ਸਤਰਾਂ ਦੀ ਆਮ ਹੀ ਵਰਤੋਂ ਕਰਦੇ ਹਨ। ਇਹ ਸਤਰਾਂ ਭਾਈ ਸਾਹਿਬ ਸਿੰਘ ਦੇ ਰਹਿਤਨਾਮੇ ਵਿੱਚੋਂ ਹਨ। ਜਿਸ ਤਰ੍ਹਾਂ ਰਹਿਤਨਾਮਿਆਂ ਦੇ ਹੋਰ ਲੇਖਕਾਂ ਦੀਆਂ ਲਿਖਤਾਂ ਵਿਚ ਗੁਰ ਆਸ਼ੇ ਤੋਂ ਉਲਟ ਬਹੁਤ ਕੁਝ ਲਿਖਿਆ ਹੋਇਆ ਹੈ, ਇਸੇ ਤਰ੍ਹਾਂ ਭਾਈ ਸਾਹਿਬ ਸਿੰਘ ਦੇ ਰਹਿਤਨਾਮੇ ਵਿਚ ਵੀ ਮਿਲਦਾ ਹੈ। ਜਿਵੇਂ:

> **ਖਤ੍ਰੀ ਸਿਖ ਬਨਿ ਵੈਸ਼ ਹੁਇ, ਸ਼੍ਰਾਧ ਪਿਤਰ ਕਉ ਜਾਨਿ,**
> **ਕਰਹਿ ਕਰਾਵਹਿ ਬਿਪ੍ਰ ਸਿਖ, ਆਨ ਨ ਬਿਪ੍ਰਨ ਮਾਨ ॥੨੯॥...**
> **ਪਾਰਸੀ ਜਾਂਕੇ ਘਰਿ ਪੜ੍ਹਹਿ ਤਾਂਕਾ ਨਹੀਂ ਵਿਸਾਹੁ,**
> **ਤਾਂਕਾ ਛੂਹਾ ਨਾ ਖਾਈਏ ਤਜਯੋ ਧਰਮ ਕਾ ਰਾਹੁੰ ॥੩੩॥**

ਲੇਖਕ ਨੇ ਇਹ ਲਫ਼ਜ਼ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਵਿੱਚੋਂ ਕਢਵਾਏ ਹਨ। ਗੁਰਮਤਿ ਦੀ ਰਤਾ ਕੁ ਵੀ ਜਾਣਕਾਰੀ ਰੱਖਣ ਵਾਲਾ ਵਿਅਕਤੀ ਇਨ੍ਹਾਂ ਸਤਰਾਂ ਨੂੰ ਪੜ੍ਹ ਕੇ ਇਹੀ ਆਖੇਗਾ ਕਿ ਇਨ੍ਹਾਂ ਦਾ ਗੁਰੂ ਸਾਹਿਬ ਦੀ ਸਿੱਖਿਆ ਨਾਲ ਕੋਈ ਤਾਲ-ਮੇਲ ਨਹੀਂ ਹੈ। ਸਾਡਾ ਇਹ ਲਿਖਣ ਦਾ ਇਤਨਾ ਹੀ ਭਾਵ ਹੈ ਕਿ ਰਹਿਤਨਾਮਿਆਂ ਦੀਆਂ ਉਹ ਲਿਖਤਾਂ ਹੀ ਮੰਨਣਯੋਗ ਹਨ, ਜਿਹੜੀਆਂ ਗੁਰਮਤਿ ਦੀ ਜੀਵਨ-ਜੁਗਤਿ ਦਾ ਅੰਗ ਹਨ। ਜਿਹੜੀਆਂ ਲਿਖਤਾਂ ਗੁਰਬਾਣੀ ਦੀ ਕਸਵੱਟੀ ਉੱਤੇ ਪੂਰੀਆਂ ਨਹੀਂ ਉਤਰਦੀਆਂ ਹਨ, ਉਨ੍ਹਾਂ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਜਿੱਥੋਂ ਤਕ ਭਾਈ ਸਾਹਿਬ ਸਿੰਘ ਜੀ ਦੀ ਇਸ ਲਿਖਤ 'ਧਰੈ ਕੇਸ ਪਾਹੁਲ ਬਿਨਾ' ਦਾ ਸਵਾਲ ਹੈ, ਇਸ ਵਿਚ ਕੋਈ ਸੰਦੇਹ ਨਹੀਂ ਕਿ ਲੇਖਕ ਦੀ ਭਾਵਨਾ ਹਰੇਕ ਸਿਖ ਨੂੰ ਖੰਡੇ ਦੀ ਪਾਹੁਲ ਦੇ ਧਾਰਨੀ ਦੇ ਰੂਪ ਵਿਚ ਦੇਖਣ ਦੀ ਹੈ। ਇਹ ਗੱਲ ਇਸ ਤੁਕ ਤੋਂ ਅਗਲੀਆਂ ਤੁਕਾਂ ਵਿਚ ਸਪੱਸ਼ਟ ਹੁੰਦੀ ਹੈ:

> **ਏਕ ਮਜ਼ਬ ਰਹਿਨਾ ਭਲਾ ਦੋ ਮਹਿ ਰਹੈ ਨ ਕੋਇ,**
> **ਮੇਰਾ ਸਿਖ ਕਹਾਂਇਕੈ, ਭਰਮਹਿ ਪਾਪੀ ਸੋਇ ॥੬॥**
> **ਤੀਨ ਪ੍ਰਕਾਰ ਮਮ ਸਿਖ ਹੈਂ ਸਹਿਜੀ ਚਰਨੀ ਖੰਡ,**
> **ਯਾਂਤੇ ਕੇਸੀ ਹੋਇਕੈ ਤੀਨਹੁ ਕਰਹਿ ਬਿਹੰਡ ॥੭॥**

ਪ੍ਰੰਤੂ ਫਿਰ ਵੀ ਭਾਈ ਸਾਹਿਬ ਸਿੰਘ ਦੇ ਇਨ੍ਹਾਂ ਸ਼ਬਦਾਂ ਨੂੰ ਗੁਰਮਤਿ ਦੀ ਰਹਿਣੀ

ਦਾ ਅਟੁੱਟ ਅੰਗ ਨਹੀਂ ਮੰਨਿਆ ਜਾ ਸਕਦਾ। ਚੂੰਕਿ ਸਾਬਤ ਸੂਰਤ ਅਥਵਾ ਕੇਸਾਧਾਰੀ ਦੀ ਗਿਣਤੀ ਭੇਖੀਆਂ ਵਿਚ ਨਹੀਂ ਸਗੋਂ ਪ੍ਰਭੂ ਦੇ ਹੁਕਮੀ ਬੰਦਿਆਂ ਵਿਚ ਹੈ।

ਭੇਖਧਾਰੀ ਦਾ ਅਰਥ ਹੈ 'ਮਾਨ ਪ੍ਰਤਿਸ਼ਟਾ ਅਥਵਾ ਧੋਖਾ ਦੇਣ ਲਈ ਆਪਣੀ ਅਸਲੀਅਤ ਵਿਰੁੱਧ ਹੋਰ ਸ਼ਕਲ (ਧਾਰਨ) ਕਰਨ ਵਾਲਾ।' *(ਮਹਾਨ ਕੋਸ਼)*

ਗੁਰਬਾਣੀ ਵਿਚ ਇਸ ਭਾਵ ਨੂੰ ਇਸ ਤਰ੍ਹਾਂ ਦਰਸਾਇਆ ਹੈ:

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥

(ਸਲੋਕ ਫਰੀਦ ਜੀ, ਪੰਨਾ 1381)

ਅਰਥ: ਹੇ ਫ਼ਰੀਦ! (ਮੇਰੇ ਅੰਦਰ ਰੁੱਖਾਂ ਵਾਲੀ ਜੀਰਾਂਦ ਨਹੀਂ ਹੈ ਜੋ ਫ਼ਕੀਰ ਦੇ ਅੰਦਰ ਚਾਹੀਦੀ ਸੀ ਫ਼ਕੀਰਾਂ ਵਾਂਗ) ਮੇਰੇ ਕੱਪੜੇ (ਤਾਂ) ਕਾਲੇ ਹਨ, ਮੇਰਾ ਵੇਸ ਕਾਲਾ ਹੈ (ਪਰ 'ਵਿਸੁ ਗੰਦਲਾਂ' ਦੀ ਖ਼ਾਤਰ 'ਭਰਾਂਦਿ' ਦੇ ਕਾਰਨ) ਮੈਂ ਗੁਨਾਹਾਂ ਨਾਲ ਭਰਿਆ ਹੋਇਆ ਫਿਰਦਾ ਹਾਂ ਤੇ ਜਗਤ ਮੈਨੂੰ ਫ਼ਕੀਰ ਆਖਦਾ ਹੈ।

ਕੇਸ ਕਟਾਉਣ ਜਾਂ ਜਟਾਂ ਬਣਾਉਣ ਨੂੰ ਤਾਂ ਭੇਖ ਕਿਹਾ ਜਾ ਸਕਦਾ ਹੈ ਪਰ ਕੇਸਧਾਰੀ ਨੂੰ ਨਹੀਂ, ਚੂੰਕਿ ਕੇਸਾਧਾਰੀ ਹੋਣਾ ਭੇਖ ਧਾਰਨ ਕਰਨਾ ਨਹੀਂ ਹੈ। ਕੇਸ ਸਰੀਰ 'ਚ ਬਾਹਰੋਂ ਧਾਰਨ ਨਹੀਂ ਕੀਤੇ ਜਾਂਦੇ, ਅਤੇ ਨਾ ਹੀ ਸਰੀਰ ਦੇ ਕਿਸੇ ਅੰਗ ਨੂੰ ਛੇਦ ਕੇ ਪਹਿਨੇ ਜਾਂਦੇ ਹਨ। ਕੇਸ ਤਾਂ ਸਰੀਰ ਦਾ ਹੀ ਅੰਗ ਹਨ। ਗੁਰਬਾਣੀ ਦੇ ਨਿਮਨ-ਲਿਖਤ ਫ਼ੁਰਮਾਨਾਂ ਵਿਚ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ ॥
ਭਾਵੈ ਲਾਂਬੇ ਕੇਸ ਕਰੁ ਭਾਵੈ ਘਰਰਿ ਮੁਡਾਇ ॥ *(ਸਲੋਕ ਕਬੀਰ ਜੀ, ਪੰਨਾ 1365)*

ਅਰਥ: ਹੇ ਕਬੀਰ! ('ਦੁਨੀਆਂ' ਵਾਲਾ) ਹੋਰ ਸਹਿਮ ਤਦੋਂ ਹੀ ਦੂਰ ਹੁੰਦਾ ਹੈ ਜੇ ਇੱਕ ਪਰਮਾਤਮਾ ਨਾਲ ਪਿਆਰ ਪਾਇਆ ਜਾਏ। (ਜਦ ਤਕ ਪ੍ਰਭੂ ਨਾਲ ਪ੍ਰੀਤਿ ਨਹੀਂ ਜੋੜੀ ਜਾਂਦੀ, 'ਦੁਨੀਆਂ' ਵਾਲੀ 'ਦੁਬਿਧਾ' ਮਿਟ ਨਹੀਂ ਸਕਦੀ) ਚਾਹੇ (ਸੁਆਹ ਮਲ ਕੇ) ਲੰਮੀਆਂ ਜਟਾਂ ਰੱਖ ਲੈ, ਚਾਹੇ ਉੱਕਾ ਹੀ ਸਿਰ ਰੋਡ-ਮੋਡ ਕਰ ਲੈ (ਅਤੇ ਜੰਗਲਾਂ ਜਾਂ ਤੀਰਥਾਂ 'ਤੇ ਜਾ ਕੇ ਡੇਰਾ ਲਾ ਲੈ)।

(ਅ) **ਕਬੀਰ ਮਨੁ ਮੂੰਡਿਆ ਨਹੀ ਕੇਸ ਮੁੰਡਾਏ ਕਾਂਇ ॥**
ਜੋ ਕਿਛੁ ਕੀਆ ਸੋ ਮਨ ਕੀਆ ਮੂੰਡਾ ਮੂੰਡੁ ਅਜਾਂਇ ॥

(ਸਲੋਕ ਕਬੀਰ ਜੀ, ਪੰਨਾ 1369)

ਅਰਥ: ਹੇ ਕਬੀਰ! (ਇਹ ਜੋ ਸਿਰ ਮੁਨਾ ਕੇ ਆਪਣੇ ਆਪ ਨੂੰ 'ਸਾਧ' ਸਮਝਦਾ ਫਿਰਦਾ ਹੈ, ਇਸ ਨੇ) ਆਪਣਾ ਮਨ ਨਹੀਂ ਮੁੰਨਿਆ (ਮਨ ਉੱਤੋਂ ਵਿਕਾਰਾਂ ਦੀ ਮੈਲ ਨਹੀਂ ਦੂਰ ਕੀਤੀ) ਸਿਰ ਦੇ ਕੇਸ ਮੁਨਾਇਆਂ ਤਾਂ ਇਹ 'ਸਾਧੂ' ਨਹੀਂ ਬਣ ਗਿਆ। ਜਿਸ ਭੀ ਮੰਦੇ ਕਰਮ ਦੀ ਪ੍ਰੇਰਨਾ ਕਰਦਾ ਹੈ, ਮਨ ਹੀ ਕਰਦਾ ਹੈ (ਜੇ 'ਸਾਧੂ' ਬਣਨ ਦੀ ਖ਼ਾਤਰ ਹੀ ਸਿਰ ਮੁਨਾਇਆ ਹੈ ਤਾਂ) ਸਿਰ ਮੁਨਾਉਣਾ ਵਿਅਰਥ ਹੈ।

ਰਹਿਤਨਾਮਿਆਂ ਵਿਚ ਭਾਵੇਂ ਗੁਰੂ ਸਾਹਿਬਾਨ ਦੇ ਮੁਖ਼ਾਰਬਿੰਦ ਵਿੱਚੋਂ ਕੁਝ ਅਜਿਹੇ

ਆਦੇਸ਼ ਕਢਵਾਏ ਹਨ, ਜਿਨ੍ਹਾਂ ਦਾ ਗੁਰਮਤਿ ਦੀ ਰਹਿਣੀ ਨਾਲ ਕੋਈ ਸੰਬੰਧ ਨਹੀਂ ਹੈ, ਪਰ ਫਿਰ ਵੀ ਕਿਤੇ-ਕਿਤੇ ਗੁਰਮਤਿ ਦੀ ਸਹੀ ਤਰਜਮਾਨੀ ਕਰਨ ਵਾਲੇ ਸ਼ਬਦ ਵੀ ਮਿਲਦੇ ਹਨ। ਭੇਖ ਦੇ ਸੰਬੰਧ ਵਿਚ ਰਹਿਤਨਾਮਿਆਂ ਦੇ ਇਹ ਸ਼ਬਦ ਧਿਆਨ ਯੋਗ ਹਨ :

(ੳ) **ਭੇਖ ਪਿਆਰਾ ਨਾਹਿ ਮਮ, ਵਰਣ ਪਿਆਰਾ ਨਾਹਿ,**
ਰਹਿਤ ਪਿਆਰੀ ਮੋਹ ਕੋ, ਸਿਦਕ ਪਿਆਰਾ ਆਹਿ ॥੪੫॥ *(ਭਾਈ ਸਾਹਿਬ ਸਿੰਘ)*

(ਅ) **ਰਹਤ ਬਿਨਾ ਨਹਿ ਸਿੰਘ ਕਹਾਵੈ। ਰਹਤ ਬਿਨਾ ਦਰ ਚੋਟਾ ਖਾਵੈ ॥੯੮॥....**
ਰਹਤ ਬਿਨਾ ਸੁਖ ਕਬਹੁੰ ਨ ਲਹੈ। ਤਾਂਤੇ ਰਹਤ ਸੁ ਦ੍ਰਿੜ੍ਹ ਕਰ ਗਹੈ ॥੯੯॥....
(ਭਾਈ ਦੇਸਾ ਸਿੰਘ)

(ੲ) **ਭੇਖ ਨ ਪਯਾਰੋ ਮੋਹਿ ਕੋ, ਵਰਣ ਨਹੀਂ ਪ੍ਰਿਯ ਕਾਹਿ।**
ਰਹਿਤ ਸੁ ਪਯਾਰੀ ਮੋਹਿ ਕਉ ਸਿਦਕ ਮਹਾਂ ਪ੍ਰਿਯ ਆਹਿ ॥੫੦॥
(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਿਤੁ 5, ਅਧਿ. 39)

(ਸ) **ਪਾਹੁਲ ਪੀਇ ਕੁਕਰਮ ਕਮਾਵਤ। ਤਿਨ ਸੋ ਵਰਤਣ ਨਾਹਿੰ ਮਿਲਾਵੈ।**
ਰਹਿ ਨਿਰਲੇਪ ਪਰਮ ਸੁਖ ਪਾਵੈ। *(ਭਾਈ ਦੇਸਾ ਸਿੰਘ)*

ਕੇਸ ਤਾਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸਿੱਖੀ ਦੀ (ਬਾਹਰਲੀ) ਪਛਾਣ ਦਾ ਮੁੱਖ ਅੰਗ ਰਹੇ ਹਨ। ਰਹਿਤਨਾਮਿਆਂ ਵਿਚ ਸਹਿਜਧਾਰੀ ਸਿੱਖਾਂ ਨੂੰ ਵੀ ਇਹ ਹਦਾਇਤ ਕੀਤੀ ਗਈ ਹੈ ਕਿ ਉਹ ਕੇਸ ਨਾ ਕਟਾਉਣ :

ਗੁਰੂ ਕਾ ਸਿਖ ਸਹਜਧਾਰੀ ਭੱਦਣ ਨਾ ਕਰਾਏ। *(ਭਾਈ ਚੌਪਾ ਸਿੰਘ)*

ਗੁਰਮਤਿ ਦੀ ਜੀਵਨ-ਜੁਗਤਿ ਵਿਚ ਜੇਕਰ ਕੋਈ ਮਨੁੱਖ ਕੇਵਲ ਤਨ ਦੀ ਰਹਿਤ ਦਾ ਹੀ ਧਾਰਨੀ ਹੈ ਅਤੇ ਮਨ ਦੀ ਰਹਿਤ ਅਥਵਾ ਸਦਾਚਾਰਕ ਗੁਣਾਂ ਤੋਂ ਸੱਖਣਾ ਹੈ ਤਾਂ ਉਸ ਦੀ ਗਿਣਤੀ ਭੇਖੀਆਂ ਵਿਚ ਹੈ। ਇਸ ਲਈ ਜੇਕਰ ਕਿਸੇ ਵਿਅਕਤੀ ਨੇ ਖੰਡੇ ਦੀ ਪਾਹੁਲ ਲਈ ਹੋਈ ਹੈ, ਕਕਾਰਾਂ ਨੂੰ ਕਿਸੇ ਵੀ ਪਰਿਸਥਿਤੀ ਵਿਚ ਸਰੀਰ ਨਾਲੋਂ ਅਲੱਗ ਨਹੀਂ ਕਰਦਾ, ਪਰ ਜੇ ਅਜਿਹਾ ਪ੍ਰਾਣੀ ਸਦਾਚਾਰਕ ਗੁਣਾਂ ਤੋਂ ਸੱਖਣਾ ਹੈ ਤਾਂ ਉਸ ਦੀ ਗਿਣਤੀ ਗੁਰਸਿੱਖਾਂ ਵਿਚ ਨਹੀਂ, ਸਗੋਂ ਭੇਖੀਆਂ ਵਿਚ ਹੀ ਹੈ।

ਸੋ, ਇਹ ਧਾਰਨਾ ਠੀਕ ਨਹੀਂ ਹੈ ਕਿ ਕੇਵਲ ਕਕਾਰਾਂ ਦਾ ਧਾਰਨੀ ਹੋਣ ਨਾਲ ਹੀ ਕੋਈ ਮਨੁੱਖ ਪੂਰਨ ਸਿੱਖ ਹੋ ਗਿਆ ਹੈ। ਸਿੱਖ ਦੀ ਪੂਰਨਤਾ ਦਾ ਰਹੱਸ ਗੁਰਬਾਣੀ ਜੀਵਨ-ਜੁਗਤਿ ਅਨੁਸਾਰ ਸਿਧਾਂਤਕ ਅਮਲੀ-ਜੀਵਨ ਗੁਜ਼ਾਰਨ ਵਿਚ ਹੈ।

ਗੁਰਮਤਿ ਦੀਆਂ ਕਦਰਾਂ-ਕੀਮਤਾਂ ਨੂੰ ਦ੍ਰਿੜ੍ਹ ਕਰਾਉਣ ਤੋਂ ਬਿਨਾਂ ਹੀ ਖੰਡੇ ਦੀ ਪਾਹੁਲ ਛਕਾਉਣ ਦੀ ਰੁਚੀ ਪੰਥ ਦੇ ਅਕਸ ਨੂੰ ਵਿਗਾੜਨ ਦਾ ਕਾਰਨ ਬਣ ਰਹੀ ਹੈ। ਇਸ ਕਾਰਨ ਹੀ ਗੁਰਮਤਿ ਦੀਆਂ ਉੱਚ ਕਦਰਾਂ-ਕੀਮਤਾਂ ਦੀ ਝਲਕ (ਜ਼ਿਆਦਾਤਰ) ਪਾਹੁਲ ਲੈਣ ਵਾਲਿਆਂ ਦੇ ਜੀਵਨ ਵਿਚ ਨਹੀਂ ਮਿਲਦੀ। ਗੁਰਮਤਿ ਦੀ ਰਹਿਣੀ ਦੀ ਬਜਾਇ ਅਜਿਹੇ ਸੱਜਣਾਂ ਦੇ ਜੀਵਨ ਵਿਚ ਉਨ੍ਹਾਂ ਕਰਮ-ਕਾਂਡਾਂ ਦੀ ਹੀ ਭਰਮਾਰ ਦਿਖਾਈ ਦੇਂਦੀ ਹੈ, ਜਿਹੜੇ ਗੁਰਬਾਣੀ ਦੀ ਜੀਵਨ-ਜੁਗਤਿ ਦਾ ਅੰਗ ਹੀ ਨਹੀਂ ਹਨ। ਇਸ ਲਈ ਖੰਡੇ ਦੀ ਪਾਹੁਲ ਲੈਣ ਤੋਂ ਪਹਿਲਾਂ, ਸਿੱਖੀ ਦੇ ਬੁਨਿਆਦੀ

ਸਿਧਾਂਤਾਂ ਨੂੰ ਸਮਝਣਾ ਜ਼ਰੂਰੀ ਹੈ। ਪਰ ਆਮ ਦੇਖਣ ਸੁਣਨ ਵਿਚ ਇਹ ਹੀ ਆ ਰਿਹਾ ਹੈ ਕਿ ਜਿਹੜੀਆਂ ਸੰਸਥਾਵਾਂ ਜਾਂ ਵਿਅਕਤੀ ਇਹ ਸੇਵਾ ਨਿਭਾਅ ਰਹੇ ਹਨ, ਉਨ੍ਹਾਂ ਦਾ ਜਿਤਨਾ ਜ਼ੋਰ ਖੰਡੇ ਬਾਟੇ ਦੀ ਪਾਹੁਲ ਛਕਾਉਣ ਉੱਤੇ ਹੈ; ਉਤਨਾ ਗੁਰਮਤਿ ਦੀਆਂ ਕਦਰਾਂ-ਕੀਮਤਾਂ ਨੂੰ ਪ੍ਰਚਾਰਨ ਅਤੇ ਦ੍ਰਿੜ੍ਹ ਕਰਾਉਣ ਉੱਤੇ ਨਹੀਂ ਹੈ। ਇਹ ਸੇਵਾ ਨਿਭਾਉਣ ਵਾਲੇ ਵਿਅਕਤੀ ਜਾਂ ਸੰਸਥਾਵਾਂ ਇਸ ਮਾਮਲੇ ਵਿਚ ਇਕ ਦੂਜੇ ਨੂੰ ਪਛਾੜਨ ਦੀ ਦੌੜ ਵਿਚ ਹੀ ਸ਼ਾਮਲ ਹੋਏ ਹੋਏ ਹਨ। ਸਿੱਟੇ ਵਜੋਂ ਇਹ ਪ੍ਰਮਾਣਤ ਕਰਨ ਉੱਤੇ ਹੀ ਜ਼ਿਆਦਾ ਜ਼ੋਰ ਲੱਗਿਆ ਹੋਇਆ ਹੈ ਕਿ ਮੈਂ ਜਾਂ ਮੇਰੀ ਸੰਸਥਾ ਨੇ ਇਤਨੇ ਪ੍ਰਾਣੀਆਂ ਨੂੰ ਖੰਡੇ ਦੀ ਪਾਹੁਲ ਛਕਾਈ ਹੈ। ਕਈ ਥਾਈਂ ਤਾਂ ਗਿਣਤੀ ਵਧਾਉਣ ਲਈ ਹਰੇਕ ਤਰ੍ਹਾਂ ਦਾ ਹੱਥਕੰਡਾ ਅਪਣਾਇਆ ਜਾਂਦਾ ਹੈ। ਪਿੱਛੇ ਜਿਹੇ ਤਾਂ ਇਹ ਭੇਦ ਵੀ ਪ੍ਰਗਟ ਹੋਇਆ ਸੀ ਕਿ ਇਕ ਬਾਬਾ ਜੀ ਹਰੇਕ ਵਿਅਕਤੀ ਨੂੰ ਪਾਹੁਲ ਛਕਣ ਲਈ ਬਕਾਇਦਾ ਦਿਹਾੜੀਦਾਰ ਮਜ਼ਦੂਰਾਂ ਵਾਂਗ ਪੈਸਿਆਂ ਦੀ ਅਦਾਇਗੀ ਕਰਦੇ ਹਨ। ਇਕ ਨਗਰ ਵਿਖੇ ਪੈਸੇ ਲੈ ਕੇ ਖੰਡੇ ਦੀ ਪਾਹੁਲ ਛਕਣ ਵਾਲੇ ਇਕ ਭੇਖੀ ਸਿੰਘ ਨੂੰ ਜਦੋਂ ਪੰਜਾਂ ਪਿਆਰਿਆਂ ਵਿੱਚੋਂ ਇਕ ਸਿੰਘ ਨੇ ਪੁੱਛਿਆ ਕਿ ਤੁਸੀਂ ਤਾਂ ਕੁਝ ਦਿਨ ਪਹਿਲਾਂ ਹੀ ਪਿਛਲੇ ਨਗਰ ਵਿਚ ਵੀ ਖੰਡੇ ਦੀ ਪਾਹੁਲ ਲਈ ਸੀ ਹੁਣ ਦੁਬਾਰਾ ਛਕ ਰਹੇ ਹੋ। ਅੱਗੋਂ ਉਸ ਸਿੰਘ ਦਾ ਉੱਤਰ ਸੀ ਕਿ ਭਾਈ, ਤੂੰ ਆਪਣਾ ਕੰਮ ਕਰ, ਸਾਨੂੰ ਤਾਂ ਇਹ ਮਿੱਠਾ ਪਾਣੀ ਪੀਣ ਦਾ ਸੌ ਰੁਪਿਆ ਮਿਲਦਾ ਹੈ।

ਇਹੀ ਕਾਰਨ ਹੈ ਕਿ ਜੇਕਰ ਖੰਡੇ ਦੀ ਪਾਹੁਲ ਲੈਣ ਵਾਲਿਆਂ ਦੇ ਹਰੇਕ ਮਹੀਨੇ ਦੇ ਅੰਕੜੇ ਦੇਖੇ ਜਾਣ ਤਾਂ ਪੰਜਾਬ ਵਿਚ ਇਕ ਸਾਲ ਵਿਚ ਹੀ ਸਾਰੇ ਸਿੰਘ ਖੰਡੇ ਦੀ ਪਾਹੁਲ ਦੇ ਧਾਰਨੀ ਦਿਖਾਈ ਦੇਣ। ਪਰ ਅਜਿਹਾ ਕੁਝ ਵੀ ਦਿਖਾਈ ਨਹੀਂ ਦੇਂਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਜਾਬ ਵਿਚ ਤਾਂ ਦਸਤਾਰਾਂ ਹੀ ਅਲੋਪ ਹੋ ਰਹੀਆਂ ਹਨ।

ਇਸ ਲਈ ਇਹ ਸੇਵਾ ਨਿਭਾਉਣ ਵਾਲੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਸਿੱਖ ਸੰਗਤਾਂ ਵਿਚ ਖੰਡੇ ਦੀ ਪਾਹੁਲ ਛਕਣ ਦੀ ਜ਼ਰੂਰ ਪ੍ਰੇਰਨਾ ਕਰਨ, ਪ੍ਰੰਤੂ ਨਰਕਾਂ ਦਾ ਡਰ ਜਾਂ ਸੁਰਗਾਂ ਦਾ ਲਾਲਚ ਦੇ ਕੇ ਨਹੀਂ, ਬਲਕਿ ਇਸ ਨੂੰ ਗੁਰਮਤਿ ਦੀ ਜੀਵਨ-ਜੁਗਤਿ ਦਾ ਅੰਗ ਦਰਸਾ ਕੇ। ਜੇਕਰ ਗੁਰਮਤਿ ਦੇ ਇਸ ਪਹਿਲੂ ਨੂੰ ਮੁੱਖ ਰੱਖਾਂਗੇ ਤਾਂ ਕਿਸੇ ਨੂੰ ਭੇਖੀ ਜਾਂ ਕਿਸੇ ਹੋਰ ਅਜਿਹੇ ਵਿਸ਼ੇਸ਼ਣ ਨਾਲ ਸੰਬੋਧਨ ਕਰਨ ਦੀ ਲੋੜ ਨਹੀਂ ਪਵੇਗੀ। ਫਿਰ ਕੋਈ ਵਿਅਕਤੀ ਕੇਵਲ ਸਿੱਖੀ ਦਾ ਭੇਖ ਧਾਰ ਕੇ ਹੀ ਪੱਕਾ ਸਿੱਖ ਹੋਣ ਦਾ ਦਮਗਜਾ ਮਾਰ ਕੇ ਸਿੱਖੀ ਦੇ ਅਕਸ ਨੂੰ ਸ਼ਰ੍ਹੇਆਮ ਵਿਗਾੜਨ ਦੀ ਹਿੰਮਤ ਨਹੀਂ ਕਰ ਸਕੇਗਾ। ਭਾਈ ਗੁਰਦਾਸ ਜੀ ਦੇ ਨਿਮਨ-ਲਿਖਤ ਕਬਿੱਤ ਤੋਂ ਸੇਧ ਲੈਣੀ ਦੀ ਲੋੜ ਹੈ:

ਗਊ ਮੁਖ ਬਾਘੁ ਜੈਸੇ ਬਸੈ ਮ੍ਰਿਗ-ਮਾਲ ਬਿਖੈ,
ਕੰਗਨਾ ਪਹਿਰਿ ਜਿਉ ਬਿਲਈਆ ਖਗ ਮੋਹਈ।
ਜੈਸੇ ਬਗ ਧਿਆਨ ਧਾਰਿ ਕਰਤ ਅਹਾਰ ਮੀਨ,
ਗਨਿਕਾ ਸਿੰਗਾਰ ਸਾਜਿ ਬਿਭਚਾਰ ਜੋਹਈ।

ਪੰਚ ਬਟਵਾਰੋ ਭੇਖਧਾਰੀ ਜਿਉ ਸਘਾਤੀ ਹੋਇ,
ਅੰਤਿ ਫਾਸੀ ਡਾਰਿ ਮਾਰੈ ਦ੍ਰੋਹ ਕਰ ਦ੍ਰੋਹਈ।
ਕਪਟ ਸਨੇਹ ਕੈ ਮਿਲਤ ਸਾਧ ਸੰਗਤਿ ਮੈ,
ਚੰਦਨ ਸੁਗੰਧ ਬਾਂਸੁ ਗਠੀਲੋ ਨ ਬੋਹਈ॥੨੪੦॥

ਅਰਥ : ਜਿਵੇਂ ਕੋਈ ਸ਼ੇਰ ਗਊ ਵਾਲਾ (ਭੋਲਾ ਭਾਲਾ) ਮੂੰਹ ਬਣਾ ਕੇ ਹਿਰਨਾਂ ਦੀ ਡਾਰ ਵਿਚ ਆ ਵੜੇ ਅਤੇ ਜਿਵੇਂ ਕੋਈ ਬਿੱਲੀ (ਤੀਰਥ-ਯਾਤਰਾ ਤੋਂ ਆਈ ਦੱਸ ਕੇ) (ਪਵਿੱਤਰ ਧਾਗੇ ਦਾ) ਕੰਗਣਾ ਪਹਿਨ ਕੇ ਪੰਛੀਆਂ ਨੂੰ ਧੋਖਾ ਦੇਂਦੀ ਹੋਵੇ; ਜਿਵੇਂ ਬਗਲਾ ਸਮਾਧੀ (ਦਾ ਪਾਖੰਡ) ਰਚ ਕੇ ਮੱਛੀਆਂ ਖਾਂਦਾ ਹੈ ਅਤੇ (ਜਿਵੇਂ) ਵੇਸਵਾ (ਸਵਾਣੀਆਂ ਵਾਂਗ) ਸ਼ਿੰਗਾਰ ਲਾ ਕੇ, ਕਾਮਕ ਵਾਸ਼ਨਾ ਦੇ ਅਧੀਨ (ਕਾਮੀ ਪੁਰਸ਼ ਦਾ ਰਾਹ) ਤੱਕਦੀ ਹੈ। ਜਿਵੇਂ ਕੋਈ ਧਾੜਵੀ ਕਿਸੇ ਭੋਲੇ ਮਨੁੱਖ ਦਾ ਭੇਖ ਧਾਰ ਕੇ ਹਤਿਆਰਾ ਬਣ ਜਾਵੇ ਤਾਂ ਅਖ਼ੀਰ (ਕਿਸੇ ਨੂੰ ਵਿਸਾਹ ਦੇ ਕੇ) ਗਲ ਵਿਚ ਫਾਹੀ ਪਾ ਕੇ ਮਾਰ ਦੇਂਦਾ ਹੈ ਅਤੇ ਵਿਸਾਹ-ਘਾਤ ਕਰ ਕੇ ਧਰੋਹ ਕਮਾਉਣ ਵਾਲਾ ਹੁੰਦਾ ਹੈ। ਇਉਂ ਹੀ ਜੇ ਕੋਈ ਕਪਟੀ ਪਿਆਰ ਵਾਲਾ, ਸਾਧ ਸੰਗਤਿ ਵਿਚ ਆ ਕੇ ਮਿਲੇ ਤਾਂ (ਉਹ ਸਾਧ ਸੰਗਤਿ ਦੇ ਅਸਰ ਨੂੰ ਗ੍ਰਹਿਣ ਨਹੀਂ ਕਰਦਾ, ਜਿਵੇਂ ਕਿ) ਚੰਦਨ (ਦੇ ਕੋਲ ਵਸਦਾ) ਗੰਢਾਂ ਵਾਲਾ ਬਾਂਸ ਚੰਦਨ ਦੀ ਸੁਗੰਧੀ ਨਾਲ ਸੁਗੰਧਤ ਨਹੀਂ ਹੁੰਦਾ।

ਸੋ, ਭੇਖ ਦੀ ਪ੍ਰੀਭਾਸ਼ਾ ਉਹੀ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਕੇਸਾਧਾਰੀ ਮਨੁੱਖ ਨੂੰ ਭੇਖੀ ਨਹੀਂ ਕਿਹਾ ਜਾ ਸਕਦਾ। ਕੇਸ ਸਰੀਰ ਦਾ ਹਿੱਸਾ ਹਨ ਨਾ ਕਿ ਬਾਹਰੋਂ ਧਾਰਨ ਕੀਤਾ ਹੋਇਆ ਚਿੰਨ੍ਹ। ਇਸ ਲਈ ਸਾਬਤ ਸੂਰਤ ਰਹਿਣਾ ਭੇਖ ਨਹੀਂ ਹੈ; ਇਹ ਤਾਂ ਸਗੋਂ ਪ੍ਰਭੂ ਦੇ ਹੁਕਮ ਵਿਚ ਵਿਚਰਦਿਆਂ ਹੋਇਆਂ ਕੁਦਰਤੀ ਸਰੂਪ ਨੂੰ ਪਰਵਾਨ ਕਰਨਾ ਹੈ। ਇਸ ਕਿਰਿਆ ਨੂੰ ਭੇਖ ਕਿਵੇਂ ਕਿਹਾ ਜਾ ਸਕਦਾ ਹੈ? 'ਸਿੱਖ ਰਹਿਤ ਮਰਯਾਦਾ' ਵਿਚ ਅੰਕਤ ਇਹ ਸ਼ਬਦ ਵੀ ਧਿਆਨ ਦੇਣ ਯੋਗ ਹਨ :

"ਕੇਸ ਲੜਕੇ ਕੇ ਜੋ ਹੋਏ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ। ਕੇਸ ਉਹੀ (ਜਮਾਂਦਰੂ) ਰੱਖੇ... ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ।"

ਅੰਤ ਵਿਚ ਪਾਠਕਾਂ ਦਾ ਧਿਆਨ ਭਾਈ ਕਾਨ੍ਹ ਸਿੰਘ ਨਾਭਾ ਦੇ ਨਿਮਨ-ਲਿਖਤ ਸ਼ਬਦਾਂ ਵੱਲ ਦਿਵਾ ਰਹੇ ਹਾਂ, ਜਿਨ੍ਹਾਂ ਵਿਚ ਭਾਈ ਸਾਹਿਬ ਨੇ ਇਸ ਪੱਖੋਂ ਪੰਥ ਨੂੰ ਸੁਚੇਤ ਕੀਤਾ ਹੈ :

"ਸਿੱਖੀ ਦੇ ਭੇਖ ਵਿਚ ਆ ਕੇ ਕਪਟ ਭੇਖਧਾਰੀ ਅਨਮਤੀਏ ਬਹੁਤਾ ਨੁਕਸਾਨ ਕਰ ਸਕਦੇ ਹਨ, ਇਸ ਲਈ ਉਨ੍ਹਾਂ ਤੋਂ ਸਾਵਧਾਨ ਰਹਿਣਾ ਚਾਹੀਏ।"

[*ਨੋਟ :* ਸਿੱਖੀ ਜੀਵਨ-ਜੁਗਤਿ ਦਾ ਆਧਾਰ ਗੁਰੂ ਗ੍ਰੰਥ ਸਾਹਿਬ ਹੀ ਹਨ, ਪਰ ਚੂੰਕਿ ਤਨ ਦੀ ਰਹਿਤ ਦਾ ਵਰਣਨ ਰਹਿਤਨਾਮਿਆਂ ਵਿਚ ਹੈ ਅਤੇ ਉਪਰੋਕਤ ਤੁਕ ਵੀ ਰਹਿਤਨਾਮਿਆਂ ਵਿੱਚੋਂ ਹੈ, ਇਸ ਲਈ ਰਹਿਤ ਨਾਲ ਸੰਬੰਧਤ ਪ੍ਰਮਾਣ ਰਹਿਤਨਾਮਿਆਂ ਵਿੱਚੋਂ ਹੀ ਦਿੱਤੇ ਗਏ ਹਨ।]

ਕੀ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਵਿਚ ਕੋਈ ਫ਼ਰਕ ਹੈ ?

ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਹੀ ਗੁਰੂ ਸਾਹਿਬਾਨ ਇੱਕੋ ਜੋਤਿ ਅਤੇ ਜੁਗਤਿ ਦੇ ਧਾਰਨੀ ਸਨ। ਗੁਰਮਤਿ ਦੇ ਇਸ ਸਿਧਾਂਤ ਨੂੰ ਨਾ ਸਮਝਣ ਕਾਰਨ ਹੀ ਕਈ ਵਿਦਵਾਨਾਂ ਨੇ ਇਸ ਸੰਬੰਧ ਵਿਚ ਕਈ ਤਰ੍ਹਾਂ ਦੀਆਂ ਗਲਤ ਬਿਆਨੀਆਂ ਕੀਤੀਆਂ ਹਨ। ਇਕ ਤਾਂ ਇਹੋ ਜਿਹੇ ਵਿਦਵਾਨਾਂ ਦੀਆਂ ਅਜਿਹੀਆਂ ਲਿਖਤਾਂ ਅਤੇ ਦੂਜਾ ਕਈ ਸੱਜਣਾਂ ਵੱਲੋਂ ਤਨ ਦੀ ਰਹਿਤ ਉੱਤੇ ਹੀ ਜ਼ੋਰ ਦੇਣ ਕਾਰਨ, ਕਈ ਪ੍ਰਾਣੀ ਗੁਰੂ ਨਾਨਕ ਮਹਾਰਾਜ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਵਿਚ ਫ਼ਰਕ ਸਮਝਣ ਲੱਗ ਪਏ ਹਨ। ਇਸ ਗੱਲ ਤੋਂ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਖ਼ਾਲਸਈ ਰਹਿਤ ਵਿਚ ਤਨ ਦੀ ਰਹਿਤ ਦਾ ਇਕ ਵਿਸ਼ੇਸ਼ ਸਥਾਨ ਹੈ ਪ੍ਰੰਤੂ ਅਸੀਂ ਬਾਹਰਲੀ ਰਹਿਤ ਦੀ ਗੱਲ ਕਰਦਿਆਂ ਇਹ ਭੁੱਲ ਹੀ ਜਾਂਦੇ ਹਾਂ ਕਿ ਇਹ ਰਹਿਤ ਮਨ ਦੀ ਰਹਿਤ ਦਾ ਹੀ ਪ੍ਰਤੀਕ ਹੈ। ਜੇਕਰ ਅਸੀਂ ਮਨ ਦੀ ਰਹਿਤ ਤੋਂ ਵਾਂਝੇ ਹਾਂ ਤਾਂ ਤਨ ਦੀ ਰਹਿਤ ਦਾ ਕੋਈ ਅਰਥ ਨਹੀਂ ਰਹਿ ਜਾਂਦਾ, ਕਿਉਂਕਿ ਕੇਵਲ ਤਨ ਦੀ ਰਹਿਤ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਭੇਖ ਆਖਿਆ ਗਿਆ ਹੈ। ਭੇਖ ਨੂੰ ਸਿੱਖੀ ਦੀ ਜੀਵਨ-ਜੁਗਤਿ ਵਿਚ ਕਿਸੇ ਵੀ ਰੂਪ ਵਿਚ ਸਵੀਕਾਰ ਨਹੀਂ ਕੀਤਾ ਗਿਆ ਹੈ। ਧਿਆਨ ਰਹੇ, ਜਦ ਅਸੀਂ ਰਹਿਤਨਾਮੇ ਦੇ ਇਨ੍ਹਾਂ ਬੋਲਾਂ ਦਾ ਜ਼ਿਕਰ ਕਰਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ ਕਿ, "ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹਿ" ਤਾਂ ਇਨ੍ਹਾਂ ਸਤਰਾਂ ਦਾ ਭਾਵ ਕੇਵਲ ਤਨ ਦੀ ਰਹਿਤ ਤੋਂ ਹੀ ਨਹੀਂ ਹੈ।

ਖ਼ਾਲਸੇ ਦਾ ਨਿਆਰਾਪਣ ਕੇਵਲ ਤਨ ਦੀ ਰਹਿਤ ਕਾਰਨ ਹੀ ਨਹੀਂ ਹੈ, ਬਲਕਿ ਗੁਰੂ ਸਾਹਿਬਾਨ ਵੱਲੋਂ ਬਖ਼ਸ਼ਿਸ਼ ਕੀਤੀ ਜੀਵਨ-ਜਾਚ ਨੂੰ ਅਪਣਾਉਣ ਵਿਚ ਹੈ। ਬਾਹਰਲੀ ਅਥਵਾ ਤਨ ਦੀ ਰਹਿਤ ਨਾਲੋਂ ਅੰਦਰਲੀ/ਮਨ ਦੀ ਰਹਿਤ ਅਰਥਾਤ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਅਨੁਸਾਰ ਜੀਵਨ ਗੁਜ਼ਾਰਨਾ, ਵਧੇਰੇ ਕਠਿਨ ਹੈ। ਇਹੀ ਕਾਰਨ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਹੀ ਨਿਰਮਲ ਪੰਥ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਗੁਰਮਤਿ ਦੀ ਵਿਚਾਰਧਾਰਾ ਦਾ ਵਿਰੋਧ ਕਰਨ ਲੱਗ ਪਈਆਂ ਸਨ। ਭਾਈ ਗੁਰਦਾਸ ਜੀ ਦੀ ਨਿਮਨ-ਲਿਖਤ ਵਿਚ ਗੁਰਮਤਿ ਦੀ ਜੀਵਨ-ਜੁਗਤਿ ਦੀ ਵਿਲੱਖਣਤਾ ਦਾ ਹੀ ਵਰਣਨ ਹੈ:

(ੳ) **ਗੁਰਮੁਖਿ ਮਾਰਗ ਮੈ ਮਨਮੁਖ ਥਕਤ ਹ੍ਵੈ, ਲਗਨ ਸਗਨ ਮਾਨੇ ਕੈਸੇ ਮਨ ਮਾਨੀਐ ॥**
(ਕਬਿੱਤ ਸਵੱਯੇ)

ਅਰਥ : ਗੁਰਮੁਖਾਂ ਦੇ ਰਾਹ 'ਤੇ ਮਨਮੁਖ ਨਹੀਂ ਚੱਲ ਸਕਦਾ, ਕਿਉਂਕਿ ਲਗਨਾਂ ਸਗਨਾਂ ਨੂੰ ਮੰਨਣ ਵਾਲੇ ਦਾ ਮਨ ਕਿਵੇਂ ਗੁਰਮੁਖੀ ਮਾਰਗ 'ਤੇ ਚੱਲਣ ਲਈ ਪਤੀਜ ਸਕਦਾ ਹੈ।

(ਅ) **ਗੁਰਮੁਖਿ ਪੰਥੁ ਸੁਹੇਲੜਾ ਬਾਰਹ ਪੰਥ ਨ ਖੇਚਲ ਖਚੈ ॥** *(ਵਾਰ 5, ਪਉੜੀ 1)*

ਅਰਥ : ਗੁਰਮੁਖ ਪੰਥ ਨਿਰਮਲ ਹੈ, ਕਿਸੇ ਨਾਲ ਰਲਾਓ ਤਾਂ ਰਲਦਾ ਨਹੀਂ ਹੈ।

ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਵਿਚ ਫ਼ਰਕ ਸਮਝਣ ਦਾ ਕਾਰਨ ਇਕ ਇਹ ਗੱਲ ਵੀ ਬਣੀ ਹੈ ਕਿ ਅਸੀਂ ਖ਼ਾਲਸਾ ਪੰਥ ਦੀ ਵਿਆਖਿਆ ਕੁਝ ਇਸ ਤਰ੍ਹਾਂ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਸ ਤੋਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਜਿਵੇਂ ਖ਼ਾਲਸਾ ਪੰਥ ਗੁਰੂ ਨਾਨਕ ਪਾਤਸ਼ਾਹ ਦੇ ਨਿਰਮਲ ਪੰਥ ਨਾਲੋਂ ਬਿਲਕੁਲ ਹੀ ਭਿੰਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਵੱਲੋਂ ਜਿਸ ਪੰਥ ਦੀ ਨੀਂਹ ਰੱਖੀ ਗਈ, ਉਸ ਦਾ ਸਾਨੂੰ ਚਿਤ-ਚੇਤਾ ਹੀ ਨਾ ਰਿਹਾ। ਗੁਰੂ ਗ੍ਰੰਥ ਸਾਹਿਬ ਦੇ ਇਹ ਫ਼ੁਰਮਾਨ :

(ੳ) **ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥**
(ਵਾਰ ਰਾਮਕਲੀ ਰਾਇ ਬਲਵੰਡਿ, ਪੰਨਾ 966)

ਅਰਥ : ਉੱਚੇ ਨਾਮਣੇ ਵਾਲੇ ਗੁਰੂ ਨਾਨਕ ਦੇਵ ਜੀ ਨੇ ਸੱਚ-ਰੂਪ ਕਿਲ੍ਹਾ ਬਣਾ ਕੇ ਅਤੇ ਪੱਕੀ ਨੀਂਹ ਰੱਖ ਕੇ (ਧਰਮ ਦਾ) ਰਾਜ ਚਲਾਇਆ ਹੈ।

(ਅ) **ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥**
(ਸਵਈਏ ਮਹਲੇ ਚਉਥੇ ਕੇ, ਪੰਨਾ 1406)

ਅਰਥ : ਅਸਾਂ ਸਤਿਗੁਰੂ ਦੀ ਸੰਗਤਿ ਵਾਲਾ ਇਕ ਉੱਚਾ ਰਾਹ ਸੁਣਿਆ ਹੈ, ਉਸ ਵਿਚ ਮਿਲ ਕੇ ਅਸਾਂ ਜਮਾਂ ਦਾ ਡਰ ਮਿਟਾ ਲਿਆ ਹੈ।

ਭਾਈ ਗੁਰਦਾਸ ਜੀ ਦੇ ਨਿਮਨ-ਲਿਖਤ ਬੋਲ :

(ੳ) **ਪੂਰੇ ਪੂਰਾ ਪਿਰਮ ਰਸੁ ਪੂਰਾ ਗੁਰਮੁਖਿ ਪੰਥ ਚਲਾਇਆ ॥** *(ਵਾਰ 6, ਪਉੜੀ 1)*

ਅਰਥ : ਪੂਰੇ ਨੇ ਪੂਰਾ ਪ੍ਰੇਮ ਦਾ ਰਸ, ਅਤੇ ਪੂਰਾ ਗੁਰਮੁਖ ਪੰਥ ਚਲਾਇਆ ਹੈ।

(ਅ) **ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ ॥**
(ਵਾਰ 1, ਪਉੜੀ 31)

ਅਰਥ : ਗੁਰੂ ਨਾਨਕ ਸਾਹਿਬ ਨੇ ਸ਼ਬਦ ਨਾਲ ਸਾਰੀ ਸਿੱਧ ਮੰਡਲੀ ਜਿੱਤ ਲਈ ਅਤੇ ਆਪਣਾ ਪੰਥ ਵੱਖਰਾ ਕੀਤਾ।

(ੲ) **ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ ॥**
(ਵਾਰ 1, ਪਉੜੀ 45)

ਅਰਥ : ਗੁਰੂ ਨਾਨਕ ਮਹਾਰਾਜ ਨੇ ਸਾਰੇ ਸੰਸਾਰ ਵਿਚ ਹੁਕਮ ਰੂਪੀ ਸਿੱਕਾ ਤੋਰਿਆ ਅਤੇ ਨਿਰਮਲ ਪੰਥ ਚਲਾਇਆ।

ਭਾਈ ਸਾਹਿਬ ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਦਾ ਹੀ ਜ਼ਿਕਰ ਕਰ ਰਹੇ ਹਨ। ਇਸ ਨਿਰਮਲ ਪੰਥ ਦੇ ਪੈਰੋਕਾਰਾਂ ਨੂੰ ਹੀ 1699 ਦੀ ਵੈਸਾਖੀ ਨੂੰ ਖੰਡੇ ਦੀ ਪਾਹੁਲ ਦੀ ਬਖ਼ਸ਼ਸ਼ ਕਰ ਕੇ ਇਸ ਦੀ ਸੰਗਿਆ ਖ਼ਾਲਸਾ ਪੰਥ ਐਲਾਨੀ ਗਈ ਸੀ।

ਪਹਿਲੇ ਅਤੇ ਦਸਵੇਂ ਗੁਰੂ ਜੀ ਦੀ ਵਿਚਾਰਧਾਰਾ ਵਿਚ ਅੰਤਰ ਸਮਝਣ ਦਾ ਇਕ ਹੋਰ ਕਾਰਨ ਇਹ ਵੀ ਬਣਿਆ ਹੈ ਕਿ ਦਸਮੇਸ਼ ਪਾਤਸ਼ਾਹ ਨੇ ਖੰਡੇ ਦੀ ਪਾਹੁਲ ਬਖ਼ਸ਼ਸ਼ ਕਰ ਕੇ ਜੋ ਰਹਿਤ ਦ੍ਰਿੜ ਕਰਾਈ ਹੈ, ਅਸੀਂ ਉਸ ਦੀ ਵਿਆਖਿਆ ਇਸ ਢੰਗ ਨਾਲ ਕਰਨੀ ਸ਼ੁਰੂ ਕਰ ਦਿੱਤੀ ਜਿਸ ਤੋਂ ਇਹ ਪ੍ਰਤੀਤ ਹੋਣ ਲੱਗ ਪਿਆ ਕਿ ਇਹ ਸਭ ਕੁਝ ਦਸਵੇਂ ਪਾਤਸ਼ਾਹ ਦੇ ਸਮੇਂ ਹੀ ਸਿੱਖੀ ਦੀ ਰਹਿਤ ਦਾ ਅੰਗ ਬਣਿਆ ਹੋਵੇ। ਉਦਾਹਰਣ ਦੇ ਤੌਰ 'ਤੇ ਜਦ ਅਸੀਂ ਇਹ ਕਹਿੰਦੇ ਹਾਂ ਕਿ ਦਸਮੇਸ਼ ਪਾਤਸ਼ਾਹ ਜੀ ਨੇ ਖੰਡੇ ਦੀ ਪਾਹੁਲ ਦੀ ਬਖ਼ਸ਼ਸ਼ ਕਰ ਕੇ ਸਿਖਾਂ ਵਿੱਚੋਂ ਜਾਤਾਂ, ਗੋਤਾਂ ਦੇ ਸਭ ਵਿਤਕਰੇ ਖ਼ਤਮ ਕਰ ਦਿੱਤੇ, ਕੇਵਲ ਇਕ ਅਕਾਲ ਪੁਰਖ ਦੇ ਲੜ ਲਾਇਆ, ਪਿਛਲੇ ਕਰਮ, ਧਰਮ, ਕੁਲ ਸਭ ਨਾਸ਼ ਕਰ ਦਿੱਤੇ। ਅਸੀਂ ਇੰਜ ਆਖਣ ਲੱਗਿਆਂ ਇਹ ਨਹੀਂ ਵਿਚਾਰਦੇ ਕਿ ਗੁਰੂ ਨਾਨਕ ਸਾਹਿਬ ਦੇ ਚਰਨੀਂ ਲੱਗਣ ਵਾਲੇ ਗੁਰਸਿੱਖਾਂ ਨੇ ਵੀ ਇਨ੍ਹਾਂ ਗੱਲਾਂ ਦਾ ਤਿਆਗ ਕਰ ਕੇ ਹੀ ਗੁਰਸਿੱਖੀ ਦੀ ਦਾਤ ਹਾਸਲ ਕੀਤੀ ਸੀ। ਇਨ੍ਹਾਂ ਕਰਮਾਂ ਦਾ ਤਿਆਗ ਕਰਨ ਕਾਰਨ ਹੀ ਤਾਂ ਗੁਰੂ ਨਾਨਕ ਪਾਤਸ਼ਾਹ ਵੱਲੋਂ ਦਰਸਾਈ ਜੀਵਨ-ਜਾਚ ਨੂੰ ਅਪਣਾਉਣ ਵਾਲਿਆਂ ਦਾ, ਅਨਮਤੀ ਵਿਰੋਧ ਕਰ ਰਹੇ ਸਨ। ਸਰਕਾਰੇ ਦਰਬਾਰੇ ਜੋ ਹਜ਼ੂਰ ਵਿਰੁੱਧ ਸ਼ਿਕਾਇਤਾਂ ਹੋਈਆਂ, ਉਨ੍ਹਾਂ ਵਿਚ ਵੀ ਤਾਂ ਇਹ ਗੱਲ ਆਖੀ ਗਈ ਸੀ ਕਿ ਇਹ ਲੋਕ ਜਾਤ-ਪਾਤ, ਛੂਆ-ਛਾਤ ਵਿਚ ਵਿਸ਼ਵਾਸ ਨਹੀਂ ਕਰਦੇ; ਸਾਰੇ ਇਕ ਹੀ ਥਾਂ 'ਤੇ ਬੈਠ ਕੇ ਪਰਸ਼ਾਦਾ ਛਕਦੇ ਹਨ, ਆਦਿ।

ਕਈ ਸੱਜਣ ਇਹ ਕਹਿੰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਕੇਵਲ ਇਕ ਜੀਵਨ-ਜਾਚ ਹੀ ਮਨੁੱਖ ਦੇ ਸਾਹਮਣੇ ਰੱਖੀ ਸੀ, ਕੋਈ ਧਰਮ ਨਹੀਂ ਸੀ ਚਲਾਇਆ। ਅਜਿਹਾ ਕਹਿਣ ਵਾਲੇ ਸੱਜਣ ਇਹ ਭੁੱਲ ਜਾਂਦੇ ਹਨ ਕਿ ਗੁਰਦੇਵ ਨੇ ਆਪਣੇ ਜੀਵਨ ਦੇ ਅੰਤਿਮ ਪੜਾਅ ਵਿਚ ਕਰਤਾਰਪੁਰ ਵਿਖੇ ਇਸ ਜੀਵਨ-ਜਾਚ ਨੂੰ ਸਥਾਈ ਰੂਪ ਵਿਚ ਕਾਇਮ ਕਰਨ ਲਈ ਜਿਹੜੇ ਉਪਰਾਲੇ ਕੀਤੇ, ਉਨ੍ਹਾਂ ਵਿੱਚੋਂ ਹੀ ਇਕ ਗੁਰੂ ਅੰਗਦ ਸਾਹਿਬ ਨੂੰ ਆਪਣੇ ਹੱਥੀਂ ਆਪਣੇ ਸਿੰਘਾਸਨ 'ਤੇ ਬਿਠਾਉਣਾ ਸ਼ਾਮਲ ਸੀ। ਭਾਈ ਗੁਰਦਾਸ ਜੀ ਇਸ ਘਟਨਾ ਦਾ ਜ਼ਿਕਰ ਕਰਦਿਆਂ ਆਪਣੀ ਪਹਿਲੀ ਵਾਰ ਦੀ ਪੰਜਤਾਲਵੀਂ ਪਉੜੀ ਵਿਚ ਲਿਖਦੇ ਹਨ:

ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।
ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ ਵਟਾਇਆ।
ਲਖਿ ਨ ਕੋਈ ਸਕਈ ਆਚਰਜੇ ਆਚਰਜ ਦਿਖਾਇਆ।
ਕਾਇਆ ਪਲਟਿ ਸਰੂਪ ਬਣਾਇਆ।

ਗੁਰਗੱਦੀ ਦਾ ਇਹ ਸਿਲਸਿਲਾ ਇਸ ਗੱਲ ਦਾ ਹੀ ਪ੍ਰਮਾਣ ਹੈ ਕਿ ਗੁਰੂ ਸਾਹਿਬ ਬਕਾਇਦਾ ਦੁਨੀਆਂ ਦੇ ਪਲੇਟਫਾਰਮ 'ਤੇ ਇਕ ਅਜਿਹੇ ਨਿਰਮਲ ਪੰਥੀਆਂ ਦਾ ਰੂਪ ਉਭਾਰਨਾ ਚਾਹੁੰਦੇ ਸਨ, ਜਿਹੜੇ ਕੇਵਲ ਨਾਮ ਧਰਮ ਵਿਚ ਹੀ ਵਿਸ਼ਵਾਸ ਰੱਖਣ ਵਾਲੇ

ਹੋਣ। ਜਿਹੜੇ ਹਰੇਕ ਤਰ੍ਹਾਂ ਦੇ ਵਿਤਕਰਿਆਂ ਤੋਂ ਉਪਰ ਉੱਠ ਚੁੱਕੇ ਹੋਣ, ਜੋ ਜਾਤ-ਪਾਤ, ਇਲਾਕਾ, ਦੇਸ਼, ਧਰਮ, ਲਿੰਗ, ਰੰਗ-ਨਸਲ ਦੇ ਭੇਦ-ਭਾਵ ਤੋਂ ਰਹਿਤ ਹੋ ਕੇ ਕੇਵਲ ਤੇ ਕੇਵਲ ਇਕ ਅਕਾਲ ਪੁਰਖ ਵਿਚ ਹੀ ਵਿਸ਼ਵਾਸ ਰੱਖ ਕੇ, ਸਮੁੱਚੀ ਮਨੁੱਖਤਾ ਨੂੰ ਉਸ ਪ੍ਰਭੂ ਦੀ ਕਿਰਤ ਸਮਝ ਕੇ ਭਰਾਤ੍ਰੀ-ਭਾਵ ਦੇ ਧਾਰਨੀ ਹੋਣ। ਗੁਰੂ ਨਾਨਕ ਸਾਹਿਬ ਦੇ ਇਸ ਆਸ਼ੇ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਤਿਮ ਛੋਹ ਪ੍ਰਦਾਨ ਕਰਦਿਆਂ ਹੋਇਆਂ ਨਿਰਮਲ ਪੰਥ ਨੂੰ ਖ਼ਾਲਸਾ ਪੰਥ ਦੇ ਜਥੇਬੰਦਕ ਢਾਂਚੇ ਦੇ ਰੂਪ ਵਿਚ ਕਾਇਮ ਕਰ ਕੇ ਇਸ ਨੂੰ ਤਨ ਦੀ ਰਹਿਤ ਪ੍ਰਦਾਨ ਕੀਤੀ ਸੀ।

ਗੁਰੂ ਗੋਬਿੰਦ ਸਿੰਘ ਜੀ ਦੀ ਬਹੁਪੱਖੀ ਸ਼ਖ਼ਸੀਅਤ ਦਾ ਕੇਵਲ ਸੂਰਬੀਰਤਾ ਵਾਲਾ ਪੱਖ ਹੀ ਸਾਡੇ ਲੇਖਕਾਂ ਨੇ ਵਧੇਰੇ ਉਭਾਰਿਆ ਹੈ। ਜਿਸ ਕਾਰਨ ਆਮ ਵਿਅਕਤੀ ਇਹੀ ਸਮਝਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਕੇਵਲ ਇਕ ਮਹਾਨ ਯੋਧੇ ਸਨ, ਜਿਨ੍ਹਾਂ ਨੇ ਕੇਵਲ ਯੁੱਧ ਹੀ ਕੀਤੇ ਸਨ। ਸਾਡੇ ਇਹ ਲੇਖਕ ਦਸਮੇਸ਼ ਪਾਤਸ਼ਾਹ ਜੀ ਦੀ ਸ਼ਖ਼ਸੀਅਤ ਦਾ ਇਹ ਪੱਖ ਨਹੀਂ ਉਭਾਰ ਸਕੇ ਕਿ ਹਜ਼ੂਰ ਮੁੱਖ ਰੂਪ ਵਿਚ ਗੁਰੂ ਨਾਨਕ ਮਹਾਰਾਜ ਦੀ ਵਿਚਾਰਧਾਰਾ ਨੂੰ ਹੀ ਪ੍ਰਚਾਰਨ ਵਾਲੇ ਸਨ। ਤਲਵਾਰ ਤਾਂ ਗੁਰਦੇਵ ਨੂੰ ਮਜਬੂਰਨ ਉਠਾਉਣੀ ਪਈ ਸੀ। ਭਾਈ ਕਾਨ੍ਹ ਸਿੰਘ ਨਾਭਾ ਦੇ ਇਹ ਬੋਲ ਬਹੁਤ ਭਾਵ-ਪੂਰਤ ਹਨ :

> ਦੇਸ਼ ਤੇ ਅਨਯਾਯ ਹੁੰਦਾ ਵੇਖ ਕੇ ਅਤੇ ਭ੍ਰਮਜਾਲਾਂ ਵਿੱਚ ਲੋਕਾਂ ਨੂੰ ਫਸੇ ਜਾਣ ਕੇ, ਆਪ (ਗੁਰੂ ਗੋਬਿੰਦ ਸਿੰਘ ਜੀ) ਨੇ ਸ੍ਰੀ ਗੁਰੂ ਨਾਨਕ ਦੇਵ ਦੇ ਪ੍ਰਗਟ ਕੀਤੇ ਅਕਾਲੀ ਧਰਮ ਦਾ ਵੱਡੇ ਉਤਸ਼ਾਹ ਅਤੇ ਯਤਨ ਨਾਲ ਪ੍ਰਚਾਰ ਆਰੰਭਿਆ, ਜਿਸ ਤੋਂ ਪਹਾੜੀ ਰਾਜੇ ਅਰ ਸਮੇਂ ਦੇ ਹਾਕਮ ਸਤਿਗੁਰੂ ਦਾ ਸਿਧਾਂਤ ਸਮਝੇ ਬਿਨਾਂ, ਅਕਾਰਣ ਹੀ ਵੈਰੀ ਹੋ ਗਏ ਅਤੇ ਆਪ ਨੂੰ ਸਵੈ ਰਖਯਾ ਲਈ ਜੰਗ ਕਰਨੇ ਪਏ।

ਅਸੀਂ ਖ਼ਾਲਸਾ ਪੰਥ ਦੀ ਵਿਆਖਿਆ ਕੁਝ ਇਸ ਢੰਗ ਦੀ ਕਰਨ ਲੱਗ ਪਏ ਹਾਂ, ਜਿਸ ਤੋਂ ਇਹ ਪ੍ਰਭਾਵ ਪੈਂਦਾ ਹੈ ਜਿਵੇਂ ਖ਼ਾਲਸਾ ਪੰਥ ਨਿਰਮਲ ਪੰਥ ਤੋਂ ਇਕਦਮ ਅਲੱਗ ਹੈ। ਅਸੀਂ ਇਹ ਦੱਸਣ ਵਿਚ ਬੁਰੀ ਤਰ੍ਹਾਂ ਅਸਫਲ ਰਹੇ ਹਾਂ ਕਿ ਨਿਰਮਲ ਪੰਥ ਹੀ ਖ਼ਾਲਸਾ ਪੰਥ ਹੈ, ਜਿਸ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ। ਪੰਜ ਕਕਾਰਾਂ ਦੀ ਰਹਿਤ, ਸਿੱਖ ਦੀ ਅੰਦਰਲੀ ਰਹਿਤ ਦਾ ਲਖਾਇਕ ਹੈ। ਮਨ ਦੀ ਰਹਿਤ ਦੇ ਲਖਾਇਕ, ਇਨ੍ਹਾਂ ਚਿੰਨ੍ਹਾਂ ਦੀ ਕਿਉਂ ਲੋੜ ਪਈ? ਇਸ ਦੇ ਉੱਤਰ ਵਿਚ ਸੰਖੇਪ ਵਿਚ ਇਹੀ ਆਖਿਆ ਜਾ ਸਕਦਾ ਹੈ ਕਿ :

> ਧਾਰਮਿਕ ਵਲਵਲੇ ਜਦੋਂ ਜ਼ਾਹਰਾ ਰੂਪ ਧਾਰਦੇ ਹਨ ਤਾਂ ਉਹ ਧਰਮ ਦੇ ਚਿੰਨ੍ਹ ਰਸਮਾਂ ਤੇ ਰਿਵਾਜ ਬਣ ਜਾਂਦੇ ਹਨ। ਜਿਕੁਰ ਬੀਜ ਬੀਜ ਦੇਵੀਏ ਤਾਂ ਪਤ੍ਰ, ਫੁਲ ਟਾਹਣ ਆਪੇ ਹੀ ਨਿਕਲ ਆਂਵਦੇ ਹਨ, ਇਕੁਰ ਹੀ ਧਾਰਮਿਕ ਜੀਵਨ ਦੇ ਵਲਵਲੇ ਆਪਣੇ ਆਪ ਚਿੰਨ੍ਹ ਤੇ ਰਸਮਾਂ ਦਾ ਰੂਪ ਧਾਰ ਲੈਂਦੇ ਹਨ।
>
> *(ਭਾਈ ਜੋਧ ਸਿੰਘ, ਗੁਰਮਤਿ ਨਿਰਣਯ)*

ਸੋ, ਗੱਲ ਕੀ, ਕਕਾਰ ਸਿੱਖੀ ਦੀ ਰਹਿਤ ਦਾ ਇਕ ਅੰਗ ਹਨ, ਨਾ ਕਿ ਪੂਰੀ ਰਹਿਤ। ਜੇਕਰ ਕਕਾਰਾਂ ਦਾ ਧਾਰਨੀ ਅੰਦਰਲੀ ਰਹਿਤ ਤੋਂ ਸੱਖਣਾ ਹੈ ਤਾਂ ਐਸੇ ਸਿੱਖ

ਦੇ ਤਨ 'ਤੇ ਪਹਿਨੇ ਹੋਏ ਕਕਾਰ ਭੇਖ ਹਨ, ਅਤੇ ਭੇਖ ਦੀ ਗੁਰਮਤਿ ਰਹਿਣੀ ਵਿਚ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ ਹੈ।

ਹੇਠਾਂ ਰਹਿਤਨਾਮਿਆਂ ਵਿੱਚੋਂ ਖ਼ਾਲਸੇ ਦੀ ਰਹਿਤ ਨਾਲ ਸੰਬੰਧਤ ਕੁਝ ਕੁ ਰਹਿਤਾਂ ਦਾ ਵਰਣਨ ਕੀਤਾ ਜਾ ਰਿਹਾ ਹੈ ਤਾਂ ਕਿ ਅਸੀਂ ਇਹ ਦੇਖ ਸਕੀਏ ਕਿ ਦਸਮੇਸ਼ ਪਾਤਸ਼ਾਹ ਜੀ ਨੇ ਜੀਵਨ-ਮੁਕਤ ਹੋਣ ਲਈ ਉਹੀ ਰਹਿਤ ਦ੍ਰਿੜ੍ਹ ਕਰਵਾਈ ਹੈ ਜਿਹੜੀ ਗੁਰੂ ਨਾਨਕ ਸਾਹਿਬ ਤੋਂ ਸਿੱਖਾਂ ਨੂੰ ਦ੍ਰਿੜ੍ਹ ਕਰਵਾਈ ਜਾ ਰਹੀ ਸੀ:

> ਅਰੁ ਸਭ ਤੇ ਵਡੀ ਰਹਿਤ ਏਹ ਹੈ ਜੋ ਮਿਥਿਆ ਨਾ ਬੋਲੇ। ਮਰਦੁ ਹੋਇਕੈ ਪਰਨਾਰੀ ਕਾ ਸੰਗ ਨਾ ਕਰੈ, ਇਸਤ੍ਰੀ ਹੋਇਕੇ (ਪਰ) ਮਰਦਾਂ ਨੇ ਨਾ ਦੇਖੇ। ਲੋਭ ਨਾ ਕਰੈ, ਕ੍ਰੋਧ ਨਾ ਕਰੈ, ਅਹੰਕਾਰ ਨਾ ਕਰੈ, ਬਹੁਤ ਮੋਹ ਨ ਕਰੈ, ਨਿੰਦਿਆ ਨਾ ਕਰੈ। ਦੁਖਾਵੈ ਕਿਸੇ ਕੋ ਨਾਹੀ। ਮਿਠਾ ਬੋਲੇ। ਜੇ ਕੋਈ ਬੁਰਾ ਭਲਾ ਕਹੈ, ਮਨ ਬਿਖੈ ਲਿਆਵੈ ਨਾਹੀ। ਪਰਾਏ ਦਰਬੁ ਕਉ ਅੰਗੀਕਾਰੁ ਨਾ ਕਰੈ, ਧਰਮ ਕੀ ਕਿਰਤਿ ਕਰਿ ਖਾਇ।
>
> *(ਭਾਈ ਚਉਪਾ ਸਿੰਘ)*

ਬਾਹਰਲੀ ਰਹਿਤ ਦੇ ਧਾਰਨੀ ਪ੍ਰੰਤੂ ਅੰਦਰਲੀ ਰਹਿਤ ਤੋਂ ਸੱਖਣੇ ਸਿੱਖ ਬਾਰੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਗਿਆ ਹੈ:

> **ਬੇਦ ਰਹਿਤ ਜਿਮ ਦਿਜ ਨ ਸੁਹਾਵਤ। ਸੀਲ ਰਹਿਤ ਕੁਲ ਨਾਰ ਨਾ ਭਾਵਤ।**
> **ਬੇਗ ਰਹਿਤ ਜਿਮ ਬਾਜੀ ਹੀਨ। ਰਹਤ ਬਿਨਾ ਤਿਮ ਕੇਸ ਮਲੀਨ।**
> **ਜਿਉ ਕਾਹੂੰ ਲੈ ਗਧਾ ਨਵ੍ਹਾਇਓ। ਫੂਲ ਮਾਲ ਤਿਹ ਮੂੰਡ ਧਰਾਇਓ।**
> **ਤਿਹਕਰ ਤਾਕੀ ਸੋਭਾ ਨਾਹੀ। ਹਾਸੀ ਜੋਗ ਹੋਇ ਜਗ ਮਾਹੀ।**
> **ਤਿਮ ਕੁਰਹਤੀਏ ਕੇਸ ਰਖਾਏ। ਕਹੋ ਸੋ ਕੈਸੇ ਸੋਭਾ ਪਾਏ।**
> **ਰਹਤ ਸੁ ਕੇਸਨ ਕੋ ਅਤਿ ਭੂਖਣ। ਰਹਤ ਬਿਨਾ ਸਿਰ ਕੇਸ ਭੀ ਦੂਖਨ।**
> **ਰਹਤਵਾਨ ਜਗ ਸਿੰਘ ਜੇ ਕੋਈ। ਗੁਰ ਕੇ ਲੋਕ ਬਸੇਂਗੇ ਤੇਈ।**

ਕੇਵਲ ਬਾਹਰਲੀ ਰਹਿਤ ਦਾ ਧਾਰਨੀ ਹੋ ਕੇ ਅਸਲ ਸਿੱਖ ਹੋਣ ਦਾ ਭਰਮ ਪਾਲਣ ਵਾਲਿਆਂ ਨੂੰ ਸੁਚੇਤ ਕਰਦਿਆਂ ਕਿਹਾ ਹੈ:

> **ਗੁਰੂ ਕਾ ਸਿਖ ਕੇਸਾਂ ਦੇ ਅਹੰਕਾਰ ਕਰ ਸਿਖੀ ਨ ਗਵਾਵੈ। ਕੇਸ ਬਾਹਰ ਦੀ ਸਿਖੀ ਨਿਸ਼ਾਨੀ ਸਿਖੀ ਦੀ ਹੈ।** *(ਭਾਈ ਚੌਪਾ ਸਿੰਘ)*

ਖ਼ਾਲਸੇ ਦੀ ਰਹਿਣੀ ਦਾ ਵਰਣਨ ਕਰਦਿਆਂ ਆਖਿਆ ਹੈ:

> **ਖਾਲਸਾ ਸੋਇ ਜੋ ਨਿੰਦਾ ਤਿਆਗੈ।**
> **ਖਾਲਸਾ ਸੋਇ ਜੋ ਪੰਚ ਕਉ ਮਾਰੈ। ਖਾਲਸਾ ਸੋਇ ਭਰਮ ਕੋ ਸਾੜੈ।**
> **ਖਾਲਸਾ ਸੋਇ ਮਾਨ ਜੋ ਤਿਆਗੈ। ਖਾਲਸਾ ਸੋਇ ਪਰਤ੍ਰਿਆ ਤੇ ਭਾਗੈ।**
> **ਖਾਲਸਾ ਸੋਇ ਪਰਦ੍ਰਿਸਟਿ ਕਉ ਤਿਆਗੈ।** *(ਭਾਈ ਨੰਦ ਲਾਲ ਜੀ)*

ਖੰਡੇ ਦੀ ਪਾਹੁਲ ਛਕਣ ਦਾ ਵਰਣਨ ਕਰਦਿਆਂ ਜਿੱਥੇ ਇਹ ਆਖਿਆ ਹੈ:

> **ਪ੍ਰਥਮ ਰਹਤ ਯਹ ਜਾਨ ਖੰਡੇ ਕੀ ਪਾਹੁਲ ਛਕੇ**
> **ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ।**
> **ਪਾਂਚ ਸਿੰਘ ਅੰਮ੍ਰਿਤ ਦੇਵੈਂ। ਤਾਂ ਕੋ ਸਿਰ ਧਰਿ ਛਕਿ ਲੇਵੈਂ।** *(ਭਾਈ ਦੇਸਾ ਸਿੰਘ)*

ਮਤਾਂ ਕੋਈ ਸਿੱਖ ਕੇਵਲ ਖੰਡੇ ਦੀ ਪਾਹੁਲ ਛਕ ਕੇ ਹੀ ਆਪਣੇ ਆਪ ਨੂੰ ਖ਼ਾਲਸਈ ਰਹਿਤ ਦਾ ਧਾਰਨੀ ਨਾ ਸਮਝ ਲਏ, ਇਸ ਲਈ ਅਗਲੀਆਂ ਪੰਗਤੀਆਂ ਵਿਚ ਸਪੱਸ਼ਟ ਕਰ ਦਿੱਤਾ:

ਪੁਨ ਮਿਲਿ ਪਾਂਚਹੁ ਰਹਤ ਜੁ ਭਾਖਹਿਂ। ਤਾਂ ਕੋ ਮਨ ਮੈਂ ਦ੍ਰਿੜ ਕਰਿ ਰਾਖਹਿ ॥੭॥
ਕੁੜੀਮਾਰ ਆਦਿਕ ਹੈਂ ਜੇਤੇ। ਮਨ ਤੇ ਦੂਰ ਤਿਆਗੇ ਤੇਤੇ।
ਬਾਣੀ ਮਾਹਿ ਨੇਹੁ ਨਿਤ ਕਰਨੋ। ਚੁਗਲੀ ਨਿੰਦਾ ਅਰ ਪਰਹਰਨੋ ॥੮॥
ਪ੍ਰਥਮ ਰਹਤ ਏਹੀ ਹੈ ਕਹੀ। ਪਾਹੁਲ ਮੈਂ ਜੋ ਸਿੰਘਨ ਕਹੀ ॥...੯॥

(ਭਾਈ ਦੇਸਾ ਸਿੰਘ)

ਕੀ ਉਪਰੋਕਤ ਸੰਖੇਪ ਵਿਚ ਵਰਣਨ ਕੀਤੀ ਰਹਿਤਨਾਮਿਆਂ ਦੇ ਆਧਾਰਤ ਰਹਿਤ ਦਾ ਸਿੱਖ, ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਧਾਰਨੀ ਨਹੀਂ ਰਿਹਾ ਹੈ?

ਗੁਰੂ ਨਾਨਕ ਸਾਹਿਬ ਨੇ ਜੇਕਰ ਇਹ ਆਖਿਆ ਹੈ ਕਿ, "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ" ਤਾਂ ਉੱਤਰ ਵਿਚ "ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ" ਕਹਿ ਕੇ ਕੂੜ ਦੀ ਪਾਲ ਨੂੰ ਢਾਹ ਕੇ ਸਚਿਆਰ ਬਣਨ ਦੀ ਜੋ ਜੁਗਤੀ ਦੱਸੀ ਹੈ, ਕਲਗੀਧਰ ਪਾਤਸ਼ਾਹ ਨੇ ਵੀ ਇਹੀ ਜੁਗਤੀ ਹੀ ਦਰਸਾਈ ਹੈ, ਆਪ ਜੀ ਨੇ ਕੂੜ ਦੀ ਕੰਧ ਢਾਹ ਕੇ ਸਚਿਆਰ ਬਣਨ ਦਾ ਢੰਗ ਗੁਰੂ ਨਾਨਕ ਸਾਹਿਬ ਨਾਲੋਂ ਵੱਖਰਾ ਨਹੀਂ ਦਰਸਾਇਆ ਹੈ।

ਸਾਰੇ ਹੀ ਗੁਰੂ ਸਾਹਿਬਾਨ ਇੱਕੋ ਜੋਤਿ ਅਤੇ ਜੁਗਤਿ ਦੇ ਧਾਰਨੀ ਸਨ, ਕਿਉਂਕਿ ਗੁਰੂ ਅੰਗਦ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤਕ ਨੌਂ ਹੀ ਗੁਰੂ ਸਾਹਿਬਾਨ ਗੁਰੂ ਨਾਨਕ ਜੋਤਿ ਦੇ ਹੀ ਪ੍ਰਕਾਸ਼ ਸਨ। ਗੁਰੂ ਨਾਨਕ ਸਾਹਿਬ ਨੇ ਜਿਸ ਨਿਰਮਲ ਪੰਥ ਦੀ ਨੀਂਹ ਰੱਖੀ ਸੀ, ਬਾਕੀ ਗੁਰੂ ਸਾਹਿਬਾਨ ਨੇ ਸਮੇਂ ਸਮੇਂ ਉਸ ਨੂੰ ਹੀ ਪ੍ਰਫੁੱਲਿਤ ਕੀਤਾ ਹੈ।

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਵਾਰ ਰਾਮਕਲੀ ਰਾਇ ਬਲਵੰਡਿ, ਪੰਨਾ 966)

ਅਰਥ: (ਬਾਬਾ ਲਹਣਾ ਜੀ ਦੇ ਅੰਦਰ) ਉਹੀ (ਗੁਰੂ ਨਾਨਕ ਸਾਹਿਬ ਵਾਲੀ) ਜੋਤਿ ਸੀ, ਜੀਵਨ ਦਾ ਢੰਗ ਭੀ ਉਹੀ (ਗੁਰੂ ਨਾਨਕ ਸਾਹਿਬ ਵਾਲਾ) ਸੀ, ਗੁਰੂ (ਨਾਨਕ ਦੇਵ ਜੀ) ਨੇ (ਕੇਵਲ ਸਰੀਰ ਹੀ) ਮੁੜ ਵਟਾਇਆ ਸੀ।

ਭਾਈ ਗੁਰਦਾਸ ਜੀ ਆਪਣੀ ਛੱਬੀਵੀਂ ਵਾਰ ਦੀ ਇਕੱਤਵੀਂ ਪਉੜੀ ਵਿਚ ਇਸ ਸਿਧਾਂਤ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:

ਦੁਨੀਆਵਾ ਪਾਤਿਸਾਹੁ ਹੋਇ ਦੇਇ ਮਰੈ ਪੁਤੈ ਪਾਤਿਸਾਹੀ।
ਦੋਹੀ ਫੇਰੈ ਆਪਣੀ ਹੁਕਮੀ ਬੰਦੇ ਸਭ ਸਿਪਾਹੀ।
ਕੁਤਬਾ ਜਾਇ ਪੜ੍ਹਾਇਦਾ ਕਾਜੀ ਮੁੱਲਾਂ ਕਰੈ ਉਗਾਹੀ।
ਟਕਸਾਲੈ ਸਿਕਾ ਪਵੈ ਹੁਕਮੈ ਵਿਚਿ ਸਪੇਦੀ ਸਿਆਹੀ।
ਮਾਲੁ ਮੁਲਕੁ ਅਪਣਾਇਦਾ ਤਖਤ ਚੜਿ ਬੇਪਰਵਾਹੀ।
ਬਾਬਾਣੈ ਘਰਿ ਚਾਲ ਹੈ ਗੁਰਮੁਖਿ ਗਾਡੀ ਰਾਹੁ ਨਿਬਾਹੀ।

ਇਕ ਦੇਹੀ ਟਕਸਾਲ ਇਕ ਕੁਤਬਾ ਤਖਤੁ ਸਚਾ ਦਰਗਾਹੀ।
ਗੁਰਮੁਖਿ ਸੁਖ ਫਲੁ ਦਾਦਿ ਇਲਾਹੀ ॥੩੧॥੨੬॥

ਭਾਈ ਨੰਦ ਲਾਲ ਜੀ ਇਸ ਹਕੀਕਤ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ।
ਹਮਾ ਸ਼ਬਦਿ ਊ ਜੌਹਰੋ ਮਾਨਕ ਅਸਤ। *(ਜੋਤਿ ਵਿਗਾਸ)*

ਅਰਥ: ਉਹੀ ਗੁਰੂ ਗੋਬਿੰਦ ਸਿੰਘ ਹੈ ਅਤੇ ਉਹੀ ਗੁਰੂ ਨਾਨਕ ਗੁਰੂ ਹੈ, ਉਸ ਦੇ ਸ਼ਬਦ ਜਵਾਹਰਾਤ ਅਤੇ ਮਾਣਕ ਮੋਤੀ ਹਨ।)

ਸੋ, ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਚਾਰਧਾਰਾ ਵਿਚ ਕਿਸੇ ਤਰ੍ਹਾਂ ਦਾ ਕੋਈ ਭਿੰਨ-ਭੇਦ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਹੀ ਪ੍ਰਚਾਰਿਆ ਹੈ ਅਥਵਾ ਉਸ ਦੇ ਹੀ ਪ੍ਰਚਾਰਕ ਸਨ।

ਆਸਤਿਕ ਬਨਾਮ ਨਾਸਤਿਕ

ਭਾਰਤੀ ਦਰਸ਼ਨ ਵਿਚ ਰੱਬ ਦੀ ਹੋਂਦ, ਪ੍ਰਲੋਕ ਅਤੇ ਧਾਰਮਿਕ ਗ੍ਰੰਥਾਂ ਦੇ ਪ੍ਰਮਾਣਿਕਤਾ ਵਿਚ ਵਿਸ਼ਵਾਸ ਰੱਖਣ ਵਾਲੇ ਨੂੰ ਆਸਤਿਕ ਮੰਨਿਆ ਗਿਆ ਹੈ; ਅਤੇ ਜਿਹੜਾ ਵੇਦ ਨੂੰ ਪਰਮ ਪ੍ਰਮਾਣ ਨਹੀਂ ਮੰਨਦਾ, ਉਸ ਨੂੰ ਨਾਸਤਿਕ ਮੰਨਿਆ ਗਿਆ ਹੈ। ਇਸ ਤੋਂ ਇਲਾਵਾ ਉਹ ਮਨੁੱਖ ਵੀ ਨਾਸਤਿਕ ਮੰਨਿਆ ਗਿਆ ਹੈ ਜੋ ਪ੍ਰਲੋਕ ਅਤੇ ਮੌਤ ਤੋਂ ਬਾਅਦ ਦੇ ਜੀਵਨ ਵਿਚ ਵਿਸ਼ਵਾਸ ਨਹੀਂ ਰੱਖਦਾ। ਰੱਬ ਦੀ ਹੋਂਦ ਵਿਚ ਵਿਸ਼ਵਾਸ ਨਾ ਰੱਖਣ ਵਾਲੇ ਨੂੰ ਵੀ ਨਾਸਤਿਕ ਕਿਹਾ ਗਿਆ ਹੈ।

ਧਾਰਮਿਕ ਗ੍ਰੰਥਾਂ ਤੋਂ ਭਾਵ ਵਿਸ਼ੇਸ਼ ਤੌਰ 'ਤੇ ਵੇਦਾਂ ਤੋਂ ਹੀ ਲਿਆ ਗਿਆ ਹੈ। ਇਸ ਲਈ ਇਹ ਮੁਹਾਵਰਾ ਵੀ ਪ੍ਰਚੱਲਿਤ ਰਿਹਾ ਹੈ ਕਿ ਵੇਦਾਂ ਦੀ ਨਿੰਦਿਆ ਕਰਨ ਵਾਲਾ ਨਾਸਤਿਕ ਹੈ। ਇਸ ਮਨੌਤ ਅਨੁਸਾਰ ਹੀ ਵੇਦਾਂ ਨੂੰ ਪ੍ਰਮਾਣਿਕ ਮੰਨਣ ਵਾਲੇ ਛੇ ਦਰਸ਼ਨਾਂ ਨਿਆਇ, ਵੈਸ਼ੇਸ਼ਿਕ, ਸਾਂਖ, ਯੋਗ, ਪੂਰਬ ਮੀਮਾਂਸਾ ਅਤੇ ਉੱਤਰ ਮੀਮਾਂਸਾ ਨੂੰ ਆਸਤਿਕ ਦਰਸ਼ਨ ਮੰਨਿਆ ਗਿਆ ਹੈ। ਬੋਧ, ਜੈਨ ਅਤੇ ਚਾਰਵਾਕ ਨੂੰ ਨਾਸਤਿਕ ਆਖਿਆ ਗਿਆ ਹੈ; ਕਿਉਂਕਿ ਇਹ ਮਤ ਵੇਦਾਂ ਦੀ ਪ੍ਰਮਾਣਿਕਤਾ ਨੂੰ ਨਹੀਂ ਮੰਨਦੇ। ਇਸ ਧਾਰਨਾ ਕਾਰਨ ਭਾਵੇਂ ਕੋਈ ਈਸ਼ਵਰ ਵਿਚ ਵਿਸ਼ਵਾਸ ਨਹੀਂ ਰੱਖਦਾ ਸੀ, ਪਰ ਵੇਦਾਂ ਨੂੰ ਪ੍ਰਮਾਣਿਕ ਮੰਨਣ ਕਾਰਨ ਉਨ੍ਹਾਂ ਨੂੰ ਆਸਤਿਕ ਮੰਨ ਲਿਆ ਗਿਆ। ਵੇਦਾਂ ਨੂੰ ਪ੍ਰਮਾਣਿਕ ਮੰਨਣ ਕਾਰਨ ਆਸਤਿਕ ਆਖੇ/ਸਮਝੇ ਜਾਂਦੇ ਛੇ ਦਰਸ਼ਨਾਂ ਵਿੱਚੋਂ ਅਕਾਲ ਪੁਰਖ ਦੀ ਹੋਂਦ ਵਿਚ ਵਿਸ਼ਵਾਸ ਰੱਖਣ ਵਾਲੇ ਕੇਵਲ ਚਾਰ ਦਰਸ਼ਨ ਨਿਆਇ, ਵੈਸ਼ੇਸ਼ਿਕ, ਯੋਗ ਅਤੇ ਵੇਦਾਂਤ ਹੀ ਹਨ; ਸਾਂਖ ਅਤੇ ਪੂਰਬ ਮੀਮਾਂਸਾ ਸ੍ਰਿਸ਼ਟੀ ਕਰਤਾ ਰੱਬ ਨੂੰ ਨਹੀਂ ਮੰਨਦੇ। ਪਰ ਚੂੰਕਿ ਇਹ ਵੇਦਾਂ ਨੂੰ ਪ੍ਰਮਾਣਿਕਤਾ ਮੰਨਦੇ ਹਨ, ਇਸ ਲਈ ਇਨ੍ਹਾਂ ਨੂੰ ਵੀ ਆਸਤਿਕ ਮੰਨਿਆ ਗਿਆ ਹੈ।

ਸਿੱਖ ਮਤ ਦਾ ਪ੍ਰਭੂ ਦੀ ਹੋਂਦ ਵਿਚ ਅਟੁੱਟ ਵਿਸ਼ਵਾਸ ਹੈ ਅਤੇ ਰੱਬ ਨੂੰ ਸਾਰੇ ਪਸਾਰੇ ਦਾ ਕਰਤਾ ਹੀ ਨਹੀਂ, ਸਗੋਂ ਕਣ-ਕਣ ਵਿਚ ਵਿਆਪਕ ਮੰਨਿਆ ਹੈ। ਅਕਾਲ ਪੁਰਖ ਨੂੰ ਹੀ ਪਾਲਣਹਾਰ ਅਤੇ ਨਾਸ਼ ਕਰਤਾ ਮੰਨਿਆ ਹੈ। ਗੁਰਬਾਣੀ ਦੇ ਨਿਮਨ-ਲਿਖਤ ਫ਼ੁਰਮਾਨ ਵਿੱਚੋਂ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

ਸਗਲੀ ਬਣਤ ਬਣਾਈ ਆਪੇ॥ ਆਪੇ ਕਰੇ ਕਰਾਏ ਥਾਪੇ॥
ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ॥

(ਮਾਝ ਮਹਲਾ ੫, ਪੰਨਾ 131)

ਅਰਥ : ਸਾਰੀ ਬਣਤਰ ਪਰਮਾਤਮਾ ਨੇ ਆਪ ਹੀ ਬਣਾਈ ਹੈ, (ਸਭ ਜੀਵਾਂ ਵਿਚ ਵਿਆਪਕ ਹੋ ਕੇ) ਉਹ ਆਪ ਹੀ ਸਭ ਕੁਝ ਕਰਦਾ ਹੈ ਤੇ (ਜੀਵਾਂ ਪਾਸੋਂ) ਕਰਵਾਉਂਦਾ ਹੈ, ਉਹ ਆਪ ਹੀ ਜਗਤ ਦੀ ਸਾਰੀ ਖੇਡ ਚਲਾ ਰਿਹਾ ਹੈ। ਹੇ ਨਾਨਕ! ਉਹ ਆਪ ਹੀ ਆਪਣੇ ਇੱਕ ਸਰੂਪ ਤੋਂ ਬੇਅੰਤ ਰੂਪਾਂ ਰੰਗਾਂ ਵਾਲਾ ਬਣਿਆ ਹੋਇਆ ਹੈ। (ਇਹ ਸਾਰਾ ਬਹੁ-ਰੰਗੀ ਜਗਤ) ਉਸ ਇੱਕ ਵਿਚ ਹੀ ਲੀਨ ਹੋ ਜਾਂਦਾ ਹੈ।

ਪ੍ਰੰਤੂ ਗੁਰਮਤਿ ਵਿਚ ਵੇਦਾਂ ਨੂੰ ਪ੍ਰਮਾਣਿਕ ਗ੍ਰੰਥ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ ਗਿਆ ਹੈ। ਗੁਰੂ ਸਾਹਿਬ ਨੇ ਵੇਦ-ਬਾਣੀ ਨਾਲੋਂ ਗੁਰਬਾਣੀ ਦਾ ਅੰਤਰ ਦਰਸਾ ਕੇ ਗੁਰਮਤਿ ਦਰਸ਼ਨ ਦੀ ਸ੍ਰੇਸ਼ਟਤਾ ਨੂੰ ਸਪੱਸ਼ਟ ਰੂਪ ਵਿਚ ਇਉਂ ਦਰਸਾਇਆ ਹੈ :

ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ ਬੀਚਾਰੁ ॥
ਦੇ ਦੇ ਲੈਣਾ ਲੈ ਲੈ ਦੇਣਾ ਨਰਕਿ ਸੁਰਗਿ ਅਵਤਾਰ ॥
ਉਤਮ ਮਧਿਮ ਜਾਤੀਂ ਜਿਨਸੀ ਭਰਮਿ ਭਵੈ ਸੰਸਾਰੁ ॥
ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥
ਨਾਨਕ ਅਗਹੁ ਹਉਮੈ ਤੁਟੈ ਤਾਂ ਕੋ ਲਿਖੀਐ ਲੇਖੈ ॥

(ਵਾਰ ਸਾਰੰਗ, ਮਹਲਾ ੨, ਪੰਨਾ 1243)

ਅਰਥ : (ਜੋ) ਤਾਲੀਮ ਵੇਦਾਂ ਨੇ ਲਿਆਂਦੀ (ਭਾਵ, ਦਿੱਤੀ), (ਉਸ ਵਿਚ ਇਹ) ਵਿਚਾਰ ਹੈ ਕਿ ਪਾਪ ਕੀ ਹੈ ਤੇ ਪੁੰਨ ਕੀ ਹੈ, (ਉਸ ਤਾਲੀਮ ਨੇ ਇਹ ਦੱਸਿਆ ਹੈ ਕਿ ਹੱਥੋਂ) ਦੇ ਕੇ ਹੀ (ਮੁੜ) ਲਈਦਾ ਹੈ ਤੇ ਜੋ ਕੁਝ ਕਿਸੇ ਤੋਂ ਲੈਂਦੇ ਹਾਂ, ਉਹ (ਅਗਲੇ ਜਨਮ ਵਿਚ) ਮੋੜੀਦਾ ਹੈ, (ਆਪਣੇ ਕੀਤੇ ਕਰਮਾਂ ਅਨੁਸਾਰ) ਨਰਕ ਵਿਚ ਜਾਂ ਸੁਰਗ ਵਿਚ ਅੱਪੜੀਦਾ ਹੈ। (ਇਸ ਤਾਲੀਮ ਅਨੁਸਾਰ) ਦੁਨੀਆਂ ਉੱਚੀਆਂ ਨੀਵੀਆਂ ਜਾਤਾਂ ਤੇ ਕਈ ਕਿਸਮਾਂ ਦੇ ਵਹਿਮਾਂ ਵਿਚ ਖ਼ੁਆਰ ਹੁੰਦੀ ਹੈ।

(ਪਰ ਜੋ) ਬਾਣੀ ਗੁਰੂ ਨੇ ਉਚਾਰੀ ਹੈ, (ਜਿਸ ਦੇ ਡੂੰਘੇ ਭੇਤ ਨੂੰ) ਗੁਰੂ ਨੇ ਸਮਝਿਆ ਹੈ ਤੇ (ਜਿਸ ਨੂੰ) ਸੁਰਤਿਆਂ ਨੇ ਜਪਿਆ ਹੈ, ਉਹ ਬਾਣੀ ਨਾਮ-ਅੰਮ੍ਰਿਤ ਨਾਲ ਭਰੀ ਹੋਈ ਹੈ, (ਭਾਵ ਪ੍ਰਭੂ ਦੇ ਅੰਮ੍ਰਿਤ-ਮਈ ਗੁਣਾਂ) ਤੇ ਪ੍ਰਭੂ ਦੇ ਗੁਣ ਬਿਆਨ ਕਰਦੀ ਹੈ, ਇਹ ਬਾਣੀ ਪ੍ਰਭੂ ਦੇ ਗੁਣਾਂ ਦੀ ਵਿਚਾਰ ਕੀਤਿਆਂ ਤੇ ਪ੍ਰਭੂ ਵਿਚ ਸੁਰਤਿ ਜੋੜਿਆਂ ਪ੍ਰਗਟ ਹੋਈ ਹੈ। (ਇਹ ਬਾਣੀ ਦੱਸਦੀ ਹੈ ਕਿ) ਪਰਮਾਤਮਾ ਨੇ ਆਪਣੀ ਹੁਕਮ (-ਰੂਪ ਸੱਤਿਆ) ਸਾਜ ਕੇ (ਸਭ ਜੀਵਾਂ ਨੂੰ) ਆਪਣੇ ਹੁਕਮ ਵਿਚ ਹੀ ਰੱਖਿਆ ਹੈ ਤੇ ਹੁਕਮ ਵਿਚ ਹੀ ਸੰਭਾਲ ਕਰਦਾ ਹੈ। ਹੇ ਨਾਨਕ! (ਇਸ ਬਾਣੀ ਦੀ ਬਰਕਤ ਨਾਲ) ਪਹਿਲਾਂ (ਜੀਵ ਦੀ) ਹਉਮੈ ਦੂਰ ਹੁੰਦੀ ਹੈ ਤਾਂ ਜੀਵ ਪ੍ਰਭੂ ਦੀ ਹਜ਼ੂਰੀ ਵਿਚ ਪ੍ਰਵਾਨ ਹੁੰਦਾ ਹੈ।

[*ਨੋਟ :* ਉਪਰੋਕਤ ਮੁਹਾਵਰੇ ਅਨੁਸਾਰ ਸਿੱਖ ਧਰਮ ਦੀ ਗਿਣਤੀ ਨਾਸਤਿਕ ਦਰਸ਼ਨ ਵਿਚ ਹੁੰਦੀ ਹੈ।]

ਆਧੁਨਿਕ ਕਾਲ ਵਿਚ ਕੁਝ ਵਿਦਵਾਨ ਆਸਤਿਕ ਦੀ ਪ੍ਰੀਭਾਸ਼ਾ ਉਪਰੋਕਤ

ਪ੍ਰੀਭਾਸ਼ਾ ਨਾਲੋਂ ਅਲੱਗ ਕਰਨ ਲੱਗ ਪਏ ਹਨ। ਆਸਤਿਕ ਦੀ ਨਵੀਨ ਪ੍ਰੀਭਾਸ਼ਾ ਅਨੁਸਾਰ ਜੀਵਨ ਦੀਆਂ ਉੱਚ ਕਦਰਾਂ-ਕੀਮਤਾਂ ਅਰਥਾਤ ਸੱਚ, ਨੇਕੀ ਅਤੇ ਸੁੰਦਰਤਾ ਦੀ ਹੋਂਦ ਅਤੇ ਇਨ੍ਹਾਂ ਦੀ ਪ੍ਰਾਪਤੀ ਵਿਚ ਵਿਸ਼ਵਾਸ ਰੱਖਣ ਵਾਲਾ ਆਸਤਿਕ ਹੈ। ਕਈ ਵਿਚਾਰਵਾਨ ਕੇਵਲ ਦ੍ਰਿਸ਼ਟਮਾਨ ਪਦਾਰਥਾਂ ਵਿਚ ਹੀ ਵਿਸ਼ਵਾਸ ਕਰਦੇ ਹਨ। ਅਜਿਹੀ ਧਾਰਨਾ ਰੱਖਣ ਵਾਲੇ ਆਤਮਾ, ਪ੍ਰਲੋਕ, ਈਸ਼ਵਰ ਅਤੇ ਜੀਵਨ ਤੋਂ ਪਰਾਂ ਦੇ ਮੁੱਲਾਂ ਵਿਚ ਵਿਸ਼ਵਾਸ ਨਹੀਂ ਕਰਦੇ। ਇਨ੍ਹਾਂ ਦਾ ਮੰਨਣਾ ਹੈ ਕਿ ਵਿਗਿਆਨ ਦੁਆਰਾ ਇਹ ਸਿੱਧ ਨਹੀਂ ਹੁੰਦੇ। ਇਹ ਕੇਵਲ ਦਾਰਸ਼ਨਿਕ ਕਲਪਨਾਂ ਹਨ, ਇਸ ਲਈ ਇਨ੍ਹਾਂ ਵਿਚ ਕੋਈ ਸਚਾਈ ਨਹੀਂ ਹੈ। ਇਸ ਤਰ੍ਹਾਂ ਦੀ ਸੋਚ ਰੱਖਣ ਵਾਲਿਆਂ ਅਨੁਸਾਰ ਆਸਤਿਕ ਉਹੀ ਹੈ ਜੋ ਸੰਸਾਰਕ ਸ਼ਕਤੀ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਦਰਸ਼ਨ ਦੀਆਂ ਮਿਥਿਅਕ ਕਲਪਨਾਵਾਂ ਤੋਂ ਮੁਕਤ ਹੈ। ਇਸ ਪ੍ਰੀਭਾਸ਼ਾ ਅਨੁਸਾਰ ਭਾਰਤ ਦਾ ਕੇਵਲ ਚਾਰਵਾਕ ਮਤ ਹੀ ਆਸਤਿਕ ਹੈ।

ਗੁਰਮਤਿ ਵਿਚ ਆਸਤਿਕਤਾ ਦਾ ਆਧਾਰ ਅਕਾਲ ਪੁਰਖ ਦੀ ਹੋਂਦ ਵਿਚ ਅਤੁੱਟ ਵਿਸ਼ਵਾਸ, ਪ੍ਰਭੂ ਦੀ ਰਜ਼ਾ ਵਿਚ ਵਿਚਰਦਿਆਂ, ਮਨੁੱਖੀ ਕਦਰਾਂ-ਕੀਮਤਾਂ ਨੂੰ ਅਪਣਾਉਣਾ ਹੈ। ਨਾਸਤਿਕ ਉਹ ਹੈ ਜਿਹੜਾ ਇਸ ਰਹਿਣੀ ਵਿਚ ਵਿਸ਼ਵਾਸ ਨਹੀਂ ਕਰਦਾ ਅਥਵਾ ਇਸ ਦਾ ਧਾਰਨੀ ਨਹੀਂ ਹੈ। ਜੇਕਰ ਕੋਈ ਪ੍ਰਾਣੀ ਇਸ ਜੀਵਨ-ਜੁਗਤਿ ਵਿਚ ਭਰੋਸਾ ਤਾਂ ਰੱਖਦਾ ਹੈ ਪਰ ਇਸ ਦਾ ਧਾਰਨੀ ਨਹੀਂ, ਤਾਂ ਉਸ ਵਿਅਕਤੀ ਦੀ ਗਿਣਤੀ ਆਸਤਿਕਾਂ ਵਿਚ ਨਹੀਂ, ਬਲਕਿ ਨਾਸਤਿਕਾਂ ਵਿਚ ਹੀ ਕੀਤੀ ਗਈ ਹੈ। ਇਹੀ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਮਨੁੱਖਾਂ ਨੇ ਧਾਰਮਿਕ ਲਿਬਾਸ ਤਾਂ ਪਹਿਨਿਆ ਹੋਇਆ ਹੈ, ਪਾਠ-ਪੂਜਾ ਅਤੇ ਹੋਰ ਧਰਮ ਕਰਮ ਵੀ ਕਰਦੇ ਹਨ, ਪਰ ਜੇਕਰ ਉਹ ਇਸ ਜੀਵਨ-ਜੁਗਤਿ ਤੋਂ ਸੱਖਣੇ ਹਨ, ਤਾਂ ਉਨ੍ਹਾਂ ਨੂੰ ਧਰਮੀ ਅਥਵਾ ਆਸਤਿਕ ਮੰਨਣ ਦੀ ਥਾਂ, ਉਨ੍ਹਾਂ ਨੂੰ ਮੂਰਖ, ਪਾਖੰਡੀ ਆਦਿ ਕਿਹਾ ਗਿਆ ਹੈ। ਇਸ ਤਰ੍ਹਾਂ ਦੀ ਜ਼ਿੰਦਗੀ ਜਿਉਣ ਵਾਲਿਆਂ ਨੂੰ ਸਪੱਸ਼ਟ ਰੂਪ ਵਿਚ ਇਹ ਦਰਸਾਇਆ ਹੈ ਕਿ ਜੇਕਰ ਉਨ੍ਹਾਂ ਨੇ ਜੀਵਨ ਦੀਆਂ ਉੱਚ ਕਦਰਾਂ-ਕੀਮਤਾਂ ਨੂੰ ਨਹੀਂ ਅਪਣਾਇਆ ਤਾਂ ਉਨ੍ਹਾਂ ਨੂੰ ਭੇਖ, ਧਰਮ ਕਰਮ, ਪਾਠ-ਪੂਜਾ ਆਦਿ ਨਾਲ ਕੋਈ ਲਾਭ ਨਹੀਂ ਹੋਣ ਲੱਗਾ:

> ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥
> ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥੧॥
> ਭਰਮੇ ਭੂਲੀ ਰੇ ਜੈ ਚੰਦਾ ॥ ਨਹੀ ਨਹੀ ਚੀਨਿ੍ਆ ਪਰਮਾਨੰਦਾ ॥੧॥ਰਹਾਉ ॥
> ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥
> ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥੨॥
> ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥
> ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥੩॥
> ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥
> ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥੪॥
>
> *(ਗੂਜਰੀ ਸ੍ਰੀ ਤ੍ਰਿਲੋਚਨ ਜੀ, ਪੰਨੇ 525-26)*

ਅਰਥ: ਜੇ (ਕਿਸੇ ਮਨੁੱਖ ਨੇ) ਅੰਦਰਲਾ ਮਲੀਨ (ਮਨ) ਸਾਫ਼ ਨਹੀਂ ਕੀਤਾ, ਪਰ ਬਾਹਰ (ਸਰੀਰ ਉੱਤੇ) ਸਾਧੂਆਂ ਵਾਲਾ ਬਾਣਾ ਧਾਰਨ ਕੀਤਾ ਹੋਇਆ ਹੈ, ਜੇ ਉਸ ਨੇ ਆਪਣੇ ਹਿਰਦੇ-ਰੂਪ ਕਉਲ ਨੂੰ ਨਹੀਂ ਪਰਖਿਆ, ਜੇ ਉਸ ਨੇ ਆਪਣੇ ਅੰਦਰ ਪਰਮਾਤਮਾ ਨਹੀਂ ਵੇਖਿਆ, ਤਾਂ (ਐਸੇ) ਸੰਨਿਆਸ ਧਾਰਨ ਕਰਨ ਦਾ ਕੋਈ ਲਾਭ ਨਹੀਂ। ਹੇ ਜੈ ਚੰਦਾ! ਸਾਰੀ ਲੋਕਾਈ (ਇਸੇ ਭੁਲੇਖੇ ਵਿਚ) ਭੁੱਲੀ ਪਈ ਹੈ (ਕਿ ਨਿਰਾ ਫ਼ਕੀਰੀ ਭੇਖ ਧਾਰਿਆਂ ਪਰਮਾਤਮਾ ਮਿਲ ਪੈਂਦਾ ਹੈ, ਪਰ ਇਹ ਗ਼ਲਤ ਹੈ, ਇਸ ਤਰ੍ਹਾਂ) ਪਰਮਾਨੰਦ ਪ੍ਰਭੂ ਦੀ ਸੋਝੀ ਕਦੇ ਭੀ ਨਹੀਂ ਪੈਂਦੀ। (ਜਿਸ ਮਨੁੱਖ ਨੇ) ਘਰ ਘਰ ਤੋਂ (ਮੰਗ ਕੇ ਟੁੱਕਰ) ਖਾ ਲਿਆ, (ਆਪਣੇ) ਸਰੀਰ ਨੂੰ ਚੰਗਾ ਪਾਲ ਲਿਆ, ਗੋਦੜੀ ਪਹਿਨ ਲਈ, ਮੁੰਦ੍ਰਾਂ ਭੀ ਪਾ ਲਈਆਂ, (ਪਰ ਸਭ ਕੁਝ) ਮਾਇਆ ਦੀ ਖ਼ਾਤਰ ਹੀ (ਕੀਤਾ), ਮਸਾਣਾਂ ਦੀ ਧਰਤੀ ਦੀ ਸੁਆਹ ਭੀ (ਪਿੰਡੇ) ਮਲ ਲਈ, ਪਰ ਜੇ ਉਹ ਗੁਰੂ ਦੇ ਰਾਹ 'ਤੇ ਨਹੀਂ ਤੁਰਿਆ ਤਾਂ ਇਸ ਤਰ੍ਹਾਂ ਤੱਤਾਂ ਦੀ ਪ੍ਰਾਪਤੀ ਨਹੀਂ ਹੁੰਦੀ। ਹੇ ਭਾਈ! ਕਿਉਂ (ਗਿਣੇ ਮਿੱਥੇ) ਜਪ ਕਰਦੇ ਹੋ ? ਕਿਉਂ ਤਪ ਸਾਧਦੇ ਹੋ ? ਕਾਹਦੇ ਲਈ ਪਾਣੀ ਰਿੜਕਦੇ ਹੋ ? (ਹੱਠ ਨਾਲ ਕੀਤੇ ਹੋਏ ਇਹ ਸਾਧਨ ਤਾਂ ਪਾਣੀ ਰਿੜਕਣ ਸਮਾਨ ਹਨ); ਉਸ ਵਾਸ਼ਨਾ-ਰਹਿਤ ਪ੍ਰਭੂ ਨੂੰ (ਹਰ ਵੇਲੇ) ਯਾਦ ਕਰੋ, ਜਿਸ ਨੇ ਚੌਰਾਸੀ ਲੱਖ (ਜੋਨਿ ਵਾਲੀ ਸ੍ਰਿਸ਼ਟੀ) ਪੈਦਾ ਕੀਤੀ ਹੈ। ਹੇ ਕਾਪੜੀਏ! (ਹੱਥ ਵਿਚ) ਖੱਪਰ ਫੜਨ ਦਾ ਕੋਈ ਲਾਭ ਨਹੀਂ। ਅਠਾਹਠ ਤੀਰਥਾਂ 'ਤੇ ਭਟਕਣ ਦਾ ਭੀ ਕੋਈ ਲਾਭ ਨਹੀਂ। ਤ੍ਰਿਲੋਚਨ ਆਖਦਾ ਹੈ ਕਿ ਹੇ ਬੰਦੇ! ਸੁਣ, ਜੇ (ਭਰੀਆਂ ਵਿਚ) ਅੰਨ ਦੇ ਦਾਣੇ ਨਹੀਂ ਤਾਂ ਗਾਹ ਪਾਉਣ ਦਾ ਕੋਈ ਲਾਭ ਨਹੀਂ।

ਇਹ ਗੱਲ ਕੋਈ ਵਧੇਰੇ ਵਿਆਖਿਆ ਦੀ ਮੁਥਾਜ ਨਹੀਂ ਹੈ ਕਿ ਬਹੁਤ ਸਾਰੇ ਆਸਤਿਕਾਂ ਦਾ ਮਨੁੱਖੀ ਉੱਚ ਕਦਰਾਂ-ਕੀਮਤਾਂ ਵਿਚ ਕੋਈ ਵਿਸ਼ਵਾਸ ਨਹੀਂ ਹੈ। ਮਨੁੱਖ ਰੱਬ ਵਿਚ ਵਿਸ਼ਵਾਸ ਰੱਖਦਾ ਹੋਇਆ ਵੀ ਇਨਸਾਨੀਅਤ ਤੋਂ ਮੂੰਹ ਮੋੜ ਕੇ ਹੀ ਜਿਊਣ ਵਿਚ ਵਿਸ਼ਵਾਸ ਰੱਖਦਾ ਹੈ। ਐਸੀ ਪਰਿਸਥਿਤੀ ਵਿਚ ਮਨੁੱਖ ਦਾ ਰੱਬ ਨਾਲ ਕੋਈ ਸਰੋਕਾਰ ਨਹੀਂ ਹੈ, ਮਨੁੱਖ ਦਾ ਸਰੋਕਾਰ ਕੇਵਲ ਆਪਣੀ ਗ਼ਰਜ਼ ਨਾਲ ਹੀ ਹੈ। ਆਪਣੇ ਅੰਦਰ ਅਤੇ ਆਲੇ-ਦੁਆਲੇ ਵੱਲ ਝਾਤੀ ਮਾਰਿਆਂ ਇਸ ਦੀਆਂ ਇਕ ਨਹੀਂ, ਅਨੇਕਾਂ ਉਦਾਹਰਣਾਂ ਮਿਲਦੀਆਂ ਹਨ। ਦੂਜੀ ਵਿਸ਼ਵ ਜੰਗ ਸਮੇਂ ਕਲਕੱਤੇ ਵਿਚ ਇਕ ਵਿਅਕਤੀ ਹਿਟਲਰ ਦੀ ਪੂਜਾ ਕਰਦਾ ਸੀ। ਚੂੰਕਿ ਜੰਗ ਕਾਰਨ ਉਸ 'ਨੇ ਬਲੈਕ ਮਾਰਕੀਟ ਦੁਆਰਾ ਖ਼ੂਬ ਰੁਪਿਆ ਕਮਾਇਆ ਸੀ। ਇਸ ਤਰ੍ਹਾਂ ਦੇ ਅਨੇਕਾਂ ਵਿਅਕਤੀ ਹਨ, ਜਿਨ੍ਹਾਂ ਦਾ ਰੱਬ ਨਾਲ ਕੋਈ ਲੈਣ-ਦੇਣ ਨਹੀਂ, ਪਰ ਉਂਜ ਉਹ ਪੂਜਾ-ਪਾਠ ਕਰਦੇ ਹਨ। ਉਨ੍ਹਾਂ ਨੂੰ ਇਹ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਨਾਲ ਉਨ੍ਹਾਂ ਨੂੰ ਮਾਇਕ ਲਾਭ ਹੋਵੇਗਾ। ਕਈ ਰਾਜਨੀਤਕ ਲੋਕ ਜ਼ਾਹਰਾ ਰੂਪ ਵਿਚ ਬਹੁਤ ਪੂਜਾ ਪਾਠ ਕਰਦੇ ਹਨ, ਧਾਰਮਿਕ ਸਥਾਨਾਂ ਦੀ ਯਾਤਰਾ ਵੀ ਕਰਦੇ ਹਨ। ਪ੍ਰੰਤੂ ਆਮ ਲੋਕਾਈ ਦੀ ਜਿਸ ਤਰ੍ਹਾਂ ਲੁੱਟ-ਖਸੁੱਟ ਕਰਦੇ ਹਨ, ਸਮਾਜ ਵਿਰੋਧੀ ਅਨਸਰਾਂ, ਇਨਸਾਨੀਅਤ ਦੇ ਕਾਤਲਾਂ, ਵੱਢੀਖ਼ੋਰ ਅਫ਼ਸਰਾਂ ਆਦਿ ਦੀ ਜਿਸ ਤਰ੍ਹਾਂ ਨਾਲ ਮਦਦ ਕਰਦੇ ਹਨ ਜਾਂ ਆਪਣੀਆਂ ਵਜ਼ੀਰੀਆਂ ਨੂੰ ਬਚਾਉਣ ਲਈ, ਜਿਸ ਤਰ੍ਹਾਂ ਆਮ ਲੋਕਾਂ ਨੂੰ ਧਰਮ, ਭਾਸ਼ਾ ਜਾਂ ਰਾਸ਼ਟਰ

ਆਦਿ ਦੇ ਨਾਮ 'ਤੇ ਉਕਸਾ ਭੜਕਾ ਕੇ ਲੜਾਉਂਦੇ ਅਤੇ ਮਰਵਾਉਂਦੇ ਹਨ, ਇਹ ਇਸ ਗੱਲ ਦਾ ਹੀ ਲਖਾਇਕ ਹੈ ਕਿ ਇਨ੍ਹਾਂ ਦਾ ਧਰਮ ਨਾਲ ਕੋਈ ਲੈਣ-ਦੇਣ ਨਹੀਂ ਹੈ। ਇਸ ਤਰ੍ਹਾਂ ਦੀ ਸੋਚ ਰੱਖਣ ਵਾਲਿਆਂ ਦੀ ਰੱਬ ਵਿਚ ਆਸਥਾ ਝੂਠੀ ਆਸਥਾ ਹੈ। ਉਨ੍ਹਾਂ ਦਾ ਰੱਬ ਨਾਲ ਕੋਈ ਲੈਣ-ਦੇਣ ਨਹੀਂ ਹੈ। ਅਜਿਹੀ ਧਾਰਨਾ ਰੱਖਣ ਵਾਲੇ ਹਮੇਸ਼ਾ ਆਪਣਾ ਸਵਾਰਥ ਹੀ ਮੁੱਖ ਰੱਖਦੇ ਹਨ।

ਖਾਣ-ਪੀਣ ਵਾਲੀਆਂ ਵਸਤੂਆਂ ਵਿਚ ਮਨੁੱਖੀ ਸਰੀਰ ਲਈ ਘਾਤਕ ਚੀਜ਼ਾਂ ਦੀ ਮਿਲਾਵਟ ਕਰਨ ਵਾਲੇ, ਮੌਤ ਦੇ ਵਾਪਾਰੀ (ਮਾਰੂ ਨਸ਼ਿਆਂ ਦਾ ਧੰਦਾ ਕਰਨ ਵਾਲੇ), ਵੱਢੀਖ਼ੋਰ, ਦੂਜਿਆਂ ਦਾ ਹੱਕ ਮਾਰਨ ਵਾਲੇ, ਬਲਾਤਕਾਰੀ, ਧੀਆਂ ਨੂੰ ਕੁੱਖ ਵਿਚ ਹੀ ਮਾਰਨ ਵਾਲੇ, ਨੂੰਹਾਂ ਨੂੰ ਦਹੇਜ ਘੱਟ ਲਿਆਉਣ ਜਾਂ ਨਾ ਲਿਆਉਣ ਕਾਰਨ ਜਾਨੋਂ ਮਾਰਨ ਵਾਲੇ, ਆਪਣੇ ਸਵਾਰਥ ਦੀ ਪੂਰਤੀ ਕਰਨ ਲਈ ਦੂਜਿਆਂ ਦੇ ਜਮਾਂਦਰੂ ਹੱਕਾਂ ਨੂੰ ਆਪਣੇ ਪੈਰਾਂ ਹੇਠਾਂ ਰੋਲਣ ਵਾਲੇ, ਆਪਣੀ ਮਿਹਨਤ ਪੂਰੀ ਲੈ ਕੇ ਵੀ ਕੰਮ ਨਾ ਕਰਨ ਵਾਲੇ, ਜਾਂ ਇਹੋ ਜਿਹੇ ਹੋਰ ਕਰਮ ਕਰਨ ਵਾਲੇ ਜੇਕਰ ਰੱਬ ਵਿਚ ਵਿਸ਼ਵਾਸ ਰੱਖਦੇ ਵੀ ਹਨ ਤਾਂ ਉਨ੍ਹਾਂ ਦਾ ਇਹ ਵਿਸ਼ਵਾਸ ਅਰਥਹੀਨ ਹੈ। ਇਹ ਸਹੀ ਮਾਅਨਿਆਂ ਵਿਚ ਆਸਤਿਕਤਾ ਨਹੀਂ ਹੈ, ਨਾਸਤਿਕਤਾ ਹੈ।

ਪਰਮਾਤਮਾ ਨੂੰ ਖ਼ੁਸ਼ ਕਰਨ ਲਈ ਦੂਜਿਆਂ ਦੇ ਮਾਸੂਮ ਬੱਚਿਆਂ ਦੀ ਬਲੀ ਚੜ੍ਹਾ ਦੇਣ ਵਾਲੇ, ਬੇਗੁਨਾਹ ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ, ਦੂਜੇ ਧਰਮਾਂ ਦੇ ਪੈਰੋਕਾਰਾਂ ਨਾਲ ਘਿਰਣਾ ਕਰਨ ਵਾਲੇ, ਅਨਮਤ ਦੇ ਧਰਮ ਗ੍ਰੰਥਾਂ ਜਾਂ ਮੰਦਰਾਂ ਨੂੰ ਢਾਹੁਣ ਜਾਂ ਸਾੜ-ਫੂਕ ਕਰਨ ਵਾਲੇ ਆਸਤਿਕਾਂ ਦੀ ਸ਼੍ਰੇਣੀ ਵਿਚ ਨਹੀਂ, ਨਾਸਤਿਕਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ।

ਮਨੁੱਖਤਾ ਨੂੰ ਫੋਕਟ ਧਰਮ ਕਰਮ ਵਿਚ ਫਸਾ ਕੇ ਆਪਣਾ ਪੇਟ ਭਰਨ ਵਾਲੇ, ਦੂਜਿਆਂ ਦਾ ਜੀਵਨ ਨਰਕ ਬਣਾ ਕੇ ਆਪ ਐਸ਼ੋ-ਇਸ਼ਰਤ ਦੀ ਜ਼ਿੰਦਗੀ ਭੋਗਣ ਵਾਲੇ, ਲਾਚਾਰ ਅਤੇ ਬੇਸਹਾਰਿਆਂ ਦੀ ਮਜਬੂਰੀ ਦਾ ਲਾਭ ਉਠਾਉਣ ਵਾਲੇ ਆਸਤਿਕ ਕਿਵੇਂ ਹੋ ਸਕਦੇ ਹਨ ? ਆਸਤਿਕ ਤਾਂ ਦਸਾਂ ਨਹੁੰਆਂ ਦੀ ਕਿਰਤ ਕਮਾਈ ਵਿਚ ਹੀ ਵਿਸ਼ਵਾਸ ਰੱਖਣ ਵਾਲੇ ਹੁੰਦੇ ਹਨ। ਉਹ ਪਰਾਏ ਹੱਕ ਨੂੰ ਜ਼ਹਿਰ ਸਮਝ ਕੇ ਇਸ ਨੂੰ ਵਰਤਣ ਤੋਂ ਹਮੇਸ਼ਾ ਸੰਕੋਚ ਕਰਦੇ ਹਨ। ਉਹ ਦੂਜੇ ਦੇ ਹੰਝੂਆਂ ਵਿੱਚੋਂ ਖ਼ੁਸ਼ੀ ਨਹੀਂ ਲੱਭਦੇ।

ਉਹ ਮਨੁੱਖ ਘੋਰ ਨਾਸਤਿਕ ਹਨ ਜਿਹੜੇ ਆਸਤਿਕਤਾ ਦਾ ਬੁਰਕਾ ਪਹਿਨ ਕੇ ਇਨਸਾਨੀਅਤ ਨੂੰ ਕਲੰਕਤ ਕਰਨ ਵਾਲੀਆਂ ਕਰਤੂਤਾਂ ਕਰਦੇ ਹਨ। ਜਿਨ੍ਹਾਂ ਦੀਆਂ ਘਿਨਾਉਣੀਆਂ ਕਰਤੂਤਾਂ ਨੂੰ ਦੇਖ ਸੁਣ ਕੇ ਆਮ ਮਨੁੱਖ ਦਾ ਧਰਮ ਤੋਂ ਵਿਸ਼ਵਾਸ ਉੱਠ ਜਾਂਦਾ ਹੈ। ਧਰਮ ਸਥਾਨ ਦੇ ਪ੍ਰਬੰਧ ਨੂੰ ਲੈ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਵਿਰੋਧੀ ਧਿਰ ਨੂੰ ਲਲਕਾਰੇ ਮਾਰਨ ਵਾਲੇ, ਮਾਂ-ਭੈਣ ਦੀਆਂ ਗੰਦੀਆਂ ਗਾਲ੍ਹਾਂ ਕੱਢਣ ਵਾਲੇ, ਤਲਵਾਰਾਂ ਆਦਿ ਨਾਲ ਇਕ ਦੂਜੇ ਉੱਤੇ ਹਮਲੇ ਕਰਨ ਵਾਲੇ, ਇਕ ਦੂਜੇ ਦੀਆਂ ਪੱਗਾਂ ਉਛਾਲਣ ਵਾਲੇ ਆਸਤਿਕ ਨਹੀਂ, ਮਹਾਂ ਨਾਸਤਿਕ ਹਨ। ਇਨ੍ਹਾਂ ਦੀਆਂ ਇਹੋ ਜਿਹੀਆਂ ਘਿਨਾਉਣੀਆਂ ਕਰਤੂਤਾਂ ਆਮ ਮਨੁੱਖ ਦੇ ਮਨ ਵਿਚ ਧਰਮ ਪ੍ਰਤੀ ਗਿਲਾਨੀ ਦਾ ਭਾਵ ਪੈਦਾ ਕਰਦੀਆਂ ਹਨ; ਜਨ-ਸਾਧਾਰਨ ਨੂੰ ਧਰਮ ਤੋਂ ਦੂਰ

ਲਿਜਾਂਦੀਆਂ ਹਨ। ਆਮ ਮਨੁੱਖ ਨੂੰ ਧਰਮ ਤੋਂ ਦੂਰ ਇਹੋ ਜਿਹੇ ਕਥਿੱਤ ਆਸਤਿਕਾਂ ਨੇ ਕੀਤਾ ਹੈ, ਨਾ ਕਿ ਰੱਬ ਤੋਂ ਮੁਨਕਰ ਹੋਇਆਂ ਨੇ।

ਇਹ ਵੀ ਆਮ ਹੀ ਦੇਖਣ/ਸੁਣਨ ਵਿਚ ਆਉਂਦਾ ਹੈ ਕਿ ਧਰਮ ਦੇ ਨਾਮ 'ਤੇ ਆਮ ਲੋਕਾਈ ਦੀ ਲੁੱਟ-ਖਸੁੱਟ ਕਰਨ ਵਾਲੇ, ਜਨ-ਸਾਧਾਰਨ ਨੂੰ ਵਹਿਮਾਂ-ਭਰਮਾਂ ਅਤੇ ਕਰਮ-ਕਾਂਡਾਂ ਦੀ ਦਲਦਲ ਵਿਚ ਧਕੇਲ ਕੇ, ਆਪਣੇ ਸਵਾਰਥ ਦੀ ਪੂਰਤੀ ਕਰਨ ਵਾਲੇ, ਉਨ੍ਹਾਂ ਲੋਕਾਂ ਨੂੰ ਨਾਸਤਿਕਤਾ ਦੇ ਫ਼ਤਵੇ ਦੇਂਦੇ ਹਨ, ਜਿਹੜੇ ਜਨ-ਸਾਧਾਰਨ ਨੂੰ ਇਨ੍ਹਾਂ ਦੀ ਲੁੱਟ-ਖਸੁੱਟ ਤੋਂ ਜਾਣੂ ਕਰਾਉਂਦੇ ਹਨ।

ਇਕ ਵਾਰ ਇਕ ਸੱਜਣ ਨੇ ਆਪਣੀ ਹੱਡ-ਬੀਤੀ ਘਟਨਾ ਸੁਣਾਈ ਕਿ ਉਹ ਦਿੱਲੀ ਰੇਲਵੇ ਸਟੇਸ਼ਨ ਤੋਂ ਬਾਹਰ ਆਟੋ ਰਿਕਸ਼ੇ ਦੀ ਉਡੀਕ ਕਰ ਰਿਹਾ ਸੀ ਕਿ ਉਥੇ ਇਕ ਵਿਅਕਤੀ ਨੇ ਉਸ ਦਾ ਹੱਥ ਫੜ ਕੇ ਉਸ ਦੇ ਭੂਤ ਅਤੇ ਭਵਿੱਖ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ। ਪਰ ਉਹ ਇਨ੍ਹਾਂ ਗੱਲਾਂ ਵਿਚ ਵਿਸ਼ਵਾਸ ਨਹੀਂ ਸੀ ਕਰਦਾ, ਇਸ ਲਈ ਉਸ ਨੇ ਆਪਣਾ ਹੱਥ ਛੁਡਾ ਕੇ ਉਸ ਨੂੰ ਕਿਹਾ ਕਿ ਉਹ ਜੋਤਿਸ਼ ਵਿਚ ਵਿਸ਼ਵਾਸ ਨਹੀਂ ਰੱਖਦਾ। ਉਸ ਦੀ ਇਹ ਗੱਲ ਸੁਣ ਕੇ ਮੱਲੋ-ਮੱਲੀ ਹੱਥ ਫੜ ਕੇ ਭੂਤ ਭਵਿੱਖ ਦੱਸਣ ਵਾਲਾ ਕਹਿਣ ਲੱਗਾ ਕਿ ਤੁਹਾਡੇ ਵਰਗੇ ਨਾਸਤਿਕਾਂ ਕਾਰਨ ਹੀ ਦੁਨੀਆਂ ਵਿਚ ਵਿਭਚਾਰ, ਪਾਪ ਅਤੇ ਅਸ਼ਾਂਤੀ ਫੈਲ ਰਹੀ ਹੈ। ਤੁਸੀਂ ਲੋਕ ਮਾਇਆਧਾਰੀ ਹੋ, ਤੁਹਾਨੂੰ ਸੰਸਾਰੀ ਲੋਕਾਂ ਨੂੰ ਅਧਿਆਤਮਕਤਾ ਦੀ ਕੀ ਸਾਰ ਹੈ। ਜਨ-ਸਾਧਾਰਨ ਦੀ ਇਹੋ ਜਿਹੇ ਪਾਖੰਡ ਦੁਆਰਾ ਲੁੱਟ-ਖਸੁੱਟ ਕਰਨ ਵਾਲੇ ਆਪਣੇ ਆਪ ਨੂੰ ਧਾਰਮਿਕ ਅਥਵਾ ਆਸਤਿਕ ਸਮਝਦੇ ਹਨ ਅਤੇ ਇਹੋ ਜਿਹੇ ਪਾਖੰਡ ਨੂੰ ਨਾ ਮੰਨਣ ਵਾਲਿਆਂ ਨੂੰ ਨਾਸਤਿਕ ਸੱਦਦੇ ਹਨ। ਪਰ ਇਹੋ ਜਿਹੇ ਵਿਅਕਤੀ ਆਸਤਿਕ ਨਹੀਂ, ਨਾਸਤਿਕ ਹਨ।

ਅੰਤ ਵਿਚ ਪਾਠਕਾਂ ਦਾ ਧਿਆਨ ਭਾਈ ਕਾਨ੍ਹ ਸਿੰਘ ਨਾਭਾ ਦੀ ਨਿਮਨ-ਲਿਖਤ ਵੱਲ ਦਿਵਾ ਰਹੇ ਹਾਂ:

> ਜੋ ਸਰਵ ਵਯਾਪੀ ਕਰਤਾਰ ਦੀ ਹੋਂਦ ਅਤੇ ਕਰਮ ਫਲ ਦਾ ਵਿਸ਼ਵਾਸੀ ਨਹੀਂ, ਉਹ ਨਾਸਤਿਕ ਹੈ, ਪਰ ਸਭ ਨਾਸਤਿਕਾਂ ਦਾ ਸਰਦਾਰ ਉਹ ਹੈ ਜੋ ਆਪਣੇ ਤਾਈਂ ਆਸਤਿਕਤਾ ਪ੍ਰਗਟ ਕਰਦਾ ਹੋਇਆ ਪੂਰਾ ਨਾਸਤਿਕ ਹੈ, ਜਿਵੇਂ: 'ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ' ਵਾਕ ਨਿੱਤ ਪੜ੍ਹ ਕੇ ਗੁਰੂ ਸਾਹਿਬ ਦੀ ਮੌਜੂਦਗੀ ਵਿੱਚ ਚੋਰੀ, ਜਾਰੀ, ਨਿੰਦਾ, ਗਾਲੀ ਆਦਿ ਪਾਪ ਕਰਮਾਂ ਨੂੰ ਨਹੀਂ ਤਿਆਗਦਾ: 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਤੁਕ ਦਾ ਪਾਠ ਕਰ ਕੇ ਨੀਚ ਨੀਚ ਆਖ ਕੇ ਲੋਕਾਂ ਨੂੰ ਧੱਕੇ ਮਾਰਦਾ ਹੈ, 'ਸਭੁ ਕੋ ਮੀਤੁ ਹਮ ਆਪਨ ਕੀਨਾ' ਪਾਠ ਪੜ੍ਹਦਾ ਹੋਇਆ ਧੜੇਬੰਦੀਆਂ ਰਚ ਕੇ ਫੁੱਟ ਦਾ ਬੀਜ ਬੀਜਦਾ ਹੈ, ਭਾਵ, ਇਹ ਹੈ ਕਿ ਜਿਸ ਦੀ ਆਪਣੇ ਧਰਮ ਦੇ ਉਪਦੇਸ਼ਾਂ ਤੇ ਸ਼ਰਧਾ ਨਹੀਂ, ਜੋ ਮੁਖੋਂ ਪੜ੍ਹਦਾ ਹੈ ਉਸ ਦੇ ਉਲਟ ਅਮਲ ਕਰਦਾ ਹੈ, ਉਹ ਨਾਸਤਿਕ ਹੈ। *(ਗੁਰਮਤ ਮਾਰਤੰਡ)*

ਗੁਰਬਾਣੀ ਵਿਚ ਰੀਸ ਦਾ ਸੰਕਲਪ

ਰੀਸ ਦਾ ਅਰਥ ਹੈ:

> 1. ਕਿਸੇ ਨੂੰ ਦੇਖ ਕੇ ਉਸ ਤੁੱਲ ਕਰਮ ਕਰਨ ਦੀ ਕ੍ਰਿਯਾ। 2. ਤੁੱਲਤਾ; ਬਰਾਬਰੀ।
> 3. ਬਰਾਬਰੀ ਦੀ ਅਭਿਲਾਖਾ। *(ਮਹਾਨ ਕੋਸ਼)*

'ਰੀਸ' ਸ਼ਬਦ ਦੇ ਹੀ ਸਮਾਨਾਰਥਕ ਸ਼ਬਦ ਹਨ—ਪੈਰਵੀ, ਨਕਲ, ਰਸ਼ਕ ਅਤੇ ਅਨੁਕਰਣ। ਕਿਸੇ ਸ੍ਰੇਸ਼ਟ ਮਨੁੱਖ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਉਸ ਵਰਗਾ ਬਣਨ ਦੀ ਕੋਸ਼ਿਸ਼ ਕਰਨਾ, ਮਾੜੀ ਗੱਲ ਨਹੀਂ। ਪ੍ਰੰਤੂ ਰੀਸਲ (ਰੀਸ ਕਰਨ ਵਾਲਾ ਵਿਅਕਤੀ) ਕਿਸੇ ਵਿਸ਼ੇਸ਼ ਵਿਅਕਤੀ ਵਰਗਾ ਬਣਨ ਲਈ ਉਸ ਵਰਗੇ ਗੁਣ ਧਾਰਨ ਕਰਨ ਦੀ ਥਾਂ, ਕੇਵਲ ਉਸ ਵਿਸ਼ੇਸ਼ ਵਿਅਕਤੀ ਵਰਗਾ ਲਿਬਾਸ ਪਹਿਣ ਕੇ ਜਾਂ ਉਸ ਵਰਗੀ ਬੋਲ-ਬਾਣੀ ਅਪਣਾ ਕੇ ਹੀ, ਉਸ ਵਰਗਾ ਬਣਨ ਦੀ ਚੇਸ਼ਟਾ ਕਰਦਾ ਹੈ। ਇਸ ਕੁਚੇਸ਼ਟਾ ਕਾਰਨ ਹੀ ਰੀਸਲ ਵੱਲੋਂ ਉਠਾਏ ਹੋਏ ਕਦਮ ਦੀ ਨਿਖੇਧੀ ਕੀਤੀ ਜਾਂਦੀ ਹੈ। ਇਸ ਸੰਬੰਧੀ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ:

> ਗੁਣ ਅਰ ਸਾਮਰਥ ਹੀਨ ਹੋਣ ਪਰ ਭੀ ਆਪਣੇ ਤਾਈਂ ਯੋਗਯ ਜਾਣ ਕੇ, ਕਿਸੇ ਦੀ ਝੂਠੀ ਰੀਸ ਕਰਨੀ, ਮੂਰਖਤਾ ਦਾ ਕਰਮ ਹੈ। *(ਗੁਰਮਤ ਮਾਰਤੰਡ)*

ਗੁਰੂ ਗ੍ਰੰਥ ਸਾਹਿਬ ਵਿਚ ਇਸ ਭਾਵ ਨੂੰ ਇਉਂ ਦਰਸਾਇਆ ਗਿਆ ਹੈ:

> **ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥**
> **ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥**
> *(ਵਾਰ ਗਉੜੀ ਮਹਲਾ ੪, ਪੰਨਾ 304)*

ਅਰਥ: ਕਈ ਹੋਰ ਕੂੜ ਦੇ ਵਪਾਰੀ ਸਤਿਗੁਰੂ ਦੀ ਰੀਸ ਕਰ ਕੇ ਕੱਚੀ-ਪਿੱਲੀ ਬਾਣੀ ਉਚਾਰਦੇ ਹਨ, ਪਰ ਉਹ (ਹਿਰਦੇ ਵਿਚ) ਕੂੜ ਹੋਣ ਕਰਕੇ ਝੜ ਪੈਂਦੇ ਹਨ (ਭਾਵ, ਸਤਿਗੁਰੂ ਦੀ ਬਰਾਬਰੀ ਨਹੀਂ ਕਰ ਸਕਦੇ, ਤੇ ਉਨ੍ਹਾਂ ਦਾ ਪਾਜ ਖੁੱਲ੍ਹ ਜਾਂਦਾ ਹੈ), ਉਨ੍ਹਾਂ ਦੇ ਹਿਰਦੇ ਵਿਚ ਕੁਝ ਹੋਰ ਹੁੰਦਾ ਹੈ ਤੇ ਮੂੰਹ ਵਿਚ ਹੋਰ, ਉਹ ਵਿਹੁ-ਮਾਇਆ ਨੂੰ ਇਕੱਤਰ ਕਰਨ ਲਈ ਝੁਰਦੇ ਹਨ ਤੇ ਖਪ ਖਪ ਮਰਦੇ ਹਨ।

ਇਸ ਭਾਵ ਨੂੰ ਇਉਂ ਵੀ ਦਰਸਾਇਆ ਹੈ:

> **ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥**
> **ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥**
> **ਰੀਸਾ ਕਰਿਹ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥**
> **ਨਾਲਿ ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥**

ਹੋਦੈ ਤਾਣਿ ਨਿਤਾਣੀਆ ਰਹਹਿ ਨਿਮਾਨਣੀਆਹ ॥
ਨਾਨਕ ਜਨਮੁ ਸਕਾਰਥਾ ਜੇ ਤਿਨ ਕੈ ਸੰਗਿ ਮਿਲਾਹ ॥

(ਵਾਰ ਸਿਰੀਰਾਗ, ਮ: ੧, ਪੰਨਾ 85)

ਅਰਥ : ਅਸੀਂ ਗੱਲਾਂ ਵਿਚ ਸੁਚੱਜੀਆਂ (ਹਾਂ, ਪਰ) ਆਚਰਨ ਦੀਆਂ ਮਾੜੀਆਂ ਹਾਂ, ਮਨੋਂ ਖੋਟੀਆਂ ਤੇ ਕਾਲੀਆਂ (ਹਾਂ, ਪਰ) ਬਾਹਰੋਂ ਸਾਫ਼ ਸੁਥਰੀਆਂ। (ਫਿਰ ਭੀ) ਅਸੀਂ ਰੀਸਾਂ ਉਨ੍ਹਾਂ ਦੀਆਂ ਕਰਦੀਆਂ ਹਾਂ ਜੋ ਸਾਵਧਾਨ ਹੋ ਕੇ ਖ਼ਸਮ ਦੇ ਪਿਆਰ ਵਿਚ ਭਿੱਜੀਆਂ ਹੋਈਆਂ ਹਨ ਤੇ ਅਨੰਦ ਵਿਚ ਰੰਗ ਰਲੀਆਂ ਮਾਣਦੀਆਂ ਹਨ, ਜੋ ਤਾਣ ਹੁੰਦਿਆਂ ਭੀ ਨਿਰਮਾਣ ਰਹਿੰਦੀਆਂ ਹਨ। ਹੇ ਨਾਨਕ! (ਸਾਡਾ) ਜਨਮ ਸਫਲ (ਤਾਂ ਹੀ ਹੋ ਸਕਦਾ ਹੈ) ਜੇ ਉਨ੍ਹਾਂ ਦੀ ਸੰਗਤ ਵਿਚ ਰਹੀਏ।

ਰੀਸਲ ਆਪਣੇ ਈਰਖਾਲੂ ਸੁਭਾਅ ਕਾਰਨ ਆਪਣੇ ਤੋਂ ਸ੍ਰੇਸ਼ਟ ਮਨੁੱਖਾਂ ਨਾਲ ਈਰਖਾ ਕਰਦਾ ਹੈ। ਇਸ ਈਰਖਾ ਕਾਰਨ ਹੀ ਉਹ ਆਪਣੇ ਅੰਦਰ ਉਨ੍ਹਾਂ ਵਰਗੇ ਗੁਣ ਪੈਦਾ ਕਰਨ ਦੀ ਥਾਂ ਕੇਵਲ ਉਨ੍ਹਾਂ ਦੀ ਰੀਸ ਕਰ ਕੇ ਹੀ ਉਨ੍ਹਾਂ ਵਾਂਗ ਬਣਨ ਦੀ ਕੁਚੇਸ਼ਟਾ ਕਰਦਾ ਹੈ, ਉਸ ਸ਼ਖ਼ਸ ਨੂੰ ਗੁਰਬਾਣੀ ਵਿਚ ਮੂਰਖ ਆਖਿਆ ਹੈ:

ਧੁਰਿ ਭਗਤ ਜਨਾ ਕਉ ਬਖਸਿਆ ਹਰਿ ਅੰਮ੍ਰਿਤ ਭਗਤਿ ਭੰਡਾਰਾ ॥
ਮੂਰਖੁ ਹੋਵੈ ਸੁ ਉਨ ਕੀ ਰੀਸ ਕਰੇ ਤਿਸੁ ਹਲਤਿ ਪਲਤਿ ਮੁਹੁ ਕਾਰਾ ॥

(ਸੂਹੀ ਮ: ੪, ਪੰਨਾ 733)

ਅਰਥ : ਹੇ ਭਾਈ! ਧੁਰ ਦਰਗਾਹ ਤੋਂ ਪਰਮਾਤਮਾ ਨੇ ਆਪਣੇ ਭਗਤਾਂ ਨੂੰ ਆਪਣੀ ਆਤਮਿਕ ਜੀਵਨ ਦੇਣ ਵਾਲੀ ਭਗਤੀ ਦਾ ਖ਼ਜ਼ਾਨਾ ਬਖ਼ਸ਼ਿਆ ਹੋਇਆ ਹੈ। ਜਿਹੜਾ ਮਨੁੱਖ ਮੂਰਖ ਹੁੰਦਾ ਹੈ, ਉਹੀ ਉਨ੍ਹਾਂ ਦੀ ਬਰਾਬਰੀ ਕਰਦਾ ਹੈ (ਇਸ ਈਰਖਾ ਦੇ ਕਾਰਨ, ਸਗੋਂ) ਉਸ ਦਾ ਮੂੰਹ ਇਸ ਲੋਕ ਤੇ ਪ੍ਰਲੋਕ ਵਿਚ ਕਾਲਾ ਹੁੰਦਾ ਹੈ (ਉਹ ਲੋਕ-ਪ੍ਰਲੋਕ ਵਿਚ ਬਦਨਾਮੀ ਖੱਟਦਾ ਹੈ)।

ਆਪਣੇ ਅੰਦਰ ਗੁਣ ਪੈਦਾ ਕਰਨ ਦੀ ਥਾਂ ਕੇਵਲ ਰੀਸ ਕਰਨ ਨਾਲ ਕਿਸੇ ਨੂੰ ਸਫਲਤਾ ਨਸੀਬ ਨਹੀਂ ਹੁੰਦੀ:

ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥
ਗੁਰ ਪਰਸਾਦਿ ਸਦਾ ਮਨਿ ਵਸਿਆ ਸਭਿ ਕਾਜ ਸਵਾਰਣਹਾਰਾ ॥
ਓਨਾ ਕੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ ॥

(ਸੋਰਠਿ ਮ: ੩, ਪੰਨਾ 638)

ਅਰਥ : ਹੇ ਪ੍ਰਭੂ! ਜਿਨ੍ਹਾਂ ਨੂੰ ਤੇਰਾ ਹਰਿ ਨਾਮ ਪਿਆਰਾ ਲਗਦਾ ਹੈ, ਤੂੰ ਉਨ੍ਹਾਂ ਦੇ ਕੰਮ ਕਰ ਦੇਂਦਾ ਹੈਂ, ਉਨ੍ਹਾਂ ਨੂੰ ਕੋਈ ਚਿੰਤਾ ਫ਼ਿਕਰ ਹੀ ਨਹੀਂ ਹੁੰਦਾ। ਹੇ ਭਾਈ! ਗੁਰੂ ਦੀ ਕ੍ਰਿਪਾ ਨਾਲ ਜਿਨ੍ਹਾਂ ਦੇ ਮਨ ਵਿਚ ਪਰਮਾਤਮਾ ਸਦਾ ਵੱਸਿਆ ਰਹਿੰਦਾ ਹੈ, ਪਰਮਾਤਮਾ ਉਨ੍ਹਾਂ ਦੇ ਸਾਰੇ ਕੰਮ ਸਵਾਰ ਦੇਂਦਾ ਹੈ। ਜਿਨ੍ਹਾਂ ਮਨੁੱਖਾਂ ਦਾ ਰਾਖਾ ਪਰਮਾਤਮਾ ਆਪ ਬਣਦਾ ਹੈ, ਉਨ੍ਹਾਂ ਦੀ ਬਰਾਬਰੀ ਜਿਹੜਾ ਭੀ ਮਨੁੱਖ ਕਰਦਾ ਹੈ, ਉਹ ਖ਼ੁਆਰ ਹੁੰਦਾ ਹੈ।

ਰੀਸ ਕਰਨ ਵਾਲਾ ਸ੍ਰੇਸ਼ਟ ਵਿਅਕਤੀ ਵਾਲੇ ਗੁਣ ਤਾਂ ਧਾਰਨ ਕਰ ਹੀ ਨਹੀਂ ਰਿਹਾ; ਇਸ ਲਈ ਬਿਨਾਂ ਗੁਣਾਂ ਅਥਵਾ ਯੋਗਤਾ ਦੇ ਉਨ੍ਹਾਂ ਵਰਗਾ ਕਿਵੇਂ ਬਣ ਸਕਦਾ ਹੈ:

ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ॥
ਹੰਸਾ ਸੇਤੀ ਚਿਤੁ ਉਲਾਸਹਿ ਕੁਕੜ ਦੀ ਓਡਾਰੀ॥ *(ਗਉੜੀ ਮ: ੫, ਪੰਨਾ 322)*

ਅਰਥ: (ਜੋ ਮਨੁੱਖ) ਜਾਣਦੇ ਤਾਂ ਹਨ ਖੂੰਡੀ ਦੀ ਖੇਡ ਖੇਡਣੀ, (ਪਰ) ਸੋਹਣੇ ਘੋੜੇ 'ਤੇ ਚੜ੍ਹ ਕੇ ਬੰਦੂਕਾਂ ਦੇ ਹੱਥੇ (ਹੱਥ ਵਿਚ) ਫੜਦੇ ਹਨ (ਉਹ ਹਾਸੋ-ਹੀਣੇ ਹੁੰਦੇ ਹਨ, ਉਹ, ਮਾਨੋ, ਇਹੋ ਜਿਹੇ ਹਨ ਕਿ) ਕੁੱਕੜ ਦੀ ਉਡਾਰੀ ਉੱਡਣੀ ਜਾਣਦੇ ਹੋਣ ਤੇ ਹੰਸਾਂ ਨਾਲ (ਉੱਡਣ ਲਈ ਆਪਣੇ) ਮਨ ਨੂੰ ਉਤਸ਼ਾਹ ਦੇਂਦੇ ਹੋਣ। (ਤਿਵੇਂ ਉਨ੍ਹਾਂ ਮਨਮੁਖਾਂ ਦਾ ਹਾਲ ਸਮਝੋ ਜੋ ਗੁਰਮੁਖਾਂ ਦੀ ਰੀਸ ਕਰਦੇ ਹਨ।)

ਭਾਈ ਗੁਰਦਾਸ ਜੀ ਇਸ ਸੰਬੰਧ ਵਿਚ ਲਿਖਦੇ ਹਨ:

ਹੰਸਾ ਨਾਲਿ ਟਟੀਹਰੀ ਕਿਉ ਪਹੁਚੈ ਦਉੜੀ। *(ਵਾਰ 34, ਪਉੜੀ 6)*

ਅਰਥ: ਹੰਸਾਂ ਦੇ ਨਾਲ ਟਟੀਹਰੀ (ਨਿੱਕੀ ਗੁਟਾਰ) ਕਿਕੁਰ ਦੌੜ ਕੇ ਪਹੁੰਚ ਸਕਦੀ ਹੈ, ਭਾਵ ਨਹੀਂ ਪਹੁੰਚ ਸਕਦੀ।

ਰੀਸਲ ਦਾ ਅੰਤ ਜੋ ਹਸ਼ਰ ਹੁੰਦਾ ਹੈ, ਇਸ ਬਾਰੇ ਗੁਰਬਾਣੀ ਦਾ ਫ਼ੁਰਮਾਨ ਹੈ:

ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ॥
ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥

(ਵਾਰ ਵਡਹੰਸੁ, ਮ: ੩, ਪੰਨਾ 585)

ਅਰਥ: ਹੰਸਾਂ ਨੂੰ ਤਰਦਿਆਂ ਵੇਖ ਕੇ ਬਗਲਿਆਂ ਨੂੰ ਭੀ ਚਾਅ ਕੁੱਦਿਆ; ਪਰ ਬਗਲੇ ਵਿਚਾਰੇ ਸਿਰ-ਪਰਨੇ ਹੋ ਕੇ ਡੁੱਬ ਕੇ ਮਰ ਗਏ।

ਭਾਈ ਗੁਰਦਾਸ ਜੀ ਨੇ ਇਸ ਸੰਬੰਧ ਵਿਚ ਇਕ ਪ੍ਰਚੱਲਿਤ ਕਹਾਣੀ ਦਾ ਵਰਣਨ ਕਰਦਿਆਂ ਹੋਇਆਂ ਲਿਖਿਆ ਹੈ:

ਮਹਾ ਦੇਵ ਦੀ ਸੇਵ ਕਰਿ ਵਰੁ ਪਾਇਆ ਸਾਹੈ ਦੇ ਪੁਤੈ।
ਦਰਬੁ ਸਰੂਪ ਸਰੇਵੜੇ ਆਇ ਵੜੇ ਘਰਿ ਅੰਦਰਿ ਉਤੈ।
ਜਿਉ ਹਥਿਆਰੀ ਮਾਰੀਅਨਿ ਤਿਉ ਤਿਉ ਦਰਬ ਹੋਇ ਧੜ ਧੁਤੈ।
ਬੁਤੀ ਕਰਦੇ ਡਿਠਿਓਨੁ ਨਾਈ ਚੈਨੁ ਨ ਬੈਠੇ ਸੁਤੈ।
ਮਾਰੇ ਆਣਿ ਸਰੇਵੜੇ ਸੁਣਿ ਦੀਬਾਣਿ ਮਸਾਣਿ ਅਛੁਤੈ।
ਮਥੈ ਵਾਲਿ ਪਛਾੜਿਆ ਵਾਲ ਛਡਾਇਨਿ ਕਿਸਦੈ ਬੁਤੈ।
ਮੂਰਖੁ ਬੀਜੇ ਬੀਉ ਕੁਰੁਤੈ॥੧੭॥੩੨॥

ਅਰਥ: ਸ਼ਿਵ ਦੀ ਤਪੱਸਿਆ ਕਰਕੇ ਇਕ ਧਨੀ ਦੇ ਪੁੱਤ੍ਰ ਨੇ ਵਰ ਲੀਤਾ ਸੀ ਕਿ ਮੇਰੇ ਘਰ ਬਹੁਤ ਧਨ ਹੋ ਜਾਵੇ। ਧਨ ਦਾ ਰੂਪ ਬਣ ਕੇ ਸਰੇਵੜੇ ਉਸ ਦੇ ਘਰ ਆਏ। ਸ਼ਿਵ ਦੇ ਕਹੇ ਅਨੁਸਾਰ ਜਿਉਂ ਜਿਉਂ ਸਰੇਵੜੇ ਤਲਵਾਰਾਂ ਨਾਲ ਕੱਟੀ ਦੇ ਸਨ, ਧਨ ਦੇ ਢੇਰ ਲੱਗਦੇ ਜਾਂਦੇ ਸੀ। ਇਕ ਨਾਈ ਨੂੰ ਜਿਹੜਾ ਬੁੱਤੀ ਕਰਨ ਲਈ ਉਥੇ

ਆਇਆ ਹੋਇਆ ਸੀ, ਇਹ ਦੇਖਦਿਆਂ ਹੀ ਉਸ ਨੂੰ ਧੁੜਕਣੀ ਲੱਗ ਗਈ ਕਿ ਘਰ ਚੱਲ ਕੇ ਮੈਂ ਭੀ ਇਹ ਕੰਮ ਛੇਤੀ ਕਰਾਂ। ਘਰ ਆ ਕੇ ਸਰੇਵੜੇ ਬੁਲਾ ਕੇ ਕਤਲ ਕਰਵਾ ਦਿੱਤੇ। ਰਾਜਾ ਦੇ ਦੀਵਾਨ ਵਿਚ ਖ਼ਬਰ ਹੋਈ ਕਿ ਨਿਰਦੋਖ ਮਾਰੇ ਗਏ ਹਨ। ਸਿਰਾਂ ਦੇ ਵਾਲਾਂ ਤੋਂ ਫੜੀਂਦਾ ਨਾਈ ਧਰਤੀ ਪੁਰ ਘਸੀਟਿਆ ਗਿਆ। ਹੁਣ ਕਿਸੇ ਪਾਸੋਂ ਵਾਲ ਛਡਾਏ। ਮੂਰਖ ਲੋਕ ਕੁ-ਰੁੱਤਾ ਬੀਜ ਬੀਜਦੇ ਹਨ, ਭਾਵ ਦੇਖਾ ਦੇਖੀ ਭੈੜਾ ਕੰਮ ਕਰ ਬੈਠਦੇ ਹਨ, ਜਦ ਫਲ ਦਾ ਵੇਲਾ ਹੁੰਦਾ ਹੈ ਤਾਂ ਫਲ ਦੀ ਥਾਂ ਸੁਆਹ ਵੀ ਨਹੀਂ ਹੁੰਦੀ।

[ਨੋਟ: ਇੱਥੇ ਇਹ ਲੋਕ ਪ੍ਰਸਿੱਧ ਕਹਾਣੀ ਕੇਵਲ ਦ੍ਰਿਸ਼ਟਾਂਤ ਅਲੰਕਾਰ ਦੇ ਢੰਗ ਨਾਲ ਵਰਣਨ ਕੀਤੀ ਗਈ ਹੈ, ਅਰ ਇਸੇ ਪਉੜੀ ਦਾ ਤਾਤਪਰਜ ਇਸ ਦੇ ਭਾਵ ਨੂੰ ਖੋਲ੍ਹਦਾ ਹੈ ਕਿ ਨਾਈ ਵਾਂਗੂ ਕੋਈ ਇਹ ਨਾ ਸਮਝ ਲਵੇ ਜੋ ਸ਼ਿਵ ਦੇ ਵਰ ਨਾਲ ਸਰੇਵੜੇ ਮਾਰਿਆਂ ਧਨ ਲੱਭ ਸਕਦਾ ਹੈ। ਸ਼ਿਵ ਉਪਾਸ਼ਕਾਂ ਨੇ ਇਕ ਸੱਚ ਨੂੰ ਬਿਆਨ ਕਰਨ ਲਈ ਆਪਣੇ ਇਸ਼ਟ ਦੀ ਇਕ ਕਥਾ ਰਚੀ ਹੈ ਕਿ ਮੂਰਖਾਂ ਨੂੰ ਸਮਝ ਆ ਜਾਵੇ। ਭਾਈ ਸਾਹਿਬ ਜੀ ਨੇ ਦ੍ਰਿਸ਼ਟਾਂਤ ਦੇ ਦਿੱਤਾ ਹੈ। ਇਸ ਦੇ ਪ੍ਰਮਾਣੀਕ ਹੋਣ ਦਾ ਇੱਥੇ ਕੋਈ ਮਤਲਬ ਨਹੀਂ ਹੈ।]

ਭਾਈ ਗੁਰਦਾਸ ਜੀ ਨੇ ਰੀਸ ਦਾ ਇਕ ਪੱਖ ਇਹ ਵੀ ਦਰਸਾਇਆ ਹੈ:

ਪੈ ਖਾਜੂਰੋ ਜੀਵੀਐ ਚੜਿ ਖਾਜੂਰੀ ਝੜਉ ਨ ਕੋਈ।
ਉਝੜਿ ਪਇਆ ਨ ਮਾਰੀਐ ਉਝੜੁ ਰਾਹੁ ਨ ਚੰਗਾ ਹੋਈ।
ਜੇ ਸਪ ਖਾਧਾ ਉਬਰੇ ਸਪੁ ਨ ਫੜੀਐ ਅੰਤਿ ਵਿਗੋਈ।
ਵਹਣਿ ਵਹੰਦਾ ਨਿਕਲੈ ਵਿਣੁ ਤੁਲਹੇ ਡੁਬਿ ਮਰੈ ਭਲੋਈ।
ਪਤਿਤ ਉਧਾਰਣੁ ਆਖੀਐ ਵਿਰਤੀ ਹਾਣੁ ਜਾਣੁ ਜਾਣੁ ਜਾਣੋਈ।
ਭਾਉ ਭਗਤਿ ਗੁਰਮਤਿ ਹੈ ਦੁਰਮਤਿ ਦਰਗਹ ਲਹੈ ਨ ਢੋਈ।
ਅੰਤਿ ਕਮਾਣਾ ਹੋਇ ਸਥੋਈ॥੧੦॥੩੧॥

ਅਰਥ: ਜੇਕਰ ਖਜੂਰ ਤੋਂ ਡਿੱਗ ਕੇ ਜਿਊਂਦੇ ਭੀ ਰਹਿ ਜਾਈਏ ਤਾਂ ਖਜੂਰ ਪੁਰ ਚੜ੍ਹ ਕੇ ਕੋਈ ਜਾਣ ਕੇ ਨਾ ਡਿੱਗੇ। ਜੇਕਰ ਉਜਾੜ ਵਿੱਚੋਂ ਬਚ ਕੇ ਆ ਜਾਈਏ ਤਾਂ ਭੀ ਉਜਾੜ ਦਾ ਰਸਤਾ ਚੰਗਾ ਨਹੀਂ ਹੋ ਜਾਂਦਾ ਜੋ ਫੇਰ ਟੱਪਦੇ ਜਾਈਏ। ਜੇਕਰ ਸੱਪ ਦੇ ਡੰਗੋਂ ਬਚ ਵੀ ਰਹੀਏ ਤਾਂ ਵੀ ਉਸ ਨੂੰ ਹੱਥ ਪਾਉਣਾ ਚੰਗਾ ਨਹੀਂ। ਜੇ ਵਹਿਣ ਵਹਿੰਦੇ ਵਿੱਚੋਂ ਕੋਈ ਨਿਕਲ ਵੀ ਆਵੇ ਤਾਂ ਵੀ ਤੁਲਹੇ/ਬੇੜੀ ਬਿਨਾਂ ਫੇਰ ਉਸ ਵਿਚ ਜਾਣ ਨਾਲੋਂ ਮਰਨਾ ਹੀ ਚੰਗਾ ਹੈ, ਭਾਵ ਤੁਲਹੇ/ਬੇੜੀ 'ਤੇ ਸਵਾਰ ਹੋ ਕੇ ਪਾਰ ਲੰਘਣ ਦਾ ਯਤਨ ਕਰੋ; ਚੂੰਕਿ ਇਹ ਨੇਮ ਨਹੀਂ ਹੈ ਕਿ ਇਸ ਵਾਰ ਤੁਸੀਂ ਜ਼ਰੂਰ ਹੀ ਪਾਰ ਲੰਘ ਸਕੋਗੇ। ਪਤਿਤ ਉਧਾਰਣ ਅਕਾਲ ਪੁਰਖ ਹੈ ਇਸ ਪ੍ਰਸੰਗ ਨੂੰ ਜਾਣਨਹਾਰੇ ਜਾਣਦੇ ਹਨ। ਪ੍ਰੇਮਾ-ਭਗਤੀ ਕਰਨੀ ਗੁਰੂ ਦੀ ਸਿੱਖਿਆ ਹੈ, ਦੁਰਮਤ ਕਰਕੇ ਦਰਗਾਹ ਵਿਖੇ ਆਸਰਾ ਨਹੀਂ ਮਿਲਦਾ। ਕਰਮ ਹੀ ਅੰਤ ਨੂੰ ਸਾਥ ਚੱਲਦਾ ਹੈ। ਗੱਲ ਕੀ, ਖੋਟੇ ਪਾਸਿਆਂ ਨੂੰ ਛੱਡ ਕੇ ਗੁਰਮਤ ਲੈ ਕੇ ਦੁਰਮਤ ਦੂਰ ਕਰੋ। ਪਾਪੀਆਂ ਦੇ ਤਾਰਕ ਈਸ਼ਵਰ ਪੁਰ ਭਰੋਸਾ ਰੱਖ ਕੇ ਸ਼ੁਭ ਕਰਮਾਂ ਪੁਰ ਲੱਕ ਬੰਨ੍ਹੀ ਰੱਖੋ।

ਕਿਸੇ ਮਹਾਨ ਵਿਅਕਤੀ ਨੂੰ ਦੇਖ ਕੇ, ਉਸ ਤੋਂ ਪ੍ਰੇਰਨਾ ਲੈ ਕੇ ਕਿਸੇ ਚੰਗੇ ਕੰਮ

ਨੂੰ ਕਰਨ ਲਈ ਉਤਸ਼ਾਹਤ ਹੋਣ ਵਾਲਿਆਂ ਲਈ ਗੁਰਬਾਣੀ ਵਿਚ 'ਚਾਉ' ਸ਼ਬਦ ਵਰਤਿਆ ਗਿਆ ਹੈ। ਇਹ 'ਚਾਉ' ਈਰਖਾ ਨੂੰ ਜਨਮ ਨਹੀਂ ਦੇਂਦਾ; ਇਹ ਤਾਂ ਸਗੋਂ ਮਨ ਵਿਚ ਉਤਸ਼ਾਹ ਪੈਦਾ ਕਰਦਾ ਹੈ। ਇਹ ਉਤਸ਼ਾਹ ਉਸ ਨੂੰ ਉਸ ਵਿਸ਼ੇਸ਼ ਵਿਅਕਤੀ ਵਰਗੇ ਗੁਣ ਪੈਦਾ ਕਰਨ ਲਈ ਹੱਲਾ-ਸ਼ੇਰੀ ਦੇਂਦਾ ਹੈ। ਇਸ ਲਈ ਉਹ ਕੇਵਲ ਰੀਸ ਹੀ ਨਹੀਂ ਕਰਦਾ, ਬਲਕਿ ਆਪਣੇ ਅੰਦਰ ਉਹੋ ਜਿਹੀ ਯੋਗਤਾ ਪੈਦਾ ਕਰਦਾ ਹੈ। ਗੁਰਬਾਣੀ ਦੇ ਨਿਮਨ-ਲਿਖਤ ਫ਼ੁਰਮਾਨਾਂ ਵਿੱਚੋਂ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

(ੳ) **ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ ॥**
ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ ॥
ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ ॥
ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥

(ਜੈਤਸਰੀ ਮ: ੫, ਪੰਨਾ 703)

ਅਰਥ: ਹੇ ਸਤਸੰਗੀ ਸੱਜਣ! ਸਾਰੀਆਂ ਸਹੇਲੀਆਂ ਪਿਆਰੇ ਪ੍ਰਭੂ ਦੀਆਂ (ਇਸਤ੍ਰੀਆਂ) ਹਨ, ਮੈਂ (ਇਨ੍ਹਾਂ ਵਿੱਚੋਂ) ਕਿਸੇ ਵਰਗੀ ਭੀ ਨਹੀਂ। ਇਹ ਇਕ ਤੋਂ ਇਕ ਸੋਹਣੀਆਂ (ਸੋਹਣੇ ਆਤਮਿਕ ਜੀਵਨ ਵਾਲੀਆਂ) ਹਨ, ਮੈਂ ਕਿਸ ਗਿਣਤੀ ਵਿਚ ਹਾਂ? ਪ੍ਰਭੂ ਨਾਲ ਅਨੇਕਾਂ ਹੀ ਪਿਆਰ ਕਰਨ ਵਾਲੇ ਹਨ, ਇਕ ਦੂਜੇ ਤੋਂ ਸੋਹਣੇ ਜੀਵਨ ਵਾਲੇ ਹਨ, ਸਦਾ ਪ੍ਰਭੂ ਨਾਲ ਆਤਮਿਕ ਮਿਲਾਪ ਦਾ ਅਨੰਦ ਮਾਣਦੇ ਹਨ। ਇਨ੍ਹਾਂ ਨੂੰ ਵੇਖ ਕੇ ਮੇਰੇ ਮਨ ਵਿਚ (ਭੀ) ਚਾਉ ਪੈਦਾ ਹੁੰਦਾ ਹੈ ਕਿ ਮੈਂ ਭੀ ਕਦੇ ਉਸ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨੂੰ ਮਿਲ ਸਕਾਂ।

(ਅ) **ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥**

(ਆਸਾ ਸੇਖ ਫਰੀਦ ਜੀਉ, ਪੰਨਾ 488)

ਅਰਥ: (ਕਿਸੇ ਦਰਿਆ ਤੋਂ) ਜੁਆਨਾਂ ਨੂੰ ਪਾਰ ਲੰਘਦਿਆਂ ਵੇਖ ਕੇ (ਕਮਜ਼ੋਰ) ਇਸਤ੍ਰੀ ਦਾ ਮਨ ਭੀ (ਹੌਸਲਾ ਫੜ ਲੈਂਦਾ ਹੈ) (ਤੇ ਲੰਘਣ ਦਾ ਹੀਆ ਕਰਦੀ ਹੈ; ਇਸੇ ਤਰ੍ਹਾਂ ਸੰਤ ਜਨਾਂ ਨੂੰ ਸੰਸਾਰ-ਸਮੁੰਦਰ ਵਿੱਚੋਂ ਪਾਰ ਲੰਘਦਿਆਂ ਵੇਖ ਕੇ ਕਮਜ਼ੋਰ-ਦਿਲ ਮਨੁੱਖ ਨੂੰ ਭੀ ਹੌਸਲਾ ਪੈ ਜਾਂਦਾ ਹੈ।

ਦੂਜਿਆਂ ਨੂੰ ਕੋਈ ਕੰਮ ਕਰਦਿਆਂ ਦੇਖ ਕੇ ਬਿਨਾਂ ਵਿਚਾਰਿਆਂ ਕਿ ਉਹ ਕੰਮ ਕਰਨਾ ਯੋਗ ਹੈ ਜਾਂ ਨਹੀਂ, ਕਰਨ ਵਾਲੇ ਲਈ ਗੁਰਬਾਣੀ ਵਿਚ 'ਦੇਖਾ ਦੇਖੀ' ਸ਼ਬਦ ਆਇਆ ਹੈ। ਰੀਸ ਅਤੇ ਦੇਖਾ ਦੇਖੀ ਵਿਚ ਅੰਤਰ ਇਹ ਹੈ ਕਿ ਰੀਸ ਕਰਨ ਵਾਲੇ ਦੇ ਮਨ ਵਿਚ ਇਕ ਤਾਂ ਈਰਖਾ ਵਾਲਾ ਭਾਵ ਹੁੰਦਾ ਹੈ ਅਤੇ ਦੂਜਾ ਉਹ ਉਸ ਵਿਅਕਤੀ ਵਰਗਾ ਬਣਨਾ ਤਾਂ ਚਾਹੁੰਦਾ ਹੈ ਪਰ ਉਸ ਵਾਂਗ ਗੁਣੀ ਬਣ ਕੇ ਨਹੀਂ ਬਲਕਿ ਕੇਵਲ ਉਸ ਦੀ ਨਕਲ ਕਰਕੇ। ਜਦ ਕਿ 'ਦੇਖਾ ਦੇਖੀ' ਵਿਚ ਅਗਿਆਨਤਾ ਤਾਂ ਹੁੰਦੀ ਹੈ ਪ੍ਰੰਤੂ ਈਰਖਾ ਆਦਿ ਵਾਲਾ ਭਾਵ ਨਹੀਂ ਹੁੰਦਾ। ਇਸ ਦੇ ਸਮਾਨਾਰਥ ਸ਼ਬਦ ਹਨ: ਭੇਡਚਾਲ; ਅਨੁਸਰਣ। ਗੁਰਬਾਣੀ ਦੇ ਨਿਮਨ-ਲਿਖਤ ਫ਼ੁਰਮਾਨਾਂ ਵਿਚ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

(ੳ) **ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨਹਠਿ ਤੀਰਥ ਜਾਹਿ ॥**
ਦੇਖਾ ਦੇਖੀ ਸ੍ਵਾਂਗੁ ਧਰਿ ਭੂਲੇ ਭਟਕਾ ਖਾਹਿ ॥ *(ਸਲੋਕ ਕਬੀਰ ਜੀ, ਪੰਨਾ 1371)*

ਅਰਥ : ਹੇ ਕਬੀਰ ! ਜੋ ਲੋਕ ਠਾਕੁਰ (ਦੀ ਮੂਰਤੀ) ਮੁੱਲ ਲੈ ਕੇ (ਉਸ ਦੀ) ਪੂਜਾ ਕਰਦੇ ਹਨ, ਅਤੇ ਮਨ ਦੇ ਹੱਠ ਨਾਲ ਤੀਰਥਾਂ 'ਤੇ ਜਾਂਦੇ ਹਨ, (ਅਸਲ ਵਿਚ ਉਹ ਲੋਕ) ਇਕ ਦੂਜੇ ਨੂੰ (ਇਹ ਕੰਮ ਕਰਦਿਆਂ) ਵੇਖ ਕੇ ਸਾਂਗ ਬਣਾਈ ਜਾਂਦੇ ਹਨ (ਇਸ ਵਿਚ ਅਸਲੀਅਤ ਕੋਈ ਨਹੀਂ ਹੁੰਦੀ, ਸਭ ਕੁਝ ਲੋਕਾਂ ਵਿਚ ਚੰਗਾ ਅਖਵਾਉਣ ਲਈ ਹੀ ਕੀਤਾ ਜਾਂਦਾ ਹੈ, ਹਿਰਦੇ ਵਿਚ ਪਰਮਾਤਮਾ ਦੇ ਪਿਆਰ ਦਾ ਕੋਈ ਹੁਲਾਰਾ ਨਹੀਂ ਹੁੰਦਾ, ਸਹੀ ਰਾਹ ਤੋਂ ਖੁੰਝੇ ਹੋਏ ਇਹ ਲੋਕ ਭਟਕਦੇ ਹਨ।

(ਅ) **ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ ॥**
ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥

(ਸਿਰੀਰਾਗ ਮਹਲਾ ੩, ਪੰਨਾ 28)

ਅਰਥ : ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਸਭ ਕੁਝ ਵਿਖਾਵੇ ਦੀ ਖ਼ਾਤਰ ਕਰਦਾ ਹੈ, ਉਸ ਨੂੰ ਸਹੀ ਜੀਵਨ ਜਿਊਣ ਦੀ ਸਮਝ ਨਹੀਂ ਆਉਂਦੀ। (ਪਰ) ਗੁਰੂ ਦੇ ਸਨਮੁਖ ਹੋ ਕੇ ਜਿਨ੍ਹਾਂ ਮਨੁੱਖਾਂ ਦਾ ਹਿਰਦਾ ਪਵਿੱਤਰ ਹੋ ਜਾਂਦਾ ਹੈ, ਉਨ੍ਹਾਂ ਦੀ ਘਾਲ-ਕਮਾਈ (ਪ੍ਰਭੂ ਦੇ ਦਰ 'ਤੇ) ਕਬੂਲ ਹੋ ਜਾਂਦੀ ਹੈ, ਉਹ ਮਨੁੱਖ ਹਰੀ ਦੇ ਗੁਣ ਗਾ ਕੇ ਹਰੀ ਦੇ ਚਰਨਾਂ ਵਿਚ ਲੀਨ ਹੋ ਕੇ ਨਿੱਤ ਹਰੀ ਦੇ ਗੁਣ ਗਾਉਂਦੇ ਹਨ ਤੇ ਪੜ੍ਹਦੇ ਹਨ।

ਇਸ ਤਰ੍ਹਾਂ ਦੇ ਪ੍ਰਾਣੀਆਂ ਬਾਰੇ ਸਾਡੀ ਬੋਲੀ ਵਿਚ ਇਹ ਅਖਾਣ ਵੀ ਪ੍ਰਚੱਲਿਤ ਹਨ : 'ਦੇਖਾ ਦੇਖੀ ਸਾਧਿਆ ਜੋਗ, ਛਿੱਜੀ ਕਾਇਆ ਵਧਿਆ ਰੋਗ', ਜਾਂ 'ਕਾਂ ਮੋਰਾਂ ਦੀ ਚਾਲ ਸਿੱਖਦਾ ਆਪਣੀ ਵੀ ਭੁਲਾ ਬੈਠਾ'।

ਭਾਈ ਗੁਰਦਾਸ ਜੀ ਨੇ ਇਸ ਸੰਬੰਧ ਵਿਚ ਪ੍ਰਚੱਲਿਤ ਕਹਾਣੀ ਦਾ ਵਰਣਨ ਇਉਂ ਕੀਤਾ ਹੈ :

ਨੰਢੇ ਖੂਹਹੁ ਨਾਇਕੈ ਪਗ ਵਿਸਾਰਿ ਆਇਆ ਸਿਰਿ ਨੰਗੈ।
ਘਰ ਵਿਚਿ ਰੰਨਾ ਕਮਲੀਆ ਧੁਸੀ ਲੀਤੀ ਦੇਖਿ ਕੁਢੰਗੈ।
ਰੰਨਾ ਦੇਖਿ ਪਿਟੰਦੀਆ ਢਾਹਾ ਮਾਰੈ ਹੋਇ ਨਿਸੰਗੈ।
ਲੋਕ ਸਿਆਪੇ ਆਇਆ ਰੰਨਾ ਪੁਰਸ ਜੁੜੇ ਲੈ ਪੰਗੈ।
ਨਾਇਣ ਪੁਛਦੀ ਪਿਟਦੀਆਂ ਕਿਸ ਦੈ ਨਾਇ ਅਲਾਣੀ ਅੰਗੈ।
ਸਹੁਰੈ ਪੁਛਹੁ ਜਾਇਕੈ ਕਉਣ ਮੁਆ ਨੂਹ ਉਤਰੁ ਮੰਗੈ।
ਕਾਵਾਂ ਰੋਲਾ ਮੂਰਖੁ ਸੰਗੈ ॥੧੯॥੩੨॥

ਉਪਰੋਕਤ ਸੰਖੇਪ ਜਿਹੀ ਵਿਚਾਰ ਮਗਰੋਂ ਅਸੀਂ ਇਹ ਆਖ ਸਕਦੇ ਹਾਂ ਕਿ ਗੁਰਮਤਿ ਦੀ ਜੀਵਨ-ਜੁਗਤਿ ਅਨੁਸਾਰ ਕਿਸੇ ਸ੍ਰੇਸ਼ਟ ਮਨੁੱਖ ਦੇ ਗੁਣਾਂ ਆਦਿ ਨੂੰ ਅਪਨਾਉਣ ਦੀ ਥਾਂ ਕੇਵਲ ਉਨ੍ਹਾਂ ਵਰਗਾ ਬਣਨ ਦੀ ਕੋਸ਼ਿਸ਼ ਕਰਨਾ ਰੀਸ ਹੈ। ਮਨੁੱਖ ਨੂੰ ਰੀਸ ਕਰਨ ਦੀ ਥਾਂ ਉਸ ਵਰਗਾ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿਉਂਕਿ

ਕੇਵਲ ਰੀਸ ਮਨੁੱਖ ਨੂੰ ਖ਼ੁਆਰ ਕਰਦੀ ਹੈ, ਇਸ ਲਈ ਇਸ ਨੂੰ ਤਿਆਗਣ ਦੀ ਤਾਕੀਦ ਕੀਤੀ ਹੈ। ਆਪਣੇ ਤੋਂ ਸ੍ਰੇਸ਼ਟ ਮਨੁੱਖ ਨੂੰ ਦੇਖ ਕੇ ਉਸ ਦੇ ਪਦ-ਚਿੰਨ੍ਹਾਂ 'ਤੇ ਚੱਲਣ ਦੀ ਕੋਸ਼ਿਸ਼ ਕਰਨ ਦੀ ਰੁਚੀ ਨੂੰ ਸਲਾਹਿਆ ਗਿਆ ਹੈ। ਪ੍ਰੰਤੂ ਦੂਜਿਆਂ ਨੂੰ ਕੋਈ ਕਰਮ ਕਰਦਿਆਂ ਦੇਖ ਕੇ ਬਿਨਾਂ ਵਿਚਾਰਿਆਂ ਹੀ 'ਦੇਖਾ ਦੇਖੀ' ਉਸ ਕਰਮ ਨੂੰ ਕਰਨ ਦੀ ਰੁਚੀ ਤੋਂ ਮਨੁੱਖ ਨੂੰ ਵਰਜਦਿਆਂ ਹੋਇਆਂ ਇਹ ਤਾਕੀਦ ਕੀਤੀ ਹੈ ਕਿ:

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰੁ ॥
ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ ॥

(ਸਲੋਕ ਵਾਰਾਂ ਤੇ ਵਧੀਕ, ਮਹਲਾ ੧, ਪੰਨਾ 1410)

ਅਰਥ : ਹੇ ਸੁੰਦਰ ਨੇਤ੍ਰਾਂ ਵਾਲੀਏ ਭੋਲੀਏ ਜੁਆਨ ਕੁੜੀਏ! (ਹੇ ਜਗਤ-ਰਚਨਾ ਵਿੱਚੋਂ ਸੋਹਣੀ ਜੀਵ-ਇਸਤ੍ਰੀਏ!) ਮੇਰੀ ਇਕ ਬਹੁਤ ਡੂੰਘੀ ਭੇਤ ਦੀ ਗੱਲ ਸੁਣ। (ਜਦੋਂ ਕੋਈ ਚੀਜ਼ ਖ਼ਰੀਦਣ ਲੱਗੀਏ, ਤਾਂ) ਪਹਿਲਾਂ (ਉਸ) ਚੀਜ਼ ਨੂੰ ਪਰਖ ਕੇ ਤਦੋਂ ਉਸ ਦਾ ਵਪਾਰ ਕਰਨਾ ਚਾਹੀਦਾ ਹੈ (ਭਾਵ ਤਦੋਂ ਉਹ ਖ਼ਰੀਦਣੀ ਚਾਹੀਦੀ ਹੈ)।

ਅਕ੍ਰਿਤਘਣ ਬਨਾਮ ਕ੍ਰਿਤਗਯ

'ਅਕ੍ਰਿਤਘਣ' ਦਾ ਅਰਥ ਹੈ—ਉਪਕਾਰ ਨੂੰ ਭੁਲਾ ਦੇਣ ਵਾਲਾ। 'ਕ੍ਰਿਤਗਯ' ਦਾ ਅਰਥ ਹੈ—ਜੋ ਕਿਸੇ ਦੇ ਉਪਕਾਰ ਨੂੰ ਚੇਤੇ ਰੱਖਦਾ ਹੈ, ਭੁਲਾਉਂਦਾ ਨਹੀਂ। 'ਅਕ੍ਰਿਤਘਣ' ਨੂੰ 'ਨਮਕ ਹਰਾਮ' ਅਤੇ 'ਕ੍ਰਿਤਗਯ' ਨੂੰ 'ਨਮਕ ਹਲਾਲ' ਵੀ ਕਿਹਾ ਜਾਂਦਾ ਹੈ। ਨਮਕ ਚੂੰਕਿ ਸਾਰੇ ਪਦਾਰਥਾਂ ਤੋਂ ਘੱਟ ਖਾਈਦਾ ਹੈ, ਇਸ ਲਈ 'ਨਮਕ ਹਰਾਮ' ਤੋਂ ਭਾਵ ਹੈ ਕਿ ਕਿਸੇ ਦਾ ਥੋੜਾ ਜਿਹਾ ਖਾ ਕੇ ਵੀ ਨਹੀਂ ਭੁਲਾਉਣਾ ਚਾਹੀਦਾ; ਅਰਥਾਤ ਕਿਸੇ ਦੇ ਉਪਕਾਰ ਨੂੰ ਕਦੀ ਵੀ ਨਹੀਂ ਭੁਲਾਉਣਾ ਚਾਹੀਦਾ।

'ਅਕ੍ਰਿਤਘਣ' ਨੂੰ ਹਰੇਕ ਸਮੇਂ, ਹਰੇਕ ਸਮਾਜ ਵਿਚ ਚੰਗੀ ਨਿਗਾਹ ਨਾਲ ਨਹੀਂ ਦੇਖਿਆ ਗਿਆ, ਪਰ 'ਕ੍ਰਿਤਗਯ' ਨੂੰ ਹਰੇਕ ਸਮੇਂ ਸਾਲਾਹਿਆ ਗਿਆ ਹੈ। ਹਰੇਕ ਭਾਸ਼ਾ ਵਿਚ 'ਅਕ੍ਰਿਤਘਣ' ਅਤੇ 'ਕ੍ਰਿਤਗਯ' ਬਾਰੇ ਪ੍ਰਚੱਲਿਤ ਅਖਾਣਾਂ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੁਰਾਤਨ ਸਮੇਂ ਤੋਂ ਹੀ ਮਨੁੱਖੀ ਸਮਾਜ ਵਿਚ ਇਨ੍ਹਾਂ ਦੋਹਾਂ ਬਾਰੇ ਮਨੁੱਖ ਦੀ ਇਹ ਧਾਰਨਾ ਇਸ ਰੂਪ ਵਿਚ ਹੀ ਪ੍ਰਚੱਲਿਤ ਰਹੀ ਹੈ। ਸਾਡੀ ਭਾਸ਼ਾ ਵਿਚ ਵੀ 'ਅਕ੍ਰਿਤਘਣ' ਬਾਰੇ ਨਿਮਨ-ਲਿਖਤ ਅਖਾਣ ਪ੍ਰਚੱਲਿਤ ਹਨ : ਜਿਨ੍ਹਾਂ ਨੂੰ ਅਸਾਂ ਟੁੱਕਰ ਪਾਏ, ਉਨ੍ਹਾਂ ਹੀ ਸਾਨੂੰ ਲਿੱਤਰ ਚਾਏ। ਜਾਂ, ਕੰਮ ਰਹੇ ਤਾਂ ਕਾਜ਼ੀ, ਨਹੀਂ ਤਾਂ ਪਾਜੀ, ਆਦਿ ਅਤੇ ਨਮਕ ਹਲਾਲ ਬਾਰੇ : ਲੂਣ ਖਾ ਕੇ ਹਰਾਮ ਨਹੀਂ ਕਰਨਾ ਚਾਹੀਦਾ, ਜਾਂ, ਜਿਸ ਦਾ ਲੂਣ ਖਾਈਏ, ਉਹਦਾ ਜੱਸ ਗਾਈਏ; ਆਦਿ।

ਭਾਈ ਗੁਰਦਾਸ ਜੀ ਨੇ 'ਅਕ੍ਰਿਤਘਣ' ਬਾਰੇ ਕਿਹਾ ਹੈ ਕਿ ਧਰਤੀ ਨੂੰ ਨਾ ਤਾਂ ਅਸਮਾਨ ਛੂੰਹਦੇ ਪਹਾੜ ਭਾਰੇ ਲੱਗਦੇ ਹਨ, ਨਾ ਹੀ ਕੋਟ ਗੜ੍ਹ ਅਤੇ ਘਰ-ਬਾਰ ਭਾਰੇ ਲੱਗਦੇ ਹਨ, ਨਾ ਹੀ ਸਮੁੰਦਰ, ਨਦੀ ਅਤੇ ਨਾਲੇ ਭਾਰੇ ਲੱਗਦੇ ਹਨ, ਨਾ ਉਸ ਨੂੰ ਬ੍ਰਿਛ ਜੋ ਫਲਾਂ ਨਾਲ ਲੱਦੇ ਹੋਏ ਹਨ ਭਾਰੇ ਲੱਗਦੇ ਹਨ, ਨਾ ਹੀ ਉਸ ਨੂੰ ਅਣਗਿਣਤ ਵੱਡੇ ਛੋਟੇ ਜੀਵ ਜੰਤੂ ਭਾਰੇ ਲੱਗਦੇ ਹਨ, ਪਰ ਧਰਤੀ ਨੂੰ 'ਅਕ੍ਰਿਤਘਣ' ਭਾਰੇ ਲੱਗਦੇ ਹਨ ਕਿਉਂਕਿ ਇਹ ਮੰਦਿਆਂ ਤੋਂ ਵੀ ਮੰਦੇ ਹਨ :

> ਨਾ ਤਿਸੁ ਭਾਰੇ ਪਰਬਤਾ ਅਸਮਾਨ ਖਹੰਦੇ।
> ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ।
> ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।
> ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
> ਨਾ ਤਿਸੁ ਭਾਰੇ ਜੀਅਜੰਤ ਅਣਗਣਤ ਫਿਰੰਦੇ।
> ਭਾਰੇ ਭੁਈ ਅਕਿਰਤਘਣ ਮੰਦੀ ਹੂ ਮੰਦੇ ॥੮॥੩੫॥

ਭਾਈ ਸਾਹਿਬ ਫਿਰ ਲਿਖਦੇ ਹਨ ਕਿ ਆਮ ਤੌਰ 'ਤੇ ਕੁੱਤੇ ਦਾ ਮਾਸ, ਮੁਰਦੇ ਦੀ ਖੋਪਰੀ, ਸ਼ਰਾਬ ਆਦਿ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ। ਇਨ੍ਹਾਂ ਬਾਰੇ 'ਨਜ਼ਰ' ਲੱਗਣ ਦੀ ਧਾਰਨਾ ਵਿਚ ਵਿਸ਼ਵਾਸ ਕਰਨ ਵਾਲੇ ਮੰਨਦੇ ਹਨ ਕਿ ਇਨ੍ਹਾਂ ਵਸਤਾਂ ਨੂੰ ਕਿਸੇ ਦੀ ਨਜ਼ਰ ਨਹੀਂ ਲੱਗਦੀ। ਪਰ 'ਅਕ੍ਰਿਤਘਣ' ਇਤਨਾ ਮਾੜਾ ਹੈ ਕਿ 'ਅਕ੍ਰਿਤਘਣ' ਦੀ ਨਜ਼ਰ ਇਨ੍ਹਾਂ ਵਸਤਾਂ ਨੂੰ ਵੀ ਲੱਗ ਜਾਂਦੀ ਹੈ:

ਮਦ ਵਿਚਿ ਰਿਧਾ ਪਾਇਕੈ ਕੁਤੇ ਦਾ ਮਾਸੁ।
ਧਰਿਆ ਮਾਣਸ ਖੋਪਰੀ ਤਿਸੁ ਮੰਦੀ ਵਾਸੁ।
ਰਤੂ ਭਰਿਆ ਕਪੜਾ ਕਰਿ ਕਜਣੁ ਤਾਸੁ।
ਢਕਿ ਲੈ ਚਲੀ ਚੂਹੜੀ ਕਰਿ ਭੋਗ ਬਿਲਾਸੁ।
ਆਖਿ ਸੁਣਾਏ ਪੁਛਿਆ ਲਾਹੇ ਵਿਸਵਾਸੁ।
ਨਦਰੀ ਪਵੈ ਅਕਿਰਤਿਘਣੁ ਮਤੁ ਹੋਇ ਵਿਣਾਸੁ ॥੯॥੩੫॥

ਲਗਭਗ ਹਰੇਕ ਮਨੁੱਖ ਕੋਸ਼ਿਸ਼ ਕਰਦਾ ਹੈ ਕਿ ਉਸ ਦੀ ਗਿਣਤੀ 'ਅਕ੍ਰਿਤਘਣਾਂ' ਵਿਚ ਨਾ ਹੋਵੇ, ਇਸ ਲਈ ਉਹ ਹਰ ਸੰਭਵ ਕੋਸ਼ਿਸ਼ ਕਰਦਾ ਹੈ ਕਿ ਉਹ 'ਕ੍ਰਿਤਗਯ' ਬਣੇ। ਇਸ ਦੌੜ ਵਿਚ ਸ਼ਾਮਲ ਹੋਇਆ ਪ੍ਰਾਣੀ ਆਪਣੇ ਉੱਤੇ ਅਹਿਸਾਨ ਕਰਨ ਵਾਲਿਆਂ ਦੀ ਹਰੇਕ ਜਾਇਜ਼-ਨਜਾਇਜ਼ ਗੱਲ ਮੰਨਣ ਲਈ ਰਾਜ਼ੀ ਹੋ ਜਾਂਦਾ ਹੈ। ਇਹ ਆਮ ਹੀ ਦੇਖਣ ਸੁਣਨ ਵਿਚ ਆਉਂਦਾ ਹੈ ਕਿ ਜਦੋਂ ਕੋਈ ਪ੍ਰਾਣੀ ਆਪਣੀ ਮਦਦ ਕਰਨ ਵਾਲੇ ਦੀ ਕਿਸੇ ਗ਼ਲਤ ਕੰਮ ਵਿਚ ਹਾਮੀ ਨਹੀਂ ਭਰਦਾ ਜਾਂ ਉਸ ਦਾ ਸਾਥ ਨਹੀਂ ਦੇਂਦਾ ਤਾਂ ਉਸ ਨੂੰ 'ਅਕ੍ਰਿਤਘਣ' ਆਖ ਕੇ ਕੋਸਿਆ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਉਸ ਮਨੁੱਖ ਨੂੰ 'ਅਕ੍ਰਿਤਘਣ' ਆਖਿਆ ਹੈ ਜਿਹੜਾ ਉਸ ਦਾਤਾਰ ਦਾ ਸ਼ੁਕਰਾਨਾ ਨਹੀਂ ਕਰਦਾ, ਜਿਸ ਨੇ ਇਸ ਨੂੰ ਸਭ ਕੁਛ ਬਖ਼ਸ਼ਸ਼ ਕੀਤਾ ਹੈ। ਗੁਰਬਾਣੀ ਦੇ ਨਿਮਨ-ਲਿਖਤ ਸ਼ਬਦ ਵਿੱਚੋਂ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

ਲੂਣ ਹਰਾਮੀ ਗੁਨਹਗਾਰ ਬੇਗਾਨਾ ਅਲਪ ਮਤਿ ॥
ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ ਨ ਜਾਨਤ ਤਤ ॥
ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ ॥
ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ ॥
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ ਮਨ ਮਾਹਿ ॥
ਲੰਪਟ ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ ॥
ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥
ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ ॥

(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 261)

ਅਰਥ: ਮਨੁੱਖ ਨਾ-ਸ਼ੁਕਰਾ ਹੈ, ਗੁਨਾਹਗਾਰ ਹੈ, ਹੋਛੀ ਮਤ ਵਾਲਾ ਹੈ, ਪਰਮਾਤਮਾ ਨਾਲੋਂ ਓਪਰਾ ਹੀ ਰਹਿੰਦਾ ਹੈ, ਜਿਸ ਪ੍ਰਭੂ ਨੇ ਇਹ ਜਿੰਦ ਤੇ ਸਰੀਰ ਦਿੱਤੇ ਹਨ, ਉਸ ਅਸਲੇ ਨੂੰ ਪਛਾਣਦਾ ਹੀ ਨਹੀਂ। ਮਾਇਆ ਖੱਟਣ ਦੀ ਖ਼ਾਤਰ ਦਸੀਂ ਪਾਸੀਂ

ਭਾਲ ਕਰਨ ਤੁਰਿਆ ਫਿਰਦਾ ਹੈ, ਪਰ ਜਿਹੜਾ ਪ੍ਰਭੂ ਦਾਤਾਰ ਸਭ ਕੁਝ ਦੇਣ ਜੋਗਾ ਹੈ, ਉਸ ਨੂੰ ਅੱਖ ਦੇ ਫੋਰ ਜਿਤਨੇ ਸਮੇਂ ਲਈ ਭੀ ਆਪਣੇ ਮਨ ਵਿਚ ਨਹੀਂ ਵਸਾਉਂਦਾ। ਲਾਲਚ, ਝੂਠ, ਵਿਕਾਰ ਤੇ ਮਾਇਆ ਦਾ ਮੋਹ—ਬੱਸ! ਇਹੀ ਧਨ ਮਨੁੱਖ ਆਪਣੇ ਮਨ ਵਿਚ ਸਾਂਭੀ ਬੈਠਾ ਹੈ। ਜੋ ਵਿਸ਼ਈ ਹਨ, ਚੋਰ ਹਨ, ਮਹਾਂ ਨਿੰਦਕ ਹਨ, ਉਨ੍ਹਾਂ ਦੇ ਸਾਥ ਵਿਚ ਇਸ ਦੀ ਉਮਰ ਬੀਤਦੀ ਹੈ। (ਪਰ, ਹੇ ਪ੍ਰਭੂ!) ਜੇ ਤੈਨੂੰ ਚੰਗਾ ਲੱਗੇ ਤਾਂ ਤੂੰ ਆਪ ਹੀ ਖੋਟਿਆਂ ਨੂੰ ਖਰਿਆਂ ਦੀ ਸੰਗਤਿ ਵਿਚ ਰੱਖ ਕੇ ਬਖ਼ਸ਼ ਲੈਂਦਾ ਹੈਂ। ਹੇ ਨਾਨਕ! ਜੇ ਪਰਮਾਤਮਾ ਨੂੰ ਚੰਗਾ ਲੱਗੇ ਤਾਂ ਉਹ (ਵਿਚਾਰਾਂ ਵਿਚ) ਪੱਥਰ-ਦਿਲ ਹੋ ਚੁੱਕੇ ਬੰਦਿਆਂ ਨੂੰ ਨਾਮ-ਅੰਮ੍ਰਿਤ ਦੀ ਦਾਤਿ ਦੇ ਕੇ, (ਵਿਕਾਰਾਂ ਦੀਆਂ ਲਹਿਰਾਂ ਵਿਚ ਡੁੱਬਣੋਂ) ਬਚਾ ਲੈਂਦਾ ਹੈ।

ਭਾਈ ਗੁਰਦਾਸ ਜੀ ਗੁਰਬਾਣੀ ਦੀ ਜੀਵਨ-ਜੁਗਤਿ ਨੂੰ ਇਸ ਤਰ੍ਹਾਂ ਦਰਸਾਉਂਦੇ ਹਨ :

ਖਾਧੇ ਲੂਣ ਗੁਲਾਮ ਹੋਇ ਪੀਹਿ ਪਾਣੀ ਢੋਵੈ।
ਲੂਣ ਖਾਇ ਕਰਿ ਚਾਕਰੀ ਰਣਿ ਟੂਕ ਟੂਕ ਹੋਵੈ।
ਲੂਣ ਖਾਇ ਧੀ ਪੁਤੁ ਹੋਇ ਸਭ ਲਜਾ ਧੋਵੈ।
ਲੂਣੁ ਵਣੋਟਾ ਖਾਇਕੈ ਹਥ ਜੋੜਿ ਖੜੋਵੈ।
ਵਾਟ ਵਟਾਊ ਲੂਣ ਖਾਇ ਗੁਣੁ ਕੰਠਿ ਪਰੋਵੈ।
ਲੂਣ ਹਰਾਮੀ ਗੁਨਹਗਾਰ ਮਰਿ ਜਨਮੁ ਵਿਗੋਵੈ ॥੧੧॥੩੫॥

ਅਰਥ : ਨੌਕਰ ਲੂਣ ਖਾਣ ਨਾਲ ਗ਼ੁਲਾਮ ਮੁੱਲ ਲੀਤੇ ਵਾਂਗੂੰ ਚੱਕੀ ਪੀਹਦਾ, ਪਾਣੀ ਦੀਆਂ ਗਾਗਰਾਂ ਢੋਂਦਾ ਹੈ। ਚਾਕਰ ਲੂਣ ਖਾ ਕੇ ਚਾਕਰੀ ਕਰਦਾ, ਰਣ ਵਿਖੇ ਟੁਕੜੇ-ਟੁਕੜੇ ਹੋ ਕੇ ਮਰਦਾ ਹੈ। ਧੀਆਂ ਅਤੇ ਪੁੱਤਰ ਮਾਪਿਆਂ ਦਾ ਲੂਣ ਖਾ ਕੇ ਕੁਟੰਬ ਦੀ ਲੱਜਾ ਧੋਂਦੇ ਹਨ। ਸ਼ਾਹ ਦਾ ਗੁਮਾਸ਼ਤਾ ਲੂਣ ਖਾ ਕੇ ਮਾਲਕ ਦੇ ਅੱਗੇ ਹੱਥ ਜੋੜ ਕੇ ਖੜੋਂਦਾ ਹੈ। ਰਸਤੇ ਜਾਂਦਾ ਮੁਸਾਫ਼ਰ ਲੂਣ ਖਾ ਕੇ ਗੁਣਾਂ ਦਾ ਕੰਠ ਵਿਖੇ ਹਾਰ ਪਰੋਂਦਾ, ਭਾਵ ਜਿੱਥੇ ਜਾਵੇ ਉਥੇ ਉਸਤਤ ਕਰਦਾ ਹੈ। ਲੂਣ ਖਾ ਕੇ ਜੋ ਹਰਾਮ ਕਰੇ, ਉਹ ਪਾਪੀ ਮਰਦਾ ਜੰਮਦਾ ਖ਼ਰਾਬ ਹੁੰਦਾ ਹੈ। ਭਾਵ ਜੋ ਅਕਾਲ ਪੁਰਖ ਦਾ ਲੂਣ ਖਾ ਕੇ ਹਰਾਮ ਕਰਦਾ ਹੈ, ਉਸ ਦੀ ਰਜ਼ਾ ਵਾਲਾ ਜੀਵਨ ਬਤੀਤ ਨਹੀਂ ਕਰਦਾ, ਉਹ ਮਰਨ- ਜੰਮਣ ਦੇ ਦੁੱਖਾਂ ਵਿਚ ਆਪਣਾ ਜਨਮ ਨਸ਼ਟ ਕਰਦਾ ਹੈ।

ਪ੍ਰਚੱਲਿਤ ਧਾਰਨਾ ਵਿਚ ਉਨ੍ਹਾਂ ਪ੍ਰਾਣੀਆਂ ਨੂੰ ਵੀ 'ਅਕ੍ਰਿਤਘਣ' ਆਖਿਆ ਜਾਂਦਾ ਹੈ ਜਿਹੜੇ ਕਿਸੇ ਅਜਿਹੇ ਵਿਅਕਤੀ ਜਾਂ ਸੰਸਥਾ ਦੇ ਕਾਲੇ ਕਾਰਨਾਮਿਆਂ ਨੂੰ ਜੱਗ-ਜ਼ਾਹਰ ਕਰ ਦੇਂਦੇ ਹਨ, ਜਿਹੜੇ ਮਨੁੱਖਤਾ ਲਈ ਬਹੁਤ ਹੀ ਘਾਤਕ ਹੁੰਦੇ ਹਨ। ਪਰ ਗੁਰਮਤਿ ਦੀ ਜੀਵਨ-ਜੁਗਤਿ ਵਿਚ ਕਿਸੇ ਵਿਅਕਤੀ ਪਾਸ ਨੌਕਰੀ ਕਰਨ ਵਾਲਾ ਪ੍ਰਾਣੀ ਜੇਕਰ ਆਪਣੇ ਮਾਲਕ ਦੇ ਕਿਸੇ ਘਿਨਾਉਣੇ ਕਾਰਨਾਮੇ ਦੀ ਗੱਲ ਜੱਗ-ਜ਼ਾਹਰ ਕਰ ਦੇਂਦਾ ਹੈ ਤਾਂ ਇਸ ਨੂੰ 'ਅਕ੍ਰਿਤਘਣਤਾ' ਨਹੀਂ ਕਿਹਾ ਗਿਆ ਹੈ। ਜੇਕਰ ਕੋਈ ਆਪਣੇ ਕਰਮਚਾਰੀ ਉੱਤੇ ਅਜਿਹਾ ਦੋਸ਼ ਲਾਉਂਦਾ ਹੈ ਤਾਂ ਉਸ ਦਾ ਇਹ ਦੋਸ਼ ਅਰਥਹੀਨ ਹੈ। ਗੁਰਮਤਿ ਦੀ ਰਹਿਣੀ ਵਿਚ ਮਨੁੱਖ ਨੂੰ ਕਿਸੇ ਦੁਨਿਆਵੀ ਮਾਲਕ ਦੀ

ਬੇਈਮਾਨੀ ਦਾ ਸਾਥ ਦੇ ਕੇ ਨਮਕ-ਹਲਾਲੀ ਦਾ ਸਬੂਤ ਦੇਣ ਦੀ ਬਜਾਏ, ਉਸ ਅਕਾਲ ਪੁਰਖ ਦਾ ਨਮਕ-ਹਲਾਲ ਬਣਨ ਲਈ ਉਤਸ਼ਾਹਿਤ ਕੀਤਾ ਹੈ। ਇਸ ਲਈ ਗੁਰਮਤਿ ਦੀ ਰਹਿਣੀ ਵਿਚ ਮਨੁੱਖ ਨੂੰ ਆਪਣੇ ਕਿਸੇ ਕਥਿੱਤ ਦਾਤੇ ਵੱਲੋਂ ਮਨੁੱਖਤਾ ਦੇ ਘਾਣ ਕਰਨ ਵਾਲੇ ਕਿਸੇ ਵੀ ਅਜਿਹੇ ਕਾਰਨਾਮੇ ਨੂੰ ਛੁਪਾ ਕੇ, ਅਖੌਤੀ ਨਮਕ-ਹਲਾਲ ਦਾ ਸਬੂਤ ਦੇਣ ਦੀ ਥਾਂ ਉਸ ਨੂੰ ਜ਼ਾਹਰ ਕਰ ਕੇ, ਅਕਾਲ ਪੁਰਖ ਦੇ ਨਮਕ-ਹਲਾਲ ਬਣ ਕੇ ਇਨਸਾਨੀਅਤ ਦਾ ਸਬੂਤ ਦੇਣ ਦੀ ਲੋੜ ਹੈ।

ਕਿਸੇ ਅਜਿਹੇ ਕਾਰਨਾਮੇ ਨੂੰ ਦੇਖ ਕੇ ਖ਼ਾਮੋਸ਼ ਹੋਣਾ ਜਾਂ ਅਜਿਹੇ ਕਿਸੇ ਕੰਮ ਵਿਚ ਉਸ ਮਨੁੱਖ ਦੀ ਵਫ਼ਾਦਾਰੀ ਨਿਭਾਉਣ ਲਈ ਸ਼ਾਮਲ ਹੋਣ ਨੂੰ ਗੁਰਮਤਿ 'ਨਮਕ ਹਲਾਲ' ਨਹੀਂ ਮੰਨਦੀ, ਜਿਸ ਦੁਆਰਾ ਕੋਈ ਮਨੁੱਖ ਜਾਂ ਸੰਸਥਾ ਖਾਣ-ਪੀਣ ਵਾਲੀਆਂ ਵਸਤਾਂ ਵਿਚ ਮਿਲਾਵਟ ਕਰ ਰਿਹਾ ਹੈ, ਨਿਰਦੋਸ਼ ਲੋਕਾਂ ਨੂੰ ਜਾਨੋਂ ਮਾਰ ਮੁਕਾਉਣ ਦੀ ਵਿਓਂਤ ਬਣਾ ਰਿਹਾ ਹੈ, ਕਿਸੇ ਅਬਲਾ ਦੀ ਪੱਤ ਲੁੱਟਣ ਦੀ ਸਕੀਮ ਘੜ ਰਿਹਾ ਹੈ ਜਾਂ ਕੋਈ ਹੋਰ ਅਜਿਹਾ ਕੰਮ ਕਰ ਰਿਹਾ ਹੈ, ਜੋ ਮਨੁੱਖਤਾ ਲਈ ਮਾਰੂ ਅਤੇ ਘਾਤਕ ਹੈ। ਗੁਰਮਤਿ ਦੀ ਜੀਵਨ-ਜੁਗਤਿ ਵਿਚ ਐਸੇ ਪ੍ਰਾਣੀ ਦੀ ਗਿਣਤੀ 'ਕ੍ਰਿਤਗਯ' ਵਿਚ ਨਹੀਂ, ਸਗੋਂ 'ਅਕ੍ਰਿਤਘਣਾਂ' ਵਿਚ ਹੈ। ਗੁਰਮਤਿ ਦੀ ਜੀਵਨ-ਜੁਗਤਿ ਮਨੁੱਖ ਨੂੰ ਅਜਿਹੀ ਪਰਿਸਥਿਤੀ ਵਿਚ, ਉਸ ਮਨੁੱਖ ਜਾਂ ਉਸ ਸੰਸਥਾ ਦੇ ਘਿਨਾਉਣੇ ਕਾਰਨਾਮੇ ਨੂੰ ਜੱਗ ਜ਼ਾਹਰ ਕਰ ਕੇ ਮਨੁੱਖਤਾ ਦੀ ਸੇਵਾ ਕਰ ਕੇ ਅਕਾਲ ਪੁਰਖ ਦਾ ਨਮਕ-ਹਲਾਲ ਬਣਨ ਲਈ ਪ੍ਰੇਰਦੀ ਹੈ:

(ੳ) **ਵਜਹੁ ਸਾਹਿਬ ਕਾ ਸੇਵ ਬਿਰਾਨੀ॥ ਐਸੇ ਗੁਨਹ ਅਛਾਦਿਓ ਪ੍ਰਾਨੀ॥**

(ਆਸਾ ਮਹਲਾ ੫, ਪੰਨਾ 376)

ਅਰਥ: (ਹੇ ਭਾਈ!) ਮਨੁੱਖ ਵਿਕਾਰਾਂ ਹੇਠ ਇਉਂ ਦੱਬਿਆ ਰਹਿੰਦਾ ਹੈ ਕਿ ਖਾਂਦਾ ਤਾਂ ਹੈ ਮਾਲਕ-ਪ੍ਰਭੂ ਦਾ ਦਿੱਤਾ ਹੋਇਆ, ਪਰ ਸੇਵਾ ਕਰਦਾ ਹੈ ਬਿਗਾਨੀ (ਮਾਲਕ-ਪ੍ਰਭੂ ਨੂੰ ਯਾਦ ਕਰਨ ਦੀ ਥਾਂ ਸਦਾ ਮਾਇਆ ਦੀਆਂ ਸੋਚਾਂ ਸੋਚਦਾ ਹੈ)।

(ਅ) **ਮੂੜੇ ਤੈ ਮਨ ਤੇ ਰਾਮੁ ਬਿਸਾਰਿਓ॥**
ਲੂਣੁ ਖਾਇ ਕਰਹਿ ਹਰਾਮਖੋਰੀ ਪੇਖਤ ਨੈਨ ਬਿਦਾਰਿਓ॥੧॥ਰਹਾਉ॥

(ਮਾਰੂ ਮਹਲਾ ੫, ਪੰਨਾ 1001)

ਅਰਥ: ਹੇ ਮੂਰਖ! ਤੂੰ ਪਰਮਾਤਮਾ ਨੂੰ ਆਪਣੇ ਮਨ ਤੋਂ ਭੁਲਾ ਦਿੱਤਾ ਹੈ। ਪਰਮਾਤਮਾ ਦਾ ਸਭ ਕੁਝ ਦਿੱਤਾ ਖਾ ਕੇ ਬੜੀ ਬੇ-ਸ਼ਰਮੀ ਨਾਲ ਤੂੰ ਹਰਾਮਖ਼ੋਰੀ ਕਰ ਰਿਹਾ ਹੈਂ।

ਇਹ ਆਮ ਹੀ ਦੇਖਣ ਸੁਣਨ ਵਿਚ ਆਉਂਦਾ ਹੈ ਕਿ ਕਈ ਰਾਜਨੀਤਕ ਨੇਤਾ ਜਾਂ ਸਰਕਾਰੇ ਦਰਬਾਰੇ ਪਹੁੰਚ ਰੱਖਣ ਵਾਲੇ ਕਿਸੇ ਨੂੰ ਨੌਕਰੀ ਆਦਿ ਦਿਵਾਉਂਦੇ ਹਨ ਜਾਂ ਮਦਦ ਕਰਦੇ ਹਨ ਤਾਂ ਇਸ ਦੇ ਬਦਲੇ ਉਨ੍ਹਾਂ ਪਾਸੋਂ ਕਈ ਗ਼ੈਰ-ਕਾਨੂੰਨੀ ਕੰਮ ਕਰਾਉਂਦੇ ਹਨ। ਪਰ ਜੇਕਰ ਕੋਈ ਗ਼ੈਰ-ਕਾਨੂੰਨੀ ਕੰਮ ਕਰਨ ਤੋਂ ਇਨਕਾਰ ਕਰਦਾ ਹੈ ਤਾਂ ਮਦਦ ਕਰਨ ਵਾਲਾ ਵਿਅਕਤੀ ਉਸ ਨੂੰ 'ਅਕ੍ਰਿਤਘਣ' ਕਹਿੰਦਾ ਹੈ। ਇੱਥੋਂ ਤੀਕ ਕਿ ਧਾਰਮਿਕ ਖੇਤਰ ਵਿਚ ਵੀ ਅਜਿਹਾ ਵਰਤਾਰਾ ਦੇਖਣ ਨੂੰ ਮਿਲਦਾ ਹੈ।

ਧਾਰਮਿਕ ਅਦਾਰਿਆਂ ਵਿਖੇ ਆਮ ਤੌਰ 'ਤੇ ਸੇਵਾਦਾਰ ਤੋਂ ਲੈ ਕੇ ਜਥੇਦਾਰ ਤੀਕ ਦੀ ਨਿਯੁਕਤੀ ਕਰਾਉਣ ਵਾਲੇ, ਅਜਿਹੀਆਂ ਨਿਯੁਕਤੀਆਂ ਦੇ ਬਦਲੇ ਵਿਚ ਇਨ੍ਹਾਂ ਤੋਂ ਆਪਣੀ ਹਰੇਕ ਜਾਇਜ਼-ਨਜਾਇਜ਼ ਗੱਲ ਵਿਚ ਹਿਮਾਇਤ ਦੀ ਆਸ ਰੱਖਦੇ ਹਨ। ਜੇਕਰ ਕੋਈ ਜ਼ਮੀਰ ਦੀ ਆਵਾਜ਼ ਸੁਣ ਕੇ ਕੋਈ ਗ਼ਲਤ ਗੱਲ ਮੰਨਣ ਜਾਂ ਗ਼ਲਤ ਕੰਮ ਕਰਨ ਤੋਂ ਇਨਕਾਰ ਕਰ ਦੇਂਦਾ ਹੈ ਤਾਂ ਉਸ ਨੂੰ ਝੱਟ ਹੀ ਇਹਸਾਨ ਫ਼ਰਾਮੋਸ਼ ਦਾ 'ਪ੍ਰਮਾਣ ਪੱਤਰ' ਦੇ ਦਿੱਤਾ ਜਾਂਦਾ ਹੈ।

ਗੁਰਮਤਿ ਦੀ ਰਹਿਣੀ ਵਿਚ ਕੇਵਲ ਉਨ੍ਹਾਂ ਪ੍ਰਾਣੀਆਂ ਨਾਲ ਹੀ ਭਲਿਆਈ ਕਰਨ ਦੀ ਤਾਕੀਦ ਨਹੀਂ ਕੀਤੀ ਗਈ, ਜਿਨ੍ਹਾਂ ਦਾ ਅਸੀਂ ਨਮਕ ਖਾਧਾ ਹੋਇਆ ਹੈ ਬਲਕਿ ਹਰੇਕ ਮਨੁੱਖ ਨਾਲ ਹੀ ਭਲਿਆਈ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। ਗੁਰਬਾਣੀ ਦਾ ਨਿਮਨ-ਲਿਖਤ ਫ਼ੁਰਮਾਨ ਪ੍ਰਭੂ ਦੇ ਬਿਰਦ ਨੂੰ ਦ੍ਰਿੜ੍ਹ ਕਰਵਾ ਕੇ ਮਨੁੱਖ ਨੂੰ ਪ੍ਰਭੂ ਦੇ ਇਸ ਗੁਣ ਨੂੰ ਅਪਨਾਉਣ ਲਈ ਉਤਸ਼ਾਹਿਤ ਕਰਦਾ ਹੈ:

ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ ॥

(ਸਿਰੀਰਾਗ ਮਹਲਾ ੫, ਪੰਨਾ 47)

ਅਰਥ: ਹੇ ਨਾਨਕ! (ਅਰਦਾਸ ਕਰ ਤੇ ਆਖ) ਹੇ ਪ੍ਰਭੂ! ਤੂੰ ਉਨ੍ਹਾਂ ਨੂੰ ਭੀ ਪਾਲਦਾ ਹੈਂ, ਜੋ ਤੇਰੇ ਕੀਤੇ ਉਪਕਾਰਾਂ ਨੂੰ ਭੁਲਾ ਦੇਂਦੇ ਹਨ, ਤੂੰ ਸਦਾ ਹੀ (ਜੀਵਾਂ ਦੀਆਂ ਭੁੱਲਾਂ) ਬਖ਼ਸ਼ਣ ਵਾਲਾ ਹੈਂ।

ਇਸ ਲਈ ਹੀ ਗੁਰਮਤਿ ਦੀ ਜੀਵਨ-ਜੁਗਤਿ ਵਿਚ ਕਿਸੇ ਨਾਲ ਵੀ ਧੋਖਾ, ਬੇਈਮਾਨੀ, ਹੇਰਾ-ਫੇਰੀ ਕਰਨ ਦੀ ਇਜਾਜ਼ਤ ਨਹੀਂ ਹੈ। ਗੁਰਮਤਿ ਵਿਚ ਦੇਸ਼, ਜਾਤ ਅਤੇ ਲਿੰਗ ਭੇਦ ਦੇ ਬਗ਼ੈਰ ਹਰੇਕ ਲੋੜਵੰਦ ਦੀ ਮਦਦ ਕਰਨ ਦੀ ਤਾਕੀਦ ਹੈ। ਭਾਵੇਂ ਆਮ ਤੌਰ 'ਤੇ ਮਨੁੱਖ ਜਿਸ ਨਾਲ ਭਲਿਆਈ ਕਰ ਕੇ ਇਹ ਆਸ ਰੱਖਦਾ ਹੈ ਕਿ ਉਹ ਮਨੁੱਖ ਉਸ ਦਾ ਇਹਸਾਨਮੰਦ ਰਹੇ। ਕਿਸੇ ਤਰ੍ਹਾਂ ਦੀ ਜ਼ਰੂਰਤ ਪੈਣ 'ਤੇ ਉਹ ਵਿਅਕਤੀ ਇਸ ਦੀ ਸਹਾਇਤਾ ਦੀ ਆਸ ਕਰਦਾ ਹੈ। ਇਸ ਤਰ੍ਹਾਂ ਆਸ ਕਰਨਾ ਸੁਭਾਵਿਕ ਹੈ, ਇਸ ਵਿਚ ਕੁਝ ਗ਼ਲਤ ਵੀ ਨਹੀਂ ਹੈ। ਪਰ ਜਦ ਕੋਈ ਗ਼ਲਤ ਕੰਮ ਕਰ ਕੇ, ਉਸ ਮਨੁੱਖ ਤੋਂ ਸਹਾਇਤਾ ਦੀ ਆਸ ਕਰੇ ਜਾਂ ਉਹ ਪ੍ਰਾਣੀ ਵੀ ਇਹ ਸੋਚ ਕੇ ਕਿ ਇਸ ਨੇ ਮੇਰੀ ਸਹਾਇਤਾ ਕੀਤੀ ਸੀ, ਹੁਣ ਮੈਨੂੰ ਇਸ ਦੀ ਹਰ ਹੀਲੇ ਸਹਾਇਤਾ ਕਰਨੀ ਹੀ ਪੈਣੀ ਹੈ, ਇਹ ਧਾਰਨਾ ਨਮਕ-ਹਲਾਲ ਦੀ ਨਹੀਂ ਹੈ। ਅਜਿਹੀ ਪਰਿਸਥਿਤੀ ਵਿਚ ਉਸ ਮਨੁੱਖ ਦੀ ਸਹਾਇਤਾ ਤੋਂ ਇਨਕਾਰ ਕਰਨ ਵਾਲਾ ਵਿਅਕਤੀ 'ਅਕ੍ਰਿਤਘਣ' ਨਹੀਂ ਸਗੋਂ ਨਮਕ-ਹਲਾਲ ਹੈ। ਗੁਰਬਾਣੀ ਦੀ ਜੀਵਨ-ਜੁਗਤਿ ਮਨੁੱਖ ਨੂੰ ਬੇਈਮਾਨ ਅਤੇ ਭ੍ਰਿਸ਼ਟ ਪ੍ਰਾਣੀਆਂ ਦਾ 'ਕ੍ਰਿਤਗਯ' ਬਣਨ ਦੀ ਬਜਾਏ ਪ੍ਰਭੂ ਦਾ 'ਕ੍ਰਿਤਗਯ' ਬਣਨ ਦੀ ਤਾਕੀਦ ਕਰਦੀ ਹੈ। ਦੂਜੇ ਪਾਸੇ ਕਿਸੇ ਦੇ ਅਪਰਾਧ ਨੂੰ ਜੱਗ-ਜ਼ਾਹਰ ਕਰਨ ਵਾਲੇ ਨੂੰ 'ਅਕ੍ਰਿਤਘਣ' ਨਹੀਂ, ਬਲਕਿ 'ਕ੍ਰਿਤਗਯ' ਦੇ ਰੂਪ ਵਿਚ ਸਵੀਕਾਰ ਕਰਦੀ ਹੈ।

ਕਈ ਸੱਜਣ ਗੁਰਬਾਣੀ ਦੇ ਨਿਮਨ-ਲਿਖਤ ਫ਼ੁਰਮਾਨ ਨੂੰ 'ਕ੍ਰਿਤਗਯ' ਦੇ ਪ੍ਰਚੱਲਿਤ ਭਾਵਾਰਥ ਵਿਚ ਲੈਂਦੇ ਹਨ:

ਜਿਸ ਦਾ ਦਿਤਾ ਖਾਵਣਾ ਤਿਸੁ ਕਹੀਐ ਸਾਬਾਸਿ ॥

(ਵਾਰ ਆਸਾ ਮਹਲਾ ੧, ਪੰਨਾ 474)

ਅਰਥ: ਹੇ ਨਾਨਕ! ਜਿਸ ਮਾਲਕ ਦਾ ਦਿੱਤਾ ਖਾਈਏ, ਉਸ ਦੀ ਸਦਾ ਵਡਿਆਈ ਕਰਨੀ ਚਾਹੀਦੀ ਹੈ।

ਪ੍ਰੰਤੂ ਗੁਰਦੇਵ ਦੇ ਇਸ ਫ਼ੁਰਮਾਨ ਵਿਚ ਆਮ ਮਨੁੱਖ ਦਾ ਖਾ ਕੇ ਉਸ ਦੀ ਵਡਿਆਈ ਕਰਨ ਦਾ ਭਾਵ ਨਹੀਂ ਹੈ। ਇਸ ਵਿਚ ਤਾਂ ਉਸ ਅਕਾਲ ਪੁਰਖ ਬਾਰੇ ਕਿਹਾ ਗਿਆ ਹੈ ਜੋ ਸਾਰਿਆਂ ਨੂੰ ਦਾਤਾਂ ਦੇਣ ਵਾਲਾ ਹੈ। ਜਿਹੜਾ ਮਨੁੱਖ ਪ੍ਰਭੂ ਨੂੰ ਦਾਤਾਰ ਸਮਝ ਕੇ ਉਸ ਨੂੰ ਸਲਾਹੁੰਦਾ ਹੈ, ਉਹ ਕਦੀ ਵੀ ਕਿਸੇ ਮਨੁੱਖ ਨਾਲ, ਕਿਸੇ ਵੀ ਪਰਿਸਥਿਤੀ ਵਿਚ ਹੇਰਾ-ਫੇਰੀ ਜਾਂ ਬੇਈਮਾਨੀ ਨਹੀਂ ਕਰੇਗਾ। ਉਹ ਤਾਂ ਸਦਾ ਹੀ ਲੋੜਵੰਦਾਂ ਦੀ ਸੇਵਾ ਲਈ ਤਤਪਰ ਰਹੇਗਾ। ਆਪਣੀ ਵਿੱਤ ਅਨੁਸਾਰ ਆਪਣੇ ਬਿਗਾਨੇ ਦੀ ਭਾਵਨਾ ਤੋਂ ਉਪਰ ਉੱਠ ਕੇ ਯੋਗਦਾਨ ਪਾਵੇਗਾ।

ਗੁਰਮਤਿ ਮਨੁੱਖ ਨੂੰ ਕਿਸੇ ਮਨੁੱਖ ਦਾ ਲੂਣ ਖਾ ਕੇ ਅਹਿਸਾਨ ਫ਼ਰਾਮੋਸ਼ ਨਾ ਹੋਣ ਦੀ ਥਾਂ ਕਰਤਾਰ ਪ੍ਰਤੀ ਅਹਿਸਾਨ ਫ਼ਰਾਮੋਸ਼ ਨਾ ਹੋਣ ਦੀ ਪ੍ਰੇਰਨਾ ਦੇਂਦੀ ਹੈ। ਪ੍ਰਚੱਲਿਤ 'ਕ੍ਰਿਤਗਯ' ਦੀ ਧਾਰਨਾ ਨੇ ਮਨੁੱਖ ਨੂੰ ਮਨੁੱਖਤਾ ਦੇ ਦੁਸ਼ਮਨਾਂ ਦੀ ਮਦਦ ਕਰਨ ਲਈ ਉਤਸ਼ਾਹਿਤ ਕੀਤਾ ਹੈ। ਮਨੁੱਖ ਨੇ ਇਹ ਸੋਚ ਕੇ ਕਿ ਜਿਸ ਵਿਅਕਤੀ ਨੇ ਮੇਰੀ ਸਹਾਇਤਾ ਕੀਤੀ ਹੈ, ਉਸ ਦੀ ਅਯੋਗ ਗੱਲ ਨੂੰ ਮੰਨਣ ਲਈ ਮਜਬੂਰ ਹੁੰਦਾ ਹੈ। ਇਸ ਲਈ ਇਸ ਧਾਰਨਾ ਨੇ ਅਨਿਆਂ ਕਰਨ ਵਾਲਿਆਂ ਅਤੇ ਮਨੁੱਖਤਾ ਦਾ ਘਾਣ ਕਰਨ ਵਾਲਿਆਂ ਦੀ ਮਦਦ ਕਰਨ ਲਈ ਮਨੁੱਖ ਨੂੰ ਮਜਬੂਰ ਕਰ ਦਿੱਤਾ। ਪ੍ਰੰਤੂ ਗੁਰਮਤਿ ਦੀ ਜੀਵਨ-ਜੁਗਤਿ ਨੇ ਮਨੁੱਖ ਨੂੰ ਇਸ ਧਾਰਨਾ ਤੋਂ ਉਪਰ ਉਠਾ ਕੇ, ਪ੍ਰਭੂ ਦਾ ਨਮਕ-ਹਲਾਲ ਬਣਨ ਦੀ ਪ੍ਰੇਰਨਾ ਕੀਤੀ ਹੈ, ਜਿਸ ਵਿਚ ਹਰੇਕ ਪ੍ਰਾਣੀ ਪ੍ਰਤੀ ਸਦ-ਭਾਵ ਹੈ, ਸੱਚੀ ਹਮਦਰਦੀ ਹੈ, ਪਿਆਰ ਦਾ ਜਜ਼ਬਾ ਹੈ, ਦੂਜੇ ਦੇ ਕੰਮ ਆਉਣ ਦੀ ਪ੍ਰਬਲ ਭਾਵਨਾ ਹੈ ਅਤੇ ਜਿਸ ਵਿਚ ਕਿਸੇ ਤਰ੍ਹਾਂ ਵੀ ਅਨਿਆਂ ਜਾਂ ਜ਼ੁਲਮ ਵਿਚ ਹਿੱਸੇਦਾਰੀ ਦਾ ਅੰਸ਼ ਨਹੀਂ ਹੈ।

ਗੁਰਮਤਿ ਦੀਆਂ ਕਦਰਾਂ-ਕੀਮਤਾਂ ਵਿਚ ਵਿਸ਼ਵਾਸ ਰੱਖਣ ਵਾਲਿਆਂ ਨੂੰ ਪਾਖੰਡੀਆਂ, ਮਨੁੱਖਤਾ ਨੂੰ ਕਲੰਕਿਤ ਕਰਨ ਵਾਲੀਆਂ ਤਾਕਤਾਂ, ਖਾਣ-ਪੀਣ ਵਾਲੀਆਂ ਚੀਜ਼ਾਂ ਵਿਚ ਮਿਲਾਵਟ ਕਰਨ ਵਾਲਿਆਂ, ਰਿਸ਼ਵਤਖ਼ੋਰਾਂ ਅਤੇ ਹੋਰ ਅਜਿਹੇ ਘਿਨਾਉਣੇ ਕਾਰਨਾਮੇ ਕਰਨ ਵਾਲਿਆਂ ਦਾ ਸਾਥ ਦੇ ਕੇ ਉਨ੍ਹਾਂ ਦਾ 'ਕ੍ਰਿਤਗਯ' ਹੋਣ ਦੀ ਥਾਂ ਅਕਾਲ ਪੁਰਖ ਦਾ 'ਕ੍ਰਿਤਗਯ' ਹੋ ਕੇ, ਸੱਚੀ-ਸੁੱਚੀ ਇਨਸਾਨੀਅਤ ਦਾ ਨਮੂਨਾ ਪੇਸ਼ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਹੀ ਨਵੇਂ ਨਰੋਏ ਸਮਾਜ ਦੀ ਸਿਰਜਣਾ ਸੰਭਵ ਹੋ ਸਕੇਗੀ। ਧਿਆਨ ਰਹੇ, ਕੋਈ ਵੀ ਇਕੱਲਾ ਵਿਅਕਤੀ ਮਨੁੱਖਤਾ ਦਾ ਘਾਣ ਨਹੀਂ ਕਰ ਸਕਦਾ; ਇਨਸਾਨੀਅਤ ਦੇ ਦੁਸ਼ਮਣਾਂ ਨੂੰ ਇਨਸਾਨੀਅਤ ਦਾ ਘਾਣ ਕਰਨ ਲਈ ਦੂਜਿਆਂ ਦੀ ਜ਼ਰੂਰਤ ਪੈਂਦੀ ਹੈ। ਇਸ ਲਈ ਜੇਕਰ ਮਨੁੱਖ ਇਸ ਪੱਖੋਂ ਸੁਚੇਤ ਹੋ ਜਾਵੇ ਤਾਂ ਕੋਈ ਵੀ ਵਿਅਕਤੀ ਅਜਿਹਾ ਕਦਮ ਉਠਾਉਣ ਤੋਂ ਪਹਿਲਾਂ ਇਕ ਵਾਰ ਨਹੀਂ, ਹਜ਼ਾਰ ਵਾਰ ਸੋਚੇਗਾ।

ਗੁਰਬਾਣੀ ਵਿਚ 'ਅਕ੍ਰਿਤਘਣਤਾ' ਤੋਂ ਛੁਟਕਾਰਾ ਪਾ ਕੇ 'ਨਮਕ-ਹਲਾਲ' ਬਣਨ ਦੀ ਜੁਗਤੀ ਇਉਂ ਦ੍ਰਿੜ੍ਹ ਕਰਵਾਈ ਹੋਈ ਹੈ :

ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥੨॥
ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥੩॥
ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ ॥
ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ ॥੪॥

(ਬਿਲਾਵਲੁ ਮਹਲਾ ੫, ਪੰਨਾ 809)

ਅਰਥ : ਹੇ ਪ੍ਰਭੂ ! ਅਸੀਂ ਸਦਾ ਹੀ ਅਣਗਿਣਤ ਔਗੁਣ ਕਰਦੇ ਹਾਂ, ਤੂੰ (ਫਿਰ ਭੀ) ਸਾਨੂੰ ਗੁਣ-ਹੀਣਾਂ ਨੂੰ ਅਨੇਕਾਂ ਦਾਤਾਂ ਦੇਣ ਵਾਲਾ ਹੈਂ। ਹੇ ਪ੍ਰਭੂ ! ਸਾਡੇ ਨਿੱਤ ਦੇ ਕਰਮ ਤਾਂ ਇਹ ਹਨ ਕਿ ਅਸੀਂ ਤੈਨੂੰ ਭੁਲਾ ਕੇ ਤੇਰੀ ਟਹਿਲਣ (ਮਾਇਆ) ਦੀ ਸੰਗਤ ਵਿਚ ਟਿਕੇ ਰਹਿੰਦੇ ਹਾਂ। ਹੇ ਪ੍ਰਭੂ ! ਅਸੀਂ (ਜੀਵ) ਨਾ-ਸ਼ੁਕਰੇ ਹਾਂ; ਤੂੰ (ਫਿਰ ਭੀ) ਮਿਹਰ ਕਰ ਕੇ ਸਾਨੂੰ ਹਰੇਕ ਚੀਜ਼ ਦੇਂਦਾ ਹੈਂ। ਹੇ ਖ਼ਸਮ-ਪ੍ਰਭੂ ! ਅਸੀਂ ਤੈਨੂੰ ਆਪਣੇ ਚਿੱਤ ਵਿਚ ਨਹੀਂ ਵਸਾਉਂਦੇ, ਸਦਾ ਤੇਰੀਆਂ ਦਿੱਤੀਆਂ ਦਾਤਾਂ ਨੂੰ ਹੀ ਚਿੰਬੜੇ ਰਹਿੰਦੇ ਹਾਂ। ਹੇ (ਜੀਵਾਂ ਦੇ) ਜਨਮ ਦੇ ਗੇੜ ਕੱਟਣ ਵਾਲੇ ! (ਜਗਤ ਵਿਚ) ਕੋਈ ਭੀ ਚੀਜ਼ ਤੈਥੋਂ ਆਕੀ ਨਹੀਂ ਹੋ ਸਕਦੀ (ਸਾਨੂੰ ਭੀ ਸਹੀ ਜੀਵਨ-ਰਾਹ ਉੱਤੇ ਪਾਈ ਰੱਖ)। ਹੇ ਨਾਨਕ ! ਆਖ—ਹੇ ਦਇਆ ਦੇ ਸੋਮੇ ਗੁਰੂ ! ਅਸੀਂ ਤੇਰੀ ਸ਼ਰਨ ਆਏ ਹਾਂ, ਸਾਨੂੰ ਮੂਰਖਾਂ ਨੂੰ (ਔਗੁਣਾਂ ਭੁੱਲਾਂ ਤੋਂ) ਬਚਾਈ ਰੱਖ।

ਭਾਈ ਗੁਰਦਾਸ ਜੀ ਗੁਰਮਤਿ ਦੀ ਜੀਵਨ-ਜੁਗਤਿ ਦੀ ਇਸ ਰੀਤ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ :

ਮਨਮੁਖ ਵਡਾ ਅਕਿਰਤਘਨ ਦੂਜੈ ਭਾਇ ਸੁਆਇ ਲੁਭਾਈ।
ਸਿਰਜਨਹਾਰ ਨ ਚਿਤਿ ਵਸਾਈ ॥੨੩॥੩੭॥

ਅਰਥ : ਮਨਮੁਖ ਵੱਡਾ ਅਕ੍ਰਿਤਘਣ ਹੈ ਕਿਉਂ ਜੋ ਦੂਜੇ ਭਾਉ ਦੇ ਸੁਆਦ ਵਿਖੇ ਲੁਭਾਇਮਾਨ ਹੋ ਰਿਹਾ ਹੈ। ਸਿਰਜਣਹਾਰ ਨਿਰੰਕਾਰ ਨੂੰ ਚਿੱਤ ਵਿਖੇ ਨਹੀਂ ਸਿਮਰਨ ਕਰਦਾ।

ਗੋਲਕ ਬਨਾਮ ਗੁਰੂ ਕੀ ਗੋਲਕ

'ਗੋਲਕ' ਫ਼ਾਰਸੀ ਦਾ ਸ਼ਬਦ ਹੈ, ਜਿਸ ਦਾ ਅਰਥ ਹੈ—ਨਕਦੀ ਰੱਖਣ ਦਾ ਪਾਤ੍ਰ। ਗੋਲਕ ਰੱਖਣ ਦਾ ਅਰਥ ਹੈ—ਕਰਤਾਰ ਅਤੇ ਗੁਰੂ ਵਾਸਤੇ ਇੱਕ ਬਰਤਨ ਵਿੱਚ ਦਸਵੰਧ ਆਦਿ ਦਾ ਧਨ ਜਮ੍ਹਾਂ ਕਰਨਾ। *(ਮਹਾਨ ਕੋਸ਼)*

ਗੁਰੂ ਕੀ ਗੋਲਕ ਦੇ ਸੰਬੰਧ ਵਿਚ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ:

> ਧਰਮ ਕਿਰਤ ਕਰ ਕੇ ਕਮਾਏ ਪਦਾਰਥ ਦਾ ਦਸਵਾਂ ਹਿੱਸਾ (ਦਸਵੰਧ) ਪਾਤ੍ਰ ਵਿਚ ਜਮਾਂ ਕਰਨ ਦਾ ਨਾਉਂ 'ਗੁਰੂ ਦੀ ਗੋਲਕ' ਹੈ, ਇਹ ਧਨ ਵਰ੍ਹੇ ਅਥਵਾ ਛੀ ਮਹੀਨਿਆਂ ਪਿੱਛੋਂ ਪੰਥ ਦੇ ਅਰਪਣ ਕਰਨਾ ਚਾਹੀਏ, ਜਿਸ ਨੂੰ ਪੰਥ ਕੌਮੀ ਕੰਮਾਂ ਲਈ ਖ਼ਰਚਣ ਦਾ ਪੂਰਾ ਅਧਿਕਾਰ ਰੱਖਦਾ ਹੈ। ਅੱਜ ਕੱਲ ਗੁਰਦੁਆਰਿਆਂ ਵਿੱਚ ਸੰਦੂਕੜੀ ਅਥਵਾ ਗਾਗਰ ਦੇਖੀ ਜਾਂਦੀ ਹੈ, ਜਿਸ ਨੂੰ 'ਗੁਰੂ ਦੀ ਗੋਲਕ' ਆਖਦੇ ਹਨ। *(ਗੁਰਮਤ ਮਾਰਤੰਡ)*

ਆਮ ਤੌਰ 'ਤੇ ਗੁਰਦੁਆਰਿਆਂ ਵਿਖੇ ਰੱਖੀ ਗੋਲਕ ਨੂੰ ਹੀ ਗੁਰੂ ਕੀ ਗੋਲਕ ਆਖਿਆ/ਸਮਝਿਆ ਜਾਂਦਾ ਹੈ। ਇਸ ਲਈ ਸਿੱਖ ਸੰਗਤਾਂ ਇਸ ਵਿਚ ਹੀ ਯਥਾਯੋਗ ਮਾਇਆ ਪਾ ਕੇ ਨਿਸਚਿੰਤ ਹੋ ਜਾਂਦੀਆਂ ਹਨ ਕਿ ਉਨ੍ਹਾਂ ਨੇ ਗੁਰੂ ਕੀ ਗੋਲਕ ਵਿਚ ਯਥਾਯੋਗ ਮਾਇਆ ਪਾ ਦਿੱਤੀ ਹੈ। ਸਿੱਖ ਸੰਗਤਾਂ ਨੂੰ ਇਹ ਜਾਨਣ ਵਿਚ ਕਿਸੇ ਤਰ੍ਹਾਂ ਦੀ ਕੋਈ ਉਤਸੁਕਤਾ ਨਹੀਂ ਹੈ ਕਿ ਇਸ ਮਾਇਆ ਦੀ ਕਿਸ ਤਰ੍ਹਾਂ ਵਰਤੋਂ ਹੋ ਰਹੀ ਹੈ।

ਆਮ ਸਿੱਖ ਦੀ ਇਹ ਸੋਚ ਹੈ ਕਿ ਅਸੀਂ ਤਾਂ ਆਪਣੇ ਵੱਲੋਂ ਗੁਰੂ ਕੀ ਗੋਲਕ ਵਿਚ ਮਾਇਆ ਪਾ ਕੇ ਆਏ ਹਾਂ, ਜੇਕਰ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ ਵਾਲੇ ਇਸ ਮਾਇਆ ਦੀ ਦੁਰਵਰਤੋਂ ਕਰਦੇ ਹਨ ਤਾਂ ਉਹ ਆਪਣਾ ਕੀਤਾ ਆਪ ਹੀ ਭੋਗਣਗੇ। ਇਸ ਤਰ੍ਹਾਂ ਦੀ ਧਾਰਨਾ ਰੱਖਣ ਵਾਲਿਆਂ ਵੱਲੋਂ ਇਹ ਅਖਾਣ ਆਮ ਹੀ ਦੁਹਰਾਇਆ ਜਾਂਦਾ ਹੈ, "ਜੋ ਕਰਨਗੇ ਸੋ ਭਰਨਗੇ" ਜਾਂ "ਜੈਸੀ ਕਰਨੀ ਵੈਸੀ ਭਰਨੀ"।

ਇਸ ਤਰ੍ਹਾਂ ਦੀ ਸੋਚ ਕਾਰਨ ਹੀ ਗੁਰੂ ਕੀ ਗੋਲਕ ਦੀ ਜ਼ਿੰਮੇਵਾਰ ਸੱਜਣਾਂ ਵੱਲੋਂ ਜ਼ਿਆਦਾਤਰ ਦੁਰਵਰਤੋਂ ਹੋ ਰਹੀ ਹੈ। ਸੰਗਤਾਂ ਦੀ ਇਹ ਮਾਇਆ ਜਿਹੜੀ ਸਿੱਖੀ ਦੇ ਪ੍ਰਚਾਰ/ਕਦਰਾਂ-ਕੀਮਤਾਂ ਨੂੰ ਪ੍ਰਚਾਰਨ ਹਿੱਤ ਖ਼ਰਚੀ ਜਾਣੀ ਚਾਹੀਦੀ ਸੀ, ਇਹ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੰਭਾਲਣ ਦੇ ਚਾਹਵਾਨਾਂ ਦੀ ਆਪਸੀ ਖਹਿਬਾਜ਼ੀ ਅਤੇ ਲੜਾਈ ਝਗੜੇ ਕਾਰਨ ਕੋਰਟਾਂ ਆਦਿ ਵਿਚ ਖ਼ਰਚ ਹੋ ਰਹੀ ਹੈ। ਇਹ ਮਾਇਆ

ਕੇਵਲ ਖ਼ਾਲਸਾ ਪੰਥ ਦੀ ਅਧੋਗਤੀ ਦਾ ਕਾਰਨ ਹੀ ਨਹੀਂ ਬਣ ਰਹੀ, ਬਲਕਿ ਆਮ ਸਿੱਖ (ਖ਼ਾਸ ਕਰਕੇ ਨੌਜਵਾਨ ਪੀੜ੍ਹੀ ਨੂੰ) ਧਰਮ ਤੋਂ ਦੂਰ ਕਰਨ ਦਾ ਕਾਰਨ ਵੀ ਬਣ ਰਹੀ ਹੈ। ਇਤਨਾ ਹੀ ਨਹੀਂ, ਗੁਰੂ ਕੀ ਗੋਲਕ ਹੀ ਗੁਰਦੁਆਰਿਆਂ ਵਿਚ ਲੜਾਈ ਝਗੜੇ ਦਾ ਮੁੱਖ ਕਾਰਨ ਬਣੀ ਹੋਈ ਹੈ। ਇਨ੍ਹਾਂ ਲੜਾਈ ਝਗੜਿਆਂ ਦੌਰਾਨ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸੰਭਾਲਣ ਵਾਲੀ ਧਿਰ, ਆਪਣੀ ਵਿਰੋਧੀ ਧਿਰ ਨੂੰ ਪਛਾੜਨ ਲਈ, ਗੁਰੂ ਕੀ ਗੋਲਕ ਦੀ ਹੀ ਵਰਤੋਂ ਕਰਦੀ ਹੈ। ਇਸ ਤਰ੍ਹਾਂ ਸਿੱਖ ਸੰਗਤਾਂ ਦੀ ਮਿਹਨਤ ਦੀ ਕਮਾਈ ਨਾਲ ਵਕੀਲਾਂ ਆਦਿ ਦੀਆਂ ਜੇਬਾਂ ਭਰੀਆਂ ਜਾਂਦੀਆਂ ਹਨ, ਆਪਣੇ ਵਿਰੋਧੀਆਂ ਦੇ ਵਿਰੁੱਧ ਅਖ਼ਬਾਰਾਂ ਆਦਿ ਵਿਖੇ ਇਸ਼ਤਿਹਾਰ ਦੇਂਦੇ ਹਨ।

[ਨੋਟ: ਅਸੀਂ ਉਨ੍ਹਾਂ ਪ੍ਰਬੰਧਕ ਸੱਜਣਾਂ, ਜਿਹੜੇ ਗੁਰੂ ਦੀ ਭੈ-ਭਾਵਨੀ ਵਿਚ ਰਹਿੰਦੇ ਹੋਏ, ਗੁਰੂ ਕੀ ਗੋਲਕ ਨੂੰ ਪੰਥ ਦੀ ਅਮਾਨਤ ਸਮਝ ਕੇ ਇਸ ਦੀ ਸੁ-ਵਰਤੋਂ ਕਰਦੇ ਹਨ, ਉਨ੍ਹਾਂ ਦੀ ਨਿਸ਼ਕਾਮਨਾ ਵਾਲੀ ਭਾਵਨਾ ਅੱਗੇ ਸੀਸ ਝੁਕਾਉਂਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਅਜਿਹੇ ਵਿਅਕਤੀਆਂ ਦੇ ਮਨਾਂ ਵਿਚ ਇਸੇ ਤਰ੍ਹਾਂ ਆਪਣੀ ਭੈ-ਭਾਵਨੀ ਬਣਾਈ ਰੱਖਣ, ਅਤੇ ਸੰਗਤਾਂ ਨੂੰ ਇਹੋ ਜਿਹੇ ਸੇਵਾਦਾਰਾਂ ਨੂੰ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕਰਦੇ ਹਾਂ ਤਾਂ ਕਿ ਇਹੋ ਜਿਹੇ ਸੇਵਾਦਾਰ ਗੁਰੂ ਕੀ ਗੋਲਕ ਨਾਲ ਸਿੱਖੀ ਦਾ ਪ੍ਰਚਾਰ ਅਤੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਉੱਦਮ ਕਰਦੇ ਰਹਿਣ।]

ਆਮ ਸਿੱਖ ਦੀ ਇਸ ਧਾਰਨਾ ਕਾਰਨ ਧਾਰਮਿਕ ਸਥਾਨਾਂ ਦੀ ਸੇਵਾ-ਸੰਭਾਲ ਕਰਨ ਵਾਲੇ ਜ਼ਿਆਦਾਤਰ ਸੱਜਣ ਇਸ ਗੱਲੋਂ ਬੇਫ਼ਿਕਰ ਹੋ ਕੇ ਇਸ ਮਾਇਆ ਦੀ ਦੁਰਵਰਤੋਂ ਕਰਨ ਲੱਗ ਪਏ ਹਨ। ਜਦ ਕੋਈ ਪੁੱਛ-ਪ੍ਰਤੀਤ ਹੀ ਨਹੀਂ ਤਾਂ ਇਹ ਕੁਝ ਹੋਣਾ ਬਿਲਕੁਲ ਸੁਭਾਵਿਕ ਹੈ।

ਗੁਰਦੁਆਰਾ ਸਾਹਿਬ ਵਿਖੇ ਰੱਖੀ ਹੋਈ ਗੋਲਕ ਵਿਚ ਮਾਇਆ ਪਾਉਣ ਦਾ ਮਨੋਰਥ ਤਾਂ ਇਤਨਾ ਹੀ ਸੀ ਕਿ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰਨ ਵਾਲੇ ਸੱਜਣ ਇਸ ਮਾਇਆ ਨਾਲ ਗੁਰਦੁਆਰਾ ਸਾਹਿਬ ਵਿਖੇ ਆਉਣ ਵਾਲੀਆਂ ਸੰਗਤਾਂ ਨੂੰ ਲੰਗਰ ਆਦਿ ਮੁਹੱਈਆ ਕਰਾਉਣ, ਪ੍ਰਬੰਧ ਆਦਿ ਨਾਲ ਸੰਬੰਧਤ ਖ਼ਰਚਿਆਂ ਲਈ ਖ਼ਰਚਾ ਕਰਨ, ਸੇਵਾਦਾਰ, ਗ੍ਰੰਥੀ/ਰਾਗੀ ਸਿੰਘ ਆਦਿ ਦੀ ਤਨਖ਼ਾਹ ਦਾ ਭੁਗਤਾਨ ਕਰਨ ਦੇ ਨਾਲ ਨਾਲ ਹੋਰ ਕਮਿਊਨਿਟੀ ਦੀ ਨੁਹਾਰ ਸੰਵਾਰਨ ਲਈ ਇਸ ਮਾਇਆ ਨੂੰ ਵਰਤ ਸਕਣ; ਇਸ ਤਰ੍ਹਾਂ ਦੇ ਪ੍ਰਬੰਧ ਵਿਖੇ ਕਿਸੇ ਤਰ੍ਹਾਂ ਦੀ ਕਮੀ ਪੇਸ਼ੀ ਨਾ ਆਵੇ। ਇਸ ਮਾਇਆ ਨਾਲ ਇਸ ਤਰ੍ਹਾਂ ਦਾ ਪ੍ਰਬੰਧ ਕਰਨਾ ਹੀ ਗੁਰੂ ਦੀ ਗੋਲਕ ਦਾ ਮਨੋਰਥ ਹੈ। ਇਸ ਮਾਇਆ ਨੂੰ ਕਿਸੇ ਹੋਰ ਮਨੋਰਥ ਲਈ ਵਰਤਣਾ ਗੁਰੂ ਕੀ ਗੋਲਕ ਦੀ ਦੁਰਵਰਤੋਂ ਹੈ। ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ ਵਾਲਿਆਂ ਨੂੰ ਇਸ ਗੱਲ ਦਾ ਅਹਿਸਾਸ ਕਰਨਾ ਚਾਹੀਦਾ ਹੈ ਕਿ ਸੰਗਤਾਂ ਨੇ ਮਾਇਆ ਗੁਰੂ ਕੀ ਗੋਲਕ ਵਿਚ ਪਾਈ ਹੈ। ਪ੍ਰਬੰਧਕ ਸੱਜਣ ਇਸ ਗੁਰੂ ਕੀ ਗੋਲਕ ਨੂੰ ਗੁਰੂ ਕੀ ਅਮਾਨਤ ਸਮਝ ਕੇ ਇਸ ਦੀ ਯੋਗ ਵਰਤੋਂ ਕਰਨ। ਇਹ ਮਾਇਆ ਸੰਗਤਾਂ ਨੇ ਗੁਰੂ ਕੀ ਗੋਲਕ ਜਾਣ ਕੇ ਪਾਈ ਹੈ, ਇਸ ਲਈ ਇਹ ਮਾਇਆ ਗੁਰੂ ਨਮਿਤ ਹੀ ਖ਼ਰਚੀ ਜਾਣੀ ਚਾਹੀਦੀ

ਹੈ। ਭਾਵ, ਗੁਰਦੁਆਰਾ ਸਾਹਿਬ ਦਾ ਜੋ ਮਨੋਰਥ ਹੈ ਉਸ ਆਦਰਸ਼ ਦੀ ਪੂਰਤੀ ਲਈ ਹੀ ਇਸ ਮਾਇਆ ਨੂੰ ਖ਼ਰਚਿਆ ਜਾਣਾ ਚਾਹੀਦਾ ਹੈ।

ਸਤਿਗੁਰੂ ਜੀ ਅਜਿਹੇ ਵਿਅਕਤੀਆਂ ਨੂੰ ਕਿਸੇ ਵੀ ਰੂਪ ਵਿਚ ਪ੍ਰਵਾਨ ਨਹੀਂ ਕਰਦੇ, ਜਿਹੜੇ ਗੁਰੂ ਕੀ ਗੋਲਕ ਦੀ ਅਜਿਹੀ ਦੁਰਵਰਤੋਂ ਕਰਦੇ ਹਨ। ਗੁਰੂ ਕੀ ਗੋਲਕ ਜੋ ਗੁਰੂ ਦੀ ਹੀ ਸਹੀ ਅਰਥਾਂ ਵਿਚ ਅਮਾਨਤ ਹੁੰਦੀ ਹੈ, ਉਸ ਨੂੰ ਪੰਥ ਦੀ ਚੜ੍ਹਦੀ ਕਲਾ ਲਈ ਹੀ ਵਰਤਿਆ ਜਾ ਸਕਦਾ ਹੈ। ਜਿਹੜੇ ਸੱਜਣ ਇਸ ਦੀ ਦੁਰਵਰਤੋਂ ਕਰਦੇ ਹਨ, ਉਹ ਇਸ ਅਮਾਨਤ ਵਿਚ ਖ਼ਿਆਨਤ ਕਰਦੇ ਹਨ; ਅਮਾਨਤ ਵਿਚ ਖ਼ਿਆਨਤ ਕਰਨ ਵਾਲੇ ਨੂੰ ਕਿਧਰੇ ਵੀ ਢੋਈ ਨਹੀਂ ਮਿਲਿਆ ਕਰਦੀ। ਗੁਰੂ ਕੀ ਗੋਲਕ ਨੂੰ ਅਜਿਹੇ ਕੁ-ਕਾਰਜਾਂ ਵਿਚ ਵਰਤਣ ਵਾਲੇ ਸੱਜਣਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਗੁਰਦੁਆਰੇ ਵਿਖੇ ਇਕ ਵੱਖਰੀ ਥਾਂ/ਦਫ਼ਤਰ ਆਦਿ ਵਿਚ ਇਹੋ ਜਿਹੇ ਨਿਜੀ ਜਾਂ ਕੋਰਟ ਕਚਹਿਰੀ ਦੇ ਖ਼ਰਚਿਆਂ ਲਈ ਸੰਗਤਾਂ ਤੋਂ ਮਾਇਆ ਇਕੱਠੀ ਕਰਨ ਦਾ ਪ੍ਰਬੰਧ ਕਰ ਲੈਣ, ਅਤੇ ਉਸ ਸੰਦੂਕੜੀ ਨੂੰ ਗੁਰੂ ਕੀ ਗੋਲਕ ਦੀ ਥਾਂ ਕੋਈ ਹੋਰ ਨਾਮ ਦਿੱਤਾ ਜਾਵੇ ਤਾਂ ਕਿ ਗੁਰੂ ਕੀ ਗੋਲਕ ਦੀ ਮਹੱਤਤਾ ਬਰਕਰਾਰ ਰਹੇ।

ਅਸੀਂ ਇਤਿਹਾਸ ਵਿਚ ਪੜ੍ਹਦੇ ਹਾਂ ਕਿ ਮਸੰਦਾਂ ਨੇ ਜਦ ਸੰਗਤਾਂ ਵੱਲੋਂ ਗੁਰੂ-ਘਰ ਲਈ ਭੇਟ ਕੀਤੀ ਹੋਈ ਮਾਇਆ ਨੂੰ ਆਪਣੇ ਐਸ਼-ਆਰਾਮ ਲਈ ਖ਼ਰਚਣਾ/ਵਰਤਣਾ ਸ਼ੁਰੂ ਕਰ ਦਿੱਤਾ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਸਖ਼ਤੀ ਨਾਲ ਮਸੰਦ ਪ੍ਰਥਾ ਨੂੰ ਬੰਦ ਕਰ ਦਿੱਤਾ। ਗੁਰੂ ਕੀ ਅਮਾਨਤ ਵਿਚ ਖ਼ਿਆਨਤ ਕਰਨ ਵਾਲਿਆਂ ਨੂੰ ਸਜ਼ਾਵਾਂ ਵੀ ਦਿੱਤੀਆਂ। ਹਜ਼ੂਰ ਇਹ ਹਰਗਿਜ਼ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿ ਕੋਈ ਸੰਗਤਾਂ ਵੱਲੋਂ ਗੁਰੂ ਨਮਿਤ ਭੇਟ ਕੀਤੀ ਮਾਇਆ ਨੂੰ ਗੁਰੂ ਕੋਲ ਪਹੁੰਚਾਉਣ ਦੀ ਬਜਾਏ ਇਸ ਨੂੰ ਆਪਣੇ ਐਸ਼-ਆਰਾਮ ਲਈ ਵਰਤੇ। ਗੁਰੂ ਕਾਲ ਵਿਚ ਸੰਗਤਾਂ ਵੱਲੋਂ ਭੇਟ ਕੀਤੀ ਗਈ ਮਾਇਆ ਦਾ ਬਕਾਇਦਾ ਹਿਸਾਬ-ਕਿਤਾਬ ਰੱਖਿਆ ਜਾਂਦਾ ਸੀ। ਸੰਗਤਾਂ ਵੱਲੋਂ ਅਰਪਣ ਕੀਤੀ ਗਈ ਮਾਇਆ ਦੀ ਦੁਰਵਰਤੋਂ ਕਰਨ ਵਾਲੇ ਨੂੰ ਮੁਆਫ਼ ਨਹੀਂ ਸੀ ਕੀਤਾ ਜਾਂਦਾ, ਉਸ ਨੂੰ ਬਕਾਇਦਾ ਸਜ਼ਾ ਮਿਲਦੀ ਸੀ। ਇਤਿਹਾਸ ਵਿਚ ਇਸ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ।

ਗੁਰਮਤਿ ਵਿਚ 'ਗ਼ਰੀਬ ਦਾ ਮੂੰਹ ਗੁਰੂ ਕੀ ਗੋਲਕ' ਦਾ ਸੰਕਲਪ ਹੈ। ਇਸ ਲਈ ਹੀ ਰਹਿਤਨਾਮਿਆਂ ਵਿਚ ਇਹ ਹਦਾਇਤ ਕੀਤੀ ਗਈ ਹੈ ਕਿ "ਗੁਰੂ ਕਾ ਸਿਖ ਗ਼ਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੇ।" ਜਿਹੜੀ ਵੀ ਕੋਈ ਸੰਸਥਾ ਜਾਂ ਵਿਅਕਤੀ ਲੋੜਵੰਦਾਂ ਦੀ ਲੋੜ ਨੂੰ ਪੂਰਿਆਂ ਕਰਨ ਦਾ ਉਪਰਾਲਾ ਕਰ ਰਹੀ ਹੈ, ਉਸ ਨੂੰ ਦਿੱਤੀ ਹੋਈ ਮਾਇਆ ਗੁਰੂ ਕੀ ਗੋਲਕ ਹੀ ਹੈ। ਅਜਿਹਾ ਸਥਾਨ ਭਾਵੇਂ ਗੁਰਦੁਆਰਾ ਸਾਹਿਬ ਹੈ ਜਾਂ ਕੋਈ ਹੋਰ ਥਾਂ, ਉਸ ਥਾਂ ਦਿੱਤੀ ਹੋਈ ਮਾਇਆ ਗੁਰੂ ਕੀ ਗੋਲਕ ਵਿਚ ਹੀ ਪੈਂਦੀ ਹੈ।

ਜਿਸ ਗੋਲਕ ਵਿੱਚੋਂ ਮਾਇਆ ਕੱਢ ਕੇ ਆਪਣੇ ਵਿਰੋਧੀਆਂ ਨੂੰ ਭੰਡਣ, ਆਪਣੇ ਚਹੇਤਿਆਂ ਨੂੰ ਲਾਭ ਪਹੁੰਚਾਉਣ, ਆਪਣੇ ਨਿਜੀ ਕਾਰਜਾਂ 'ਤੇ ਖ਼ਰਚ ਜਾਂ ਕੋਰਟ ਕਚਹਿਰੀਆਂ ਦੇ ਚੱਕਰ ਵਿਚ ਪੈ ਕੇ ਵਕੀਲਾਂ ਆਦਿ ਦੀਆਂ ਜੇਬਾਂ ਭਰੀਆਂ ਜਾਣ,

ਉਸ ਨੂੰ ਗੁਰੂ ਕੀ ਗੋਲਕ ਨਹੀਂ ਆਖਿਆ ਜਾ ਸਕਦਾ। ਭਾਵੇਂ ਇਹ ਗੋਲਕ ਗੁਰਦੁਆਰਾ ਸਾਹਿਬ ਵਿਖੇ ਹੈ ਜਾਂ ਕਿਸੇ ਹੋਰ ਥਾਂ। ਸਤਿਗੁਰੂ ਕਦੀ ਵੀ ਕਿਸੇ ਵੀ ਕੀਮਤ 'ਤੇ ਸੰਗਤਾਂ ਦੀ ਦਸਾਂ ਨਹੁੰਆਂ ਦੀ ਕਿਰਤ-ਕਮਾਈ ਨੂੰ ਇਸ ਤਰ੍ਹਾਂ ਨਾਲ ਵਰਤਣ ਦੀ ਆਗਿਆ ਨਹੀਂ ਦੇਂਦੇ। ਇਹ ਮਾਇਆ ਤਾਂ ਗੁਰਦੁਆਰਾ ਸਾਹਿਬ ਦਾ ਚੰਗੀ ਤਰ੍ਹਾਂ ਪ੍ਰਬੰਧ ਕਰਨ ਲਈ, ਸੰਗਤਾਂ ਨੂੰ ਵੱਧ ਤੋਂ ਵੱਧ ਆਤਮਕ ਲਾਭ ਪਹੁੰਚਾਉਣ, ਲੋੜਵੰਦਾਂ ਦੀ ਲੋੜ ਨੂੰ ਪੂਰਿਆਂ ਕਰਨ, ਵਿਦਿਆ ਲਈ ਉਪਰਾਲਾ ਕਰਨ, ਗੁਰਮਤਿ ਦਾ ਪ੍ਰਚਾਰ ਕਰਨ, ਆਦਿ ਦੀ ਵਰਤੋਂ ਲਈ ਹੈ।

ਜੇਕਰ ਸੰਗਤਾਂ ਇਸ ਗੱਲੋਂ ਸੁਚੇਤ ਹੋ ਜਾਣ ਤਾਂ ਸੰਗਤਾਂ ਦੀ ਹੱਡ-ਭੰਨਵੀਂ ਮਿਹਨਤ ਨਾਲ ਕਮਾਈ ਹੋਈ ਮਾਇਆ ਸੱਚਮੁੱਚ ਹੀ ਗੁਰੂ ਕੀ ਗੋਲਕ ਵਿਚ ਪੈ ਸਕਦੀ ਹੈ। ਗੁਰੂ ਕੀ ਗੋਲਕ ਨਾਲ ਖ਼ਾਲਸਾ ਪੰਥ ਦੇ ਅਨੇਕਾਂ ਕੰਮ ਨੇਪਰੇ ਚੜ੍ਹਾਉਣ ਵਿਚ ਆਸਾਨੀ ਹੋ ਸਕਦੀ ਹੈ। ਇਸ ਦੇ ਨਾਲ ਨਿਤ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਲੈ ਕੇ ਹੋਣ ਵਾਲੇ ਲੜਾਈ-ਝਗੜਿਆਂ ਨੂੰ ਵੀ ਖ਼ਤਮ ਕੀਤਾ ਜਾ ਸਕਦਾ ਹੈ।

ਪੰਥ ਵਿਚ ਕਈ ਅਜਿਹੀਆਂ ਸੰਸਥਾਵਾਂ ਹਨ, ਜਿਨ੍ਹਾਂ ਦੇ ਮਨ ਵਿਚ ਸਿੱਖੀ ਨੂੰ ਚੜ੍ਹਦੀਆਂ ਕਲਾਂ ਵਿਚ ਦੇਖਣ ਦੀ ਰੀਝ ਹੈ। ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਲਿਜਾਣ ਲਈ ਅਜਿਹੀਆਂ ਸੰਸਥਾਵਾਂ ਤਨ-ਮਨ-ਧਨ ਨਾਲ ਆਪਣਾ ਯੋਗਦਾਨ ਪਾ ਰਹੀਆਂ ਹਨ। ਸੰਗਤਾਂ ਨੂੰ ਚਾਹੀਦਾ ਹੈ ਕਿ ਅਜਿਹੇ ਵਿਅਕਤੀ/ਵਿਅਕਤੀਆਂ/ਸੰਸਥਾਵਾਂ ਆਦਿ ਨੂੰ ਮਾਇਆ ਅਰਪਣ ਕਰ ਕੇ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਨੂੰ ਪੰਥ ਦੀ ਚੜ੍ਹਦੀ ਕਲਾ ਲਈ ਬਚਨਬੱਧ ਸੰਸਥਾਵਾਂ ਨੂੰ ਸਹਿਯੋਗ ਦੇ ਕੇ ਆਪਣਾ ਯੋਗਦਾਨ ਪਾ ਕੇ ਆਪਣੀ ਮਿਹਨਤ ਦੀ ਕਮਾਈ ਨੂੰ ਸਫਲ ਕਰਨ। ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜਿਸ ਮਾਇਆ ਨਾਲ ਗੁਰਮਤਿ ਦੀਆਂ ਕਦਰਾਂ-ਕੀਮਤਾਂ ਦਾ ਪ੍ਰਚਾਰ ਹੋ ਰਿਹਾ ਹੈ, ਉਸ ਵਿਚ ਪਾਇਆ ਹੋਇਆ ਯੋਗਦਾਨ ਹੀ ਸਹੀ ਅਰਥਾਂ ਵਿਚ ਗੁਰੂ ਕੀ ਗੋਲਕ ਵਿਚ ਪਾਇਆ ਹੋਇਆ ਯੋਗਦਾਨ ਹੈ। ਅਜਿਹੇ ਕਾਰਜਾਂ ਲਈ ਦਿੱਤੀ ਹੋਈ ਮਾਇਆ ਹੀ ਗੁਰੂ ਕੀ ਗੋਲਕ ਵਿਚ ਪਾਈ ਹੋਈ ਮਾਇਆ ਹੈ। ਜੇਕਰ ਸਭ ਕੁਝ ਜਾਣਦਿਆਂ/ਦੇਖਦਿਆਂ ਹੋਇਆਂ ਵੀ ਕਿ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ ਵਾਲੇ ਪ੍ਰਾਣੀ ਕਿਸ ਤਰ੍ਹਾਂ ਨਾਲ ਗੁਰੂ ਕੀ ਗੋਲਕ ਦੀ ਦੁਰਵਰਤੋਂ ਕਰਦੇ ਹਨ, ਅਸੀਂ ਫਿਰ ਵੀ ਗੁਰਦੁਆਰਿਆਂ ਵਿਚ ਰੱਖੀ ਹੋਈ ਗੋਲਕ ਨੂੰ ਹੀ ਗੁਰੂ ਕੀ ਗੋਲਕ ਸਮਝ ਕੇ ਮਾਇਆ ਭੇਟ ਕਰੀ ਜਾਂਦੇ ਹਾਂ, ਤਾਂ ਅਸੀਂ ਅਜਿਹੇ ਵਿਅਕਤੀਆਂ ਨੂੰ ਅਜਿਹੇ ਕਦਮ ਉਠਾਉਣ ਦੀ ਹੱਲਾਸ਼ੇਰੀ ਦੇ ਕੇ, ਗੋਲਕ ਦੀ ਦੁਰਵਰਤੋਂ ਲਈ ਸਹਿਯੋਗ ਦੇ ਕੇ ਆਪ ਵੀ ਪਾਪਾਂ ਦੇ ਭਾਗੀਦਾਰ ਬਣ ਰਹੇ ਹੁੰਦੇ ਹਾਂ।

ਸਾਨੂੰ, 'ਗਰੀਬ ਦਾ ਮੂੰਹ ਗੁਰੂ ਕੀ ਗੋਲਕ' ਵਾਲਾ ਗੁਰਮਤਿ ਦਾ ਸੁਨਹਿਰੀ ਸਿਧਾਂਤ ਚੇਤੇ ਰੱਖ ਕੇ ਇਸ ਉੱਤੇ ਅਮਲ ਕਰਨ ਦੀ ਲੋੜ ਹੈ। ਇਸ ਅਮਲ ਰਾਹੀਂ ਹੀ ਅਸੀਂ ਆਪਣੀ ਮਾਇਆ ਨੂੰ ਸਫਲ ਕਰ ਕੇ ਗੁਰੂ ਦੀਆਂ ਖ਼ੁਸ਼ੀਆਂ ਦੇ ਪਾਤਰ ਬਣਨ ਦੇ ਨਾਲ ਖ਼ਾਲਸਾ ਪੰਥ ਨੂੰ ਚੜ੍ਹਦੀ ਕਲਾ ਵਿਚ ਲਿਜਾ ਸਕਦੇ ਹਾਂ। ਖ਼ਾਲਸਾ ਪੰਥ ਨੂੰ ਖੋਰਾ ਲਾਉਣ ਵਾਲੀਆਂ ਤਾਕਤਾਂ (ਅੰਦਰੂਨੀ ਅਤੇ ਬਹਿਰੂਨੀ) ਦੀਆਂ ਸਾਜ਼ਸ਼ਾਂ ਨੂੰ

ਬੇਨਕਾਬ ਕਰ ਕੇ ਉਨ੍ਹਾਂ ਨੂੰ ਪਛਾੜ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਦੁਨੀਆਂ ਦੇ ਕੋਨੇ ਕੋਨੇ ਤਕ ਅਪੜਾ ਸਕਦੇ ਹਾਂ।

ਅਜਿਹੇ ਧਾਰਮਿਕ ਸਥਾਨਾਂ, ਜਿਨ੍ਹਾਂ ਦਾ ਪ੍ਰਬੰਧ ਕਰਨ ਵਾਲੇ ਸੱਜਣ ਗੁਰੂ ਕੀ ਗੋਲਕ ਦੀ ਦੁਰਵਰਤੋਂ ਕਰਦੇ ਹਨ, ਵਿਚ ਸਾਨੂੰ ਇਤਨੀ ਕੁ ਮਾਇਆ ਹੀ ਅਰਪਣ ਦੀ ਜ਼ਰੂਰਤ ਹੈ, ਜਿਤਨੀ ਕੁ ਨਾਲ ਆਸਾਨੀ ਨਾਲ ਪ੍ਰਬੰਧ ਚਲਾਉਣ ਲਈ ਲੋੜ ਹੈ। ਇਨ੍ਹਾਂ ਸੰਸਥਾਵਾਂ ਦੀ ਸੇਵਾ-ਸੰਭਾਲ ਸਿੱਖ ਸੰਗਤਾਂ ਨੇ ਹੀ ਕਰਨੀ ਹੈ, ਇਸ ਲਈ ਲੋੜੀਂਦੀ ਮਾਇਆ ਆਦਿ ਹੀ ਭੇਟ ਕੀਤੀ ਜਾਵੇ। ਬਾਕੀ ਜੋ ਮਾਇਆ ਹੈ ਉਸ ਨੂੰ ਹਰੇਕ ਸਿੱਖ ਆਪਣੇ ਤੌਰ 'ਤੇ ਆਪਣੀ ਦਸਵੰਧ ਦੀ ਮਾਇਆ ਇਕੱਤਰ ਕਰਦਾ ਰਹੇ; ਸਾਲ ਜਾਂ ਛੇ ਮਹੀਨਿਆਂ (ਜਾਂ ਜਦ ਵੀ ਸੰਭਵ ਹੋਵੇ) ਬਾਅਦ ਜਿਹੜੀਆਂ ਸੰਸਥਾਵਾਂ ਈਮਾਨਦਾਰੀ ਨਾਲ ਸਿੱਖੀ ਦੇ ਪ੍ਰਚਾਰ ਵਿਚ ਜੁਟੀਆਂ ਹੋਈਆਂ ਹਨ, ਉਨ੍ਹਾਂ ਨੂੰ ਅਪੜਾ ਦਿੱਤੀ ਜਾਵੇ। ਇਸ ਦਾ ਇਕ ਲਾਭ ਤਾਂ ਇਹ ਹੋਵੇਗਾ ਕਿ ਸਾਡੀ ਦਸਵੰਧ ਦੀ ਮਾਇਆ ਦੀ ਠੀਕ ਵਰਤੋਂ ਹੋਵੇਗੀ, ਦੂਜਾ ਗੁਰਦੁਆਰਿਆਂ ਵਿਚ ਲੜਾਈ ਝਗੜੇ ਘੱਟ ਹੋਣਗੇ, ਲੜਾਈ ਝਗੜੇ ਘੱਟ ਹੋਣ ਨਾਲ ਆਏ ਦਿਨ ਮੀਡੀਏ ਵਿਚ ਪ੍ਰਬੰਧਕਾਂ ਦੀ ਆਪਸੀ ਖਹਿਬਾਜ਼ੀ ਕਾਰਨ ਜਿਹੜੀਆਂ ਖ਼ਬਰਾਂ ਛਪਦੀਆਂ ਹਨ, ਜਿਨ੍ਹਾਂ ਕਾਰਨ ਆਮ ਸਿੱਖ ਸ਼ਰਮਸ਼ਾਰ ਹੁੰਦਾ ਹੈ, ਇਨ੍ਹਾਂ ਵਿਚ ਵੀ ਕਮੀ ਆਵੇਗੀ। ਸਾਡੇ ਬੱਚਿਆਂ ਵੱਲੋਂ ਪੁੱਛੇ ਇਸ ਪ੍ਰਸ਼ਨ 'ਤੇ, ਕਿ ਜੇਕਰ ਇਨ੍ਹਾਂ ਪ੍ਰਾਣੀਆਂ ਨੇ ਗੁਰਦੁਆਰੇ ਦੀ ਸੇਵਾ ਹੀ ਕਰਨੀ ਹੈ ਤਾਂ ਫਿਰ ਇਨ੍ਹਾਂ ਲੜਾਈ-ਝਗੜਿਆਂ ਦਾ ਕੀ ਅਰਥ ? ਸਾਨੂੰ ਖ਼ਾਮੋਸ਼ੀ ਨਹੀਂ ਧਾਰਨ ਕਰਨੀ ਪਵੇਗੀ। ਗੁਰਦੁਆਰਿਆਂ ਦੀ ਸੇਵਾ-ਸੰਭਾਲ ਲਈ ਫਿਰ ਉਹ ਸੱਜਣ ਹੀ ਅੱਗੇ ਆਉਣਗੇ ਜਿਨ੍ਹਾਂ ਦੇ ਮਨ ਵਿਚ ਸੱਚਮੁੱਚ ਸੇਵਾ ਦਾ ਜਜ਼ਬਾ ਹੈ, ਪੰਥ ਲਈ ਕੁਝ ਕਰਨ ਦਾ ਚਾਉ/ਉਤਸ਼ਾਹ ਹੈ। ਸਾਡੀ ਨੌਜਵਾਨ ਪੀੜ੍ਹੀ ਵੀ ਸਾਥੋਂ ਦੂਰ ਨਹੀਂ ਹੋਵੇਗੀ। ਹਰੇਕ ਪੰਥਕ ਕਾਰਜ ਵੀ ਆਸਾਨੀ ਨਾਲ ਨੇਪਰੇ ਚਾੜ੍ਹੇ ਜਾ ਸਕਦੇ ਹਨ:

> ਧਰਮ ਦੀ ਕਮਾਈ ਵਿੱਚੋਂ ਦਸਵਾਂ ਹਿੱਸਾ ਕੌਮੀ ਕਾਰਜਾਂ ਲਈ ਅਰਪਨਾ ਪੰਥਕ ਰੀਤਿ ਹੈ, ਜੇ ਸਾਰੇ ਸਿੱਖ ਇਸ ਨਿਯਮ ਦੀ ਪਾਲਣਾ ਕਰਨ, ਤਦ ਸਾਰੇ ਸ਼ੁਭ ਕੰਮ ਆਸਾਨੀ ਨਾਲ ਪੂਰੇ ਹੋ ਸਕਦੇ ਹਨ। *(ਭਾਈ ਕਾਨ੍ਹ ਸਿੰਘ ਨਾਭਾ)*

ਡਾ : ਗੁਰਸ਼ਰਨਜੀਤ ਸਿੰਘ ਜੀ ਇਸ ਸੰਬੰਧ ਵਿਚ ਲਿਖਦੇ ਹਨ ਕਿ ਜੇਕਰ ਅਸੀਂ ਆਪਣੇ ਗੁਰੂ-ਘਰਾਂ ਦੀ ਗੋਲਕ ਦੀ ਸਦ-ਵਰਤੋਂ ਕਰਨ ਲੱਗ ਪਈਏ ਤਾਂ ਅਸੀਂ ਖ਼ਾਲਸੇ ਦੇ ਬੋਲਬਾਲੇ ਕਰਨ ਵਿਚ ਬਹੁਤ ਛੇਤੀ ਸਫਲ ਹੋ ਜਾਵਾਂਗੇ। ਪਰ ਸਿੱਖ ਵਿਰੋਧੀ ਏਜੰਸੀਆਂ ਇਸ ਪੈਸੇ ਦਾ ਉਜਾੜਾ ਕਰਾ ਰਹੀਆਂ ਹਨ। ਜਿਥੇ ਅਤੇ ਜਿਵੇਂ ਇਹ ਪੈਸਾ ਖ਼ਰਚਿਆ ਜਾਣਾ ਚਾਹੀਦਾ ਸੀ, ਉਸ ਤਰ੍ਹਾਂ ਹੋ ਨਹੀਂ ਰਿਹਾ। ਜੇ ਇਸ ਪਾਸੇ ਸੁਧਾਰ ਨਾ ਹੋਇਆ ਤਾਂ ਸਿੱਖਾਂ ਨੂੰ ਚਾਹੀਦਾ ਹੈ ਕਿ ਆਪਣੀ ਸੱਚੀ-ਸੁੱਚੀ ਕਿਰਤ ਨੂੰ ਬਰਬਾਦ ਹੋਣ ਤੋਂ ਬਚਾਉਣ ਲਈ, ਗੁਰੂ-ਘਰਾਂ ਦੀਆਂ ਗੋਲਕਾਂ ਅਤੇ ਕਾਰ-ਸੇਵਾ ਵਾਲਿਆਂ ਦੀਆਂ ਟੋਕਰੀਆਂ ਭਰਨੀਆਂ ਬੰਦ ਕਰ ਦੇਣ।

ਸੋ, ਖ਼ਾਲਸਾ ਜੀ ਉੱਠੋ ! ਹੰਭਲਾ ਮਾਰੋ ਤਾਂ ਕਿ ਗੁਰੂ ਕੀ ਗੋਲਕ ਦੀ ਅਹਿਮੀਅਤ ਨੂੰ ਸਮਝ ਕੇ ਇਸ ਨੂੰ ਉਥੇ ਹੀ ਵਰਤੀਏ ਜਾਂ ਅਰਪਣ ਕਰੀਏ, ਜਿੱਥੇ ਇਹ ਗੁਰੂ (ਗੁਰ

ਆਸ਼ੇ) ਤਕ ਪਹੁੰਚ ਸਕੇ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀ ਨੌਜਵਾਨ ਪੀੜ੍ਹੀ ਗੁਰਮਤਿ ਦੀਆਂ ਕਦਰਾਂ-ਕੀਮਤਾਂ ਪ੍ਰਤੀ ਸਤਿਕਾਰ ਵਾਲੀ ਭਾਵਨਾ ਅਤੇ ਮਾਣ/ਗੌਰਵ ਮਹਿਸੂਸ ਕਰੇ ਤਾਂ ਸਾਨੂੰ ਗੰਭੀਰਤਾ ਨਾਲ ਇਸ ਸੰਬੰਧੀ ਸੋਚ-ਵਿਚਾਰ ਕਰ ਕੇ ਉਸਾਰੂ ਕਦਮ ਉਠਾਉਣਾ ਹੀ ਪਵੇਗਾ। ਸਾਡਾ ਇਹ ਕਦਮ ਸਾਡੇ ਧਾਰਮਿਕ ਸਥਾਨਾਂ ਬਾਰੇ ਆਏ ਦਿਨ ਮੀਡੀਏ ਵਿਚ ਚਰਚਾ ਨੂੰ ਠੱਲ੍ਹ ਪਾਵੇਗਾ ਜਿਸ ਵਿਚ ਗੁਰੂ ਕੇ ਲਾਲ ਕਿਧਰੇ ਦਰਬਾਰ ਹਾਲ ਦੇ ਅੰਦਰ, ਕਿਧਰੇ ਲੰਗਰ ਹਾਲ ਵਿਚ ਅਤੇ ਕਿਧਰੇ ਕੋਰਟ ਆਦਿ ਵਿਚ ਇਕ ਦੂਜੇ ਨੂੰ ਗਾਲ੍ਹੀ-ਗਲੋਚ ਕਰਦਿਆਂ, ਪੱਗਾਂ ਉਛਾਲਦਿਆਂ ਆਦਿ ਦੀਆਂ ਫੋਟੋ ਛਪੀਆਂ ਹੁੰਦੀਆਂ ਹਨ। ਜਿਸ ਕਾਰਨ ਹਰੇਕ ਸਿੱਖ ਦਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਜਦ ਇਨ੍ਹਾਂ ਖ਼ਬਰਾਂ ਵੱਲ ਕੋਈ ਅਨਮਤ ਵਾਲਾ ਸਾਡਾ ਧਿਆਨ ਦਿਵਾਉਂਦਾ ਹੈ ਤਾਂ ਅਸੀਂ ਆਪਣੀ ਧੌਣ ਨੀਵੀਂ ਕਰਨ ਲਈ ਮਜਬੂਰ ਹੋ ਜਾਂਦੇ ਹਾਂ। ਖ਼ਾਲਸਾ ਜੀ ! ਕਦ ਤਕ ਗੁਰੂ ਕੀ ਗੋਲਕ ਦੀ ਇਹੋ ਜਿਹੀ ਦੁਰਵਰਤੋਂ ਨੂੰ ਖ਼ਾਮੋਸ਼ੀ ਨਾਲ ਦੇਖ ਕੇ ਬਰਦਾਸ਼ਤ ਕਰਦੇ ਰਹੋਗੇ ? ਕਦ ਤਕ ਗੁਰੂ ਕੀ ਅਮਾਨਤ ਨਾਲ ਖ਼ਿਆਨਤ ਕਰਨ ਵਾਲੀਆਂ ਤਾਕਤਾਂ 'ਤੇ ਵਿਸ਼ਵਾਸ ਕਰ ਕੇ, ਇਸ ਮਾਇਆ ਨਾਲ ਇਨ੍ਹਾਂ ਨੂੰ ਸਿੱਖੀ ਦੀਆਂ ਕਦਰਾਂ-ਕੀਮਤਾਂ ਨਾਲ ਖਿਲਵਾੜ ਦੇਖ ਕੇ ਵੀ ਅੱਖਾਂ ਅਤੇ ਜ਼ਬਾਨ ਬੰਦ ਰੱਖੋਗੇ ? ਹਾਂ, ਕਦ ਤੀਕ ਗੁਰੂ ਕੀ ਗੋਲਕ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਪੰਥ ਦੇ ਸੇਵਾਦਾਰ ਅਤੇ ਆਗੂ ਦੀ ਹੈਸੀਅਤ ਵਿਚ ਸਵੀਕਾਰ ਕਰ ਕੇ ਇਨ੍ਹਾਂ ਨੂੰ ਉਤਸ਼ਾਹਤ ਕਰਦੇ ਰਹੋਗੇ ?

ਆਓ ! ਅਸੀਂ ਸਾਰੇ ਰਲ ਮਿਲ ਕੇ ਹੰਭਲਾ ਮਾਰੀਏ ਅਤੇ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਆਪਣਾ ਯੋਗਦਾਨ ਪਾ ਕੇ ਧਾਰਮਿਕ ਸਥਾਨਾਂ ਵਿਚ ਹੋ ਰਹੇ ਨਿਤ ਦੇ ਲੜਾਈ-ਝਗੜਿਆਂ ਨੂੰ ਖ਼ਤਮ ਕਰਨ ਦੇ ਨਾਲ-ਨਾਲ ਆਪਣੇ ਧਨ ਨੂੰ ਵੀ ਸਫਲਿਆਂ ਕਰੀਏ। ਉਨ੍ਹਾਂ ਸੰਸਥਾਵਾਂ ਨੂੰ ਜਿਹੜੀਆਂ ਸੰਸਥਾਵਾਂ ਪੰਥ ਦੀ ਚੜ੍ਹਦੀ ਕਲਾ ਲਈ ਆਪਣੇ ਤਨ-ਮਨ-ਧਨ ਰਾਹੀਂ ਸੇਵਾ ਕਰ ਰਹੀਆਂ ਹਨ, ਉਨ੍ਹਾਂ ਤਕ ਅਪੜਾ ਕੇ ਪੰਥ ਦੀ ਚੜ੍ਹਦੀ ਕਲਾ ਵਿਚ ਆਪਣਾ ਵੀ ਯੋਗਦਾਨ ਪਾਈਏ।

[ਨੋਟ : ਜੇਕਰ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਕਿਸੇ ਅਜਿਹੀ ਪਾਰਟੀ/ਸੰਸਥਾ ਆਦਿ ਦੇ ਹੱਥਾਂ ਵਿਚ ਜਾਣ (ਤੋਂ ਰੋਕਣ) ਲਈ ਕੋਰਟ ਵਿਚ ਜਾਣਾ ਪੈ ਰਿਹਾ ਹੈ ਜੋ ਗੁਰਦੁਆਰਾ ਸਾਹਿਬ ਦੀ ਗੋਲਕ ਅਤੇ ਸਟੇਜ ਦੀ ਕੁਵਰਤੋਂ ਕਰਨ ਦੀ ਹੀ ਇੱਛੁਕ ਹੈ, ਜਾਂ ਕੋਈ ਹੋਰ ਅਜਿਹਾ ਕਾਰਨ ਹੈ ਜਿਸ ਵਿਚ ਪ੍ਰਬੰਧ ਸੰਭਾਲਣ ਵਾਲਿਆਂ ਦੀ ਆਪਣੇ ਨਿਜੀ ਲਾਭ ਦੀ ਮਨਸ਼ਾ ਨਹੀਂ ਹੈ, ਕੇਵਲ ਪੰਥ ਨੂੰ ਕਿਸੇ ਤਰ੍ਹਾਂ ਦੇ ਨੁਕਸਾਨ ਪਹੁੰਚਾਣ ਦੇ ਇਰਾਦੇ ਨਾਲ ਕੋਈ ਧਿਰ ਪ੍ਰਬੰਧ ਹਥਿਆਉਣ ਲਈ ਹੱਥ ਪੈਰ ਮਾਰ ਰਹੀ ਹੈ ਅਤੇ ਇਸ ਨੂੰ ਰੋਕਣ ਲਈ ਪ੍ਰਬੰਧਕਾਂ ਨੂੰ ਕੋਰਟ ਦਾ ਸਹਾਰਾ ਲੈਣ ਦੀ ਜ਼ਰੂਰਤ ਪੈ ਗਈ ਹੈ ਤਾਂ ਇਹ ਗੱਲ ਵੱਖਰੀ ਹੈ। ਇਸ ਪਰਿਸਥਿਤੀ ਵਿਚ ਸੇਵਾ-ਸੰਭਾਲ ਕਰਨ ਵਾਲਿਆਂ ਦਾ ਉਠਾਇਆ ਹੋਇਆ ਕਦਮ ਨਿੰਦਣਯੋਗ ਨਹੀਂ ਹੈ, ਪ੍ਰੰਤੂ ਜੇਕਰ ਕਾਬਜ਼ ਧਿਰ ਦਾ ਆਪਣਾ ਕਬਜ਼ਾ ਕਾਇਮ ਰੱਖਣ ਲਈ, ਦੂਜੀ ਧਿਰ ਨੂੰ ਪ੍ਰਬੰਧ ਤੋਂ ਬਾਹਰ ਰੱਖਣ ਲਈ ਅਜਿਹਾ ਕੋਈ ਕਦਮ ਪੁੱਟਿਆ ਜਾ ਰਿਹਾ ਹੈ ਤਾਂ ਅਵੱਸ਼ ਨਿੰਦਣਯੋਗ ਹੈ। ਪਰ ਇਸ ਤਰ੍ਹਾਂ ਦੀ ਪਰਿਸਥਿਤੀ ਵਿਚ ਵੀ ਗੁਰੂ ਕੀ ਗੋਲਕ ਦੀ ਵਰਤੋਂ ਕਰਨ ਦੀ ਥਾਂ ਵੱਖਰੇ ਤੌਰ 'ਤੇ ਪ੍ਰਬੰਧ ਕੀਤਾ ਜਾਵੇ ਤਾਂ ਕਿ ਗੁਰੂ ਕੀ ਗੋਲਕ ਦੀ ਅਹਿਮੀਅਤ ਬਰਕਰਾਰ ਰਹਿ ਸਕੇ।]

ਗੁਰਬਾਣੀ ਵਿਚ ਭਖ ਅਭਖ ਦਾ ਸੰਕਲਪ

'ਭਖ' ਦਾ ਅਰਥ ਹੈ—ਖਾਣ ਯੋਗ ਅਤੇ 'ਅਭਖ' ਦਾ ਅਰਥ ਹੈ—ਨਾ ਖਾਣ ਯੋਗ; ਜਿਸ ਦਾ ਧਰਮ ਅਨੁਸਾਰ ਖਾਣਾ ਵਿਧਾਨ ਨਹੀਂ ਹੈ। ਆਮ ਤੌਰ 'ਤੇ ਗੁਰਬਾਣੀ ਵਿਚ ਆਏ ਭਖ ਅਭਖ ਤੋਂ ਭਾਵ ਖਾਣ ਯੋਗ ਪਦਾਰਥਾਂ, ਵਿਸ਼ੇਸ਼ ਕਰਕੇ ਭਖ ਤੋਂ ਭਾਵ ਸ਼ਾਕਾਹਾਰੀ ਭੋਜਨ ਅਤੇ ਅਭਖ ਤੋਂ ਮਾਸਾਹਾਰੀ ਭੋਜਨ ਲਿਆ ਜਾਂਦਾ ਹੈ। ਪ੍ਰੰਤੂ ਗੁਰਬਾਣੀ ਵਿਚ ਇਸ ਸ਼ਬਦ ਨੂੰ ਕਿਸੇ ਵਸਤੂ ਅਥਵਾ ਪਦਾਰਥ ਦੇ ਖਾਣ ਜਾਂ ਨਾ ਖਾਣ ਦੇ ਭਾਵਾਰਥ ਵਿਚ ਨਹੀਂ ਵਰਤਿਆ ਗਿਆ ਹੈ। ਗੁਰਬਾਣੀ ਵਿਚ ਭਖ ਅਭਖ ਤੋਂ ਭਾਵ ਦੂਜਿਆਂ ਦਾ ਹੱਕ ਮਾਰ ਕੇ, ਵੱਢੀ ਲੈ ਕੇ, ਪਾਖੰਡ ਕਰ ਕੇ ਜਾਂ ਕਿਸੇ ਹੋਰ ਅਜਿਹੇ ਵਿੰਗੇ-ਟੇਢੇ ਢੰਗ ਨਾਲ ਕਮਾਏ ਹੋਏ ਧਨ ਨਾਲ ਆਪਣੀਆਂ ਜਾਂ ਆਪਣੇ ਪਰਿਵਾਰ ਆਦਿ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਤੋਂ ਹੈ। ਗੁਰਬਾਣੀ ਦੀਆਂ ਨਿਮਨ-ਲਿਖਤ ਪੰਗਤੀਆਂ ਵਿਚ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ :

(ੳ) **ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥**
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥
ਕਾਮ ਕ੍ਰੋਧ ਮਦਿ ਬਿਆਪਿਆ ਫਿਰਿ ਫਿਰਿ ਜੋਨੀ ਪਾਇ॥

(ਸਿਰੀਰਾਗੁ ਮਹਲਾ ੫, ਪੰਨਾ 50)

ਅਰਥ : ਜਿਵੇਂ ਹਲਕਾਇਆ ਕੁੱਤਾ ਦੌੜਦਾ ਹੈ ਤੇ ਹਰ ਪਾਸੇ ਵੱਲ ਭੱਜਦਾ ਹੈ, (ਤਿਵੇਂ) ਲੋਭੀ ਜੀਵ ਨੂੰ ਭੀ ਕੁਝ ਨਹੀਂ ਸੁੱਝਦਾ, ਚੰਗੀ ਮੰਦੀ ਹਰੇਕ ਚੀਜ਼ ਖਾ ਲੈਂਦਾ ਹੈ। ਕਾਮ ਅਤੇ ਕ੍ਰੋਧ ਦੇ ਨਸ਼ੇ ਵਿਚ ਫਸਿਆ ਹੋਇਆ ਮਨੁੱਖ ਮੁੜ ਮੁੜ ਜੂਨਾਂ ਵਿਚ ਪੈਂਦਾ ਰਹਿੰਦਾ ਹੈ।

(ਅ) **ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧੁ ਗੁਰੂ ਜਿਨ ਕੇਰਾ॥**

(ਵਾਰ ਮਲਾਰ ਮ: ੧, ਪੰਨਾ 1290)

ਅਰਥ : ਸੋ ਜਿਨ੍ਹਾਂ ਨੂੰ ਰਾਹ ਦੱਸਣ ਵਾਲਾ ਆਪ ਅੰਨ੍ਹਾ ਹੈ, ਉਹ ਨਾ ਖਾਣ-ਯੋਗ ਚੀਜ਼ (ਭਾਵ, ਪਰਾਇਆ ਹੱਕ) ਤਾਂ ਖਾਂਦੇ ਹਨ ਤੇ ਖਾਣ-ਯੋਗ ਚੀਜ਼ (ਭਾਵ ਜਿਸ ਚੀਜ਼ ਤੋਂ ਜ਼ਿੰਦਗੀ ਦਾ ਹੀ ਮੁੱਢ ਬੱਝਾ, ਤਿਆਗਦੇ ਹਨ।

ਇਨ੍ਹਾਂ ਉਪਰੋਕਤ ਪੰਗਤੀਆਂ ਵਿਚ 'ਅਭਖ ਭਖ' ਸ਼ਬਦ ਸ਼ਾਕਾਹਾਰੀ ਜਾਂ ਮਾਸਾਹਾਰੀ ਭੋਜਨ ਲਈ ਨਹੀਂ, ਸਗੋਂ ਪਰਾਏ ਹੱਕ ਲਈ ਆਇਆ ਹੈ। ਗੁਰੂ ਸਾਹਿਬਾਨ ਕਿਸੇ ਵੀ ਅਜਿਹੇ ਵਿਅਕਤੀ ਦੀ ਭੇਟਾ ਪ੍ਰਵਾਨ ਨਹੀਂ ਸਨ ਕਰਦੇ, ਜਿਸ ਦੀ ਕਮਾਈ

ਹਰਾਮ ਦੀ ਹੁੰਦੀ ਸੀ। ਇੱਥੋਂ ਤੀਕ ਕਿ ਦੂਜਿਆਂ ਦਾ ਹੱਕ ਮਾਰਨ ਵਾਲੇ ਕਿਸੇ ਮਨੁੱਖ ਦੇ ਘਰੋਂ ਪ੍ਰਸ਼ਾਦਾ ਵੀ ਨਹੀਂ ਸਨ ਛਕਦੇ। ਜੇਕਰ ਅਜਿਹਾ ਕੋਈ ਪ੍ਰਾਣੀ ਗੁਰਦੇਵ ਦੀ ਚਰਨ ਸ਼ਰਨ ਵਿਚ ਆਇਆ ਤਾਂ ਗੁਰਦੇਵ ਨੇ ਉਸ ਵੱਲੋਂ ਪਾਪ ਦੀ ਕਮਾਈ ਤੋਂ ਤੌਬਾ ਕਰਨ ਉਪਰੰਤ ਹੀ ਉਸ ਨੂੰ ਚਰਨੀ ਲਾਇਆ ਸੀ।

ਗੁਰੂ ਨਾਨਕ ਸਾਹਿਬ ਨੇ ਮਲਕ ਭਾਗੋ ਦੇ ਬ੍ਰਹਮ-ਭੋਜ ਨੂੰ ਛਕਣ ਤੋਂ ਇਸ ਲਈ ਹੀ ਇਨਕਾਰ ਕੀਤਾ ਸੀ ਕਿ ਉਸ ਦੀ ਕਮਾਈ ਹੱਕ-ਹਲਾਲ ਦੀ ਨਹੀਂ ਸੀ। ਗ਼ਰੀਬਾਂ ਦਾ ਹੱਕ ਮਾਰ ਕੇ ਇਕੱਤਰ ਕੀਤੇ ਹੋਏ ਧਨ ਨਾਲ ਤਿਆਰ ਕੀਤੇ ਹੋਏ ਭੋਜਨ ਨੂੰ ਗੁਰਦੇਵ ਨੇ ਛਕਣ ਤੋਂ ਇਨਕਾਰ ਕਰ ਦਿੱਤਾ ਸੀ। ਮਲਕ ਭਾਗੋ ਵੱਲੋਂ ਇਨਕਾਰ ਕਰਨ ਦਾ ਕਾਰਨ ਪੁੱਛਣ 'ਤੇ ਸਤਿਗੁਰੂ ਜੀ ਨੇ ਉੱਤਰ ਵਿਚ ਕਿਹਾ ਸੀ ਕਿ ਉਹ ਗ਼ਰੀਬਾਂ ਦਾ ਲਹੂ ਨਿਚੋੜ ਕੇ ਇਕੱਠੀ ਕੀਤੀ ਹੋਈ ਮਾਇਆ ਨਾਲ ਤਿਆਰ ਕੀਤੇ ਹੋਏ ਭੋਜਨ ਨੂੰ ਨਹੀਂ ਛਕ ਸਕਦੇ। ਸਤਿਗੁਰੂ ਜੀ ਨੇ ਮਲਕ ਭਾਗੋ ਦੇ ਨਾਨਾ ਪ੍ਰਕਾਰ ਦੇ ਸੁਆਦਿਸ਼ਟ ਭੋਜਨ ਛਕਣ ਦੀ ਥਾਂ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਖਾਣ ਨੂੰ ਤਰਜੀਹ ਦਿੱਤੀ ਸੀ। ਸਤਿਗੁਰੂ ਜੀ ਆਪਣੀ ਚਰਨ ਸ਼ਰਨ ਵਿਚ ਆਉਣ ਵਾਲੇ ਹਰੇਕ ਪ੍ਰਾਣੀ ਨੂੰ "ਕਿਰਤ ਵਿਰਤ ਕਰਿ ਧਰਮ ਦੀ ਹਥਹੁੰ ਦੇ ਕੈ ਭਲਾ ਮਨਾਵੈ" ਦਾ ਹੀ ਉਪਦੇਸ਼ ਦ੍ਰਿੜ ਕਰਾਉਂਦੇ ਸਨ।

ਗੁਰਬਾਣੀ ਵਿਚ ਭਖ ਅਭਖ ਨੂੰ ਮੁਰਦਾਰ ਖਾਣਾ, ਮਨੁੱਖਾਂ ਦੀ ਰੱਤ ਪੀਣਾ, ਮੈਲ ਖਾਣਾ, ਅਖਾਧਿ ਖਾਹਿ, ਸਿੰਘਚ ਭੋਜਨ/ਨਿਰਦਇਤਾ ਵਾਲਾ ਭੋਜਨ ਅਤੇ ਮਾਣਸ ਖਾਣੇ ਵੀ ਕਿਹਾ ਗਿਆ ਹੈ। ਗੁਰਬਾਣੀ ਦੀਆਂ ਨਿਮਨ-ਲਿਖਤ ਪੰਗਤੀਆਂ ਵਿਚ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

ਮੁਰਦਾਰ ਖਾਣਾ

(ੳ) **ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ॥
ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ॥
ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥ *(ਵਾਰ ਮਾਝ ਮਹਲਾ ੧, ਪੰਨਾ 141)*

ਅਰਥ : ਹੇ ਨਾਨਕ! ਪਰਾਇਆ ਹੱਕ ਮੁਸਲਮਾਨ ਲਈ ਸੂਰ ਹੈ ਤੇ ਹਿੰਦੂ ਲਈ ਗਾਂ ਹੈ। ਗੁਰੂ ਪੈਗ਼ੰਬਰ ਤਾਂ ਹੀ ਸਿਫ਼ਾਰਸ਼ ਕਰਦਾ ਹੈ, ਜੇ ਮਨੁੱਖ ਪਰਾਇਆ ਹੱਕ ਨਾ ਵਰਤੇ। ਨਿਰੀਆਂ ਗੱਲਾਂ ਕਰਨ ਨਾਲ ਬਹਿਸ਼ਤ ਵਿਚ ਨਹੀਂ ਅੱਪੜ ਸਕੀਦਾ। ਸੱਚ ਨੂੰ (ਭਾਵ, ਜਿਸ ਨੂੰ ਸੱਚਾ ਰਸਤਾ ਆਖਦੇ ਹੋ, ਉਸ ਨੂੰ) ਅਮਲੀ ਜੀਵਨ ਵਿਚ ਵਰਤਿਆਂ ਹੀ ਨਜਾਤ ਮਿਲਦੀ ਹੈ। (ਬਹਿਸ ਆਦਿਕ ਗੱਲਾਂ ਦੇ) ਮਸਾਲੇ ਹਰਾਮ ਮਾਲ ਵਿਚ ਪਾਇਆਂ ਉਹ ਹੱਕ ਦਾ ਮਾਲ ਨਹੀਂ ਬਣ ਜਾਂਦਾ। ਹੇ ਨਾਨਕ! ਕੂੜੀਆਂ ਗੱਲਾਂ ਕੀਤਿਆਂ ਕੂੜ ਹੀ ਮਿਲਦਾ ਹੈ।

(ਅ) **ਬੰਦੇ ਚਸਮ ਦੀਦੰ ਫਨਾਇ॥**
ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ॥ਰਹਾਉ॥

(ਤਿਲੰਗ ਮਹਲਾ ੨, ਪੰਨਾ 723)

ਅਰਥ : ਹੇ ਮਨੁੱਖ! ਜੋ ਕੁਝ ਤੂੰ ਅੱਖੀਂ ਵੇਖਦਾ ਹੈਂ, ਨਾਸਵੰਤ ਹੈ। ਪਰ ਦੁਨੀਆਂ (ਮਾਇਆ ਦੇ) ਲਾਲਚ ਵਿਚ (ਪਰਮਾਤਮਾ ਵੱਲੋਂ) ਭੁੱਲੀ ਹੋਈ ਹੈ, ਤੇ, ਹਰਾਮ ਖਾਂਦੀ ਰਹਿੰਦੀ ਹੈ (ਪਰਾਇਆ ਹੱਕ ਖੋਂਹਦੀ ਰਹਿੰਦੀ ਹੈ)।

(ੲ) **ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥**

(ਸਿਰੀਰਾਗੁ ਮਹਲਾ ੧, ਪੰਨਾ 15)

ਅਰਥ : ਹੇ ਮੇਰੇ ਕਰਤਾਰ! ਮੇਰੀਆਂ ਤਾਂ ਇਹ ਕਰਤੂਤਾਂ ਹਨ—ਖਾਣ ਦਾ ਲਾਲਚ (ਮੇਰੇ ਅੰਦਰ) ਕੁੱਤਾ ਹੈ (ਜੋ ਹਰ ਵੇਲੇ ਖਾਣ ਨੂੰ ਮੰਗਦਾ ਹੈ, ਭੌਂਕਦਾ ਹੈ), ਝੂਠ (ਬੋਲਣ ਦੀ ਵਾਦੀ ਮੇਰੇ ਅੰਦਰ) ਚੂਹੜਾ ਹੈ (ਜਿਸ ਨੇ ਮੈਨੂੰ ਬਹੁਤ ਨੀਵਾਂ ਕਰ ਦਿੱਤਾ ਹੈ), (ਦੂਜਿਆਂ ਨੂੰ) ਠੱਗ ਕੇ ਖਾਣਾ (ਮੇਰੇ ਅੰਦਰ) ਮੁਰਦਾਰ ਹੈ (ਜੋ ਸੁਆਰਥ ਦੀ ਬਦਬੂ ਵਧਾ ਰਿਹਾ ਹੈ)।

(ਸ) **ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥**
ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥

(ਵਾਰ ਮਾਝ ਮਹਲਾ ੧, ਪੰਨਾ 139)

ਅਰਥ : (ਜੋ ਮਨੁੱਖ) ਝੂਠ ਬੋਲ ਕੇ (ਆਪ ਤਾਂ) ਦੂਜਿਆਂ ਦਾ ਹੱਕ ਖਾਂਦਾ ਹੈ ਤੇ ਹੋਰਨਾਂ ਨੂੰ ਸਿੱਖਿਆ ਦੇਣ ਜਾਂਦਾ ਹੈ (ਕਿ ਝੂਠ ਨਾ ਬੋਲੋ), ਹੇ ਨਾਨਕ! ਅਜਿਹਾ ਆਗੂ (ਅੰਤ ਇਉਂ) ਉੱਘੜਦਾ ਹੈ ਕਿ ਆਪ ਤਾਂ ਠੱਗਿਆ ਜਾ ਹੀ ਰਿਹਾ ਹੈ, ਆਪਣੇ ਸਾਥ ਨੂੰ ਭੀ ਲੁਟਾਉਂਦਾ ਹੈ।

ਭਾਈ ਗੁਰਦਾਸ ਜੀ ਨੇ ਵੀ ਮੁਰਦਾਰ ਸ਼ਬਦ ਨੂੰ ਇਸ ਹੀ ਭਾਵਾਰਥ ਵਿਚ ਵਰਤਿਆ ਹੈ:

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰੁ ਗੁਸਾਈ। *(ਵਾਰ 1, ਪਉੜੀ 30)*

ਅਰਥ : ਹੇ ਗੁਸਾਈਂ! ਕਲਜੁਗ ਦੀ ਸ੍ਰਿਸ਼ਟੀ ਕੁੱਤੇ-ਮੂੰਹੀਂ ਹੋ ਗਈ ਹੈ (ਹੱਕ ਬੇਹੱਕ ਨਹੀਂ ਦੇਖਦੀ) ਤੇ ਖਾਣਾ ਇਸ ਦਾ ਮੁਰਦਿਆਂ ਦਾ ਮਾਸ, ਭਾਵ ਅਣਹੱਕ ਹੋ ਗਿਆ ਹੈ।

ਮਨੁੱਖਾਂ ਦੀ ਰੱਤ ਪੀਣਾ

(ੳ) **ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥**
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥
ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ॥
ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ॥ *(ਵਾਰ ਮਾਝ ਮਹਲਾ ੧, ਪੰਨਾ 140)*

ਅਰਥ : ਜੇ ਜਾਮੇ ਨੂੰ ਲਹੂ ਲੱਗ ਜਾਵੇ, ਤਾਂ ਜਾਮਾ ਪਲੀਤ ਹੋ ਜਾਂਦਾ ਹੈ (ਤੇ

ਨਮਾਜ਼ ਨਹੀਂ ਹੋ ਸਕਦੀ), (ਪਰ) ਜੋ ਬੰਦੇ ਮਨੁੱਖਾਂ ਦਾ ਲਹੂ ਪੀਂਦੇ ਹਨ (ਭਾਵ, ਧੱਕਾ ਕਰ ਕੇ ਹਰਾਮ ਦੀ ਕਮਾਈ ਖਾਂਦੇ ਹਨ) ਉਨ੍ਹਾਂ ਦਾ ਮਨ ਕਿਵੇਂ ਪਾਕ (ਸਾਫ਼) ਰਹਿ ਸਕਦਾ ਹੈ (ਤੇ ਪਲੀਤ ਮਨ ਨਾਲ ਨਮਾਜ਼ ਪੜ੍ਹੀ ਕਿਵੇਂ ਕਬੂਲ ਹੈ)? ਹੇ ਨਾਨਕ! ਰੱਬ ਦਾ ਨਾਮ ਮੂੰਹੋਂ ਸਾਫ਼ ਦਿਲ ਨਾਲ ਲੈ, (ਇਸ ਤੋਂ ਬਿਨਾਂ) ਹੋਰ ਕੰਮ ਦੁਨੀਆਂ ਵਾਲੇ ਵਿਖਾਵੇ ਹਨ। ਇਹ ਤਾਂ ਤੁਸੀਂ ਕੂੜੇ ਕੰਮ ਹੀ ਕਰਦੇ ਹੋ।

(ਅ) **ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ ॥**
ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ ॥
ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥ *(ਵਾਰ ਮਾਝ ਮਹਲਾ ੧, ਪੰਨਾ 142)*

ਅਰਥ : ਜੇ (ਮੇਰੇ) ਸਰੀਰ ਨੂੰ ਦੁੱਖ ਲੱਗ ਜਾਏ, ਦੋਵੇਂ ਮਨਹੂਸ ਤਾਰੇ ਰਾਹੂ ਤੇ ਕੇਤੂ (ਮੇਰੇ ਲਾਗੂ ਹੋ ਜਾਣ), ਜ਼ਾਲਮ ਰਾਜੇ ਮੇਰੇ ਸਿਰ 'ਤੇ ਹੋਣ, ਜੇ ਤੇਰਾ ਪਿਆਰ ਇਸੇ ਤਰ੍ਹਾਂ (ਭਾਵ, ਇਨ੍ਹਾਂ ਦੁੱਖਾਂ ਦੀ ਸ਼ਕਲ ਵਿਚ ਹੀ ਮੇਰੇ ਉੱਤੇ) ਪ੍ਰਗਟ ਹੋਵੇ, ਤਾਂ ਭੀ ਤੇਰੀ ਹੀ ਸਿਫ਼ਤਿ-ਸਾਲਾਹ ਕਰਾਂ, ਤੇਰੀ ਵਡਿਆਈ ਕਰਨ ਦਾ ਮੇਰਾ ਚਾਉ ਨਾ ਮੁੱਕ ਜਾਏ।

ਮੈਲ ਖਾਣਾ

(ੳ) **ਕਾਦੀ ਕੂੜੁ ਬੋਲਿ ਮਲੁ ਖਾਇ ॥** *(ਧਨਾਸਰੀ ਮਹਲਾ ੧, ਪੰਨਾ 662)*

ਅਰਥ : ਕਾਜ਼ੀ (ਜੋ ਇਕ ਪਾਸੇ ਤਾਂ ਇਸਲਾਮੀ ਧਰਮ ਦਾ ਨੇਤਾ ਹੈ ਤੇ ਦੂਜੇ ਪਾਸੇ ਹਾਕਮ ਭੀ ਹੈ, ਰਿਸ਼ਵਤ ਦੀ ਖ਼ਾਤਰ ਸ਼ਰਈ ਕਾਨੂੰਨ ਬਾਰੇ) ਝੂਠ ਬੋਲ ਕੇ ਹਰਾਮ ਦਾ ਮਾਲ (ਰਿਸ਼ਵਤ) ਖਾਂਦਾ ਹੈ।

(ਅ) **ਅਸੰਖ ਮਲੇਛ ਮਲੁ ਭਖਿ ਖਾਹਿ ॥** *(ਜਪੁਜੀ, ਪੰਨਾ 4)*

ਅਰਥ : ਅਨੇਕਾਂ ਹੀ ਖੋਟੀ ਬੁੱਧੀ ਵਾਲੇ ਮਨੁੱਖ ਮਲ (ਭਾਵ, ਅਖਾਜ) ਹੀ ਖਾਈ ਜਾ ਰਹੇ ਹਨ।

ਅਖਾਧਿ ਖਾਹਿ

(ੳ) **ਪਰ ਧਨ ਪਰ ਤਨ ਪਰ ਤੀ ਨਿੰਦਾ ਅਖਾਧਿ ਖਾਹਿ ਹਰਕਾਇਆ ॥**
ਸਾਚ ਧਰਮ ਸਿਉ ਰੁਚਿ ਨਹੀ ਆਵੈ ਸਤਿ ਸੁਨਤ ਛੋਹਾਇਆ ॥
(ਆਸਾ ਮਹਲਾ ੫, ਪੰਨਾ 402)

ਅਰਥ : ਹੇ ਮੂਰਖ! ਤੂੰ ਪਰਾਇਆ ਧਨ (ਚੁਰਾਉਂਦਾ ਹੈਂ), ਪਰਾਇਆ ਰੂਪ (ਮੰਦੀ ਨਿਗਾਹ ਨਾਲ ਤੱਕਦਾ ਹੈਂ), ਪਰਾਈ ਨਿੰਦਾ (ਕਰਦਾ ਹੈਂ, ਤੂੰ ਲੋਭ ਨਾਲ) ਹਲਕਾ ਹੋਇਆ ਪਿਆ ਹੈਂ। ਉਹੀ ਚੀਜ਼ਾਂ ਖਾਂਦਾ ਹੈਂ ਜੋ ਤੈਨੂੰ ਨਹੀਂ ਖਾਣੀਆਂ ਚਾਹੀਦੀਆਂ। ਹੇ ਮੂਰਖ! ਸਦਾ ਨਾਲ ਨਿਭਣ ਵਾਲੇ ਧਰਮ ਨਾਲ ਤੇਰਾ ਪਿਆਰ ਨਹੀਂ ਪੈਂਦਾ, ਸੱਚ-ਉਪਦੇਸ਼ ਸੁਣਨ ਤੋਂ ਤੈਨੂੰ ਖਿਝ ਲੱਗਦੀ ਹੈ।

(ਅ) **ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ ॥**
ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥

ਨਚ ਮਿਤ੍ਰੰ ਨਚ ਇਸਟੰ ਨਚ ਬਾਧਵ ਨਚ ਮਾਤ ਪਿਤਾ ਤਵ ਲਜਯਾ ॥
ਅਕਰਣੰ ਕਰੋਤਿ ਅਖਾਦ੍ਹਿ ਖਾਦ੍ਹੰ ਅਸਾਜ੍ਹੰ ਸਾਜਿ ਸਮਜਯਾ ॥
ਤ੍ਰਾਹਿ ਤ੍ਰਾਹਿ ਸਰਣਿ ਸੁਆਮੀ ਬਿਗ੍ਹਾਪ੍ਹਿ ਨਾਨਕ ਹਰਿ ਨਰਹਰਹ ॥

(ਸਲੋਕ ਸਹਸਕ੍ਰਿਤੀ ਮ: ੫, ਪੰਨਾ 1358)

ਅਰਥ : ਹੇ ਲੋਭ! ਮੁਖੀ ਬੰਦੇ (ਭੀ) ਤੇਰੀ ਸੰਗਤ ਵਿਚ (ਰਹਿ ਕੇ ਵਿਕਾਰਾਂ ਵਿਚ) ਡੁੱਬ ਜਾਂਦੇ ਹਨ, ਤੇਰੀਆਂ ਲਹਿਰਾਂ ਵਿਚ (ਫਸ ਕੇ) ਅਨੇਕਾਂ ਕਲੋਲ ਕਰਦੇ ਹਨ। ਤੇਰੇ ਵੱਸ ਵਿਚ ਆਏ ਹੋਏ ਜੀਵ ਕਈ ਤਰ੍ਹਾਂ ਭਟਕਦੇ ਫਿਰਦੇ ਹਨ, ਅਨੇਕਾਂ ਤਰੀਕਿਆਂ ਨਾਲ ਡੋਲਦੇ ਹਨ। ਤੇਰੇ ਅਸਰ ਹੇਠ ਰਹਿਣ ਕਰਕੇ ਉਨ੍ਹਾਂ ਨੂੰ ਨਾ ਕਿਸੇ ਮਿੱਤਰ ਦੀ, ਨਾ ਗੁਰੂ-ਪੀਰ ਦੀ, ਨਾ ਸੰਬੰਧੀਆਂ ਦੀ, ਅਤੇ ਨਾ ਹੀ ਮਾਂ ਪਿਉ ਦੀ ਕੋਈ ਸ਼ਰਮ ਰਹਿੰਦੀ ਹੈ। ਤੇਰੇ ਪ੍ਰਭਾਵ ਨਾਲ ਜੀਵ ਖੁੱਲ੍ਹੇ ਤੌਰ 'ਤੇ ਸਮਾਜ ਵਿਚ ਉਹ ਕੰਮ ਕਰਦਾ ਹੈ ਜੋ ਨਹੀਂ ਕਰਨੇ ਚਾਹੀਦੇ, ਉਹ ਚੀਜ਼ਾਂ ਖਾਂਦਾ ਹੈ ਜੋ ਨਹੀਂ ਖਾਣੀਆਂ ਚਾਹੀਦੀਆਂ ਅਤੇ ਉਹ ਗੱਲਾਂ ਸ਼ੁਰੂ ਕਰ ਦੇਂਦਾ ਹੈ ਜੋ ਨਹੀਂ ਕਰਨੀਆਂ ਚਾਹੀਦੀਆਂ। ਹੇ ਨਾਨਕ! (ਲੋਭ ਤੋਂ ਬਚਣ ਲਈ) ਇਉਂ ਅਰਦਾਸ ਕਰ—ਹੇ ਪ੍ਰਭੂ! ਹੇ ਸੁਆਮੀ! ਮੈਂ ਤੇਰੀ ਸ਼ਰਨ ਆਇਆ ਹਾਂ, ਮੈਨੂੰ ਇਸ ਤੋਂ ਬਚਾ ਲੈ, ਬਚਾ ਲੈ।

ਸਿੰਘਚ ਭੋਜਨ/ਨਿਰਦਇਤਾ ਵਾਲਾ ਭੋਜਨ

ਸਿੰਘਚ ਭੋਜਨੁ ਜੋ ਨਰੁ ਜਾਨੈ ॥ ਐਸੇ ਹੀ ਠਗਦੇਉ ਬਖਾਨੈ ॥

(ਆਸਾ ਨਾਮਦੇਉ ਜੀ, ਪੰਨਾ 485)

ਅਰਥ : ਜੋ ਮਨੁੱਖ ਜ਼ੁਲਮ ਵਾਲੀ ਰੋਜ਼ੀ ਹੀ ਕਮਾਉਣੀ ਜਾਣਦਾ ਹੈ, (ਤੇ ਬਾਹਰੋਂ ਅੱਖਾਂ ਮੀਟਦਾ ਹੈ, ਜਿਵੇਂ ਸਮਾਧੀ ਲਾਈ ਬੈਠਾ ਹੈ) ਜਗਤ ਐਸੇ ਬੰਦੇ ਨੂੰ ਵੱਡੇ ਠੱਗ ਆਖਦਾ ਹੈ।

ਮਾਣਸ ਖਾਣੇ

(ੳ) **ਮਾਣਸ ਖਾਣੇ ਕਰਹਿ ਨਿਵਾਜ ॥ ਛੁਰੀ ਵਗਾਇਨਿ ਤਿਨ ਗਲਿ ਤਾਗ ॥**

(ਵਾਰ ਆਸਾ ਮ: ੧, ਪੰਨਾ 471)

ਅਰਥ : (ਕਾਜ਼ੀ ਤੇ ਮੁਸਲਮਾਨ ਹਾਕਮ) ਹਨ ਤਾਂ ਵੱਢੀ-ਖ਼ੋਰੇ, ਪਰ ਪੜ੍ਹਦੇ ਹਨ ਨਮਾਜ਼ਾਂ। (ਇਨ੍ਹਾਂ ਹਾਕਮਾਂ ਦੇ ਅੱਗੇ ਮੁਨਸ਼ੀ ਉਹ ਖੱਤ੍ਰੀ ਹਨ ਜੋ) ਛੁਰੀ ਚਲਾਉਂਦੇ ਹਨ (ਭਾਵ, ਗ਼ਰੀਬਾਂ ਉੱਤੇ ਜ਼ੁਲਮ ਕਰਦੇ ਹਨ), ਪਰ ਉਨ੍ਹਾਂ ਦੇ ਗਲ ਵਿਚ ਜਨੇਊ ਹਨ।

(ਅ) **ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥**
ਬਸੁਧਾ ਖੋਦਿ ਕਰਹਿ ਦੁਇ ਚੂਲ੍ਹੇ ਸਾਰੇ ਮਾਣਸ ਖਾਵਹਿ ॥

(ਆਸਾ ਕਬੀਰ ਜੀ, ਪੰਨਾ 476)

ਅਰਥ : (ਇਹ ਲੋਕ) ਧਰਤੀ ਪੁੱਟ ਕੇ ਦੋ ਚੁੱਲ੍ਹੇ ਬਣਾਉਂਦੇ ਹਨ, ਭਾਂਡੇ ਮਾਂਜ ਕੇ (ਚੁੱਲ੍ਹਿਆਂ) ਉੱਤੇ ਰੱਖਦੇ ਹਨ, (ਹੇਠਾਂ) ਲੱਕੜੀਆਂ ਧੋ ਕੇ ਬਾਲਦੇ ਹਨ (ਸੁੱਚ ਤਾਂ ਇਹੋ ਜਿਹੀ, ਪਰ ਕਰਤੂਤ ਇਹ ਹੈ ਕਿ) ਸਮੂਲਚੇ ਮਨੁੱਖ ਖਾ ਜਾਂਦੇ ਹਨ।

ਭਾਈ ਗੁਰਦਾਸ ਜੀ ਨੇ ਗੁਰਮਤਿ ਦੀ ਜੀਵਨ-ਜੁਗਤਿ ਦੇ ਪਹਿਲੂਆਂ ਦਾ ਪਾਲਣ ਕਰਨ ਵਾਲੇ ਗੁਰਸਿੱਖਾਂ ਤੋਂ ਕੁਰਬਾਨ ਹੋਣ ਦੀ ਗੱਲ ਕੀਤੀ ਹੈ, ਉਥੇ ਨਾਲ ਹੀ ਪਰਾਏ ਮਾਲ ਨੂੰ ਛਕਣਾ ਤਾਂ ਕਿਧਰੇ ਰਿਹਾ, ਪਰਾਏ ਮਾਲ ਨੂੰ ਹੱਥ ਲਾਉਣ ਤੋਂ ਵੀ ਸੰਕੋਚ ਕਰਨ ਵਾਲਿਆਂ ਤੋਂ, ਬਲਿਹਾਰ ਹੁੰਦੇ ਹੋਏ ਕਿਹਾ ਹੈ:

ਹਉ ਤਿਸੁ ਘੋਲਿ ਘੁਮਾਇਆ ਪਰਦਰਬੈ ਨੋ ਹਥੁ ਨ ਲਾਵੈ।

(ਵਾਰ 12, ਪਉੜੀ 4)

ਗੁਰਬਾਣੀ ਵਿਚ ਅਭਖ ਭਖਣ ਦੇ ਪ੍ਰਸੰਗ ਵਿਚ ਅਕਾਲ ਪੁਰਖ ਤੋਂ ਬੇਮੁਖ ਹੋ ਕੇ ਜੀਵਨ ਗੁਜ਼ਾਰਨ ਵਾਲਿਆਂ ਨੂੰ ਵੀ ਅਭਖ ਭਖਣਾ ਆਖਿਆ ਹੈ:

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥ ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥
ਰਾਜਿ ਰੰਗੁ ਮਾਲਿ ਰੰਗੁ॥ ਰੰਗਿ ਰਤਾ ਨਚੈ ਨੰਗੁ॥
ਨਾਨਕ ਠਗਿਆ ਮੁਠਾ ਜਾਇ॥ ਵਿਣੁ ਨਾਵੈ ਪਤਿ ਗਇਆ ਗਵਾਇ॥

(ਵਾਰ ਮਾਝ ਮ: ੧, ਪੰਨਾ 142)

ਅਰਥ: (ਅਸਲ ਵਿਚ) ਉਹ ਮਨੁੱਖ ਜਿਊਂਦਾ ਹੈ, ਜਿਸ ਦੇ ਮਨ ਵਿਚ ਪਰਮਾਤਮਾ ਵੱਸ ਰਿਹਾ ਹੈ। ਹੇ ਨਾਨਕ! (ਬੰਦਗੀ ਵਾਲੇ ਤੋਂ ਬਿਨਾਂ) ਕੋਈ ਹੋਰ ਜਿਊਂਦਾ ਨਹੀਂ ਹੈ। ਜੇ ਨਾਮ-ਵਿਹੂਣਾ (ਵੇਖਣ ਨੂੰ) ਜਿਊਂਦਾ (ਭੀ) ਹੈ ਤਾਂ ਉਹ ਇੱਜ਼ਤ ਗਵਾ ਕੇ (ਇਥੋਂ) ਜਾਂਦਾ ਹੈ, ਜੋ ਕੁਝ (ਇਥੇ) ਖਾਂਦਾ ਪੀਂਦਾ ਹੈ, ਹਰਾਮ ਹੀ ਖਾਂਦਾ ਹੈ। ਜਿਸ ਮਨੁੱਖ ਦਾ ਰਾਜ ਵਿਚ ਪਿਆਰ ਹੈ, ਮਾਲ ਵਿਚ ਮੋਹ ਹੈ, ਉਹ ਇਸ ਮੋਹ ਵਿਚ ਮਸਤਿਆ ਹੋਇਆ ਬੇ-ਸ਼ਰਮ ਹੋ ਕੇ ਨੱਚਦਾ ਹੈ (ਭਾਵ, ਮੱਚਦਾ ਹੈ, ਆਕੜਦਾ ਹੈ)। ਹੇ ਨਾਨਕ! ਪ੍ਰਭੂ ਦੇ ਨਾਮ ਤੋਂ ਸੱਖਣਾ ਮਨੁੱਖ ਠੱਗਿਆ ਜਾ ਰਿਹਾ ਹੈ, ਲੁੱਟਿਆ ਜਾ ਰਿਹਾ ਹੈ, ਇੱਜ਼ਤ ਗਵਾ ਕੇ (ਇਥੋਂ) ਜਾਂਦਾ ਹੈ।

ਸੋ, ਗੁਰਬਾਣੀ ਵਿਚ ਭਖ ਅਭਖ ਤੋਂ ਭਾਵ ਉਸ ਪਦਾਰਥ, ਮਾਇਆ ਆਦਿ ਤੋਂ ਹੈ, ਜਿਸ ਨੂੰ ਮਨੁੱਖ ਪਾਖੰਡ, ਬੇਈਮਾਨੀ, ਹੇਰਾ-ਫੇਰੀ, ਚੋਰੀ, ਠੱਗੀ ਮਾਰ ਕੇ, ਵੱਢੀ ਲੈ ਕੇ, ਨਕਲੀ ਦਵਾਈਆਂ ਵੇਚ ਕੇ, ਮਜ਼ਦੂਰਾਂ ਦਾ ਹੱਕ ਮਾਰ ਕੇ, ਮਜ਼ਦੂਰੀ ਪੂਰੀ ਲੈ ਕੇ ਕੰਮ ਪੂਰਾ ਨਾ ਕਰ ਕੇ, ਮਨੁੱਖਤਾ ਦਾ ਘਾਣ ਕਰਨ ਵਾਲੀਆਂ ਵਸਤੂਆਂ ਵਿਚ ਮਿਲਾਵਟ ਕਰ ਕੇ, ਨਸ਼ੀਲੀਆਂ ਵਸਤਾਂ ਦਾ ਧੰਦਾ ਕਰ ਕੇ, ਨਕਲੀ ਵਸਤੂਆਂ ਨੂੰ ਅਸਲੀ ਦੱਸ ਕੇ ਵੇਚਣਾ, ਕੋਈ ਅਜਿਹਾ ਹੀ ਇਨਸਾਨੀਅਤ ਨੂੰ ਕਲੰਕਤ ਕਰਨ ਵਾਲਾ ਕਾਰਾ ਕਰ ਕੇ, ਕਮਾਈ ਹੋਈ ਮਾਇਆ ਨਾਲ ਆਪਣੀਆਂ ਲੋੜਾਂ ਨੂੰ ਪੂਰਿਆਂ ਕਰਨਾ ਅਭਖ ਖਾਣਾ ਹੈ। ਖਾਣ ਤੋਂ ਭਾਵ ਕੇਵਲ ਖਾਣ ਵਾਲੇ ਪਦਾਰਥਾਂ ਤੋਂ ਹੀ ਨਹੀਂ ਹੈ। ਖਾਣ ਤੋਂ ਭਾਵ ਹਰੇਕ ਉਸ ਸ਼ੈਅ ਤੋਂ ਹੈ, ਜੋ ਮਨੁੱਖ ਦੀ ਵਰਤੋਂ ਵਿਚ ਆਉਂਦੀ ਹੈ ਜਾਂ ਮਨੁੱਖ ਵਰਤਦਾ ਹੈ। ਭਾਵ, ਸਰੀਰ 'ਤੇ ਪਹਿਨਣ ਵਾਲੇ ਕੱਪੜੇ ਗਹਿਣੇ ਆਦਿ ਤੋਂ ਲੈ ਕੇ ਘਰ-ਘਰ ਵਿਚ ਵਰਤਿਆ ਜਾਣ ਵਾਲਾ ਸਾਜ਼ੋ-ਸਾਮਾਨ ਤੋਂ ਹੈ। ਆਪ ਹੀ ਨਹੀਂ, ਬਲਕਿ ਆਪਣੇ ਪਰਿਵਾਰ ਦੀ ਸੁਖ-ਸੁਵਿਧਾ ਜਾਂ ਆਰਾਮ ਲਈ ਵਰਤਦਾ ਹੈ, ਉਹ ਭਖ ਅਭਖ ਹੀ ਹੈ। ਇਸ ਭਖ ਅਭਖ ਨੂੰ ਜ਼ਹਿਰ ਆਖਿਆ ਹੈ। ਇਸ ਜ਼ਹਿਰ

ਨੂੰ ਖਾਧਿਆਂ ਮਨੁੱਖ ਆਪਣੀ ਆਤਮਕ ਜ਼ਿੰਦਗੀ ਤਬਾਹ ਕਰ ਲੈਂਦਾ ਹੈ। ਇਹ ਜ਼ਹਿਰ ਮਨੁੱਖ ਆਪ ਹੀ ਨਹੀਂ ਖਾਂਦਾ, ਸਗੋਂ ਆਪਣੇ ਪਰਿਵਾਰ ਨੂੰ ਵੀ ਖੁਆਉਂਦਾ ਹੈ। ਗੁਰਬਾਣੀ ਦੀ ਜੀਵਨ-ਜੁਗਤਿ ਵਿਚ ਇਸ ਲਈ ਇਸ ਜ਼ਹਿਰ ਭਾਵ ਅਭਖ ਭਖ/ ਹਰਾਮ ਦੇ ਮਾਲ ਨੂੰ ਖਾਣ ਅਥਵਾ ਵਰਤੋਂ ਕਰਨ ਤੋਂ ਹਰੇਕ ਮਨੁੱਖ ਨੂੰ ਵਰਜਿਆ ਹੈ।

ਗੁਰ ਉਪਦੇਸ ਮਨ ਧਾਵਤ ਬਰਜਿ,
ਪਰ-ਧਨ ਪਰ-ਤਨ ਪਰ-ਦੂਖਨਾ ਨਿਵਾਰੀਐ॥

(ਕਬਿੱਤ ਸਵੱਯੇ ਭਾਈ ਗੁਰਦਾਸ ਜੀ)

ਅਰਥ : ਸਤਿਗੁਰੂ ਦੇ ਉਪਦੇਸ਼ (ਗੁਰ-ਮੰਤਰ, ਨਾਮ-ਸਿਮਰਨ) ਦੁਆਰਾ ਦਸੀਂ ਦਿਸ਼ੀਂ ਦੌੜਦੇ ਮਨ ਨੂੰ ਰੋਕ ਕੇ, ਪਰਾਏ ਧਨ ਤੇ ਪਰਾਈ ਇਸਤਰੀ ਦੀ ਝਾਕ ਤੋਂ ਅਤੇ ਪਰਾਈ ਨਿੰਦਿਆ ਕਰਨ ਤੋਂ ਰੋਕ ਕੇ ਰੱਖੀਏ।

ਨਿੰਦਾ ਭਲੀ ਕਿਸੈ ਕੀ ਨਾਹੀ

ਗੁਰੂ ਗ੍ਰੰਥ ਸਾਹਿਬ ਵਿਚ ਨਿੰਦਾ ਨੂੰ ਕੁਕਰਮ ਅਤੇ ਭਿਆਨਕ ਆਤਮਿਕ ਰੋਗ ਦੇ ਰੂਪ ਵਜੋਂ ਦਰਸਾਇਆ ਗਿਆ ਹੈ। ਗੁਰਦੇਵ ਨੇ ਇਸ ਦੇ ਭਿਆਨਕ ਮਾਰੂ ਸਿੱਟਿਆਂ ਤੋਂ ਮਨੁੱਖ ਨੂੰ ਸੁਚੇਤ ਕਰਦਿਆਂ ਹੋਇਆਂ ਇਸ ਤੋਂ ਬਚਣ ਦੀ ਭਰਪੂਰ ਪ੍ਰੇਰਨਾ ਕੀਤੀ ਹੈ। ਗੁਰਬਾਣੀ ਵਿਚ ਨਿੰਦਾ ਨੂੰ ਪਰਾਈ ਮੈਲ ਨੂੰ ਮੂੰਹ ਵਿਚ ਪਾਉਣਾ, ਦੂਜਿਆਂ ਦੀ ਮੈਲ ਧੋਣਾ, ਬਿਨਾਂ ਮਜ਼ਦੂਰੀ ਤੋਂ ਦੂਜਿਆਂ ਦਾ ਭਾਰ ਉਠਾਉਣ ਵਾਲਾ ਮੰਨਿਆ ਗਿਆ ਹੈ। ਗੁਰਬਾਣੀ ਦੇ ਨਿਮਨ-ਲਿਖਤ ਫ਼ੁਰਮਾਨਾਂ ਵਿਚ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

(ੳ) **ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ ॥**

(ਸਿਰੀਰਾਗੁ ਮਹਲਾ ੧, ਪੰਨਾ 15)

ਅਰਥ: ਪਰਾਈ ਨਿੰਦਿਆ ਮੇਰੇ ਮੂੰਹ ਵਿਚ ਸਮੂਲਚੀ ਪਰਾਈ ਮੈਲ ਹੈ, ਕ੍ਰੋਧ-ਅੱਗ (ਮੇਰੇ ਅੰਦਰ) ਚੰਡਾਲ (ਬਣੀ ਪਈ ਹੈ)।

(ਅ) **ਮਨਮੁਖਿ ਅੰਧੇ ਸੁਧਿ ਨ ਕਾਈ ॥ ਆਤਮ ਘਾਤੀ ਹੈ ਜਗਤ ਕਸਾਈ ॥**
ਨਿੰਦਾ ਕਰਿ ਕਰਿ ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥

(ਮਾਝ ਮਹਲਾ ੩, ਪੰਨਾ 118)

ਅਰਥ: ਜਿਹੜਾ ਮਨੁੱਖ ਆਪਣੇ ਮਨ ਦੇ ਪਿੱਛੇ ਤੁਰਦਾ ਹੈ, ਜਿਹੜਾ ਮਾਇਆ ਦੇ ਮੋਹ ਵਿਚ ਅੰਨ੍ਹਾ ਹੋਇਆ ਰਹਿੰਦਾ ਹੈ, ਉਸ ਨੂੰ (ਇਹ ਆਪਾ-ਭਾਵ ਨਿਵਾਰਨ ਦੀ) ਕੋਈ ਸੁਝ ਨਹੀਂ ਪੈਂਦੀ। (ਇਸ ਤਰ੍ਹਾਂ ਉਹ) ਆਪਣਾ ਆਤਮਿਕ ਜੀਵਨ (ਭੀ) ਤਬਾਹ ਕਰ ਲੈਂਦਾ ਹੈ ਤੇ ਜਗਤ ਦਾ ਵੈਰੀ (ਭੀ ਬਣਿਆ ਰਹਿੰਦਾ ਹੈ)। ਉਹ ਹੋਰਨਾਂ ਦੀ ਨਿੰਦਾ ਕਰ ਕਰ ਕੇ ਆਪਣੇ ਸਿਰ ਉੱਤੇ (ਵਿਕਾਰਾਂ ਦਾ) ਬਹੁਤ ਭਾਰ ਚੁੱਕੀ ਜਾਂਦਾ ਹੈ (ਉਹ ਮਨਮੁਖ ਉਸ ਮਜ਼ਦੂਰ ਵਾਂਗ ਸਮਝੋ ਜੋ) ਭਾੜਾ ਲੈਣ ਤੋਂ ਬਿਨਾਂ ਹੀ ਦੂਜਿਆਂ ਦਾ ਭਾਰ (ਚੁੱਕ ਚੁੱਕ ਕੇ) ਅਪੜਾਂਦਾ ਰਹਿੰਦਾ ਹੈ।

(ੲ) **ਨਿੰਦਕੁ ਨਿੰਦਾ ਕਰਿ ਮਲੁ ਧੋਵੈ ਓਹੁ ਮਲਭਖੁ ਮਾਇਆਧਾਰੀ ॥**

(ਗੂਜਰੀ ਮਹਲਾ ੪, ਪੰਨਾ 507)

ਅਰਥ: ਨਿੰਦਾ ਕਰਨ ਵਾਲਾ ਮਨੁੱਖ (ਦੂਜਿਆਂ ਦੀ) ਨਿੰਦਾ ਕਰ ਕਰ ਕੇ (ਉਨ੍ਹਾਂ ਦੇ ਕੀਤੇ ਮੰਦ ਕਰਮਾਂ ਦੀ) ਮੈਲ ਤਾਂ ਧੋ ਦੇਂਦਾ ਹੈ, ਪਰ ਉਹ ਆਪ ਮਾਇਆ-ਵੇੜ੍ਹਿਆ ਮਨੁੱਖ ਪਰਾਈ ਮੈਲ ਖਾਣ ਦਾ ਆਦੀ ਬਣ ਜਾਂਦਾ ਹੈ।

ਇਸ ਲਈ ਨਿੰਦਕ ਦੀ ਗਿਣਤੀ ਸਿਆਣੇ ਮਨੁੱਖਾਂ ਵਿਚ ਨਹੀਂ, ਮੂਰਖਾਂ ਵਿਚ ਕੀਤੀ ਗਈ ਹੈ। ਅਜਿਹੇ ਮੂਰਖ ਦਾ ਕੋਈ ਵੀ ਧਰਮ-ਕਰਮ ਫਲੀਭੂਤ ਨਹੀਂ ਹੁੰਦਾ:

ਜੇ ਓਹੁ ਅਠਸਠਿ ਤੀਰਥ ਨ੍ਹਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥
ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥੧॥
ਸਾਧ ਕਾ ਨਿੰਦਕੁ ਕੈਸੇ ਤਰੈ॥ ਸਰਪਰ ਜਾਨਹੁ ਨਰਕ ਹੀ ਪਰੈ॥੧॥ਰਹਾਉ॥
ਜੇ ਓਹੁ ਗ੍ਰਹਨ ਕਰੈ ਕੁਲਖੇਤਿ॥ ਅਰਪੈ ਨਾਰਿ ਸੀਗਾਰ ਸਮੇਤਿ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥ ਕਰੈ ਨਿੰਦ ਕਵਨੈ ਨਹੀ ਗੁਨੈ॥੨॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ॥ ਭੂਮਿ ਦਾਨ ਸੋਭਾ ਮੰਡਪਿ ਪਾਵੈ॥
ਅਪਨਾ ਬਿਗਾਰਿ ਬਿਰਾਂਨਾ ਸਾਂਢੈ॥ ਕਰੈ ਨਿੰਦ ਬਹੁ ਜੋਨੀ ਹਾਂਢੈ॥੩॥
ਨਿੰਦਾ ਕਹਾ ਕਰਹੁ ਸੰਸਾਰਾ॥ ਨਿੰਦਕ ਕਾ ਪਰਗਟਿ ਪਾਹਾਰਾ॥
ਨਿੰਦਕੁ ਸੋਧਿ ਸਾਧਿ ਬੀਚਾਰਿਆ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥੪॥ *(ਗੋਂਡ ਰਵਿਦਾਸ ਜੀ, ਪੰਨਾ 875)*

ਅਰਥ: ਸਾਧੂ ਗੁਰਮੁਖ ਦੀ ਨਿੰਦਾ ਕਰਨ ਵਾਲਾ ਮਨੁੱਖ (ਜਗਤ ਦੀਆਂ ਨਿਵਾਣਾਂ ਵਿੱਚੋਂ) ਪਾਰ ਨਹੀਂ ਲੰਘ ਸਕਦਾ, ਯਕੀਨ ਨਾਲ ਜਾਣੋ ਉਹ ਸਦਾ ਨਰਕ ਵਿਚ ਹੀ ਪਿਆ ਰਹਿੰਦਾ ਹੈ। ਜੇ ਕੋਈ ਮਨੁੱਖ ਅਠਾਹਠ ਤੀਰਥਾਂ ਦਾ ਇਸ਼ਨਾਨ (ਭੀ) ਕਰੇ, ਜੇ ਬਾਰ੍ਹਾਂ ਸ਼ਿਵਲਿੰਗਾਂ ਦੀ ਪੂਜਾ ਭੀ ਕਰੇ, ਜੇ (ਲੋਕਾਂ ਦੇ ਭਲੇ ਲਈ) ਖੂਹ ਤਲਾਬ (ਆਦਿਕ) ਲਵਾਏ; ਪਰ ਜੇ ਉਹ (ਗੁਰਮੁਖਾਂ ਦੀ ਨਿੰਦਿਆ ਕਰਦਾ ਹੈ, ਤਾਂ ਉਸ ਦੀ ਇਹ ਸਾਰੀ ਮਿਹਨਤ ਵਿਅਰਥ ਜਾਂਦੀ ਹੈ। ਜੇ ਕੋਈ ਮਨੁੱਖ ਕੁਲਖੇਤ੍ਰ 'ਤੇ (ਜਾ ਕੇ) ਗ੍ਰਹਿਣ (ਦਾ ਇਸ਼ਨਾਨ) ਕਰੇ, ਗਹਿਣਿਆਂ ਸਮੇਤ ਆਪਣੀ ਵਹੁਟੀ (ਬ੍ਰਾਹਮਣ ਨੂੰ) ਦਾਨ ਕਰ ਦੇਵੇ, ਸਾਰੀਆਂ ਸਿੰਮ੍ਰਿਤੀਆਂ ਧਿਆਨ ਨਾਲ ਸੁਣੇ; ਪਰ ਜੇ ਉਹ ਭਲਿਆਂ ਦੀ ਨਿੰਦਿਆ ਕਰਦਾ ਹੈ, ਤਾਂ ਇਨ੍ਹਾਂ ਸਾਰੇ ਕੰਮਾਂ ਤੋਂ ਕੋਈ ਲਾਭ ਨਹੀਂ। ਜੇ ਕੋਈ ਮਨੁੱਖ ਠਾਕੁਰਾਂ ਨੂੰ ਕਈ ਤਰ੍ਹਾਂ ਦੇ ਭੋਗ ਲਵਾਵੇ, ਜ਼ਮੀਨ ਦਾ ਦਾਨ ਕਰੇ (ਜਿਸ ਕਰਕੇ) ਜਗਤ ਵਿਚ ਸ਼ੋਭਾ ਖੱਟ ਲਏ, ਜੇ ਆਪਣਾ ਨੁਕਸਾਨ ਕਰ ਕੇ ਭੀ ਦੂਜਿਆਂ ਦੇ ਕੰਮ ਸਵਾਰੇ, ਤਾਂ ਭੀ ਜੇ ਉਹ ਭਲਿਆਂ ਦੀ ਨਿੰਦਿਆ ਕਰਦਾ ਹੈ ਤਾਂ ਕਈ ਜੂਨਾਂ ਵਿਚ ਭਟਕਦਾ ਹੈ। ਹੇ ਦੁਨੀਆਂ ਦੇ ਲੋਕੋ! ਤੁਸੀਂ (ਸੰਤਾਂ ਦੀ) ਨਿੰਦਿਆ ਕਿਉਂ ਕਰਦੇ ਹੋ? (ਭਾਵੇਂ ਬਾਹਰੋਂ ਕਈ ਧਾਰਮਿਕ ਕੰਮ ਕਰੇ, ਪਰ ਜੇ ਮਨੁੱਖ ਸੰਤ ਦੀ ਨਿੰਦਾ ਕਰਦਾ ਹੈ ਤਾਂ ਸਾਰੇ ਧਾਰਮਿਕ ਕੰਮ ਇਕ ਠੱਗੀ ਹੀ ਹੈ, ਤੇ) ਨਿੰਦਕ ਦੀ ਇਹ ਠੱਗੀ ਦੀ ਦੁਕਾਨ ਉੱਘੜ ਪੈਂਦੀ ਹੈ। ਹੇ ਰਵਿਦਾਸ! ਆਖ—ਅਸਾਂ ਚੰਗੀ ਤਰ੍ਹਾਂ ਵਿਚਾਰ ਕੇ ਵੇਖ ਲਿਆ ਹੈ ਕਿ ਸੰਤ ਦਾ ਨਿੰਦਕ ਕੁਕਰਮੀ ਰਹਿੰਦਾ ਹੈ ਤੇ ਨਰਕ ਵਿਚ ਪਿਆ ਰਹਿੰਦਾ ਹੈ।

ਪਰਾਈ ਨਿੰਦਿਆ ਦੁਆਰਾ ਆਪਣੇ ਅੰਦਰ ਇਕੱਤਰ ਕੀਤੀ ਹੋਈ ਮੈਲ ਤੋਂ ਸਰੀਰਿਕ ਇਸ਼ਨਾਨ ਨਾਲ ਛੁਟਕਾਰਾ ਹਾਸਲ ਨਹੀਂ ਕੀਤਾ ਜਾ ਸਕਦਾ:

ਪਰ ਨਿੰਦਾ ਕਰੇ ਅੰਤਰਿ ਮਲੁ ਲਾਏ॥
ਬਾਹਰਿ ਮਲੁ ਧੋਵੈ ਮਨ ਕੀ ਜੂਠਿ ਨ ਜਾਏ॥ *(ਵਾਰ ਸਿਰੀਰਾਗ, ਮ: ੩, ਪੰਨਾ 88)*

ਅਰਥ: (ਜੀਵ) ਪਰਾਈ ਨਿੰਦਾ ਕਰ ਕੇ ਹਿਰਦੇ ਵਿਚ ਮੈਲ ਲਾਈ ਜਾਵੇ, (ਤੇ)

ਬਾਹਰੋਂ (ਸਰੀਰ ਦੀ) ਮੈਲ (ਇਸ਼ਨਾਨ ਆਦਿਕ ਨਾਲ) ਧੋਂਦਾ ਰਹੇ, (ਇਸ ਤਰ੍ਹਾਂ) ਮਨ ਦੀ ਜੂਠ ਦੂਰ ਨਹੀਂ ਹੁੰਦੀ।

ਭਾਈ ਗੁਰਦਾਸ ਜੀ ਨਿੰਦਕ ਦੀ ਮੂਰਖਤਾ ਉੱਤੇ ਰੋਸ਼ਨੀ ਪਾਉਂਦਿਆਂ ਕਹਿੰਦੇ ਹਨ ਕਿ ਉਹ ਆਪਣੀ ਜੜ੍ਹ ਨੂੰ ਆਪ ਹੀ ਪੁੱਟ ਸੁੱਟਦਾ ਹੈ:

ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ।
ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ।
ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ।
ਚੋਆ ਚੰਦਨੁ ਪਰਿਹਰੈ ਖਰੁ ਖੇਹ ਪਲਟੈ।
ਤਿਉ ਨਿੰਦਕ ਪਰਨਿੰਦਹੁੰ ਹਠਿ ਮੂਲਿ ਨ ਹਟੈ।
ਆਪਣ ਹਥੀ ਆਪਣੀ ਜੜ ਆਪਿ ਉਪਟੈ ॥੧॥੩੫॥

ਗੁਰੂ ਗ੍ਰੰਥ ਸਾਹਿਬ ਵਿਚ ਤਾਂ ਹਰੇਕ ਮਨੁੱਖ ਨੂੰ ਨਿੰਦਿਆ ਕਰਨ ਤੋਂ ਵਰਜਿਆ ਗਿਆ ਹੈ:

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ *(ਸੂਹੀ ਮਹਲਾ ੩, ਪੰਨਾ 755)*

ਪਰ ਵਿਸ਼ੇਸ਼ ਤੌਰ 'ਤੇ ਆਤਮਿਕ ਬੁਲੰਦੀਆਂ ਨੂੰ ਛੂਹਣ ਵਾਲਿਆਂ ਦੀ ਨਿੰਦਾ ਨੂੰ ਤਾਂ ਬਹੁਤ ਹੀ ਬੁਰਾ ਕਿਹਾ ਹੈ:

ਸੰਤ ਕੀ ਨਿੰਦਾ ਦੋਖ ਮਹਿ ਦੋਖੁ ॥ *(ਗਉੜੀ ਸੁਖਮਨੀ ਮ: ੫, ਪੰਨਾ 280)*

ਅਰਥ: ਸੰਤਾਂ ਦੀ ਨਿੰਦਿਆ ਕਰਨੀ ਬਹੁਤ ਹੀ ਮਾੜਾ ਕੰਮ ਹੈ।

ਭਾਈ ਗੁਰਦਾਸ ਜੀ ਅਨੁਸਾਰ:

ਨਿੰਦਾ ਭਲੀ ਨ ਕਿਸੈ ਦੀ ਗੁਰ ਨਿੰਦ ਕੁਢੰਗੀ ॥੪॥੩੫॥

ਗੁਰਬਾਣੀ ਵਿਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਆਤਮਿਕ ਬੁਲੰਦੀ ਨੂੰ ਛੂਹਣ ਵਾਲਾ ਆਪਣੀ ਨਿੰਦਿਆ ਨੂੰ ਸੁਣ ਕੇ ਘਬਰਾਉਂਦਾ ਨਹੀਂ ਹੈ। ਉਹ ਤਾਂ ਨਿੰਦਿਆ ਉਸਤਤਿ ਤੋਂ ਰਹਿਤ ਹੁੰਦਾ ਹੈ; ਪਰ ਮਨੁੱਖਤਾ ਦਾ ਸੱਚਾ ਹਮਦਰਦ ਹੋਣ ਕਾਰਨ, ਜਨ-ਸਾਧਾਰਨ ਨੂੰ ਨਿੰਦਕ ਦੇ ਗੁਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਕਰਨਾ ਆਪਣਾ ਫ਼ਰਜ਼ ਸਮਝਦਾ ਹੈ। ਇਸ ਲਈ ਨਿੰਦਕ ਦੀ ਕਾਰਗੁਜ਼ਾਰੀ ਦਾ ਕੱਚਾ ਚਿੱਠਾ ਲੋਕਾਈ ਦੇ ਸਾਹਮਣੇ ਰੱਖ ਕੇ ਜਨ-ਸਾਧਾਰਨ ਨੂੰ ਉਸ ਦੀਆਂ ਚਾਲਾਂ ਤੋਂ ਸੁਚੇਤ ਅਵੱਸ਼ ਕਰਦਾ ਹੈ:

ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ ॥ ਨਿੰਦਾ ਜਨ ਕਉ ਖਰੀ ਪਿਆਰੀ ॥
ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ਰਹਾਉ॥
ਨਿੰਦਾ ਹੋਇ ਤ ਬੈਕੁੰਠਿ ਜਾਈਐ ॥ ਨਾਮੁ ਪਦਾਰਥੁ ਮਨਹਿ ਬਸਾਈਐ ॥
ਰਿਦੈ ਸੁਧ ਜਉ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ ॥੧॥
ਨਿੰਦਾ ਕਰੈ ਸੁ ਹਮਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥
ਨਿੰਦਕੁ ਸੋ ਜੋ ਨਿੰਦਾ ਹੋਰੈ ॥ ਹਮਰਾ ਜੀਵਨੁ ਨਿੰਦਕੁ ਲੋਰੈ ॥੨॥

ਨਿੰਦਾ ਹਮਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰੁ ॥
ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥

(ਗਉੜੀ ਕਬੀਰ ਜੀ, ਪੰਨਾ 339)

ਅਰਥ : ਜਗਤ ਬੇਸ਼ੱਕ ਮੇਰੀ ਨਿੰਦਾ ਕਰੇ, ਬੇਸ਼ੱਕ ਮੇਰੇ ਔਗੁਣ ਭੰਡੇ; ਪ੍ਰਭੂ ਦੇ ਸੇਵਕ ਨੂੰ ਆਪਣੀ ਨਿੰਦਿਆ ਹੁੰਦੀ ਚੰਗੀ ਲੱਗਦੀ ਹੈ, ਕਿਉਂਕਿ ਨਿੰਦਿਆ ਸੇਵਕ ਦਾ ਮਾਂ ਪਿਉ ਹੈ (ਭਾਵ, ਜਿਵੇਂ ਮਾਪੇ ਆਪਣੇ ਬਾਲ ਵਿਚ ਸ਼ੁਭ ਗੁਣ ਵਧਦੇ ਵੇਖਣਾ ਲੋੜਦੇ ਹਨ, ਤਿਵੇਂ ਨਿੰਦਿਆ ਭੀ ਔਗੁਣ ਨਸ਼ਰ ਕਰ ਕੇ ਭਲੇ ਗੁਣਾਂ ਲਈ ਸਹਾਇਤਾ ਕਰਦੀ ਹੈ)। ਜੇ ਲੋਕ ਔਗੁਣ ਨਸ਼ਰ ਕਰਨ ਤਾਂ ਹੀ ਬੈਕੁੰਠ ਵਿਚ ਜਾ ਸਕੀਦਾ ਹੈ (ਕਿਉਂਕਿ ਇਸ ਤਰ੍ਹਾਂ ਆਪਣੇ ਔਗੁਣ ਛੱਡ ਕੇ) ਪ੍ਰਭੂ ਦਾ ਨਾਮ-ਰੂਪ ਧਨ ਮਨ ਵਿਚ ਵਸਾ ਸਕੀਦਾ ਹੈ। ਜੇ ਹਿਰਦਾ ਸ਼ੁੱਧ ਹੁੰਦਿਆਂ ਸਾਡੀ ਨਿੰਦਿਆ ਹੋਵੇ (ਭਾਵ, ਜੇ ਸ਼ੁੱਧ ਭਾਵਨਾ ਨਾਲ ਅਸੀਂ ਆਪਣੇ ਔਗੁਣ ਨਸ਼ਰ ਹੁੰਦੇ ਸੁਣੀਏ) ਤਾਂ ਨਿੰਦਕ ਸਾਡੇ ਮਨ ਨੂੰ ਪਵਿੱਤਰ ਕਰਨ ਵਿਚ ਸਹਾਇਤਾ ਕਰਦਾ ਹੈ। (ਤਾਂ ਤੇ) ਜੋ ਮਨੁੱਖ ਸਾਨੂੰ ਭੰਡਦਾ ਹੈ, ਉਹ ਸਾਡਾ ਮਿੱਤਰ ਹੈ, ਕਿਉਂਕਿ ਸਾਡੀ ਸੁਰਤ ਆਪਣੇ ਨਿੰਦਕ ਵਿਚ ਰਹਿੰਦੀ ਹੈ (ਭਾਵ, ਅਸੀਂ ਆਪਣੇ ਨਿੰਦਕ ਦੀ ਗੱਲ ਬੜੇ ਧਿਆਨ ਨਾਲ ਸੁਣਦੇ ਹਾਂ)। (ਅਸਲ ਵਿਚ) ਸਾਡਾ ਮੰਦਾ ਚਿਤਵਣ ਵਾਲਾ ਮਨੁੱਖ ਉਹ ਹੈ, ਜੋ ਸਾਡੇ ਐਬ ਨਸ਼ਰ ਹੋਣੋਂ ਰੋਕਦਾ ਹੈ। ਨਿੰਦਕ ਤਾਂ ਸਗੋਂ ਇਹ ਚਾਹੁੰਦਾ ਹੈ ਕਿ ਸਾਡਾ ਜੀਵਨ ਚੰਗਾ ਬਣੇ। ਜਿਉਂ ਜਿਉਂ ਸਾਡੀ ਨਿੰਦਿਆ ਹੁੰਦੀ ਹੈ, ਤਿਉਂ ਤਿਉਂ ਸਾਡੇ ਅੰਦਰ ਪ੍ਰਭੂ ਦਾ ਪ੍ਰੇਮ-ਪਿਆਰ ਪੈਦਾ ਹੁੰਦਾ ਹੈ, ਕਿਉਂਕਿ ਸਾਡੀ ਨਿੰਦਿਆ ਸਾਨੂੰ ਔਗੁਣਾਂ ਵੱਲੋਂ ਬਚਾਉਂਦੀ ਹੈ। ਸੋ, ਦਾਸ ਕਬੀਰ ਲਈ ਤਾਂ ਉਸ ਦੇ ਔਗੁਣਾਂ ਦਾ ਨਸ਼ਰ ਹੋਣਾ ਸਭ ਤੋਂ ਵਧੀਆ ਗੱਲ ਹੈ। ਪਰ (ਵਿਚਾਰਾ) ਨਿੰਦਕ (ਸਦਾ ਦੂਜਿਆਂ ਦੇ ਔਗੁਣਾਂ ਦੀਆਂ ਗੱਲਾਂ ਕਰ ਕਰ ਕੇ ਆਪ ਉਨ੍ਹਾਂ ਔਗੁਣਾਂ ਵਿਚ) ਡੁੱਬ ਜਾਂਦਾ ਹੈ, ਤੇ ਅਸੀਂ (ਆਪਣੇ ਔਗੁਣਾਂ ਦੀ ਚਿਤਾਵਨੀ ਨਾਲ ਉਨ੍ਹਾਂ ਤੋਂ) ਬਚ ਨਿਕਲਦੇ ਹਾਂ।

ਕਈ ਸੱਜਣ ਸੱਚ ਅਤੇ ਨਿੰਦਾ ਦੇ ਫ਼ਰਕ ਨੂੰ ਨਾ ਸਮਝਣ ਕਾਰਨ, ਕਿਸੇ ਪ੍ਰਤੀ ਸੱਚ ਬੋਲਣ ਨੂੰ ਵੀ ਨਿੰਦਾ ਸਮਝਣ ਲੱਗ ਪੈਂਦੇ ਹਨ। ਇਸ ਲਈ ਨਿੰਦਾ ਦੇ ਭਾਵ ਨੂੰ ਸਮਝ ਲੈਣਾ ਜ਼ਰੂਰੀ ਹੈ। ਨਿੰਦਾ ਦਾ ਅਰਥ ਹੈ: 'ਦੋਸ਼ ਕਹਿਣ ਦੀ ਕ੍ਰਿਯਾ; ਗੁਣਾਂ ਵਿਚ ਦੋਸ਼ ਥਾਪਣ ਦਾ ਕਰਮ।' ਨਿੰਦਕ ਤੋਂ ਭਾਵ ਹੈ: 'ਗੁਣਾਂ ਨੂੰ ਦੋਸ਼ ਕਹਿਣ ਵਾਲਾ।'

ਗੁਰੂ ਗ੍ਰੰਥ ਸਾਹਿਬ ਵਿਚ ਨੀਚ, ਪਾਖੰਡੀ, ਜ਼ਾਲਮ, ਅਨਿਆਂ ਕਰਨ ਵਾਲੇ, ਦੂਜਿਆਂ ਦਾ ਹੱਕ ਆਦਿ ਮਾਰਨ ਵਾਲੇ ਮਨੁੱਖਾਂ ਦੀ ਬਹੁਤ ਹੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ। ਗੁਰਬਾਣੀ ਦੇ ਨਿਮਨ-ਲਿਖਤ ਫ਼ੁਰਮਾਨਾਂ ਵਿਚ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

(ੳ) **ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥**
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥

ਐਸੇ ਸੰਤ ਨ ਮੋ ਕਉ ਭਾਵਹਿ ॥
ਡਾਲਾ ਸਿਉ ਪੇਡਾ ਗਟਕਾਵਹਿ ॥੧॥ਰਹਾਉ॥
ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥
ਬਸੁਧਾ ਖੋਦਿ ਕਰਹਿ ਦੁਇ ਚੂਲ੍ੇ ਸਾਰੇ ਮਾਣਸ ਖਾਵਹਿ ॥੨॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥

(ਆਸਾ ਕਬੀਰ ਜੀ, ਪੰਨਾ 476)

ਅਰਥ : (ਜੋ ਮਨੁੱਖ) ਸਾਢੇ ਤਿੰਨ ਤਿੰਨ ਗਜ਼ (ਲੰਮੀਆਂ) ਧੋਤੀਆਂ (ਪਹਿਨਦੇ, ਅਤੇ) ਤਿਹਰੀਆਂ ਤੰਦਾਂ ਵਾਲੇ ਜਨੇਊ ਪਾਂਦੇ ਹਨ, ਜਿਨ੍ਹਾਂ ਦੇ ਗਲਾਂ ਵਿਚ ਮਾਲਾਂ ਹਨ ਤੇ ਹੱਥ ਵਿੱਚ ਲਿਸ਼ਕਾਏ ਹੋਏ ਲੋਟੇ ਹਨ, (ਨਿਰੇ ਇਨ੍ਹਾਂ ਲੱਛਣਾਂ ਕਰਕੇ) ਉਹ ਮਨੁੱਖ ਪਰਮਾਤਮਾ ਦੇ ਭਗਤ ਨਹੀਂ ਆਖੇ ਜਾਣੇ ਚਾਹੀਦੇ, ਉਹ ਤਾਂ (ਅਸਲ ਵਿਚ) ਬਨਾਰਸੀ ਠੱਗ ਹਨ। ਮੈਨੂੰ ਅਜਿਹੇ ਸੰਤ ਚੰਗੇ ਨਹੀਂ ਲੱਗਦੇ, ਜੋ ਮੂਲ ਨੂੰ ਭੀ ਟਹਿਣੀਆਂ ਸਮੇਤ ਖਾ ਜਾਣ (ਭਾਵ, ਜੋ ਮਾਇਆ ਦੀ ਖ਼ਾਤਰ ਮਨੁੱਖਾਂ ਨੂੰ ਜਾਨੋਂ ਮਾਰਨੋਂ ਭੀ ਸੰਕੋਚ ਨਾ ਕਰਨ)। (ਇਹ ਲੋਕ) ਧਰਤੀ ਪੁੱਟ ਕੇ ਦੋ ਚੁੱਲ੍ਹੇ ਬਣਾਉਂਦੇ ਹਨ, ਭਾਂਡੇ ਮਾਂਜ ਕੇ (ਚੁੱਲ੍ਹਿਆਂ) ਉੱਤੇ ਰੱਖਦੇ ਹਨ, (ਹੇਠਾਂ) ਲੱਕੜੀਆਂ ਧੋ ਕੇ ਬਾਲਦੇ ਹਨ (ਸੁੱਚ ਤਾਂ ਇਹੋ ਜਿਹੀ, ਪਰ ਕਰਤੂਤ ਇਹ ਹੈ ਕਿ) ਸਮੂਲਚੇ ਮਨੁੱਖ ਖਾ ਜਾਂਦੇ ਹਨ। ਇਹੋ ਜਿਹੇ ਮੰਦ-ਕਰਮੀ ਮਨੁੱਖ ਸਦਾ ਵਿਕਾਰਾਂ ਵਿਚ ਹੀ ਖਚਿਤ ਫਿਰਦੇ ਹਨ, ਉਂਜ ਮੂੰਹੋਂ ਅਖਵਾਂਦੇ ਹਨ ਕਿ ਅਸੀਂ ਮਾਇਆ ਦੇ ਨੇੜੇ ਨਹੀਂ ਛੋਂਹਦੇ। ਸਦਾ ਅਹੰਕਾਰ ਵਿਚ ਮੱਤੇ ਫਿਰਦੇ ਹਨ, (ਇਹ ਆਪ ਤਾਂ ਡੁੱਬੇ ਹੀ ਸਨ) ਸਾਰੇ ਸਾਥੀਆਂ ਨੂੰ ਭੀ (ਇਨ੍ਹਾਂ ਮੰਦ-ਕਰਮਾਂ ਵਿਚ) ਡੋਬਦੇ ਹਨ।

(ਅ) **ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥**
ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥

(ਵਾਰ ਮਲਾਰ ਮ: ੧, ਪੰਨਾ 1288)

ਅਰਥ : ਰਾਜੇ (ਮਾਨੋ) ਸ਼ੇਰ ਹਨ (ਉਨ੍ਹਾਂ ਦੇ, ਪੜ੍ਹੇ ਹੋਏ) ਅਹਿਲਕਾਰ (ਮਾਨੋ) ਕੁੱਤੇ ਹਨ, ਬੈਠੇ-ਸੁੱਤੇ ਬੰਦਿਆਂ ਨੂੰ (ਭਾਵ, ਵੇਲੇ ਕੁਵੇਲੇ) ਜਾ ਜਗਾਂਦੇ ਹਨ (ਭਾਵ, ਤੰਗ ਕਰਦੇ ਹਨ)। ਇਹ ਅਹਿਲਕਾਰ (ਮਾਨੋ ਸ਼ੇਰਾਂ ਦੀਆਂ) ਨਹੁੰਦਰਾਂ ਹਨ, ਜੋ (ਲੋਕਾਂ ਦਾ) ਘਾਤ ਕਰਦੀਆਂ ਹਨ, (ਰਾਜੇ-ਸ਼ੀਂਹ ਇਨ੍ਹਾਂ ਮੁਕੱਦਮ) ਕੁੱਤਿਆਂ ਦੀ ਰਾਹੀਂ (ਲੋਕਾਂ ਦਾ) ਲਹੂ ਪੀਂਦੇ ਹਨ।

ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਨਿੰਦਿਆ ਤੋਂ ਵਰਜਿਆ ਗਿਆ ਹੈ, ਨਾ ਕਿ ਸੱਚ ਬੋਲਣ ਤੋਂ। ਕਈ ਸੱਜਣਾਂ ਦਾ ਇਹ ਵੀ ਕਹਿਣਾ ਹੈ ਕਿ ਸਾਨੂੰ ਕੀ ਪਤਾ ਹੈ ਕਿ ਕੋਈ ਵਿਅਕਤੀ ਬਲਾਤਕਾਰੀ, ਪਾਖੰਡੀ, ਅਨਿਆਈਂ ਜਾਂ ਜ਼ੁਲਮ ਢਾਹੁਣ ਵਾਲਾ ਹੈ। ਇਸ ਵਿਚ ਇਤਨੀ ਕੁ ਹੀ ਬੇਨਤੀ ਹੈ ਕਿ ਇਹ ਠੀਕ ਹੈ ਜਿਸ ਬਾਰੇ ਮਨੁੱਖ ਪਾਸ ਕੋਈ ਜਾਣਕਾਰੀ ਨਹੀਂ, ਉਸ ਦੇ ਵਿਚ ਕੁਝ ਕਹਿਣਾ ਯੋਗ ਨਹੀਂ ਹੈ। ਪ੍ਰੰਤੂ ਜਿਹੜੇ ਪ੍ਰਾਣੀ ਸ਼ਰੇਆਮ ਮਨੁੱਖਤਾ ਨੂੰ ਗੁਮਰਾਹ ਕਰ ਰਹੇ ਹਨ, ਕਈਆਂ ਵੱਲੋਂ

ਆਪਣੇ ਮੂੰਹੋਂ ਆਪਣੇ ਗੁਨਾਹਾਂ ਨੂੰ ਕਬੂਲ ਵੀ ਕਰ ਲਿਆ ਗਿਆ ਹੈ, ਆਮ ਮਨੁੱਖ ਨੂੰ ਕਰਮ-ਕਾਂਡਾਂ ਵਿਚ ਉਲਝਾ ਕੇ ਸੱਚ ਦੀ ਜੀਵਨ-ਜੁਗਤਿ ਨਾਲੋਂ ਤੋੜ ਰਹੇ ਹਨ; ਕੀ ਇਨ੍ਹਾਂ ਬਾਰੇ ਕਿਸੇ ਹੋਰ ਪਾਸੋਂ ਸਰਟੀਫ਼ਿਕੇਟ ਲੈਣ ਦੀ ਲੋੜ ਰਹਿ ਜਾਂਦੀ ਹੈ ? ਕੀ ਅਜਿਹੇ ਵਿਅਕਤੀਆਂ ਦੇ ਅਜਿਹੇ ਕਾਰਨਾਮਿਆਂ ਤੋਂ ਨਿਖੇਧੀ ਕਰਨੀ ਜਾਂ ਉਨ੍ਹਾਂ ਨੂੰ ਜੱਗ ਜ਼ਾਹਰ ਕਰਨਾ ਨਿੰਦਿਆ ਹੈ ? ਨਹੀਂ, ਹਰਗਿਜ਼ ਨਹੀਂ। ਅਜਿਹੇ ਪਾਖੰਡੀਆਂ, ਬੇਈਮਾਨਾਂ, ਮਨੁੱਖਤਾ ਦੇ ਕਾਤਲਾਂ ਅਤੇ ਇਨਸਾਨੀਅਤ ਨੂੰ ਕਲੰਕਤ ਕਰਨ ਵਾਲਿਆਂ ਦੀ ਨਿਖੇਧੀ ਕਰਨ ਵਾਲਾ ਜਾਂ ਇਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਜੱਗ ਜ਼ਾਹਰ ਕਰਨ ਵਾਲਾ ਵਿਅਕਤੀ ਨਿੰਦਕ ਨਹੀਂ, ਸਗੋਂ ਮਨੁੱਖਤਾ ਦਾ ਸੱਚਾ ਹਮਦਰਦ ਅਤੇ ਇਨਸਾਨੀਅਤ ਦੀ ਸੇਵਾ ਕਰਨ ਵਾਲਾ ਹੈ। ਅਜਿਹੇ ਮਨੁੱਖ ਦੀ ਗਿਣਤੀ ਨਿੰਦਕਾਂ ਵਿਚ ਨਹੀਂ, ਸਗੋਂ ਸੱਚ ਬੋਲਣ ਵਾਲਿਆਂ ਵਿਚ ਹੈ।

ਗੁਰਬਾਣੀ ਦੀ ਜੀਵਨ-ਜੁਗਤਿ ਵਿਚ ਮਨੁੱਖ ਨੂੰ ਨਿੰਦਾ ਕਰਨ ਤੋਂ ਹੀ ਨਹੀਂ, ਸਗੋਂ ਨਿੰਦਾ ਸੁਣਨ ਤੋਂ ਵੀ ਵਰਜਿਆ ਗਿਆ ਹੈ :

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ ॥ *(ਗਉੜੀ ਸੁਖਮਨੀ ਮ: ੫, ਪੰਨਾ 268)*

ਅਰਥ : (ਮਨੁੱਖ ਦੇ) ਕੰਨ ਵਿਅਰਥ ਹਨ (ਜੇ ਉਹ) ਪਰਾਈ ਨਿੰਦਿਆ ਸੁਣਦੇ ਹਨ।

ਭਾਈ ਗੁਰਦਾਸ ਜੀ ਗੁਰਸਿੱਖਾਂ ਦੀ ਰਹਿਣੀ ਦੇ ਦੂਜੇ ਗੁਣਾਂ ਨਾਲ ਇਸ ਦੈਵੀ ਗੁਣ ਦਾ ਵੀ ਜ਼ਿਕਰ ਕਰਦੇ ਹੋਏ ਲਿਖਦੇ ਹਨ :

ਹਉ ਤਿਸੁ ਘੋਲਿ ਘੁਮਾਇਆ ਪਰਨਿੰਦਾ ਸੁਣਿ ਆਪੁ ਹਟਾਵੈ।

(ਵਾਰ 12, ਪਉੜੀ 4)

ਸੋ, ਗੱਲ ਕੀ, ਗੁਰਬਾਣੀ ਦੀ ਜੀਵਨ-ਜੁਗਤਿ ਵਿਚ ਨਿੰਦਾ ਨੂੰ ਭਿਆਨਕ ਆਤਮਿਕ ਰੋਗ ਕਰਾਰ ਦੇਂਦਿਆਂ, ਮਨੁੱਖ ਨੂੰ ਇਸ ਰੋਗ ਤੋਂ ਬਚਣ ਲਈ ਕਿਹਾ ਗਿਆ ਹੈ। ਇਸ ਲਈ ਸਾਨੂੰ ਨਿੰਦਾ ਤੋਂ ਜ਼ਰੂਰ ਗੁਰੇਜ਼ ਕਰਨ ਦੀ ਲੋੜ ਹੈ, ਪਰ ਸੱਚ ਤੋਂ ਨਹੀਂ। ਗੁਰਮਤਿ ਨੇ ਬਦੀ ਦੀਆਂ ਤਾਕਤਾਂ ਨੂੰ ਜੱਗ ਜ਼ਾਹਰ ਕਰਨ ਨੂੰ ਨਿੰਦਾ ਨਹੀਂ, ਬਲਕਿ ਮਨੁੱਖਤਾ ਦੀ ਸੇਵਾ ਦੇ ਰੂਪ ਵਿਚ ਪ੍ਰਵਾਨ ਕਰ ਕੇ ਮਨੁੱਖ ਨੂੰ ਸੱਚ ਬੋਲਣ ਲਈ ਉਤਸ਼ਾਹਿਤ ਕੀਤਾ ਗਿਆ ਹੈ। ਮਨੁੱਖਤਾ ਦੀ ਤਨੋਂ ਮਨੋਂ ਸੇਵਾ ਕਰਨ ਵਾਲਿਆਂ ਨੂੰ ਹਰੇਕ ਤਰ੍ਹਾਂ ਦਾ ਸਹਿਯੋਗ ਦੇਣ ਦੀ ਲੋੜ ਹੈ ਅਤੇ ਇਨਸਾਨੀਅਤ ਦੇ ਦੁਸ਼ਮਨਾਂ ਤੋਂ ਜਨ-ਸਾਧਾਰਨ ਨੂੰ ਸੁਚੇਤ ਕਰ ਕੇ ਅਜਿਹੇ ਪਾਖੰਡੀਆਂ ਦੇ ਚੁੰਗਲ ਤੋਂ ਬਚਾਉਣ ਦੀ ਜ਼ਰੂਰਤ ਹੈ। ਅਜਿਹਾ ਉੱਦਮ ਵੀ ਇਨਸਾਨੀਅਤ ਦੀ ਸੇਵਾ ਦਾ ਇਕ ਅਟੁੱਟ ਅੰਗ ਹੈ।

[*ਨੋਟ :* ਕਿਸੇ ਮਨੁੱਖ ਦੇ ਦੋਸ਼ਾਂ ਨੂੰ ਨਸ਼ਰ ਕਰ ਕੇ ਜਨ-ਸਾਧਾਰਨ ਨੂੰ ਉਸ ਤੋਂ ਸੁਚੇਤ ਕਰਨ ਨੂੰ ਪਰਿਵਾਦ ਕਿਹਾ ਜਾਂਦਾ ਹੈ। ਪਰ ਨਿੰਦਾ ਵਿਚ ਕਿਸੇ ਦੇ ਗੁਣਾਂ ਨੂੰ ਔਗੁਣ ਦੱਸ ਕੇ ਉਸ ਦੀ ਬਦਨਾਮੀ ਕਰਨ ਦਾ ਭਾਵ ਹੁੰਦਾ ਹੈ। ਨਿੰਦਾ ਅਤੇ ਪਰਿਵਾਦ ਵਿਚ ਇਹ ਹੀ ਬੁਨਿਆਦੀ ਭੇਦ ਹੈ। ਇਸ ਲਈ ਕੂੜ ਤੇ ਦੰਭ ਨੂੰ ਨੰਗਾ ਕਰਨਾ ਨਿੰਦਾ ਨਹੀਂ, ਸਿਰਜਣਾਤਮਕ ਆਲੋਚਨਾ ਹੈ। ਅਜਿਹੀ ਆਲੋਚਨਾ ਤੋਂ ਬਿਨਾਂ ਸਮਾਜ ਵਿਚ ਸੁਧਾਰ ਨਹੀਂ ਲਿਆਂਦਾ ਜਾ ਸਕਦਾ।]

ਖ਼ੁਸ਼ਾਮਦ

'ਨਿੰਦਾ' ਦਾ ਵਿਪਰੀਤ ਸ਼ਬਦ 'ਖ਼ੁਸ਼ਾਮਦ' ਹੈ। ਨਿੰਦਾ ਵਿਚ ਮਨੁੱਖ ਦੂਜਿਆਂ ਦੇ ਗੁਣਾਂ ਨੂੰ ਛੁਟਿਆ ਕੇ ਪੇਸ਼ ਕਰਦਾ ਹੈ, ਜਦਕਿ ਖ਼ੁਸ਼ਾਮਦ ਵਿਚ ਮਨੁੱਖ ਦੂਜਿਆਂ ਦੇ ਔਗੁਣਾਂ ਨੂੰ ਗੁਣਾਂ ਵਿਚ ਪਰਿਵਰਤਨ ਕਰ ਕੇ ਦਰਸਾਉਂਦਾ ਹੈ। ਆਮ ਤੌਰ 'ਤੇ ਨਿੰਦਾ ਮਨੁੱਖ ਈਰਖਾ ਆਦਿ ਦੇ ਵੱਸ ਹੋ ਕੇ ਕਰਦਾ ਹੈ ਪਰ ਖ਼ੁਸ਼ਾਮਦ ਦੂਜਿਆਂ ਤੋਂ ਕੁਝ ਲੈਣ ਦੀ ਭਾਵਨਾ ਨਾਲ ਜਾਂ ਭੈਅ ਕਾਰਨ ਕਰਦਾ ਹੈ। ਇਸ ਲਈ ਹੀ ਖ਼ੁਸ਼ਾਮਦ ਮਨੁੱਖ ਉਨ੍ਹਾਂ ਦੀ ਕਰਦਾ ਹੈ ਜਿਨ੍ਹਾਂ ਤੋਂ ਇਸ ਨੂੰ ਕੁਝ ਮਿਲਣ ਦੀ ਆਸ ਹੈ ਜਾਂ ਉਨ੍ਹਾਂ ਤੋਂ ਭੈ-ਭੀਤ ਹੈ। ਨਿੰਦਾ ਆਮ ਤੌਰ 'ਤੇ ਮਨੁੱਖ ਦੀ ਪਿੱਠ ਪਿੱਛੇ ਕੀਤੀ ਜਾਂਦੀ ਹੈ ਅਤੇ ਖ਼ੁਸ਼ਾਮਦ ਮਨੁੱਖ ਦੇ ਮੂੰਹ 'ਤੇ। ਪਰ ਅਜੋਕੇ ਯੁਗ ਵਿਚ ਨਿੰਦਾ ਅਤੇ ਖ਼ੁਸ਼ਾਮਦ ਲਈ ਪ੍ਰਿੰਟ-ਮੀਡੀਏ ਅਤੇ ਇਲੈਕਟ੍ਰੋਨਿਕ-ਮੀਡੀਏ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਖ਼ੁਸ਼ਾਮਦ ਦੇ ਹੀ ਸਮਾਨਾਰਥਕ ਸ਼ਬਦ ਚਾਪਲੂਸੀ, ਝੋਲੀ-ਚੁੱਕ, ਚਮਚਾਗਿਰੀ, ਟੋਡੀ ਹਨ।

ਗੁਰੂ ਗ੍ਰੰਥ ਸਾਹਿਬ ਵਿਚ 'ਖ਼ੁਸ਼ਾਮਦ' ਸ਼ਬਦ ਦੀ ਥਾਂ 'ਉਸਤਤਿ' ਸ਼ਬਦ ਆਇਆ ਹੈ। ਗੁਰਬਾਣੀ ਵਿਚ ਜਿੱਥੇ ਵੀ 'ਨਿੰਦਾ' ਸ਼ਬਦ ਦੇ ਨਾਲ 'ਉਸਤਤਿ' ਸ਼ਬਦ ਆਇਆ ਹੈ, ਉਥੇ ਉਸਤਤਿ ਤੋਂ ਭਾਵ ਖ਼ੁਸ਼ਾਮਦ ਤੋਂ ਹੀ ਹੈ। ਗੁਰਬਾਣੀ ਦੀ ਜੀਵਨ-ਜੁਗਤਿ ਵਿਚ ਜਿੱਥੇ ਮਨੁੱਖ ਨੂੰ ਨਿੰਦਾ ਤੋਂ ਵਰਜਿਆ ਹੈ, ਉਥੇ ਨਾਲ ਹੀ ਖ਼ੁਸ਼ਾਮਦ ਤੋਂ ਵੀ ਵਰਜਿਆ ਹੈ। ਗੁਰਬਾਣੀ ਦੇ ਨਿਮਨ-ਲਿਖਤ ਫ਼ੁਰਮਾਨਾਂ ਵਿੱਚੋਂ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

(ੳ) **ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਭਿਮਾਨਾ॥**

(ਕੇਦਾਰਾ ਕਬੀਰ ਜੀ, ਪੰਨਾ 1123)

ਅਰਥ: ਹੇ ਭਾਈ! ਕਿਸੇ ਮਨੁੱਖ ਦੀ ਖ਼ੁਸ਼ਾਮਦ ਕਰਨੀ ਜਾਂ ਕਿਸੇ ਦੀ ਨਿੰਦਾ ਕਰਨੀ ਇਹ ਦੋਵੇਂ ਕੰਮ ਮਾੜੇ ਹਨ। (ਇਹ ਖ਼ਿਆਲ ਭੀ) ਛੱਡ ਦਿਉ (ਕਿ ਕੋਈ ਤੁਹਾਡਾ) ਆਦਰ (ਕਰਦਾ ਹੈ ਜਾਂ ਕੋਈ) ਆਕੜ (ਵਿਖਾਉਂਦਾ ਹੈ)।

(ਅ) **ਉਸਤਤਿ ਨਿੰਦਾ ਨਾਨਕ ਜੀ ਮੈ ਹਭ ਵਞਾਈ ਛੋੜਿਆ ਹਭੁ ਕਿਝੁ ਤਿਆਗੀ॥**
ਹਭੇ ਸਾਕ ਕੂੜਾਵੇ ਡਿਠੇ ਤਉ ਪਲੈ ਤੈਡੈ ਲਾਗੀ॥

(ਵਾਰ ਰਾਮਕਲੀ ਮਹਲਾ ੫, ਪੰਨਾ 963)

ਅਰਥ: ਹੇ ਨਾਨਕ! (ਆਖ—ਹੇ ਪ੍ਰਭੂ) ਜੀ! ਕਿਸੇ ਨੂੰ ਚੰਗਾ ਤੇ ਕਿਸੇ ਨੂੰ ਮੰਦਾ ਆਖਣਾ—ਇਹ ਮੈਂ ਸਭ ਕੁਝ ਛੱਡ ਦਿੱਤਾ ਹੈ, ਤਿਆਗ ਦਿੱਤਾ ਹੈ; ਮੈਂ ਵੇਖ ਲਿਆ

ਹੈ ਕਿ (ਦੁਨੀਆਂ ਦੇ) ਸਾਰੇ ਸਾਕ ਝੂਠੇ ਹਨ (ਭਾਵ, ਕੋਈ ਤੋੜ ਨਿਭਣ ਵਾਲਾ ਨਹੀਂ), ਇਸ ਲਈ (ਹੇ ਪ੍ਰਭੂ!) ਮੈਂ ਤੇਰੇ ਲੜ ਆ ਲੱਗੀ ਹਾਂ।

ਪ੍ਰਭੂ ਨਾਲ ਅਭੇਦ ਹੋਏ ਮਨੁੱਖ ਦੇ ਲੱਛਣ ਦਰਸਾਉਂਦਿਆਂ ਗੁਰਦੇਵ ਨੇ ਜਿੱਥੇ ਇਹ ਫ਼ੁਰਮਾਇਆ ਹੈ ਕਿ ਉਹ ਮਨੁੱਖ ਦੁੱਖਾਂ ਵਿਚ ਘਬਰਾਉਂਦਾ ਨਹੀਂ, ਸੁੱਖਾਂ ਨਾਲ ਉਸ ਦਾ ਮੋਹ ਨਹੀਂ ਹੁੰਦਾ, ਉਸ ਦੇ ਮਨ ਵਿਚ ਕਿਸੇ ਕਿਸਮ ਦਾ ਡਰ ਨਹੀਂ ਹੁੰਦਾ, ਸੋਨੇ ਨੂੰ ਉਹ ਮਿੱਟੀ ਸਮਾਨ ਸਮਝਦਾ ਹੈ, ਉਸ ਦੇ ਮਨ ਵਿਚ ਲੋਭ, ਮੋਹ, ਅਹੰਕਾਰ ਨਹੀਂ ਹੁੰਦਾ, ਨਾ ਹੀ ਉਸ ਨੂੰ ਆਦਰ ਪੋਂਹਦਾ ਹੈ ਅਤੇ ਨਾ ਹੀ ਨਿਰਾਦਰ, ਉਹ ਦੁਨਿਆਵੀ ਆਸਾਂ ਉਮੀਦਾਂ ਦਾ ਤਿਆਗ ਕਰ ਕੇ ਸੰਸਾਰ ਤੋਂ ਨਿਰਮੋਹ ਰਹਿੰਦਾ ਹੈ, ਉਸ ਨੂੰ ਨਾ ਕਾਮ-ਵਾਸ਼ਨਾ ਛੂੰਹਦੀ ਹੈ ਅਤੇ ਨਾ ਹੀ ਕ੍ਰੋਧ; ਉਥੇ ਹਜ਼ੂਰ ਨੇ ਨਿੰਦਾ ਅਤੇ ਖ਼ੁਸ਼ਾਮਦ ਦਾ ਵੀ ਵਰਣਨ ਕਰਦਿਆਂ ਕਿਹਾ ਹੈ ਕਿ ਉਹ ਮਨੁੱਖ ਨਾ ਤਾਂ ਕਿਸੇ ਦੀ ਨਿੰਦਿਆ ਕਰਦਾ ਹੈ ਅਤੇ ਨਾ ਹੀ ਕਿਸੇ ਦੀ ਖ਼ੁਸ਼ਾਮਦ:

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥੧॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥੨॥
ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥

(ਸੋਰਠਿ ਮਹਲਾ ੯, ਪੰਨਾ 633)

ਗੁਰਬਾਣੀ ਵਿਚ ਜਿਸ ਤਰ੍ਹਾਂ ਨਿੰਦਾ ਨੂੰ ਆਤਮਿਕ ਰੋਗ ਆਖਿਆ ਹੈ, ਉਸੇ ਤਰ੍ਹਾਂ ਖ਼ੁਸ਼ਾਮਦ ਨੂੰ ਵੀ ਆਤਮਿਕ ਰੋਗ ਕਿਹਾ ਗਿਆ ਹੈ। ਜਿਵੇਂ ਨਿੰਦਾ ਨੂੰ ਮਨੁੱਖ ਦੀ ਆਤਮਿਕ ਕਮਜ਼ੋਰੀ ਦਾ ਪ੍ਰਤੀਕ ਮੰਨਿਆ ਹੈ, ਉਸੇ ਤਰ੍ਹਾਂ ਹੀ ਖ਼ੁਸ਼ਾਮਦ ਨੂੰ ਵੀ ਆਤਮਿਕ ਕਮਜ਼ੋਰੀ ਦਾ ਹੀ ਲਖਾਇਕ ਮੰਨਿਆ ਗਿਆ ਹੈ। ਇਸ ਲਈ ਖ਼ੁਸ਼ਾਮਦੀ ਮਨੁੱਖ ਦੀ ਗਿਣਤੀ ਗੁਰਮੁਖਾਂ ਵਿਚ ਨਹੀਂ, ਬਲਕਿ ਮਨਮੁਖਾਂ ਵਿਚ ਹੀ ਕੀਤੀ ਗਈ ਹੈ। ਇਸ ਕਰਕੇ ਹੀ ਗੁਰਬਾਣੀ ਦੀ ਜੀਵਨ-ਜੁਗਤਿ ਵਿਚ ਜਿੱਥੇ ਮਨੁੱਖ ਨੂੰ ਨਿੰਦਾ ਕਰਨ ਤੋਂ ਵਰਜਿਆ ਹੈ, ਉਥੇ ਖ਼ੁਸ਼ਾਮਦ ਤੋਂ ਵੀ ਹੋੜਿਆ ਹੈ:

ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ ॥

(ਬਸੰਤੁ ਮਹਲਾ ੯, ਪੰਨਾ 1186)

ਅਰਥ: ਹੇ ਭਾਈ! ਕਿਸੇ ਦੀ ਖ਼ੁਸ਼ਾਮਦ ਕਿਸੇ ਦੀ ਨਿੰਦਿਆ—ਇਹ ਦੋਵੇਂ ਕੰਮ ਛੱਡ ਦੇ। ਸਿਰਫ਼ ਪਰਮਾਤਮਾ ਦੀ ਸਿਫ਼ਤਿ-ਸਾਲਾਹ (ਆਪਣੇ) ਹਿਰਦੇ ਵਿਚ ਵਸਾਓ। (ਭਾਵ ਸੱਚ ਦੇ ਦਾਮਨ ਨੂੰ ਹੀ ਘੁੱਟ ਕੇ ਫੜ; ਨਾ ਤਾਂ ਕਿਸੇ ਦੇ ਗੁਣਾਂ ਨੂੰ ਅਉਗੁਣਾਂ ਵਿਚ ਤਬਦੀਲ ਕਰ ਕੇ ਆਖ ਅਤੇ ਨਾ ਹੀ ਕਿਸੇ ਦੇ ਅਉਗੁਣਾਂ ਨੂੰ ਗੁਣ ਆਖ ਕੇ ਵਡਿਆ।)

ਗੁਰਬਾਣੀ ਵਿਚ ਖ਼ੁਸ਼ਾਮਦ ਲਈ 'ਸਲਾਹੇ' ਸ਼ਬਦ ਵੀ ਆਇਆ ਹੈ:

ਚੋਰੁ ਸਲਾਹੇ ਚੀਤੁ ਨ ਭੀਜੈ ॥ *(ਧਨਾਸਰੀ ਮਹਲਾ ੧, ਪੰਨਾ 662)*

ਅਰਥ: ਜੇ ਕੋਈ ਚੋਰ (ਉਸ ਹਾਕਮ ਦੀ ਜਿਸ ਦੇ ਸਾਹਮਣੇ ਉਸ ਦਾ ਮੁਕੱਦਮਾ ਪੇਸ਼ ਹੈ) ਖ਼ੁਸ਼ਾਮਦ ਕਰੇ, ਤਾਂ ਉਸ ਨੂੰ (ਇਹ) ਯਕੀਨ ਨਹੀਂ ਬਣ ਸਕਦਾ (ਕਿ ਇਹ ਸੱਚਾ ਹੈ)।

ਕਈ ਸੱਜਣ ਸੱਚ ਅਤੇ ਖ਼ੁਸ਼ਾਮਦ ਨੂੰ ਰਲਗੱਡ ਕਰ ਦੇਂਦੇ ਹਨ। ਕਿਸੇ ਮਨੁੱਖ ਦੀਆਂ ਖ਼ੂਬੀਆਂ ਦੀ ਚਰਚਾ ਕਰਦਿਆਂ ਹੋਇਆਂ ਉਸ ਨੂੰ ਵਡਿਆਉਣਾ ਜਾਂ ਸ਼ਾਬਾਸ਼ ਦੇਣੀ ਖ਼ੁਸ਼ਾਮਦ ਨਹੀਂ ਹੈ। ਇਹ ਤਾਂ ਨਿਰੋਲ ਸੱਚ ਨੂੰ ਪ੍ਰਗਟਾਉਣਾ ਹੈ। ਇਸ ਸੱਚ ਨੂੰ ਪ੍ਰਗਟ ਕਰ ਕੇ ਦੂਜਿਆਂ ਨੂੰ ਵੀ ਚੰਗੇ ਕੰਮਾਂ ਲਈ ਉਤਸ਼ਾਹਿਤ ਕਰਨਾ ਹੈ। ਇਸ ਲਈ ਗੁਰਬਾਣੀ ਵਿਚ ਗੁਰਮੁਖ ਦੀ ਕਾਰਜ ਸ਼ੈਲੀ ਨੂੰ ਹਰ ਪੱਖੋਂ ਸਾਲਾਹਿਆ ਗਿਆ ਹੈ। ਗੁਰਬਾਣੀ ਦੇ ਨਿਮਨ-ਲਿਖਤ ਫ਼ੁਰਮਾਨ ਵਿਚ ਗੁਰਮਤਿ ਦੇ ਇਸ ਪੱਖ ਨੂੰ ਦੇਖਿਆ ਜਾ ਸਕਦਾ ਹੈ:

ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥ *(ਵਾਰ ਵਡਹੰਸ ਮਹਲਾ ੪, ਪੰਨਾ 593)*

ਅਰਥ: ਉਸ ਗੁਰਸਿੱਖ ਨੂੰ ਧੰਨ ਧੰਨ ਆਖਣਾ ਚਾਹੀਦਾ ਹੈ, ਜੋ ਆਪਣੇ ਸਤਿਗੁਰੂ ਦੀ ਚਰਨੀਂ ਜਾ ਲੱਗਦਾ ਹੈ, ਉਸ ਗੁਰਸਿੱਖ ਨੂੰ ਧੰਨ ਧੰਨ ਆਖਣਾ ਚਾਹੀਦਾ ਹੈ, ਜਿਸ ਨੇ ਮੂੰਹੋਂ ਹਰੀ ਦਾ ਨਾਮ ਉਚਾਰਿਆ ਹੈ। ਉਸ ਗੁਰਸਿੱਖ ਨੂੰ ਧੰਨ ਧੰਨ ਆਖਣਾ ਚਾਹੀਦਾ ਹੈ, ਜਿਸ ਦੇ ਮਨ ਵਿਚ ਹਰੀ ਦਾ ਨਾਮ ਸੁਣ ਕੇ ਚਾਅ ਪੈਦਾ ਹੁੰਦਾ ਹੈ, ਉਸ ਗੁਰਸਿੱਖ ਨੂੰ ਧੰਨ ਧੰਨ ਆਖਣਾ ਚਾਹੀਦਾ ਹੈ, ਜਿਸ ਨੇ ਸਤਿਗੁਰੂ ਦੀ ਸੇਵਾ ਕਰ ਕੇ ਪਰਮਾਤਮਾ ਦਾ ਨਾਮ ਲੱਭਾ ਹੈ। ਮੈਂ ਸਦਾ ਉਸ ਗੁਰਸਿੱਖ ਅੱਗੇ ਆਪਣਾ ਸਿਰ ਨਿਵਾਉਂਦਾ ਹਾਂ, ਜੋ ਗੁਰਸਿੱਖ ਸਤਿਗੁਰੂ ਦੇ ਭਾਣੇ ਵਿਚ ਚੱਲਦਾ ਹੈ।

ਕਈ ਸੱਜਣ ਕਿਸੇ ਮਨੁੱਖ ਦੇ ਚੰਗੇ ਕੰਮਾਂ ਦੀ ਪ੍ਰਸੰਸਾ ਕਰਨ ਨੂੰ ਯੋਗ ਨਹੀਂ ਸਮਝਦੇ; ਇਸ ਦੀ ਪੁਸ਼ਟੀ ਵਜੋਂ ਅਜਿਹੇ ਸੱਜਣ ਗੁਰਬਾਣੀ ਦੀ ਇਸ ਪੰਗਤੀ ਦਾ ਪ੍ਰਮਾਣ ਦੇਂਦੇ ਹਨ:

ਸੁਣਿਐ ਮੁਖਿ ਸਾਲਾਹਣ ਮੰਦੁ ॥ *(ਜਪੁ ਜੀ, ਪੰਨਾ 2)*

ਪਰ ਇਸ ਪੰਗਤੀ ਦਾ ਅਜਿਹਾ ਭਾਵ ਨਹੀਂ ਹੈ। ਇਸ ਤੁੱਕ ਵਿਚ ਤਾਂ ਗੁਰੂ ਨਾਨਕ ਸਾਹਿਬ ਇਹ ਫ਼ੁਰਮਾ ਰਹੇ ਹਨ ਕਿ ਪ੍ਰਭੂ ਦਾ ਨਾਮ ਸੁਣਨ ਨਾਲ ਮਾੜੇ ਮਨੁੱਖ ਵੀ ਚੰਗੇ ਬਣ ਜਾਂਦੇ ਹਨ। ਜੇਕਰ ਅਸੀਂ ਜਪੁ ਜੀ ਦੀ ਜਿਸ ਪਉੜੀ ਦੀ ਇਹ ਪੰਗਤੀ

ਹੈ, ਉਸ ਨੂੰ ਧਿਆਨ ਨਾਲ ਪੜ੍ਹਾਂਗੇ ਤਾਂ ਇਸ ਭਾਵ ਨੂੰ ਚੰਗੀ ਤਰ੍ਹਾਂ ਸਮਝ ਸਕਾਂਗੇ। ਪੂਰੀ ਪਉੜੀ ਇਸ ਤਰ੍ਹਾਂ ਹੈ:

ਸੁਣਿਐ ਈਸਰੁ ਬਰਮਾ ਇੰਦੁ॥ ਸੁਣਿਐ ਮੁਖਿ ਸਾਲਾਹਣ ਮੰਦੁ॥
ਸੁਣਿਐ ਜੋਗ ਜੁਗਤਿ ਤਨਿ ਭੇਦ॥ ਸੁਣਿਐ ਸਾਸਤ ਸਿਮ੍ਰਿਤਿ ਵੇਦ॥
ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥

(ਜਪੁ ਜੀ, ਪੰਨਾ 2)

ਅਰਥ : ਹੇ ਨਾਨਕ! (ਨਾਮ ਨਾਲ ਪ੍ਰੀਤ ਕਰਨ ਵਾਲੇ) ਭਗਤ ਜਨਾਂ ਦੇ ਹਿਰਦੇ ਵਿਚ ਸਦਾ ਖਿੜਾਉ ਬਣਿਆ ਰਹਿੰਦਾ ਹੈ; (ਕਿਉਂਕਿ) ਰੱਬ ਦੀ ਸਿਫ਼ਤਿ-ਸਾਲਾਹ ਸੁਣਨ ਕਰਕੇ (ਮਨੁੱਖ ਦੇ) ਦੁਖਾਂ ਤੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਅਕਾਲ ਪੁਰਖ ਦੇ ਨਾਮ ਵਿਚ ਸੁਰਤ ਜੋੜਨ ਦਾ ਸਦਕਾ ਸਾਧਾਰਨ ਮਨੁੱਖ ਸ਼ਿਵ, ਬ੍ਰਹਮਾ ਤੇ ਇੰਦਰ ਦੀ ਪਦਵੀ 'ਤੇ ਅੱਪੜ ਜਾਂਦਾ ਹੈ, ਮੰਦਾ ਮਨੁੱਖ ਭੀ ਮੂੰਹੋਂ ਰੱਬ ਦੀਆਂ ਸਿਫ਼ਤਾਂ ਕਰਨ ਲੱਗ ਪੈਂਦਾ ਹੈ, (ਸਾਧਾਰਨ ਬੁੱਧ ਵਾਲੇ ਨੂੰ ਭੀ) ਸਰੀਰ ਵਿਚ ਦੀਆਂ ਗੁੱਝੀਆਂ ਗੱਲਾਂ, (ਭਾਵ ਅੱਖਾਂ, ਕੰਨ, ਜੀਭ ਆਦਿਕ ਇੰਦਰੀਆਂ ਦੇ ਚਾਲਿਆਂ ਤੇ ਵਿਕਾਰ ਆਦਿਕਾਂ ਵੱਲ ਦੌੜ-ਭੱਜ) ਦੇ ਭੇਦ ਦਾ ਪਤਾ ਲੱਗ ਜਾਂਦਾ ਹੈ, ਪ੍ਰਭੂ-ਮੇਲ ਦੀ ਜੁਗਤੀ ਦੀ ਸਮਝ ਪੈ ਜਾਂਦੀ ਹੈ, ਸ਼ਾਸਤ੍ਰਾਂ ਸਿੰਮ੍ਰਿਤੀਆਂ ਤੇ ਵੇਦਾਂ ਦੀ ਸਮਝ ਪੈ ਜਾਂਦੀ ਹੈ (ਭਾਵ ਧਾਰਮਿਕ ਪੁਸਤਕਾਂ ਦਾ ਅਸਲ ਉੱਚਾ ਨਿਸ਼ਾਨਾ ਤਦੋਂ ਸਮਝ ਪੈਂਦਾ ਹੈ, ਜਦੋਂ ਅਸੀਂ ਨਾਮ ਵਿਚ ਸੁਰਤਿ ਜੋੜਦੇ ਹਾਂ, ਨਹੀਂ ਤਾਂ ਨਿਰੇ ਲਫ਼ਜ਼ਾਂ ਨੂੰ ਹੀ ਪੜ੍ਹ ਛੱਡਦੇ ਹਾਂ, ਉਸ ਅਸਲੀ ਜਜ਼ਬੇ ਵਿਚ ਨਹੀਂ ਪਹੁੰਚਦੇ, ਜਿਸ ਜਜ਼ਬੇ ਵਿਚ ਅਪੜ ਕੇ ਉਹ ਧਾਰਮਿਕ ਪੁਸਤਕਾਂ ਉਚਾਰੀਆਂ ਹੁੰਦੀਆਂ ਹਨ)।

ਇਹ ਸੱਚ ਹੈ ਕਿ ਗੁਰਬਾਣੀ ਵਿਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਜਿਹੜੇ ਪ੍ਰਭੂ ਨਾਲ ਅਭੇਦ ਹਨ, ਉਨ੍ਹਾਂ ਨੂੰ ਨਾ ਤਾਂ ਨਿੰਦਾ ਦਾ ਡਰ ਹੈ ਅਤੇ ਨਾ ਹੀ ਉਹ ਆਪਣੀ ਪ੍ਰਸੰਸਾ ਸੁਣਨ ਦੇ ਚਾਹਵਾਨ ਹਨ:

(ੳ) **ਮਰੁ ਮੁਇਆ ਸਬਦੇ ਮਰਿ ਜਾਇ॥**
ਉਸਤਤਿ ਨਿੰਦਾ ਗੁਰਿ ਸਮ ਜਾਣਾਈ
ਇਸੁ ਜੁਗ ਮਹਿ ਲਾਹਾ ਹਰਿ ਜਪਿ ਲੈ ਜਾਇ॥ *(ਆਸਾ ਮਹਲਾ ੩, ਪੰਨਾ 362)*

ਅਰਥ : ਕੋਈ ਚੰਗਾ ਆਖੇ, ਕੋਈ ਮੰਦਾ ਆਖੇ, ਇਸ ਨੂੰ ਇੱਕੋ ਜਿਹਾ ਸਹਾਰਨਾ—ਗੁਰੂ ਨੇ ਜਿਸ ਮਨੁੱਖ ਨੂੰ ਇਹ ਸੂਝ ਬਖ਼ਸ਼ ਦਿੱਤੀ ਹੈ, ਉਹ ਮਨੁੱਖ ਇਸ ਜੀਵਨ ਵਿਚ ਪਰਮਾਤਮਾ ਦਾ ਨਾਮ ਜਪ ਕੇ (ਜਗਤ ਤੋਂ) ਖੱਟੀ ਖੱਟ ਕੇ ਜਾਂਦਾ ਹੈ, ਉਹ ਮਨੁੱਖ (ਮਾਇਆ ਦੇ ਮੋਹ ਵੱਲੋਂ) ਸੁਰਖ਼ਰੂਈ ਮੌਤ ਮਰਦਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ (ਮੋਹ ਵੱਲੋਂ) ਉਹ ਅਛੋਹ ਰਹਿੰਦਾ ਹੈ।

(ਅ) **ਉਸਤਤਿ ਨਿੰਦਾ ਕਰੈ ਨਰੁ ਕੋਈ॥ ਨਾਮੇ ਸ੍ਰੀਰੰਗੁ ਭੇਟਲ ਸੋਈ॥**

(ਭੈਰਉ ਨਾਮਦੇਉ ਜੀਉ, ਪੰਨਾ 1164)

ਅਰਥ : ਕੋਈ ਮਨੁੱਖ ਮੈਨੂੰ ਚੰਗਾ ਆਖੇ, ਚਾਹੇ ਕੋਈ ਮੰਦਾ ਆਖੇ (ਇਸ ਗੱਲ

ਦੀ ਮੈਨੂੰ ਪ੍ਰਵਾਹ ਨਹੀਂ ਰਹੀ), ਮੈਨੂੰ ਨਾਮੇ ਨੂੰ (ਲਛਮੀ ਦਾ ਪਤੀ) ਪਰਮਾਤਮਾ ਮਿਲ ਪਿਆ ਹੈ।

ਇਸ ਲਈ ਅਜਿਹੇ ਪ੍ਰਾਣੀਆਂ ਦੀ ਉਸਤਤਿ ਇਸ ਲਈ ਨਹੀਂ ਕਰਨੀ ਹੈ ਕਿ ਉਨ੍ਹਾਂ ਨੂੰ ਇਸ ਦੀ ਲੋੜ ਹੈ, ਬਲਕਿ ਇਸ ਲਈ ਕਰਨੀ ਹੈ ਕਿ ਅਜਿਹੇ ਪ੍ਰਾਣੀਆਂ ਦੀ ਉਸਤਤਿ ਦੂਜਿਆਂ ਨੂੰ ਉਨ੍ਹਾਂ ਤੋਂ ਯੋਗ ਲਾਭ ਉਠਾਉਣ ਦੇ ਨਾਲ ਆਮ ਮਨੁੱਖ ਨੂੰ ਚੰਗੇ ਕੰਮਾਂ ਲਈ ਉਤਸ਼ਾਹਿਤ ਕਰਨ ਵਿਚ ਵੀ ਸਹਾਇਕ ਹੈ। ਇਸ ਲਈ ਅਜਿਹਾ ਕਰਨਾ ਕਈ ਹਾਲਤਾਂ ਵਿਚ ਜ਼ਰੂਰੀ ਹੋ ਜਾਂਦਾ ਹੈ। ਇਸ ਤਾਰੀਫ਼ ਨੂੰ ਆਤਮਿਕ ਕਮਜ਼ੋਰੀ ਦੇ ਰੂਪ ਵਿਚ ਦੇਖਣਾ ਯੋਗ ਨਹੀਂ ਹੈ।

ਧਿਆਨ ਰਹੇ ਕਿ ਕਿਸੇ ਪ੍ਰਾਣੀ ਨੂੰ ਚੰਗੇ ਕੰਮ ਲਈ ਹੱਲਾ-ਸ਼ੇਰੀ ਦੇਣੀ ਅਥਵਾ ਉਸ ਦੀ ਕਿਸੇ ਖ਼ਾਮੀ ਨੂੰ ਨਜ਼ਰ-ਅੰਦਾਜ਼ ਕਰ ਕੇ, ਉਸ ਨੂੰ ਉਸ ਕੰਮ ਲਈ ਉਤਸ਼ਾਹਿਤ ਕਰਨਾ ਖ਼ੁਸ਼ਾਮਦ ਨਹੀਂ ਹੈ। ਇਸ ਤਰ੍ਹਾਂ ਦੀ ਹੌਸਲਾ-ਅਫ਼ਜ਼ਾਈ ਕਰਨ ਪਿੱਛੇ ਮਨੁੱਖ ਦੀ ਨੀਅਤ ਵਿਚ ਕਿਸੇ ਤਰ੍ਹਾਂ ਦੇ ਡਰ ਜਾਂ ਸਵਾਰਥ ਦੀ ਭਾਵਨਾ ਨਹੀਂ ਹੁੰਦੀ। ਅਜਿਹੀ ਪ੍ਰਸੰਸਾ ਦਾ ਮਨੋਰਥ ਕਿਸੇ ਮਨੁੱਖ ਨੂੰ ਚੰਗੇ ਕੰਮ ਲਈ ਉਤਸ਼ਾਹਿਤ ਕਰਨ ਦੀ ਭਾਵਨਾ ਹੁੰਦੀ ਹੈ, ਤਾਂ ਕਿ ਉਹ ਨਿਰਾਸ਼ ਹੋ ਕੇ ਢੇਰੀ ਢਾਹ ਕੇ ਨਾ ਬੈਠ ਜਾਵੇ। ਦੂਜੇ ਵੱਲੋਂ ਹੌਸਲਾ-ਅਫ਼ਜ਼ਾਈ ਕਰਨ 'ਤੇ ਉਹ ਉਤਸ਼ਾਹਿਤ ਹੋ ਕੇ ਉਸ ਕੰਮ ਵਿਚ ਜੁੱਟ ਪੈਂਦਾ ਹੈ। ਇਸ ਲਈ ਇੰਜ ਕਰਨਾ ਅਉਗੁਣ ਨਹੀਂ, ਬਲਕਿ ਇਕ ਗੁਣ ਹੈ ਜਿਸ ਦੀ ਮਨੁੱਖ ਦੀ ਜ਼ਿੰਦਗੀ ਵਿਚ ਆਪਣੀ ਮਹੱਤਤਾ ਹੈ। ਇਸ ਤਰ੍ਹਾਂ ਦੀ ਪ੍ਰਸੰਸਾ ਪਿੱਛੇ ਮਨੁੱਖ ਦੀ ਭਾਵਨਾ ਵਿਚ ਕਿਸੇ ਤਰ੍ਹਾਂ ਦਾ ਖੋਟ ਨਹੀਂ ਹੁੰਦਾ। ਅਜਿਹੀ ਪ੍ਰਸੰਸਾ ਤਾਂ ਸਗੋਂ ਕਈ ਮਨੁੱਖਾਂ ਨੂੰ ਹੀਣਤਾ-ਭਾਵ ਤੋਂ ਉਪਰ ਉੱਠਣ ਵਿਚ ਵੀ ਮਦਦ ਕਰਦੀ ਹੈ। ਜੇਕਰ ਇਹ ਪ੍ਰਸੰਸਾ ਕਿਸੇ ਦੀ ਹੌਸਲਾ-ਅਫ਼ਜ਼ਾਈ ਅਰਥਾਤ ਕਿਸੇ ਚੰਗੇ ਕੰਮ ਲਈ ਉਤਸ਼ਾਹਿਤ ਕਰਨ ਦੀ ਭਾਵਨਾ ਨਾਲ ਹੈ ਤਾਂ ਇਸ ਨੂੰ ਖ਼ੁਸ਼ਾਮਦ ਨਹੀਂ ਕਿਹਾ ਗਿਆ ਹੈ।

ਇਸੇ ਤਰ੍ਹਾਂ ਕਈ ਵਾਰ ਮਨੁੱਖ ਕਿਸੇ ਗੱਲ ਨੂੰ ਸੁਆਦਲੀ ਅਤੇ ਦਿਲਚਸਪ ਬਣਾਉਣ ਲਈ ਵਧਾ-ਘਟਾ ਕੇ ਪੇਸ਼ ਕਰਦਾ ਹੈ, ਭਾਵ ਕਿਸੇ ਗੱਲ ਨੂੰ ਲੂਣ ਮਿਰਚ ਲਗਾ ਕੇ ਪੇਸ਼ ਕਰਦਾ ਹੈ। ਇਸ ਤਰ੍ਹਾਂ ਦੀ ਗੱਲਬਾਤ ਵੀ ਖ਼ੁਸ਼ਾਮਦ ਦੇ ਘੇਰੇ ਵਿਚ ਨਹੀਂ ਆਉਂਦੀ। ਖ਼ੁਸ਼ਾਮਦ ਤਾਂ ਚੋਰ ਨੂੰ ਸਾਧ ਕਹਿਣਾ, ਬੇਈਮਾਨ, ਵੱਢੀ-ਖ਼ੋਰ ਆਦਿ ਨੂੰ ਸੱਚਾ-ਸੁੱਚਾ ਇਨਸਾਨ ਆਖਣ ਵਿਚ ਹੈ।

ਆਮ ਤੌਰ 'ਤੇ ਮਨੁੱਖ ਜਾਂ ਤਾਂ ਨਿੰਦਿਆ ਕਰਦਾ ਹੈ ਜਾਂ ਖ਼ੁਸ਼ਾਮਦ। ਮਨੁੱਖੀ ਸੁਭਾਅ ਵਿਚ ਇਹ ਕਮਜ਼ੋਰੀ ਆਮ ਹੀ ਦੇਖਣ ਵਿਚ ਆਉਂਦੀ ਹੈ ਕਿ ਮਨੁੱਖ ਆਪਣੀਆਂ ਕਮਜ਼ੋਰੀਆਂ ਤੋਂ ਜਾਣੂੰ ਹੁੰਦਿਆਂ ਹੋਇਆਂ ਵੀ ਦੂਜਿਆਂ ਦੇ ਮੂੰਹੋਂ ਆਪਣੀ ਝੂਠੀ ਪ੍ਰਸੰਸਾ ਸੁਣ ਕੇ ਅਜਿਹੇ ਖ਼ੁਸ਼ਾਮਦੀਆਂ ਨੂੰ ਆਪਣੇ ਸ਼ੁਭਚਿੰਤਕਾਂ ਵਿਚ ਸ਼ਾਮਲ ਕਰ ਲੈਂਦਾ ਹੈ। ਮਨੁੱਖ ਦਾ ਇਹ ਰਵੱਈਆ ਇਸ ਦੀ ਆਤਮਿਕ ਕਮਜ਼ੋਰੀ ਦਾ ਪ੍ਰਤੀਕ ਹੈ। ਗੁਰਮਤਿ ਦੀ ਜੀਵਨ-ਜੁਗਤਿ ਵਿਚ ਖ਼ੁਸ਼ਾਮਦੀ ਮਨੁੱਖਾਂ ਤੋਂ ਸਾਵਧਾਨ ਰਹਿਣ ਦੀ ਤਾਕੀਦ ਹੈ, ਚੂੰਕਿ ਖ਼ੁਸ਼ਾਮਦੀ ਮਨੁੱਖ ਸਾਡੇ ਸੱਜਣ ਨਹੀਂ, ਸਗੋਂ ਸਹੀ ਅਰਥਾਂ ਵਿਚ ਦੁਸ਼ਮਨ ਹੁੰਦੇ ਹਨ। ਜੋ ਵਿਅਕਤੀ ਮਨੁੱਖ ਦੀਆਂ ਗ਼ਲਤੀਆਂ ਨੂੰ ਗ਼ਲਤੀਆਂ ਕਹਿਣ

ਦੀ ਬਜਾਏ ਇਨ੍ਹਾਂ ਨੂੰ ਚੰਗਿਆਈਆਂ ਆਖਣ, ਉਹ ਮਨੁੱਖ ਦੇ ਸੁਹਿਰਦ ਕਿਵੇਂ ਹੋ ਸਕਦੇ ਹਨ ? ਅਜਿਹੇ ਪ੍ਰਾਣੀ ਤਾਂ ਮਨੁੱਖ ਦੇ ਆਤਮਿਕ ਵਿਕਾਸ ਵਿਚ ਰੁਕਾਵਟ ਪਾਉਣ ਦਾ ਪਾਰਟ ਅਦਾ ਕਰ ਰਹੇ ਹੁੰਦੇ ਹਨ। ਇਸ ਲਈ ਜਾਗਰੂਕ ਮਨੁੱਖ ਖ਼ੁਸ਼ਾਮਦੀ ਮਨੁੱਖ ਨੂੰ ਆਪਣਾ ਸੱਜਣ ਸਮਝਣ ਦੀ ਭੁੱਲ ਹਰਗਿਜ਼ ਨਹੀਂ ਕਰਦੇ।

ਸ਼ੇਖ਼ ਸਾਅਦੀ ਦਾ ਇਸ ਸੰਬੰਧੀ ਕਥਨ ਹੈ: "ਮੈਂ ਆਪਣੇ ਮਿੱਤਰਾਂ ਤੋਂ ਬਹੁਤ ਔਖਾ ਹਾਂ ਕਿਉਂਕਿ ਇਹ ਮੇਰੇ ਕੰਡਿਆਂ ਨੂੰ ਫੁੱਲ ਆਖਦੇ ਹਨ। ਮੇਰੇ ਗੁਨਾਹਾਂ ਨੂੰ ਪੁੰਨ ਤੇ ਮੇਰੇ ਅਵਗੁਣਾਂ ਨੂੰ ਗੁਣ ਕਹਿੰਦੇ ਹਨ।"

ਆਤਮਿਕ ਮੌਤ ਦਾ ਸ਼ਿਕਾਰ ਹੋਏ ਹੋਏ ਪ੍ਰਾਣੀ ਹੀ ਖ਼ੁਸ਼ਾਮਦੀ ਮਨੁੱਖ ਨੂੰ ਆਪਣਾ ਸੱਜਣ ਸਮਝਣ ਦੀ ਭੁੱਲ ਕਰਦੇ ਹਨ। ਅਜਿਹੇ ਆਤਮਿਕ ਤਲ 'ਤੇ ਮਰੇ ਹੋਏ ਜ਼ਿੰਮੇਵਾਰ ਵਿਅਕਤੀਆਂ ਦੀ ਬਦੌਲਤ ਹੀ ਹਰੇਕ ਖ਼ੇਤਰ ਵਿਚ ਜ਼ਿੰਮੇਵਾਰ ਪਦਵੀਆਂ 'ਤੇ ਕਈ ਥਾਈਂ ਨਾਲਾਇਕ, ਨਿਕੰਮੇ, ਆਚਰਣਹੀਣ ਅਤੇ ਅਯੋਗ ਵਿਅਕਤੀ ਨਿਯੁਕਤ ਹੋਏ ਹੋਏ ਹਨ। ਇਨ੍ਹਾਂ ਵਿਅਕਤੀਆਂ ਨੇ ਆਪਣੇ ਫ਼ਰਜ਼ ਦੀ ਪਾਲਣਾ ਕਰਨ ਦੀ ਥਾਂ, ਆਪਣੇ ਅਕਾਵਾਂ ਦੀ ਚਾਪਲੂਸੀ ਨੂੰ ਹੀ ਆਪਣਾ ਮੁੱਖ ਕਰਤੱਬ ਸਮਝਿਆ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਦੀ ਇਸ ਰੁਚੀ ਨੂੰ ਹੀ 'ਕਲਿਜੁਗ' ਆਖਿਆ ਹੈ :

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ ॥

(ਵਾਰ ਮਲਾਰ, ਮਹਲਾ ੨, ਪੰਨਾ 1288)

ਅਰਥ : ਕੰਗਾਲ ਦਾ ਨਾਮ ਬਾਦਸ਼ਾਹ (ਰੱਖਿਆ ਜਾਂਦਾ ਹੈ), ਮੂਰਖ ਦਾ ਪੰਡਿਤ ਨਾਮ (ਪਾਇਆ ਜਾਂਦਾ ਹੈ), ਅੰਨ੍ਹੇ ਨੂੰ ਪਾਰਖੂ (ਆਖਿਆ ਜਾਂਦਾ ਹੈ)—(ਬੱਸ ! ਜਗਤ) ਇਸ ਤਰ੍ਹਾਂ ਦੀਆਂ (ਉਲਟੀਆਂ) ਗੱਲਾਂ ਕਰਦਾ ਹੈ। ਸ਼ਰਾਰਤ (ਕਰਨ ਵਾਲੇ) ਦਾ ਨਾਮ ਚੌਧਰੀ (ਪੈ ਜਾਂਦਾ ਹੈ) ਤੇ ਝੂਠੀ ਜ਼ਨਾਨੀ ਸਭ ਤੋਂ ਅੱਗੇ ਥਾਂ ਮੱਲਦੀ ਹੈ (ਭਾਵ, ਹਰ ਥਾਂ ਪ੍ਰਧਾਨ ਬਣਦੀ ਹੈ)। ਹੇ ਨਾਨਕ ! ਇਹ ਹੈ ਨਿਆਂ ਕਲਿਜੁਗ ਦਾ (ਭਾਵ, ਜਿੱਥੇ ਇਹ ਰਵੱਈਆ ਵਰਤੀਂਦਾ ਹੈ, ਓਥੇ ਕਲਿਜੁਗ ਦਾ ਪਹਿਰਾ ਜਾਣੋ)। ਪਰ, ਗੁਰੂ ਦੇ ਸਨਮੁਖ ਹੋਇਆਂ ਹੀ ਇਹ ਸਮਝ ਪੈਂਦੀ ਹੈ (ਕਿ ਇਹ ਵਤੀਰਾ ਮਾੜਾ ਹੈ। ਮਨ ਦੇ ਪਿੱਛੇ ਤੁਰਨ ਵਾਲੇ ਲੋਕ ਇਸ ਰਵੱਈਏ ਦੇ ਆਦੀ ਹੋਏ ਰਹਿੰਦੇ ਹਨ)।

ਸੋ, ਗੁਰਬਾਣੀ ਦੀ ਜੀਵਨ-ਜੁਗਤਿ ਵਿਚ ਜਿੱਥੇ ਕਿਸੇ ਦੇ ਗੁਣਾਂ ਨੂੰ ਛੁਟਿਆ ਕੇ ਪੇਸ਼ ਕਰਨ ਤੋਂ ਮਨੁੱਖ ਨੂੰ ਵਰਜਿਆ ਗਿਆ ਹੈ, ਉਥੇ ਕਿਸੇ ਦੇ ਅਉਗੁਣਾਂ ਨੂੰ ਗੁਣ ਆਖ ਕੇ ਉਸ ਨੂੰ ਵਡਿਆਉਣ ਤੋਂ ਵੀ ਰੋਕਿਆ ਹੈ। ਮਨੁੱਖ ਨੂੰ ਕੇਵਲ ਸੱਚ ਭਾਵ ਚੋਰ ਨੂੰ ਚੋਰ ਅਤੇ ਸਾਧ ਨੂੰ ਸਾਧ ਕਹਿਣ ਦੀ ਹੀ ਭਰਪੂਰ ਪ੍ਰੇਰਨਾ ਕੀਤੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਨਸ਼ਿਆਂ ਦਾ ਸੰਕਲਪ

ਨਸ਼ੇ ਮਨੁੱਖ ਦੇ ਬਲ ਬੁੱਧ ਨੂੰ ਨਾਸ ਕਰਨ ਤੋਂ ਇਲਾਵਾ ਕਈ ਤਰ੍ਹਾਂ ਦੇ ਸਰੀਰਿਕ ਅਤੇ ਆਤਮਿਕ ਰੋਗਾਂ ਦੇ ਜਨਮ ਦਾਤੇ ਵੀ ਹਨ। ਇਨ੍ਹਾਂ ਨਸ਼ਿਆਂ ਦਾ ਸੇਵਨ ਕਰਨ ਵਾਲਾ ਵਿਅਕਤੀ ਕੇਵਲ ਆਪਣਾ ਹੀ ਨਹੀਂ, ਸਗੋਂ ਆਪਣੇ ਪਰਿਵਾਰ ਅਤੇ ਸਮਾਜ ਨੂੰ ਵੀ ਕਈ ਢੰਗਾਂ ਨਾਲ ਨੁਕਸਾਨ ਪਹੁੰਚਾਉਣ ਦਾ ਕਾਰਨ ਬਣ ਜਾਂਦਾ ਹੈ। ਇਸ ਲਈ ਹੀ ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਨਸ਼ਿਆਂ ਦੇ ਮਾਰੂ ਅਤੇ ਭਿਆਨਕ ਅਸਰ ਤੋਂ ਸੁਚੇਤ ਕਰਕੇ ਇਨ੍ਹਾਂ ਦਾ ਤਿਆਗ ਕਰਨ ਦੀ ਪ੍ਰੇਰਨਾ ਦਿੱਤੀ ਹੈ। ਗੁਰਬਾਣੀ ਦੀ ਰੋਸ਼ਨੀ ਵਿਚ ਹੀ 'ਸਿੱਖ ਰਹਿਤ ਮਰਯਾਦਾ' ਵਿਚ ਇਹ ਹਦਾਇਤ ਕੀਤੀ ਗਈ ਹੈ ਕਿ, "ਸਿੱਖ ਭੰਗ, ਅਫ਼ੀਮ, ਤਮਾਕੂ ਆਦਿ ਨਸ਼ੇ ਨਾ ਵਰਤੇ। ਅਮਲ ਕੇਵਲ ਪ੍ਰਸ਼ਾਦੇ ਦਾ ਹੀ ਰੱਖੇ।" ਸਾਵੀਂ ਪੱਧਰੀ ਅਤੇ ਸੰਤੁਲਤ ਜ਼ਿੰਦਗੀ ਜਿਊਣ ਲਈ ਇਨ੍ਹਾਂ ਨਸ਼ਿਆਂ ਦਾ ਤਿਆਗ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਜਿਨ੍ਹਾਂ ਨਸ਼ਿਆਂ ਨੂੰ ਹਰੇਕ ਤਰ੍ਹਾਂ ਦੇ ਨੁਕਸਾਨ ਪਹੁੰਚਾਉਣ ਵਾਲੇ ਮੰਨਿਆ ਗਿਆ ਹੈ, ਉਨ੍ਹਾਂ ਵਿੱਚੋਂ ਕੁਝ ਕੁ ਇਹ ਹਨ :

(ੳ) ਸ਼ਰਾਬ/ਸੁਰਾ

ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥
ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥
ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥

(ਵਾਰ ਬਿਹਾਗੜਾ, ਮਹਲਾ ੩, ਪੰਨਾ 554)

ਅਰਥ : ਜਿਸ ਦੇ ਪੀਤਿਆਂ ਅਕਲ ਦੂਰ ਹੋ ਜਾਂਦੀ ਹੈ ਤੇ ਬਕਣ ਦਾ ਜੋਸ਼ ਆ ਚੜ੍ਹਦਾ ਹੈ, ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ, ਮਾਲਕ ਵੱਲੋਂ ਧੱਕੇ ਪੈਂਦੇ ਹਨ, ਜਿਸ ਦੇ ਪੀਤਿਆਂ ਖ਼ਸਮ ਵਿਸਰਦਾ ਹੈ ਤੇ ਦਰਗਾਹ ਵਿਚ ਸਜ਼ਾ ਮਿਲਦੀ ਹੈ, ਐਸੀ ਚੰਦਰੀ ਸ਼ਰਾਬ, ਜਿਥੋਂ ਤਕ ਵੱਸ ਚੱਲੇ, ਨਹੀਂ ਪੀਣੀ ਚਾਹੀਦੀ।

(ਅ) ਦੁਰਮਤਿ/ਖੋਟੀ ਮੱਤ ਰੂਪ ਸ਼ਰਾਬ

ਦੁਰਮਤਿ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਰਾਬ ਕਿਹਾ ਗਿਆ ਹੈ। ਇਸ ਸ਼ਰਾਬ ਦੀ ਵਰਤੋਂ ਕਰਨ ਵਾਲੇ ਪ੍ਰਾਣੀ (ਭਾਵ, ਖੋਟੀ ਮੱਤ ਦੇ ਧਾਰਨੀ) ਦੁਰਾਚਾਰੀ ਹੋ ਕੇ

ਆਪਣਾ ਆਤਮਿਕ ਜੀਵਨ ਹੀ ਨਹੀਂ, ਸਗੋਂ ਹੋਰ ਵੀ ਕਈਆਂ ਦਾ ਜੀਵਨ ਤਬਾਹ ਕਰਨ ਦਾ ਕਾਰਨ ਬਣਦੇ ਹਨ:

ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥

(ਆਸਾ ਮਹਲਾ ੫, ਪੰਨਾ 399)

ਅਰਥ : (ਹੇ ਸੰਤ ਜਨੋਂ!) ਖੋਟੀ ਮੱਤ (ਮਾਨੋ) ਸ਼ਰਾਬ ਹੈ ਜੋ ਮਨੁੱਖ ਇਹ ਸ਼ਰਾਬ ਪੀਣ ਲੱਗ ਪੈਂਦੇ ਹਨ (ਭਾਵ, ਜੋ ਗੁਰੂ ਦਾ ਆਸਰਾ ਛੱਡ ਕੇ ਖੋਟੀ ਮੱਤ ਦੇ ਪਿੱਛੇ ਤੁਰਨ ਲੱਗ ਪੈਂਦੇ ਹਨ), ਉਹ ਦੁਰਾਚਾਰੀ ਹੋ ਜਾਂਦੇ ਹਨ, ਉਹ (ਵਿਕਾਰਾਂ ਵਿਚ) ਝੱਲੇ ਹੋ ਜਾਂਦੇ ਹਨ।

(ੲ) ਕਾਮ ਰੂਪੀ ਸ਼ਰਾਬ

ਇਹ ਵੀ ਇਕ ਅਜਿਹਾ ਮਾਰੂ ਅਤੇ ਭਿਆਨਕ ਨਸ਼ਾ ਹੈ, ਜਿਹੜਾ ਮਨੁੱਖ ਦੇ ਅੰਦਰੋਂ ਮਨੁੱਖਤਾ ਨੂੰ ਮਾਰ ਮੁਕਾਉਣ ਦਾ ਕਾਰਨ ਬਣਦਾ ਹੈ। ਇਸ ਦੇ ਭਿਆਨਕ ਰੂਪ ਦਾ ਵਰਣਨ ਕਰਦਿਆਂ ਗੁਰਦੇਵ ਫ਼ੁਰਮਾਉਂਦੇ ਹਨ:

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ॥
ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ॥ *(ਸਲੋਕੁ ਮਰਦਾਨਾ ੧, ਪੰਨਾ 553)*

ਅਰਥ : ਕਲਜੁਗੀ ਸੁਭਾਉ (ਮਾਨੋ) ਸ਼ਰਾਬ ਕੱਢਣ ਵਾਲੀ ਮੱਟੀ ਹੈ; ਕਾਮ (ਮਾਨੋ) ਸ਼ਰਾਬ ਹੈ ਤੇ ਇਸ ਨੂੰ ਪੀਣ ਵਾਲਾ (ਮਨੁੱਖ ਦਾ) ਮਨ ਹੈ, ਮੋਹ ਨਾਲ ਭਰੀ ਹੋਈ ਕ੍ਰੋਧ ਦੀ (ਮਾਨੋ) ਕਟੋਰੀ ਹੈ ਤੇ ਅਹੰਕਾਰ (ਮਾਨੋ) ਪਿਲਾਉਣ ਵਾਲਾ ਹੈ, ਕੂੜੇ ਲੱਬ ਦੀ (ਮਾਨੋ) ਮਜਲਸ ਹੈ (ਜਿਸ ਵਿਚ ਬਹਿ ਕੇ) ਮਨ (ਕਾਮ ਦੀ ਸ਼ਰਾਬ ਨੂੰ) ਪੀ ਪੀ ਕੇ ਖ਼ੁਆਰ ਹੁੰਦਾ ਹੈ।

ਇਹ ਨਸ਼ਾ ਮਨੁੱਖ ਦੀ ਦੈਵੀ-ਸੰਪਦਾ ਨੂੰ ਬਰਬਾਦ ਕਰ ਦੇਂਦਾ ਹੈ; ਸਿੱਟੇ ਵਜੋਂ ਮਨੁੱਖ ਅੰਦਰੋਂ ਇਨਸਾਨੀਅਤ ਖੰਭ ਲਾ ਕੇ ਉੱਡ-ਪੁੱਡ ਜਾਂਦੀ ਹੈ:

ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ॥
ਚਿਤ ਹਰਣੰ ਤ੍ਰੈ ਲੋਕ ਗੰਮ੍ਯੰ ਜਪ ਤਪ ਸੀਲ ਬਿਦਾਰਣਹ॥
ਅਲਪ ਸੁਖ ਅਵਿਤ ਚੰਚਲ ਊਚ ਨੀਚ ਸਮਾਵਣਹ॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1358)

ਅਰਥ : ਹੇ ਕਾਮ! ਤੂੰ (ਜੀਵਾਂ ਨੂੰ ਆਪਣੇ ਵੱਸ ਵਿਚ ਕਰ ਕੇ) ਨਰਕ ਵਿਚ ਅਪੜਾਉਣ ਵਾਲਾ ਹੈਂ ਅਤੇ ਕਈ ਜੂਨਾਂ ਵਿਚ ਭਟਕਾਉਣ ਵਾਲਾ ਹੈਂ। ਤੂੰ ਜੀਵਾਂ ਦੇ ਮਨ ਭਰਮਾ ਲੈਂਦਾ ਹੈਂ, ਤਿੰਨਾਂ ਹੀ ਲੋਕਾਂ ਵਿਚ ਤੇਰੀ ਪਹੁੰਚ ਹੈ, ਤੂੰ ਜੀਵਾਂ ਦੇ ਜਪ ਤਪ ਤੇ ਸ਼ੁੱਧ ਆਚਰਣ ਨਾਸ ਕਰ ਦੇਂਦਾ ਹੈਂ। ਹੇ ਚੰਚਲ ਕਾਮ! ਤੂੰ ਸੁਖ ਤਾਂ ਥੋੜਾ ਹੀ ਦੇਂਦਾ ਹੈਂ, ਪਰ ਇਸੇ ਨਾਲ ਤੂੰ ਜੀਵਾਂ ਨੂੰ (ਸ਼ੁੱਧ ਆਚਰਣ ਦੇ) ਧਨ ਤੋਂ ਸੱਖਣਾ ਕਰ ਦੇਂਦਾ ਹੈਂ। ਜੀਵ ਉੱਚੇ ਹੋਣ, ਨੀਵੇਂ ਹੋਣ, ਸਭਨਾਂ ਵਿਚ ਤੂੰ ਪਹੁੰਚ ਜਾਂਦਾ ਹੈਂ।

(ਸ) ਕ੍ਰੋਧ ਰੂਪੀ ਸ਼ਰਾਬ

ਇਹ ਭਿਆਨਕ ਨਸ਼ਾ ਮਨੁੱਖ ਅੰਦਰੋਂ ਦਇਆ ਆਦਿ ਵਾਲੇ ਭਾਵ ਨੂੰ ਜੜ੍ਹੋਂ ਉਖਾੜ ਕੇ ਪਰ੍ਹਾਂ ਸੁੱਟ ਦੇਂਦਾ ਹੈ। ਹਜ਼ੂਰ ਇਸ ਨਸ਼ੇ ਨੂੰ ਮੁਖ਼ਾਤਿਬ ਕਰਦਿਆਂ ਇਸ ਦੀ ਫ਼ਿਤਰਤ ਦੀ ਚਰਚਾ ਕਰਦਿਆਂ ਇੰਜ ਕਹਿੰਦੇ ਹਨ:

ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ॥
ਬਿਖਯੰਤ ਜੀਵੰ ਵਸ੍ਯੰ ਕਰੋਤਿ ਨਿਰਤ੍ਯੰ ਕਰੋਤਿ ਜਥਾ ਮਰਕਟਹ॥
ਅਨਿਕ ਸਾਸਨ ਤਾੜੰਤਿ ਜਮਦੂਤਹ ਤਵ ਸੰਗੇ ਅਧਮੰ ਨਰਹ॥
ਦੀਨ ਦੁਖ ਭੰਜਨ ਦਯਾਲ ਪ੍ਰਭੁ ਨਾਨਕ ਸਰਬ ਜੀਅ ਰਖ੍ਯਾ ਕਰੋਤਿ॥੪੭॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1358)

ਅਰਥ: ਹੇ ਝਗੜੇ ਦੇ ਮੁੱਢ ਕ੍ਰੋਧ! (ਤੇਰੇ ਅੰਦਰ) ਕਦੇ ਦਇਆ ਨਹੀਂ ਉਪਜਦੀ। ਤੂੰ ਵਿਸ਼ਈ ਜੀਵਾਂ ਨੂੰ ਆਪਣੇ ਵੱਸ ਵਿਚ ਕਰ ਲੈਂਦਾ ਹੈਂ। ਤੇਰੇ ਵੱਸ ਵਿਚ ਆਇਆ ਜੀਵ ਇਉਂ ਨੱਚਦਾ ਹੈ ਜਿਵੇਂ ਬਾਂਦਰ। ਤੇਰੀ ਸੰਗਤ ਵਿਚ ਜੀਵ ਨੀਚ (ਸੁਭਾਅ ਵਾਲੇ) ਬਣ ਜਾਂਦੇ ਹਨ। ਜਮਦੂਤ ਉਨ੍ਹਾਂ ਨੂੰ ਅਨੇਕਾਂ ਹੁਕਮ ਤੇ ਦੰਡ ਦੇਂਦੇ ਹਨ। ਹੇ ਨਾਨਕ! ਦੀਨਾਂ ਦੇ ਦੁੱਖ ਦੂਰ ਕਰਨ ਵਾਲਾ ਦਿਆਲ ਪ੍ਰਭੂ ਹੀ (ਇਸ ਕ੍ਰੋਧ ਤੋਂ) ਸਭ ਜੀਵਾਂ ਦੀ ਰੱਖਿਆ ਕਰਦਾ ਹੈ (ਹੋਰ ਕੋਈ ਨਹੀਂ ਕਰ ਸਕਦਾ)।

ਗੁਰਬਾਣੀ ਅਜਿਹੇ ਨਸ਼ੱਈਆਂ ਤੋਂ ਪ੍ਰਹੇਜ਼ ਕਰਨ ਦੀ ਤਾਕੀਦ ਕਰਦੀ ਹੈ, ਜਿਨ੍ਹਾਂ ਨੇ ਕ੍ਰੋਧ ਰੂਪੀ ਸ਼ਰਾਬ ਪੀਤੀ ਹੋਈ ਹੈ:

ਓਨਾ ਪਾਸਿ ਦੁਆਸਿ ਨ ਭਿਟੀਐ ਜਿਨ ਅੰਤਰਿ ਕ੍ਰੋਧੁ ਚੰਡਾਲ॥

(ਸਿਰੀਰਾਗੁ ਮਹਲਾ ੪, ਪੰਨਾ 40)

ਅਰਥ: (ਹੇ ਭਾਈ! ਨਾਮ ਤੋਂ ਸੱਖਣੇ) ਜਿਨ੍ਹਾਂ ਮਨੁੱਖਾਂ ਦੇ ਅੰਦਰ ਚੰਡਾਲ ਕ੍ਰੋਧ ਵੱਸਦਾ ਰਹਿੰਦਾ ਹੈ, ਉਨ੍ਹਾਂ ਦੇ ਕਦੇ ਨੇੜੇ ਨਹੀਂ ਢੁੱਕਣਾ ਚਾਹੀਦਾ।

(ਹ) ਅਹੰਕਾਰ ਰੂਪੀ ਸ਼ਰਾਬ

ਇਹ ਨਸ਼ਾ ਵੀ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦੇਂਦਾ; ਮਨੁੱਖੀ ਪਦਵੀ ਤੋਂ ਹੇਠਾਂ ਡੇਗ ਦੇਂਦਾ ਹੈ:

ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ॥
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ॥
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ॥

(ਸਲੋਕੁ ਮਰਦਾਨਾ ੧, ਪੰਨਾ 553)

ਅਰਥ: ਸਰੀਰ (ਮਾਨੋ) (ਸ਼ਰਾਬ ਕੱਢਣ ਵਾਲੀ ਸਮੱਗਰੀ ਸਮੇਤ) ਮੱਟੀ ਹੈ, ਅਹੰਕਾਰ ਸ਼ਰਾਬ, ਤੇ ਤ੍ਰਿਸ਼ਨਾ ਵਿਚ ਭਟਕਣਾ (ਮਾਨੋ) ਮਹਿਫ਼ਲ ਹੈ, ਕੂੜ ਨਾਲ ਭਰੀ ਹੋਈ ਵਾਸ਼ਨਾ (ਮਾਨੋ) ਕਟੋਰੀ ਹੈ ਤੇ ਜਮ ਕਾਲ (ਮਾਨੋ) ਪਿਲਾਉਂਦਾ ਹੈ। ਹੇ ਨਾਨਕ! ਇਸ ਸ਼ਰਾਬ ਦੇ ਪੀਤਿਆਂ ਬਹੁਤੇ ਵਿਕਾਰ ਖੱਟੇ ਜਾਂਦੇ ਹਨ (ਭਾਵ, ਅਹੰਕਾਰ ਤ੍ਰਿਸ਼ਨਾ ਕੂੜ ਆਦਿਕ ਦੇ ਕਾਰਨ ਵਿਕਾਰ ਪੈਦਾ ਹੋ ਰਹੇ ਹਨ)।

ਮਨੁੱਖ ਦੀ ਆਤਮਿਕ ਮੌਤ ਦਾ ਕਾਰਨ ਬਣਨ ਵਾਲੇ ਇਸ ਨਸ਼ੇ ਦੇ ਸੰਬੰਧ ਵਿਚ ਸਤਿਗੁਰੂ ਫ਼ੁਰਮਾਉਂਦੇ ਹਨ:

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥
ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ ॥
ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ ॥
ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ ॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1358)

ਅਰਥ: ਹੇ ਪਾਪੀ ਅਹੰਕਾਰ! ਤੂੰ ਜੀਵਾਂ ਦੇ ਜਨਮ-ਮਰਨ ਦਾ ਕਾਰਨ ਹੈਂ। ਮਾਇਆ ਦੇ ਅਨੇਕਾਂ ਖਿਲਾਰੇ ਖਿਲਾਰ ਕੇ ਤੂੰ ਮਿੱਤਰਾਂ ਦਾ ਤਿਆਗ ਕਰਾ ਕੇ ਵੈਰੀ ਪੱਕੇ ਕਰਾਈ ਜਾਂਦਾ ਹੈਂ। (ਤੇਰੇ ਵੱਸ ਵਿਚ ਹੋ ਕੇ) ਜੀਵ ਜਨਮ-ਮਰਨ ਦੇ ਗੇੜ ਵਿਚ ਪੈ ਕੇ ਥੱਕ ਜਾਂਦੇ ਹਨ, ਅਨੇਕਾਂ ਦੁੱਖ ਸੁਖ ਭੋਗਦੇ ਹਨ, ਭਟਕਣਾ ਵਿਚ ਪੈ ਕੇ, ਮਾਨੋ, ਡਰਾਉਣੇ ਜੰਗਲ ਵਿੱਚੋਂ ਦੀ ਲੰਘਦੇ ਹਨ, ਅਤੇ ਬੜੇ ਭਿਆਨਕ ਲਾ-ਇਲਾਜ ਰੋਗਾਂ ਵਿਚ ਫਸੇ ਹੋਏ ਹਨ।

(ਕ) ਮਾਇਆ ਦਾ ਮੋਹ ਨਸ਼ਾ

ਇਹ ਵੀ ਇਕ ਅਜਿਹਾ ਨਸ਼ਾ ਹੈ ਜਿਸ ਦੇ ਪ੍ਰਭਾਵ ਵਿਚ ਮਨੁੱਖ ਦੈਵੀ-ਗੁਣਾਂ ਨੂੰ ਤਿਲਾਂਜਲੀ ਦੇ ਦੇਂਦਾ ਹੈ:

ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ ॥

(ਰਾਮਕਲੀ ਮਹਲਾ ੫, ਪੰਨਾ 924)

ਅਰਥ: ਮੂਰਖ ਜੀਵ ਮਾਇਆ ਦੇ ਨਸ਼ੇ ਵਿਚ ਮਸਤ ਰਹਿੰਦਾ ਹੈ ਤੇ ਥੋੜ-ਵਿਤੀਆਂ ਗੱਲਾਂ ਹੀ ਕਰਦਾ ਰਹਿੰਦਾ ਹੈ। ਹੇ ਭਾਈ! ਭਟਕਣਾ ਦਾ ਪ੍ਰਭਾਵ ਹੋਣ ਕਰਕੇ (ਉਸ ਪਿਆਰੇ ਮਿੱਤਰ ਨੂੰ) ਮਿਲਿਆ ਨਹੀਂ ਜਾ ਸਕਦਾ।

(ਖ) ਜੋਬਨੁ ਧਨੁ ਪ੍ਰਭੁਤਾ ਦਾ ਨਸ਼ਾ

ਇਨ੍ਹਾਂ ਦਾ ਨਸ਼ਾ ਵੀ ਇਨਸਾਨ ਨੂੰ ਇਨਸਾਨੀਅਤ ਤੋਂ ਹੇਠਾਂ ਡੇਗਣ ਦਾ ਕਾਰਨ ਬਣ ਜਾਂਦਾ ਹੈ:

ਜੋਬਨੁ ਧਨੁ ਪ੍ਰਭਤਾ ਕੈ ਮਦ ਮੈ ਅਹਿਨਿਸਿ ਰਹੈ ਦਿਵਾਨਾ ॥

(ਧਨਾਸਰੀ ਮਹਲਾ ੯, ਪੰਨਾ 685)

ਅਰਥ: ਜਵਾਨੀ, ਧਨ, ਤਾਕਤ ਦੇ ਨਸ਼ੇ ਵਿਚ ਜਗਤ ਦਿਨ ਰਾਤ ਝੱਲਾ ਹੋਇਆ ਰਹਿੰਦਾ ਹੈ।

ਇਨ੍ਹਾਂ ਨਸ਼ਿਆਂ ਵਿਚ ਚੂਰ ਹੋ ਕੇ ਮਨੁੱਖ ਆਪਣਾ ਹੋਸ਼-ਹਵਾਸ ਗਵਾ ਬੈਠਦਾ ਹੈ। ਚੂੰਕਿ ਸਚਿਆਰ ਬਣਨ ਲਈ ਇਸ ਤਰ੍ਹਾਂ ਦੇ ਹਰੇਕ ਨਸ਼ੇ ਨੂੰ ਤਿਆਗਣਾ ਜ਼ਰੂਰੀ ਹੈ, ਇਸ ਲਈ ਬਾਣੀ ਵਿਚ ਮਨੁੱਖ ਨੂੰ ਇਨ੍ਹਾਂ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਕੀਤੀ ਗਈ ਹੈ।

ਆਮ ਤੌਰ 'ਤੇ ਸ਼ਰਾਬ ਅਫ਼ੀਮ ਆਦਿ ਦੇ ਸੇਵਨ ਕਰਨ ਵਾਲੇ ਨੂੰ ਹੀ ਨਸ਼ਈ ਆਖਿਆ ਜਾਂਦਾ ਹੈ। ਗੁਰਬਾਣੀ ਵਿਚ ਵਰਣਨ ਉਪਰੋਕਤ ਨਸ਼ਿਆਂ ਤੋਂ ਪ੍ਰਹੇਜ਼ ਕਰਨ ਦੀ ਅਸੀਂ ਘੱਟ ਹੀ ਚਰਚਾ ਕਰਦੇ ਹਾਂ। ਸਿੱਟੇ ਵਜੋਂ ਇਨ੍ਹਾਂ ਨਸ਼ਿਆਂ ਦਾ ਸੇਵਨ ਕਰਨ ਵਾਲੇ, ਇਨ੍ਹਾਂ ਨਸ਼ਿਆਂ ਦੇ ਲੋਰ ਵਿਚ ਦਿਨ-ਦਿਹਾੜੇ ਹੀ ਦਨਦਨਾਉਂਦੇ ਹੋਏ ਹਰੇਕ ਖੇਤਰ ਵਿਚ ਮਨੁੱਖਤਾ ਦਾ ਘਾਣ ਕਰ ਰਹੇ ਹਨ। ਇਨ੍ਹਾਂ ਨਸ਼ੱਈਆਂ ਲਈ ਅਸੀਂ ਕਿਸੇ ਤਰ੍ਹਾਂ ਦੇ ਕੋਈ ਬੰਧੇਜ ਆਦਿ ਕਾਇਮ ਨਹੀਂ ਕਰ ਸਕੇ। ਇਸ ਵਿਚ ਦੋ ਰਾਵਾਂ ਨਹੀਂ ਹਨ ਕਿ ਜਿੰਨਾ ਨੁਕਸਾਨ ਪਰਿਵਾਰ, ਕੌਮ, ਦੇਸ਼, ਮਨੁੱਖਤਾ ਦਾ, ਇਨ੍ਹਾਂ ਨਸ਼ਿਆਂ ਦੇ ਪਿਆਕੜਾਂ ਨੇ ਕੀਤਾ ਹੈ, ਉਤਨਾ ਸ਼ਰਾਬੀਆਂ ਨੇ ਨਹੀਂ। ਸ਼ਰਾਬੀਆਂ ਨੇ ਤਾਂ ਆਪਣਾ ਆਤਮਿਕ ਨੁਕਸਾਨ ਕਰਨ ਦੇ ਨਾਲ ਆਪਣੀ ਸਿਹਤ, ਪੈਸਾ, ਪਰਿਵਾਰ ਜਾਂ ਨਸ਼ੇ ਦੀ ਹਾਲਤ ਵਿਚ ਗੱਡੀ ਆਦਿ ਚਲਾਉਂਦਿਆਂ ਜਾਂ ਲੜਾਈ ਝਗੜਾ ਕਰਦਿਆਂ ਆਪਣੀ ਜਾਂ ਦੂਜਿਆਂ ਦੀ ਜਾਨ ਲਈ ਹੋਵੇਗੀ ਪਰ ਇਨ੍ਹਾਂ ਨਸ਼ੱਈਆਂ ਨੇ ਤਾਂ ਹਰੇਕ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਖੇਤਰ ਵਿਚ ਮਨੁੱਖਤਾ ਦਾ ਘਾਣ ਕੀਤਾ ਹੈ ਅਤੇ ਕਰ ਰਹੇ ਹਨ। ਦੁਨੀਆਂ ਦੇ ਇਤਿਹਾਸ ਵੱਲ ਨਜ਼ਰ ਮਾਰਿਆਂ ਇਨ੍ਹਾਂ ਨਸ਼ੱਈਆਂ ਦੀ ਬਦੌਲਤ ਹੋਏ ਨੁਕਸਾਨ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸ਼ਰਾਬ ਆਦਿ ਦਾ ਨਸ਼ਾ ਤਾਂ ਥੋੜ੍ਹੇ ਸਮੇਂ ਬਾਅਦ ਉਤਰ ਜਾਂਦਾ ਹੈ ਪਰ ਇਨ੍ਹਾਂ ਦਾ ਨਸ਼ਾ ਕਰਨ ਵਾਲਿਆਂ ਦਾ ਨਸ਼ਾ ਤਾਂ ਥੋੜ੍ਹੀ ਕੀਤਿਆਂ ਕਦੀ ਵੀ ਨਹੀਂ ਉਤਰਦਾ; ਦਿਨ ਰਾਤ ਹੀ ਇਸ ਦੇ ਨਸ਼ੇ ਵਿਚ ਚੂਰ ਰਹਿੰਦੇ ਹਨ।

ਉਪਰੋਕਤ ਨਸ਼ਿਆਂ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਇਕ ਹੋਰ ਨਸ਼ੇ ਦਾ ਵਰਣਨ ਕੀਤਾ ਗਿਆ ਹੈ। ਇਹ ਨਸ਼ਾ ਨੁਕਸਾਨਦਾਇਕ ਨਹੀਂ, ਸਗੋਂ ਮਨੁੱਖ ਨੂੰ ਸਹੀ ਅਰਥਾਂ ਵਿਚ ਮਨੁੱਖ ਬਣਾਉਣ ਵਾਲਾ ਹੈ। ਇਹ ਮਨੁੱਖ ਦੇ ਹੋਸ਼-ਹਵਾਸ ਗਵਾਉਣ ਵਾਲਾ ਨਹੀਂ, ਬਲਕਿ ਇਸ ਨੂੰ ਹੋਸ਼-ਹਵਾਸ ਵਿਚ ਜਿਊਣ ਦਾ ਬਲ ਬਖ਼ਸ਼ਣ ਵਾਲਾ ਹੈ। ਇਸ ਦੀ ਖ਼ੁਮਾਰੀ ਕੁਝ ਘੰਟੇ ਹੀ ਨਹੀਂ, ਸਗੋਂ ਦਿਨ ਰਾਤ ਹੀ ਚੜ੍ਹੀ ਰਹਿੰਦੀ ਹੈ। ਇਹ ਨਸ਼ਾ ਹੈ ਨਾਮ ਦਾ, ਆਪਣੇ ਆਪ ਨੂੰ ਪਛਾਣ ਕੇ ਰੱਬੀ ਗੁਣਾਂ ਨੂੰ ਧਾਰਨ ਕਰਨ ਦਾ। ਇਹ ਨਸ਼ਾ ਇਨਸਾਨ ਨੂੰ ਸਹੀ ਅਰਥਾਂ ਵਿਚ ਇਨਸਾਨ ਬਣਾਉਂਦਾ ਹੈ; ਇਸ ਨਸ਼ੇ ਦਾ ਸੇਵਨ ਕਰਨ ਵਾਲਾ ਆਪ ਵੀ ਆਤਮਿਕ ਅਨੰਦ ਮਾਣਦਾ ਹੈ ਅਤੇ ਦੂਜਿਆਂ ਦਾ ਜੀਵਨ ਵੀ ਸੁਖੀ ਬਣਾਉਣ ਵਿਚ ਆਪਣਾ ਭਰਪੂਰ ਯੋਗਦਾਨ ਪਾਉਂਦਾ ਹੈ। ਇਸ ਨਸ਼ੇ ਵਿਚ ਮਖ਼ਮੂਰ ਪ੍ਰਾਣੀਆਂ ਨੂੰ ਭਾਵੇਂ ਆਰਿਆਂ ਨਾਲ ਚੀਰਿਆ ਗਿਆ, ਦੇਗਾਂ ਵਿਚ ਉਬਾਲਿਆ ਗਿਆ, ਬੰਦ ਬੰਦ ਕੱਟਿਆ ਗਿਆ, ਚਰਖੜੀਆਂ 'ਤੇ ਚਾੜ੍ਹਿਆ ਗਿਆ, ਖੋਪਰੀਆਂ ਲਾਹੀਆਂ ਗਈਆਂ, ਇਹੋ ਜਿਹੇ ਹੋਰ ਅਨੇਕਾਂ ਅਕਹਿ ਅਤੇ ਅਸਹਿ ਤਸੀਹੇ ਦਿੱਤੇ ਗਏ, ਪ੍ਰੰਤੂ ਉਨ੍ਹਾਂ ਦਾ ਇਹ ਨਸ਼ਾ ਨਹੀਂ ਲੱਥਾ। ਇਸ ਨਸ਼ੇ ਦਾ ਸੇਵਨ ਕਰਨ ਵਾਲਿਆਂ ਨੇ ਹਰ ਤਰ੍ਹਾਂ ਦੀ ਪਰਿਸਥਿਤੀ ਵਿਚ ਮਨੁੱਖੀ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਿਆ ਹੈ। ਉਨ੍ਹਾਂ ਨੇ ਕਿਸੇ ਵੀ ਸਥਿਤੀ ਵਿਚ ਮਨੁੱਖਤਾ ਤੋਂ ਮੂੰਹ ਨਹੀਂ ਮੋੜਿਆ। ਗੁਰੂ ਗ੍ਰੰਥ ਸਾਹਿਬ ਵਿਚ ਇਸ ਨਸ਼ੇ ਦਾ ਰੂਪ ਅਤੇ ਤਿਆਰ ਕਰਨ ਦੀ ਵਿਧੀ ਸੰਖੇਪ ਵਿਚ ਹੇਠ ਲਿਖੇ ਅਨੁਸਾਰ ਹੈ:

(ੳ) **ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ ॥**
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਆਹਾਰੁ ॥
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰ ॥੧॥

(ਸਲੋਕੁ ਮਰਦਾਨਾ ੧, ਪੰਨਾ 553)

ਅਰਥ : ਚੰਗੀ ਕਰਣੀ ਨੂੰ (ਸ਼ਰਾਬ ਕੱਢਣ ਵਾਲੀ) ਲਾਹਣ, ਸੱਚ ਬੋਲਣ ਨੂੰ ਗੁੜ ਬਣਾ ਕੇ ਸੱਚੇ ਨਾਮ ਨੂੰ ਸ੍ਰੇਸ਼ਟ ਸ਼ਰਾਬ ਬਣਾ। ਗੁਣਾਂ ਨੂੰ ਮੰਡੇ, ਸੀਤਲ ਸੁਭਾਉ ਨੂੰ ਘਿਉ ਤੇ ਸ਼ਰਮ ਨੂੰ ਮਾਸ—(ਇਹ ਸਾਰੀ) ਖ਼ੁਰਾਕ ਸਤਿਗੁਰੂ ਦੇ ਸਨਮੁਖ ਹੋਇਆਂ ਮਿਲਦੀ ਹੈ ਤੇ ਇਸ ਦੇ ਖਾਧਿਆਂ ਸਾਰੇ ਵਿਕਾਰ ਦੂਰ ਹੋ ਜਾਂਦੇ ਹਨ।

ਇਸ ਨਸ਼ੇ ਦੇ ਸੇਵਨ ਨਾਲ ਹੀ ਵਿਕਾਰਾਂ ਤੋਂ ਖ਼ਲਾਸੀ ਹਾਸਲ ਕਰਕੇ ਪਵਿੱਤ੍ਰਤਾ ਦੀ ਜ਼ਿੰਦਗੀ ਜੀਉ ਸਕੀਦਾ ਹੈ :

(ਅ) **ਕਾਇਆ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ ॥**
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ
ਪੀ ਪੀ ਕਟਹਿ ਬਿਕਾਰ ॥੩॥ *(ਸਲੋਕੁ ਮਰਦਾਨਾ ੧, ਪੰਨਾ 553)*

ਅਰਥ : (ਜੇ) ਸਰੀਰ ਮਿੱਟੀ ਹੋਵੇ, ਆਪੇ ਦੀ ਪਛਾਣ ਸ਼ਰਾਬ ਤੇ ਉਸ ਦੀ ਧਾਰ (ਭਾਵ, ਜਿਸ ਦੀ ਧਾਰ) ਅਮਰ ਕਰਨ ਵਾਲੀ ਹੋਵੇ, ਸਤਸੰਗਤਿ ਨਾਲ ਮੇਲ ਹੋਵੇ (ਭਾਵ, ਮਜਲਿਸ ਸਤਿਸੰਗਤ ਹੋਵੇ), ਅੰਮ੍ਰਿਤ (ਨਾਮ) ਦੀ ਭਰੀ ਹੋਈ ਲਿਵ (ਰੂਪ) ਕਟੋਰੀ ਹੋਵੇ, (ਤਾਂ ਹੀ ਮਨੁੱਖ) (ਇਸ ਸ਼ਰਾਬ ਨੂੰ) ਪੀ ਪੀ ਕੇ ਸਾਰੇ ਵਿਕਾਰ ਪਾਪ ਦੂਰ ਕਰਦੇ ਹਨ।

ਇਸ 'ਮੈਂ' (ਨਾਮ ਰੂਪ ਸ਼ਰਾਬ) ਬਾਰੇ ਹਜ਼ੂਰ ਕਹਿੰਦੇ ਹਨ ਕਿ ਇਹ ਪ੍ਰਭੂ ਦੀ ਮਿਹਰ ਸਦਕਾ ਹੀ ਪ੍ਰਾਪਤ ਕਰ ਸਕੀਦੀ ਹੈ, ਜਿਸ ਨੂੰ ਇਹ ਹਾਸਲ ਹੋ ਜਾਵੇ ਉਹ ਹਮੇਸ਼ਾ ਹੀ ਅਕਾਲ ਪੁਰਖ ਦੇ ਪਿਆਰ ਵਿਚ ਮਸਤ ਰਹਿੰਦਾ ਹੈ, ਇਹ ਮਸਤੀ ਕਦੀ ਲਹਿੰਦੀ ਨਹੀਂ ਹੈ। ਇਸ ਰਸ ਨੂੰ ਪੀਣ ਵਾਲੇ ਹੀ ਸੱਚੇ ਅਮਲੀ ਹਨ :

ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ॥ *(ਆਸਾ ਮ: ੫, ਪੰਨਾ 399)*

ਅਰਥ : ਹੇ ਨਾਨਕ ! ਜਿਹੜੇ ਮਨੁੱਖ ਪਰਮਾਤਮਾ ਦੇ ਨਾਮ ਦੇ ਸ੍ਰੇਸ਼ਟ ਰਸ ਵਿਚ ਮਸਤ ਰਹਿੰਦੇ ਹਨ, ਉਨ੍ਹਾਂ ਨੂੰ ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੇ ਨਾਮ ਦਾ ਅਮਲ ਲੱਗ ਜਾਂਦਾ ਹੈ।

ਇਹ ਨਸ਼ਾ ਪ੍ਰਭੂ ਕ੍ਰਿਪਾ, ਭਾਵ ਗੁਰਬਾਣੀ ਅਨੁਸਾਰ ਆਪਣੇ ਆਚਰਣ ਨੂੰ ਢਾਲਣ ਨਾਲ ਮਨੁੱਖ ਨੂੰ ਮਿਲਦਾ ਹੈ :

ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥
ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥

(ਵਾਰ ਬਿਹਾਗੜੇ ਕੀ, ਮਹਲਾ ੩, ਪੰਨਾ 554)

ਅਰਥ : ਹੇ ਨਾਨਕ ! ਪ੍ਰਭੂ ਦੀ ਮਿਹਰ ਦੀ ਨਜ਼ਰ ਨਾਲ 'ਨਾਮ'-ਰੂਪ ਨਸ਼ਾ (ਉਸ ਮਨੁੱਖ ਨੂੰ) ਮਿਲਦਾ ਹੈ, ਜਿਸ ਨੂੰ ਗੁਰੂ ਆ ਕੇ ਮਿਲ ਪਏ, ਉਹ ਮਨੁੱਖ ਸਦਾ ਮਾਲਕ ਦੇ (ਨਾਮ ਦੇ) ਰੰਗ ਵਿਚ ਰਹਿੰਦਾ ਹੈ ਤੇ ਦਰਗਾਹ ਵਿਚ ਉਸ ਨੂੰ ਥਾਂ (ਭਾਵ, ਇੱਜ਼ਤ) ਮਿਲਦੀ ਹੈ।

ਗੁਰਮੁਖਿ ਬੁਢੇ ਕਦੇ ਨਾਹੀ

ਜਿਵੇਂ ਆਮ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਕਈ ਸ਼ਬਦਾਂ/ਪੰਗਤੀਆਂ ਦਾ ਭਾਵਾਰਥ ਸਮਝਣ/ਲੈਣ ਦੀ ਬਜਾਏ ਕੇਵਲ ਅੱਖਰੀਂ ਅਰਥ ਹੀ ਲਿਆ ਜਾਂਦਾ ਹੈ, ਉਸੇ ਤਰ੍ਹਾਂ 'ਗੁਰਮੁਖ ਬੁਢੇ ਕਦੇ ਨਾਹੀ' ਦਾ ਵੀ ਭਾਵ ਲਿਆ ਜਾਂਦਾ ਹੈ। ਇਸ ਲਈ ਹੀ ਕਈ ਸੱਜਣ ਇਸ ਪੰਗਤੀ ਦਾ ਇਹ ਭਾਵਾਰਥ ਲੈਂਦੇ ਹਨ ਕਿ ਗੁਰਮੁਖ ਜਨ ਕਦੇ ਬੁੱਢੇ ਨਹੀਂ ਹੁੰਦੇ ਹਨ। ਪਰ ਬੁਢੇਪਾ ਤਾਂ ਸਾਰਿਆਂ 'ਤੇ ਆਉਂਦਾ ਹੈ, ਭਾਵੇਂ ਕੋਈ ਗੁਰਮੁਖ ਹੈ ਜਾਂ ਮਨਮੁਖ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਗੱਲ ਸਪੱਸ਼ਟ ਰੂਪ ਵਿਚ ਦਰਸਾਈ ਗਈ ਹੈ ਕਿ ਕਰਤੇ ਦੀ ਕੁਦਰਤ ਦੇ ਨਿਯਮ ਅਟੱਲ ਹਨ ਅਤੇ ਇਹ ਹਰੇਕ ਸਮੇਂ ਹਰੇਕ ਪ੍ਰਾਣੀ ਉੱਤੇ ਇੱਕੋ ਜਿਹੇ ਢੁੱਕਦੇ ਹਨ। ਕੁਦਰਤ ਦੀਆਂ ਨਜ਼ਰਾਂ ਵਿਚ ਗੁਰਮੁਖ ਅਤੇ ਮਨਮੁਖ ਵਿਚ ਕੋਈ ਭਿੰਨ-ਭੇਦ ਨਹੀਂ ਹੈ; ਇਸ ਲਈ ਇਹ ਸਾਰਿਆਂ ਨੂੰ ਹੀ ਇਕਸਾਰ ਆਪਣੀ ਲਪੇਟ ਵਿਚ ਲੈ ਲੈਂਦੀ ਹੈ, ਕਿਸੇ ਦਾ ਵੀ ਲਿਹਾਜ਼ ਨਹੀਂ ਕਰਦੀ।

[ਨੋਟ: ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਪੁਰਾਣਿਕ ਕਥਾਵਾਂ ਦੇ ਵਰਣਨ ਸਮੇਂ ਹੀ ਪ੍ਰਕਿਰਤੀ ਦੇ ਨਿਯਮਾਂ ਦੀ ਉਲੰਘਣਾ ਦਾ ਵਰਨਣ ਕੀਤਾ ਹੋਇਆ ਮਿਲਦਾ ਹੈ। ਗੁਰਦੇਵ ਇਨ੍ਹਾਂ ਪੁਰਾਣਿਕ ਕਥਾਵਾਂ ਦਾ ਵਰਣਨ ਉਨ੍ਹਾਂ ਦੇ ਸੱਚ ਜਾਂ ਝੂਠ ਦੇ ਪ੍ਰਸੰਗ ਵਿਚ ਨਹੀਂ ਕਰਦੇ, ਬਲਕਿ ਗੁਰਬਾਣੀ ਦਾ ਸਿਧਾਂਤਕ ਸੱਚ ਦ੍ਰਿੜ੍ਹ ਕਰਾਉਣ ਲਈ ਇਨ੍ਹਾਂ ਦੀ ਦ੍ਰਿਸ਼ਟਾਂਤ ਵਜੋਂ ਹੀ ਵਰਤੋਂ ਕਰਦੇ ਹਨ। ਦ੍ਰਿਸ਼ਟਾਂਤ ਦਾ ਹਮੇਸ਼ਾ ਇਕ ਹੀ ਪੱਖ ਲਿਆ ਜਾਂਦਾ ਹੈ।]

ਸਤਿਗੁਰੂ ਜੀ ਕੁਦਰਤ ਦੇ ਇਸ ਵਰਤਾਰੇ ਦਾ ਵਰਣਨ ਕਰਦਿਆਂ ਹੋਇਆਂ ਫ਼ੁਰਮਾਉਂਦੇ ਹਨ:

ਮਹੁਰਾ ਹੋਵੈ ਹਥਿ ਮਰੀਐ ਚਖੀਐ॥ *(ਮਾਝ ਕੀ ਵਾਰ ਮ: ੧; ਪੰਨਾ 142)*

ਭਾਵ, ਜ਼ਹਿਰ ਨੂੰ ਜੋ ਵੀ ਕੋਈ ਚੱਖੇਗਾ ਉਸ ਦੀ ਜ਼ਰੂਰ ਮੌਤ ਹੋ ਜਾਵੇਗੀ, ਚੂੰਕਿ ਜ਼ਹਿਰ ਇਹ ਨਹੀਂ ਦੇਖਦਾ ਕਿ ਮੈਨੂੰ ਚੱਖਣ ਵਾਲਾ ਗੁਰਮੁਖ ਹੈ ਜਾਂ ਮਨਮੁਖ, ਪਾਪੀ ਹੈ ਜਾਂ ਪੁੰਨੀ, ਅਮੀਰ ਹੈ ਜਾਂ ਗ਼ਰੀਬ ਹੈ, ਇਸਤ੍ਰੀ ਹੈ ਜਾਂ ਪੁਰਸ਼ ਹੈ, ਅਖੌਤੀ ਉੱਚ ਜਾਤ ਦਾ ਹੈ ਜਾਂ ਨੀਵੀਂ ਜਾਤ ਦਾ; ਇਸ ਦਾ ਤਾਂ ਜਿਸ ਨੇ ਵੀ ਸਵਾਦ ਚੱਖਿਆ ਹੈ, ਉਹ ਜ਼ਰੂਰ ਇਸ ਦੇ ਅਸਰ ਤੋਂ ਪ੍ਰਭਾਵਤ ਹੋਵੇਗਾ।

ਕੁਦਰਤ ਦੇ ਇਨ੍ਹਾਂ ਨਿਯਮਾਂ ਅਨੁਸਾਰ ਹੀ ਸਮੇਂ ਨਾਲ ਜਵਾਨੀ ਮਗਰੋਂ ਮਨੁੱਖ ਉੱਤੇ ਬੁਢੇਪਾ ਆਉਂਦਾ ਹੈ। ਬੁਢੇਪੇ ਵਿਚ ਹਰੇਕ ਮਨੁੱਖ ਨੂੰ ਸਰੀਰਕ ਕਮਜ਼ੋਰੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹ ਕਮਜ਼ੋਰੀ ਗੁਰਮੁਖ ਅਤੇ ਮਨਮੁਖ ਦੇ ਸਰੀਰ ਨੂੰ ਇੱਕੋ ਜਿਹਾ

ਪ੍ਰਭਾਵਿਤ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬੁਢੇਪੇ ਕਾਰਨ ਸਰੀਰਕ ਕਮਜ਼ੋਰੀ ਦੀ ਸੁਭਾਵਿਕ ਪ੍ਰਕਿਰਿਆ ਨੂੰ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ:

(ੳ) **ਫਰੀਦਾ ਇਨੀ ਨਿਕੀ ਜੰਘੀਐ, ਥਲ ਡੂੰਗਰ ਭਵਿਓਮ੍ਹਿ॥**
ਅਜੁ ਫਰੀਦੈ ਕੂਜੜਾ, ਸੈ ਕੋਹਾਂ ਥੀਓਮਿ॥੨੦॥ *(ਸਲੋਕ ਫਰੀਦ ਜੀ, ਪੰਨਾ 1378)*

ਅਰਥ: ਹੇ ਫ਼ਰੀਦ! ਇਨ੍ਹਾਂ ਨਿੱਕੀਆਂ ਨਿੱਕੀਆਂ ਲੱਤਾਂ ਨਾਲ (ਜਵਾਨੀ ਵੇਲੇ) ਮੈਂ ਥਲ ਤੇ ਪਹਾੜ ਗਾਹ ਆਉਂਦਾ ਰਿਹਾ, ਪਰ ਅੱਜ (ਬੁਢੇਪੇ ਵਿਚ) ਮੈਨੂੰ ਫ਼ਰੀਦ ਨੂੰ (ਇਹ ਰਤਾ ਪਰ੍ਹੇ ਪਿਆ) ਲੋਟਾ ਸੈ ਕੋਹਾਂ 'ਤੇ ਹੋ ਗਿਆ ਹੈ (ਸੋ, ਬੰਦਗੀ ਦਾ ਵੇਲਾ ਭੀ ਜੁਆਨੀ ਹੀ ਹੈ, ਜਦੋਂ ਸਰੀਰ ਕੰਮ ਦੇ ਸਕਦਾ ਹੈ)। ਅਥਵਾ:

(ਅ) **ਬੁਢਾ ਹੋਆ ਸੇਖ ਫਰੀਦੁ, ਕੰਬਣਿ ਲਗੀ ਦੇਹ॥**
ਜੇ ਸਉ ਵਰ੍ਹਿਆ ਜੀਵਣਾ, ਭੀ ਤਨੁ ਹੋਸੀ ਖੇਹ॥੪੧॥
(ਸਲੋਕ ਫਰੀਦ ਜੀ, ਪੰਨਾ 1380)

ਅਰਥ: ('ਵਿਸੁ ਗੰਦਲਾਂ' ਪਿੱਛੇ ਦੌੜ ਦੌੜ ਕੇ ਹੀ) ਸ਼ੇਖ਼ ਫ਼ਰੀਦ (ਹੁਣ) ਬੁੱਢਾ ਹੋ ਗਿਆ ਹੈ, ਸਰੀਰ ਕੰਬਣ ਲੱਗ ਪਿਆ ਹੈ। ਜੇ ਸਉ ਵਰ੍ਹੇ ਭੀ ਜਿਊਣਾ ਮਿਲ ਜਾਏ, ਤਾਂ ਭੀ (ਅੰਤ ਨੂੰ) ਸਰੀਰ ਮਿੱਟੀ ਹੋ ਜਾਏਗਾ (ਤੇ ਇਨ੍ਹਾਂ 'ਵਿਸੁ ਗੰਦਲਾਂ' ਤੋਂ ਸਾਥ ਟੁੱਟ ਜਾਏਗਾ)।

ਬੁਢੇਪੇ ਵਿਚ ਸਰੀਰਕ ਕਮਜ਼ੋਰੀ ਦਾ ਆਉਣਾ ਸੁਭਾਵਿਕ ਹੈ। ਬੁਢੇਪਾ ਕਈ ਢੰਗਾਂ/ਰੂਪਾਂ ਵਿਚ ਪ੍ਰਗਟ ਹੁੰਦਾ ਹੈ; ਮਨੁੱਖ ਵੱਲੋਂ ਕਈ ਤਰ੍ਹਾਂ ਦੇ ਯਤਨ ਕੀਤਿਆਂ ਵੀ ਇਸ ਨੂੰ ਰੋਕਿਆ ਜਾਂ ਦਬਾਇਆ ਨਹੀਂ ਜਾ ਸਕਦਾ:

ਜੇ ਜਰਵਾਣਾ ਪਰਹਰੈ, ਜਰੁ ਵੇਸ ਕਰੇਦੀ ਆਈਐ॥
(ਵਾਰ ਆਸਾ ਮਹਲਾ ੧, ਪੰਨਾ 465)

ਅਰਥ: ਜੇ (ਕੋਈ ਜੀਵ) ਬੁਢੇਪੇ ਨੂੰ ਪਰ੍ਹੇ ਹਟਾਉਣਾ ਚਾਹੇ (ਭਾਵ, ਬੁਢੇਪੇ ਤੋਂ ਬਚਣਾ ਚਾਹੇ, ਤਾਂ ਇਹ ਯਤਨ ਫ਼ਜ਼ੂਲ ਹੈ), ਬੁਢੇਪਾ ਵੇਸ ਧਾਰ ਕੇ ਆ ਹੀ ਜਾਂਦਾ ਹੈ।

ਇਸ ਲਈ ਸਮੇਂ ਨਾਲ ਹਰੇਕ ਮਨੁੱਖ ਨੂੰ ਬੁਢੇਪੇ ਵਿਚ ਇਹੋ ਜਿਹੀ ਸਥਿਤੀ ਅਰਥਾਤ ਸਰੀਰਕ ਕਮਜ਼ੋਰੀ ਦਾ ਸਾਹਮਣਾ ਕਰਨਾ ਪੈਂਦਾ ਹੈ:

ਜੋਬਨੁ ਗਇਆ ਬਿਤੀਤਿ, ਜਰੁ ਮਲਿ ਬੈਠੀਆ॥
ਕਰ ਕੰਪਹਿ ਸਿਰੁ ਡੋਲ, ਨੈਣ ਨ ਡੀਠਿਆ॥ *(ਜੈਤਸਰੀ ਮ: ੫, ਪੰਨਾ 705)*

ਅਰਥ: ਹੇ ਭਾਈ! ਆਖ਼ਰ ਜਵਾਨੀ ਬੀਤ ਜਾਂਦੀ ਹੈ, (ਉਸ ਦੀ ਥਾਂ) ਬੁਢੇਪਾ ਮੱਲ ਕੇ ਬਹਿ ਜਾਂਦਾ ਹੈ। ਹੱਥ ਕੰਬਣ ਲੱਗ ਪੈਂਦੇ ਹਨ, ਸਿਰ ਝੋਲਾ ਖਾਣ ਲੱਗ ਪੈਂਦਾ ਹੈ, ਅੱਖਾਂ ਨਾਲ ਕੁਝ ਦਿੱਸਦਾ ਨਹੀਂ।

ਕਰਤੇ ਦੀ ਕੁਦਰਤ ਦੇ ਇਸ ਨਿਯਮ ਨੂੰ ਸਮਝਣ ਮਗਰੋਂ 'ਗੁਰਮੁਖਿ ਬੁਢੇ ਕਦੇ ਨਾਹੀ' ਦੇ ਭਾਵ ਨੂੰ ਸਮਝਣ ਦਾ ਯਤਨ ਕਰਦੇ ਹਾਂ। ਜਿਸ ਸਲੋਕ ਦੀ ਇਹ ਪੰਗਤੀ ਹੈ, ਉਹ ਸਲੋਕ ਇਸ ਤਰ੍ਹਾਂ ਹੈ:

ਗੁਰਮੁਖਿ ਬੁਢੇ ਕਦੇ ਨਾਹੀ, ਜਿਨਾ੍ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ, ਅੰਤਰਿ ਸਹਜ ਧਿਆਨੁ ॥
ਓਇ ਸਦਾ ਅਨੰਦਿ ਬਿਬੇਕ ਰਹਹਿ, ਦੁਖਿ ਸੁਖਿ ਏਕ ਸਮਾਨਿ ॥
ਤਿਨਾ ਨਦਰੀ ਇਕੋ ਆਇਆ, ਸਭੁ ਆਤਮ ਰਾਮੁ ਪਛਾਨੁ ॥

(ਸਲੋਕੁ ਮਹਲਾ ੩, ਪੰਨਾ 1418)

ਅਰਥ : ਹੇ ਭਾਈ! ਗੁਰੂ ਦੇ ਸਨਮੁਖ ਰਹਿਣ ਵਾਲੇ ਜਿਨ੍ਹਾਂ ਮਨੁੱਖਾਂ ਦੇ ਅੰਦਰ ਪ੍ਰਭੂ-ਚਰਨਾਂ ਦੀ ਲਗਨ ਟਿਕੀ ਰਹਿੰਦੀ ਹੈ, ਆਤਮਿਕ ਜੀਵਨ ਦੀ ਸੂਝ ਟਿਕੀ ਰਹਿੰਦੀ ਹੈ, ਉਹ ਮਨੁੱਖ (ਆਤਮਿਕ ਜੀਵਨ ਵਿਚ) ਕਦੇ ਕਮਜ਼ੋਰ ਨਹੀਂ ਹੁੰਦੇ। ਉਹ ਸਦਾ ਹੀ ਪਰਮਾਤਮਾ ਦੇ ਗੁਣ ਯਾਦ ਕਰਦੇ ਰਹਿੰਦੇ ਹਨ, ਉਨ੍ਹਾਂ ਦੇ ਅੰਦਰ ਆਤਮਿਕ ਅਡੋਲਤਾ ਦੀ ਸਮਾਧੀ ਬਣੀ ਰਹਿੰਦੀ ਹੈ। ਉਹ ਮਨੁੱਖ (ਚੰਗੇ-ਮੰਦੇ ਕੰਮ ਦੀ) ਪਰਖ ਦੇ ਅਨੰਦ ਵਿਚ ਸਦਾ ਮਗਨ ਰਹਿੰਦੇ ਹਨ, (ਹਰੇਕ) ਦੁੱਖ ਵਿਚ (ਹਰੇਕ) ਸੁਖ ਵਿਚ ਉਹ ਸਦਾ ਅਡੋਲ-ਚਿੱਤ ਰਹਿੰਦੇ ਹਨ। ਉਨ੍ਹਾਂ ਨੂੰ ਹਰ ਥਾਂ ਸਿਰਫ਼ ਸਰਬ-ਵਿਆਪਕ ਪਰਮਾਤਮਾ ਹੀ ਸਾਥੀ ਵੱਸਦਾ ਦਿੱਸਦਾ ਹੈ।

ਇਸ ਸਲੋਕ ਨੂੰ ਪੜ੍ਹਿਆਂ/ਵਿਚਾਰਿਆਂ ਪਤਾ ਚੱਲਦਾ ਹੈ ਕਿ ਇਸ ਵਿਚ ਮਹਾਰਾਜ ਸਰੀਰਕ ਬੁਢੇਪੇ ਦਾ ਵਰਣਨ ਨਹੀਂ ਕਰ ਰਹੇ। ਗੁਰਦੇਵ ਇੱਥੇ ਆਤਮਿਕ ਬੁਢੇਪੇ ਦਾ ਜ਼ਿਕਰ ਕਰ ਰਹੇ ਹਨ। ਆਤਮਿਕ ਬੁਢੇਪੇ ਤੋਂ ਭਾਵ ਹੈ ਆਤਮਿਕ ਕਮਜ਼ੋਰੀ ਤੋਂ। ਮਨੁੱਖ ਦਾ ਵਿਕਾਰਾਂ ਤੋਂ ਉਪਰ ਉੱਠਣ ਦਾ ਉਪਰਾਲਾ ਨਾ ਕਰਨਾ ਹੀ ਆਤਮਿਕ ਬੁਢੇਪਾ ਅਖਵਾਉਂਦਾ ਹੈ। ਗੁਰਮੁਖ ਪ੍ਰਭੂ ਚਰਨਾਂ ਵਿਚ ਜੁੜ ਕੇ ਹਰੇਕ ਤਰ੍ਹਾਂ ਦੇ ਵਿਕਾਰ ਤੋਂ ਉਪਰ ਉੱਠਣ ਦਾ ਯਤਨ ਕਰਦੇ ਹਨ, ਇਸ ਲਈ ਉਹ ਇਸ ਕਮਜ਼ੋਰੀ ਦਾ ਸ਼ਿਕਾਰ ਨਹੀਂ ਹੁੰਦੇ।

ਗੁਰਬਾਣੀ ਦੀ ਇਸ ਜੀਵਨ-ਜੁਗਤਿ ਦਾ ਗੁਰਬਾਣੀ ਵਿਚ ਹੋਰ ਵੀ ਕਈ ਥਾਈਂ ਵਰਣਨ ਆਇਆ ਹੈ, ਜਿਵੇਂ :

(ੳ) **ਤਿਨ੍ ਜਰਾ ਨ ਮਰਣਾ ਨਰਕਿ ਨ ਪਰਣਾ ਜੋ ਹਰਿ ਨਾਮੁ ਧਿਆਵੈ ॥**

(ਆਸਾ ਮਹਲਾ ੧, ਪੰਨਾ 438)

ਅਰਥ : ਜਿਹੜਾ ਜਿਹੜਾ ਬੰਦਾ ਹਰੀ ਦਾ ਨਾਮ ਸਿਮਰਦਾ ਹੈ, ਉਨ੍ਹਾਂ ਨੂੰ ਪ੍ਰਾਪਤ ਹੋਈ ਉੱਚੀ ਆਤਮਿਕ ਅਵਸਥਾ ਨੂੰ ਨਾ ਬੁਢੇਪਾ ਆਉਂਦਾ ਹੈ ਨਾ ਮੌਤ ਆਉਂਦੀ ਹੈ, ਉਹ ਕਦੇ ਨਰਕ ਵਿਚ ਨਹੀਂ ਪੈਂਦੇ।

(ਅ) **ਐਸਾ ਸਤਿਗੁਰੁ ਸੇਵੀਐ ਮਨਾ ਜਿਤੁ ਸੇਵਿਐ ਗੋਵਿਦ ਪ੍ਰੀਤਿ ਊਪਜੈ**
ਅਵਰ ਵਿਸਰਿ ਸਭ ਜਾਇ ॥
ਹਰਿ ਸੇਤੀ ਚਿਤੁ ਗਹਿ ਰਹੈ
ਜਰਾ ਕਾ ਭਉ ਨ ਹੋਵਈ ਜੀਵਨ ਪਦਵੀ ਪਾਇ ॥੧॥ਰਹਾਉ॥

(ਗੂਜਰੀ ਮਹਲਾ ੩, ਪੰਨਾ 490)

ਅਰਥ : ਹੇ ਮੇਰੇ ਮਨ! ਇਹੋ ਜਿਹੇ ਗੁਰੂ ਦੀ ਸ਼ਰਨ ਪੈਣਾ ਚਾਹੀਦਾ ਹੈ ਜਿਸ ਦੀ ਸ਼ਰਨ ਪਿਆਂ ਪਰਮਾਤਮਾ ਨਾਲ ਪਿਆਰ ਪੈਦਾ ਹੋ ਜਾਏ, ਅਤੇ ਹੋਰ (ਮਾਇਆ

ਆਦਿਕ) ਦਾ ਪਿਆਰ ਸਾਰਾ ਭੁੱਲ ਜਾਏ, (ਜਿਸ ਦੀ ਸ਼ਰਨ ਪਿਆਂ) ਪਰਮਾਤਮਾ ਨਾਲ ਚਿੱਤ ਸਦਾ ਜੁੜਿਆ ਰਹੇ, ਅਤੇ ਇਹੋ ਜਿਹਾ ਆਤਮਿਕ ਜੀਵਨ ਦਾ ਦਰਜਾ ਮਿਲ ਜਾਏ ਜਿਸ ਨੂੰ ਕਦੇ ਬੁਢੇਪੇ ਦਾ ਡਰ ਨਾ ਹੋ ਸਕੇ (ਜੋ ਆਤਮਿਕ ਦਰਜਾ ਕਦੇ ਕਮਜ਼ੋਰ ਨਾ ਹੋ ਸਕੇ)।

(ੲ) **ਸੋ ਪਾਖੰਡੀ ਜਿ ਕਾਇਆ ਪਖਾਲੇ ॥**
ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ॥
ਸੁਪਨੈ ਬਿੰਦੁ ਨ ਦੇਈ ਝਰਣਾ ॥
ਤਿਸੁ ਪਾਖੰਡੀ ਜਰਾ ਨ ਮਰਣਾ ॥ *(ਵਾਰ ਰਾਮਕਲੀ, ਮਹਲਾ ੧, ਪੰਨਾ 952)*

ਅਰਥ : (ਅਸਲੀ) ਨਾਸਤਿਕ ਉਹ ਹੈ ਜੋ (ਪਰਮਾਤਮਾ ਦੀ ਹਸਤੀ ਨਾ ਮੰਨਣ ਦੇ ਥਾਂ) ਸਰੀਰ ਨੂੰ ਧੋਵੇ (ਭਾਵ, ਸਰੀਰ ਵਿੱਚੋਂ ਪਾਪਾਂ ਦੀ ਹਸਤੀ ਮਿਟਾ ਦੇਵੇ), ਜੋ ਆਪਣੇ ਸਰੀਰ ਵਿਚ ਰੱਬੀ ਜੋਤਿ ਜਗਾਂਦਾ ਹੈ, ਸੁਪਨੇ ਵਿਚ ਭੀ ਵੀਰਜ ਨੂੰ ਡਿੱਗਣ ਨਹੀਂ ਦੇਂਦਾ (ਭਾਵ, ਸੁਪਨੇ ਵਿਚ ਭੀ ਆਪਣੇ ਆਪ ਨੂੰ ਕਾਮ-ਵੱਸ ਨਹੀਂ ਹੋਣ ਦੇਂਦਾ); ਉਸ ਨਾਸਤਿਕ ਨੂੰ (ਭਾਵ, ਉਸ ਮਨੁੱਖ ਨੂੰ ਜਿਸ ਨੇ ਆਪਣੇ ਅੰਦਰੋਂ ਪਾਪਾਂ ਦਾ ਨਾਸ ਕਰ ਦਿੱਤਾ ਹੈ) ਬੁਢੇਪਾ ਤੇ ਮੌਤ ਪੋਹ ਨਹੀਂ ਸਕਦੇ (ਭਾਵ, ਇਨ੍ਹਾਂ ਦਾ ਡਰ ਉਸ ਨੂੰ ਪੋਂਹਦਾ ਨਹੀਂ)।

(ਸ) **ਕਾਜੀ ਸੋ ਜੁ ਕਾਇਆ ਬੀਚਾਰੈ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥**
ਸੁਪਨੈ ਬਿੰਦੁ ਨ ਦੇਈ ਝਰਨਾ ॥ ਤਿਸੁ ਕਾਜੀ ਕਉ ਜਰਾ ਨ ਮਰਨਾ ॥
(ਭੈਰਉ ਕਬੀਰ ਜੀ, ਪੰਨਾ 1160)

ਅਰਥ : ਅਸਲ ਕਾਜ਼ੀ ਉਹ ਹੈ ਜੋ ਆਪਣੇ ਸਰੀਰ ਨੂੰ ਖੋਜੇ, ਸਰੀਰ ਵਿਚ ਪ੍ਰਭੂ ਦੀ ਜੋਤਿ ਨੂੰ ਰੌਸ਼ਨ ਕਰੇ, ਸੁਪਨੇ ਵਿਚ ਭੀ ਕਾਮ ਦੀ ਵਾਸ਼ਨਾ ਮਨ ਵਿਚ ਨਾ ਆਉਣ ਦੇਵੇ। ਅਜਿਹੇ ਕਾਜ਼ੀ ਨੂੰ ਬੁਢੇਪੇ ਤੇ ਮੌਤ ਦਾ ਡਰ ਨਹੀਂ ਰਹਿ ਜਾਂਦਾ।

(ਹ) **ਤਿਨ੍ ਜਰਾ ਨ ਮਰਣਾ ਨਰਕਿ ਨ ਪਰਣਾ ਜੋ ਹਰਿ ਨਾਮੁ ਧਿਆਵੈ ॥**
ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ ॥
ਨਾਮੁ ਲੈਨਿ੍ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥
(ਆਸਾ ਮਹਲਾ ੧, ਪੰਨਾ 438)

ਅਰਥ : ਜਿਹੜਾ ਜਿਹੜਾ ਬੰਦਾ ਹਰੀ ਦਾ ਨਾਮ ਸਿਮਰਦਾ ਹੈ, ਉਨ੍ਹਾਂ ਨੂੰ ਪ੍ਰਾਪਤ ਹੋਈ ਉੱਚੀ ਆਤਮਿਕ ਅਵਸਥਾ ਨੂੰ ਨਾ ਬੁਢੇਪਾ ਆਉਂਦਾ ਹੈ ਨਾ ਮੌਤ ਆਉਂਦੀ ਹੈ, ਉਹ ਕਦੇ ਨਰਕ ਵਿਚ ਨਹੀਂ ਪੈਂਦੇ।

ਸੋ, ਗੁਰਮੁਖ ਜਨ ਜੀਵਨ ਦੇ ਕਿਸੇ ਵੀ ਪੜਾਅ ਵਿਚ ਕਿਸੇ ਵੀ ਪਰਿਸਥਿਤੀ ਵਿਚ ਆਤਮਿਕ ਕਮਜ਼ੋਰੀ ਦਾ ਸ਼ਿਕਾਰ ਨਹੀਂ ਹੁੰਦੇ:

ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥
(ਸਿਰੀਰਾਗੁ ਮਹਲਾ ੫, ਪੰਨਾ 44)

ਅਰਥ : ਹੇ ਨਾਨਕ ! ਉਸ ਮਨੁੱਖ ਨੇ ਆਪਣਾ ਪੱਕਾ ਟਿਕਾਣਾ ਉਸ ਥਾਂ ਬਣਾ

ਲਿਆ, ਜਿਥੇ ਆਤਮਿਕ ਮੌਤ ਨਹੀਂ, ਜਿਥੇ ਜਨਮ-ਮਰਨ ਦਾ ਗੇੜ ਨਹੀਂ, ਜਿਥੇ ਆਤਮਿਕ ਜੀਵਨ ਕਦੇ ਕਮਜ਼ੋਰ ਨਹੀਂ ਹੁੰਦਾ।

ਹਾਂ, ਇਸ ਸਲੋਕ 'ਗੁਰਮੁਖਿ ਬੁਢੇ ਕਦੇ ਨਾਹੀ' ਤੋਂ ਅਗਲੇ ਹੀ ਸਲੋਕ ਵਿਚ ਸਤਿਗੁਰੂ ਜੀ 'ਬਿਰਧ' ਸ਼ਬਦ ਬੁਢੇਪੇ ਲਈ ਵਰਤਦੇ ਹੋਏ ਆਖਦੇ ਹਨ:

ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ, ਜਿਨ੍ਹਾ ਅੰਤਰਿ ਹਰਿ ਸੁਰਤਿ ਨਾਹੀ॥
ਵਿਚਿ ਹਉਮੈ ਕਰਮ ਕਮਾਵਦੇ, ਸਭ ਧਰਮ ਰਾਇ ਕੈ ਜਾਂਹੀ॥

(ਸਲੋਕ ਵਾਰਾਂ ਤੇ ਵਧੀਕ, ਮਹਲਾ ੩, ਪੰਨਾ 1418)

ਅਰਥ: ਹੇ ਭਾਈ! ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਨਰੋਏ ਸਰੀਰਕ ਅੰਗਾਂ ਵਾਲਾ ਹੁੰਦਾ ਹੋਇਆ ਭੀ (ਆਤਮਿਕ ਜੀਵਨ ਵਿਚ) ਬੁੱਢੇ ਮਨੁੱਖ ਵਰਗਾ ਕਮਜ਼ੋਰ ਹੁੰਦਾ ਹੈ। ਹੇ ਭਾਈ! ਜਿਨ੍ਹਾਂ ਮਨੁੱਖਾਂ ਦੇ ਅੰਦਰ ਪਰਮਾਤਮਾ ਦੀ ਲਗਨ ਨਹੀਂ ਹੁੰਦੀ, ਉਹ ਮਨੁੱਖ (ਧਾਰਮਿਕ) ਕਰਮ (ਭੀ) ਹਉਮੈ ਵਿਚ (ਰਹਿ ਕੇ ਹੀ) ਕਰਦੇ ਹਨ, ਉਹ ਸਾਰੇ ਧਰਮਰਾਜ ਦੇ ਵੱਸ ਪੈਂਦੇ ਹਨ।

ਇਸ ਸਲੋਕ ਵਿਚ ਪਾਤਸ਼ਾਹ ਫ਼ੁਰਮਾਂਦੇ ਹਨ ਕਿ ਮਨਮੁਖ ਬਾਲਕ ਹੋਣ 'ਤੇ ਵੀ ਆਤਮਿਕ ਮੌਤ ਦਾ ਸ਼ਿਕਾਰ ਹੋਣ ਕਾਰਨ ਆਤਮਿਕ ਜੀਵਨ ਵਿਚ ਬੁੱਢਿਆਂ ਵਾਂਗ ਕਮਜ਼ੋਰ ਹੈ।

ਸੋ, ਗੁਰੂ ਗ੍ਰੰਥ ਸਾਹਿਬ ਵਿਚਲੀ 'ਗੁਰਮੁਖਿ ਬੁਢੇ ਕਦੇ ਨਾਹੀ' ਪੰਗਤੀ ਦਾ ਇਹ ਭਾਵ ਨਹੀਂ ਹੈ ਕਿ ਗੁਰਮੁਖ ਸਰੀਰਕ ਤੌਰ 'ਤੇ ਬੁਢੇਪੇ ਦਾ ਸ਼ਿਕਾਰ ਨਹੀਂ ਹੁੰਦੇ ਅਥਵਾ ਉਨ੍ਹਾਂ ਉੱਤੇ ਬੁਢੇਪਾ ਨਹੀਂ ਆਉਂਦਾ। ਸਰੀਰਕ ਤੌਰ 'ਤੇ ਤਾਂ ਹਰੇਕ ਉਸ ਵਿਅਕਤੀ, ਜਿਸ ਨੇ ਵੀ ਜਵਾਨੀ ਦੀ ਦਹਿਲੀਜ਼ ਟੱਪ ਕੇ ਬੁਢੇਪੇ ਵਿਚ ਕਦਮ ਰੱਖਿਆ ਹੈ, ਉੱਤੇ ਬੁਢੇਪੇ ਨੇ ਆਪਣਾ ਗ਼ਲਬਾ ਪਾਉਣਾ ਹੈ। ਹਾਂ, ਗੁਰਮੁਖ ਜਨਾਂ ਨੂੰ ਉਮਰ ਦੇ ਕਿਸੇ ਵੀ ਪੜਾਅ 'ਤੇ ਆਤਮਿਕ ਕਮਜ਼ੋਰੀ ਨਹੀਂ ਵਿਆਪਦੀ; ਉਹ ਹਮੇਸ਼ਾ ਹੀ ਜਵਾਨ ਰਹਿੰਦੇ ਹਨ, ਭਾਵ ਚੜ੍ਹਦੀ ਕਲਾ ਵਿਚ ਵਿਚਰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਇਸ ਸੰਬੰਧ ਵਿਚ ਲਿਖਦੇ ਹਨ:

> ਜੋ ਗੁਰੁਮੁਖ ਗਯਾਨ ਬਲ ਨਾਲ ਵਿਕਾਰ ਰਹਿਤ ਹੈ, ਜੋ ਕਦੇ ਹੌਸਲਾ ਨਹੀਂ ਹਾਰਦਾ, ਕਰਮ ਯੋਗੀ ਹੈ, ਉਹ ਕਦੇ ਬੁਢਾ ਨਹੀਂ। ਆਲਸੀ ਹਿੰਮਤ ਹੀਨ ਮਨੁਮੁਖ, ਜਵਾਨ ਹੋਣ ਪੁਰ ਭੀ ਬੁਢਿਆਂ ਤੋਂ ਗਏ ਗੁਜ਼ਰੇ ਹਨ।

(ਗੁਰੁਮਤ ਮਾਰਤੰਡ)

ਗੁਰਮਤਿ ਵਿਚ ਅਰਦਾਸ ਦਾ ਸੰਕਲਪ

ਅਰਦਾਸ ਸਿੱਖ ਦੇ ਜੀਵਨ ਦਾ ਇਕ ਅਨਿਖੜਵਾਂ ਅੰਗ ਹੈ। ਸਿੱਖ ਦੇ ਜੀਵਨ ਵਿਚ ਐਸਾ ਕੋਈ ਮੌਕਾ ਨਹੀਂ, ਜਦ ਇਹ ਅਰਦਾਸ ਨਹੀਂ ਕਰਦਾ। ਹੋਸ਼ ਸੰਭਾਲਨ ਤੋਂ ਲੈ ਕੇ ਅੰਤ ਤੱਕ ਇਹ ਪ੍ਰਕਿਰਿਆ ਜਾਰੀ ਰਹਿੰਦੀ ਹੈ। ਅਰਦਾਸ ਦਾ ਮਨੋਰਥ ਨਾ ਤਾਂ ਪ੍ਰਭੂ ਨੂੰ ਆਪਣੇ ਪੱਖ ਵਿਚ ਕਰਨ ਦਾ ਉਪਰਾਲਾ ਹੈ, ਨਾ ਹੀ ਆਪਣੀਆਂ ਲੋੜਾਂ-ਥੁੜਾਂ ਦੱਸ ਕੇ ਵਾਹਿਗੁਰੂ ਨੂੰ ਦਾਤਾਂ ਦੇਣ ਵਿਚ ਸੁਝਾਅ ਦੇਣਾ ਹੈ, ਨਾ ਹੀ ਅਕਾਲ ਪੁਰਖ ਅੱਗੇ ਹੁਕਮ ਜਾਂ ਭਾਣਾ ਬਦਲਣ ਲਈ ਲਿਆ ਗਿਆ ਤਰਲਾ ਹੈ। ਇਸ ਦਾ ਉਦੇਸ਼ ਨਾ ਤਾਂ ਉੱਦਮ ਦਾ ਤਿਆਗ ਕਰ ਕੇ ਹੱਥ ਉੱਤੇ ਹੱਥ ਰੱਖ ਕੇ ਰੱਬੀ ਕ੍ਰਿਸ਼ਮੇ ਦੀ ਉਡੀਕ ਹੈ, ਨਾ ਹੀ ਕੀਤੇ ਕਰਮਾਂ ਦੇ ਪ੍ਰਤਿਕਰਮ ਦੇ ਸਿਧਾਂਤ ਨੂੰ ਬਦਲਣ ਦੀ ਚੇਸ਼ਟਾ, ਨਾ ਹੀ ਕਿਸੇ ਛੋਹੇ ਹੋਏ ਕਾਰਜ ਬਾਰੇ ਫਿਰ ਨਿਸਚਿੰਤ ਹੋਣ ਦਾ ਭਾਵ ਹੈ, ਅਤੇ ਨਾ ਹੀ ਕਿਸੇ ਗ਼ਲਤੀ ਉੱਤੇ ਪਰਦਾ ਪਾਉਣ ਲਈ ਪ੍ਰਭੂ ਤੋਂ ਦਖ਼ਲ-ਅੰਦਾਜ਼ੀ ਦੀ ਮੰਗ ਹੈ। ਅਰਦਾਸ ਤਾਂ ਵਾਹਿਗੁਰੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਲਈ, ਪ੍ਰਭੂ ਨਾਲ ਜੁੜ ਕੇ ਆਤਮਿਕ ਬਲ ਹਾਸਲ ਕਰਨ ਲਈ ਪੁੱਟਿਆ ਹੋਇਆ ਇਕ ਕਦਮ ਹੈ। ਇਹ ਤਾਂ ਆਪਣੀਆਂ ਲੋੜਾਂ-ਥੁੜਾਂ ਦੀ ਪਰਿਸਥਿਤੀ ਵਿਚ ਵੀ ਅਕਾਲ ਪੁਰਖ ਦੀ ਯਾਦ ਵਿਚ ਜੁੜ ਕੇ, ਉਸ ਦੀਆਂ ਅਪਾਰ ਬਖ਼ਸ਼ਸ਼ਾਂ ਨੂੰ ਮਹਿਸੂਸ ਕਰ ਕੇ, ਲੋੜਾਂ-ਥੁੜਾਂ ਦਾ ਸ਼ਿਕਵਾ ਕਰਨ ਦੀ ਬਜਾਇ, ਜੋ ਅਮੋਲਕ ਦਾਤਾਂ ਬਿਨਾਂ ਮੰਗਿਆਂ ਹੀ ਸਾਨੂੰ ਮਾਲਕ ਨੇ ਬਖ਼ਸ਼ੀਆਂ ਹੋਈਆਂ ਹਨ, ਉਨ੍ਹਾਂ ਦਾ ਧੰਨਵਾਦ ਕਰਨਾ ਹੈ। ਇਸ ਰਾਹੀਂ ਹੁਕਮ ਨੂੰ ਬਦਲਣ ਦੀ ਚੇਸ਼ਟਾ ਨਹੀਂ, ਬਲਕਿ ਹੁਕਮ ਨੂੰ ਸਮਝਣ ਦਾ ਯਤਨ ਹੈ। ਆਲਸੀ ਬਣ ਕੇ ਕਿਸੇ ਗ਼ੈਬੀ ਕ੍ਰਿਸ਼ਮੇ ਦੀ ਇੰਤਜ਼ਾਰ ਕਰਨ ਦੀ ਥਾਂ ਉੱਦਮ ਕਰਦਿਆਂ ਹੋਇਆਂ ਵੀ ਰੱਬੀ ਰਹਿਮਤ ਉੱਤੇ ਭਰੋਸੇ ਦਾ ਪ੍ਰਗਟਾਵਾ ਹੈ। ਇਸ ਦਾ ਮਨੋਰਥ ਗੁਨਾਹਾਂ ਉੱਤੇ ਪਰਦਾ ਪਾਉਣ ਲਈ ਪ੍ਰਭੂ ਤੋਂ ਸਹਾਇਤਾ ਦੀ ਮੰਗ ਨਹੀਂ, ਬਲਕਿ ਗੁਨਾਹਾਂ ਤੋਂ ਤੌਬਾ ਕਰ ਕੇ ਅੱਗੇ ਲਈ ਅਜਿਹਾ ਨਾ ਕਰਨ ਦਾ ਪ੍ਰਣ ਹੈ। ਅਰਦਾਸ ਤਾਂ ਆਪਣੀ ਸੀਮਾ ਨੂੰ ਸਵੀਕਾਰ ਕਰਦਿਆਂ ਉਸ ਅਸੀਮ ਸ਼ਕਤੀ ਅੱਗੇ ਸਿਰ ਝੁਕਾਉਣਾ ਹੈ। ਇਸ ਬੋਧ ਨਾਲ ਅਸੀਂ ਆਪਣੇ ਨਿਰਗੁਣੇਪਣ ਨੂੰ ਦੇਖ ਕੇ ਆਪਣੇ ਹੰਕਾਰ ਤੋਂ ਉਪਰ ਉੱਠ ਕੇ, ਹੰਕਾਰ ਰਹਿਤ ਅਵਸਥਾ ਨੂੰ ਮਾਣਨ ਦੇ ਯੋਗ ਹੋ ਸਕਦੇ ਹਾਂ, ਦਾਤਿ ਨਾਲ ਜੁੜਨ ਦੀ ਬਜਾਇ ਦਾਤਾਰ ਨਾਲ ਜੁੜਨ ਦੀ ਸੋਝੀ ਹਾਸਲ ਕਰ ਸਕਦੇ ਹਾਂ। ਅਰਦਾਸ ਤਾਂ :

ਸ਼ੁੱਧ ਮਨੋਰਥਾਂ ਦੀ ਸਫਲਤਾ, ਭੁੱਲਾਂ ਅਪਰਾਧਾਂ ਦੀ ਮੁਆਫ਼ੀ, ਕਰਣੀ ਦਾ ਅਭਿਮਾਨ

> ਤਿਆਗ ਕੇ ਬਖ਼ਸ਼ਸ਼ ਦੀ ਮੰਗ ਅਤੇ ਕਰਤਾਰ ਦੀ ਰਜ਼ਾ ਅੰਦਰ ਰਹਿ ਕੇ ਆਤਮ ਸਮਰਪਣ ਲਈ ਸਤਿਗੁਰਾਂ ਨੇ ਅਰਦਾਸ ਵਿਧਾਨ ਕੀਤੀ ਹੈ।
>
> *(ਭਾਈ ਕਾਨ੍ਹ ਸਿੰਘ ਨਾਭਾ)*

ਇਸ ਲਈ ਸਿੱਖੀ ਵਿਚ ਅਰਦਾਸ ਪ੍ਰਭੂ ਨੂੰ ਸੱਚਾ ਨਿਆਂਕਾਰੀ ਸਮਝਦਿਆਂ ਹੋਇਆਂ, ਉਸ ਨੂੰ ਆਪਣੇ ਅੰਗ ਸੰਗ ਸਮਝ ਕੇ, ਉਸ ਦੀ ਹਜ਼ੂਰੀ ਵਿਚ ਵਿਚਰਦਿਆਂ ਹੋਇਆਂ, ਆਤਮਿਕ ਕਮਜ਼ੋਰੀਆਂ ਤੋਂ ਉਪਰ ਉੱਠ ਕੇ, ਆਤਮਿਕ ਬਲ ਹਾਸਲ ਕਰਨ ਦਾ ਅਵਸਰ ਹੈ। ਅਰਦਾਸ ਵਿਚ ਤਾਂ ਵਾਹਿਗੁਰੂ ਤੋਂ ਇਹੋ ਜਿਹੇ ਆਚਰਣ ਦੀ ਮੰਗ ਹੈ :

> **ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥**
> **ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ ॥ਰਹਾਉ॥**
> **ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥**
> **ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ ॥੧॥**
> **ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ ॥**
> **ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ ॥੨॥**
> **ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥**
> **ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥੩॥**
> **ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ ॥**
> **ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ ॥੪ ॥**
>
> *(ਟੋਡੀ ਮਹਲਾ ੫, ਪੰਨੇ 712-13)*

ਗੁਰਮਤਿ ਵਿਚਲੇ ਅਰਦਾਸ ਦੇ ਇਸ ਸੰਕਲਪ ਨੂੰ ਨਾ ਸਮਝਣ ਕਾਰਨ ਹੀ ਕਈ ਸੱਜਣ, ਸੱਚ ਦੀਆਂ ਕਦਰਾਂ-ਕੀਮਤਾਂ ਨੂੰ ਤਿਆਗ ਕੇ ਵੀ ਰੱਬੀ ਰਹਿਮਤ ਦੀ ਆਸ ਰੱਖਦੇ ਹੋਏ ਅਰਦਾਸ ਕਰਦੇ ਜਾਂ ਕਰਾਉਂਦੇ ਹਨ। ਪ੍ਰੰਤੂ :

> ਪਰ ਧਨ ਪਰ ਇਸਤ੍ਰੀ ਦੀ ਪ੍ਰਾਪਤੀ, ਚੋਰੀ ਜੂਏ ਵਿਚ ਸਫਲਤਾ, ਝੂਠੇ ਮੁਕੱਦਮੇ ਵਿਚ ਕਾਮਯਾਬੀ, ਕਿਸੇ ਨੂੰ ਨੁਕਸਾਨ ਪਹੁੰਚਾਉਣ ਦਾ ਮਨੋਰਥ, ਇਤਿਆਦਿਕ ਮੰਦ ਮਨੋਰਥਾਂ ਦੀ ਸਫਲਤਾ ਲਈ ਅਰਦਾਸ ਕਰਨ ਕਰਾਉਣ ਵਾਲੇ ਸਿੱਖੀ ਦੇ ਸਿਧਾਂਤ ਤੋਂ ਅਗਿਆਤ ਹਨ। *(ਭਾਈ ਕਾਨ੍ਹ ਸਿੰਘ ਨਾਭਾ)*

ਸੰਖੇਪ ਵਿਚ ਇਹੋ ਜਿਹੀ ਅਰਦਾਸ ਕਰਨ ਵਾਲਿਆਂ ਬਾਰੇ ਇਹੀ ਆਖਿਆ ਜਾ ਸਕਦਾ ਹੈ ਕਿ ਅਜਿਹੇ ਸੱਜਣ ਅਰਦਾਸ ਦੇ ਮਨੋਰਥ ਤੋਂ ਬਿਲਕੁਲ ਹੀ ਅਨਜਾਣ ਹਨ।

ਅਰਦਾਸ ਦੇ ਮਨੋਰਥ ਨੂੰ ਨਾ ਸਮਝਣ ਕਾਰਨ ਹੀ ਜੇਕਰ ਕੋਈ ਗ਼ਲਤ ਕੰਮ ਕਰਨ ਵਾਲਾ ਕਨੂੰਨ ਦੀ ਪਕੜ ਵਿਚ ਆਉਣੋਂ ਬਚ ਜਾਏ, ਤਾਂ ਉਹ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਅਰਦਾਸ ਜਾਂ ਕਈ ਵਾਰ ਅਖੰਡ ਪਾਠ ਆਦਿ ਵੀ ਕਰਾਉਂਦਾ ਹੈ ਕਿ ਪ੍ਰਭੂ ਦੀ ਉਨ੍ਹਾਂ ਉੱਤੇ ਬੜੀ ਕ੍ਰਿਪਾ ਹੋਈ ਹੈ। ਅਜਿਹੇ ਸੱਜਣ ਜੇਕਰ ਪਿਛਲੀਆਂ ਗ਼ਲਤੀਆਂ ਅਥਵਾ ਭੁੱਲਾਂ ਤੋਂ ਸਬਕ ਸਿੱਖ ਕੇ, ਆਪਣੇ ਆਪ ਦਾ ਸੁਧਾਰ ਕਰ ਕੇ ਚੰਗੇ ਇਨਸਾਨ ਬਣ ਜਾਂਦੇ ਹਨ, ਤਾਂ ਉਨ੍ਹਾਂ ਦਾ ਇਹੋ ਜਿਹਾ ਉਪਰਾਲਾ ਮੁਬਾਰਕ ਹੈ।

ਪਰ ਜੇਕਰ ਕੰਮ ਫਿਰ ਵੀ ਉਹੀ ਕਰੀ ਜਾਂਦੇ ਹਨ ਤਾਂ ਐਸੇ ਮਨੁੱਖਾਂ ਦੇ ਇਹੋ ਜਿਹੇ ਧਾਰਮਿਕ ਕਰਮ ਅਡੰਬਰ ਹੀ ਆਖੇ ਜਾ ਸਕਦੇ ਹਨ। ਇਹੋ ਜਿਹੇ ਰਚੇ ਅਡੰਬਰਾਂ ਨਾਲ ਆਮ ਮਨੁੱਖ ਇਹ ਪ੍ਰਭਾਵ ਗ੍ਰਹਿਣ ਕਰਦਾ ਹੈ ਕਿ ਸ਼ਾਇਦ ਪ੍ਰਭੂ ਦੀ ਕ੍ਰਿਪਾ ਨਾਲ ਹੀ ਇਹੋ ਜਿਹੇ ਪ੍ਰਾਣੀਆਂ ਨੂੰ ਸਜ਼ਾ ਨਹੀਂ ਮਿਲੀ। ਪਰ ਸਾਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈ ਇਸ ਸਚਾਈ ਨੂੰ ਹਮੇਸ਼ਾ ਹੀ ਯਾਦ ਰੱਖਣ ਦੀ ਲੋੜ ਹੈ ਕਿ:

ਚੋਰ ਕੀ ਹਾਮਾ ਭਰੇ ਨ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥

(ਧਨਾਸਰੀ ਮ: ੧, ਪੰਨਾ 662)

ਅਕਾਲ ਪੁਰਖ ਦੀ ਸੱਚੀ ਇਲਾਹੀ ਦਰਗਾਹ ਵਿੱਚੋਂ ਅਜਿਹੇ ਦੋਸ਼ੀ ਬਰੀ ਨਹੀਂ ਹੋ ਸਕਦੇ:

ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ॥ *(ਮਾਰੂ ਮ: ੩, ਪੰਨਾ 1092)*

ਇਸ ਲਈ ਗਲਤ ਕੰਮ ਕਰਨ ਵਾਲੇ ਵਿਅਕਤੀ ਸਜ਼ਾ ਤੋਂ ਨਿਰਸੰਦੇਹ ਪ੍ਰਭੂ ਦੀ ਕ੍ਰਿਪਾ ਕਰਕੇ ਨਹੀਂ ਬਚੇ ਸਮਝਣੇ ਚਾਹੀਦੇ, ਬਲਕਿ ਕਥਿੱਤ ਨਿਆਂ ਪ੍ਰਣਾਲੀ ਦੀ ਬਦੌਲਤ ਸਮਝਣੇ ਚਾਹੀਦੇ ਹਨ।

ਕਈ ਸੱਜਣ ਆਪਣੇ ਵਿਰੋਧੀਆਂ ਬਾਰੇ ਅਰਦਾਸ ਕਰਦੇ ਹੋਏ ਰੱਬੀ ਕਹਿਰ ਦੀ ਮੰਗ ਕਰਦੇ ਹਨ। ਅਜਿਹੀ ਸੋਚ ਰੱਖਣ ਵਾਲੇ ਵੀ ਅਰਦਾਸ ਦੇ ਸੰਕਲਪ ਨੂੰ ਸਮਝਣ ਵਿਚ ਉਕਾਈ ਖਾ ਰਹੇ ਹਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਅਨੰਦਪੁਰ 'ਤੇ ਬਾਈਧਾਰ ਦੇ ਕੁਝ ਰਾਜਿਆਂ ਵੱਲੋਂ ਇਕ ਹਮਲੇ ਦੌਰਾਨ ਭਾਈ ਆਲਮ ਸਿੰਘ ਨੇ ਆਖਿਆ ਕਿ "ਮਹਾਰਾਜ ਇਹ ਕੇਸਰੀ ਚੰਦ ਬੜੇ ਅਭਿਮਾਨ ਨਾਲ ਅੱਗੇ ਵਧ ਰਿਹਾ ਹੈ, ਜੇਕਰ ਇਹ ਕੇਸਰੀ ਚੰਦ ਮਰ ਜਾਵੇ ਤਾਂ ਕਿੰਨਾ ਚੰਗਾ ਹੋਵੇ?" ਸਤਿਗੁਰੂ ਜੀ ਨੇ ਭਾਈ ਆਲਮ ਸਿੰਘ ਦੀ ਇਹ ਗੱਲ ਸੁਣ ਕੇ ਆਖਿਆ ਕਿ "ਭਾਈ ਆਲਮ ਸਿੰਘ—ਇਸ ਤਰ੍ਹਾਂ ਦੀ ਇੱਛਾ ਨਹੀਂ ਕਰੀਦੀ। ਮੈਦਾਨਿ-ਜੰਗ ਵਿਚ ਜੋਧਿਆਂ ਨੂੰ ਵਿਰੋਧੀ ਧਿਰ ਨਾਲ ਸੂਰਬੀਰਾਂ ਵਾਂਗ ਦੋ ਹੱਥ ਕਰ ਕੇ ਮਰਨ-ਮਾਰਨ ਵਾਲੇ ਅਸੂਲ ਨੂੰ ਅਪਣਾਉਣ ਦੀ ਲੋੜ ਹੈ, ਨਾ ਕਿ ਵਿਰੋਧੀ ਧਿਰ ਦੀ ਮੌਤ ਦੀ ਕਾਮਨਾ ਕਰਨੀ।"

ਕਿਸੇ ਦੁਨਿਆਵੀ ਕਾਰਜ ਹਿਤ ਕੀਤੀ ਅਰਦਾਸ ਦਾ ਮਨੋਰਥ ਕੇਵਲ ਇਤਨਾ ਹੀ ਹੈ ਕਿ ਅਸੀਂ ਇਸ ਕਾਰਜ ਨੂੰ ਪੂਰਿਆਂ ਕਰਨ ਲਈ ਕਿਸੇ ਕਮਜ਼ੋਰੀ ਵੱਸ ਸੱਚ ਦਾ ਦਾਮਨ ਨਾ ਛੱਡ ਦੇਈਏ। ਇਹੀ ਕਾਰਨ ਹੈ ਕਿ ਗੁਰਮਤਿ ਦੇ ਸਿਧਾਂਤ ਨੂੰ ਸਮਝਣ ਵਾਲੇ ਜੇਕਰ ਕਿਸੇ ਦੁਨਿਆਵੀ ਕਾਰਜ ਹਿਤ ਅਰਦਾਸ ਕਰਦੇ ਹਨ, ਪੂਰੀ ਨਾ ਹੋਣ ਦੀ ਸੂਰਤ ਵਿਚ ਨਿਰਾਸ਼ ਨਹੀਂ ਹੁੰਦੇ, ਸਗੋਂ ਇਹ ਸਮਝ ਕੇ ਕਿ ਇਸ ਵਿਚ ਅਵੱਸ਼ ਸਾਡੀ ਭਲਿਆਈ ਹੀ ਹੋਵੇਗੀ, ਸ਼ਿਕਵਾ ਕਰਨ ਦੀ ਥਾਂ ਸ਼ੁਕਰਾਨਾ ਹੀ ਕਰਦੇ ਹਨ। ਉਹ ਆਪਣੀ ਮੰਗ ਵਿਚ ਆਪਣੀ ਅਗਿਆਨਤਾ ਨੂੰ ਹੀ ਕਬੂਲ ਕਰਦੇ ਹੋਏ ਸਮਰੱਥ ਪ੍ਰਭੂ ਤੋਂ ਕੁਰਬਾਨ ਜਾਂਦੇ ਹਨ।

ਜੇਕਰ ਅਸੀਂ ਕਾਰੋਬਾਰ ਦੀ ਸਫਲਤਾ ਲਈ ਅਰਦਾਸ ਕਰਦੇ ਹਾਂ ਤਾਂ ਇਸ ਦਾ ਇਹ ਬਿਲਕੁਲ ਹੀ ਭਾਵ ਨਹੀਂ ਹੈ ਕਿ ਸਾਡਾ ਕਾਰੋਬਾਰ ਅਵੱਸ਼ ਉੱਨਤੀ ਦੀਆਂ ਟੀਸੀਆਂ

'ਤੇ ਅਪੜ ਜਾਵੇਗਾ, ਜਾਂ ਵਾਹਿਗੁਰੂ ਹਰ ਹਾਲਤ ਵਿਚ ਸਾਡਾ ਕਾਰੋਬਾਰ ਜ਼ਰੂਰ ਫਲੀਭੂਤ ਕਰੇਗਾ। ਨਹੀਂ, ਅਜਿਹਾ ਨਹੀਂ ਹੈ। ਜੇਕਰ ਅਸੀਂ ਐਸਾ ਸੋਚਦੇ ਹਾਂ ਤਾਂ ਅਸੀਂ ਅਰਦਾਸ ਦੇ ਸੰਕਲਪ ਨੂੰ ਸਮਝਣ ਵਿਚ ਉਕਾਈ ਖਾ ਗਏ ਹਾਂ। ਕਾਰੋਬਾਰ ਦੀ ਸਫਲਤਾ ਲਈ ਅਰਦਾਸ ਦਾ ਭਾਵ ਇਤਨਾ ਹੀ ਹੈ ਕਿ ਹੇ ਵਾਹਿਗੁਰੂ! ਕਾਰੋਬਾਰ ਸ਼ੁਰੂ ਕਰਨ ਲੱਗਾ/ਲੱਗੀ ਹਾਂ, ਇਹ ਸੁਮੱਤ ਬਖ਼ਸ਼ਸ਼ ਕਰਨਾ ਕਿ ਮੈਂ ਕਿਸੇ ਪੱਖੋਂ ਵੀ ਆਪਣੇ ਇਸ ਕਾਰੋਬਾਰ ਨੂੰ ਕਾਮਯਾਬ ਕਰਨ ਲਈ, ਆਤਮਿਕ ਤੌਰ 'ਤੇ ਕਮਜ਼ੋਰ ਨਾ ਹੋ ਜਾਵਾਂ। ਹੇ ਵਾਹਿਗੁਰੂ ਜੀਓ! ਕਾਰੋਬਾਰ ਵਿਚ ਸਫਲਤਾ ਮਿਲਣ 'ਤੇ ਇਸ ਕਾਮਯਾਬੀ ਨੂੰ ਤੇਰੀ ਮਿਹਰ ਸਮਝ ਕੇ ਤੇਰੇ ਸ਼ੁਕਰਾਨੇ ਵਿਚ ਜੁੜਿਆ ਰਹਾਂ ਅਤੇ ਅਸਫਲ ਹੋਣ ਦੀ ਸੂਰਤ ਵਿਚ ਆਤਮਕ ਤੌਰ 'ਤੇ ਕਮਜ਼ੋਰ ਹੋ ਕੇ ਕਾਮਯਾਬ ਹੋਣ ਲਈ ਮੈਂ ਬੇਈਮਾਨੀ, ਹੇਰਾ-ਫੇਰੀ ਜਾਂ ਕੋਈ ਹੋਰ ਅਜਿਹੇ ਢੰਗ ਦੀ ਵਰਤੋਂ ਨਾ ਕਰਾਂ, ਇਤਿਆਦਿਕ।

ਕਈ ਸੱਜਣ ਅਜਿਹੇ ਵੀ ਮਿਲਦੇ ਹਨ ਜਿਹੜੇ ਇਹ ਕਹਿੰਦੇ ਹਨ ਕਿ ਜਦੋਂ ਦੇ ਗੁਰੂ ਦੇ ਲੜ ਲੱਗੇ ਹਾਂ, ਕਾਰੋਬਾਰ ਬਹੁਤ ਵਧਿਆ ਫੁਲਿਆ ਹੈ। ਜੇਕਰ ਅਜਿਹੇ ਸੱਜਣਾਂ ਦੀ ਈਮਾਨਦਾਰੀ ਨਾਲ ਕੀਤੀ ਹੋਈ ਕੋਸ਼ਿਸ਼ ਸਦਕਾ ਕਾਰੋਬਾਰ ਵਿਚ ਵਾਧਾ ਹੋਇਆ ਹੈ ਤਾਂ ਯਕੀਨਨ ਮਾਲਕ ਦੀ ਮਿਹਰ ਹੀ ਸਮਝਣੀ ਚਾਹੀਦੀ ਹੈ। ਪ੍ਰੰਤੂ ਜੇਕਰ ਕੋਈ ਗ਼ਲਤ ਢੰਗ ਨਾਲ ਕਾਮਯਾਬੀ ਦੀ ਪਉੜੀ 'ਤੇ ਚੜ੍ਹਿਆ ਹੈ ਤਾਂ ਨਿਰਸੰਦੇਹ ਇਹ ਅਕਾਲ ਪੁਰਖ ਦੀ ਕ੍ਰਿਪਾ ਦਾ ਪ੍ਰਤੀਕ ਨਹੀਂ; ਹਾਂ, ਸ਼ੈਤਾਨ ਦੀ ਪ੍ਰਸੰਨਤਾ ਦਾ ਜ਼ਰੂਰ ਲਖਾਇਕ ਮੰਨਿਆ ਜਾ ਸਕਦਾ ਹੈ। ਇਨਸਾਨੀਅਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਿਸੇ ਤਰ੍ਹਾਂ ਦੇ ਵੀ ਕਾਰੋਬਾਰ ਦੀ ਸਫਲਤਾ ਲਈ, ਨੀਵੀਆਂ ਖ਼ਾਹਸ਼ਾਂ ਆਦਿ ਦੀ ਪੂਰਤੀ ਲਈ ਅਰਦਾਸ ਕਰਨ ਦੀ, ਗੁਰਮਤਿ ਦੀ ਰਹਿਣੀ ਵਿਚ ਸਖ਼ਤ ਮਨਾਹੀ ਹੈ। ਇਸ ਤਰ੍ਹਾਂ ਦੇ ਵਿਅਕਤੀ ਨੂੰ ਢੌਂਗੀ ਤਾਂ ਆਖਿਆ ਜਾ ਸਕਦਾ ਹੈ, ਸ਼ਰਧਾਲੂ ਨਹੀਂ।

ਜਦ ਅਸੀਂ ਪ੍ਰਭੂ ਵੱਲੋਂ ਬਖ਼ਸ਼ੀਆਂ ਦਾਤਾਂ ਦਾ ਸ਼ੁਕਰਾਨਾ ਕਰਦੇ ਹਾਂ ਤਾਂ ਇਸ ਦਾ ਭਾਵ ਦਾਤਾਂ ਦੀ ਯੋਗ ਵਰਤੋਂ ਕਰਨਾ ਹੈ, ਜਿਸ ਵੀ ਰੂਪ ਵਿਚ ਪ੍ਰਭੂ ਨੇ ਦਾਤ ਬਖ਼ਸ਼ੀ ਹੈ ਉਸ ਦੀ ਦੁਰਵਰਤੋਂ ਨਾ ਕਰਨਾ ਹੀ ਉਸ ਦਾ ਸੱਚਾ ਸ਼ੁਕਰਾਨਾ ਹੈ। ਜੇਕਰ ਅਸੀਂ ਦਾਤਾਂ ਦਾ ਸ਼ੁਕਰਾਨਾ ਤਾਂ ਕਰ ਰਹੇ ਹਾਂ ਪ੍ਰੰਤੂ ਦਾਤਾਂ ਦੀ ਦੁਰਵਰਤੋਂ ਕਰ ਰਹੇ ਹਾਂ ਤਾਂ ਸਾਡਾ ਸ਼ੁਕਰਾਨਾ ਮਹਿਜ਼ ਪਾਖੰਡ ਹੀ ਹੈ। ਗੁਨਾਹਾਂ ਦੀ ਮਾਫ਼ੀ ਲਈ, ਅਰਦਾਸ ਦਾ ਭਾਵ ਹੈ ਜਾਣੇ-ਅਣਜਾਣੇ ਹੋਈ ਭੁੱਲ ਦਾ ਪਛਤਾਵਾ ਕਰਨ ਦੇ ਨਾਲ ਅੱਗੇ ਲਈ ਅਜਿਹੀ ਭੁੱਲ ਨਾ ਕਰਨ ਦਾ ਪ੍ਰਣ ਕਰਨਾ। ਭੁੱਲ ਦਾ ਪਛਤਾਵਾ ਕਰ ਕੇ, ਫਿਰ ਉਸੇ ਭੁੱਲ ਨੂੰ ਵਾਰ ਵਾਰ ਕਰ ਕੇ ਭੁੱਲ ਬਖ਼ਸ਼ਾਉਣ ਦਾ ਯਤਨ ਦਾ ਕੋਈ ਅਰਥ ਨਹੀਂ ਹੈ। ਚੂੰਕਿ ਫਿਰ ਇਹ ਸਭ ਕੁਝ ਅਸੀਂ ਕੇਵਲ ਆਦਤ ਵੱਸ ਹੀ ਕਰਦੇ ਹਾਂ ਅਤੇ ਕਈ ਵਾਰ ਤਾਂ ਢੀਠਪੁਣੇ ਦਾ ਸ਼ਿਕਾਰ ਹੋ ਜਾਂਦੇ ਹਾਂ। ਹਜ਼ੂਰ ਦੇ ਇਹ ਬਚਨ ਸਾਡੀ ਇਸ ਤਰ੍ਹਾਂ ਦੀ ਭੁੱਲ ਦਾ ਹੀ ਜ਼ਿਕਰ ਕਰਦਿਆਂ ਹੋਇਆਂ ਫਿਰ ਇਹੋ ਜਿਹੇ ਭਰਮ ਨੂੰ ਮਿਟਾਉਂਦੇ ਹਨ:

ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥

(ਪ੍ਰਭਾਤੀ ਮਹਲਾ ੫, ਪੰਨਾ 1348)

ਅਰਥ: ਹੇ ਭਾਈ! (ਜਿਹੜੇ ਮਨੁੱਖ ਕਾਮਾਦਿਕ) ਪੰਜਾਂ ਦੇ ਵੱਸ ਵਿਚ (ਰਹਿ ਕੇ) ਪਾਪ ਕਰਦੇ ਰਹਿੰਦੇ ਹਨ, (ਫਿਰ ਕਿਸੇ) ਤੀਰਥ ਉੱਤੇ ਇਸ਼ਨਾਨ ਕਰ ਕੇ ਆਖਦੇ ਹਨ (ਕਿ ਸਾਡੇ) ਸਾਰੇ (ਪਾਪ) ਲਹਿ ਗਏ ਹਨ, (ਤੇ) ਝਾਕਾ ਲਾਹ ਕੇ ਮੁੜ ਮੁੜ (ਉਹੀ ਪਾਪ) ਕਰੀ ਜਾਂਦੇ ਹਨ (ਤੀਰਥ-ਇਸ਼ਨਾਨ ਉਨ੍ਹਾਂ ਨੂੰ ਜਮਰਾਜ ਤੋਂ ਬਚਾ ਨਹੀਂ ਸਕਦਾ, ਉਹ ਤਾਂ ਕੀਤੇ) ਪਾਪਾਂ ਦੇ ਕਾਰਨ ਬੰਨ੍ਹ ਕੇ ਜਮਰਾਜ ਦੇ ਦੇਸ਼ ਵਿਚ ਅਪੜਾਏ ਜਾਂਦੇ ਹਨ।

ਬੀਮਾਰੀ ਆਦਿ ਦੀ ਹਾਲਤ ਵਿਚ ਅਰਦਾਸ ਦਾ ਇਹ ਹਰਗਿਜ਼ ਅਰਥ ਨਹੀਂ ਕਿ ਸਾਡੀ ਬੀਮਾਰੀ ਅਵੱਸ਼ ਠੀਕ ਹੀ ਹੋ ਜਾਵੇਗੀ। ਇਸ ਦਾ ਮਨੋਰਥ ਤਾਂ ਪ੍ਰਭੂ ਤੋਂ ਆਤਮਿਕ ਬਲ ਦੀ ਮੰਗ ਹੈ। ਜੇਕਰ ਆਰਾਮ ਆ ਜਾਂਦਾ ਹੈ ਤਾਂ ਵੀ ਉਸ ਦਾ ਧੰਨਵਾਦ ਹੈ, ਜੇਕਰ ਆਰਾਮ ਨਹੀਂ ਆਉਂਦਾ ਤਾਂ ਵੀ ਸ਼ੁਕਰਾਨੇ ਵਾਲਾ ਹੀ ਭਾਵ ਹੈ। ਆਰੋਗ ਨਾ ਹੋਣ 'ਤੇ ਕਿਸੇ ਤਰ੍ਹਾਂ ਦਾ ਕੋਈ ਗਿਲਾ-ਸ਼ਿਕਵਾ ਨਹੀਂ ਹੈ। ਗੁਰਦੇਵ ਤਾਂ ਸਾਨੂੰ ਵਾਹਿਗੁਰੂ ਦਾ ਹੁਕਮੀ ਬੰਦਾ ਬਣ ਕੇ ਇਸ ਤਰ੍ਹਾਂ ਦੀ ਹੀ ਜੋਦੜੀ ਕਰਨ ਦੀ ਪ੍ਰੇਰਨਾ ਦੇਂਦੇ ਹਨ ਕਿ ਹੇ ਪ੍ਰਭੂ:

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥

(ਸੂਹੀ ਮਹਲਾ ੪, ਪੰਨਾ 757)

ਕਈ ਸੱਜਣ ਗੁਰਮਤਿ ਵਿਚ ਅਰਦਾਸ ਦੇ ਇਸ ਸੰਕਲਪ ਨੂੰ ਨਾ ਸਮਝਦੇ ਹੋਏ, ਇਸ ਨੂੰ ਵਾਸ਼ਨਾਵਾਂ ਦੀ ਪੂਰਤੀ ਦਾ ਸਾਧਨ ਹੀ ਸਮਝਦੇ ਹਨ। ਜੇਕਰ ਅਰਦਾਸ ਪੂਰੀ ਨਾ ਹੋਵੇ ਤਾਂ ਫਿਰ ਇਹ ਤਰਕ ਪੇਸ਼ ਕਰਦੇ ਹਨ ਕਿ ਦਿਲੋਂ ਕੀਤੀ ਹੋਈ ਅਰਦਾਸ ਹੀ ਪੂਰੀ ਹੁੰਦੀ ਹੈ। ਇਹ ਸ਼ੇਅਰ ਆਮ ਹੀ ਸੁਣਾਇਆ ਜਾਂਦਾ ਹੈ:

ਖ਼ੁਦਾ ਮਨਜ਼ੂਰ ਕਰਤਾ ਹੈ ਦੁਆ ਜਬ ਦਿਲ ਸੇ ਹੋਤੀ ਹੈ।
ਲੇਕਿਨ ਮੁਸ਼ਕਿਲ ਤੋ ਯੇ ਹੈ ਕਿ ਬੜੀ ਮੁਸ਼ਕਿਲ ਸੇ ਹੋਤੀ ਹੈ।

ਅਜਿਹਾ ਵਿਸ਼ਵਾਸ ਕਰਨ ਵਾਲੇ ਸੱਜਣਾਂ ਦਾ ਧਿਆਨ ਅਸੀਂ ਇਸ ਪਾਸੇ ਵੱਲ ਦੁਆਉਣਾ ਚਾਹੁੰਦੇ ਹਾਂ ਕਿ ਮੁਸੀਬਤ ਦੇ ਸਮੇਂ ਹਰੇਕ ਵਿਅਕਤੀ ਦਿਲੋਂ ਹੀ ਅਰਦਾਸ ਕਰ ਰਿਹਾ ਹੁੰਦਾ ਹੈ, ਉਪਰਲੇ ਮਨੋਂ ਨਹੀਂ। ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਫ਼ੁਰਮਾਨ ਇਸ ਗੱਲ ਵੱਲ ਹੀ ਇਸ਼ਾਰਾ ਕਰਦਾ ਹੈ:

ਕਬੀਰ ਕਾਮ ਪਰੇ ਹਰਿ ਸਿਮਰੀਐ ਐਸਾ ਸਿਮਰਹੁ ਨਿਤ ॥
ਅਮਰਾ ਪੁਰ ਬਾਸਾ ਕਰਹੁ ਹਰਿ ਗਇਆ ਬਹੋਰੈ ਬਿਤ ॥

(ਸਲੋਕ ਕਬੀਰ ਜੀ, ਪੰਨਾ 1373)

ਅਜਿਹੀ ਧਾਰਨਾ ਦਾ ਪ੍ਰਚਾਰ ਕਰਨ ਵਾਲੇ, ਜਦ ਦਿਲੋਂ ਕੀਤੀ ਹੋਈ ਅਰਦਾਸ

ਵੀ ਪੂਰੀ ਨਾ ਹੋਵੇ ਤਾਂ ਫਿਰ ਇਹ ਕਹਿਣ ਲੱਗ ਪੈਂਦੇ ਹਨ ਕਿ ਇਹ ਤੁਹਾਡੇ ਭਾਗਾਂ ਵਿਚ ਹੀ ਨਹੀਂ ਹੈ। ਇਸ ਤਰ੍ਹਾਂ ਫਿਰ ਭਾਗਾਂ ਦੀ ਗੱਲ ਚੱਲ ਪੈਂਦੀ ਹੈ। ਕਈਆਂ ਦਾ ਇਹ ਖ਼ਿਆਲ ਹੈ ਕਿ ਕਿਸੇ ਸੱਚੇ ਸੁੱਚੇ ਇਨਸਾਨ ਕੋਲੋਂ ਕਰਵਾਈ ਅਰਦਾਸ ਜ਼ਰੂਰ ਪੂਰੀ ਹੁੰਦੀ ਹੈ। ਇਸ ਧਾਰਨਾ ਕਾਰਨ ਹੀ ਆਮ ਸਿੱਖ ਆਪ ਅਰਦਾਸ ਕਰਨ ਦੀ ਬਜਾਇ ਬਾਬਿਆਂ ਆਦਿ ਦੀ ਸ਼ਰਨ ਵਿਚ ਜਾਣ ਲਈ ਮਜਬੂਰ ਹੋ ਜਾਂਦਾ ਹੈ। ਅਜਿਹੇ ਵਿਅਕਤੀ ਇਹ ਨਹੀਂ ਸੋਚਦੇ ਅਥਵਾ ਵਿਚਾਰਦੇ ਕਿ ਜੇਕਰ ਇਨ੍ਹਾਂ ਗੱਲਾਂ ਵਿਚ ਥੋੜ੍ਹੀ ਜਿੰਨੀ ਵੀ ਸਚਾਈ ਹੁੰਦੀ ਤਾਂ ਗੁਰੂ ਸਾਹਿਬਾਨ ਨੂੰ ਇੰਨੀਆਂ ਘਾਲਣਾਵਾਂ ਘਾਲਣ ਦੀ ਕੀ ਲੋੜ ਸੀ? ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਤਾਂ ਸ਼ੁਰੂ ਤੋਂ ਹੀ ਕਈ ਤਰ੍ਹਾਂ ਦੇ ਹੱਥਕੰਡੇ ਅਪਣਾ ਕੇ ਇਸ ਲਹਿਰ ਨੂੰ ਨੁਕਸਾਨ ਪਹੁੰਚਾਉਣ ਦੀਆਂ ਵਿਉਂਤਾਂ ਬਣਾਉਂਦੀਆਂ ਰਹਿੰਦੀਆਂ ਸਨ। ਇਨ੍ਹਾਂ ਤਾਕਤਾਂ ਦੀ ਬਦੌਲਤ ਹੀ ਗੁਰੂ ਸਾਹਿਬਾਨ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਕਿਸੇ ਵੀ ਇਤਿਹਾਸਕਾਰ ਨੇ ਇਹ ਨਹੀਂ ਲਿਖਿਆ ਕਿ ਕਦੀ ਕਿਸੇ ਸਿੱਖ ਨੇ ਅਜਿਹੀਆਂ ਪਰਿਸਥਿਤੀਆਂ ਵਿਚ ਵੀ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਹੋਵੇ ਕਿ ਉਹ ਅਰਦਾਸ ਕਰਨ ਤਾਂ ਜੋ ਇਸ ਮੁਸੀਬਤ ਵਿੱਚੋਂ ਬਾਹਰ ਨਿਕਲਿਆ ਜਾ ਸਕੇ।

ਅਰਦਾਸ ਬਾਰੇ ਅਜਿਹੀ ਧਾਰਨਾ ਰੱਖਣ ਵਾਲੇ ਸੱਜਣਾਂ ਦਾ ਧਿਆਨ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਨਿਮਨ-ਲਿਖਤ ਫ਼ੁਰਮਾਨਾਂ ਵੱਲ ਦਿਵਾਇਆ ਜਾ ਰਿਹਾ ਹੈ:

(ੳ) **ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥**
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥ *(ਸਲੋਕ ਫਰੀਦ ਜੀ, ਪੰਨਾ 1379)*

ਅਰਥ: ਹੇ ਫ਼ਰੀਦ! (ਬੰਦਗੀ ਤੋਂ ਬਿਨਾਂ ਸੁਖੀ ਜੀਵਨ ਦੀ ਆਸ ਰੱਖਣ ਵਾਲਾ ਮਨੁੱਖ ਉਸ ਜੱਟ ਵਾਂਗ ਹੈ) ਜੋ ਜੱਟ ਕਿਕਰੀਆਂ ਬੀਜਦਾ ਹੈ ਪਰ (ਉਨ੍ਹਾਂ ਕਿਕਰੀਆਂ ਤੋਂ) ਬਿਜੌਰ ਦੇ ਇਲਾਕੇ ਦਾ ਛੋਟਾ ਅੰਗੂਰ (ਖਾਣਾ) ਚਾਹੁੰਦਾ ਹੈ, (ਸਾਰੀ ਉਮਰ) ਉੱਨ ਕਤਾਂਦਾ ਫਿਰਦਾ ਹੈ, ਪਰ ਰੇਸ਼ਮ ਪਹਿਨਣਾ ਚਾਹੁੰਦਾ ਹੈ।

(ਅ) **ਜੇ ਦੇਹੈ ਦੁਖੁ ਲਾਈਐ ਪਾਪ ਗਰਹ ਦੁਇ ਰਾਹੁ ॥**
ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ ॥
ਭੀ ਤੂੰਹੈ ਸਾਲਾਹਣਾ ਆਖਣ ਲਹੈ ਨ ਚਾਉ ॥ *(ਵਾਰ ਮਾਝ ਮਹਲਾ ੧, ਪੰਨਾ 142)*

ਅਰਥ: ਜੇ (ਮੇਰੇ) ਸਰੀਰ ਨੂੰ ਦੁੱਖ ਲੱਗ ਜਾਏ, ਦੋਵੇਂ ਮਨਹੂਸ ਤਾਰੇ ਰਾਹੂ ਤੇ ਕੇਤੂ (ਮੇਰੇ ਲਾਗੂ ਹੋ ਜਾਣ), ਜ਼ਾਲਮ ਰਾਜੇ ਮੇਰੇ ਸਿਰ 'ਤੇ ਹੋਣ, ਜੇ ਤੇਰਾ ਪਿਆਰ ਇਸੇ ਤਰ੍ਹਾਂ (ਭਾਵ, ਇਨ੍ਹਾਂ ਦੁੱਖਾਂ ਦੀ ਸ਼ਕਲ ਵਿਚ ਹੀ ਉੱਤੇ) ਪ੍ਰਗਟ ਹੋਵੇ, ਤਾਂ ਭੀ ਤੇਰੀ ਹੀ ਸਿਫ਼ਤਿ-ਸਾਲਾਹ ਕਰਾਂ, ਤੇਰੀ ਵਡਿਆਈ ਕਰਨ ਦਾ ਮੇਰਾ ਚਾਉ ਨਾ ਮੁੱਕ ਜਾਏ।

(ੲ) **ਮਨਮੁਖੁ ਅੰਧੁ ਕਰੇ ਚਤੁਰਾਈ ॥ ਭਾਣਾ ਨ ਮੰਨੇ ਬਹੁਤੁ ਦੁਖੁ ਪਾਈ ॥**
ਭਰਮੇ ਭੂਲਾ ਆਵੈ ਜਾਏ ਘਰੁ ਮਹਲੁ ਨ ਕਬਹੂ ਪਾਇਦਾ ॥
(ਮਾਰੂ ਮਹਲਾ ੩, ਪੰਨਾ 1064)

ਅਰਥ : ਹੇ ਭਾਈ! ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਤੇ ਮਾਇਆ ਦੇ ਮੋਹ ਵਿਚ ਅੰਨ੍ਹਾ ਹੋ ਚੁੱਕਾ ਮਨੁੱਖ (ਆਪਣੇ ਵੱਲੋਂ ਬਥੇਰੀ) ਸਿਆਣਪ ਕਰਦਾ ਹੈ, (ਪਰ ਜਦ ਤਕ ਉਹ ਪਰਮਾਤਮਾ ਦੇ) ਕੀਤੇ ਨੂੰ ਮਿੱਠਾ ਕਰ ਕੇ ਨਹੀਂ ਮੰਨਦਾ (ਉਤਨਾ ਚਿਰ ਉਹ) ਬਹੁਤ ਦੁੱਖ ਪਾਉਂਦਾ ਹੈ। ਮਨ ਦਾ ਮੁਰੀਦ ਮਨੁੱਖ ਭਟਕਣਾ ਦੇ ਕਾਰਨ ਕੁਰਾਹੇ ਪਿਆ ਹੋਇਆ ਜਨਮ-ਮਰਨ ਦੇ ਗੇੜ ਵਿਚ ਪੈ ਜਾਂਦਾ ਹੈ, ਉਹ ਕਦੇ ਭੀ (ਇਸ ਤਰ੍ਹਾਂ) ਪਰਮਾਤਮਾ ਦੇ ਚਰਨਾਂ ਵਿਚ ਥਾਂ ਨਹੀਂ ਲੱਭ ਸਕਦਾ।

ਇਨ੍ਹਾਂ ਸਮੂਹ ਗੁਰਬਾਣੀ ਦੇ ਫ਼ੁਰਮਾਨਾਂ ਵਿਚ ਗੁਰਬਾਣੀ ਦੀ ਜੀਵਨ-ਜੁਗਤਿ ਦਾ ਵਰਣਨ ਕਰਦਿਆਂ ਹੋਇਆਂ ਪ੍ਰਭੂ ਦੇ ਹੁਕਮ ਨੂੰ ਸਮਝ ਕੇ ਇਸ ਨੂੰ ਪਛਾਣਨ ਉੱਤੇ ਹੀ ਜ਼ੋਰ ਦਿੱਤਾ ਗਿਆ ਹੈ।

ਸੋ, ਗੁਰਮਤਿ ਵਿਚ ਅਰਦਾਸ ਦਾ ਮਨੋਰਥ ਪ੍ਰਭੂ ਹੁਕਮ ਨੂੰ ਬਦਲਣ, ਆਪਣੇ ਕੀਤੇ ਕਰਮ ਦੇ ਪ੍ਰਤਿਕਰਮ ਤੋਂ ਛੁਟਕਾਰਾ ਪਾਉਣ, ਜਾਂ ਰੱਬ ਨਾਲ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨਾ ਨਹੀਂ ਹੈ, ਬਲਕਿ ਅਰਦਾਸ ਰਾਹੀਂ ਰੱਬੀ ਰਹਿਮਤ ਦੀ ਮੰਗ ਕਰਦਿਆਂ ਹੋਇਆਂ ਉਸ ਨਾਲ ਜੁੜਨ ਦਾ ਅਵਸਰ ਹੈ, ਆਪਣੀ ਸੀਮਾ ਨੂੰ ਮਹਿਸੂਸ ਕਰਦਿਆਂ ਹੋਇਆਂ ਉਸ ਅਸੀਮ ਦੀ ਮਹਤੱਤਾ ਨੂੰ ਸਵੀਕਾਰ ਕਰ ਕੇ ਉਸ ਅੱਗੇ ਸਿਰ ਝੁਕਾਉਣਾ ਹੈ। ਹਰ ਹਾਲਤ ਵਿਚ ਆਤਮਿਕ ਬਲ ਨੂੰ ਕਾਇਮ ਰੱਖ ਸਕਣ ਲਈ ਵਾਹਿਗੁਰੂ ਅੱਗੇ ਤਰਲਾ ਹੈ। ਆਪਣੀਆਂ ਗ਼ਲਤੀਆਂ ਨੂੰ ਮਹਿਸੂਸ ਕਰ ਕੇ ਇਨ੍ਹਾਂ ਤੋਂ ਉੱਪਰ ਉੱਠਣ ਲਈ ਹੰਭਲਾ ਮਾਰਨਾ ਹੈ। ਹਰ ਪਰਿਸਥਿਤੀ ਵਿਚ ਸੱਚ ਦੀਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ਦਾ ਪ੍ਰਭੂ ਨਾਲ ਕੌਲ-ਕਰਾਰ ਹੈ। ਆਦਰਸ਼ ਕਾਰਜ ਦੀ ਪੂਰਤੀ ਨਹੀਂ, ਪ੍ਰਭੂ ਨਾਲ ਜੁੜਨ ਦਾ ਅਵਸਰ ਜਾਣ ਉਸ ਨਾਲ ਜੁੜਨ ਦਾ ਉਪਰਾਲਾ ਹੈ।

[*ਨੋਟ :* ਇੱਥੇ ਅਸੀਂ ਸਿਰਫ਼ ਗੁਰਮਤਿ ਵਿਚ ਅਰਦਾਸ ਦੇ ਮਨੋਰਥ ਦੀ ਚਰਚਾ ਕੀਤੀ ਹੈ; ਇਸ ਪੱਖ ਨੂੰ ਨਹੀਂ ਛੋਹਿਆ ਗਿਆ ਕਿ ਅਮਲੀ ਰੂਪ ਵਿਚ ਅਸੀਂ ਕਿੰਨਾ ਕੁ ਮੰਨਦੇ ਹਾਂ ਅਤੇ ਨਾ ਹੀ ਅਰਦਾਸ ਨਾਲ ਜੁੜੇ ਹੋਰ ਦੂਜੇ ਪਹਿਲੂਆਂ ਦੀ ਚਰਚਾ ਕੀਤੀ ਹੈ। ਇੱਥੇ ਕੇਵਲ ਅਰਦਾਸ ਦੇ ਮਨੋਰਥ ਸੰਬੰਧੀ ਹੀ ਚਰਚਾ ਕੀਤੀ ਹੈ।]

ਕੀ ਗੁਰੂ ਸਾਹਿਬਾਨ ਨਾਲ ਸੰਬੰਧਤ ਵਸਤੂਆਂ ਦੀ ਮਹੱਤਤਾ ਗੁਰਬਾਣੀ ਨਾਲੋਂ ਵਧੇਰੇ ਹੈ ?

ਇਹ ਗੱਲ ਵਧੇਰੇ ਵਿਆਖਿਆ ਦੀ ਮੁਥਾਜ ਨਹੀਂ ਹੈ ਕਿ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਆਪਣੇ ਸਰੀਰ ਨਾਲ ਨਹੀਂ, ਬਲਕਿ ਗੁਰ-ਸ਼ਬਦ ਨਾਲ ਜੋੜਿਆ ਹੈ। ਕਿਸੇ ਵੀ ਗੁਰੂ ਸਾਹਿਬ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬ ਦੀ ਕਿਸੇ ਵਸਤੂ ਆਦਿ ਨੂੰ, ਕਿਸੇ ਵੀ ਰੂਪ ਵਿਚ ਗੁਰਬਾਣੀ ਨਾਲੋਂ ਵਧੇਰੇ ਮਹੱਤਵ ਨਹੀਂ ਦਿੱਤਾ; ਅਤੇ ਨਾ ਕਿਸੇ ਗੁਰੂ ਸਾਹਿਬ ਨੇ ਆਪ ਜਾਂ ਸੰਗਤਾਂ ਨੂੰ ਉਚੇਚੇ ਤੌਰ 'ਤੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਦੀ ਵਸਤੂ ਨੂੰ ਦੇਖਣ ਦੀ ਇੱਛਾ ਜ਼ਾਹਰ ਕੀਤੀ ਸੀ। ਸਮੂਹ ਗੁਰੂ ਸਾਹਿਬਾਨ ਨੇ ਆਪੋ-ਆਪਣੇ ਸਮੇਂ ਸਿੱਖ ਸੰਗਤਾਂ ਨੂੰ ਸ਼ਬਦ ਦੀ ਮਹੱਤਤਾ ਹੀ ਦ੍ਰਿੜ੍ਹ ਕਰਾਈ ਹੈ।

ਸਾਡੇ ਇਤਿਹਾਸ ਵਿਚ ਭਾਵੇਂ ਬਹੁਤ ਕੁਝ ਅਜਿਹਾ ਲਿਖਿਆ ਹੋਇਆ ਹੈ, ਜੋ ਗੁਰਬਾਣੀ ਦੀ ਕਸਵੱਟੀ ਉੱਤੇ ਪੂਰਾ ਨਹੀਂ ਉਤਰਦਾ, ਪਰ ਫਿਰ ਵੀ ਕਿਤੇ ਕਿਤੇ ਗੁਰਮਤਿ ਦੀ ਜੀਵਨ-ਜੁਗਤਿ ਨੂੰ ਬਹੁਤ ਹੀ ਸਪੱਸ਼ਟ ਰੂਪ ਵਿਚ ਦਰਸਾਇਆ ਹੋਇਆ ਹੈ। ਗੁਰੂ ਸਾਹਿਬਾਨ ਵੱਲੋਂ ਸਮੇਂ ਸਮੇਂ ਸਿੱਖ ਸੰਗਤਾਂ ਨੂੰ ਗੁਰ-ਸ਼ਬਦ ਦੀ ਮਹਿਮਾ ਦ੍ਰਿੜ੍ਹ ਕਰਾਉਣ ਦਾ ਇਤਿਹਾਸ ਵਿਚ ਕਈ ਥਾਈਂ ਵਰਣਨ ਕੀਤਾ ਹੋਇਆ ਹੈ। ਉਦਾਹਰਣ ਵਜੋਂ ਭਾਈ ਸੰਤੋਖ ਸਿੰਘ ਜੀ 'ਗੁਰੂ ਨਾਨਕ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੇ' ਪ੍ਰਸੰਗ ਵਿਚ ਲਿਖਦੇ ਹਨ ਕਿ ਗੁਰੂ ਨਾਨਕ ਸਾਹਿਬ ਸੰਗਤਾਂ ਦੀ ਵਿਆਕੁਲਤਾ ਨੂੰ ਦੇਖ ਗੁਰਬਾਣੀ ਦੀ ਜੀਵਨ-ਜੁਗਤਿ ਸਮਝਾਉਂਦਿਆਂ ਹੋਇਆਂ ਕਿਹਾ :

ਤਨ ਸਨੇਹ ਸਭਿ ਝੂਠੋਂ ਜਾਨਹੁ। ਕਿਉਂ ਬਿਖਾਦ ਏਤੇ ਮਨ ਠਾਨਹੁ।
ਦੇਹਿ ਮਿਲਨਿ ਬਿਛਰਨਿ ਇਸ ਭਾਂਤੀ। ਹੋਤਿ ਦਿਵਸ ਪੁਨ ਆਵਹਿ ਰਾਤੀ ॥੭॥
ਜੇ ਨਰ ਮਿਲੇ ਸ਼ਬਦ ਕੈ ਸੰਗਾ। ਰਹੇ ਸਦੀਵ ਰਾਚਿ ਤਿਹ ਰੰਗਾ।
ਤੇ ਨਹਿੰ ਬਿਛੁਰਹਿੰ ਬਹੁਰਿ ਕਦਾਈਂ। ਜਿਉਂ ਨੀਰਹਿ ਮੈਂ ਨੀਰ ਸਮਾਈ ॥੮॥
ਮੁਝਸੋਂ ਮਿਲਨੇ ਕੀ ਜਿਹ ਚਾਹੀ। ਸਦਾ ਬਿਛੁਰਨੋ ਭਾਵਹਿ ਨਾਂਹੀ।
ਸੋ ਨਰ ਸ਼ਬਦਿ ਕਰਹਿੰ ਅੱਭਿਆਸੇ। ਸ੍ਰਵਨ ਮਨਨਿ, ਨਿਤ ਪ੍ਰਤਿ ਨਿੱਧਜਾਸੇ ॥੯॥
ਨਿਰਸੰਦੇਹ ਮਿਲੈਂ ਮੁਝ ਸੰਗਾ। ਬਹੁਰ ਨ ਬਿਛੁਰੈਂ ਹੂੰ ਇਕਰੰਗਾ।

(ਸ੍ਰੀ ਗੁਰ ਨਾਨਕ ਪ੍ਰਕਾਸ਼, ਉਤਰਾਰਧ, ਅਧਿ: 56)

ਗੁਰਮਤਿ ਦੇ ਇਸ ਸਿਧਾਂਤ ਸੰਬੰਧੀ ਗੁਰੂ ਅਮਰਦਾਸ ਜੀ ਨੇ ਇੰਜ ਆਖਿਆ ਹੈ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥

(ਵਾਰ ਵਡਹੰਸ ਮਹਲਾ ੩, ਪੰਨਾ 594)

ਸਤਿਗੁਰੂ ਜੀ ਨੇ ਸਾਨੂੰ ਸ਼ਬਦ-ਗੁਰੂ, ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਹੈ ਨਾ ਕਿ ਪੰਜ ਭੂਤਿਕ ਸਰੀਰ ਦੇ; ਵਸਤੂਆਂ ਦੀ ਗੱਲ ਤਾਂ ਬੜੀ ਦੂਰ ਦੀ ਹੈ। ਹਾਂ, ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਗੁਰੂ ਸਾਹਿਬਾਨ ਨੇ ਕੁਝ ਗੁਰਸਿੱਖਾਂ ਨੂੰ ਆਪਣੀਆਂ ਕੁਝ ਵਸਤੂਆਂ ਬਖ਼ਸ਼ੀਆਂ ਸਨ, ਪ੍ਰੰਤੂ ਜਿਸ ਤਰ੍ਹਾਂ ਪਿਛਲੇ ਕੁਝ ਸਮੇਂ ਤੋਂ ਗੁਰੂ ਸਾਹਿਬਾਨ ਨਾਲ ਸੰਬੰਧਤ ਵਸਤੂਆਂ ਦਾ ਕਈ ਵਿਅਕਤੀਆਂ ਵੱਲੋਂ ਦਾਅਵੇ ਕੀਤੇ ਜਾ ਰਹੇ ਹਨ, ਉਨ੍ਹਾਂ ਨੂੰ ਸੱਚ ਮੰਨਣਾ ਕਠਿਨ ਹੈ। ਇਸ ਲਈ ਕਈ ਸੱਜਣਾਂ ਵੱਲੋਂ ਗੁਰੂ ਸਾਹਿਬਾਨ ਨਾਲ ਸੰਬੰਧਤ ਵਸਤੂਆਂ ਬਾਰੇ ਜੋ ਦਾਅਵੇ ਕੀਤੇ ਜਾ ਰਹੇ ਹਨ ਉਨ੍ਹਾਂ ਦੀ ਘੋਖਵੀਂ ਜਾਂਚ-ਪੜਤਾਲ ਕਰਨ ਦੀ ਲੋੜ ਹੈ। ਚੂੰਕਿ ਦਿਨ-ਬਦਿਨ ਗੁਰੂ ਸਾਹਿਬਾਨ ਨਾਲ ਸੰਬੰਧਤ ਵਸਤੂਆਂ ਦੀ ਗਿਣਤੀ ਵਿਚ ਵਾਧਾ ਹੋਈ ਜਾ ਰਿਹਾ ਹੈ।

ਸਾਨੂੰ ਇਹ ਗੱਲ ਹਮੇਸ਼ਾ ਚੇਤੇ ਰੱਖਣ ਦੀ ਲੋੜ ਹੈ ਕਿ ਗੁਰੂ ਸਾਹਿਬਾਨ ਨੇ ਜਿਸ ਢੰਗ-ਤਰੀਕੇ ਨਾਲ ਮਨੁੱਖਤਾ ਦੀ ਕਲਿਆਣ (ਕਰਨ ਦੀ ਗੱਲ ਕਹੀ) ਹੈ, ਉਸ ਨੂੰ ਕਿਸੇ ਇਕ ਵਿਅਕਤੀ, ਸੰਸਥਾ, ਇਲਾਕੇ ਆਦਿ ਦੀ ਨਿੱਜੀ ਮਲਕੀਅਤ ਨਹੀਂ ਬਣਾਇਆ। ਗੁਰਦੇਵ ਅਨੁਸਾਰ ਮਨੁੱਖਤਾ ਦੀ ਕਲਿਆਣ ਕੇਵਲ ਤੇ ਕੇਵਲ ਗੁਰਬਾਣੀ ਦੀ ਵਿਚਾਰਧਾਰਾ ਅਨੁਸਾਰ ਜ਼ਿੰਦਗੀ ਗੁਜ਼ਾਰਨ ਵਿਚ ਹੀ ਹੈ। ਇਸ ਲਈ ਮਹਾਰਾਜ ਨੇ ਇਸ ਨੂੰ ਕਿਸੇ ਦੀ ਨਿੱਜੀ ਮਲਕੀਅਤ ਨਹੀਂ ਬਣਾਇਆ। ਇਸ ਲਈ ਸਤਿਗੁਰੂ ਜੀ ਨੇ ਇਸ ਬਖ਼ਸ਼ਸ਼ ਨੂੰ ਗੁਰਬਾਣੀ ਦੇ ਰੂਪ ਵਿਚ ਸਮੁੱਚੀ ਹੀ ਮਨੁੱਖਤਾ ਨੂੰ ਪ੍ਰਦਾਨ ਕੀਤਾ ਹੈ।

ਇਹ ਕਿੰਨੀ ਹੈਰਾਨਗੀ ਦੀ ਗੱਲ ਹੈ ਕਿ ਜਿਸ ਖ਼ਾਲਸਾ ਪੰਥ ਨੂੰ ਸਤਿਗੁਰੂ ਜੀ ਨੇ ਕੇਵਲ ਇਕ ਅਕਾਲ ਪੁਰਖ ਦੇ ਲੜ ਲਾਇਆ ਸੀ, ਉਸ ਨੇ ਗੁਰੂ ਸਾਹਿਬਾਨ ਦੀ ਸਿੱਖਿਆ ਦੇ ਵਿਰੁੱਧ, ਕਈ ਥਾਈਂ ਗੁਰੂ ਸਾਹਿਬਾਨ ਦੀਆਂ ਵਸਤੂਆਂ ਨੂੰ ਹੀ ਪੂਜਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੇ ਇਕ ਪ੍ਰਸਿੱਧ ਨਗਰ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਜੋੜਾ ਹੈ। ਉਸ ਜੋੜੇ ਨੂੰ ਸੰਗਤਾਂ ਆਪਣੇ ਘਰਾਂ ਵਿਚ ਬੜੀ ਸ਼ਰਧਾ ਨਾਲ ਲੈ ਕੇ ਜਾਂਦੀਆਂ ਹਨ। ਜਿਵੇਂ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨੂੰ ਘਰ ਆਦਿ ਲੈ ਕੇ ਜਾਣ ਸਮੇਂ ਕਈ ਸੱਜਣ ਪਾਣੀ ਦਾ ਤੁਬਕਾ-ਤੁਬਕਾ ਛਿੜਕਦੇ ਜਾਂਦੇ ਹਨ, ਉਸੇ ਤਰ੍ਹਾਂ ਹੀ ਸ਼ਰਧਾਲੂ ਗੁਰੂ ਸਾਹਿਬ ਦੇ ਜੋੜੇ ਦੇ ਅੱਗੇ ਪਾਣੀ ਛਿੜਕਦੇ ਜਾਂਦੇ ਹਨ। ਇੰਨਾ ਹੀ ਨਹੀਂ, ਕੜਾਹ ਪ੍ਰਸ਼ਾਦ ਤਿਆਰ ਕਰ ਕੇ ਜੋੜੇ ਦੇ ਸਨਮੁਖ ਖੜ੍ਹੇ ਹੋ ਕੇ ਅਰਦਾਸ ਕੀਤੀ ਜਾਂਦੀ ਹੈ। ਇਕ ਹੋਰ ਪਿੰਡ ਇਸਮਾਇਲਾਬਾਦ (ਪਿੰਡ ਡਲਹੇੜੀ) (ਜ਼ਿਲ੍ਹਾ ਕੁਰੂਕਸ਼ੇਤਰ) ਵਿਖੇ ਇਕ ਜੋੜ ਮੇਲਾ ਗੁਰੂ ਅਮਰਦਾਸ ਜੀ ਦੀ ਜੁੱਤੀ (ਜੋੜੇ) ਦੇ ਸੰਬੰਧ ਵਿਚ ਕਰਵਾਇਆ ਜਾਂਦਾ ਹੈ। ਪ੍ਰਬੰਧਕਾਂ ਵੱਲੋਂ ਇਹ ਪ੍ਰਚਾਰਿਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਪੈਰ ਦੀ ਇਕ ਜੁੱਤੀ 'ਸੱਚਨ ਸੱਚ' ਨਾਮੇ ਸੇਵਕ ਨੂੰ ਦੇ ਕੇ ਨਾਲ ਤਿੰਨ

ਵਰ ਵੀ ਦਿੱਤੇ ਸਨ ਕਿ ਜਿਨ੍ਹਾਂ ਨਾਲ ਬੀਮਾਰੀਆਂ ਠੀਕ ਹੁੰਦੀਆਂ ਹਨ। ਜੁੱਤੀ ਨੂੰ ਦੀਵਾਨ ਹਾਲ ਵਿਚ ਲਿਜਾ ਕੇ ਇਸ ਦੀ ਅਰਦਾਸ ਕਰ ਕੇ, ਫਿਰ ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਨ ਲਈ ਅਰਦਾਸਾ ਕੀਤਾ ਜਾਂਦਾ ਹੈ।

ਗੁਰੂ ਸਾਹਿਬ ਦੀਆਂ ਕਈ ਵਸਤੂਆਂ ਬਾਰੇ ਇਹ ਵੀ ਪ੍ਰਚਾਰਿਆ ਜਾ ਰਿਹਾ ਹੈ ਕਿ ਇਨ੍ਹਾਂ ਅੱਗੇ ਅਰਦਾਸ ਕਰਨ ਨਾਲ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ। ਪੰਜਾਬ ਦੇ ਇਕ ਹੋਰ ਪ੍ਰਸਿੱਧ ਇਤਿਹਾਸਕ ਨਗਰ ਵਿਚ ਇਕ ਰੱਥ ਹੈ। ਇਸ ਬਾਰੇ ਇਹ ਕਿਹਾ ਜਾ ਰਿਹਾ ਹੈ ਕਿ ਇਹ ਉਹ ਰੱਥ ਹੈ, ਜਿਸ ਰੱਥ 'ਤੇ ਮਾਤਾ ਗੰਗਾ ਜੀ ਸਵਾਰ ਹੋ ਕੇ ਬਾਬਾ ਬੁੱਢਾ ਜੀ ਕੋਲ ਪੁੱਤਰ ਦਾ ਵਰ ਪ੍ਰਾਪਤ ਕਰਨ ਲਈ ਗਏ ਸਨ।

[ਨੋਟ : ਧਿਆਨ ਰਹੇ ਗੁਰਮਤਿ ਦੀ ਵਿਚਾਰਧਾਰਾ ਅਨੁਸਾਰ ਰੱਬੀ ਨਿਯਮ ਨੂੰ ਵਰ ਜਾਂ ਸਰਾਪ ਨਾਲ ਬਦਲਿਆ ਨਹੀਂ ਜਾ ਸਕਦਾ।]

ਇਸ ਰੱਥ ਦੇ ਸੰਬੰਧ ਵਿਚ ਚਰਚਾ ਕਰਦਿਆਂ ਇਸ ਪਰਿਵਾਰ ਦਾ ਇਕ ਮੈਂਬਰ ਲਿਖਦਾ ਹੈ :

> ਇਸ ਤਰ੍ਹਾਂ ਇਹ ਇਤਿਹਾਸਕ ਰੱਥ ਮੀਨਾਕਾਰੀ ਅਤੇ ਮਜ਼ਬੂਤੀ ਪੱਖੋਂ ਆਪਣੀ ਮਿਸਾਲ ਆਪ ਹੈ ਤੇ ਅੱਜ ਵੀ ਦੇਖਣ ਵਿਚ ਬਿਲਕੁਲ ਨਵਾਂ ਜਾਪਦਾ ਹੈ। ਰੱਥ ਬਾਰੇ ਇਹ ਜਾਣਕਾਰੀ ਦੇਣ ਪਿੱਛੋਂ ਫਿਰ ਲੇਖਕ ਜੀ ਲਿਖਦੇ ਹਨ ਕਿ ਇਸ ਰੱਥ ਦੀ ਮਹੱਤਤਾ ਉਸ ਸਮੇਂ ਹੋਰ ਵੀ ਵਧ ਜਾਂਦੀ ਹੈ, ਜਦੋਂ ਸਿੱਖ ਸੰਗਤਾਂ ਦਰਸ਼ਨ ਕਰ ਕੇ ਆਪਣੀਆਂ ਸੁੱਖਾਂ ਪੂਰੀਆਂ ਕਰਵਾਉਂਦੀਆਂ ਹਨ।
>
> *('ਭਾਈ ਰੂਪਾ ਵਿਖੇ ਰੱਥ ਦੀ ਇਤਿਹਾਸਕ ਮਹਾਨਤਾ' ਵਿੱਚੋਂ)*

ਇਕ ਹੋਰ ਲੇਖਕ ਜੀ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹਰਿਗੋਪਾਲ (ਉਜੈਨ) ਨਾਮੇ ਬਾਣੀਏ ਨੂੰ ਸਰਬ ਲੋਹ ਦਾ ਕੜਾ ਦੇ ਕੇ ਆਖਿਆ :

> ਜਦ ਵੀ ਮਨ ਦੇ ਅੰਦਰ ਕੋਈ ਕਾਮਨਾ ਹੋਵੇ, ਇਸ ਕੜੇ ਨੂੰ ਪੂਜਣਾ, ਅਰਦਾਸ ਕਰਨੀ, ਕਾਰਜ ਪੂਰਾ ਹੋਵੇਗਾ।
>
> *('ਖ਼ਾਲਸੇ ਦੀ ਇਕ ਸੌ ਇਕ ਅਰਦਾਸ' ਵਿੱਚੋਂ)*

ਇਨ੍ਹਾਂ ਸੱਜਣਾਂ ਦੀਆਂ ਇਹ ਲਿਖਤਾਂ ਕਿੰਨੀਆਂ ਕੁ ਗੁਰਮਤਿ ਦੇ ਆਸ਼ੇ ਅਨੁਸਾਰ ਹਨ, ਪਾਠਕ ਆਪ ਹੀ ਅੰਦਾਜ਼ਾ ਲਗਾ ਲੈਣ। ਗੁਰੂ ਸਾਹਿਬ ਨਾਲ ਸੰਬੰਧਤ ਹੋਰ ਵਸਤੂਆਂ ਬਾਰੇ ਵੀ ਇਸ ਤਰ੍ਹਾਂ ਦਾ (ਗੁਮਰਾਹਕੁੰਨ) ਪ੍ਰਚਾਰ ਕੀਤਾ ਜਾ ਰਿਹਾ ਹੈ। ਤਖ਼ਤ ਦਮਦਮਾ ਸਾਹਿਬ ਵਿਖੇ ਇਕ ਪੁਰਾਤਨ ਸ਼ੀਸ਼ੇ ਬਾਰੇ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਹੈ ਕਿ ਜਿਹੜਾ ਵੀ ਕੋਈ ਪ੍ਰਾਣੀ ਸ਼ਰਧਾ ਪ੍ਰੇਮ ਨਾਲ ਤਿੰਨ ਦਿਨ ਛੋਲਿਆਂ ਦੇ ਦਾਣੇ ਚੱਬਦਿਆਂ, ਅਰਦਾਸ ਕਰਦਾ ਹੋਇਆ ਇਸ ਸ਼ੀਸ਼ੇ ਨੂੰ ਦੇਖੇਗਾ, ਉਸ ਦਾ ਅਧਰੰਗ ਅਤੇ ਹੋਰ ਮੂੰਹ ਦੀਆਂ ਸਾਰੀਆਂ ਬੀਮਾਰੀਆਂ ਦੂਰ ਹੋ ਜਾਣਗੀਆਂ। ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਆਦਿ ਤਖ਼ਤਾਂ ਵਿਖੇ ਵੀ ਗੁਰਮਤਿ ਦੀਆਂ ਉੱਚ ਕਦਰਾਂ-ਕੀਮਤਾਂ ਨੂੰ ਜਿਸ ਤਰ੍ਹਾਂ ਨਾਲ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਹੈ, ਸਿੱਖ ਜਗਤ ਇਸ ਤੋਂ ਭਲੀ ਪ੍ਰਕਾਰ ਜਾਣੂੰ ਹੈ।

ਇਤਿਹਾਸਕ ਵਸਤੂਆਂ ਦੀ ਇਤਿਹਾਸਕ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ

ਜਾ ਸਕਦਾ। ਇਨ੍ਹਾਂ ਦੀ ਇਤਿਹਾਸਕ ਮਹੱਤਤਾ ਕਈ ਪੱਖਾਂ ਤੋਂ ਬੜੀ ਮਹੱਤਵਪੂਰਨ ਹੈ। ਪ੍ਰੰਤੂ ਅਧਿਆਤਮਕ ਖੇਤਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਦੀ ਹੀ ਮਹੱਤਤਾ ਹੈ। ਸਾਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਗੁਰੂ ਸਾਹਿਬਾਨ ਨੇ ਕਿਸੇ ਵੀ ਪ੍ਰਾਣੀ ਨੂੰ ਸ਼ਸਤਰ ਜਾਂ ਕੋਈ ਹੋਰ ਆਪਣੇ ਨਾਲ ਸੰਬੰਧਤ ਵਸਤੂ ਪੂਜਨ ਲਈ ਬਖ਼ਸ਼ਸ਼ ਨਹੀਂ ਕੀਤੀ। ਪਿਛਲੇ ਕੁਝ ਸਮੇਂ ਤੋਂ ਇਨ੍ਹਾਂ ਇਤਿਹਾਸਕ ਵਸਤੂਆਂ ਦੇ ਪ੍ਰਤੀ ਸਿੱਖ ਸੰਗਤਾਂ ਵਿਚ ਉਤਸ਼ਾਹ ਦੇਖ ਕਈ ਸੱਜਣਾਂ ਨੇ ਨਕਲੀ ਸ਼ਸਤਰਾਂ ਨੂੰ ਗੁਰੂ ਸਾਹਿਬਾਨ ਦੇ ਦੱਸ ਕੇ, ਸੰਗਤਾਂ ਦੀ ਸ਼ਰਧਾ ਦਾ ਖ਼ਾਸਾ ਮਾਇਕ ਲਾਭ ਉਠਾਇਆ ਹੈ। ਕਈ ਜ਼ਿੰਮੇਵਾਰ ਵਿਅਕਤੀਆਂ ਅਤੇ ਸੰਸਥਾਵਾਂ ਨੇ, ਜਿਨ੍ਹਾਂ ਪਰਿਵਾਰਾਂ ਪਾਸ ਇਹ ਵਸਤੂਆਂ ਹਨ, ਉਨ੍ਹਾਂ ਨਾਲ ਸੌਦੇਬਾਜ਼ੀ ਕਰਨ ਤੋਂ ਵੀ ਸੰਕੋਚ ਨਹੀਂ ਕੀਤਾ। ਅਸੀਂ ਉਨ੍ਹਾਂ ਪਰਿਵਾਰਾਂ ਅੱਗੇ ਆਪਣਾ ਸਿਰ ਝੁਕਾਉਂਦੇ ਹਾਂ ਜਿਹੜੇ ਗੁਰੂ ਸਾਹਿਬ ਨਾਲ ਸੰਬੰਧਤ ਵਸਤੂਆਂ ਨੂੰ ਉਸ ਰੂਪ ਵਿਚ ਹੀ ਵੇਖਦੇ ਅਥਵਾ ਪ੍ਰੇਰਨਾ ਲੈਂਦੇ ਹਨ, ਜਿਸ ਤਰ੍ਹਾਂ ਇਨ੍ਹਾਂ ਦੇ ਉਹ ਬਜ਼ੁਰਗ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਇਹ ਵਸਤੂਆਂ ਬਖ਼ਸ਼ੀਆਂ ਸਨ।

[ਨੋਟ : ਧਿਆਨ ਰਹੇ ਇਹ ਵਸਤੂਆਂ ਗੁਰੂ ਸਾਹਿਬ ਨੇ ਕਿਸੇ ਗੁਰਸਿੱਖ ਨੂੰ ਪ੍ਰਚਾਰ ਲਈ, ਕਿਸੇ ਨੂੰ ਲੰਗਰ ਆਦਿ ਦੀ ਸੇਵਾ ਲਈ ਅਤੇ ਕਿਸੇ ਨੂੰ ਬਦੀ ਦੀਆਂ ਤਾਕਤਾਂ ਨਾਲ ਮੁਕਾਬਲਾ ਕਰਨ ਲਈ, ਮਜ਼ਲੂਮ ਦੀ ਰਾਖੀ ਲਈ ਬਖ਼ਸ਼ਸ਼ ਕੀਤੀਆਂ ਸਨ।]

ਪ੍ਰੰਤੂ ਜਿਨ੍ਹਾਂ ਪਰਿਵਾਰਾਂ ਨੇ ਇਨ੍ਹਾਂ ਵਸਤੂਆਂ ਨੂੰ ਸੰਗਤਾਂ ਪਾਸੋਂ ਕੇਵਲ ਮਾਇਆ ਬਟੋਰਨ ਦਾ ਹੀ ਸਾਧਨ ਬਣਾ ਲਿਆ ਹੈ, ਉਨ੍ਹਾਂ ਦੇ ਸੰਬੰਧ ਵਿਚ ਇਤਨਾ ਹੀ ਆਖਣਾ ਚਾਹੁੰਦੇ ਹਾਂ ਕਿ ਉਹ ਕੇਵਲ ਗੁਰੂ ਸਾਹਿਬ ਦਾ ਹੀ ਨਹੀਂ, ਬਲਕਿ ਆਪਣੇ ਵਡੇਰਿਆਂ ਦਾ ਵੀ ਅਪਮਾਨ ਕਰ ਰਹੇ ਹਨ। ਸੰਗਤਾਂ ਨੂੰ ਅਜਿਹੇ ਲੋਕਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ ਵਾਲੇ ਸੱਜਣਾਂ ਨੂੰ ਵੀ ਚਾਹੀਦਾ ਹੈ ਕਿ ਉਹ ਗੁਰਮਤਿ ਦੀਆਂ ਕਦਰਾਂ-ਕੀਮਤਾਂ ਨੂੰ ਹੀ ਆਮ ਸੰਗਤਾਂ ਤਕ ਪਹੁੰਚਾਉਣ ਦਾ ਉਪਰਾਲਾ ਕਰਨ ਅਤੇ ਅਜਿਹਾ ਕਦਮ ਉਠਾਉਣ ਤੋਂ ਗੁਰੇਜ਼ ਕਰਨ, ਜਿਸ ਨਾਲ ਸੰਗਤਾਂ ਗੁਰ-ਸ਼ਬਦ ਨਾਲੋਂ ਕਿਸੇ ਹੋਰ ਚੀਜ਼ ਨੂੰ ਵਧੇਰੇ ਮਹੱਤਤਾ ਦੇਣ ਲੱਗ ਪੈਣ। (ਸੰਗਤਾਂ ਨੂੰ ਯਾਦ ਹੋਵੇਗਾ ਕਿ ਕਿਵੇਂ ਪਿਛਲੇ ਕੁਝ ਸਮੇਂ ਵਿਚ, ਜਿਸ ਪਰਿਵਾਰ ਪਾਸ ਗੰਗਾਸਾਗਰ ਹੈ, ਉਨ੍ਹਾਂ ਨਾਲ ਖ਼ਾਸ ਤੌਰ 'ਤੇ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੀਆਂ ਕੁਝ ਸਭਾ ਸੁਸਾਇਟੀਆਂ ਨੇ ਸੰਪਰਕ ਕਰ ਕੇ ਇਨ੍ਹਾਂ ਦੇਸ਼ਾਂ ਵਿਚ ਮੰਗਾਇਆ ਅਤੇ ਬਾਅਦ ਵਿਚ ਕਈ ਥਾਈਂ ਪੈਸਿਆਂ ਦੀ ਵੰਡ-ਵੰਡਾਈ ਨੂੰ ਲੈ ਕੇ ਸਭਾ ਸੁਸਾਇਟੀ ਦੇ ਮੈਂਬਰਾਂ ਅਤੇ ਪਰਿਵਾਰ ਵਿਚ ਮਤਭੇਦ ਪੈਦਾ ਹੋ ਗਏ ਸਨ।) ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਜੋ ਅਤਿ ਅਮੋਲਕ ਵਸਤੂ ਦੀ ਬਖ਼ਸ਼ਸ਼ ਕੀਤੀ ਹੈ, ਇਸ ਤੋਂ ਉਪਰ ਉਨ੍ਹਾਂ ਪਾਸ ਹੋਰ ਕੋਈ ਅਮੋਲਕ ਵਸਤੂ ਨਹੀਂ ਸੀ। ਹਜ਼ੂਰ ਦੀਆਂ ਨਜ਼ਰਾਂ ਵਿਚ ਜੇਕਰ ਕੋਈ ਹੋਰ ਅਮੋਲਕ ਵਸਤੂ ਹੁੰਦੀ, ਤਾਂ ਉਹ ਜ਼ਰੂਰ ਖ਼ਾਲਸਾ ਪੰਥ ਨੂੰ ਬਖ਼ਸ਼ਸ਼ ਕਰ ਜਾਂਦੇ।

[ਨੋਟ : ਉਂਜ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਵੀ ਕਈਆਂ ਨੇ ਮਾਇਆ ਬਟੋਰਨ ਦਾ ਹੀ

ਇਕ ਸਾਧਨ ਬਣਾ ਲਿਆ ਹੋਇਆ ਹੈ, ਪਰ ਅਸੀਂ ਇੱਥੇ ਕੇਵਲ ਸ਼ਸਤਰਾਂ, ਵਸਤੂਆਂ ਆਦਿ ਦੀ ਚਰਚਾ ਤਕ ਹੀ ਉੱਤਰ ਨੂੰ ਸੀਮਤ ਰੱਖ ਰਹੇ ਹਾਂ।]

ਅਸੀਂ ਪਾਠਕਾਂ ਦਾ ਇਸ ਪਹਿਲੂ ਵੱਲ ਵੀ ਧਿਆਨ ਦੁਆਉਣਾ ਚਾਹੁੰਦੇ ਹਾਂ ਕਿ ਕਈ ਵਿਅਕਤੀ ਪੁਰਾਣੇ ਸ਼ਸਤਰਾਂ ਆਦਿ ਨੂੰ ਗੁਰੂ ਸਾਹਿਬ ਦੇ ਦੱਸ ਕੇ, ਅਤੇ ਕਈ ਗੁਰੂ ਗ੍ਰੰਥ ਸਾਹਿਬ ਦੀਆਂ ਪੁਰਾਤਨ ਬੀੜਾਂ ਨੂੰ ਬਾਬਾ ਦੀਪ ਸਿੰਘ ਜੀ ਆਦਿ ਗੁਰਸਿੱਖਾਂ ਦੀਆਂ ਹੱਥ-ਲਿਖਤ ਆਖ ਕੇ ਸੰਗਤਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ। ਪਿੱਛੇ ਜਿਹੇ ਵੈਨਕੂਵਰ ਵਿਚ ਹੀ ਇਕ ਪੱਥਰ-ਛਾਪ ਬੀੜ ਨੂੰ ਬਾਬਾ ਦੀਪ ਸਿੰਘ ਜੀ ਦੀ ਹੱਥ-ਲਿਖਤ ਬੀੜ ਆਖ ਕੇ, ਸਟੇਜਾਂ 'ਤੇ ਪ੍ਰਚਾਰਿਆ ਗਿਆ।

[ਨੋਟ : ਗੁਰੂ ਗ੍ਰੰਥ ਸਾਹਿਬ ਗੁਰੂ ਹਨ, ਬੀੜ ਪੁਰਾਤਨ ਹੈ ਜਾਂ ਨਵੀਂ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜਿੱਥੋਂ ਤੀਕ ਪੁਰਾਤਨ ਬੀੜਾਂ ਦੀ ਇਤਿਹਾਸਕ ਮਹੱਤਤਾ ਦਾ ਸਵਾਲ ਹੈ, ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਹੈ। ਜਿਨ੍ਹਾਂ ਤੋਂ ਅਸੀਂ ਕਈ ਪਾਠ-ਭੇਦ, ਮੰਗਲਾਚਰਨ ਦਾ ਸਥਾਨ ਆਦਿ ਨੂੰ ਦੇਖ ਕੇ ਉਸਾਰੂ ਸਿੱਟੇ ਕੱਢ ਸਕਦੇ ਹਾਂ।]

ਇਕ ਅਕਾਲ ਦੇ ਪੁਜਾਰੀਆਂ ਦੇ ਅਗਿਆਨ ਭਰਪੂਰ ਸ਼ਰਧਾ ਦਾ ਇਕ ਰੂਪ ਅੱਜ ਤੋਂ ਕੋਈ ਢਾਈ ਕੁ ਸਾਲ ਪਹਿਲਾਂ, (ਦਿੱਲੀ ਦੇ ਕੁਝ ਇਲਾਕਿਆਂ ਵਿਚ) ਅੱਖੀਂ ਦੇਖਣ ਵਾਲੇ ਸੱਜਣ ਨੇ ਦੱਸਿਆ ਕਿ ਇਕ ਨਿਹੰਗ ਬਾਣੇ ਵਿਚ ਵਿਚਰ ਰਹੇ ਵਿਅਕਤੀ ਨੇ ਸਿੱਖ ਸੰਗਤਾਂ ਨੂੰ ਇਹ ਕਹਿ ਕੇ ਘੋੜੇ ਦੀ ਲਿੱਦ ਪ੍ਰਸ਼ਾਦ ਰੂਪ ਵਿਚ ਵੰਡਣੀ ਸ਼ੁਰੂ ਕੀਤੀ ਕਿ ਇਹ ਲਿੱਦ ਗੁਰੂ ਗੋਬਿੰਦ ਸਿੰਘ ਜੀ ਦੇ ਘੋੜੇ ਦੀ ਨਸਲ ਵਿੱਚੋਂ ਪੈਦਾ ਹੋਏ ਘੋੜੇ ਦੀ ਹੈ। ਸੰਗਤਾਂ ਉਸ (ਲਿੱਦ) ਨੂੰ ਬੜੀ ਸ਼ਰਧਾ ਪਿਆਰ ਨਾਲ ਆਪਣੇ ਘਰ ਲੈ ਕੇ ਗਈਆਂ।

ਸੋ, ਗੁਰੂ ਸਾਹਿਬ ਨਾਲ ਸੰਬੰਧਤ ਵਸਤੂਆਂ ਦੀ ਗੁਰੂ ਗ੍ਰੰਥ ਸਾਹਿਬ ਨਾਲੋਂ ਵਧੇਰੇ ਮਹੱਤਤਾ ਨਹੀਂ ਹੈ; ਮਹੱਤਤਾ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਦੀ ਹੀ ਹੈ। ਇਨ੍ਹਾਂ ਵਿਚਲੀ ਵਿਚਾਰਧਾਰਾ ਨੂੰ ਹੀ ਪੜ੍ਹ ਸੁਣ ਕੇ ਮਨ ਵਿਚ ਵਸਾਉਣ ਨਾਲ ਹੀ ਸਾਡੀ ਕਲਿਆਣ ਹੈ।

ਭਾਵੇਂ ਇਤਿਹਾਸ ਵਿਚ ਕਈ ਥਾਈਂ ਅਜਿਹੇ ਸੰਕੇਤ ਮਿਲਦੇ ਹਨ ਜਿਨ੍ਹਾਂ ਤੋਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਕਿ ਸ਼ਸਤਰਾਂ ਦੀ ਪੂਜਾ ਖ਼ਾਲਸਾ ਪੰਥ ਵਿਚ ਜਾਇਜ਼ ਹੈ। ਪ੍ਰੰਤੂ ਗੁਰੂ ਕੇ ਸਿੱਖਾਂ ਨੂੰ ਕਿਸੇ ਵੀ ਅਜਿਹੀ ਗੱਲ ਨੂੰ ਨਹੀਂ ਮੰਨਣਾ ਚਾਹੀਦਾ ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਦੇ ਵਿਰੁੱਧ ਹੋਵੇ। "ਪੂਜਾ ਅਕਾਲ ਕੀ" ਵਾਲਾ ਸਿਧਾਂਤ ਚੇਤੇ ਰੱਖਣਾ ਚਾਹੀਦਾ ਹੈ।

ਦੇਖ ਕੇ ਅਣਡਿੱਠ ਕਰਨਾ

ਅਕਾਲ ਪੁਰਖ ਦੇ ਅਣਗਿਣਤ ਗੁਣਾਂ ਵਿੱਚੋਂ ਉਸ ਦਾ ਇਕ ਗੁਣ ਇਹ ਵੀ ਹੈ ਕਿ ਉਹ ਸਾਡੇ ਐਬ ਢਕਣ ਵਾਲਾ ਹੈ:

ਜਿਹ ਪ੍ਰਸਾਦਿ ਤੇਰੇ ਸਗਲ ਛਿਦ੍ਰ ਢਾਕੇ ॥ *(ਗਉੜੀ ਸੁਖਮਨੀ ਮ: ੫, ਪੰਨਾ 270)*

ਗੁਰਬਾਣੀ ਦੀ ਜੀਵਨ-ਜੁਗਤਿ ਵਿਚ ਰੱਬੀ ਗੁਣਾਂ ਨੂੰ ਧਾਰਨ ਕਰਨਾ ਹੀ ਪ੍ਰਭੂ ਨਾਲ ਜੁੜਨ ਦੇ ਲਖਾਇਕ ਦੀ ਧਾਰਨਾ ਹੈ। ਇਸ ਲਈ ਸਤਿਗੁਰੂ ਜੀ ਨੇ ਮਨੁੱਖ ਨੂੰ ਪ੍ਰਭੂ ਦੇ ਐਬ ਢਕਣ ਵਾਲੇ ਗੁਣ ਨੂੰ ਵੀ ਧਾਰਨ ਕਰਨ ਦੀ ਤਾਕੀਦ ਕੀਤੀ ਹੈ। ਇਸ ਨੂੰ ਹੀ ਅਰਦਾਸ ਵਿਚ ਦੇਖ ਕੇ ਅਣਡਿੱਠ ਕਰਨਾ ਕਿਹਾ ਹੈ। ਗੁਰਬਾਣੀ ਦੀ ਜੀਵਨ-ਜੁਗਤਿ ਸਾਨੂੰ ਇਹ ਦ੍ਰਿੜ੍ਹ ਕਰਾਉਂਦੀ ਹੈ ਕਿ ਜੇਕਰ ਤੂੰ ਦੂਜਿਆਂ ਦੇ ਅਉਗੁਣਾਂ, ਕਮਜ਼ੋਰੀਆਂ ਆਦਿ ਨੂੰ ਦੇਖੇਂ ਤਾਂ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕਰ। ਦੂਜਿਆਂ ਦੇ ਅਉਗੁਣਾਂ ਆਦਿ ਨੂੰ ਭੰਡ ਕੇ, ਉਛਾਲ ਕੇ ਉਨ੍ਹਾਂ ਦੇ ਜੀਵਨ ਵਿਚ ਕਠਿਨਾਈਆਂ ਆਦਿ ਵਿਚ ਵਾਧਾ ਕਰਨ ਦੀ ਬਜਾਇ, ਹੋ ਸਕੇ ਤਾਂ ਉਸ ਵਿਅਕਤੀ ਦੀ ਇਸ ਐਬ ਤੋਂ ਛੁਟਕਾਰਾ ਪਾਉਣ ਵਿਚ ਮਦਦ ਕਰ। ਗੁਰਮਤਿ ਦੇ ਸੁਨਹਿਰੀ ਸਿਧਾਂਤ ਨੂੰ ਸਮਝ ਕੇ ਇਸ ਦੀ ਪਾਲਣਾ ਕਰਨ ਵਾਲਿਆਂ ਨੇ ਹਮੇਸ਼ਾ ਹੀ ਇਸ ਦੀ ਪਾਲਣਾ ਕੀਤੀ ਹੈ। ਗੁਰਮਤਿ ਦੇ ਸਿਧਾਂਤਾਂ ਉੱਤੇ ਪਹਿਰਾ ਦੇਣ ਵਾਲੇ ਇਸ ਤੱਥ ਤੋਂ ਭਲੀ ਪ੍ਰਕਾਰ ਜਾਣੂ ਹਨ ਕਿ, 'ਦੇਖ ਕੇ ਅਣਡਿੱਠ ਕਰਨਾ' ਗੁਰਮਤਿ ਦੇ ਮਾਰਗ 'ਤੇ ਚੱਲਣ ਵਾਲਿਆਂ ਦਾ ਇਕ ਉੱਘੜਵਾਂ ਲੱਛਣ ਹੈ। ਗੁਰਦੇਵ ਗੁਰਸਿੱਖਾਂ ਦੇ ਕੰਠ ਰੂਪੀ ਹਿਰਦੇ ਵਿਚ ਦੈਵੀ ਗੁਣਾਂ ਦੇ ਹਾਰ ਵਿਚ ਦੂਜਿਆਂ ਦੇ ਐਬ 'ਤੇ ਪਰਦਾ ਪਾਉਣ ਦਾ ਗੁਣ ਰੂਪੀ ਫੁੱਲ ਵੀ ਵੇਖਣਾ ਚਾਹੁੰਦੇ ਹਨ। ਇਹ ਇਕ ਅਜਿਹਾ ਆਤਮ ਗੁਣ ਹੈ ਜਿਸ ਦੀ ਮਹੱਤਤਾ ਨੂੰ ਆਤਮਕ ਜ਼ਿੰਦਗੀ ਜਿਊਣ ਵਾਲਾ ਹੀ ਸਮਝਦਾ ਹੈ। ਨਿਰਸੰਦੇਹ ਆਪਣੀ ਮੱਤ ਨੂੰ ਮੁੱਖ ਰੱਖਣ ਵਾਲੇ ਮਨਮੱਤੀਏ ਇਸ ਦੈਵੀ ਗੁਣ ਦੀ ਅਹਿਮੀਅਤ ਨੂੰ ਨਹੀਂ ਸਮਝ ਸਕਦੇ। ਚੂੰਕਿ:

> ਹੋਰਨਾਂ ਦੇ ਅਉਗੁਣਾਂ ਨੂੰ ਨਜ਼ਰ-ਅੰਦਾਜ ਕਰ ਸਕਣਾ ਵੱਡੇ ਆਤਮ-ਬਲ ਦੀ ਨਿਸ਼ਾਨੀ ਹੈ। ਇਹ ਮਨੁੱਖੀ ਆਤਮਾ ਦੀ ਇਕ ਅਤਿ ਕੋਮਲ ਪ੍ਰਾਪਤੀ ਹੈ, ਅਤੇ ਉਦਾਰ ਪਹੁੰਚ ਹੈ। ਵੇਖ ਕੇ ਅਣਡਿੱਠ ਕਰਨ ਵਾਲੇ ਦਾ ਹਿਰਦਾ ਬ੍ਰਹਿਮੰਡ ਜੇਡਾ ਮੋਕਲਾ ਹੁੰਦਾ ਹੈ, ਪਰ ਉਸ ਵਿਚ ਹੋਰਨਾਂ ਦੇ ਔਗੁਣ ਟਿਕਾਣ ਜੋਗੀ ਰਤਾ ਜਿੰਨੀ ਥਾਂ ਵੀ ਨਹੀਂ ਹੁੰਦੀ। *(ਡਾਕਟਰ ਜਸਵੰਤ ਸਿੰਘ ਨੇਕੀ)*

ਕਈ ਸੱਜਣ 'ਖਿਮਾ' ਨੂੰ ਹੀ 'ਦੇਖ ਕੇ ਅਣਡਿੱਠ ਕਰਨਾ' ਆਖਦੇ ਹਨ; ਪਰ

ਇਨ੍ਹਾਂ ਦੋਹਾਂ ਵਿਚ ਸਮਾਨਤਾ ਹੁੰਦਿਆਂ ਹੋਇਆਂ ਵੀ ਸੂਖਮ ਅੰਤਰ ਹੈ। ਕਿਸੇ ਦਾ ਅਉਗੁਣ, ਵਧੀਕੀ ਆਦਿ, ਜਿਸ ਦਾ ਆਮ ਤੌਰ 'ਤੇ ਸਾਡੇ ਨਿਜ ਨਾਲ ਹੁੰਦਾ ਹੈ, ਨੂੰ ਦੇਖ ਕੇ ਉਸ ਪ੍ਰਾਣੀ ਨੂੰ ਮੁਆਫ਼ ਕਰ ਦੇਣਾ ਖਿਮਾ ਹੈ, ਪ੍ਰੰਤੂ ਦੂਜਿਆਂ ਦੇ ਐਬ ਆਦਿ, ਜਿਨ੍ਹਾਂ ਦਾ ਸੰਬੰਧ ਜ਼ਰੂਰੀ ਨਹੀਂ ਸਾਡੇ ਨਾਲ ਹੋਵੇ, ਦੇਖ ਕੇ ਉਨ੍ਹਾਂ ਉੱਤੇ ਪਰਦਾ ਪਾਉਣਾ ਅਰਥਾਤ ਉਸ ਵਿਅਕਤੀ ਦੀ ਉਸ ਗ਼ਲਤੀ ਦਾ ਢੰਡੋਰਾ ਪਿੱਟ ਕੇ ਗ਼ਲਤੀ ਕਰਨ ਵਾਲੇ ਨੂੰ ਸ਼ਰਮਸ਼ਾਰ ਨਾ ਕਰਨਾ, 'ਦੇਖ ਕੇ ਅਣਡਿੱਠ ਕਰਨਾ' ਹੈ।

ਰਹਿਤਨਾਮਿਆਂ ਵਿਚ ਵੀ ਗੁਰਮਤਿ ਦੇ ਇਸ ਸਿਧਾਂਤ ਸੰਬੰਧੀ ਚਰਚਾ ਕਰਦਿਆਂ ਇਹ ਹਦਾਇਤ ਕੀਤੀ ਗਈ ਹੈ ਕਿ, "ਗੁਰੂ ਕਾ ਸਿਖ ਪੜਦਾ ਕਿਸੇ ਦਾ ਨ ਉਘਾੜੈ, ਘਾਤੀ ਨ ਹੋਇ।" (ਰਹਿਤਨਾਮਾ ਭਾਈ ਚਉਪਾ ਸਿੰਘ) ਕਿਸੇ ਦੇ ਅਉਗੁਣ ਆਦਿ ਨੂੰ ਦੇਖ ਕੇ ਉਸ ਦਾ ਢੰਡੋਰਾ ਪਿੱਟ ਕੇ ਉਸ ਮਨੁੱਖ ਨੂੰ ਨੀਵਾਂ ਦਿਖਾਉਣਾ ਜਾਂ ਕਿਸੇ ਦੀਆਂ ਕਮਜ਼ੋਰੀਆਂ ਵੇਖ ਕੇ ਪ੍ਰਸੰਨ ਹੋਣਾ, ਗੁਰਮਤਿ ਦੀ ਜੀਵਨ-ਜੁਗਤਿ ਦਾ ਅੰਗ ਨਹੀਂ ਹੈ। ਦੂਜਿਆਂ ਦੇ ਐਬ ਦੇਖ ਕੇ ਖ਼ੁਸ਼ ਹੋਣਾ ਮਨਮੁਖੀ ਸੁਭਾਅ ਦਾ ਪ੍ਰਤੀਕ ਹੈ। ਸਤਿਗੁਰੂ ਜੀ ਸਾਡੀ ਇਸ ਪੱਖੋਂ ਅਗਵਾਈ ਕਰਦਿਆਂ ਫ਼ਰਮਾਉਂਦੇ ਹਨ:

ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਹੈ ਭਲੋ ਦੇਖਿ ਦੁਖ ਭਰੀਐ॥
ਆਠ ਪਹਰ ਚਿਤਵੈ ਨਹੀ ਪਹੁਚੈ ਬੁਰਾ ਚਿਤਵਤ ਚਿਤਵਤ ਮਰੀਐ॥

(ਬਿਲਾਵਲੁ ਮਹਲਾ ੫, ਪੰਨਾ 823)

ਅਰਥ : ਹੇ ਭਾਈ! ਜਦੋਂ (ਕੋਈ) ਨਿੰਦਕ (ਕਿਸੇ ਮਨੁੱਖ ਦਾ ਕੋਈ) ਨੁਕਸ ਵੇਖਦਾ ਹੈ ਤਦੋਂ ਖ਼ੁਸ਼ ਹੁੰਦਾ ਹੈ, ਪਰ ਕਿਸੇ ਦਾ ਗੁਣ ਵੇਖ ਕੇ ਨਿੰਦਕ ਦੁਖੀ ਹੁੰਦਾ ਹੈ। ਅੱਠੇ ਪਹਿਰ (ਹਰ ਵੇਲੇ) ਨਿੰਦਕ ਕਿਸੇ ਨਾਲ ਬੁਰਾਈ ਕਰਨ ਦੀਆਂ ਸੋਚਾਂ ਸੋਚਦਾ ਰਹਿੰਦਾ ਹੈ, ਬੁਰਾਈ ਕਰ ਸਕਣ ਤਕ ਅੱਪੜ ਤਾਂ ਸਕਦਾ ਨਹੀਂ, ਬੁਰਾਈ ਦੀ ਵਿਉਂਤ ਸੋਚਦਿਆਂ ਸੋਚਦਿਆਂ ਹੀ ਆਤਮਿਕ ਮੌਤੇ ਮਰ ਜਾਂਦਾ ਹੈ।

ਦੂਜਿਆਂ ਦੀ ਕਮਜ਼ੋਰੀ ਦੀ ਭਾਲ ਵਿਚ ਜੁਟੇ ਰਹਿਣਾ, ਤੇ ਕਮਜ਼ੋਰੀ ਦੇ ਲੱਭ ਪੈਣ 'ਤੇ ਪ੍ਰਸੰਨ ਹੋਣਾ, ਗੁਰਮਤਿ ਦੇ ਪਾਂਧੀ ਦੇ ਸੁਭਾਅ ਦੇ ਅਨੁਕੂਲ ਨਹੀਂ ਹੈ। ਇਹ ਗੁਰਮਤਿ ਦਾ ਮਾਰਗ ਨਹੀਂ, ਮਨਮਤਿ ਦਾ ਮਾਰਗ ਹੈ, ਜਿਸ ਉੱਤੇ ਗੁਰੂ ਦੀ ਮਤਿ ਨੂੰ ਧਾਰਨ ਕਰਨ ਵਾਲਾ ਕਦਮ ਨਹੀਂ ਰੱਖ ਸਕਦਾ। ਭਾਵ ਇਹ ਹੈ ਕਿ ਸਿੱਖ ਦੂਜਿਆਂ ਦੇ ਐਬ (ਨੁਕਸ) ਫਰੋਲਣ ਵਾਲੀ ਬਿਰਤੀ ਵਾਲਾ ਨਾ ਬਣੇ। ਦੂਜੇ ਦੀ ਕਮਜ਼ੋਰੀ ਨੂੰ ਦੇਖ ਕੇ ਉਸ ਨੂੰ ਇਸ ਕਮਜ਼ੋਰੀ ਤੋਂ ਉਪਰ ਉੱਠਣ ਵਿਚ ਮਦਦ ਕਰੇ, ਨਾ ਕਿ ਉਸ ਦਾ ਢੰਡੋਰਾ ਪਿੱਟ ਕੇ ਉਸ ਨੂੰ ਸ਼ਰਮਸ਼ਾਰ ਕਰ ਕੇ ਉਸ ਦੇ ਰਸਤੇ ਵਿਚ ਤਰ੍ਹਾਂ ਤਰ੍ਹਾਂ ਦੀਆਂ ਰੁਕਾਵਟਾਂ ਖੜੀਆਂ ਕਰ ਕੇ ਉਸ ਦਾ ਜਿਊਣਾ ਮੁਸ਼ਕਲ ਬਣਾ ਦੇਵੇ। ਸਾਨੂੰ ਗੁਰਮਤਿ ਦੇ ਇਸ ਨੁਕਤੇ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਕਿਸੇ ਦੀ ਕਮਜ਼ੋਰੀ ਨੂੰ ਦੇਖ ਕੇ ਉਸ ਨੂੰ ਉਸ ਤੋਂ ਸੁਚੇਤ ਨਾ ਕਰਨ ਵਿਚ ਗੁਰਮੁਖਤਾਈ ਨਹੀਂ, ਮਨਮੁਖਤਾਈ ਵਾਲਾ ਭਾਵ ਹੈ। ਜੇਕਰ ਕਿਸੇ ਦੀ ਅਜਿਹੀ ਕਮਜ਼ੋਰੀ ਜਾਂ ਅਉਗਣ ਦੇਖੇ ਜਿਹੜਾ ਦੂਜਿਆਂ ਲਈ ਘਾਤਕ ਨਹੀਂ ਹੈ, ਤਾਂ ਉਸ ਵਿਅਕਤੀ ਨੂੰ ਦੂਜਿਆਂ ਦੀਆਂ ਨਜ਼ਰਾਂ ਵਿੱਚੋਂ ਗਿਰਾਉਣ ਦੀ ਮਨਸ਼ਾ ਨਾਲ, ਉਸ ਪ੍ਰਾਣੀ ਦੀ ਉਸ ਗ਼ਲਤੀ ਦਾ ਦੂਜਿਆਂ

ਪਾਸ ਢੰਡੋਰਾ ਨਾ ਪਿੱਟੇ, ਬਲਕਿ ਉਸ ਨੂੰ ਸਹਿਜੇ ਨਾਲ ਉਸ ਤੋਂ ਜਾਣੂੰ ਕਰਾ ਕੇ ਉਸ ਨੂੰ ਸੁਧਾਰਨ ਦਾ ਮੌਕਾ ਪ੍ਰਦਾਨ ਕਰੇ। ਗੁਰਮਤਿ ਦੇ ਪਾਂਧੀ ਨੂੰ ਗੁਰਦੇਵ ਦੂਜਿਆਂ ਦੇ ਔਗੁਣ ਲੱਭਣ ਲਈ ਹੱਲਾਸ਼ੇਰੀ ਨਹੀਂ ਦੇਂਦੇ। ਹਾਂ, ਗਾਡੀਮਾਰਗ ਦੇ ਇਸ ਰਾਹੀ ਨੂੰ ਆਪਣੇ ਔਗੁਣ ਨੂੰ ਸ਼ਿੱਦਤ ਨਾਲ ਭਾਲ ਕੇ ਉਨ੍ਹਾਂ ਕਮਜ਼ੋਰੀਆਂ ਤੋਂ ਉੱਪਰ ਉੱਠਣ ਦਾ ਉਪਦੇਸ਼ ਜ਼ਰੂਰ ਕਰਦੇ ਹਨ। ਸਤਿਗੁਰੂ ਸਾਨੂੰ ਆਤਮਿਕ ਤਲ 'ਤੇ ਜਿਊਣ ਦੀ ਜੁਗਤੀ ਸਮਝਾਉਂਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਦੂਜਿਆਂ ਦੇ ਐਬ ਫਰੋਲਿਆਂ ਤੇਰਾ ਆਪਣਾ ਆਤਮਿਕ ਜੀਵਨ ਉੱਚਾ ਨਹੀਂ ਹੋਣ ਲੱਗਾ। ਤੂੰ ਆਤਮਿਕ ਤਲ 'ਤੇ ਤਾਂ ਹੀ ਉਪਰ ਉੱਠ ਸਕੇਂਗਾ, ਜੇਕਰ ਤੂੰ ਆਪਣੇ ਅੰਦਰ ਰੱਬੀ ਗੁਣਾਂ ਨੂੰ ਧਾਰਨ ਕਰੇਂਗਾ। ਗੁਰਵਾਕ ਹੈ :

ਅਪਨਾ ਘਰੁ ਮੂਸਤ ਰਾਖਿ ਨ ਸਾਕਹਿ ਕੀ ਪਰ ਘਰੁ ਜੋਹਨ ਲਾਗਾ ॥
ਘਰੁ ਦਰੁ ਰਾਖਹਿ ਜੇ ਰਸੁ ਚਾਖਹਿ ਜੋ ਗੁਰਮੁਖਿ ਸੇਵਕੁ ਲਾਗਾ ॥੧॥
ਮਨ ਰੇ ਸਮਝੁ ਕਵਨ ਮਤਿ ਲਾਗਾ ॥
ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ ॥ਰਹਾਉ॥

(ਸੋਰਠਿ ਮਹਲਾ ੧, ਪੰਨਾ 598)

ਅਰਥ : ਹੇ ਮਨ! ਹੋਸ਼ ਕਰ, ਕਿਸ ਭੈੜੀ ਮਤ ਵਿਚ ਲੱਗ ਪਿਆ ਹੈਂ? ਹੇ ਭਾਗਹੀਣ! ਪਰਮਾਤਮਾ ਦਾ ਨਾਮ ਭੁਲਾ ਕੇ ਹੋਰ ਹੋਰ ਸੁਆਦਾਂ ਵਿਚ ਮਸਤ ਹੋ ਰਿਹਾ ਹੈਂ, (ਵੇਲਾ ਬੀਤ ਜਾਣ 'ਤੇ) ਫਿਰ ਪਛਤਾਵੇਂਗਾ।

ਹੇ ਮਨ! ਤੇਰਾ ਆਪਣਾ ਆਤਮਿਕ ਜੀਵਨ ਲੁੱਟਿਆ ਜਾ ਰਿਹਾ ਹੈ, ਉਸ ਨੂੰ ਤੂੰ ਬਚਾ ਨਹੀਂ ਸਕਦਾ, ਪਰਾਏ ਐਬ ਕਿਉਂ ਫੋਲਦਾ ਫਿਰਦਾ ਹੈਂ? ਆਪਣਾ ਘਰ ਬਾਰ (ਲੁੱਟੇ ਜਾਣ ਤੋਂ ਤਦੋਂ ਹੀ) ਬਚਾ ਸਕੇਂਗਾ, ਜੇ ਤੂੰ ਪ੍ਰਭੂ ਦੇ ਨਾਮ ਦਾ ਸੁਆਦ ਚੱਖੇਂਗਾ। (ਨਾਮ ਰਸ ਉਹੀ) ਸੇਵਕ (ਚੱਖਦਾ ਹੈ) ਜੋ ਗੁਰੂ ਦੇ ਸਨਮੁਖ ਰਹਿ ਕੇ (ਸੇਵਾ ਵਿਚ) ਲੱਗਦਾ ਹੈ।

ਦੂਜਿਆਂ ਦੇ ਐਬ ਫਰੋਲਣ ਦੀ ਰੁਚੀ ਮਾਇਆ ਤੋਂ ਪ੍ਰਭਾਵਿਤ ਹੋਣ ਦੀ ਨਿਸ਼ਾਨੀ ਹੈ। ਇਹ ਇਸ ਗੱਲ ਦਾ ਹੀ ਪ੍ਰਤੀਕ ਹੈ ਕਿ ਅਸੀਂ ਮਾਇਆ ਵਿਚ ਫਸੇ ਹੋਏ ਹਾਂ। ਗੁਰੂ ਅਰਜਨ ਸਾਹਿਬ ਜਦ ਇਸ ਗੱਲ ਦੀ ਚਰਚਾ ਕਰਦੇ ਹਨ ਕਿ ਇਹ ਕਿਵੇਂ ਪਤਾ ਚੱਲਦਾ ਹੈ ਕਿ ਅਸੀਂ ਮਾਇਆ ਤੋਂ ਪ੍ਰਭਾਵਿਤ ਹਾਂ ਤਾਂ ਆਪ ਜਿੱਥੇ ਛਲ, ਕਿਲਵਿਖ ਆਦਿ ਵਿਕਾਰਾਂ ਦਾ ਜ਼ਿਕਰ ਕਰਦੇ ਹਨ, ਉਥੇ ਦੂਜਿਆਂ ਦੇ ਐਬ ਫਰੋਲਣ ਵਾਲੀ ਰੁਚੀ ਦਾ ਵੀ ਜ਼ਿਕਰ ਕਰਦੇ ਹੋਏ ਆਖਦੇ ਹਨ ਕਿ ਇਨ੍ਹਾਂ ਵਿਕਾਰਾਂ ਰਾਹੀਂ ਮਨੁੱਖ ਨੂੰ ਮਾਇਆ ਭਰਮਾਉਂਦੀ ਹੈ :

ਛਲੰ ਛਿਦ੍ਰੰ ਕੋਟਿ ਬਿਘਨੰ ਅਪਰਾਧੰ ਕਿਲਬਿਖ ਮਲੰ ॥
ਭਰਮ ਮੋਹੰ ਮਾਨ ਅਪਮਾਨੰ ਮਦੰ ਮਾਯਾ ਬਿਆਪਿਤੰ ॥

(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1357)

ਗੁਰੂ ਗ੍ਰੰਥ ਸਾਹਿਬ ਵਿਚ ਤਾਂ ਮਨੁੱਖ ਨੂੰ ਗੁਣਾਂ ਦੀ ਸਾਂਝ ਦੀ ਸਿੱਖਿਆ ਹੀ ਦ੍ਰਿੜ੍ਹ ਕਰਾਈ ਗਈ ਹੈ। ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ 'ਦੇਖ ਕੇ ਅਣਡਿੱਠ

ਕਰਨਾ' ਦਾ ਇਹ ਬਿਲਕੁਲ ਹੀ ਭਾਵ ਨਹੀਂ ਕਿ ਕਿਸੇ ਦੀ ਭਿਅੰਕਰ ਭੁੱਲ, ਕੁਕਰਮ, ਜਾਂ ਕਮਜ਼ੋਰੀ ਆਦਿ ਨੂੰ ਦੇਖ ਕੇ ਉਸ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ। ਜੇਕਰ ਅਜਿਹਾ ਹੀ ਭਾਵ ਹੁੰਦਾ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਪਾਖੰਡੀਆਂ, ਵੱਢੀਖ਼ੋਰਾਂ, ਜ਼ੁਲਮ ਢਾਹੁਣ ਵਾਲਿਆਂ, ਅਨਿਆਂ ਆਦਿ ਕਰਨ ਵਾਲਿਆਂ ਦਾ ਵਰਨਣ ਨਾ ਕੀਤਾ ਗਿਆ ਹੁੰਦਾ। ਜੀ ਹਾਂ, ਇਨ੍ਹਾਂ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਨਾ ਕੀਤੀ ਗਈ ਹੁੰਦੀ। ਇਸ ਲਈ ਜੇਕਰ ਕਿਸੇ ਵਿਚ ਕੁਝ ਅਜਿਹਾ ਨਜ਼ਰ ਆਉਂਦਾ ਹੈ, ਜਿਸ ਨਾਲ ਉਸ ਦਾ ਆਪਣਾ ਜਾਂ ਦੂਜਿਆਂ ਨੂੰ ਨੁਕਸਾਨ ਪਹੁੰਚਣ ਦੀ ਸੰਭਾਵਨਾ ਹੈ, ਤਾਂ ਉਸ ਨੂੰ ਨਜ਼ਰ-ਅੰਦਾਜ਼ ਕਰਨਾ ਗੁਰਮੁਖਤਾਈ ਨਹੀਂ ਮਨਮੁਖਤਾਈ ਹੈ। ਇਸ ਲਈ ਉਸ ਦੇ ਇਸ ਖੋਟ ਤੋਂ ਉਸ ਨੂੰ ਅਤੇ ਦੂਜਿਆਂ ਨੂੰ ਜਾਣੂੰ ਕਰਾਉਣ ਵਿਚ ਹੀ ਗੁਰਮੁਖਤਾਈ ਹੈ। ਸਾਡੀ ਇਹ ਕਮਜ਼ੋਰੀ ਹੈ ਕਿ ਅਸੀਂ ਦੂਜਿਆਂ ਦੇ ਅਜਿਹੇ ਕੁਕਰਮਾਂ ਨੂੰ ਦੇਖ ਕੇ ਕਈ ਵਾਰੀ ਉਸ ਨੂੰ ਨਜ਼ਰ-ਅੰਦਾਜ਼ ਕਰ ਦੇਂਦੇ ਹਾਂ, ਇਸ ਖ਼ਿਆਲ ਨਾਲ ਕਿ ਸਾਨੂੰ ਅਜਿਹਾ ਕਰਨ ਦੀ ਕੀ ਲੋੜ ਹੈ ? ਇਸ ਨੂੰ ਅਸੀਂ ਸਾਊਪੁਣਾ ਸਮਝਦੇ ਹਾਂ, ਪ੍ਰੰਤੂ ਇਹ ਸਾਊਪੁਣਾ ਗੁਰਮਤਿ ਦੇ ਘੇਰੇ ਵਿਚ ਨਹੀਂ ਆਉਂਦਾ। ਗੱਲ ਕੀ, ਚੋਰ, ਵਿਭਚਾਰੀ, ਮਨੁੱਖਤਾ ਦੇ ਕਾਤਲ, ਬਲੈਕ-ਮੇਲ ਕਰਨ ਵਾਲੇ, ਡਰੱਗ ਦਾ ਧੰਦਾ ਕਰਨ ਵਾਲੇ, ਖਾਣ-ਪੀਣ ਦੀਆਂ ਵਸਤੂਆਂ ਵਿਚ ਮਿਲਾਵਟ ਆਦਿ ਕਰਨ ਵਾਲੇ, ਵੱਢੀਖ਼ੋਰ, ਬਲਾਤਕਾਰ ਵਰਗਾ ਅਤਿ ਘਿਨਾਉਣਾ ਕਰਮ ਕਰਨ ਵਾਲੇ, ਇਨ੍ਹਾਂ ਇਨਸਾਨੀਅਤ ਦੇ ਦੁਸ਼ਮਣਾਂ ਦੀਆਂ ਗਤੀਵਿਧੀਆਂ ਨੂੰ ਦੇਖ ਕੇ ਅਣਦੇਖਿਆਂ ਕਰਨਾ 'ਦੇਖ ਕੇ ਅਣਡਿਠ ਕਰਨਾ' ਨਹੀਂ ਹੈ, ਅਤੇ ਨਾ ਹੀ ਧਾਰਮਿਕ ਦੁਨੀਆਂ ਵਿਚ ਕਿਸੇ ਵੀ ਕਥਿਤ ਧਾਰਮਿਕ ਵਿਅਕਤੀ ਦੇ ਪਾਖੰਡ, ਦੰਭ, ਕੁਕਰਮ ਅਤੇ ਰੱਬ ਦੇ ਨਾਮ 'ਤੇ ਲੁੱਟ-ਖਸੁੱਟ ਨੂੰ ਦੇਖ ਕੇ ਅਣਡਿਠ ਕਰਨ ਦਾ ਆਦੇਸ਼ ਹੈ। ਜੇਕਰ ਇਨ੍ਹਾਂ ਨੂੰ ਦੇਖ ਕੇ ਅਣਡਿੱਠ ਕਰਨ ਦਾ ਭਾਵ ਹੁੰਦਾ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਅਨਿਆਂ, ਜ਼ੁਲਮ, ਪਾਖੰਡ ਆਦਿ ਦੇ ਖ਼ਿਲਾਫ਼ ਗੁਰੂ ਸਾਹਿਬਾਨ ਅਤੇ ਭਗਤ ਆਦਿ ਅਵਾਜ਼ ਨਾ ਉਠਾਉਂਦੇ। ਗੁਰੂ ਗ੍ਰੰਥ ਸਾਹਿਬ ਵਿਚ ਹੇਠ ਲਿਖੇ ਸ਼ਬਦ ਦਰਜ ਨਾ ਹੁੰਦੇ :

(ੳ) ਧੋਤੀ ਖੋਲਿ ਵਿਛਾਏ ਹੇਠਿ ॥ ਗਰਧਪ ਵਾਂਗੂ ਲਾਹੇ ਪੇਟਿ ॥੧॥...
ਪੂਜਾ ਤਿਲਕ ਕਰਤ ਇਸਨਾਨਾਂ ॥ ਛੁਰੀ ਕਾਢਿ ਲੇਵੈ ਹਥਿ ਦਾਨਾ ॥੨॥
ਬੇਦੁ ਪੜੈ ਮੁਖਿ ਮੀਠੀ ਬਾਣੀ ॥ ਜੀਆਂ ਕੁਹਤ ਨ ਸੰਗੈ ਪਰਾਣੀ ॥੩॥

(ਗਉੜੀ ਮਹਲਾ ੫, ਪੰਨਾ 201)

(ਅ) ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜ੍ਹਿਆ ਨਾਉ ॥
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥....
ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥
ਚਾਕਰ ਨਹਦਾ ਪਾਇਨਿ੍ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥

(ਵਾਰ ਮਲਾਰ ਮਹਲਾ ੧, ਪੰਨਾ 1288)

(ੲ) ਗਜ ਸਾਢੇ ਤੈ ਤੈ ਧੋਤੀਆ ਤਿਹਰੇ ਪਾਇਨਿ ਤਗ ॥
ਗਲੀ ਜਿਨ੍ਾ ਜਪਮਾਲੀਆ ਲੋਟੇ ਹਥਿ ਨਿਬਗ ॥
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ ॥੧॥

ਐਸੇ ਸੰਤ ਨ ਮੋ ਕਉ ਭਾਵਹਿ ॥
ਡਾਲਾ ਸਿਉ ਪੇਡਾ ਗਟਕਾਵਹਿ ॥੧॥ਰਹਾਉ॥
ਬਾਸਨ ਮਾਂਜਿ ਚਰਾਵਹਿ ਊਪਰਿ ਕਾਠੀ ਧੋਇ ਜਲਾਵਹਿ ॥
ਬਸੁਧਾ ਖੋਦਿ ਕਰਹਿ ਦੁਇ ਚੂਲੇ੍ ਸਾਰੇ ਮਾਣਸ ਖਾਵਹਿ ॥੨॥
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ॥
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥੩॥

(ਆਸਾ ਕਬੀਰ ਜੀ, ਪੰਨਾ 476)

ਸੋ, ਦੂਜਿਆਂ ਦੀਆਂ ਸਾਧਾਰਨ ਗ਼ਲਤੀਆਂ ਅਥਵਾ ਕਮਜ਼ੋਰੀਆਂ ਨੂੰ, ਜਿਹੜੀਆਂ ਇਨਸਾਨੀਅਤ ਲਈ ਘਾਤਕ ਨਹੀਂ ਹਨ, ਉਨ੍ਹਾਂ ਨੂੰ ਦੇਖ ਕੇ, ਉਸ ਵਿਅਕਤੀ ਨੂੰ ਦੂਜਿਆਂ ਦੀਆਂ ਨਜ਼ਰਾਂ ਵਿਚ ਗਿਰਾਉਣ ਜਾਂ ਭੰਡਣ ਤੋਂ ਗੁਰੇਜ਼ ਕਰਨਾ ਹੀ 'ਦੇਖ ਕੇ ਅਣਡਿੱਠ ਕਰਨਾ' ਹੈ। ਪਰ ਇਸ ਦਾ ਇਹ ਅਰਥ ਵੀ ਨਹੀਂ ਕਿ ਦੂਜਿਆਂ ਦੀਆਂ ਭਿਅੰਕਰ ਗ਼ਲਤੀਆਂ ਨੂੰ ਵੀ ਦੇਖ ਕੇ ਨਜ਼ਰ-ਅੰਦਾਜ਼ ਕੀਤਾ ਜਾਵੇ, ਬਲਕਿ ਇਤਨਾ ਹੀ ਹੈ ਕਿ ਸਾਡੇ ਵਿਚ ਦੂਜਿਆਂ ਦੇ ਔਗੁਣ ਫਰੋਲਣ ਵਾਲੀ ਰੁਚੀ ਦੀ ਪ੍ਰਧਾਨਤਾ ਨਾ ਹੋਵੇ। ਅਸੀਂ ਦੂਜਿਆਂ ਦੀਆਂ ਕਮਜ਼ੋਰੀਆਂ ਲੱਭਣ ਵਿਚ ਹੀ ਰਸ ਨਾ ਲਈਏ।

[*ਨੋਟ:* ਅਰਦਾਸ ਵਿਚਲੇ ਇਨ੍ਹਾਂ ਸ਼ਬਦਾਂ ਨੂੰ ਅਮਲੀ ਰੂਪ ਵਿਚ ਅਸੀਂ ਕਿੰਨਾ ਕੁ ਅਪਨਾਇਆ ਹੈ, ਇਹ ਗੱਲ ਵਧੇਰੇ ਵਿਆਖਿਆ ਦੀ ਮੁਥਾਜ ਨਹੀਂ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਦੂਜਿਆਂ ਵਿਅਕਤੀਆਂ ਦੀਆਂ ਜਿਨ੍ਹਾਂ ਕਮਜ਼ੋਰੀਆਂ ਦਾ ਪਤਾ ਲੱਗਣ 'ਤੇ ਅਸੀਂ ਢੰਡੋਰਾ ਪਿੱਟ ਕੇ ਉਨ੍ਹਾਂ ਪ੍ਰਾਣੀਆਂ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹਾਂ, ਉਨ੍ਹਾਂ ਕਮਜ਼ੋਰੀਆਂ ਦੇ ਕਈ ਵਾਰ ਅਸੀਂ ਖ਼ੁਦ ਵੀ ਸ਼ਿਕਾਰ ਹੁੰਦੇ ਹਾਂ। ਆਪਣੀਆਂ ਕਮਜ਼ੋਰੀਆਂ ਨੂੰ ਛੁਪਾਉਣ ਉੱਤੇ ਜ਼ੋਰ ਲਗਾਉਂਦੇ ਹਾਂ, ਪ੍ਰੰਤੂ ਦੂਜਿਆਂ ਨੂੰ ਲੋਕ ਕਚਹਿਰੀ ਵਿਚ ਭੰਡਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦੇਂਦੇ। ਆਪਣੀਆਂ ਜਾਂ ਆਪਣੇ ਧੜੇ ਆਦਿ ਦੀਆਂ ਕਮਜ਼ੋਰੀਆਂ ਨੂੰ ਦੂਰ ਕਰਨ ਦੀ ਬਜਾਇ ਉਨ੍ਹਾਂ ਨੂੰ ਲੁਕਾਉਣ ਦਾ ਯਤਨ ਕਰਨਾ ਅਤੇ ਉਹੀ ਕਮਜ਼ੋਰੀ ਦੂਜੇ ਵਿਅਕਤੀ ਜਾਂ ਵਿਰੋਧੀ ਧੜੇ ਵਿਚ ਦੇਖ ਕੇ ਉਨ੍ਹਾਂ ਨੂੰ ਭੰਡਣ ਵਿਚ ਗੁਰਮੁਖਤਾ ਨਹੀਂ ਸਗੋਂ ਮਨਮੁਖਤਾ ਹੈ। ਇਹ ਗੁਰਮਤਿ ਦਾ ਮਾਰਗ ਨਹੀਂ, ਸ਼ੈਤਾਨੀਅਤ ਵਾਲਾ ਰਸਤਾ ਹੈ। ਗੁਰੂ ਕੇ ਸਿੱਖਾਂ ਨੂੰ ਗੁਰਮੁਖਾਂ ਵਾਲਾ ਮਾਰਗ ਹੀ ਅਪਨਾਉਣਾ ਬਣ ਆਇਆ ਹੈ। ਕਿਸੇ ਦੇ ਐਬ ਨੂੰ ਦੇਖ ਕੇ ਅਣਡਿੱਠ ਕਰਨ ਅਤੇ ਜੇਕਰ ਉਸੇ ਐਬ ਦੇ ਆਪ ਸ਼ਿਕਾਰ ਹਾਂ ਤਾਂ ਆਪਣੇ ਆਪ ਨੂੰ ਉਸ ਐਬ ਤੋਂ ਬਚਾਉਣ ਦਾ ਯਤਨ, ਗੁਰਮਤਿ ਦੇ ਮਾਰਗ ਦਾ ਇਕ ਸੁਨਹਿਰੀ ਸਿਧਾਂਤ ਹੈ।]

ਕੀ ਗੁਰ-ਸ਼ਬਦ ਨਾਲੋਂ ਸਥਾਨ ਦੀ ਮਹੱਤਤਾ ਵਧੇਰੇ ਹੈ ?

ਇਹ ਗੱਲ ਵਧੇਰੇ ਵਿਆਖਿਆ ਦੀ ਮੁਥਾਜ ਨਹੀਂ ਹੈ ਕਿ ਗੁਰੂ ਸਾਹਿਬ ਨੇ ਸਾਨੂੰ ਕਿਸੇ ਸਥਾਨ ਨਾਲ ਨਹੀਂ, ਗੁਰਬਾਣੀ ਦੇ ਹੀ ਲੜ ਲਾਇਆ ਹੈ। ਪਰ ਫਿਰ ਵੀ ਆਮ ਹੀ ਇਹ ਦੇਖਣ ਵਿਚ ਆ ਰਿਹਾ ਹੈ ਕਿ ਸਿੱਖ ਜਗਤ ਵਿਚ ਗੁਰਬਾਣੀ ਨਾਲੋਂ ਸਥਾਨਾਂ ਨੂੰ ਮਹੱਤਤਾ ਜ਼ਿਆਦਾ ਦਿੱਤੀ ਜਾ ਰਹੀ ਹੈ। ਇਤਿਹਾਸਕ ਸਥਾਨਾਂ ਦੀ ਇਤਿਹਾਸਕ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਸਥਾਨਾਂ ਨਾਲ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਅਨੇਕਾਂ ਯਾਦਾਂ ਜੁੜੀਆਂ ਹੋਈਆਂ ਹਨ। ਇਨ੍ਹਾਂ ਸਥਾਨਾਂ ਦੀ ਯਾਤਰਾ ਕਰਨ ਨਾਲ ਸਾਡੇ ਸਾਹਮਣੇ ਉਨ੍ਹਾਂ ਸਮੂਹ ਘਟਨਾਵਾਂ ਦਾ ਆ ਜਾਣਾ ਸੁਭਾਵਿਕ ਹੈ, ਜੋ ਇਨ੍ਹਾਂ ਸਥਾਨਾਂ 'ਤੇ ਵਾਪਰੀਆਂ ਹਨ। ਅਸੀਂ ਅਤੀਤ ਵਿਚ ਗੁਆਚ ਕੇ ਉਸ ਪਲ ਨੂੰ ਮਾਣਦੇ ਹੋਏ ਆਪਣੇ ਆਪ ਨੂੰ ਉਸ ਰੂਹਾਨੀ ਵਾਤਾਵਰਣ ਵਿਚ ਵਿਚਰਦੇ ਹੋਏ ਮਹਿਸੂਸ ਕਰਨ ਲੱਗ ਪੈਂਦੇ ਹਾਂ। ਸਤਿਗੁਰੂ ਜੀ ਦੇ ਮਹਾਨ ਪਰਉਪਕਾਰਾਂ ਦੀ ਯਾਦ ਮਨਾਂ ਵਿਚ ਤਾਜ਼ੀ ਹੋਣ ਨਾਲ ਸਤਿਗੁਰੂ ਪ੍ਰਤੀ ਪਿਆਰ ਵਿਚ ਗੜੂੰਦ ਹੋ ਕੇ ਉਨ੍ਹਾਂ ਘਟਨਾਵਾਂ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਘੁੰਮਦਿਆਂ ਹੋਇਆਂ ਦੇਖਣ ਦੀ ਮਨ ਹੀ ਮਨ ਵਿਚ ਕਲਪਨਾ ਕਰਦਿਆਂ ਆਤਮਿਕ ਸਕੂਨ ਮਹਿਸੂਸ ਕਰਦੇ ਹਾਂ।

ਪਰ ਜਿਸ ਤਰ੍ਹਾਂ ਨਾਲ ਇਤਿਹਾਸਿਕ ਸਥਾਨਾਂ ਦੀ ਮਹੱਤਤਾ ਦਰਸਾਈ ਜਾ ਰਹੀ ਹੈ, ਉਹ ਗੁਰਮਤਿ ਦੀ ਜੀਵਨ-ਜੁਗਤਿ ਦਾ ਅੰਗ ਨਹੀਂ ਹੈ। ਇਤਿਹਾਸਿਕ ਸਥਾਨਾਂ ਦੀ ਸੇਵਾ-ਸੰਭਾਲ ਕਰਨ ਵਾਲੇ ਸੱਜਣਾਂ (ਪ੍ਰਬੰਧਕ, ਗ੍ਰੰਥੀ, ਰਾਗੀ ਅਤੇ ਪ੍ਰਚਾਰਕ) ਵੱਲੋਂ ਸਿੱਖ ਸੰਗਤਾਂ ਨੂੰ ਗੁਰਬਾਣੀ ਦੀ ਜੀਵਨ-ਜਾਚ ਨੂੰ ਦ੍ਰਿੜ ਕਰਾਉਣ ਦੀ ਬਜਾਏ ਸਥਾਨਾਂ ਦੀ ਹੀ ਮਹਿਮਾ ਦ੍ਰਿੜ ਕਰਵਾਈ ਜਾ ਰਹੀ ਹੈ। ਅਜਿਹੇ ਸੱਜਣਾਂ ਵੱਲੋਂ ਗੁਰੂ ਸਾਹਿਬਾਨ ਨਾਲ ਸੰਬੰਧਤ ਸਥਾਨਾਂ ਦੀ ਮਹਿਮਾ ਦਰਸਾ ਕੇ, ਸਿੱਖ ਸੰਗਤਾਂ ਨੂੰ ਵੱਧ ਤੋਂ ਵੱਧ ਇਨ੍ਹਾਂ ਸਥਾਨਾਂ ਦੀ ਯਾਤਰਾ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਕਈ ਥਾਈਂ ਤਾਂ ਅਨਮਤ ਦੇ ਧਾਰਮਿਕ ਸਥਾਨਾਂ ਦੇ ਮੁਕਾਬਲੇ ਵਿਚ ਉਨ੍ਹਾਂ ਸਥਾਨਾਂ ਤੋਂ ਵਧੀਕ ਜਾਂ ਉਹੋ ਜਿਹਾ ਹੀ ਮਹਾਤਮ ਦਰਸਾਇਆ ਜਾ ਰਿਹਾ ਹੈ ਜਿਸ ਤਰ੍ਹਾਂ ਅਨਮਤਾਂ ਵਿਚ ਪ੍ਰਚੱਲਿਤ ਹੈ। ਕਿਧਰੇ ਇਕ ਗੁਰਦੁਆਰੇ ਨਾਲੋਂ ਹੀ ਦੂਜੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਦਾ ਵਧੇਰੇ ਮਹਾਤਮ ਦਰਸਾਇਆ ਜਾ ਰਿਹਾ ਹੈ। ਇਹ ਵਰਤਾਰਾ ਖ਼ਾਸ ਤੌਰ 'ਤੇ ਉਨ੍ਹਾਂ ਥਾਵਾਂ 'ਚ ਵਰਤ ਰਿਹਾ ਹੈ ਜਿੱਥੇ ਇੱਕੋ ਹੀ

ਨਗਰ ਜਾਂ ਸ਼ਹਿਰ ਵਿਚ ਇਕ ਤੋਂ ਵਧੀਕ ਇਤਿਹਾਸਿਕ ਗੁਰਦੁਆਰੇ ਹਨ ਅਤੇ ਇਨ੍ਹਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਇਕ ਧਿਰ (ਪ੍ਰਬੰਧਕ ਕਮੇਟੀ) ਤੋਂ ਵਧੀਕ ਧਿਰਾਂ ਕਰ ਰਹੀਆਂ ਹਨ। ਇਸ ਤਰ੍ਹਾਂ ਦੀ ਧਾਰਨਾ ਨੂੰ ਪ੍ਰਚਾਰਨ ਵਿਚ ਸਾਡੇ ਕੁਝ ਇਤਿਹਾਸਕਾਰਾਂ ਨੇ ਵੀ ਆਪਣਾ ਹਿੱਸਾ ਪਾਇਆ ਹੈ।

ਇਸ ਰੁਚੀ ਕਾਰਨ ਇਤਿਹਾਸਿਕ ਸਥਾਨਾਂ ਦੀ ਸੇਵਾ-ਸੰਭਾਲ ਕਰਨ ਵਾਲੇ ਸੱਜਣਾਂ ਵੱਲੋਂ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਗੁਰਬਾਣੀ ਦੀ ਜੀਵਨ-ਜੁਗਤਿ ਨੂੰ ਪ੍ਰਚਾਰਨ ਦੀ ਥਾਂ ਉਸ ਸਥਾਨ ਦੀ ਯਾਤਰਾ ਕਰਨ ਦਾ ਮਹਾਤਮ ਹੀ ਦਰਸਾਇਆ ਜਾਣ ਲੱਗ ਪਿਆ ਹੈ। ਇਤਿਹਾਸਿਕ ਸਥਾਨਾਂ ਦੇ ਦਰਸ਼ਨ ਕਰਨ ਵਾਲੀਆਂ ਸੰਗਤਾਂ ਨੂੰ ਜਦੋਂ ਉਸ ਸਥਾਨ ਦਾ ਇਤਿਹਾਸ ਸੁਣਾਇਆ ਜਾਂਦਾ ਹੈ ਤਾਂ ਇਤਿਹਾਸ ਸੁਣਾਉਣ ਵਾਲਾ ਸੰਖੇਪ ਵਿਚ ਇਤਿਹਾਸ ਸੁਣਾਉਣ ਉਪਰੰਤ ਇਹ ਦੱਸਣਾ ਨਹੀਂ ਭੁੱਲਦਾ ਕਿ ਗੁਰੂ ਸਾਹਿਬ ਨੇ ਇਸ ਸਥਾਨ ਨੂੰ ਇਹ ਵਰ ਦਿੱਤਾ ਹੋਇਆ ਹੈ ਜਾਂ ਇਸ ਦੀ ਯਾਤਰਾ ਕਰਨ ਵਾਲੇ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ ਜਾਂ ਦੁੱਖ ਦਰਿਦ੍ਰ ਦੂਰ ਹੁੰਦਾ ਹੈ।

ਇਸ ਤਰ੍ਹਾਂ ਇਤਿਹਾਸਿਕ ਸਥਾਨਾਂ ਦੀ ਯਾਤਰਾ ਕਰਨ ਵਾਲੀਆਂ ਸਿੱਖ ਸੰਗਤਾਂ ਨੂੰ ਗੁਰਮਤਿ ਸਿਧਾਂਤ ਦੱਸਣ ਦੀ ਥਾਂ ਕੇਵਲ ਇਹ ਹੀ ਦੱਸਿਆ ਜਾਂਦਾ ਹੈ ਕਿ ਅਮਕੇ ਗੁਰੂ ਸਾਹਿਬ ਨੇ ਇਸ ਜਗ੍ਹਾ ਨੂੰ ਅਮਕਾ-ਅਮਕਾ ਵਰ ਦਿੱਤਾ ਹੋਇਆ ਹੈ। ਕਈ ਥਾਈਂ ਸਰੋਵਰਾਂ ਬਾਰੇ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਗੁਰੂ ਸਾਹਿਬ ਨੇ ਆਖਿਆ ਸੀ ਕਿ ਜਿਹੜਾ ਕੋਈ ਇਤਨੀ ਕੁ ਵੇਰਾਂ ਇੱਥੇ ਇਸ਼ਨਾਨ ਕਰੇਗਾ, ਉਸ ਨੂੰ ਇਹ ਫਲ ਮਿਲੇਗਾ। ਕਈ ਥਾਈਂ ਗੁਰੂ-ਕਾਲ ਦੇ ਖੂਹਾਂ ਦੇ ਜਲ ਦਾ ਹੀ ਮਹਾਤਮ ਦਰਸਾਇਆ ਜਾ ਰਿਹਾ ਹੈ।

ਜਿਵੇਂ ਗੁਰਦੁਆਰਾ ਸੰਨ੍ਹ ਸਾਹਿਬ ਬਾਰੇ ਇਹ ਆਖਿਆ ਜਾਂਦਾ ਹੈ ਕਿ ਗੁਰੂ ਅਮਰਦਾਸ ਜੀ ਨੇ ਇਹ ਕਿਹਾ ਹੈ ਕਿ:

ਜੋਇ ਸੰਨ੍ਹ ਕਾ ਦਰਸ਼ਨ ਦੇਖੇ। ਜਮਦੁਆਰ ਸੋ ਬਹੁਰ ਨ ਪੇਖੇ ॥੧੬੪॥

(ਗੁਰਬਿਲਾਸ ਪਾਤਸ਼ਾਹੀ ੬, ਅਧਿਆਇ ੪)

ਬਾਉਲੀ ਸਾਹਿਬ ਬਾਰੇ ਇਹ ਪ੍ਰਸਿੱਧ ਹੈ ਕਿ ਗੁਰੂ ਨਾਨਕ ਸਾਹਿਬ ਦੀ ਤੀਸਰੀ ਜੋਤਿ ਗੁਰੂ ਅਮਰਦਾਸ ਜੀ ਨੇ ਇਹ ਫ਼ੁਰਮਾਇਆ ਹੈ:

ਪੌੜੀ ਰਚੀ ਚੁਰਾਸੀ ਗੁਰ ਤੇ ਕਾਟਨ ਹੇਤ ਚੁਰਾਸੀ।
ਚੌਰਾਸੀ ਇਸਨਾਨ ਕਰਤ ਜੋ ਜਪੁਜੀ ਇਤੋ ਜਪਾਸੀ।
ਇਕ ਇਕ ਪੌੜੀ ਪਰ ਇਕ ਦਿਨ ਮੈਂ ਇਹ ਸਾਧਨ ਜੋ ਕਰਹੈ
ਅਮਰ ਦਾਸ ਸਤਗੁਰੁ ਕੇ ਵਰ ਸੈ ਸੋ ਭਵ ਸਾਗਰ ਤਰ ਹੈ।

(ਪੰਥ ਪ੍ਰਕਾਸ਼, ਅਧਿ: ੧੨)

ਮੁਕਤਸਰ ਦੇ ਸਰੋਵਰ ਅਤੇ 'ਸ਼ਹੀਦ ਗੰਜ' ਬਾਰੇ ਦਸਮੇਸ਼ ਪਾਤਸ਼ਾਹ ਦੇ ਮੁੱਖੋਂ ਅਖਵਾਇਆ ਹੈ:

ਮਕ੍ਰ ਸੰਕਰਖਣ ਅਰਕੌ ਹੋਇ। ਆਨ ਸ਼ਨਾਨਹਿ ਜੇ ਨਰ ਕੋਇ ॥੪੪॥

ਮਨੋਕਾਮਨਾ ਪ੍ਰਾਪਤਿ ਸੋਊ। ਪਾਪ ਕਰੇ ਗਨ ਬਖ ਸਭਿ ਖੋਊ।
ਬੰਦਹਿ ਗੰਜ ਸ਼ਹੀਦਨ ਕੇਰਾ। ਧਨ ਦੇਵਹਿ ਨਿਤ ਵਧਹਿ ਵਧੇਰਾ ॥੪੫॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ ੧, ਅੰਸੂ ੧੩)

ਅਰਥ : ਮਕਰ ਦੀ ਸੰਗਰਾਂਦ ਭਾਵ ਮਾਘ ਦੀ ਸੰਗਰਾਂਦ ਨੂੰ ਜੇ ਕੋਈ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ ਤਾਂ ਉਸ ਦੀ ਮਨੋਕਾਮਨਾ ਪੂਰੀ ਹੋਵੇਗੀ। ਕੇਵਲ ਮਨੋਕਾਮਨਾ ਹੀ ਨਹੀਂ ਪੂਰੀ ਹੋਵੇਗੀ, ਬਲਕਿ ਉਸ ਨੇ ਆਪਣੀ ਜ਼ਿੰਦਗੀ ਵਿਚ ਜਿੰਨੇ ਵੀ ਪਾਪ ਕੀਤੇ ਹੋਏ ਹਨ, ਉਹ ਵੀ ਨਾਸ਼ ਹੋ ਜਾਣਗੇ। ਜਿਹੜਾ ਕੋਈ ਮਾਈ ਭਾਈ ਸ਼ਹੀਦਾਂ ਦੇ ਗੰਜ ਨੂੰ ਨਮਸਕਾਰ ਕਰ ਕੇ ਦਾਨ ਕਰੇਗਾ, ਉਸ ਦਾ ਧਨ ਨਿਤ ਪ੍ਰਤੀ ਵਧੇ ਫੁਲੇਗਾ।

ਪਾਤਾਲਪੁਰੀ ਬਾਰੇ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਛੇਵੇਂ ਪਾਤਸ਼ਾਹ ਨੇ ਇਸ ਥਾਂ ਬਾਰੇ ਕਿਹਾ ਹੈ :

ਇਹ ਠਾ ਦਾਹਿ ਜਿਸੇ ਨਰ ਹੋਈ। ਗੁਰ ਕੇ ਧਾਮ ਜਾਏ ਹੈ ਸੋਈ... ॥੬੧੮॥

(ਗੁਰਬਿਲਾਸ ਪਾਤਸ਼ਾਹੀ ੬, ਅਧਿ: ਇੱਕੀਵਾਂ)

ਬਾਬਾ ਅਟੱਲ ਰਾਇ ਜੀ ਦੇ ਦਾਹ ਸਥਾਨ ਬਾਰੇ ਮਹਾਰਾਜ ਦੇ ਪਾਵਨ ਮੁਖ਼ਾਰਬਿੰਦ ਵਿੱਚੋਂ ਇਹ ਕਢਵਾਇਆ ਹੈ :

ਜਪ ਤਪ ਕਰੇ ਮੁਕਤਿ ਨਹਿ ਪਾਵੈ। ਇਹਾਂ ਦਾਹ ਫਿਰ ਜਨਮ ਨ ਆਵੈ।

(ਗੁਰਬਿਲਾਸ ਪਾਤਸ਼ਾਹੀ ੬)

ਬਟਾਲੇ ਤੋਂ ਕੁਝ ਦੂਰੀ 'ਤੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਪਹਿਲੀ, ਪਿੰਡ ਊਠੀਆਂ ਹੈ। ਇੱਥੇ ਆਉਣ ਵਾਲੀਆਂ ਸੰਗਤਾਂ ਨੂੰ ਗੁਰਮਤਿ ਦੀ ਰਹਿਣੀ ਦਾ ਉਪਦੇਸ਼ ਦ੍ਰਿੜ੍ਹ ਕਰਾਉਣ ਦੀ ਬਜਾਇ ਇਹ ਦੱਸਿਆ ਜਾਂਦਾ ਹੈ ਕਿ "ਗੁਰੂ ਜੀ ਦੀ ਮੇਹਰ ਸਦਕਾ ਇਸ ਖੂਹ ਅਤੇ ਸਰੋਵਰ ਵਿਚ ਬੇਅੰਤ ਸੰਗਤਾਂ ਹਰ ਐਤਵਾਰ ਅਤੇ ਮੱਸਿਆ ਦੇ ਦਿਹਾੜੇ 'ਤੇ ਇਸ਼ਨਾਨ ਕਰਦੀਆਂ ਹਨ। ਇੱਥੇ ਅਠਰਾਹ ਵਰਗੇ ਰੋਗ ਅਤੇ ਸੁੱਕੇ ਬੱਚੇ ਤੰਦਰੁਸਤ ਹੁੰਦੇ ਹਨ ਅਤੇ ਚਮੜੀ ਦੇ ਸਾਰੇ ਰੋਗ ਦੂਰ ਹੁੰਦੇ ਹਨ ਅਤੇ ਇਲਾਕੇ ਦੀਆਂ ਬੇਅੰਤ ਸੰਗਤਾਂ ਦਰਸ਼ਨ ਇਸ਼ਨਾਨ ਕਰ ਕੇ ਆਪਣਾ ਜੀਵਨ ਸਫਲ ਕਰਦੀਆਂ ਹਨ।"

ਇਸ ਤਰ੍ਹਾਂ ਹੋਰ ਅਨੇਕਾਂ ਇਤਿਹਾਸਿਕ ਗੁਰਦੁਆਰਿਆਂ ਵਿਖੇ ਗੁਰਬਾਣੀ ਦੀ ਮਹਿਮਾ ਦਰਸਾਉਣ ਦੀ ਬਜਾਇ ਇਹੋ ਜਿਹੀਆਂ ਕਲਪਿਤ ਗੱਲਾਂ ਸੁਣਾ ਕੇ, ਗੁਰ-ਸ਼ਬਦ ਨਾਲੋਂ ਸਥਾਨ ਦੀ ਮਹਿਮਾ ਦਰਸਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਹ ਸਭ ਕੁਝ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜ਼ਿੰਮੇਵਾਰ ਸੱਜਣਾਂ ਵੱਲੋਂ ਪ੍ਰਚਾਰਿਆ ਜਾ ਰਿਹਾ ਹੁੰਦਾ ਹੈ। ਗੁਰਦੁਆਰਾ ਸਾਹਿਬ ਦੀਆਂ ਸਟੇਜਾਂ ਤੋਂ ਇਨ੍ਹਾਂ ਇਤਿਹਾਸਿਕ ਸਥਾਨਾਂ ਬਾਰੇ ਜੋ ਕੁਝ ਪ੍ਰਚਾਰਿਆ ਜਾ ਰਿਹਾ ਹੈ, ਸੰਗਤਾਂ ਉਸ ਨੂੰ ਸੱਚ ਮੰਨ ਲੈਂਦੀਆਂ ਹਨ। ਇਸ ਕਾਰਨ ਹੀ ਕਦੇ ਵੀ ਇਹ ਸਵਾਲ ਨਹੀਂ ਉਠਾਇਆ ਜਾਂਦਾ ਕਿ ਜੇਕਰ ਇਹ ਜੋ ਕੁਝ ਆਖਿਆ ਜਾ ਰਿਹਾ ਹੈ ਇਹੀ ਸੱਚ ਹੈ, ਤਾਂ ਫਿਰ ਗੁਰਬਾਣੀ ਪੜ੍ਹਨ ਵਿਚਾਰਨ ਦੀ ਕੀ ਲੋੜ ਹੈ ? ਗੁਰਮਤਿ ਦੀ ਵਿਚਾਰਧਾਰਾ ਅਨੁਸਾਰ ਸਚਿਆਰ ਜੀਵਨ

ਜਿਊਣ ਦੀ ਕੀ ਜ਼ਰੂਰਤ ਹੈ ? ਫਿਰ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੀ ਤਾਂ ਲੋੜ ਹੀ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਅਰਥ ਹੈ ਕਿ ਅਸੀਂ ਗੁਰਬਾਣੀ ਵਿਚ ਦਰਸਾਈ ਹੋਈ ਜੀਵਨ-ਜੁਗਤਿ ਨੂੰ ਹੀ ਅਪਣਾ ਕੇ ਜੀਵਨ-ਮੁਕਤ ਹੋਣ ਵਿਚ ਵਿਸ਼ਵਾਸ ਰੱਖਦੇ ਹਾਂ, ਕਿਸੇ ਹੋਰ ਜੁਗਤੀ ਵਿਚ ਵਿਸ਼ਵਾਸ ਨਹੀਂ ਕਰਦੇ।

ਗੁਰੂ ਸਾਹਿਬਾਨ ਦੇ ਮੁੱਖੋਂ ਇਨ੍ਹਾਂ ਸਥਾਨਾਂ ਦੀ ਮਹਿਮਾ, ਮਹਾਤਮ ਜਾਂ ਵਰ ਆਦਿ ਬਾਰੇ ਜੋ ਇਤਿਹਾਸਕਾਰਾਂ ਨੇ ਲਿਖਿਆ ਹੈ ਜਾਂ ਸਟੇਜਾਂ ਤੋਂ ਸੁਣਾਇਆ ਜਾ ਰਿਹਾ ਹੈ, ਜੇਕਰ ਇਸ ਨੂੰ ਗੁਰਬਾਣੀ ਦੀ ਕਸਵੱਟੀ ਉੱਤੇ ਪਰਖਦੇ ਹਾਂ ਤਾਂ ਇਸ ਦੀ ਬਿਲਕੁਲ ਹੀ ਪ੍ਰੋੜ੍ਹਤਾ ਨਹੀਂ ਹੁੰਦੀ। ਗੁਰਬਾਣੀ ਦੇ ਨਿਮਨ-ਲਿਖਤ ਫ਼ੁਰਮਾਨਾਂ ਵਿੱਚੋਂ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

ਸਥਾਨ ਆਦਿ ਦੀ ਕੇਵਲ ਯਾਤਰਾ/ਦਰਸ਼ਨ ਕਰਨ ਨਾਲ ਮੁਕਤ ਹੋਣ ਬਾਰੇ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥
ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ ॥
ਇਕਿ ਆਪੇ ਬਖਸਿ ਮਿਲਾਇਅਨੁ ਦੁਬਿਧਾ ਤਜਿ ਵਿਕਾਰ ॥
ਨਾਨਕ ਇਕਿ ਦਰਸਨੁ ਦੇਖਿ ਮਰਿ ਮਿਲੇ ਸਤਿਗੁਰ ਹੇਤਿ ਪਿਆਰਿ ॥੧॥

(ਵਾਰ ਵਡਹੰਸ, ਮਹਲਾ ੩, ਪੰਨਾ 594)

ਸਰੋਵਰਾਂ 'ਤੇ ਸਰੀਰਕ ਇਸ਼ਨਾਨ ਬਾਰੇ ਕਬੀਰ ਜੀ ਫ਼ੁਰਮਾਉਂਦੇ ਹਨ :

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾਂ ॥
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ ॥੧॥
ਪੂਜਹੁ ਰਾਮੁ ਏਕੁ ਹੀ ਦੇਵਾ ॥ ਸਾਚਾ ਨਾਵਣੁ ਗੁਰ ਕੀ ਸੇਵਾ ॥੧॥ਰਹਾਉ॥
ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇੰਡੁਕ ਨਾਵਹਿ ॥
ਜੈਸੇ ਮੇੰਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ॥੨॥

(ਆਸਾ ਕਬੀਰ ਜੀ, ਪੰਨਾ 484)

ਅਤੇ :

ਪਾਪ ਕਰਹਿ ਪੰਚਾਂ ਕੇ ਬਸਿ ਰੇ ॥ ਤੀਰਥਿ ਨਾਇ ਕਹਹਿ ਸਭਿ ਉਤਰੇ ॥
ਬਹੁਰਿ ਕਮਾਵਹਿ ਹੋਇ ਨਿਸੰਕ ॥ ਜਮ ਪੁਰਿ ਬਾਂਧਿ ਖਰੇ ਕਾਲੰਕ ॥

(ਪ੍ਰਭਾਤੀ ਮਹਲਾ ੫, ਪੰਨਾ 1348)

ਧਾਰਮਿਕ ਗ੍ਰੰਥਾਂ ਦੇ ਕੇਵਲ ਪਾਠ ਕਰਨ ਬਾਰੇ

ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥
ਬੇਦ ਪਾਠ ਸੰਸਾਰ ਕੀ ਕਾਰ ॥ ਪੜ੍ਹਿ ਪੜ੍ਹਿ ਪੰਡਿਤ ਕਰਹਿ ਬੀਚਾਰ ॥
ਬਿਨੁ ਬੂਝੇ ਸਭ ਹੋਇ ਖੁਆਰ ॥ ਨਾਨਕ ਗੁਰਮੁਖਿ ਉਤਰਸਿ ਪਾਰਿ ॥੧॥

(ਵਾਰ ਸੂਹੀ, ਮਹਲਾ ੧, ਪੰਨਾ 791)

ਤੀਰਥਾਂ 'ਤੇ ਸਰੀਰ ਤਿਆਗਣ/ਸਸਕਾਰਨ ਦੇ ਸੰਬੰਧ ਵਿਚ

ਜੋ ਜਨੁ ਭਾਉ ਭਗਤਿ ਕਛੁ ਜਾਨੈ ਤਾ ਕਉ ਅਚਰਜੁ ਕਾਹੋ ॥
ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ ॥੧॥
ਹਰਿ ਕੇ ਲੋਗਾ ਮੈ ਤਉ ਮਤਿ ਕਾ ਭੋਰਾ ॥
ਜਉ ਤਨੁ ਕਾਸੀ ਤਜਹਿ ਕਬੀਰਾ ਰਮਈਐ ਕਹਾ ਨਿਹੋਰਾ ॥੧॥ਰਹਾਉ॥
ਕਹਤੁ ਕਬੀਰੁ ਸੁਨਹੁ ਰੇ ਲੋਈ ਭਰਮਿ ਨ ਭੂਲਹੁ ਕੋਈ ॥
ਕਿਆ ਕਾਸੀ ਕਿਆ ਊਖਰੁ ਮਗਹਰੁ ਰਾਮੁ ਰਿਦੈ ਜਉ ਹੋਈ ॥੨॥

(ਧਨਾਸਰੀ ਕਬੀਰ ਜੀ, ਪੰਨਾ 692)

ਇਤਿਹਾਸਿਕ ਸਥਾਨਾਂ ਦੀ ਮਹੱਤਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਗੁਰੂ ਸਾਹਿਬਾਨ ਨਾਲ ਸੰਬੰਧਤ ਸਥਾਨਾਂ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਸਿੱਖ ਸੰਗਤਾਂ ਦੇ ਹੀ ਜ਼ਿੰਮੇ ਹੈ। ਨੇੜੇ-ਤੇੜਿਓਂ ਅਤੇ ਦੂਰ-ਦੁਰਾਡਿਓਂ ਸੰਗਤਾਂ ਦੇ ਆਉਣ ਨਾਲ ਹੀ ਸਥਾਨਕ ਸੰਗਤਾਂ ਦਾ ਬਾਕੀ ਸਿੱਖ ਸੰਗਤਾਂ, ਖ਼ਾਲਸਈ ਜਥੇਬੰਦਕ ਢਾਂਚੇ ਨਾਲ ਬਣਿਆ ਰਹਿੰਦਾ ਹੈ। ਇਨ੍ਹਾਂ ਗੱਲਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ; ਪ੍ਰੰਤੂ ਮਹੱਤਤਾ ਦਾ ਇਹ ਅਰਥ ਨਹੀਂ ਹੈ ਕਿ ਅਸੀਂ ਇਨ੍ਹਾਂ ਸਥਾਨਾਂ ਬਾਰੇ ਇਹ ਧਾਰਨਾ ਬਣਾ ਲਈਏ ਕਿ ਇਨ੍ਹਾਂ ਦੀ ਮਹਿਜ਼ ਯਾਤਰਾ/ਦਰਸ਼ਨ ਕਰਨ ਨਾਲ ਹੀ ਸਾਡੀ ਕਲਿਆਣ ਹੋ ਜਾਵੇਗੀ। ਵਿਕਾਰਾਂ ਤੋਂ ਖ਼ਲਾਸੀ ਗੁਰਬਾਣੀ ਨੂੰ ਪੜ੍ਹ, ਸੁਣ, ਵਿਚਾਰ ਕੇ ਆਪਣੇ ਹਿਰਦੇ ਵਿਚ ਵਸਾਉਣ ਨਾਲ ਹੀ ਹੋਵੇਗੀ। ਇਸ ਲਈ ਕਿਸੇ ਵੀ ਤਰ੍ਹਾਂ ਦੇ ਵਹਿਮਾਂ-ਭਰਮਾਂ ਰਾਹੀਂ ਸੰਗਤਾਂ ਨੂੰ ਇਨ੍ਹਾਂ ਸਥਾਨਾਂ ਦੀ ਯਾਤਰਾ ਲਈ ਪ੍ਰੇਰਨਾ ਕਰਨੀ, ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਦੇ ਵਿਰੁੱਧ ਹੈ। ਇਸ ਤਰ੍ਹਾਂ ਦੇ ਯਤਨ ਰਾਹੀਂ ਅਸੀਂ ਸਤਿਗੁਰੂ ਜੀ ਦੇ ਸਨਮੁੱਖ ਹੋਣ ਦਾ ਸੁਭਾਗ ਪ੍ਰਾਪਤ ਨਹੀਂ ਕਰ ਸਕਦੇ।

ਕਈ ਵਿਦਵਾਨ ਇਹ ਕਹਿੰਦਿਆਂ ਹੋਇਆਂ ਇਤਿਹਾਸਿਕ ਸਥਾਨਾਂ ਦੀ ਮਹਿਮਾ ਦਰਸਾਉਣ ਵਾਲਿਆਂ ਦੀ ਪ੍ਰੋੜ੍ਹਤਾ ਕਰਦੇ ਹਨ ਕਿ "ਇਸ ਤਰ੍ਹਾਂ ਦੀ ਮਹਿਮਾ/ਫਲ ਆਦਿ ਦਰਸਾਉਣ ਵਾਲਿਆਂ ਦਾ ਮਨੋਰਥ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਥਾਨਾਂ ਪ੍ਰਤੀ ਵਧੇਰੇ ਫ਼ਖ਼ਰ ਮਹਿਸੂਸ ਕਰਨਾ ਹੈ, ਅਨਮਤਾਂ ਵਾਲਿਆਂ ਦੇ ਧਾਰਮਿਕ ਸਥਾਨਾਂ ਤੋਂ ਇਨ੍ਹਾਂ ਗੁਰ-ਸਥਾਨਾਂ ਦੀ ਉੱਚਤਾ ਤੇ ਸ੍ਰੇਸ਼ਟਤਾ ਦਰਸਾਉਣਾ ਹੈ; ਇਸ ਲਈ ਸਾਨੂੰ ਅਜਿਹਾ ਪ੍ਰਚਾਰ ਕਰਨ ਵਾਲਿਆਂ ਦੀ ਭਾਵਨਾ ਨੂੰ ਸਮਝਣਾ ਚਾਹੀਦਾ ਹੈ।" ਪਰ ਗੁਰ-ਸਥਾਨਾਂ ਦੀ ਮਹਿਮਾ ਨੂੰ ਜਾਇਜ਼ ਠਹਿਰਾਉਣ ਵਾਲੇ ਸੱਜਣ ਇਸ ਪੱਖ ਨੂੰ ਨਹੀਂ ਵਿਚਾਰਦੇ ਕਿ ਇਸ ਤਰ੍ਹਾਂ ਦੇ ਵਿਸ਼ਵਾਸ ਨਾਲ ਸੰਗਤਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈ ਜੀਵਨ-ਜਾਚ ਤੋਂ ਮੂੰਹ ਮੋੜ ਕੇ ਮੁੜ ਕਰਮ-ਕਾਂਡ ਦੀ ਦਲਦਲ ਵਿਚ ਖੁੱਭਦੀਆਂ ਜਾ ਰਹੀਆਂ ਹਨ। ਸਤਿਗੁਰੂ ਮਨੁੱਖ ਨੂੰ ਸਚਿਆਰ ਬਣਾਉਣ ਵਿਚ ਵਿਸ਼ਵਾਸ ਰੱਖਦੇ ਸਨ ਨਾ ਕਿ ਵਹਿਮਾਂ-ਭਰਮਾਂ ਦਾ ਸ਼ਿਕਾਰ ਬਣਾ ਕੇ ਕਰਮ-ਕਾਂਡੀ ਬਣਾਉਣ ਵਿਚ। ਗੁਰਦੇਵ ਦਾ ਆਸ਼ਾ ਮਨੁੱਖ ਨੂੰ ਇਕ ਟੋਏ ਵਿੱਚੋਂ ਬਾਹਰ ਕੱਢ ਕੇ ਦੂਜੇ ਟੋਏ ਵਿਚ ਸੁੱਟਣਾ ਨਹੀਂ ਸੀ। ਜੇਕਰ ਅਸੀਂ ਗੁਰੂ ਸਾਹਿਬਾਨ ਦੇ ਨਾਂ ਨਾਲ ਇਹੀ

ਕੁਝ ਜੋੜ ਕੇ ਪ੍ਰਚਾਰਨਾ ਹੈ ਤਾਂ ਫਿਰ ਗੁਰਮਤਿ ਦੀ ਵਿਚਾਰਧਾਰਾ ਅਤੇ ਅਨਮਤੀ ਵਿਚਾਰਧਾਰਾ ਵਿਚ ਕੀ ਫ਼ਰਕ ਹੋਇਆ? ਫਿਰ ਗੁਰਮਤਿ ਦਾ ਤੱਤ ਗਿਆਨ ਵਿਸ਼ੇਸ਼ ਕਿਵੇਂ ਹੋਇਆ? ਸਤਿਗੁਰੂ ਜੀ ਦਾ ਮਨੁੱਖ ਨੂੰ ਇਸ ਭਵਸਾਗਰ ਤੋਂ ਪਾਰ ਲੰਘਣ ਦੀ ਜੁਗਤੀ ਦਰਸਾਉਂਦਿਆਂ ਹੋਇਆਂ ਇਹ ਕਹਿਣ ਦਾ ਫਿਰ ਕੀ ਅਰਥ ਰਹਿ ਜਾਵੇਗਾ:

ਸੁਣਿ ਸਾਜਨ ਇਉ ਦੁਤਰੁ ਤਰੀਐ॥
ਮਿਲਿ ਸਾਧੂ ਹਰਿ ਨਾਮੁ ਉਚਰੀਐ॥ *(ਸੂਹੀ ਮ: ੫, ਪੰਨਾ 741)*

ਫਿਰ ਖ਼ਾਲਸੇ ਦੀ ਨਿਆਰੀ ਅਤੇ ਵਿਲੱਖਣ ਜੀਵਨ-ਜੁਗਤਿ ਉੱਤੇ ਜ਼ੋਰ ਦੇਂਦਿਆਂ ਦਸਮੇਸ਼ ਪਾਤਸ਼ਾਹ ਦਾ ਖ਼ਾਲਸੇ ਤੋਂ ਆਪਾ ਘੋਲ ਘੁਮਾਉਂਦਿਆਂ ਹੋਇਆਂ ਨਾਲ ਹੀ ਕੀਤੀ ਹੋਈ ਤਾੜਨਾ ਦਾ ਕੀ ਭਾਵ ਲਵਾਂਗੇ:

ਜਬ ਲਗ ਖ਼ਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰੂੰ ਇਨ ਕੀ ਪ੍ਰਤੀਤ॥
(ਸਰਬਲੋਹ ਗ੍ਰੰਥ)

ਖ਼ਾਲਸੇ ਦਾ ਨਿਆਰਾਪਣ ਕੇਵਲ ਬਾਣੇ ਵਿਚ ਹੀ ਨਹੀਂ, ਬਲਕਿ ਗੁਰਬਾਣੀ ਦੇ ਆਸ਼ੇ ਅਨੁਸਾਰ ਜੀਵਨ ਬਿਤਾਉਣ ਵਿਚ ਹੀ ਹੈ।

ਸੋ, ਸਿੱਖੀ ਵਿਚ ਮਹਿਮਾ ਗੁਰਬਾਣੀ/ਗੁਰ-ਸ਼ਬਦ ਦੀ ਹੀ ਹੈ, ਸਥਾਨ ਦੀ ਨਹੀਂ। ਇਤਿਹਾਸਿਕ ਸਥਾਨਾਂ ਦੀ ਮਹੱਤਤਾ ਦਾ ਇਹ ਹਰਗਿਜ਼ ਭਾਵ ਨਹੀਂ ਕਿ ਇਨ੍ਹਾਂ ਦੀ ਕੇਵਲ ਯਾਤਰਾ/ਦਰਸ਼ਨ ਨਾਲ ਹੀ ਕਿਸੇ ਦੀ ਕਲਿਆਣ ਹੋ ਜਾਵੇਗੀ; ਕਲਿਆਣ ਕੇਵਲ ਤੇ ਕੇਵਲ ਗੁਰੂ ਆਸ਼ੇ ਅਨੁਸਾਰ ਜੀਵਨ ਗੁਜ਼ਾਰਨ ਨਾਲ ਹੀ ਹੋਵੇਗੀ।

ਗ੍ਰਿਹਸਥੀ ਸੁਤ ਬਿਨ ਸ੍ਰਾਪਤਿ ਹੋਇ

ਗੁਰਮਤਿ ਦੀ ਜੀਵਨ-ਜੁਗਤਿ ਦਾ ਆਧਾਰ ਕੇਵਲ ਗੁਰਬਾਣੀ ਹੀ ਹੈ। ਗੁਰਦੁਆਰਾ ਸਾਹਿਬ ਵਿਖੇ ਇਸ ਜੀਵਨ-ਜੁਗਤਿ ਨੂੰ ਸਮਝਣ ਲਈ ਹੀ ਜਾਈਦਾ ਹੈ। ਇਸ ਲਈ ਗੁਰਮਤਿ ਦੀਆਂ ਕਦਰਾਂ-ਕੀਮਤਾਂ ਦਾ ਪ੍ਰਚਾਰ ਕਰਨ ਵਾਲਿਆਂ ਦਾ ਇਹ ਫ਼ਰਜ਼ ਹੈ ਕਿ ਉਹ ਉਨ੍ਹਾਂ ਹੀ ਕਦਰਾਂ-ਕੀਮਤਾਂ ਨੂੰ ਪ੍ਰਚਾਰਨ, ਜਿਹੜੀਆਂ ਗੁਰਮਤਿ ਦੀ ਜੀਵਨ-ਜੁਗਤਿ ਨਾਲ ਸੰਬੰਧਤ ਹਨ। ਪਰ ਆਮ ਤੌਰ 'ਤੇ ਗੁਰਦੁਆਰਾ ਸਾਹਿਬ ਵਿਖੇ ਗੁਰਮਤਿ ਦੀਆਂ ਕਦਰਾਂ-ਕੀਮਤਾਂ ਦੀ ਬਜਾਇ ਅਨਮਤ ਦੀਆਂ ਕਦਰਾਂ-ਕੀਮਤਾਂ ਜਾਂ ਜਨ-ਸਾਧਾਰਨ ਦੇ ਦ੍ਰਿਸ਼ਟੀਕੋਣ ਨੂੰ ਪ੍ਰਚਾਰਿਆ ਜਾ ਰਿਹਾ ਹੁੰਦਾ ਹੈ।

ਇਸ ਤੋਂ ਇਲਾਵਾ ਕਈ ਸੱਜਣਾਂ ਵੱਲੋਂ ਕਈ ਅਜਿਹੀਆਂ ਸਾਖੀਆਂ ਨੂੰ ਆਧਾਰ ਬਣਾ ਕੇ ਕੋਈ ਗੱਲ ਆਖੀ ਜਾ ਰਹੀ ਹੁੰਦੀ ਹੈ, ਜਿਸ ਦਾ ਸੰਬੰਧ ਗੁਰੂ ਸਾਹਿਬਾਨ ਨਾਲ ਹੁੰਦਾ ਹੈ। ਪਰ ਜੋ ਕੁਝ ਗੁਰੂ ਸਾਹਿਬਾਨ ਦੇ ਪਾਵਨ ਮੁੱਖ ਵਿੱਚੋਂ ਕਢਵਾਇਆ ਗਿਆ ਹੁੰਦਾ ਹੈ, ਉਸ ਦਾ ਗੁਰੂ ਸਾਹਿਬਾਨ ਨਾਲ ਕੋਈ ਸੰਬੰਧ ਨਹੀਂ ਹੁੰਦਾ ਹੈ। ਸਾਡੇ ਪਾਸ ਗੁਰਮਤਿ ਦੀ ਜੀਵਨ-ਜੁਗਤਿ ਨੂੰ ਸਮਝਣ ਦੀ ਇੱਕੋ ਹੀ ਕਸਵੱਟੀ ਹੈ, ਉਹ ਹੈ ਗੁਰਬਾਣੀ। ਜਿਹੜਾ ਫ਼ੁਰਮਾਨ ਗੁਰਬਾਣੀ ਦੀ ਕਸਵੱਟੀ ਉੱਤੇ ਪੂਰਾ ਨਹੀਂ ਉਤਰਦਾ, ਉਸ ਨੂੰ ਗੁਰੂ ਸਾਹਿਬਾਨ ਦੇ ਪਾਵਨ ਮੁੱਖ ਵਿੱਚੋਂ ਨਿਕਲਿਆ ਹੋਇਆ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਕਈ ਵਾਰ ਕਥਾ-ਵਖਿਆਨ ਕਰਨ ਵਾਲਿਆਂ ਦੇ ਮੂੰਹੋਂ ਇਹ ਸੁਣਨ ਨੂੰ ਮਿਲਦਾ ਹੈ ਕਿ ਗੁਰੂ ਸਾਹਿਬ ਨੇ ਆਖਿਆ ਹੈ ਕਿ 'ਗ੍ਰਿਹਸਥੀ ਸੁਤ ਬਿਨ ਸ੍ਰਾਪਤਿ ਹੋਇ'। ਕਥਾ-ਵਖਿਆਨ ਕਰਨ ਵਾਲਿਆਂ ਦੇ ਮੂੰਹੋਂ ਇਹ ਸੁਣ ਕੇ ਕਈ ਸੱਜਣ ਇਹ ਸਮਝਦੇ ਹਨ ਕਿ ਸ਼ਾਇਦ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਲਿਖੇ ਹੋਏ ਹਨ। ਪ੍ਰੰਤੂ 'ਗ੍ਰਿਹਸਥੀ ਸੁਤ ਬਿਨ ਸ੍ਰਾਪਤਿ ਹੋਇ' ਗੁਰਬਾਣੀ ਦਾ ਫ਼ੁਰਮਾਨ ਨਹੀਂ ਹੈ ਸਗੋਂ ਇਹ *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* ਦੀ ਪੰਕਤੀ ਹੈ। ਭਾਵੇਂ ਇਹ ਸ਼ਬਦ ਕਵੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਮੂੰਹੋਂ ਕਢਵਾਏ ਹਨ, ਪਰ ਫਿਰ ਵੀ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਨਹੀਂ ਆਖੇ ਜਾ ਸਕਦੇ। ਚੂੰਕਿ ਇਹ ਗੁਰਬਾਣੀ ਦੇ ਆਸ਼ੇ ਦੇ ਅਨੁਕੂਲ ਨਹੀਂ ਹਨ। ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਣ ਲਈ ਜਿਸ ਪ੍ਰਸੰਗ ਵਿੱਚੋਂ ਇਹ ਪੰਗਤੀ ਲਈ ਗਈ ਹੈ, ਸੰਖੇਪ ਵਿਚ ਉਸ ਨੂੰ ਵਾਚਣਾ ਜ਼ਰੂਰੀ ਹੈ:

ਭਾਈ ਸੰਤੋਖ ਸਿੰਘ ਜੀ ਲਿਖਦੇ ਹਨ ਕਿ ਜਦ ਦਸਮੇਸ਼ ਪਾਤਸ਼ਾਹ ਦਿੱਲੀ ਤੋਂ ਆਗਰੇ ਜਾ ਰਹੇ ਸਨ ਤਾਂ ਰਸਤੇ ਵਿਚ ਗੁਰਦੇਵ ਨੇ ਪਿਆਸ ਲੱਗਣ 'ਤੇ ਜਲ ਦੀ ਮੰਗ ਕੀਤੀ। ਇਕ ਸਿੱਖ ਨੇ ਲਾਗਲੇ ਪਿੰਡੋਂ ਜਾ ਕੇ ਪਾਣੀ ਲਿਆ ਕੇ ਜਦ ਹਜ਼ੂਰ ਨੂੰ ਪੇਸ਼ ਕੀਤਾ ਤਾਂ ਸਤਿਗੁਰੂ ਜੀ ਨੇ ਪਾਣੀ ਲਿਆਉਣ ਵਾਲੇ ਸਿੱਖ ਨੂੰ ਪੁੱਛਿਆ ਕਿ ਇਹ ਪਾਣੀ ਕਿਸ ਦੇ ਘਰੋਂ ਲਿਆਂਦਾ ਹੈ। ਸਿੱਖ ਨੇ ਉੱਤਰ ਵਿਚ ਕਿਹਾ:

ਹਾਥ ਜੋਰਿ ਕਰਿ ਸਿੰਘ ਬਤਾਯੋ। ਇਕ ਦਿਜਨੀ ਕੇ ਗ੍ਰਿਹ ਤੇ ਲਯਾਯੋ।
ਤਨੁਜਾ ਤਨੁਜ ਨ ਬਾਲਕ ਕੋਈ। ਯਾਂ ਤੇ ਸੁਚਿ ਏਕਲ ਰਹਿ ਸੋਈ॥੩੬॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ 1, ਅੰਸ਼ੂ 46)

ਸਿੱਖ ਨੇ ਉੱਤਰ ਵਿਚ ਕਿਹਾ ਕਿ ਇਹ ਸ਼ੁੱਧ ਨਿਰਮਲ ਜਲ ਇਕ ਬ੍ਰਾਹਮਣੀ ਦੇ ਘਰੋਂ ਲਿਆਂਦਾ ਹੈ, ਉਸ ਦੇ ਘਰ ਕੋਈ ਬਾਲਕ ਨਹੀਂ ਸੀ, ਇਸ ਲਈ ਉਹ ਇਕੱਲੀ ਬੜੀ ਹੀ ਸੁੱਚਮ ਨਾਲ ਰਹਿ ਰਹੀ ਹੈ। ਸਿੱਖ ਦੇ ਮੂੰਹੋਂ ਇਹ ਸੁਣ ਕੇ ਮਹਾਰਾਜ ਨੇ ਪਾਣੀ ਪੀਣ ਤੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਇਹ ਪਾਣੀ ਸ਼ੁੱਧ ਨਹੀਂ ਆਖਿਆ ਜਾ ਸਕਦਾ। ਭਾਈ ਸੰਤੋਖ ਸਿੰਘ ਲਿਖਦੇ ਹਨ:

ਸੁਨਿ ਕਰਿ ਕਰ ਤੇ ਭਰਯੋ ਕਟੋਰਾ। ਗੇਰਿ ਦੀਨਿ ਤੂਰਨ ਧਰਿ ਓਰਾ।
ਦਯਾ ਸਿੰਧੁ ਬੋਲੇ ਜਲ ਡਾਰਿ। 'ਤਿਸੁ ਕੋ ਗ੍ਰਿਹ ਸੁੱਧ ਨ ਬਾਰਿ॥੩੭॥
ਏਕਲ ਕਹਾਂ ਸੌਚਤਾ ਧਰਨੀ। ਬਹੁਤੇ ਬਾਲ ਤਹਾਂ ਸੁਧਿ ਬਰਨੀ।
ਭਗਤਿ ਸ਼ੁੱਧ ਨਹਿ, ਸੁੱਧ ਆਚਾਰ। ਬਹੁਤੇ ਗ੍ਰਿਹਸਥੀ ਸੁੱਧ ਸੁ ਬਾਰਿ॥੩੮॥
ਸਦਨ ਸ਼ੁੱਧ ਗ੍ਰਿਹਸਤੀ ਜਹਿਂ ਬਹੁਤੇ। ਏਕਲ ਘਰ ਧ੍ਰਿਗ ਦੇਵ ਨ ਭੁਗਤੇ॥
ਗ੍ਰਿਹਸਤੀ ਸੁਤ ਬਿਨ ਸ੍ਰਾਪਤਿ ਹੋਇ। ਆਗੈ ਭਾਗ ਨ ਦੈ ਹੈ ਕੋਇ॥੩੯॥
ਦੋਹਰਾ॥ ਸਾਧੂ ਏਕਾਕੀ ਭਲਾ, ਸੁੱਧ ਦੇਹ, ਮਨ ਸੁੱਧ।
ਗੇਹੀ ਬਹੁਤੇ ਸ਼ੁੱਧ ਘਰ ਸੁਚਿ ਤਨ ਮਨ ਅੇ ਬੁੱਧਿ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਐਨ 1, ਅੰਸ਼ੂ 46)

ਇਸ ਕਥਨ ਅਨੁਸਾਰ ਤਾਂ ਝੌਂਪੜੀਆਂ ਵਿਚ ਰਹਿਣ ਵਾਲਿਆਂ ਦਾ ਪਾਣੀ ਹੀ ਸ਼ੁੱਧ ਹੋ ਸਕਦਾ ਹੈ, ਕਿਉਂਕਿ ਇਨ੍ਹਾਂ ਦੇ ਕਈ ਕਈ ਬੱਚੇ ਹੁੰਦੇ ਹਨ। ਆਮ ਗ੍ਰਿਹਸਥੀ ਦੇ ਘਰ ਦਾ ਪਾਣੀ ਤਾਂ ਸ਼ੁੱਧ ਹੋ ਹੀ ਨਹੀਂ ਸਕਦਾ। ਪਰ ਗੁਰਮਤਿ ਵਿਚ ਸੁੱਚ ਦਾ ਇਹ ਮਾਪਦੰਡ ਸਵੀਕਾਰ ਨਹੀਂ ਕੀਤਾ ਗਿਆ ਹੈ। ਬੇਬੇ ਨਾਨਕੀ ਜੀ ਦੀ ਕੋਈ ਸੰਤਾਨ ਨਹੀਂ ਸੀ। ਕੀ ਗੁਰੂ ਨਾਨਕ ਸਾਹਿਬ ਨੇ ਕਦੀ ਭੈਣ ਨਾਨਕੀ ਦੇ ਘਰੋਂ ਖਾਣ-ਪੀਣ ਤੋਂ ਇਨਕਾਰ ਕੀਤਾ ਸੀ ? ਕੀ ਉਨ੍ਹਾਂ ਨੇ ਕਦੀ ਬੇਬੇ ਨਾਨਕੀ ਜੀ ਦੇ ਘਰ ਦੇ ਅੰਨ ਪਾਣੀ ਨੂੰ ਅਪਵਿੱਤਰ ਕਿਹਾ ਸੀ ? ਨਹੀਂ, ਇਹ ਹਰਗਿਜ਼ ਨਹੀਂ। ਜਦ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਰੌਸ਼ਨੀ ਵਿਚ ਭਾਈ ਸਾਹਿਬ ਦੇ ਇਨ੍ਹਾਂ ਕਥਨਾਂ ਨੂੰ, ਜਿਨ੍ਹਾਂ ਨੂੰ ਭਾਈ ਸੰਤੋਖ ਸਿੰਘ ਜੀ ਦਸਮੇਸ਼ ਪਾਤਸ਼ਾਹ ਦੇ ਮੂੰਹੋਂ ਕਢਵਾ ਰਹੇ ਹਨ, ਪਰਖਦੇ ਹਾਂ (ਕਿ ਜਿਨ੍ਹਾਂ ਦੇ ਘਰ ਬਾਲਕ ਨਹੀਂ, ਉਨ੍ਹਾਂ ਦੀ ਨਾ ਭਗਤੀ ਸ਼ੁੱਧ ਹੈ ਨਾ ਹੀ ਆਚਾਰ, ਇਕੱਲੇ ਘਰ ਨੂੰ ਧਿੱਕਾਰ ਹੈ ਜਿਸ ਦਾ ਅੰਨ ਦੇਵਤੇ ਵੀ ਨਹੀਂ ਖਾਂਦੇ। ਗ੍ਰਿਹਸਥੀ ਦਾ ਘਰ ਸ਼ੁੱਧ ਤਾਂ ਹੈ ਜੇ ਬਹੁਤੇ ਬਾਲ ਹੋਣ, ਉਸੇ ਦਾ ਤਨ ਮਨ ਅਤੇ ਬੁੱਧੀ ਸੁੱਚੇ ਹਨ। ਜਿਸ ਗ੍ਰਿਹਸਥੀ ਦੇ ਬਹੁਤੇ ਬਾਲ ਹੋਣ ਉਸ

ਦਾ ਜਲ ਸ਼ੁੱਧ ਹੈ। ਸਪੁੱਤਰ ਤੋਂ ਬਿਨਾਂ ਗ੍ਰਿਹਸਥੀ ਸਰਾਪਿਆ ਹੋਇਆ ਹੈ ਇਤਿਆਦਿਕ) ਤਾਂ ਇਹ ਗੁਰਬਾਣੀ ਦੀ ਕਸਵੱਟੀ ਉੱਤੇ ਪੂਰੇ ਨਹੀਂ ਉਤਰਦੇ।

ਜੇਕਰ ਅਸੀਂ ਗੁਰੂ ਗ੍ਰੰਥ ਸਾਹਿਬ ਪਾਸੋਂ ਇਹ ਪੁੱਛੀਏ ਕਿ ਮਹਾਰਾਜ ਕਿਸ ਦੇ ਘਰ ਦਾ ਅੰਨ ਪਾਣੀ ਖਾਣ ਯੋਗ ਹੈ ਅਤੇ ਕਿਸ ਦਾ ਤਿਆਗਣ ਯੋਗ, ਤਾਂ ਪਾਤਸ਼ਾਹ ਦਾ ਉੱਤਰ ਹੈ:

ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੁ ਸਮਾਨ ॥

(ਬਿਲਾਵਲੁ ਮਹਲਾ ੫, ਪੰਨਾ 811)

ਅਰਥ: ਹੇ ਭਾਈ! ਗੁਰਮੁਖਾਂ ਦੇ ਘਰ ਦੀ ਰੁੱਖੀ ਰੋਟੀ (ਜੇ ਮਿਲੇ ਤਾਂ ਉਸ ਨੂੰ ਦੁਨੀਆਂ ਦੇ) ਸਾਰੇ ਖ਼ਜ਼ਾਨੇ (ਸਮਝ)। ਪਰ ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ ਦੇ ਘਰ ਵਿਚ (ਜੇ) ਕਈ ਕਿਸਮਾਂ ਦੇ ਭੋਜਨ (ਮਿਲਣ ਤਾਂ) ਉਹ ਜ਼ਹਿਰ ਵਰਗੇ (ਜਾਣ)।

ਸਤਿਗੁਰੂ ਜੀ ਉੱਤਮ ਗ੍ਰਿਹਸਥੀ ਦੀ ਪ੍ਰੀਭਾਸ਼ਾ ਬਿਆਨ ਕਰਦਿਆਂ ਹੋਇਆਂ ਫ਼ੁਰਮਾਉਂਦੇ ਹਨ:

ਸੋ ਗਿਰਹੀ ਜੋ ਨਿਗ੍ਰਹੁ ਕਰੈ ॥ ਜਪੁ ਤਪੁ ਸੰਜਮੁ ਭੀਖਿਆ ਕਰੈ ॥
ਪੁੰਨ ਦਾਨ ਕਾ ਕਰੇ ਸਰੀਰੁ ॥ ਸੋ ਗਿਰਹੀ ਗੰਗਾ ਕਾ ਨੀਰੁ ॥

(ਵਾਰ ਰਾਮਕਲੀ, ਮਹਲਾ ੧, ਪੰਨਾ 952)

ਅਰਥ: (ਅਸਲ) ਗ੍ਰਿਹਸਥੀ ਉਹ ਹੈ ਜੋ ਇੰਦ੍ਰਿਆਂ ਨੂੰ ਵਿਕਾਰਾਂ ਵੱਲੋਂ ਰੋਕਦਾ ਹੈ, ਜੋ (ਪ੍ਰਭੂ ਪਾਸੋਂ) ਜਪ ਤਪ ਤੇ ਸੰਜਮ-ਰੂਪ ਖ਼ੈਰ ਮੰਗਦਾ ਹੈ ਜੋ ਆਪਣਾ ਸਰੀਰ (ਭੀ) ਪੁੰਨ ਦਾਨ ਵਾਲਾ ਹੀ ਬਣਾ ਲੈਂਦਾ ਹੈ (ਭਾਵ, ਖ਼ਲਕਤ ਦੀ ਸੇਵਾ ਤੇ ਭਲਾਈ ਕਰਨ ਦਾ ਸੁਭਾਅ ਜਿਸ ਦੇ ਸਰੀਰ ਨਾਲ ਰਚ-ਮਿਚ ਜਾਂਦਾ ਹੈ); ਉਹ ਗ੍ਰਿਹਸਥੀ ਗੰਗਾ ਜਲ (ਵਰਗਾ ਪਵਿੱਤਰ) ਹੋ ਜਾਂਦਾ ਹੈ। ਇਸ ਹਕੀਕਤ ਨੂੰ ਫਿਰ ਇਉਂ ਵੀ ਦਰਸਾਇਆ ਹੈ:

ਬ੍ਰਹਮਣ ਚੁਲੀ ਸੰਤੋਖ ਕੀ ਗਿਰਹੀ ਕਾ ਸਤੁ ਦਾਨੁ ॥

(ਵਾਰ ਸਾਰੰਗ, ਮਹਲਾ ੧, ਪੰਨਾ 1240)

ਅਰਥ: ਬ੍ਰਾਹਮਣ ਲਈ ਚੁਲੀ (ਕਿਸੇ ਸੰਕਲਪ ਨੂੰ ਪ੍ਰਤਿਗਿਆ ਦੀ ਸ਼ਕਲ ਵਿਚ ਪ੍ਰਗਟ ਕਰਨ ਲਈ ਹੱਥ ਵਿਚ ਜਲ ਦਾ ਲੈਣਾ ਅਤੇ ਤਿਆਗਣਾ) ਸੰਤੋਖ ਹੈ ਤੇ ਗ੍ਰਿਹਸਥੀ ਲਈ ਚੁਲੀ ਹੈ ਉੱਚਾ ਆਚਰਨ ਅਤੇ ਸੇਵਾ।

ਹਜ਼ੂਰ ਤਾਂ ਸੁੱਚ ਦਾ ਮਾਪਦੰਡ ਬਿਆਨ ਕਰਦਿਆਂ ਆਖਦੇ ਹਨ:

ਕਹੁ ਨਾਨਕ ਸਚੁ ਧਿਆਈਐ ॥ ਸੁਚਿ ਹੋਵੈ ਤਾ ਸਚੁ ਪਾਈਐ ॥

(ਵਾਰ ਆਸਾ ਮਹਲਾ ੧, ਪੰਨਾ 472)

ਅਰਥ: ਹੇ ਨਾਨਕ! ਆਖ, ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ। ਤਾਂ ਹੀ ਸੁੱਚ-ਪਵਿੱਤਰਤਾ ਹੋ ਸਕਦੀ ਹੈ ਜੇ ਸੱਚਾ ਪ੍ਰਭੂ ਮਿਲ ਪਏ।

ਗੁਰੂ ਗ੍ਰੰਥ ਸਾਹਿਬ ਤਾਂ ਉੱਤਮ/ਸ੍ਰੇਸ਼ਟ ਅਤੇ ਸਫਲ ਜੀਵਨ-ਜਾਚ ਸਮਝਾਉਂਦਿਆਂ ਕਹਿੰਦੇ ਹਨ:

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

(ਗੂਜਰੀ ਵਾਰ ਮਹਲਾ ੫, ਪੰਨਾ 522)

ਅਰਥ : ਹੇ ਨਾਨਕ! ਜੇ ਸਤਿਗੁਰੂ ਮਿਲ ਪਏ ਤਾਂ ਜਿਊਣ ਦੀ ਠੀਕ ਜਾਚ ਆ ਜਾਂਦੀ ਹੈ ਅਤੇ ਹੱਸਦਿਆਂ ਖੇਡਦਿਆਂ ਖਾਂਦਿਆਂ ਪਹਿਨਦਿਆਂ (ਭਾਵ, ਦੁਨੀਆਂ ਦੇ ਸਾਰੇ ਕੰਮ-ਕਾਰ ਕਰਦਿਆਂ) ਮਾਇਆ ਵਿਚ ਵਰਤਿਆਂ ਹੀ ਕਾਮਾਦਿਕ ਵਿਕਾਰਾਂ ਤੋਂ ਬਚੇ ਰਹੀਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਗ੍ਰਿਹਸਥੀਆਂ, ਜਿਹੜੇ ਪ੍ਰਭੂ ਦੀ ਭਗਤੀ ਨਹੀਂ ਕਰਦੇ, ਸ੍ਰੇਸ਼ਟ ਇਨਸਾਨਾਂ ਦੀ ਸੇਵਾ ਨਹੀਂ ਕਰਦੇ, ਬਾਰੇ ਇਹ ਜ਼ਰੂਰ ਕਿਹਾ ਹੈ ਕਿ ਉਹ ਘਰ ਭਾਵੇਂ ਕਿਤਨੇ ਹੀ ਸੁੱਚੇ ਤੇ ਸਾਫ਼ ਰੱਖੇ ਜਾਂਦੇ ਹੋਣ, ਉਹ ਮਸਾਣਾਂ ਵਰਗੇ ਹਨ, ਉਨ੍ਹਾਂ ਘਰਾਂ ਵਿਚ ਮਨੁੱਖ ਨਹੀਂ ਭੂਤਨੇ ਵੱਸਦੇ ਹਨ :

ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥੧੯੨॥

(ਸਲੋਕ ਕਬੀਰ ਜੀ, ਪੰਨਾ 1374)

ਅਰਥ : ਹੇ ਕਬੀਰ! (ਠਾਕੁਰਾਂ ਦੀ ਪੂਜਾ ਤੇ ਹਰੇਕ ਦਿਨ-ਦਿਹਾਰ ਸਮੇਂ ਬ੍ਰਾਹਮਣ ਦੀ ਸੇਵਾ-ਬੱਸ! ਇਹ ਹੈ ਸਿੱਖਿਆ ਜੋ ਬ੍ਰਾਹਮਣ ਦੇਵਤਾ ਆਪਣੇ ਸ਼ਰਧਾਲੂਆਂ ਨੂੰ ਦੇ ਰਿਹਾ ਹੈ। ਸ਼ਰਧਾਲੂ ਵਿਚਾਰੇ ਭੀ ਠਾਕੁਰ-ਪੂਜਾ ਤੇ ਬ੍ਰਾਹਮਣ ਦੀ ਸੇਵਾ ਕਰ ਕੇ ਆਪਣੇ ਆਪ ਨੂੰ ਸੁਚੱਜੇ ਤੇ ਸੁੱਚੇ ਹਿੰਦੂ ਸਮਝ ਲੈਂਦੇ ਹਨ; ਪਰ ਅਸਲ ਗੱਲ ਇਹ ਹੈ ਕਿ) ਜਿਨ੍ਹਾਂ ਘਰਾਂ ਵਿਚ ਨੇਕ ਬੰਦਿਆਂ ਦੀ ਸੇਵਾ ਨਹੀਂ ਹੁੰਦੀ, ਤੇ ਪਰਮਾਤਮਾ ਦੀ ਭਗਤੀ ਨਹੀਂ ਕੀਤੀ ਜਾਂਦੀ, ਉਹ ਘਰ (ਭਾਵੇਂ ਕਿਤਨੇ ਹੀ ਸੁੱਚੇ ਤੇ ਸਾਫ਼ ਰੱਖੇ ਜਾਂਦੇ ਹੋਣ) ਮਸਾਣਾਂ ਵਰਗੇ ਹਨ, ਉਨ੍ਹਾਂ ਘਰਾਂ ਵਿਚ (ਮਨੁੱਖ ਨਹੀਂ) ਭੂਤਨੇ ਵੱਸਦੇ ਹਨ।

ਇਤਿਹਾਸ ਵਿਚ ਅਜਿਹੇ ਕਈ ਸ਼ਬਦ ਲੇਖਕਾਂ ਨੇ ਗੁਰੂ ਸਾਹਿਬਾਨ ਦੇ ਮੂੰਹੋਂ ਕਢਵਾਏ ਹਨ, ਜਿਨ੍ਹਾਂ ਦਾ ਗੁਰੂ ਸਾਹਿਬ ਨਾਲ ਦੂਰ ਦਾ ਵੀ ਕੋਈ ਸੰਬੰਧ ਨਹੀਂ ਹੈ। ਪਰ ਫਿਰ ਵੀ ਅਸੀਂ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੇ ਮੁੱਖ ਵਾਕ ਹੀ ਸਮਝ ਰਹੇ ਹਾਂ। ਅਸੀਂ ਜ਼ਿਆਦਾਤਰ ਗੁਰੂ ਗ੍ਰੰਥ ਸਾਹਿਬ ਨੂੰ ਯਥਾ ਯੋਗ ਮਾਇਆ/ਰੁਮਾਲਾ ਆਦਿ ਅਰਪਣ ਕਰ ਕੇ ਮੱਥਾ ਟੇਕਣ, ਰਸਮੀ ਸਹਿਜ/ਅਖੰਡ ਪਾਠ ਆਦਿ ਕਰਾਉਣ ਤਕ ਹੀ ਸੀਮਿਤ ਰਹਿੰਦੇ ਹਾਂ। ਬਾਣੀ ਨੂੰ ਧਿਆਨ ਨਾਲ ਪੜ੍ਹਨ/ਵਿਚਾਰਨ ਦੀ ਅਸੀਂ ਲੋੜ ਮਹਿਸੂਸ ਨਹੀਂ ਕਰਦੇ। ਇਸ ਲਈ ਗੁਰੂ ਗ੍ਰੰਥ ਸਾਹਿਬ ਦਾ ਅਜਿਹਾ ਸਤਿਕਾਰ ਕਰਦੇ ਹੋਏ ਵੀ ਗੁਰਬਾਣੀ ਦੇ ਆਸ਼ੇ ਨੂੰ ਸਮਝਣੋਂ ਅਸਮਰੱਥ ਹਾਂ। ਇਹੀ ਕਾਰਨ ਹੈ ਕਿ ਜਦ ਕਦੇ ਕੋਈ ਗੁਰਬਾਣੀ ਦੀ ਵਿਚਾਰਧਾਰਾ ਤੋਂ ਉਲਟ ਵੀ ਗੱਲ ਕਰ ਕੇ ਇਹ ਆਖ ਦੇਂਦਾ ਹੈ ਕਿ ਇਹ ਫ਼ਲਾਣੀ ਪੁਸਤਕ ਵਿਚ ਲਿਖੀ ਹੈ ਜਾਂ ਫ਼ਲਾਣੇ ਮਹਾਂਪੁਰਸ਼ ਜਾਂ ਲੇਖਕ ਨੇ ਲਿਖੀ ਹੈ, ਤਾਂ ਅਸੀਂ ਝੱਟ ਹੀ ਉਸ ਨੂੰ ਮੰਨ ਲੈਂਦੇ ਹਾਂ। ਕਿਸੇ ਵੀ ਪੁਸਤਕ ਵਿਚ ਜੇਕਰ ਕੋਈ ਅਜਿਹੀ ਗੱਲ ਸਤਿਗੁਰਾਂ ਦੇ ਪਾਵਨ ਮੁਖਾਰਬਿੰਦ ਵਿੱਚੋਂ ਅਖਵਾਈ/

ਕਢਵਾਈ ਹੈ ਜਿਹੜੀ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੇ ਉਲਟ ਹੈ, ਤਾਂ ਇਹ ਸਮਝਣਾ ਚਾਹੀਦਾ ਹੈ ਕਿ ਇਹ ਲੇਖਕ ਦੇ ਆਪਣੇ ਵਿਚਾਰ ਹਨ ਜਾਂ ਕਿਸੇ ਹੋਰ ਲੇਖਕ ਦੇ ਵਿਚਾਰਾਂ ਨੂੰ ਹੀ ਲੇਖਕ ਦੁਹਰਾਉਣ ਦੀ ਖੇਚਲ ਕਰ ਰਿਹਾ ਹੈ। ਚੂੰਕਿ ਸਾਡੇ ਗੁਰੂ, ਗੁਰੂ ਗ੍ਰੰਥ ਸਾਹਿਬ ਹਨ, ਨਾ ਕਿ ਇਤਿਹਾਸ। ਅਸੀਂ ਇਤਿਹਾਸ ਤੋਂ ਨਹੀਂ, ਗੁਰੂ ਗ੍ਰੰਥ ਸਾਹਿਬ ਤੋਂ ਅਗਵਾਈ ਲੈਣੀ ਹੈ।

ਇਸ ਸਾਖੀ ਤੋਂ ਇਹ ਪੱਖ ਤਾਂ ਲਿਆ ਜਾ ਸਕਦਾ ਹੈ ਕਿ ਗੁਰਦੇਵ ਆਮ ਕਥਿਤ ਸੁੱਚ ਦੇ ਮੁੱਦਈਆਂ ਵਾਲੀ ਸੁੱਚ ਦੀ ਧਾਰਨਾ ਨੂੰ ਇਹ ਕਹਿ ਕੇ ਰੱਦ ਕਰਦੇ ਹੋਣ, ਕਿ ਜਿਸ ਘਰ ਛੋਟੇ ਬੱਚੇ ਹਨ ਉਥੇ ਸੁੱਚਮ ਨਹੀਂ ਰਹਿ ਸਕਦੀ। ਪਰ ਜਿਸ ਤਰ੍ਹਾਂ ਨਾਲ ਇਸ ਘਟਨਾ ਨੂੰ ਬਿਆਨ ਕੀਤਾ ਗਿਆ ਹੈ, ਉਸ ਦਾ ਗੁਰਮਤਿ ਦੀ ਵਿਚਾਰਧਾਰਾ ਨਾਲ ਕੋਈ ਸੰਬੰਧ ਨਹੀਂ ਹੈ। 'ਸਾਧੂ ਏਕਾਕੀ ਭਲਾ, ਸੁੱਧ ਦੇਹ ਮਨ ਸੁੱਧ।' ਇਹ ਗੁਰਮਤਿ ਦਾ ਦ੍ਰਿਸ਼ਟੀਕੋਣ ਨਹੀਂ ਹੈ, ਇਹ ਬਿਹੰਗਮ ਬਿਰਤੀ ਦੇ ਧਾਰਨੀ ਲੋਕਾਂ ਦਾ ਖ਼ਿਆਲ ਹੈ; ਇਹ ਖ਼ਿਆਲ ਸਿੱਖੀ ਜੀਵਨ-ਜਾਚ ਦਾ ਅੰਗ ਨਹੀਂ ਹੈ, ਜਿਸ ਨੂੰ ਭਾਈ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਮੂੰਹੋਂ ਅਖਵਾ ਰਹੇ ਹਨ। ਇਸ ਲਈ ਭਾਵੇਂ ਲੇਖਕ ਨੇ ਇਹ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦੇ ਮੁਖਾਰਬਿੰਦ ਵਿੱਚੋਂ ਅਖਵਾਏ/ਕਢਵਾਏ ਹਨ ਪਰ ਕਿਉਂਕਿ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਅਨੁਸਾਰ ਨਹੀਂ ਹਨ, ਇਸ ਲਈ ਇਨ੍ਹਾਂ ਨੂੰ ਦਸਮੇਸ਼ ਪਾਤਸ਼ਾਹ ਦੇ ਬਚਨ ਨਹੀਂ ਆਖਿਆ ਜਾ ਸਕਦਾ।

ਸੋ, ਗੁਰਮਤਿ ਵਿਚ ਗ੍ਰਿਹਸਥ ਦੀ ਤਾਂ ਪ੍ਰਧਾਨਤਾ ਹੈ, ਪ੍ਰੰਤੂ ਉੱਤਮ ਗ੍ਰਿਹਸਥੀ ਲਈ ਸੰਤਾਨ ਦੀ ਪੈਦਾਇਸ਼ ਜ਼ਰੂਰੀ ਸ਼ਰਤ ਨਹੀਂ ਐਲਾਨੀ ਗਈ ਹੈ ਅਤੇ ਨਾ ਹੀ ਉਨ੍ਹਾਂ ਗ੍ਰਿਹਸਥੀਆਂ ਜਿਨ੍ਹਾਂ ਦੇ ਘਰ ਸੰਤਾਨ (ਸਪੁੱਤਰ) ਨਹੀਂ ਹੋਈ, ਉਨ੍ਹਾਂ ਨੂੰ ਸਰਾਪੇ ਹੋਏ ਆਖਿਆ ਹੈ।

ਭਾਈ ਕਾਨ੍ਹ ਸਿੰਘ ਨਾਭਾ ਗ੍ਰਿਹਸਥ ਬਾਰੇ ਲਿਖਦੇ ਹਨ:

> ਗੁਰਮਤ ਵਿਚ ਗ੍ਰਿਹਸਥ ਆਸ਼੍ਰਮ ਦੀ ਸਭ ਤੋਂ ਵਧ ਕੇ ਮਹਿਮਾ ਹੈ, ਜੋ ਧਰਮ ਕਿਰਤ ਨਾਲ ਉਪਜੀਵਕਾ ਕਰਦੇ, ਉਪਕਾਰੀ ਹੋ ਕੇ ਦੂਜਿਆਂ ਨੂੰ ਲਾਭ ਪਹੁੰਚਾਉਂਦੇ ਹਨ, ਅਰ ਸੰਸਾਰ ਦੇ ਵਿਹਾਰਾਂ ਨੂੰ ਚੰਗੀ ਰੀਤਿ ਨਾਲ ਕਰਦੇ ਹੋਏ ਹਰ ਵੇਲੇ ਆਪਣੇ ਮਾਲਕ ਨੂੰ ਯਾਦ ਰੱਖਦੇ ਹਨ, ਉਹ ਉੱਤਮ ਗ੍ਰਿਹਸਥੀ ਸਿੱਖ ਹੈਨ।
>
> *(ਗੁਰਮਤ ਮਾਰਤੰਡ)*

ਗੁਰਦੁਆਰਾ ਸਾਹਿਬ ਵਿਖੇ ਵ੍ਹੀਲ-ਚੇਅਰ 'ਤੇ ਬੈਠਿਆਂ ਮੱਥਾ ਟੇਕਣ ਸੰਬੰਧੀ

ਗੁਰੂ ਸਾਹਿਬਾਨ ਵੱਲੋਂ, ਸਮਾਜ ਵਿਚ ਊਚ-ਨੀਚ, ਗ਼ਰੀਬ-ਅਮੀਰ, ਇਸਤਰੀ-ਪੁਰਸ਼ ਆਦਿ ਨੂੰ ਲੈ ਕੇ ਜੋ ਕਈ ਤਰ੍ਹਾਂ ਦੇ ਭੇਦ-ਭਾਵ ਪ੍ਰਚੱਲਤ ਸਨ, ਉਨ੍ਹਾਂ ਨੂੰ ਮਿਟਾਉਣ ਅਥਵਾ ਦੂਰ ਕਰਨ ਲਈ ਪ੍ਰਾਰੰਭੇ ਉਪਰਾਲਿਆਂ ਵਿੱਚੋਂ ਸੰਗਤ, ਪੰਗਤ, ਸਰੋਵਰਾਂ ਦੀ ਉਸਾਰੀ ਆਦਿ ਦੀ ਮੁੱਖ ਭੂਮਿਕਾ ਰਹੀ ਹੈ। ਉਸ ਸਮੇਂ ਜਦ ਕਥਿੱਤ ਉੱਚ ਜਾਤੀਏ ਕਥਿੱਤ ਨੀਵੀਂ ਜਾਤਿ ਵਾਲੇ ਦਾ ਪਰਛਾਵਾਂ ਵੀ ਆਪਣੇ ਉੱਤੇ ਨਹੀਂ ਸੀ ਪੈਣ ਦੇਂਦੇ, ਗੁਰੂ ਸਾਹਿਬ ਵੱਲੋਂ ਉਠਾਇਆ ਹੋਇਆ ਕਦਮ ਕੋਈ ਸਾਧਾਰਨ ਕਦਮ ਨਹੀਂ ਸੀ; ਇਹ ਇਕ ਕ੍ਰਾਂਤੀਕਾਰੀ ਕਦਮ ਸੀ। ਸੰਗਤ ਵਿਚ ਬਿਨਾਂ ਕਿਸੇ ਵਿਤਕਰੇ ਦੇ ਹਰੇਕ ਪ੍ਰਾਣੀ ਨੂੰ ਬੈਠਣ ਦਾ ਅਧਿਕਾਰ ਸੀ। ਸੰਗਤ ਵਿਚ ਵੱਖ-ਵੱਖ ਜਾਤਾਂ ਨਾਲ ਸੰਬੰਧ ਰੱਖਣ ਵਾਲੇ ਗੁਰੂ ਕੀ ਸੰਗਤ ਵਿਚ ਜਾਤਿ ਅਭਿਮਾਨ ਜਾਂ ਹੀਨ ਭਾਵ ਦਾ ਸ਼ਿਕਾਰ ਹੋ ਕੇ ਨਹੀਂ, ਬਲਕਿ ਗੁਰੂ ਕੇ ਸਿੱਖ ਦੀ ਹੈਸੀਅਤ ਵਿਚ ਹੀ ਬੈਠਦੇ ਸਨ। ਗ਼ਰੀਬ-ਅਮੀਰ ਦਾ ਵੀ ਕਿਸੇ ਤਰ੍ਹਾਂ ਦਾ ਕੋਈ ਵਿਤਕਰਾ ਨਹੀਂ ਸੀ। ਇਸ ਲਈ ਸੰਗਤ ਵਿਚ ਕਿਸੇ ਲਈ ਕੋਈ ਉਚੇਚ ਨਹੀਂ ਸੀ ਕੀਤੀ ਜਾਂਦੀ। ਹਾਂ, ਗੁਰਮਤਿ ਦਾ ਪ੍ਰਚਾਰ ਕਰਨ ਵਾਲੇ ਮੰਜੀ ਜਾਂ ਹੋਰ ਕਿਸੇ ਅਜਿਹੀ ਉੱਚੀ ਥਾਂ 'ਤੇ ਬੈਠਿਆ ਕਰਦੇ ਸਨ ਤਾਂ ਕਿ ਉਨ੍ਹਾਂ ਦੀ ਆਵਾਜ਼ ਦੂਰ ਤਕ ਬੈਠੇ ਪ੍ਰਾਣੀਆਂ ਤੀਕ ਵੀ ਪਹੁੰਚ ਸਕੇ। ਪਰ ਉਂਜ ਵਕਤੇ ਅਤੇ ਸਰੋਤੇ ਵਿਖੇ ਕੋਈ ਅੰਤਰ ਨਹੀਂ ਸੀ। ਚਾਹੇ ਕੋਈ ਵਕਤਾ ਸੀ ਅਤੇ ਚਾਹੇ ਕੋਈ ਸਰੋਤਾ ਸੀ, ਸਾਰਿਆਂ ਨੂੰ 'ਭਾਈ' ਸ਼ਬਦ ਨਾਲ ਹੀ ਸੰਬੋਧਨ ਕੀਤਾ ਜਾਂਦਾ ਸੀ। ਗੁਰੂ-ਕਾਲ ਵਿਚ ਕਿਸੇ ਸਿੱਖ ਲਈ ਸੰਤ, ਬਾਬਾ, ਗਿਆਨੀ, ਬ੍ਰਹਮ ਗਿਆਨੀ, ਮਹਾਂਪੁਰਖ ਆਦਿ ਸ਼ਬਦ ਨਹੀਂ ਸੀ ਵਰਤਿਆ ਜਾਂਦਾ। ਭਾਵੇਂ ਕੁਝ ਚਿਰਾਂ ਤੋਂ ਭਾਈ ਬੁੱਢਾ ਜੀ ਨੂੰ 'ਬਾਬਾ' ਲਕਬ ਨਾਲ ਸੰਬੋਧਨ ਕੀਤਾ ਜਾਣ ਲੱਗ ਪਿਆ ਹੈ ਪ੍ਰੰਤੂ ਪੁਰਾਤਨ ਲਿਖਤਾਂ ਵਿਚ 'ਭਾਈ ਬੁੱਢਾ' ਸ਼ਬਦ ਹੀ ਵਰਤਿਆ ਗਿਆ ਹੈ। ਕੁਝ ਸਿੱਖਾਂ ਦੇ ਨਾਵਾਂ ਨਾਲ 'ਬਾਬਾ' ਸ਼ਬਦ ਗੁਰੂ-ਕਾਲ ਤੋਂ ਬਹੁਤ ਬਾਅਦ ਵਿਚ ਵਰਤੇ ਜਾਣ ਲੱਗੇ ਹਨ। 'ਸੰਤ' ਸ਼ਬਦ ਦੀ ਵਰਤੋਂ ਤਾਂ ਵੀਹਵੀਂ ਸਦੀ ਦੇ ਦੂਜੇ ਦਹਾਕੇ ਤੋਂ ਪ੍ਰਾਰੰਭ ਹੋਈ ਹੈ।

ਗੁਰੂ-ਕਾਲ ਤੋਂ ਬਾਅਦ ਛੇਤੀ ਹੀ ਖ਼ਾਲਸਾ ਪੰਥ ਦੇ ਨਿਆਰੇਪਣ ਨੂੰ ਕਾਇਮ ਰੱਖਣ ਵਾਲੇ ਹਰੇਕ ਪਹਿਲੂ ਉੱਤੇ ਸਿੱਧੇ-ਅਸਿੱਧੇ ਰੂਪ ਵਿਚ ਹਮਲੇ ਹੋਣੇ ਸ਼ੁਰੂ ਹੋ ਗਏ ਸਨ। ਮਿਸਲਾਂ ਦੇ ਸਮੇਂ ਇਹ ਹਮਲੇ ਆਪਣੀ ਚਰਮ-ਸੀਮਾ 'ਤੇ ਅਪੜ ਗਏ ਸਨ।

ਉਸ ਸਮੇਂ ਤੋਂ ਲੈ ਕੇ ਇਹ ਹਮਲੇ ਕਈ ਪਾਸਿਆਂ ਤੋਂ ਕਈ ਰੂਪਾਂ ਵਿਚ ਜਾਰੀ ਹੀ ਨਹੀਂ ਹਨ, ਬਲਕਿ ਇਨ੍ਹਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਗੁਰਮਤਿ ਦੇ ਬਰਾਬਰੀ ਵਾਲੇ ਇਸ ਸਿਧਾਂਤ ਨੂੰ ਹੀ ਸਾਹਮਣੇ ਰੱਖਦਿਆਂ ਹੋਇਆਂ 'ਸਿੱਖ ਰਹਿਤ ਮਰਯਾਦਾ' ਵਿਚ ਇਸ ਸੰਬੰਧੀ ਇੰਜ ਲਿਖਿਆ ਹੋਇਆ ਹੈ ਕਿ "ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮੱਤ ਹੈ।" ਇਸ ਲਈ ਜੇਕਰ ਕੋਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਿਸੇ ਵੀ ਵਿਅਕਤੀ ਦੇ ਬੈਠਣ ਲਈ ਗਦੇਲਾ ਆਦਿ ਵਿਛਾਉਂਦਾ ਹੈ ਤਾਂ ਇਹ ਉਸ ਦਾ ਗੁਰਮਤਿ ਦੇ ਸਿਧਾਂਤਾਂ ਪ੍ਰਤੀ ਅਣਜਾਣਪੁਣਾ ਹੀ ਜ਼ਾਹਰ ਕਰਦਾ ਹੈ। ਪਰ ਹਾਂ, ਜੇਕਰ ਕਿਸੇ ਪ੍ਰਾਣੀ ਨੂੰ ਸਰੀਰਕ ਸਮੱਸਿਆ ਕਾਰਨ ਬੈਠਣ ਵਿਚ ਮੁਸ਼ਕਲ ਹੋ ਰਹੀ ਹੈ ਤਾਂ ਐਸੇ ਪ੍ਰਾਣੀ ਲਈ ਗਦੇਲਾ, ਚੌਂਕੀ ਆਦਿ ਦਾ ਪ੍ਰਬੰਧ ਕਰਨ ਦੀ ਲੋੜ ਹੈ ਤਾਂ ਕਿ ਅਜਿਹਾ ਵਿਅਕਤੀ ਵੀ ਸਤਿਗੁਰੂ ਦੀ ਹਜ਼ੂਰੀ ਵਿਚ ਆਰਾਮ ਨਾਲ ਬੈਠ ਕੇ ਪਾਠ, ਕੀਰਤਨ, ਕਥਾ ਆਦਿ ਦਾ ਅਨੰਦ ਮਾਣ ਸਕੇ। ਅਜਿਹਾ ਵਿਅਕਤੀ ਭਾਵੇਂ ਕੋਈ ਕਥਿੱਤ ਬਾਬਾ ਹੈ ਜਾਂ ਆਮ ਸਿੱਖ, ਸਾਰਿਆਂ ਲਈ ਹੀ ਅਜਿਹਾ ਪ੍ਰਬੰਧ ਕਰਨਾ ਯੋਗ ਹੈ। ਸਰੀਰਿਕ ਮਜਬੂਰੀ ਕਾਰਨ ਹੇਠਾਂ ਨਾ ਬੈਠ ਸਕਣ ਵਾਲਿਆਂ ਨੂੰ ਮਜਬੂਰ ਕਰਨਾ ਕਿ ਉਹ ਜ਼ਮੀਨ 'ਤੇ ਹੀ ਬੈਠ ਕੇ ਪਾਠ ਆਦਿ ਸੁਣਨ, ਇਹ ਸਾਡੀ ਆਪਣੀ ਹੁਜ਼ਮੱਤ ਹੈ, ਗੁਰੂ ਦੀ ਮੱਤ ਨਹੀਂ। ਚੂੰਕਿ ਅਜਿਹੇ ਵਿਅਕਤੀ ਆਪਣੇ ਆਪ ਨੂੰ ਵਿਸ਼ੇਸ਼ ਜ਼ਾਹਰ ਕਰਨ ਲਈ ਇਸ ਤਰ੍ਹਾਂ ਗੁਰੂ ਦਰਬਾਰ ਵਿਚ ਨਹੀਂ ਬੈਠੇ ਹਨ ਬਲਕਿ ਇਸ ਤਰ੍ਹਾਂ ਨਾਲ ਬੈਠਣ ਵਿਚ ਉਨ੍ਹਾਂ ਦੀ ਮਜਬੂਰੀ ਹੈ। ਇਸ ਸਥਿਤੀ ਵਿਚ ਅਜਿਹੇ ਪ੍ਰਾਣੀ ਕਿਸੇ ਤਰ੍ਹਾਂ ਨਾਲ ਵੀ ਸਤਿਗੁਰੂ ਦੀ ਬੇਅਦਬੀ ਨਹੀਂ ਕਰ ਰਹੇ ਹੁੰਦੇ।

ਇਸੇ ਤਰ੍ਹਾਂ ਵ੍ਹੀਲ-ਚੇਅਰ ਆਦਿ 'ਤੇ ਜੇਕਰ ਕੋਈ ਪ੍ਰਾਣੀ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਆਉਣਾ ਚਾਹੁੰਦਾ ਹੈ ਤਾਂ ਉਸ ਨੂੰ ਵੀਲ੍ਹ-ਚੇਅਰ ਸਹਿਤ ਅੰਦਰ ਆਉਣ ਦੀ ਇਜਾਜ਼ਤ ਨਾ ਦੇਣਾ, ਇਹ ਸਾਡੀ ਆਪਣੀ ਮੱਤ ਅਨੁਸਾਰ ਗੁਰੂ ਪਾਤਸ਼ਾਹ ਦੇ ਸਤਿਕਾਰ ਦਾ ਬਣਾਇਆ ਹੋਇਆ ਮਾਪਦੰਡ ਹੈ, ਸਤਿਗੁਰ ਦਾ ਤਾਂ ਕਦਾਚਿਤ ਭੀ ਨਹੀਂ। ਪਿੱਛੇ ਜਿਹੇ ਕੁਝ ਵ੍ਹੀਲ-ਚੇਅਰ ਰਾਹੀਂ ਹੀ ਚੱਲ ਫਿਰ ਸਕਣ ਵਾਲੇ ਸ਼ਰਧਾਲੂ ਵਿਦੇਸ਼ਾਂ ਵਿੱਚੋਂ ਵੱਖ-ਵੱਖ ਸਮੇਂ 'ਤੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਮੱਥਾ ਟੇਕਣ ਗਏ ਸਨ। ਪਰ ਉਨ੍ਹਾਂ ਨੂੰ ਵੀਲ੍ਹ-ਚੇਅਰ ਸਮੇਤ ਅੰਦਰ ਜਾਣ ਦੀ ਆਗਿਆ ਨਹੀਂ ਦਿੱਤੀ ਗਈ। ਅਜਿਹੇ ਸੱਜਣ ਪਤਾ ਨਹੀਂ ਕਿਉਂ ਇਸ ਗੱਲ ਨੂੰ ਨਹੀਂ ਸਮਝਦੇ ਕਿ, ਅਜਿਹੇ ਪ੍ਰਾਣੀ ਗੁਰੂ ਪਾਤਸ਼ਾਹ ਦੀ ਬਰਾਬਰੀ ਜਾਂ ਆਪਣੇ ਆਪ ਨੂੰ ਵਿਸ਼ੇਸ਼ ਦਰਸਾਉਣ ਲਈ ਵ੍ਹੀਲ-ਚੇਅਰ ਦੀ ਵਰਤੋਂ ਨਹੀਂ ਕਰਦੇ। ਵੀਲ੍ਹ-ਚੇਅਰ ਤਾਂ ਉਨ੍ਹਾਂ ਦੇ ਹੱਥ ਪੈਰ ਹਨ ਭਾਵ ਇਸ ਤੋਂ ਤਾਂ ਉਹ ਹੱਥਾਂ ਪੈਰਾਂ ਦਾ ਕੰਮ ਲੈ ਰਹੇ ਹਨ। (ਹੁਣ ਸੁਣਨ ਵਿਚ ਆਇਆ ਹੈ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਵ੍ਹੀਲ-ਚੇਅਰ ਦਾ ਪ੍ਰਬੰਧ ਕੀਤਾ ਹੋਇਆ ਹੈ ਪਰ ਅਜੇ ਪਰਿਕਰਮਾ ਤਕ ਹੀ ਲੈ ਕੇ ਜਾਣ ਦੀ ਇਜਾਜ਼ਤ ਹੈ।)

ਕੋਈ ਬਾਰ੍ਹਾਂ ਕੁ ਸਾਲ ਪਹਿਲਾਂ ਵੈਨਕੂਵਰ ਵਿਖੇ ਇਕ ਸਿੰਘ ਸਾਹਿਬ ਨੂੰ ਇਕ ਸੱਜਣ ਨੇ ਪੁੱਛਿਆ ਕਿ ਜੇਕਰ ਆਪਣੀ ਸਪੁੱਤਰੀ ਦੇ ਅਨੰਦ ਕਾਰਜ ਸਮੇਂ ਵ੍ਹੀਲ-ਚੇਅਰ 'ਤੇ ਚੱਲ ਫਿਰ ਸਕਣ ਵਾਲਾ ਵਿਅਕਤੀ, ਆਪਣੀ ਸਪੁੱਤਰੀ ਨੂੰ ਵ੍ਹੀਲ-ਚੇਅਰ 'ਤੇ ਬੈਠਾ ਹੋਇਆ ਹੀ ਲਾਵਾਂ ਸਮੇਂ ਬੱਚੀ ਨੂੰ ਪੱਲਾ ਫੜਾਉਣਾ ਚਾਹੇ ਤਾਂ ਕੀ ਉਹ ਇਸ ਤਰ੍ਹਾਂ ਕਰ ਸਕਦਾ ਹੈ? ਉੱਤਰ ਵਿਚ ਸਿੰਘ ਸਾਹਿਬ ਨੇ ਆਖਿਆ ਕਿ ਨਹੀਂ। ਜਦ ਇਹ ਪੁੱਛਿਆ ਗਿਆ ਕਿ ਕੀ ਅਜਿਹਾ ਪ੍ਰਾਣੀ ਅਪਾਹਜ ਹੋਣ ਕਾਰਨ ਆਪਣੀ ਬੱਚੀ ਨੂੰ ਪੱਲਾ ਫੜਾਉਣ ਦੀ ਸਧਰ ਨੂੰ ਪੂਰਿਆਂ ਨਹੀਂ ਕਰ ਸਕਦਾ? ਸਿੰਘ ਸਾਹਿਬ ਨੇ ਇਸ ਦਾ ਉੱਤਰ ਦਿੱਤਾ ਕਿ ਉਸ ਦੀ ਇਹ ਇੱਛਾ ਪੂਰੀ ਹੋ ਸਕਦੀ ਹੈ, ਜੇਕਰ ਘਰ ਵਾਲੇ ਉਸ ਨੂੰ ਚੁੱਕ ਕੇ ਬੱਚੀ ਦੇ ਪਾਸ ਲੈ ਆਉਣ। ਜਿਸ ਕੌਮ ਵਿਚ ਇਹੋ ਜਿਹੀ ਸੋਚ ਰੱਖਣ ਵਾਲੇ ਧਾਰਮਿਕ ਆਗੂ ਹੋਣ, ਉਸ ਨੇ ਸਮੇਂ ਦਾ ਕਿੰਨਾ ਕੁ ਹਾਣੀ ਬਣਨਾ ਹੈ, ਇਹ ਗੱਲ ਬਹੁਤੀ ਵਿਆਖਿਆ ਦੀ ਮੁਥਾਜ ਨਹੀਂ ਹੈ। ਜੇਕਰ ਗੁਰੂ ਸਾਹਿਬ ਆਪ ਸਰੀਰਿਕ ਰੂਪ ਵਿਚ ਮੌਜੂਦ ਹੋਣ ਤਾਂ ਨਿਰਸੰਦੇਹ ਹਜ਼ੂਰ ਅਜਿਹੇ ਵਿਅਕਤੀਆਂ ਨੂੰ ਦੇਖ ਕੇ ਆਪ ਉੱਠ ਕੇ ਜਾਂ ਸਿੱਖਾਂ ਨੂੰ ਆਖ ਕੇ ਉਨ੍ਹਾਂ ਨੂੰ ਆਪਣੇ ਪਾਸ ਲੈ ਆਉਣ। (ਉਂਜ ਤਾਂ ਅਸੀਂ ਗੁਰੂ ਗ੍ਰੰਥ ਸਾਹਿਬ ਬਾਰੇ ਇਹ ਆਖਦੇ ਅਥਵਾ ਮੰਨਦੇ ਹਾਂ ਕਿ ਇਹ ਸਾਡੇ ਪ੍ਰੱਤਖ ਗੁਰੂ ਹਨ, ਪਰ ਅਮਲੀ ਰੂਪ ਵਿਚ ਅਸੀਂ ਇਸ ਗੱਲ ਨੂੰ ਕਿੰਨਾ ਕੁ ਮੰਨਦੇ ਹਾਂ, ਇਸ ਤੋਂ ਅਸੀਂ ਸਾਰੇ ਹੀ ਭਲੀ ਪ੍ਰਕਾਰ ਜਾਣੂੰ ਹਾਂ। ਜੇਕਰ ਗੁਰੂ ਗ੍ਰੰਥ ਸਾਹਿਬ ਨੂੰ ਸੱਚਮੁੱਚ ਅਸੀਂ ਪ੍ਰਤੱਖ ਗੁਰੂ ਮੰਨਦੇ ਹੋਈਏ ਤਾਂ ਇਹੋ ਜਿਹੀ ਅਸੀਂ ਇਨ੍ਹਾਂ ਦੀ ਹਜ਼ੂਰੀ ਵਿਚ ਇਕ ਦੂਜੇ ਪ੍ਰਤੀ ਸ਼ਬਦਾਂ ਦੀ ਵਰਤੋਂ ਕਰਨ ਤੋਂ ਜ਼ਰੂਰ ਸੰਕੋਚ ਕਰੀਏ, ਜਿਸ ਦੀ ਆਏ ਦਿਨ ਮੀਡੀਏ ਵਿਚ ਚਰਚਾ ਹੁੰਦੀ ਹੀ ਰਹਿੰਦੀ ਹੈ।) ਜਦ ਅਸੀਂ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਅਨੇਕਾਂ ਉਦਾਹਰਣਾਂ ਗੁਰ-ਇਤਿਹਾਸ ਵਿੱਚੋਂ ਮਿਲਦੀਆਂ ਹਨ ਕਿ ਗੁਰੂ ਸਾਹਿਬਾਨ ਨੇ ਉਨ੍ਹਾਂ ਲੋਕਾਂ ਨੂੰ ਆਪਣੇ ਗਲ ਨਾਲ ਲਗਾਇਆ ਸੀ, ਜਿਨ੍ਹਾਂ ਦੇ ਕੋਲ ਕੋਈ ਖੜੇ ਹੋਣ ਲਈ ਵੀ ਤਿਆਰ ਨਹੀਂ ਸੀ; ਇੱਥੋਂ ਤੀਕ ਕਿ ਉਨ੍ਹਾਂ ਦਾ ਆਪਣਾ ਪਰਿਵਾਰ ਵੀ ਉਨ੍ਹਾਂ ਨੂੰ ਤਿਆਗ ਚੁੱਕਾ ਸੀ। ਇਹ ਕਿੰਨੀ ਹੈਰਾਨਗੀ ਦੀ ਗੱਲ ਹੈ ਕਿ ਉਸ ਗੁਰੂ ਦੇ ਹੀ ਸਿੱਖ ਅਖਵਾਉਣ ਵਾਲੇ ਅਜਿਹੇ ਵਿਅਕਤੀਆਂ ਲਈ ਗੁਰੂ-ਘਰ ਦੇ ਦਰਵਾਜ਼ੇ ਬੰਦ ਕਰ ਕੇ ਇਹ ਦਾਅਵਾ ਕਰ ਰਹੇ ਹਨ ਕਿ ਉਹ ਗੁਰੂ ਦਾ ਮਾਣ ਸਤਿਕਾਰ ਕਾਇਮ ਰੱਖ ਰਹੇ ਹਨ। ਪਰ ਅਜਿਹਾ ਆਖਣ ਜਾਂ ਸਮਝਣ ਵਾਲੇ ਸੱਜਣਾਂ ਨੂੰ ਸਨਿਮਰ ਬੇਨਤੀ ਹੈ ਕਿ ਗੁਰੂ ਦਾ ਸਤਿਕਾਰ ਗੁਰੂ ਜੀ ਦੀ ਗੱਲ ਨੂੰ ਮੰਨਣ ਵਿਚ ਹੈ, ਨਾ ਕਿ ਮਜਬੂਰ ਵਿਅਕਤੀਆਂ ਨੂੰ ਗੁਰੂ ਦਰਬਾਰ ਵਿਚ ਅਪਮਾਣਿਤ ਕਰਨ 'ਚ।

ਪਿੱਛੇ ਜਿਹੇ ਕੈਨੇਡਾ ਵਿਖੇ ਹੀ ਇਕ ਗੁਰਦੁਆਰਾ ਸਾਹਿਬ ਵਿਖੇ ਕੁਝ ਨੌਜਵਾਨਾਂ ਨੇ ਵ੍ਹੀਲ-ਚੇਅਰ 'ਤੇ ਬੈਠ ਕੇ ਕੀਰਤਨ ਦਾ ਅਨੰਦ ਮਾਣ ਰਹੀ ਬਜ਼ੁਰਗ ਮਾਤਾ ਨੂੰ ਬੁਰਾ ਭਲਾ ਕਹਿੰਦਿਆਂ ਹੋਇਆਂ, ਬੜੀ ਹੀ ਬੇਰਹਿਮੀ ਨਾਲ ਧੱਕਾ ਦੇ ਕੇ ਹੇਠਾਂ ਸੁੱਟ ਦਿੱਤਾ ਸੀ; ਅਤੇ ਫਿਰ ਬੜੇ ਹੀ ਮਾਣ ਨਾਲ ਇਸ ਦੀ ਚਰਚਾ ਕਰਦਿਆਂ ਕਹਿ ਰਹੇ

ਸਨ ਕਿ ਉਨ੍ਹਾਂ ਨੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਇਸ ਤਰ੍ਹਾਂ ਨਾਲ ਆਕੜ ਕੇ ਬੈਠੀ ਮਾਈ ਨੂੰ ਵ੍ਹੀਲ-ਚੇਅਰ ਸਮੇਤ ਹੀ ਹੇਠਾਂ ਸੁੱਟ ਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੀ ਮਾਈ ਨੂੰ ਅਜਿਹਾ ਮਜ਼ਾ ਚਖਾਇਆ ਹੈ ਕਿ ਫਿਰ ਕਦੀ ਉਹ ਇਸ ਤਰ੍ਹਾਂ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਬੈਠਣ ਦੀ ਜੁਰਅਤ ਨਹੀਂ ਕਰਨ ਲੱਗੀ। ਇਹ ਨੌਜਵਾਨ ਆਪਣੇ ਇਸ ਕੁ-ਕਰਮ ਨੂੰ ਸਤਿਗੁਰੂ ਦੇ ਮਾਣ ਸਤਿਕਾਰ ਨੂੰ ਬਰਕਰਾਰ ਰੱਖਣ ਵਾਲਾ ਸੁ-ਕਰਮ ਸਮਝ ਰਹੇ ਸਨ। ਐਸੇ 'ਗੁਰੂ ਕੇ ਲਾਲਾਂ' ਬਾਰੇ ਕੀ ਆਖਿਆ ਜਾਵੇ ? ਗੁਰੂ ਦੀ ਭੈ-ਭਾਵਨੀ ਵਿਚ ਰਹਿਣ ਵਾਲੇ ਸ਼ਰਧਾਵਾਨ ਗੁਰੂ ਕੇ ਸਿੱਖ ਜਾਂ ਫਿਰ ਗੁਰੂ ਗਿਆਨ ਤੋਂ ਸੱਖਣੇ, ਗੁਰਮਤਿ ਦੀ ਸੋਝੀ ਤੋਂ ਵਿਹੂਣੇ ਜਾਂ ਫਿਰ ਹੂੜਮੱਤੀਏ ? ਸਤਿਗੁਰੂ ਦੀ ਬੇਅਦਬੀ ਤਾਂ ਗੁਰੂ ਵਾਲੇ ਹੋਣ ਦਾ ਦਾਅਵਾ ਕਰਦਿਆਂ ਹੋਇਆਂ ਵੀ ਗੁਰੂ ਦੀ ਗੱਲ ਨੂੰ ਨਾ ਮੰਨਣ ਵਿਚ ਹੈ, ਸਤਿਗੁਰੂ ਦੀ ਹਜ਼ੂਰੀ ਵਿਚ ਇਕ ਦੂਜੇ ਦੀਆਂ ਪੱਗਾਂ ਉਛਾਲਣ ਵਿਚ ਹੈ, ਆਪਣੇ ਵਿਰੋਧੀਆਂ ਪ੍ਰਤੀ ਬੜੀ ਹੀ ਘਟੀਆ ਸ਼ਬਦਾਵਲੀ ਦੀ ਵਰਤੋਂ ਕਰਨ ਵਿਚ ਹੈ, ਗੁਰੂ ਦੇ ਨਾਮ 'ਤੇ ਠੱਗੀਆਂ ਮਾਰਨ ਵਿਚ ਹੈ, ਸਤਿਗੁਰੂ ਜੀ ਦੇ ਨਾਮ 'ਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਵਿਚ ਹੈ। ਪਰ ਇਸ ਪਾਸੇ ਵੱਲ ਸਾਡਾ ਧਿਆਨ ਘੱਟ ਹੀ ਜਾਂਦਾ ਹੈ। ਪ੍ਰੰਤੂ ਸਰੀਰਕ ਤੌਰ 'ਤੇ ਅਪਾਹਜ ਵਿਅਕਤੀਆਂ ਨੂੰ ਵ੍ਹੀਲ-ਚੇਅਰ ਆਦਿ 'ਤੇ ਗੁਰੂ ਦਰਬਾਰ ਵਿਚ ਬੈਠਿਆਂ ਦੇਖ ਕੇ ਸਾਡੀ ਸ਼ਰਧਾ ਨੂੰ ਬੜੀ ਠੇਸ ਪਹੁੰਚਦੀ ਹੈ। ਅਜਿਹੇ ਲਾਚਾਰ ਪ੍ਰਾਣੀਆਂ ਨਾਲ ਹਮਦਰਦੀ ਨਾਲ ਪੇਸ਼ ਆਉਣ ਦੀ ਬਜਾਇ ਅਸੀਂ ਬੜੀ ਹੀ ਕਰੂਰਤਾ ਨਾਲ ਪੇਸ਼ ਆ ਕੇ ਉਨ੍ਹਾਂ ਨੂੰ ਇਹ ਮਹਿਸੂਸ ਕਰਾਉਂਦੇ ਹਾਂ ਕਿ ਉਨ੍ਹਾਂ ਲਈ ਗੁਰੂ ਦਰਬਾਰ ਵਿਚ ਕੋਈ ਥਾਂ ਨਹੀਂ ਹੈ। ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਅਪਾਹਜ ਵਿਅਕਤੀਆਂ ਨੂੰ ਗੁਰੂ ਦਰਬਾਰ ਵਿਚ ਆਉਣ ਦਾ ਕੋਈ ਹੱਕ ਨਹੀਂ ਹੈ। ਇਸ ਕਾਰਨ ਹੀ ਅਸੀਂ ਕਿਸੇ ਵੀ ਰੂਪ ਵਿਚ ਇਸ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹੁੰਦੇ। ਇਹ ਸਤਿਗੁਰੂ ਦੇ ਸਤਿਕਾਰ ਦਾ ਪ੍ਰਤੀਕ ਨਹੀਂ ਹੈ, ਅਗਿਆਨਤਾ ਦਾ ਜ਼ਰੂਰ ਲਖਾਇਕ ਹੈ। ਇਹ ਸਮੂਹ ਗੁਰੂ ਨਾਨਕ ਪੰਥੀਆਂ ਦਾ ਫ਼ਰਜ਼ ਬਣਦਾ ਹੈ ਕਿ ਇਹੋ ਜਿਹੀ ਸੋਚ ਰੱਖਣ ਵਾਲਿਆਂ ਦੀ ਇਸ ਸੋਚ ਦੀ ਨਿਖੇਧੀ ਕਰਨ। ਅਜਿਹੇ ਵਿਅਕਤੀ ਜਿਹੜੇ ਆਪਣੀ ਮੱਤ ਨੂੰ ਗੁਰੂ ਦੀ ਮੱਤ ਆਖ ਕੇ ਸੰਗਤਾਂ ਵਿਚ ਇਸ ਤਰ੍ਹਾਂ ਦੀ ਵਿਚਾਰਧਾਰਾ ਨੂੰ ਪ੍ਰਚਾਰਦੇ ਹਨ, ਉਨ੍ਹਾਂ ਨੂੰ ਦ੍ਰਿੜ੍ਹਤਾ ਨਾਲ, ਤਰਕ ਨਾਲ, ਸਭਿਅਕ ਢੰਗ ਨਾਲ ਅਤੇ ਗੁਰੂ ਦੀ ਬਖ਼ਸ਼ੀ ਮਤਿ ਨਾਲ ਮੁਕਾਬਲਾ ਕਰ ਕੇ ਉਨ੍ਹਾਂ ਨੂੰ ਅਹਿਸਾਸ ਕਰਾਇਆ ਜਾਵੇ ਕਿ ਸਿੱਖੀ ਦੇ ਨਾਮ 'ਤੇ ਇਹੋ ਜਿਹੀਆਂ ਆਪ-ਹੁਦਰੀਆਂ ਦੀ ਹੁਣ ਕੋਈ ਥਾਂ ਨਹੀਂ, ਕਿਉਂਕਿ ਖ਼ਾਲਸਾ ਪੰਥ ਗੂੜ੍ਹੀ ਨੀਂਦ ਵਿੱਚੋਂ ਜਾਗ ਰਿਹਾ ਹੈ।

ਸੋ ਜਿਹੜੇ ਵਿਅਕਤੀਆਂ ਲਈ ਹੇਠਾਂ ਬੈਠਣਾ ਮੁਸ਼ਕਲ ਹੈ, ਉਨ੍ਹਾਂ ਲਈ ਯੋਗ ਪ੍ਰਬੰਧ ਕਰਨ ਵਿਚ ਗੁਰਮਤਿ ਦੇ ਕਿਸੇ ਵੀ ਸਿਧਾਂਤ ਦਾ ਖੰਡਨ ਨਹੀਂ ਹੁੰਦਾ; ਅਤੇ ਨਾ ਹੀ ਗੁਰੂ ਮਹਾਰਾਜ ਦੇ ਮਾਣ-ਸਨਮਾਨ ਵਿਚ ਕਿਸੇ ਤਰ੍ਹਾਂ ਦੀ ਕੋਤਾਹੀ ਹੀ ਹੁੰਦੀ ਹੈ। ਇਸ ਲਈ ਖ਼ਾਸ ਤੌਰ 'ਤੇ ਜ਼ਿੰਮੇਵਾਰ ਸੱਜਣਾਂ ਨੂੰ ਇਨ੍ਹਾਂ ਗੱਲਾਂ ਦਾ ਧਿਆਨ ਰੱਖਣ

ਦੀ ਜ਼ਰੂਰਤ ਹੈ ਤਾਂ ਕਿ ਗੁਰ ਆਸ਼ੇ ਅਨੁਸਾਰ ਪ੍ਰਬੰਧ ਕਰ ਕੇ ਗੁਰੂ ਪਾਤਸ਼ਾਹ ਦੀਆਂ ਖ਼ੁਸ਼ੀਆਂ ਦਾ ਪਾਤਰ ਬਣਿਆ ਜਾ ਸਕੇ। ਪਰ ਜਿਹੜੇ ਸੱਜਣ ਗੁਰੂ ਦਰਬਾਰ ਵਿਚ ਆਪਣੇ ਆਪ ਨੂੰ ਆਮ ਸੰਗਤਾਂ ਨਾਲੋਂ ਵਿਸ਼ੇਸ਼ ਦਰਸਾਉਣ ਲਈ ਇਸ ਤਰ੍ਹਾਂ ਦੀ ਕੋਈ ਉਚੇਚ ਕਰਦੇ ਜਾਂ ਕਰਾਉਂਦੇ ਹਨ, ਉਨ੍ਹਾਂ ਨੂੰ ਸਤਿਗੁਰੂ ਦੇ ਨਿਰਮਲ ਭੈਅ ਵਿਚ ਵਿਚਰਦਿਆਂ, ਗੁਰਮਤਿ ਦਾ ਬਰਾਬਰੀ ਵਾਲਾ ਸਿਧਾਂਤ ਸਾਹਮਣੇ ਰੱਖਦਿਆਂ ਹੋਇਆਂ, ਸਤਿਗੁਰੂ ਦੀ ਹਜ਼ੂਰੀ ਵਿਚ ਆਮ ਸੰਗਤ ਵਾਂਗ ਹੀ ਬੈਠਣਾ ਚਾਹੀਦਾ ਹੈ। ਅਸੀਂ ਪਾਠਕਾਂ ਦਾ ਧਿਆਨ ਇਸ ਪਾਸੇ ਵੀ ਦਿਵਾਉਣਾ ਚਾਹੁੰਦੇ ਹਾਂ ਕਿ ਬਰਾਬਰੀ ਵਾਲੇ ਸਿਧਾਂਤ ਨੂੰ ਕੇਵਲ ਬੈਠਣ ਤਕ ਹੀ ਸੀਮਿਤ ਨਹੀਂ ਰੱਖਣਾ, ਬਲਕਿ ਅਮਲੀ ਰੂਪ ਵਿਚ ਵੀ ਅਪਣਾ ਕੇ ਇਸ ਉੱਤੇ ਪਹਿਰਾ ਦੇਣ ਦੀ ਲੋੜ ਹੈ।

ਅਰਦਾਸ ਅਕਾਲ ਪੁਰਖ ਨੂੰ ਮੁਖ਼ਾਤਬ ਹੋ ਕੇ ਕਰਨੀ ਹੈ ਕਿ ਗੁਰੂ ਸਾਹਿਬਾਨ ਨੂੰ!

ਅਰਦਾਸ ਦੇ ਸੰਬੰਧ ਵਿਚ ਸਭ ਤੋਂ ਪਹਿਲਾਂ ਇਹ ਗੱਲ ਸਮਝਣੀ ਜ਼ਰੂਰੀ ਹੈ ਕਿ ਅਸੀਂ ਅਰਦਾਸ ਕਿਸ ਅੱਗੇ ਅਥਵਾ ਕਿਸ ਨੂੰ ਮੁਖ਼ਾਤਬ ਕਰ ਕੇ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਅਨੁਸਾਰ ਅਰਦਾਸ ਕੇਵਲ ਤੇ ਕੇਵਲ ਅਕਾਲ ਪੁਰਖ ਅੱਗੇ ਹੀ ਕਰਨੀ ਚਾਹੀਦੀ ਹੈ। ਹਜ਼ੂਰ ਦਾ ਫ਼ੁਰਮਾਨ ਹੈ:

ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ॥
ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ॥

(ਸੀਰਾਗੁ ਮਹਲਾ ੫, ਪੰਨਾ 44)

ਅਰਥ: (ਹੇ ਮਨ! ਸਾਧ ਸੰਗਤ ਦਾ ਆਸਰਾ ਲੈ ਕੇ) ਉਸ ਪਰਮਾਤਮਾ ਅੱਗੇ ਅਰਦਾਸ ਕਰਦਾ ਰਹੁ, ਜੋ ਸਾਰੇ ਸੁੱਖ ਦੇਣ ਵਾਲਾ ਹੈ ਤੇ ਸਾਰੇ ਡਰ-ਸਹਿਮ ਨਾਸ ਕਰਨ ਵਾਲਾ ਹੈ। ਮਿਹਰ ਕਰਨ ਵਾਲਾ ਪਰਮਾਤਮਾ ਜਿਸ ਮਨੁੱਖ ਉੱਤੇ ਜਦੋਂ ਮਿਹਰ (ਦੀ ਨਿਗਾਹ) ਕਰਦਾ ਹੈ, ਤਦੋਂ ਉਸ ਦੀ ਮਨੁੱਖਾ ਜੀਵਨ ਦੀ ਭਾਰੀ ਜ਼ਿੰਮੇਵਾਰੀ ਸਿਰੇ ਚੜ੍ਹ ਜਾਂਦੀ ਹੈ। ਅਥਵਾ:

ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ॥
ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ॥ *(ਵਾਰ ਮਾਰੂ, ਮਹਲਾ ੨, ਪੰਨਾ 1093)*

ਅਰਥ: ਪ੍ਰਭੂ ਆਪ ਹੀ (ਜੀਵਾਂ ਦੇ ਦਿਲਾਂ ਦੀ) ਜਾਣਦਾ ਹੈ (ਕਿਉਂਕਿ) ਉਹ ਆਪ ਹੀ (ਇਨ੍ਹਾਂ ਨੂੰ) ਪੈਦਾ ਕਰਦਾ ਹੈ, ਆਪ ਹੀ (ਜੀਵਾਂ ਦੇ ਕਾਰਜ) ਸਿਰੇ ਚਾੜ੍ਹਦਾ ਹੈ; (ਇਸ ਲਈ) ਹੇ ਨਾਨਕ! ਉਸ ਪ੍ਰਭੂ ਅੱਗੇ ਹੀ ਅਦਬ ਸ਼ਰਧਾ ਨਾਲ ਅਰਜ਼ੋਈ ਕਰਨੀ ਚਾਹੀਦੀ ਹੈ।

ਸੋ, ਸਤਿਗੁਰੂ ਜੀ ਦੀ ਬਖ਼ਸ਼ਸ਼ ਕੀਤੀ ਕਲਿਆਣਕਾਰੀ ਵਿਚਾਰਧਾਰਾ ਅਨੁਸਾਰ ਅਰਦਾਸ ਚੂੰਕਿ ਵਾਹਿਗੁਰੂ ਜੀ ਅੱਗੇ ਹੀ ਕਰਨੀ ਚਾਹੀਦੀ ਹੈ, ਇਸ ਲਈ ਅਰਦਾਸ ਦੇ ਅਖ਼ੀਰ ਵਿਚ ਕਿਸੇ ਵੀ ਗੁਰੂ ਸਾਹਿਬਾਨ ਦਾ ਨਾਮ ਅਰਥਾਤ ਉਨ੍ਹਾਂ ਨੂੰ ਮੁਖ਼ਾਤਬ ਨਹੀਂ ਕਰਨਾ ਚਾਹੀਦਾ; ਕਿਉਂਕਿ ਅਸੀਂ ਅਰਦਾਸ ਅਕਾਲ ਪੁਰਖ ਨੂੰ ਮੁਖ਼ਾਤਬ ਕਰ ਕੇ ਕਰਦੇ ਹਾਂ, ਗੁਰੂ ਸਾਹਿਬਾਨ ਨੂੰ ਨਹੀਂ। ਭਾਵੇਂ ਆਮ ਤੌਰ 'ਤੇ ਅਰਦਾਸੀਏ ਅਰਦਾਸ ਵਿਚ ਗੁਰੂ ਸਾਹਿਬ ਨੂੰ ਸੰਬੋਧਨ ਕਰਨ ਲੱਗ ਪੈਂਦੇ ਹਨ, ਪ੍ਰੰਤੂ ਅਰਦਾਸ ਵਿਚ ਅਜਿਹਾ

ਸੰਬੋਧਨ ਗੁਰਮਤਿ ਦੇ ਵਿਲੱਖਣ ਸਿਧਾਂਤ ਵੱਲੋਂ ਅਨਜਾਣ-ਪੁਣਾ ਹੀ ਜ਼ਾਹਰ ਕਰਦਾ ਹੈ। ਅਰਦਾਸੀਏ ਵੱਲੋਂ ਅਰਦਾਸ ਵਿਚ ਗੁਰੂ ਸਾਹਿਬਾਨ ਨੂੰ ਮੁਖ਼ਾਤਬ ਕਰਨਾ ਇਸ ਗੱਲ ਦਾ ਪ੍ਰਤੀਕ ਹੈ ਕਿ ਅਸੀਂ ਆਪਣੇ ਮੁੱਢਲੇ ਸਿਧਾਂਤਾਂ ਨੂੰ ਹੀ ਸਮਝਣ ਪ੍ਰਤੀ ਕਿੰਨੇ ਅਵੇਸਲੇ ਹਾਂ। ਇਹ ਆਮ ਹੀ ਦੇਖਣ ਵਿਚ ਆਉਂਦਾ ਹੈ ਕਿ ਇਤਿਹਾਸਕ ਗੁਰਦੁਆਰਿਆਂ ਵਿਚ ਵੀ ਅਰਦਾਸੀਆ, ਜਿਸ ਗੁਰੂ ਸਾਹਿਬ ਨਾਲ ਸੰਬੰਧਤ ਸਥਾਨ 'ਤੇ ਨਿਯੁਕਤ ਹੈ, ਅਰਦਾਸ ਦੇ ਅੰਤ ਵਿਚ ਉਸ ਗੁਰੂ ਸਾਹਿਬ ਨੂੰ ਹੀ ਸੰਬੋਧਨ ਕਰਦਾ ਹੋਇਆ ਜੋਦੜੀ ਕਰਦਾ ਹੈ। ਇੱਥੋਂ ਤਕ ਕਿ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਵੀ ਅਰਦਾਸ ਦੇ ਅੰਤ ਵਿਚ ਅਰਦਾਸੀਆ ਗੁਰੂ ਰਾਮਦਾਸ ਜੀ ਨੂੰ ਮੁਖ਼ਾਤਬ ਕਰ ਕੇ ਅਰਦਾਸ ਕਰਦਾ ਹੈ। ਗੁਰੂ ਸਾਹਿਬਾਨ ਨਾਲ ਸੰਬੰਧਤ ਗੁਰਦੁਆਰਿਆਂ ਵਿਚ ਜਿਸ ਤਰ੍ਹਾਂ ਗੁਰੂ ਸਾਹਿਬਾਨ ਨੂੰ ਮੁਖ਼ਾਤਬ ਹੁੰਦਿਆਂ ਅਰਦਾਸ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਜੇਕਰ ਕਿਸੇ ਸ਼ਹੀਦ ਜਾਂ ਸਿੱਖ ਦੀ ਯਾਦ ਨਾਲ ਸੰਬੰਧਤ ਗੁਰਦੁਆਰਾ ਬਣਿਆ ਹੋਇਆ ਹੈ, ਤਾਂ ਉਥੇ ਅਰਦਾਸ ਕਰਨ ਵਾਲਾ ਸੱਜਣ ਅਰਦਾਸ ਦੇ ਅਖ਼ੀਰ ਵਿਚ ਉਨ੍ਹਾਂ ਦਾ ਨਾਮ ਲੈ ਕੇ ਉਨ੍ਹਾਂ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ। ਮਿਸਾਲ ਦੇ ਤੌਰ 'ਤੇ ਜੇਕਰ ਗੁਰਦੁਆਰਾ ਬਾਬਾ ਬੁੱਢਾ ਜੀ ਨਾਲ ਸੰਬੰਧਤ ਹੈ, ਤਾਂ ਅਰਦਾਸ ਵਿਚ ਬਾਬਾ ਬੁੱਢਾ ਜੀ ਨੂੰ ਮੁਖ਼ਾਤਬ ਕੀਤਾ ਜਾਂਦਾ ਹੈ, ਜੇਕਰ ਬਾਬਾ ਦੀਪ ਸਿੰਘ ਸ਼ਹੀਦ ਜੀ ਨਾਲ ਸੰਬੰਧਤ ਹੈ ਤਾਂ ਬਾਬਾ ਦੀਪ ਸਿੰਘ ਸ਼ਹੀਦ ਜੀ ਨੂੰ ਮੁਖ਼ਾਤਬ ਕੀਤਾ ਜਾਂਦਾ ਹੈ। ਇੱਥੋਂ ਤਕ ਕਿ ਕਈ ਥਾਈਂ ਡੇਰੇਦਾਰਾਂ ਦੇ ਪੈਰੋਕਾਰ ਡੇਰੇ ਦੇ ਮੁਖੀ ਨੂੰ ਅਰਦਾਸ ਦੇ ਅੰਤ ਵਿਚ ਸੰਬੋਧਨ ਕਰਦੇ ਹੋਏ ਉਨ੍ਹਾਂ ਦੇ ਚਰਨਾਂ ਵਿਚ ਜੋਦੜੀ ਕਰਦੇ ਹਨ। ਇੱਥੇ ਇਕ ਪ੍ਰਸਿੱਧ ਵਿਦਵਾਨ (ਪ੍ਰੋ: ਗੁਰਬਚਨ ਸਿੰਘ ਥਾਈਲੈਂਡ) ਜੀ ਦਾ, ਪੰਜਾਬ ਦੇ ਇਕ ਪਿੰਡ ਵਿਚ ਅੱਖੀਂ ਦੇਖੀ ਘਟਨਾ ਦਾ ਵਰਣਨ ਕੁਥਾਵਾਂ ਨਹੀਂ ਹੋਵੇਗਾ। ਆਪ ਲਿਖਦੇ ਹਨ ਕਿ ਜਦੋਂ ਮੇਰੇ ਫੁੱਫੜ ਜੀ ਚੜ੍ਹਾਈ ਕਰ ਗਏ ਤਾਂ ਉਨ੍ਹਾਂ ਦੇ ਭੋਗ 'ਤੇ ਜਾਣਾ ਪਿਆ। ਓਥੇ ਛੋਟੀ ਛੋਟੀ ਉਮਰ ਦੇ ਪਾਠੀ ਜੋ ਗੁਰਬਾਣੀ ਸੂਝ ਤੇ ਸਿੱਖੀ ਸਿਧਾਂਤ ਤੋਂ ਬਿਲਕੁਲ ਕੋਰੇ ਸਨ, ਉਨ੍ਹਾਂ ਨੇ ਅਖੰਡਪਾਠ ਦੀ ਸਮਾਪਤੀ ਵੇਲੇ ਅਰਦਾਸ ਕੀਤੀ, 'ਹੇ ਧੰਨ ਧੰਨ ਬਾਬਾ ਹਜ਼ਾਰਾ ਸਿੰਘ ਜੀਉ! ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਥਾਂ ਦੇਣੀ, ਧੰਨ ਧੰਨ ਬਾਬਾ ਹਜ਼ਾਰਾ ਸਿੰਘ ਜੀਉ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਦੇਣਾ।'

ਅਸੀਂ ਅਜੇ ਤਕ ਸਿੱਖ ਧਰਮ ਦਾ ਇਹ ਬੁਨਿਆਦੀ ਸਿਧਾਂਤ ਹੀ ਨਹੀਂ ਸਮਝਿਆ ਕਿ ਅਸੀਂ ਅਰਦਾਸ ਕੇਵਲ ਵਾਹਿਗੁਰੂ ਨੂੰ ਸੰਬੋਧਨ ਕਰ ਕੇ ਕਰਦੇ ਹਾਂ। ਗੁਰੂ ਗ੍ਰੰਥ ਸਾਹਿਬ ਜੀ ਦੇ ਹੀ ਸਨਮੁੱਖ ਖੜੇ ਹੋ ਕਥਿੱਤ ਬਾਬਿਆਂ ਦੇ ਚਰਨਾਂ ਵਿਚ ਅਰਦਾਸ ਕਰਨ ਵਾਲਿਆਂ ਸੱਜਣਾਂ ਬਾਰੇ ਇਹੀ ਆਖਿਆ ਜਾ ਸਕਦਾ ਹੈ ਕਿ ਇਹ ਸੱਜਣ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਸਮਝਣੋਂ ਬਿਲਕੁਲ ਹੀ ਅਸਮਰੱਥ ਹਨ। ਇਸ ਤਰ੍ਹਾਂ ਦੀ ਸ਼ਬਦਾਵਲੀ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਦੇ ਗਿਆਨ ਪ੍ਰਤੀ ਘੋਰ ਅਗਿਆਨਤਾ ਦਾ ਪ੍ਰਤੀਕ ਹੈ। ਇਹ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਅਜੇ ਊੜਾ-ਐੜਾ ਵੀ ਨਹੀਂ ਸਮਝਿਆ। ਖ਼ਾਲਸਾ ਪੰਥ ਨੂੰ ਇਸ

ਪੱਖੋਂ ਵੀ ਸੁਚੇਤ ਹੋ ਕੇ ਗੁਰਮਤਿ ਦੇ ਇਸ ਸਿਧਾਂਤ ਨੂੰ ਆਮ ਸੰਗਤਾਂ ਵਿਚ ਪ੍ਰਚਾਰਨ ਦੀ ਜ਼ਰੂਰਤ ਹੈ। ਗੁਰੂ ਦੀ ਆਖੀ ਗੱਲ ਨੂੰ ਮੰਨਣ ਵਿਚ ਹੀ ਗੁਰੂ ਦੀ ਖ਼ੁਸ਼ੀ ਹੈ।

ਅੰਤ ਵਿਚ ਅਰਦਾਸ ਦੇ ਅੰਤਲੇ ਪਹਿਰੇ ਵੱਲ ਪਾਠਕਾਂ ਦਾ ਧਿਆਨ ਦਿਵਾਇਆ ਜਾ ਰਿਹਾ ਹੈ। ਅਰਦਾਸ ਦੇ ਅਖ਼ੀਰਲੇ ਪਹਿਰੇ ਵਿਚ ਦਰਜ ਹੈ:

> ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ! ਆਪ ਦੇ ਹਜ਼ੂਰ..... ਦੀ ਅਰਦਾਸ ਹੈ ਜੀ।

ਅਤੇ ਅਖ਼ੀਰ ਵਿਚ ਉਸ ਵਾਹਿਗੁਰੂ ਜੀ ਤੋਂ ਹੀ ਇਹ ਮੰਗਿਆ ਜਾਂਦਾ ਹੈ ਕਿ

> ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

ਇਤਨੀ ਸਪੱਸ਼ਟਤਾ ਦੇ ਹੁੰਦਿਆਂ ਵੀ ਜੇਕਰ ਕੋਈ ਗੁਰੂ ਸਾਹਿਬਾਨ ਨੂੰ ਮੁਖ਼ਾਤਬ ਕਰ ਕੇ ਅਰਦਾਸ ਕਰਦਾ ਹੈ ਤਾਂ ਇਹ ਗੁਰੂ ਦੀ ਮਤਿ ਨਹੀਂ, ਆਪਣੀ ਮਤ ਹੀ ਆਖੀ ਜਾਵੇਗੀ। ਸਤਿਗੁਰੂ ਦੇ ਹੁਕਮ ਨੂੰ ਸਿਰ ਮੱਥੇ ਮੰਨਣਾ ਗੁਰਸਿੱਖ ਹੋਣ ਦੀ ਘੋਸ਼ਣਾ ਹੈ, ਗੁਰਮੁਖਤਾ ਹੈ ਪ੍ਰੰਤੂ ਗੁਰੂ ਦੇ ਹੁਕਮ ਨੂੰ ਨਜ਼ਰ-ਅੰਦਾਜ਼ ਕਰ ਕੇ ਆਪਣੀ ਮਤ ਨੂੰ ਮੁੱਖ ਰੱਖਣਾ ਮਨਮੁੱਖਤਾ ਹੈ। ਗੁਰੂ ਕੇ ਸਿੱਖ ਅਖਵਾਉਣ ਵਾਲੇ ਆਪਣੀ ਮਤ ਦੀ ਵਰਤੋਂ ਨਹੀਂ ਕਰਦੇ, ਮਨਮਤੀਏ ਕਰਿਆ ਕਰਦੇ ਹਨ।

ਸੋ, ਅਰਦਾਸ ਦੇ ਅੰਤ ਵਿਚ, ਨਾ ਤਾਂ 'ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ, ਆਪ ਜੀ ਦੇ ਹਜ਼ੂਰ ਅਰਦਾਸ ਬੇਨਤੀ ਹੈ' ਸ਼ਬਦ ਵਰਤਣ ਦੀ ਜ਼ਰੂਰਤ ਹੈ, ਅਤੇ ਨਾ ਹੀ 'ਧੰਨ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ' ਸ਼ਬਦ ਦਾ ਪ੍ਰਯੋਗ ਕਰਨ ਦੀ।

[ਨੋਟ: ਕਥਿੱਤ ਬਾਬਿਆਂ ਆਦਿ ਦਾ ਜ਼ਿਕਰ ਇਸ ਲਈ ਨਹੀਂ ਕਰ ਰਿਹਾ ਕਿ ਅਰਦਾਸ ਵਿਚ ਉਨ੍ਹਾਂ ਨੂੰ ਮੁਖ਼ਾਤਬ ਕਰਨਾ ਘੋਰ ਅਗਿਆਨਤਾ ਅਤੇ ਮਹਾ ਮੂਰਖਤਾ ਹੈ। ਇਹੋ ਜਿਹੇ ਸੰਬੋਧਨ ਨੂੰ ਸਿੱਖੀ ਵਿਚ ਕਿਸੇ ਵੀ ਰੂਪ ਵਿਚ ਪ੍ਰਵਾਨ ਨਹੀਂ ਕੀਤਾ ਗਿਆ।]

ਕੇਵਲ ਵਾਹਿਗੁਰੂ ਜੀ ਨੂੰ ਮੁਖ਼ਾਤਬ ਕਰਦਿਆਂ ਅਰਦਾਸ ਵਿਚ ਦਰਜ ਇਨ੍ਹਾਂ ਸ਼ਬਦਾਂ ਨੂੰ ਹੀ ਕਿ :

> ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ! ਆਪ ਦੇ ਹਜ਼ੂਰ.........ਦੀ ਅਰਦਾਸ ਹੈ ਜੀ।
>
> *('ਸਿੱਖ ਰਹਿਤ ਮਰਯਾਦਾ' ਵਿਚੋਂ)*

ਕੇਵਲ ਇਹ ਸ਼ਬਦ ਹੀ ਵਰਤਣੇ ਯੋਗ ਹਨ।

ਗੁਰਮਤਿ ਸਿਧਾਂਤਾਂ ਦੀ ਵਿਲੱਖਣਤਾ ਦਾ ਇਕ ਰੂਪ ਇਹ ਵੀ ਹੈ ਕਿ ਸਤਿਗੁਰੂ ਜੀ ਨੇ ਮਨੁੱਖ ਨੂੰ ਵੀ ਉਸ ਅਕਾਲ ਪੁਰਖ ਦੇ ਲੜ ਲਾਇਆ ਹੈ, ਜਿਸ ਦਾ ਪੱਲਾ ਉਨ੍ਹਾਂ ਨੇ ਆਪ ਫੜਿਆ ਹੋਇਆ ਸੀ। ਜਿਸ ਪ੍ਰਭੂ ਦਾ ਆਪ ਆਸਰਾ ਲਿਆ, ਸਿੱਖ ਨੂੰ ਵੀ ਉਸੇ ਦੀ ਓਟ ਲੈਣ ਲਈ ਆਖਿਆ। ਜਿਸ ਅੱਗੇ ਉਹ ਆਪ ਅਰਦਾਸ ਕਰਦੇ ਸਨ, ਸਿੱਖ ਨੂੰ ਵੀ ਉਸੇ ਅੱਗੇ ਅਰਦਾਸ ਕਰਨ ਲਈ ਕਿਹਾ ਹੈ। ਸੋ, ਸਾਨੂੰ ਸਤਿਗੁਰੂ

ਜੀ ਦੀ ਇਸ ਇਲਾਹੀ ਬਖ਼ਸ਼ਸ਼ ਨੂੰ ਇਸੇ ਰੂਪ ਵਿਚ ਹੀ ਸਵੀਕਾਰ ਕਰ ਕੇ ਗੁਰੂ ਮਹਾਰਾਜ ਦੀ ਖ਼ੁਸ਼ੀ ਦਾ ਪਾਤਰ ਬਣਨਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਮੁੱਚੀ ਮਨੁੱਖਤਾ ਨੂੰ ਹੀ ਇਹ ਗੱਲ ਦ੍ਰਿੜ੍ਹ ਕਰਵਾਈ ਗਈ ਹੈ ਕਿ ਦਾਤਾ ਕੇਵਲ ਤੇ ਕੇਵਲ ਅਕਾਲ ਪੁਰਖ ਹੀ ਹੈ, ਹੋਰ ਕੋਈ ਕਿਸੇ ਨੂੰ ਕੁਝ ਦੇਣ ਦੇ ਸਮਰੱਥ ਨਹੀਂ ਹੈ, ਅਤੇ ਇਸ ਲਈ ਅਰਦਾਸ ਉਸ ਕਰਣ ਕਾਰਣ ਸਰਬੱਗ ਵਾਹਿਗੁਰੂ ਦੇ ਚਰਨਾਂ ਵਿਚ ਹੀ ਕਰਨੀ ਚਾਹੀਦੀ ਹੈ।

[ਨੋਟ: ਇੱਥੇ ਅਰਦਾਸ ਨਾਲ ਸੰਬੰਧਤ ਕੇਵਲ ਇਕ ਪਹਿਲੂ ਦੀ ਹੀ ਚਰਚਾ ਕੀਤੀ ਗਈ ਹੈ; ਅਰਦਾਸ ਨਾਲ ਜੁੜੇ ਦੂਜੇ ਪਹਿਲੂਆਂ ਦੀ ਨਹੀਂ।]

ਪੰਜ ਪਿਆਰਿਆਂ ਦੇ ਅਧਿਕਾਰ ਦੀ ਵਰਤੋਂ ਦੀਆਂ ਸੀਮਾਵਾਂ

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਖ਼ਾਲਸੇ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅਥਵਾ ਤਾਬਿਆ ਵਿਚ ਜੁਗਤ ਵਰਤਾਉਣ ਦੇ ਅਧਿਕਾਰ ਦੀ ਬਦੌਲਤ ਹੀ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਖੰਡੇ ਦੀ ਪਾਹੁਲ ਛਕਾਉਂਦੇ ਹਨ। ਪੰਜ ਪਿਆਰਿਆਂ ਵੱਲੋਂ ਇਸ ਸਮੇਂ ਖ਼ਾਲਸੇ ਦੀਆਂ ਰਹਿਤਾਂ-ਕੁਰਹਿਤਾਂ ਸੰਬੰਧੀ ਜੋ ਵੀ ਦ੍ਰਿੜ੍ਹ ਕਰਵਾਇਆ ਜਾਂਦਾ ਹੈ, ਉਸ ਨੂੰ ਗੁਰੂ ਦਾ ਹੁਕਮ ਸਮਝ ਕੇ ਹੀ ਪ੍ਰਵਾਨ ਕਰਨ ਦੀ ਪਰੰਪਰਾ ਹੈ।

ਪੰਜ ਪਿਆਰਿਆਂ ਸੰਬੰਧੀ ਅਜਿਹੀ ਧਾਰਨਾ ਨਾਲ ਪੰਥ ਵਿਚ ਇਕਸਾਰਤਾ ਵਾਲਾ ਭਾਵ ਹੀ ਨਹੀਂ, ਸਗੋਂ ਪੰਥ ਦੀ ਚੜ੍ਹਦੀ ਕਲਾ ਦਾ ਰਹੱਸ ਵੀ ਲੁਕਿਆ ਹੋਇਆ ਹੈ। ਏਸੇ ਕਰਕੇ ਹੀ ਪੰਜ ਪਿਆਰਿਆਂ ਵੱਲੋਂ 'ਸਿੱਖ ਰਹਿਤ ਮਰਯਾਦਾ' ਵਿਚ ਅੰਕਿਤ ਰਹਿਤਾਂ-ਕੁਰਹਿਤਾਂ ਦ੍ਰਿੜ੍ਹ ਕਰਵਾਈਆਂ ਜਾਂਦੀਆਂ ਹਨ।

ਪ੍ਰੰਤੂ ਕਈ ਥਾਈਂ ਪੰਜ ਪਿਆਰਿਆਂ ਵੱਲੋਂ 'ਸਿੱਖ ਰਹਿਤ ਮਰਯਾਦਾ' ਵਿਚ ਅੰਕਿਤ ਰਹਿਤਾਂ-ਕੁਰਹਿਤਾਂ ਦੀ ਥਾਂ ਆਪਣੇ ਜਥੇ ਜਾਂ ਡੇਰੇ ਦੀ ਮਰਯਾਦਾ ਦ੍ਰਿੜ੍ਹ ਕਰਵਾਈ ਜਾਂਦੀ ਹੈ। ਅਜਿਹਾ ਕਰਨ ਨਾਲ ਜਿੱਥੇ ਪੰਥਕ ਏਕਤਾ ਨੂੰ ਖੋਰਾ ਲੱਗਦਾ ਹੈ, ਉਥੇ ਨਾਲ ਹੀ ਖੰਡੇ ਦੀ ਪਾਹੁਲ ਲੈਣ ਵਾਲਿਆਂ ਵਿਚ ਵੀ ਮਤਭੇਦ ਹੋ ਜਾਂਦੇ ਹਨ। ਇਨ੍ਹਾਂ ਮਤਭੇਦਾਂ ਕਾਰਨ ਜਿੱਥੇ ਪੰਥ ਨੂੰ ਇਕ ਪਲੇਟਫ਼ਾਰਮ 'ਤੇ ਇਕੱਠਿਆਂ ਕਰਨ ਦੀ ਆਸ ਉੱਤੇ ਪਾਣੀ ਫਿਰਦਾ ਹੈ, ਉਥੇ ਸਤਿਗੁਰੂ ਜੀ ਦਾ ਪੰਜ ਪਿਆਰਿਆਂ ਦੇ ਰੂਪ ਵਿਚ ਆਪ ਜੁਗਤ ਵਰਤਾਉਣ ਵਾਲੀ ਧਾਰਨਾ ਨੂੰ ਵੀ ਡਾਢੀ ਠੇਸ ਪਹੁੰਚਦੀ ਹੈ। ਇਸ ਭਿੰਨਤਾ ਕਾਰਨ ਹੀ ਇਹ ਪ੍ਰਸ਼ਨ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਜੇਕਰ ਪੰਜ ਪਿਆਰਿਆਂ ਵਿਚ ਸਤਿਗੁਰੂ ਜੀ ਆਪ ਵਿਚਰ ਰਹੇ ਹੁੰਦੇ ਹਨ ਤਾਂ ਖ਼ਾਲਸੇ ਦੀਆਂ ਰਹਿਤਾਂ-ਕੁਰਹਿਤਾਂ ਵਿਚ ਇਹ ਭਿੰਨਤਾ ਕਿਉਂ? ਕੀ ਸਤਿਗੁਰੂ ਜੀ ਵੱਖ-ਵੱਖ ਜਥੇਬੰਦੀਆਂ ਨਾਲ ਸੰਬੰਧ ਰੱਖਣ ਵਾਲੇ ਪੰਜ ਪਿਆਰਿਆਂ ਵਿਚ ਵਿਚਰਦੇ ਹੋਏ ਇਹੋ ਜਿਹੀ ਭਿੰਨਤਾ ਦੇ ਜ਼ਿੰਮੇਵਾਰ ਹਨ? ਨਹੀਂ, ਹਰਗਿਜ਼ ਨਹੀਂ।

ਗੁਰਮਤਿ ਦੀ ਥੋੜ੍ਹੀ ਕੁ ਸੋਝੀ ਰੱਖਣ ਵਾਲੇ ਪ੍ਰਾਣੀ ਦਾ ਵੀ ਇਹੀ ਉੱਤਰ ਹੋਵੇਗਾ ਕਿ ਸਤਿਗੁਰੂ ਜੀ ਨੇ ਜੋ ਜੀਵਨ-ਜਾਚ ਦਰਸਾਈ ਹੈ, ਉਹ ਹਰੇਕ ਸਮੇਂ ਹਰੇਕ ਪ੍ਰਾਣੀ ਲਈ ਇੱਕੋ ਜਿਹੀ ਹੈ, ਉਸ ਵਿਚ ਕਿਸੇ ਤਰ੍ਹਾਂ ਦੀ ਕੋਈ ਭਿੰਨਤਾ ਨਹੀਂ ਹੈ।

ਇਸਤ੍ਰੀ-ਪੁਰਸ਼, ਅਮੀਰ-ਗ਼ਰੀਬ, ਪੜ੍ਹੇ-ਲਿਖੇ, ਅਨਪੜ੍ਹ ਸਾਰਿਆਂ ਲਈ ਇੱਕੋ ਜਿਹੀ ਰਹਿਤ ਦਰਸਾਈ ਹੈ। ਖੰਡੇ ਦੀ ਪਾਹੁਲ ਸਮੇਂ ਵੱਖ-ਵੱਖ ਜਥੇਬੰਦੀਆਂ ਨਾਲ ਸੰਬੰਧ ਰੱਖਣ ਵਾਲੇ ਪੰਜ ਪਿਆਰਿਆਂ ਵੱਲੋਂ ਰਹਿਤਾਂ-ਕੁਰਹਿਤਾਂ ਦੀ ਭਿੰਨਤਾ ਇਸ ਗੱਲ ਦੀ ਹੀ ਲਖਾਇਕ ਹੈ ਕਿ ਇਹ ਜੁਗਤ ਸਤਿਗੁਰੂ ਜੀ ਵੱਲੋਂ ਨਹੀਂ, ਬਲਕਿ ਵੱਖ-ਵੱਖ ਜਥੇਬੰਦੀਆਂ ਵੱਲੋਂ ਹੀ ਦ੍ਰਿੜ੍ਹ ਕਰਵਾਈ ਜਾ ਰਹੀ ਹੈ। ਇਸ ਸਥਿਤੀ ਵਿਚ ਜੇਕਰ ਕੋਈ ਇਹ ਕਹਿਣ ਦੀ ਗੁਸਤਾਖ਼ੀ ਕਰਦਾ ਹੈ ਕਿ ਅਜਿਹੇ ਪੰਜ ਪਿਆਰਿਆਂ ਦੁਆਰਾ ਇਨ੍ਹਾਂ ਦੀਆਂ ਜਥੇਬੰਦੀਆਂ ਹੀ ਜੁਗਤ ਵਰਤਾ ਰਹੀਆਂ ਹਨ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਚੂੰਕਿ ਪੰਜ ਪਿਆਰੇ ਸਤਿਗੁਰੂ ਜੀ ਦੀ ਵਿਚਾਰਧਾਰਾ ਦੀ ਨਹੀਂ, ਆਪਣੇ ਧੜਿਆਂ ਦੀ ਵਿਚਾਰਧਾਰਾ ਦਾ ਹੀ ਪ੍ਰਗਟਾਵਾ ਕਰ ਰਹੇ ਹੁੰਦੇ ਹਨ।

ਪੰਥ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਰੋਸ਼ਨੀ ਵਿਚ ਅਤੇ ਖ਼ਾਲਸਾ ਪੰਥ ਦੇ ਜਥੇਬੰਦਕ ਢਾਂਚੇ ਵਿਚ ਅਨੁਸ਼ਾਸਨ ਕਾਇਮ ਕਰਨ ਲਈ ਬਣਾਏ ਨਿਯਮ-ਉਪਨਿਯਮ ਦੇ ਘੇਰੇ ਵਿਚ ਰਹਿੰਦਿਆਂ ਹੀ ਪੰਜ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਸਮੇਂ, ਖ਼ਾਲਸੇ ਦੀਆਂ ਰਹਿਤਾਂ-ਕੁਰਹਿਤਾਂ ਦੱਸਣੀਆਂ ਚਾਹੀਦੀਆਂ ਹਨ। ਅਜਿਹੇ ਸੱਜਣਾਂ ਨੂੰ ਪੰਥ ਵੱਲੋਂ ਪ੍ਰਵਾਣਿਤ 'ਸਿੱਖ ਰਹਿਤ ਮਰਯਾਦਾ' ਨੂੰ ਨਜ਼ਰ-ਅੰਦਾਜ਼ ਕਰ ਕੇ, ਆਪਣੇ ਡੇਰੇ ਜਾਂ ਜਥੇ ਆਦਿ ਦੀ ਵਿਚਾਰਧਾਰਾ ਨੂੰ ਪ੍ਰਗਟ ਕਰ ਕੇ, ਪੰਥ ਦੇ ਜਥੇਬੰਦਕ ਢਾਂਚੇ ਨੂੰ ਕਮਜ਼ੋਰ ਕਰਨ ਵਾਲਾ ਕਦਮ ਉਠਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਕਈ ਵਾਰ ਖੰਡੇ ਦੀ ਪਾਹੁਲ ਛਕਾਉਣ ਸਮੇਂ ਪੰਜ ਪਿਆਰੇ ਸਿੱਖੀ ਵਿਚ ਰਹਿਤ-ਕੁਰਹਿਤ ਦਾ ਜ਼ਿਕਰ ਕਰਦਿਆਂ, ਜਿਸ ਜਥੇਬੰਦੀ ਨਾਲ ਉਹ ਸੰਬੰਧ ਰੱਖਦੇ ਹਨ, ਉਸ ਜਥੇਬੰਦੀ ਦੀ ਜੋ ਨਿੱਜੀ ਸੋਚ ਹੈ, ਉਸ ਦੀ ਵੀ ਪਾਲਣਾ ਕਰਨ ਲਈ ਕਿਹਾ ਜਾਂਦਾ ਹੈ। ਸਿੱਟੇ ਵਜੋਂ ਖ਼ਾਸ ਤੌਰ 'ਤੇ ਇੱਕੋ ਪਰਿਵਾਰ ਦੇ ਮੈਂਬਰਾਂ ਵਿਚ ਮਤਭੇਦ ਪੈਦਾ ਹੋ ਜਾਂਦੇ ਹਨ। ਉਦਾਹਰਣ ਦੇ ਤੌਰ 'ਤੇ ਜੇਕਰ ਪਤੀ ਪਤਨੀ ਨੇ ਵੱਖ-ਵੱਖ ਜਥੇਬੰਦੀ ਨਾਲ ਸੰਬੰਧ ਰੱਖਣ ਵਾਲੇ ਜਥੇ ਪਾਸੋਂ ਖੰਡੇ ਦੀ ਪਾਹੁਲ ਲਈ ਹੈ ਤਾਂ ਇਕ ਨੂੰ ਪੰਜਾਂ ਪਿਆਰਿਆਂ ਨੇ ਝਟਕਾ ਮਾਸ ਖਾਣ ਦੀ ਇਜਾਜ਼ਤ ਦੇ ਦਿੱਤੀ ਅਤੇ ਦੂਜੇ ਨੂੰ ਇਹ ਆਦੇਸ਼ ਦਿੱਤਾ ਗਿਆ ਕਿ ਮਾਸ ਖਾਣਾ ਬੱਜਰ ਕੁਰਹਿਤ ਹੈ। ਇਕ ਜਥੇਬੰਦੀ ਅਥਵਾ ਪੰਜ ਪਿਆਰਿਆਂ ਨੇ ਕੇਸਕੀ ਨੂੰ ਪੰਜਵਾਂ ਕਕਾਰ ਦੱਸਿਆ, ਪਰ ਕਿਸੇ ਦੂਜੀ ਜਥੇਬੰਦੀ ਨਾਲ ਸੰਬੰਧ ਰੱਖਣ ਵਾਲੇ ਪਿਆਰਿਆਂ ਨੇ ਕੇਸਕੀ ਨੂੰ ਪੰਜਵਾਂ ਕਕਾਰ ਮੰਨਣ ਤੋਂ ਇਨਕਾਰ ਕਰ ਦਿੱਤਾ।

ਇਸ ਖਾਣ ਅਤੇ ਪਹਿਨਣ ਆਦਿ ਦੇ ਵਖਰੇਵਿਆਂ ਕਾਰਨ ਕਈ ਵਾਰ ਪਰਿਵਾਰਾਂ ਵਿਚ ਮਤਭੇਦ ਇੱਥੋਂ ਤਕ ਵੱਧ ਜਾਂਦੇ ਹਨ ਕਿ ਤਲਾਕ ਤਕ ਨੌਬਤ ਆ ਜਾਂਦੀ ਹੈ; ਅਤੇ ਕਈਆਂ ਦੇ ਇਨ੍ਹਾਂ ਕਾਰਨਾਂ ਕਰਕੇ ਹੀ ਤਲਾਕ ਵੀ ਹੋ ਜਾਂਦੇ ਹਨ। ਜਿਸ ਖੰਡੇ ਦੀ ਪਾਹੁਲ ਨੂੰ ਛਕ ਕੇ, ਖ਼ਾਲਸਾ ਜਥੇਬੰਦੀ ਦਾ ਮੈਂਬਰ ਬਣ ਕੇ ਆਪ ਗੁਰਮਤਿ ਦੇ ਧਾਰਨੀ ਬਣ ਕੇ ਦੂਜਿਆਂ ਨੂੰ ਇਸ ਦਾ ਧਾਰਨੀ ਬਣਾਉਣ ਲਈ ਯਤਨਸ਼ੀਲ ਹੋਣਾ ਸੀ, ਅਜਿਹੀ ਧਾਰਨਾ ਕਾਰਨ ਪਤੀ ਪਤਨੀ ਦਾ ਆਪਸ ਵਿਚ ਹੀ ਇੱਕੋ ਛੱਤ ਹੇਠਾਂ ਇਕੱਠਿਆਂ ਰਹਿਣਾ ਮੁਸ਼ਕਲ ਹੋ ਜਾਂਦਾ ਹੈ। ਜਿਹੜੀ ਖੰਡੇ ਦੀ ਪਾਹੁਲ ਮਨੁੱਖ ਨੂੰ ਜੁੜਨਾ ਸਿਖਾਉਂਦੀ ਹੈ, ਉਸ ਨੂੰ ਛਕ ਕੇ ਪ੍ਰਾਣੀ ਆਪਣਾ ਪਰਿਵਾਰ ਹੀ ਖੇਰੂੰ-ਖੇਰੂੰ ਕਰ ਬੈਠਾ।

ਖਾਣ ਪਹਿਰਨ ਤੋਂ ਇਲਾਵਾ ਬੀਬੀਆਂ ਦੇ ਦਸਤਾਰ ਸਜਾਉਣ ਆਦਿ ਨੂੰ ਲੈ ਕੇ ਵੀ ਕਈ ਪਰਿਵਾਰਾਂ ਵਿਚ ਤਿੱਖੇ ਮਤਭੇਦ ਪੈਦਾ ਹੋ ਜਾਂਦੇ ਹਨ।

ਸਿੱਖ ਦੀ ਜੀਵਨ-ਜਾਚ ਦਾ ਆਧਾਰ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਹਨ। ਖ਼ਾਲਸਾ ਪੰਥ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਅਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਬਣਾਉਣ ਲਈ, ਅਨੁਸ਼ਾਸਨ ਕਾਇਮ ਕਰਨ ਲਈ ਕੁਝ ਨਿਯਮ-ਉਪਨਿਯਮ ਬਣਾਏ ਹੋਏ ਹਨ। ਪੰਜ ਪਿਆਰਿਆਂ ਨੂੰ ਖ਼ਾਲਸਾ ਪੰਥ ਵੱਲੋਂ ਕਾਇਮ ਕੀਤੀ ਇਸ ਨਿਯਮਾਵਲੀ ਨੂੰ ਮੁੱਖ ਰੱਖ ਕੇ ਹੀ ਰਹਿਤਾਂ-ਕੁਰਹਿਤਾਂ ਦੱਸਣੀਆਂ ਚਾਹੀਦੀਆਂ ਹਨ, ਨਾ ਕਿ ਆਪਣੀ ਕਿਸੇ ਜਥੇਬੰਦੀ, ਡੇਰੇ ਆਦਿ ਵੱਲੋਂ ਪ੍ਰਵਾਨ ਕੀਤੀਆਂ ਹੋਈਆਂ ਰਹਿਤਾਂ-ਕੁਰਹਿਤਾਂ। ਜੇਕਰ ਕਿਧਰੇ ਪੰਜ ਪਿਆਰੇ ਇਸ ਨਿਯਮ ਦੀ ਉਲੰਘਣਾ ਕਰ ਰਹੇ ਹਨ ਤਾਂ ਉਨ੍ਹਾਂ ਦਾ ਅਦੇਸ਼ ਮੰਨਣਾ ਯੋਗ ਨਹੀਂ ਹੈ। ਚੂੰਕਿ ਉਨ੍ਹਾਂ ਨੇ ਖ਼ਾਲਸਾ ਪੰਥ ਵੱਲੋਂ ਕਾਇਮ ਕੀਤਾ ਹੋਇਆ ਅਨੁਸ਼ਾਸਨ ਭੰਗ ਕੀਤਾ ਹੈ। ਇਸ ਸੰਬੰਧ ਵਿਚ ਇਕ ਘਟਨਾ ਦਾ ਵਰਣਨ ਕੁਥਾਵਾਂ ਨਹੀਂ ਹੋਵੇਗਾ :

ਭਾਈ ਹੀਰਾ ਸਿੰਘ ਦਰਦ ਦਾ ਨਾਮ ਪੰਥਕ ਹਲਕਿਆਂ ਵਿਚ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ ਹੈ। ਆਪ ਨੇ ਜਦ ਖੰਡੇ ਦੀ ਪਾਹੁਲ ਲਈ ਤਾਂ ਪੰਜਾਂ ਪਿਆਰਿਆਂ ਨੇ, ਜਿਨ੍ਹਾਂ ਵਿਚ ਭਾਈ ਰਣਧੀਰ ਸਿੰਘ (ਨਾਰੰਗਵਾਲ) ਹੁਰੀਂ ਵੀ ਸ਼ਾਮਲ ਸਨ, ਮਾਸ ਨਾ ਖਾਣ ਦੀ ਹਦਾਇਤ ਕੀਤੀ। ਭਾਈ ਹੀਰਾ ਸਿੰਘ ਨੇ ਭਾਈ ਰਣਧੀਰ ਸਿੰਘ ਹੁਰਾਂ ਨਾਲ ਮਾਸ ਖਾਣ/ਨਾ ਖਾਣ ਦੇ ਸੰਬੰਧ ਵਿਚ ਕਾਫ਼ੀ ਵਿਚਾਰ-ਵਟਾਂਦਰਾ ਕੀਤਾ। ਪ੍ਰੰਤੂ ਭਾਈ ਸਾਹਿਬ ਨੇ ਭਾਈ ਹੀਰਾ ਸਿੰਘ ਨੂੰ ਕਿਹਾ ਕਿ ਉਨ੍ਹਾਂ ਨੂੰ ਇਸ ਆਦੇਸ਼ ਦੀ ਪਾਲਣਾ ਕਰਨੀ ਹੀ ਪਵੇਗੀ। ਭਾਵੇਂ ਭਾਈ ਹੀਰਾ ਸਿੰਘ ਭਾਈ ਸਾਹਿਬ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਸਨ, ਪਰ ਪੰਜਾਂ ਪਿਆਰਿਆਂ ਦੇ ਆਦੇਸ਼ ਨੂੰ ਗੁਰੂ ਦਾ ਹੁਕਮ ਸਮਝ ਕੇ ਆਪ ਨੇ ਮਾਸ ਖਾਣਾ ਛੱਡ ਦਿੱਤਾ। ਮਾਸਟਰ ਤਾਰਾ ਸਿੰਘ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਆਪ ਨੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰਿਆਂ ਦਾ ਪ੍ਰਬੰਧ ਕਰ ਕੇ ਭਾਈ ਹੀਰਾ ਸਿੰਘ ਨੂੰ ਕਿਹਾ, "ਗਿਆਨੀ ਹੀਰਾ ਸਿੰਘ, ਸੁਣੋ, ਅਸੀਂ ਪੰਜ ਪਿਆਰੇ ਗੁਰੂ ਰੂਪ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੇ ਤੁਹਾਨੂੰ ਹੁਕਮ ਦੇਂਦੇ ਹਾਂ ਕਿ ਤੁਸੀਂ ਮਾਸ ਜ਼ਰੂਰ ਖਾਇਆ ਕਰੋ।"

ਭਾਈ ਹੀਰਾ ਸਿੰਘ ਇਸ ਘਟਨਾ ਦਾ ਜ਼ਿਕਰ ਕਰਨ ਉਪਰੰਤ ਲਿਖਦੇ ਹਨ ਕਿ :

> ਭਾਈ ਰਣਧੀਰ ਸਿੰਘ ਜੀ ਨੇ ਉਦੋਂ ਪੰਜ ਪਿਆਰਿਆਂ ਵਿਚ ਗੁਰੂ ਰੂਪ ਦਾ ਅਧਿਕਾਰ ਮੰਨ ਕੇ ਮੈਨੂੰ ਜੋ ਹੁਕਮ ਦਿੱਤਾ ਸੀ, ਉਹ ਉਨ੍ਹਾਂ ਦੇ ਅਖ਼ਤਿਆਰ ਤੋਂ ਬਾਹਰ ਸੀ। ਮਾਸਟਰ ਜੀ ਨੇ ਤਾਂ ਇਕ ਠੋਸ ਦਲੀਲ ਨਾਲ ਮੇਰਾ ਭੁਲੇਖਾ ਕੱਢਣ ਲਈ ਇਹ ਸਾਰਾ ਪ੍ਰਬੰਧ ਕੀਤਾ ਸੀ। ਮੈਨੂੰ ਯਕੀਨ ਹੈ ਮਾਸਟਰ ਜੀ ਇਹ ਗੱਲ ਨਹੀਂ ਮੰਨਦੇ ਹੋਣਗੇ ਕਿ ਪੰਜ ਪਿਆਰੇ ਗੁਰੂ ਰੂਪ ਬਣ ਕੇ ਹਰ ਕਿਸਮ ਦਾ ਹੁਕਮ ਦੇ ਸਕਦੇ ਹਨ।
>
> *('ਭਾਈ ਹੀਰਾ ਸਿੰਘ ਦਰਦ ਜੀਵਨ ਤੇ ਰਚਨਾ' ਵਿੱਚੋਂ)*

ਡੇਢ ਕੁ ਦਹਾਕੇ ਤੋਂ ਕੁਝ ਸਮਾਂ ਵਧੀਕ ਬੀ.ਸੀ. ਵਿੱਚੋਂ ਛਪਦੇ ਇਕ ਅਖ਼ਬਾਰ

ਵਿਚ ਇਕ ਖ਼ਬਰ ਛਪੀ ਸੀ ਕਿ ਪੰਜ ਪਿਆਰਿਆਂ ਨੇ ਗੁਰੂ ਵਾਲੇ ਅਧਿਕਾਰ ਦੀ ਵਰਤੋਂ ਕਰਦਿਆਂ ਹੋਇਆਂ ਅਮਕੇ ਸਿੰਘ ਨੂੰ ਆਪਣੀ ਵਿਆਹੁਤਾ ਇਸਤ੍ਰੀ ਨੂੰ ਤਿਆਗਣ ਦਾ ਆਦੇਸ਼ ਦਿੱਤਾ ਹੈ।......ਸਿੰਘ ਜੀ ਨੇ ਪੰਜ ਪਿਆਰਿਆਂ ਦੇ ਹੁਕਮ ਅੱਗੇ ਸਿਰ ਝੁਕਾਉਂਦਿਆਂ ਹੋਇਆਂ ਆਪਣੀ ਪਤਨੀ ਦਾ ਤਿਆਗ ਕਰ ਦਿੱਤਾ ਹੈ।

[ਨੋਟ: ਇਸ ਗੱਲ ਦਾ ਠੀਕ ਪਤਾ ਨਹੀਂ ਕਿ ਸਿੰਘ ਜੀ ਨੇ ਆਪ ਹੀ ਆਪਣੀ ਪਤਨੀ ਤੋਂ ਖਹਿੜਾ ਛੁਡਾਉਣ ਲਈ ਅਜਿਹਾ ਢੌਂਗ ਰਚਿਆ ਸੀ ਜਾਂ ਉਨ੍ਹਾਂ ਦੇ ਸੰਗੀ ਸਾਥੀਆਂ ਨੇ।]

ਇਤਿਹਾਸ ਵਿਚ ਪੰਜ ਪਿਆਰਿਆਂ ਵੱਲੋਂ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਨਸਾਨੀਅਤ ਨੂੰ ਕਲੰਕਤ ਕਰਨ ਵਾਲੇ ਇਸ ਤਰ੍ਹਾਂ ਦੇ ਆਦੇਸ਼ ਦੀ ਘੱਟ ਹੀ ਉਦਾਹਰਣ ਮਿਲਦੀ ਹੈ। ਨਿਰਸੰਦੇਹ ਪੰਜ ਪਿਆਰਿਆਂ ਵੱਲੋਂ ਅਜਿਹੇ ਹੁਕਮ ਗੁਰੂ ਤੋਂ ਬੇਮੁੱਖ ਹੋ ਕੇ ਦਿੱਤੇ ਸਮਝਣੇ ਚਾਹੀਦੇ ਹਨ; ਅਜਿਹੇ ਆਦੇਸ਼ਾਂ ਨੂੰ ਕਿਸੇ ਵੀ ਰੂਪ ਵਿਚ ਗੁਰੂ ਦਾ ਆਦੇਸ਼ ਸਮਝ ਕੇ ਨਹੀਂ ਮੰਨਿਆ ਜਾ ਸਕਦਾ।

ਇਸੇ ਤਰ੍ਹਾਂ ਕਈ ਥਾਈਂ ਜੇਕਰ ਕਿਸੇ ਦੀ ਪਤਨੀ ਨੇ ਖੰਡੇ ਦੀ ਪਾਹੁਲ ਲੈਣੀ ਹੈ ਤਾਂ ਉਸ ਦੇ ਪਤੀ ਨੇ ਭਾਵੇਂ ਪਹਿਲਾਂ ਇਹ ਪਾਹੁਲ ਲਈ ਹੋਈ ਹੈ, ਉਸ ਨੂੰ ਫਿਰ ਛਕਾਈ ਜਾਂਦੀ ਹੈ। ਜੇਕਰ ਪਤੀ/ਪਤਨੀ ਵਿੱਚੋਂ ਕੋਈ ਇਕ ਹੀ ਪਾਹੁਲ ਛਕਦਾ ਹੈ ਤਾਂ ਉਸ ਨੂੰ ਇਹ ਆਦੇਸ਼ ਦਿੱਤਾ ਜਾਂਦਾ ਹੈ ਕਿ ਆਪਣੇ ਜੀਵਨ ਸਾਥੀ ਨਾਲ ਸਰੀਰਕ ਮੇਲ-ਜੋਲ ਨਹੀਂ ਰੱਖਣਾ।

ਨਿਰਸੰਦੇਹ ਇਸ ਸ਼ਰਤ ਦਾ ਗੁਰਮਤਿ ਦੀ ਵਿਚਾਰਧਾਰਾ ਨਾਲ ਕਿਸੇ ਤਰ੍ਹਾਂ ਦਾ ਕੋਈ ਸੰਬੰਧ ਨਹੀਂ ਹੈ। ਅਜਿਹੇ ਆਦੇਸ਼ਾਂ ਨੂੰ ਗੁਰੂ ਕਾ ਆਦੇਸ਼ ਸਮਝ ਕੇ ਇਸ ਦੀ ਪਾਲਣਾ ਕਰਨ ਵਾਲੇ ਕਈ ਪਰਿਵਾਰਾਂ ਵਿਚ ਨਿਤ ਕਲਾ-ਕਲੇਸ਼ ਹੋਣ ਕਾਰਨ ਉਨ੍ਹਾਂ ਦਾ ਜੀਵਨ ਨਰਕ ਬਣ ਜਾਂਦਾ ਹੈ। ਅਜਿਹੇ ਆਦੇਸ਼ ਦੇਣ ਵਾਲੇ ਸੱਜਣ ਇਹ ਨਹੀਂ ਵਿਚਾਰਦੇ ਕਿ ਇਸ ਤਰ੍ਹਾਂ ਦੇ ਹੁਕਮ ਨਾਲ ਉਹ ਆਮ ਸਿੱਖ ਨੂੰ ਸਿੱਖੀ ਤੋਂ ਦੂਰ ਕਰਨ ਦਾ ਕਾਰਨ ਬਣ ਰਹੇ ਹੁੰਦੇ ਹਨ।

ਅਪ੍ਰੈਲ 2006 ਵਿਚ ਬੀ.ਸੀ. ਦੇ ਇਕ ਸਥਾਨਕ ਅਖ਼ਬਾਰ ਵਿਚ ਇਕ ਖ਼ਬਰ ਛਪੀ ਸੀ। ਇਸ ਖ਼ਬਰ ਅਨੁਸਾਰ ਇਸ ਪੰਥ ਦਰਦੀ ਨੇ ਆਪਣੇ ਇਲਾਕੇ ਵਿਚ ਪੰਜ ਪਿਆਰਿਆਂ ਵੱਲੋਂ ਖੰਡੇ ਦੀ ਪਾਹੁਲ ਛਕਣ ਵਾਲੇ ਪ੍ਰਾਣੀਆਂ ਨੂੰ ਰਹਿਤਾਂ-ਕੁਰਹਿਤਾਂ ਦਰਸਾਉਣ ਦੇ ਨਾਲ ਇਕ ਅਖ਼ਬਾਰ ਅਤੇ ਇਕ ਪੰਥਕ ਵਿਦਵਾਨ ਬਾਰੇ ਇਹ ਕਹਿੰਦਿਆਂ ਹੋਇਆਂ ਕਿ ਇਹ ਵਿਅਕਤੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਗੁਰੂ ਨਹੀਂ ਮੰਨਦੇ (ਜੋ ਕਿ ਸਰਾਸਰ ਕੋਰਾ ਝੂਠ ਸੀ), ਇਸ ਲਈ ਇਨ੍ਹਾਂ ਨਾਲ ਕੋਈ ਸਾਂਝ ਨਾ ਰੱਖੀ ਜਾਵੇ, ਦਾ ਆਦੇਸ਼ ਵੀ ਦਿੱਤਾ। ਪੰਥ ਨੂੰ ਢਾਹ ਲਾਉਣ ਵਾਲੀਆਂ ਤਾਕਤਾਂ ਤੋਂ ਸਿੱਖ ਸੰਗਤਾਂ ਨੂੰ ਸੁਚੇਤ ਕਰਨਾ ਹਰੇਕ ਸਿੱਖ ਦਾ ਫ਼ਰਜ਼ ਹੈ। ਪੰਜ ਪਿਆਰਿਆਂ ਵੱਲੋਂ ਅਜਿਹੀਆਂ ਸ਼ਕਤੀਆਂ ਤੋਂ ਸੁਚੇਤ ਕਰਨਾ ਅਤਿ ਜ਼ਰੂਰੀ ਹੈ, ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ। ਪ੍ਰੰਤੂ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ, ਪੰਜ ਪਿਆਰਿਆਂ ਵੱਲੋਂ ਅਖ਼ਬਾਰ ਦੇ ਐਡੀਟਰ ਅਤੇ ਇਕ ਪੰਥਕ ਦਰਦ ਰੱਖਣ ਵਾਲੇ ਵਿਦਵਾਨ ਉੱਤੇ

ਬਿਲਕੁਲ ਹੀ ਝੂਠੀ ਊਜ ਲਾ ਕੇ, ਗੁਰਸਿੱਖਾਂ ਨੂੰ ਗੁਮਰਾਹ ਕਰਨਾ, ਇਸ ਪਦਵੀ ਦੀ ਦੁਰਵਰਤੋਂ ਕਰਨ ਵਾਲੀ ਬੱਜਰ ਭੁੱਲ ਹੀ ਸਮਝਣੀ ਚਾਹੀਦੀ ਹੈ।

ਜੇਕਰ ਕੋਈ ਪ੍ਰਾਣੀ ਕਿਸੇ ਬੱਜਰ ਕੁਰਹਿਤ ਹੋਣ 'ਤੇ ਦੁਬਾਰਾ ਖੰਡੇ ਦੀ ਪਾਹੁਲ ਛਕਣ ਲਈ ਪੰਜ ਪਿਆਰਿਆਂ ਦੇ ਪੇਸ਼ ਹੋਇਆ ਹੈ ਤਾਂ ਪੰਜ ਪਿਆਰਿਆਂ ਨੂੰ ਅਭਿਲਾਖੀ ਵੱਲੋਂ ਬੱਜਰ ਕੁਰਹਿਤ ਹੋਈ ਕਹਿਣ ਉਪਰੰਤ ਉਸ ਬੱਜਰ ਕੁਰਹਿਤ ਦਾ ਵਿਸਥਾਰ ਜਾਣਨ ਲਈ ਹੱਠ ਨਹੀਂ ਕਰਨਾ ਚਾਹੀਦਾ। 'ਸਿੱਖ ਰਹਿਤ ਮਰਯਾਦਾ' ਵਿਚ ਇੰਜ ਹਦਾਇਤ ਦਿੱਤੀ ਗਈ ਹੈ, "ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰ ਕੇ ਸੰਗਤ ਵਿਚ ਪੰਜ ਪਿਆਰੇ ਤਨਖ਼ਾਹ ਲਾ ਲੈਣ।"

ਕੋਈ ਵਿਅਕਤੀ ਅਗਰ ਪੰਜ ਪਿਆਰਿਆਂ ਦੇ ਸਨਮੁੱਖ ਪੇਸ਼ ਹੋ ਕੇ ਆਪਣੀ ਬੱਜਰ ਕੁਰਹਿਤ ਬਾਰੇ ਪੰਜ ਪਿਆਰਿਆਂ ਨੂੰ ਗੁਰੂ ਰੂਪ ਸਮਝ ਕੇ ਦੱਸ ਦੇਂਦਾ/ਦੇਂਦੀ ਹੈ ਤਾਂ ਉਸ ਦੀ ਉਸ ਭੁੱਲ ਨੂੰ ਜਨਤਕ ਤੌਰ 'ਤੇ ਨਸ਼ਰ ਕਰਨਾ ਬਹੁਤ ਖ਼ਤਰਨਾਕ ਅਪਰਾਧ ਹੈ। ਸਿੱਟੇ ਵਜੋਂ ਗੁਰੂ ਰੂਪ ਪੰਜ ਪਿਆਰਿਆਂ ਦੇ ਸਨਮੁੱਖ ਆਪਣੀ ਬੱਜਰ ਭੁੱਲ ਨੂੰ ਸਵੀਕਾਰ ਕਰਨ ਵਾਲੇ/ਵਾਲੀ ਦਾ ਪਰਿਵਾਰਕ ਜੀਵਨ ਤਬਾਹ ਹੋ ਸਕਦਾ ਹੈ। ਚਿਰ ਹੋਇਆ, ਕੈਨੇਡਾ ਵਿਖੇ ਹੀ ਅਜਿਹਾ ਦੁਖਦਾਇਕ ਨਤੀਜਾ ਇਕ ਬੀਬੀ ਨਾਲ ਵਰਤਿਆ ਸੀ, ਜਿਸ ਨੇ ਪੰਜ ਪਿਆਰਿਆਂ ਨੂੰ ਗੁਰੂ ਰੂਪ ਸਮਝ ਕੇ ਆਪਣੀ ਬੱਜਰ ਭੁੱਲ (ਕੁਰਹਿਤ) ਬਾਰੇ ਸੱਚ ਦੱਸ ਦਿੱਤਾ ਸੀ। ਪੰਜ ਪਿਆਰਿਆਂ ਦੀ ਸੇਵਾ ਨਿਭਾਉਣ ਵਾਲਿਆਂ ਵਿੱਚੋਂ ਇਕ ਸਿੰਘ ਨੇ ਇਸ ਭੇਦ ਨੂੰ ਬੀਬੀ ਦੇ ਪਰਿਵਾਰ ਕੋਲ ਪ੍ਰਗਟ ਕਰਨ ਦਾ ਖ਼ੁਦ ਅਪਰਾਧ ਕਰ ਦਿੱਤਾ ਸੀ। ਸਿੱਟੇ ਵਜੋਂ ਬੀਬੀ ਦਾ ਪਰਿਵਾਰਕ ਜੀਵਨ ਨਰਕ ਬਣ ਗਿਆ ਸੀ। ਇਹ ਇਕ ਅਜਿਹਾ ਅਪਰਾਧ ਹੈ ਜਿਸ ਦੇ ਨਤੀਜੇ ਬੇਹੱਦ ਭਿਆਨਕ ਰੂਪ ਧਾਰਨ ਕਰ ਸਕਦੇ ਹਨ। ਸਾਡੇ ਵਿਚ ਅਜਿਹਾ ਅਪਰਾਧ ਕਰਨ ਵਾਲਿਆਂ (ਨੂੰ ਦੰਡਤ ਕਰਨ) ਲਈ ਕੋਈ ਵਿਧੀ ਵਿਧਾਨ ਨਹੀਂ ਹੈ। ਪਰ ਜ਼ਿੰਮੇਵਾਰ ਸੱਜਣਾਂ ਦਾ ਜਿਵੇਂ ਹੋਰ ਅਨੇਕਾਂ ਪੰਥ ਦੇ ਜ਼ਰੂਰੀ ਮਸਲਿਆਂ ਵੱਲ ਧਿਆਨ ਨਹੀਂ ਗਿਆ, ਉਸੇ ਤਰ੍ਹਾਂ ਇਸ ਗੰਭੀਰ ਮਸਲੇ ਵੱਲ ਵੀ ਧਿਆਨ ਨਹੀਂ ਦਿੱਤਾ ਗਿਆ ਹੈ।

ਕਈ ਥਾਈਂ ਪਤੀ ਪਤਨੀ ਵਿੱਚੋਂ ਕੋਈ ਇਕ ਖੰਡੇ ਦੀ ਪਾਹੁਲ ਛਕਣਾ ਚਾਹੇ ਤਾਂ ਉਸ ਨੂੰ ਇਹ ਕਹਿ ਕੇ ਇਨਕਾਰ ਕਰ ਦਿੱਤਾ ਜਾਂਦਾ ਹੈ ਕਿ ਉਹ ਇਕੱਲਾ/ਇਕੱਲੀ ਨਹੀਂ ਛਕ ਸਕਦੀ/ਸਕਦਾ। 'ਸਿੱਖ ਰਹਿਤ ਮਰਯਾਦਾ' ਵਿਚ ਕੇਵਲ ਇਤਨਾ ਹੀ ਲਿਖਿਆ ਹੈ ਕਿ "ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ।" ਰਹਿਤ ਮਰਯਾਦਾ ਵਿਚ 'ਚਾਹੀਦਾ' ਸ਼ਬਦ ਵਰਤਿਆ ਹੈ; ਜਬਰੀ ਛਕਾਉਣ ਜਾਂ ਨਾ ਛਕਣ ਦੀ ਸੂਰਤ ਵਿਚ ਸਰੀਰਕ ਸੰਬੰਧ ਨਾ ਰੱਖਣ ਦੀ ਹਦਾਇਤ ਨਹੀਂ ਹੈ। ਖੰਡੇ ਦੀ ਪਾਹੁਲ ਤਾਂ ਸਵੈ-ਇੱਛਾ ਨਾਲ ਹੀ ਛਕਣ ਦੀ ਪਰੰਪਰਾ ਹੈ, ਕਿਸੇ ਨੂੰ ਡਰਾ ਧਮਕਾ ਜਾਂ ਕਿਸੇ ਹੋਰ ਵਿੰਗੇ-ਟੇਡੇ ਢੰਗ ਨਾਲ ਮਜਬੂਰ ਕਰ ਕੇ ਅੰਮ੍ਰਿਤ ਛਕਣ ਲਈ ਰਾਜ਼ੀ ਕਰਨ ਦੀ ਨਹੀਂ। ਪੁਰਾਤਨ ਸਿੱਖ-ਇਤਿਹਾਸ ਵੱਲ ਨਜ਼ਰ ਮਾਰਿਆਂ ਸਾਨੂੰ ਅਜਿਹੀ ਕੋਈ ਉਦਾਹਰਣ ਨਹੀਂ ਮਿਲਦੀ, ਜਦੋਂ ਕਿਸੇ ਪ੍ਰਾਣੀ ਨੂੰ ਪਾਹੁਲ

ਛਕਾਉਣ ਤੋਂ ਇਸ ਲਈ ਇਨਕਾਰ ਕਰ ਦਿੱਤਾ ਹੋਵੇ ਕਿ ਉਸ ਦੀ ਪਤਨੀ/ਪਤੀ ਇਕ ਸਾਥ ਪਾਹੁਲ ਨਹੀਂ ਸੀ ਛਕਣਾ ਚਾਹੁੰਦਾ/ਚਾਹੁੰਦੀ। ਇਸ ਲਈ ਜੇਕਰ ਕਿਧਰੇ ਪਤੀ ਜਾਂ ਪਤਨੀ ਨੂੰ ਇਕੱਲਿਆਂ ਖੰਡੇ ਦੀ ਪਾਹੁਲ ਛਕਾਉਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਤਾਂ ਇਹ ਕਿਸੇ ਵਿਸ਼ੇਸ਼ ਧੜੇ ਆਦਿ ਵੱਲੋਂ ਇਨਕਾਰ ਹੀ ਸਮਝਣਾ ਚਾਹੀਦਾ ਹੈ, ਗੁਰੂ/ਪੰਥ ਵੱਲੋਂ ਨਹੀਂ।

ਪੰਥ ਵਿਚ ਇਕਸਾਰਤਾ ਵਾਲਾ ਭਾਵ ਕਾਇਮ ਰੱਖਣ ਦੇ ਨਾਲ-ਨਾਲ ਪੰਥਕ ਜਥੇਬੰਦੀ ਨੂੰ ਮਜ਼ਬੂਤ ਕਰ ਕੇ ਚੜ੍ਹਦੀ ਕਲਾ ਵਿਚਰਨ ਦੀ ਸੱਧਰ ਨੂੰ ਪੂਰਿਆਂ ਕਰਨ ਲਈ ਸਾਰੀਆਂ ਹੀ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਪੰਥ ਵੱਲੋਂ ਨਿਰਧਾਰਤ ਕੀਤੀਆਂ ਰਹਿਤਾਂ-ਕੁਰਹਿਤਾਂ ਨੂੰ ਹੀ ਅਜਿਹੇ ਸਮੇਂ ਦ੍ਰਿੜ੍ਹ ਕਰਾਉਣ। ਇਸ ਤਰ੍ਹਾਂ ਕਰਨ ਨਾਲ ਵੱਖ-ਵੱਖ ਜਥੇਬੰਦੀਆਂ ਨਾਲ ਸੰਬੰਧ ਰੱਖਣ ਵਾਲੇ ਜਥੇ ਪਾਸੋਂ ਖੰਡੇ ਦੀ ਪਾਹੁਲ ਛਕਣ ਵਾਲੇ ਇਕ ਦੂਜੇ ਨਾਲੋਂ ਆਪਣੇ ਆਪ ਨੂੰ ਸ੍ਰੇਸ਼ਟ ਸਮਝਣ ਵਾਲੀ ਧਾਰਨਾ ਤੋਂ ਵੀ ਛੁਟਕਾਰਾ ਪਾਉਣ ਵਿਚ ਸਫਲ ਹੋਣਗੇ। ਸਾਡਾ ਆਪਸ ਵਿਚ ਭਰਾਤਰੀ-ਭਾਵ ਵਧੇ ਫੁੱਲੇਗਾ।

ਸ਼ਰਾਧ ਅਤੇ ਗੁਰਮਤਿ ਦੀ ਜੀਵਨ-ਜੁਗਤਿ

ਸ਼ਰਾਧ ਦਾ ਅੱਖਰੀਂ ਅਰਥ ਹੈ—ਸ਼ਰਧਾ ਨਾਲ ਕੀਤਾ ਹੋਇਆ ਕਰਮ। ਪਿੱਤਰਾਂ (ਮੋਏ ਹੋਏ ਦਾਦਾ-ਦਾਦੀ, ਮਾਤਾ-ਪਿਤਾ ਆਦਿ ਬਜ਼ੁਰਗ) ਵਾਸਤੇ ਸ਼ਰਧਾ ਨਾਲ ਕੀਤਾ ਅੰਨ ਵਸਤ੍ਰ ਆਦਿ ਦਾਨ। ਇਸ ਦੇ ਚਾਰ ਭੇਦ ਹਨ:

(ੳ) ਨਿਤਯ ਸ਼ਰਾਧ, ਜੋ ਨਿੱਤ ਹੀ ਦੇਵਤਾ ਪਿੱਤਰਾਂ ਨੂੰ ਜਲ ਆਦਿ ਦੇਣਾ;
(ਅ) ਪਾਰਵਣ, ਜੋ ਅਮਾਵਸ ਆਦਿ ਪਰਵਾਂ ਪੁਰ ਕਰਨਾ;
(ੲ) ਕਯਾਹ (ਖਿਆਹੀ) ਜੋ ਮੋਏ ਹੋਏ ਪਿੱਤਰ ਦੇ ਦੇਹਾਂਤ ਵਾਲੇ ਦਿਨ ਕਰਨਾ।
(ਸ) ਮਹਾਲਯ, ਜੋ ਅੱਸੂ ਦੇ ਪਹਿਲੇ ਪੱਖ ਵਿਚ ਕਰਨਾ।

(ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼)

ਪੁਰੋਹਿਤ ਜਮਾਤ ਵੱਲੋਂ ਸ਼ਰਧਾਲੂਆਂ ਦੇ ਦਿਲ-ਦਿਮਾਗ ਵਿਚ ਇਹ ਗੱਲ ਚੰਗੀ ਤਰ੍ਹਾਂ ਬਿਠਾਈ ਹੋਈ ਹੈ ਕਿ ਸ਼ਰਾਧਾਂ ਦੇ ਦਿਨਾਂ ਵਿਚ ਪਿੱਤਰ ਸ਼ਰਾਧ ਦਾ ਅੰਨ ਖਾਣ ਲਈ ਪ੍ਰਿਥਵੀ 'ਤੇ ਆ ਜਾਂਦੇ ਹਨ। ਜੇਕਰ ਇਨ੍ਹਾਂ ਨੂੰ ਨਾ ਖਵਾਇਆ ਜਾਏ ਤਾਂ ਉਹ ਸਰਾਪ ਦੇ ਕੇ ਚਲੇ ਜਾਂਦੇ ਹਨ।

ਗੁਰਬਾਣੀ ਗਿਆਨ ਰੂਪੀ ਹਥੌੜੇ ਨਾਲ ਮਨੁੱਖ ਦੇ ਇਸ ਭਰਮ-ਗੜ੍ਹ ਨੂੰ ਤੋੜਦਿਆਂ ਹੋਇਆਂ ਸਪੱਸ਼ਟ ਕਰਦੀ ਹੈ ਕਿ ਨਾ ਤਾਂ ਪਿੱਤਰ ਸ਼ਰਾਧਾਂ ਦੇ ਦਿਨਾਂ ਵਿਚ ਇਸ ਧਰਤੀ 'ਤੇ ਆਉਂਦੇ ਹਨ ਅਤੇ ਨਾ ਹੀ ਅਸੀਂ ਪਿੱਤਰਾਂ ਤੀਕ ਕਿਸੇ ਸ਼ੈਅ ਨੂੰ ਅਪੜਾ ਸਕਦੇ ਹਾਂ। 'ਆਸਾ ਕੀ ਵਾਰ' ਦੇ ਨਿਮਨ-ਲਿਖਤ ਸਲੋਕ ਵਿਚ ਮਨੁੱਖਤਾ ਨੂੰ ਗੁਮਰਾਹ ਕਰਨ ਵਾਲੀ ਸ਼੍ਰੇਣੀ ਨੂੰ ਤਾੜਨਾ ਕਰਨ ਦੇ ਨਾਲ ਆਮ ਮਨੁੱਖ ਨੂੰ ਵੀ ਇਸ ਅੰਧਕਾਰ ਵਿੱਚੋਂ ਬਾਹਰ ਕੱਢਿਆ ਗਿਆ ਹੈ:

ਜੇ ਮੋਹਾਕਾ ਘਰੁ ਮੁਹੈ ਘਰੁ ਮੁਹਿ ਪਿਤਰੀ ਦੇਇ ॥
ਅਗੈ ਵਸਤੁ ਸਿਞਾਣੀਐ ਪਿਤਰੀ ਚੋਰ ਕਰੇਇ ॥
ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥
ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥ *(ਵਾਰ ਆਸਾ ਮਹਲਾ ੧, ਪੰਨਾ 472)*

ਅਰਥ: ਜੇ ਕੋਈ ਠੱਗ ਪਰਾਇਆ ਘਰ ਠੱਗੇ, ਪਰਾਏ ਘਰ ਨੂੰ ਠੱਗ ਕੇ (ਉਹ ਪਦਾਰਥ) ਆਪਣੇ ਪਿੱਤਰਾਂ ਦੇ ਨਮਿਤ ਦੇਵੇ, ਤਾਂ (ਜੇ ਸੱਚਮੁੱਚ ਪਿਛਲਿਆਂ ਦਾ ਦਿੱਤਾ ਅੱਪੜਦਾ ਹੀ ਹੈ ਤਾਂ) ਪ੍ਰਲੋਕ ਵਿਚ ਉਹ ਪਦਾਰਥ ਸਿਞਾਣਿਆ ਜਾਂਦਾ ਹੈ। ਇਸ ਤਰ੍ਹਾਂ ਉਹ ਮਨੁੱਖ ਆਪਣੇ ਪਿੱਤਰਾਂ ਨੂੰ (ਭੀ) ਚੋਰ ਬਣਾਉਂਦਾ ਹੈ (ਕਿਉਂਕਿ ਉਨ੍ਹਾਂ ਪਾਸੋਂ ਚੋਰੀ

ਦਾ ਮਾਲ ਨਿਕਲ ਆਉਂਦਾ ਹੈ)। (ਅਗੋਂ) ਪ੍ਰਭੂ ਇਹ ਨਿਆਂ ਕਰਦਾ ਹੈ ਕਿ (ਇਹ ਚੋਰੀ ਦਾ ਮਾਲ ਅਪੜਾਣ ਵਾਲੇ ਬ੍ਰਾਹਮਣ) ਦਲਾਲ ਦੇ ਹੱਥ ਵੱਢੇ ਜਾਂਦੇ ਹਨ। ਹੇ ਨਾਨਕ! (ਕਿਸੇ ਦਾ ਅਪੜਾਇਆ ਹੋਇਆ ਅੱਗੇ ਕੀਹ ਮਿਲਣਾ ਹੈ?) ਅਗਾਂਹ ਤਾਂ ਮਨੁੱਖ ਨੂੰ ਉਹੀ ਕੁਝ ਮਿਲਦਾ ਹੈ ਜੋ ਖੱਟਦਾ ਹੈ, ਕਮਾਂਦਾ ਹੈ ਤੇ (ਹੱਥੀਂ) ਦੇਂਦਾ ਹੈ।

ਪਿੱਤਰਾਂ ਨਮਿੱਤ ਅਜਿਹੇ ਕਰਮ ਰਾਹੀਂ ਪਿੱਤਰਾਂ ਨੂੰ ਤ੍ਰਿਪਤ ਕਰਨ ਦਾ ਉਪਰਾਲਾ ਕਰਨ ਵਾਲਿਆਂ ਦੇ ਭਰਮ ਨੂੰ ਮਿਟਾਉਂਦਿਆਂ ਆਖਦੇ ਕਿ ਜੀਵ ਸੰਸਾਰ ਵਿਚ ਆਇਆ ਤੇ ਫਿਰ ਚਲਾ ਗਿਆ, ਜਗਤ ਵਿਚ ਉਸ ਦਾ ਨਾਮ ਭੀ ਭੁੱਲ ਗਿਆ, ਉਸ ਦੇ ਅਕਾਲ ਚਲਾਣੇ ਦੇ ਪਿੱਛੋਂ ਪਿੱਤਰ ਦਾਨ ਮੌਕੇ 'ਤੇ ਪਿੰਡ ਭਰਾਕੇ ਕਾਵਾਂ ਨੂੰ ਹੀ ਸੱਦੀਦਾ ਹੈ, ਉਸ ਪ੍ਰਾਣੀ ਨੂੰ ਕੁਝ ਨਹੀਂ ਪਹੁੰਚਦਾ:

ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥

(ਵਾਰ ਮਾਝ ਮਹਲਾ ੧, ਪੰਨਾ 138)

ਗੁਰਮਤਿ ਦੇ ਇਸ ਸਿਧਾਂਤ ਨੂੰ ਸਾਹਮਣੇ ਰੱਖਦਿਆਂ ਹੀ 'ਸਿੱਖ ਰਹਿਤ ਮਰਯਾਦਾ' ਵਿਚ ਇਹ ਹਦਾਇਤ ਕੀਤੀ ਗਈ ਹੈ ਕਿ "ਦੁਸਹਿਰੇ ਦੇ ਪਿੱਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।"

ਗੁਰ-ਇਤਿਹਾਸ ਵਿੱਚੋਂ ਵੀ ਸਾਨੂੰ ਅਨੇਕਾਂ ਉਦਾਹਰਣਾਂ ਮਿਲਦੀਆਂ ਹਨ ਕਿ ਗੁਰੂ ਮਹਾਰਾਜ ਦੀ ਸਿੱਖਿਆ ਅਨੁਸਾਰ ਸਿੱਖ ਅਕਾਲ ਚਲਾਣਾ ਕਰ ਚੁੱਕੇ ਪ੍ਰਾਣੀਆਂ ਨੂੰ ਤ੍ਰਿਪਤ ਕਰਨ ਲਈ ਇਹੋ ਜਿਹੇ ਕਿਸੇ ਵੀ ਕਰਮ ਧਰਮ ਵਿਚ ਵਿਸ਼ਵਾਸ ਨਹੀਂ ਸਨ ਕਰਦੇ। ਇਹੋ ਜਿਹੇ ਕਰਮ ਧਰਮ ਤੋਂ ਉੱਪਰ ਉੱਠਣ ਵਿਚ ਹੀ ਤਾਂ ਖ਼ਾਲਸੇ ਦਾ ਨਿਆਰਾਪਣ ਸੀ। ਇਤਿਹਾਸ ਵਿਚ ਵਰਣਤ ਖ਼ਾਲਸੇ ਦੇ ਨਿਆਰੇਪਣ ਵਿੱਚੋਂ ਕੇਵਲ ਦੋ ਕੁ ਉਦਾਹਰਣਾਂ ਵੱਲ ਹੀ ਪਾਠਕਾਂ ਦਾ ਧਿਆਨ ਦੁਆ ਰਹੇ ਹਾਂ:

ਗੁਰੂ ਅਮਰਦਾਸ ਜੀ ਦੇ ਵਿਰੁੱਧ ਜਾਤ ਅਭਿਆਨੀਆਂ ਵੱਲੋਂ ਜੋ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਗਈ ਸੀ, ਉਸ ਵਿਚ ਹਜ਼ੂਰ ਉੱਤੇ ਜੋ ਦੋਸ਼ ਲਾਏ ਗਏ ਸਨ, ਉਨ੍ਹਾਂ ਵਿਚ ਇਕ ਇਹ ਸੀ ਕਿ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਦੇਵ ਪੂਜਾ ਕਰਨ ਦੀ ਮਨਾਹੀ ਦੇ ਨਾਲ ਪਿੱਤਰਾਂ ਨਮਿੱਤ ਕੀਤੇ ਜਾਂਦੇ ਕਰਮ ਤੋਂ ਵੀ ਵਰਜ ਦਿੱਤਾ ਹੈ:

ਦੇਵ ਪਿਤਰ ਕੀ ਮਨਤਾ ਛੋਰੀ।
ਸਭ ਮਰਯਾਦ ਜਗਤ ਕੀ ਤੋਰੀ।

[ਨੋਟ: ਅਜਿਹੀ ਸ਼ਿਕਾਇਤ ਕਰਨ ਵਾਲਿਆਂ ਨੂੰ ਜੇਕਰ ਇਸ ਗੱਲ ਦੀ ਭਿਣਕ ਪੈ ਜਾਂਦੀ ਕਿ ਗੁਰੂ ਸਾਹਿਬਾਨ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਛੇਤੀ ਹੀ ਗੁਰੂ ਕੇ ਸਿੱਖ ਅਖਵਾਉਣ ਵਾਲਿਆਂ ਨੇ ਕਰਮ-ਕਾਂਡਾਂ ਵਿਚ ਸਾਨੂੰ ਵੀ ਮਾਤ ਪਾ ਦੇਣਾ ਹੈ, ਤਾਂ ਸ਼ਾਇਦ ਉਹ ਕਦੀ ਸ਼ਿਕਾਇਤ ਨਾ ਕਰਦੇ। ਅੱਜ ਸਿੱਖਾਂ ਦੀ ਬਹੁ-ਗਿਣਤੀ ਨੂੰ ਉਨ੍ਹਾਂ ਹੀ ਕਰਮ-ਕਾਂਡਾਂ ਨੂੰ ਕਰਦਿਆਂ ਦੇਖ ਕੇ, ਜਿਨ੍ਹਾਂ ਨੂੰ ਗੁਰੂ ਕੇ ਸਿੱਖਾਂ ਨੇ ਤਿਆਗ ਦਿੱਤਾ ਸੀ, ਗੁਰੂ ਸਾਹਿਬ ਦੀ ਸ਼ਿਕਾਇਤ ਕਰਨ ਵਾਲਿਆਂ ਦੀ ਰੂਹ ਨੂੰ ਜ਼ਰੂਰ ਸ਼ਾਂਤੀ ਮਿਲਦੀ ਹੋਵੇਗੀ। ਚੂੰਕਿ ਗੁਰੂ ਸਾਹਿਬਾਨ ਦੇ ਸਮੇਂ ਉਨ੍ਹਾਂ ਦੀ ਇੱਛਾ ਦੀ ਪੂਰਤੀ ਨਹੀਂ ਸੀ ਹੋ ਸਕੀ, ਅਤੇ ਉਹ ਆਪਣੀਆਂ ਸੱਧਰਾਂ ਨੂੰ ਦਿਲ

ਵਿਚ ਹੀ ਲੈ ਕੇ ਤੜਪਦੇ ਕਲਪਦੇ ਹੋਏ ਹੀ ਇਸ ਦੁਨੀਆਂ ਤੋਂ ਕੂਚ ਕਰ ਗਏ ਸਨ। ਪ੍ਰੰਤੂ ਸਾਡੇ ਵੱਡੇ ਵਡੇਰਿਆਂ ਦੀ ਰੂਹ ਸਾਨੂੰ ਨਾਮ-ਧਰੀਕ ਸਿੱਖਾਂ ਨੂੰ ਕਰਮ-ਕਾਂਡਾਂ ਦੀ ਦਲਦਲ ਵਿਚ ਬੁਰੀ ਤਰ੍ਹਾਂ ਖੁਭਿਆ ਦੇਖ ਕੇ ਅਵੱਸ਼ ਤੜਪਦੀ ਹੋਵੇਗੀ।]

ਜ਼ਕਰੀਆ ਖ਼ਾਨ (ਲਾਹੌਰ ਦਾ ਸੂਬੇਦਾਰ), ਨਾਦਰ ਸ਼ਾਹ ਵੱਲੋਂ ਸਿੰਘਾਂ ਸੰਬੰਧੀ ਪੁੱਛੇ ਹੋਏ ਸਵਾਲ ਦੇ ਸੰਬੰਧ ਵਿਚ, ਜਿੱਥੇ ਖ਼ਾਲਸਾ ਪੰਥ ਦੇ ਆਚਰਣ ਦੇ ਨਿਆਰੇਪਣ ਦੇ ਕਈ ਪੱਖਾਂ ਦੀ ਚਰਚਾ ਕਰਦਾ ਹੈ, ਉਥੇ ਨਾਲ ਹੀ ਇਸ ਗੱਲ ਦਾ ਵੀ ਜ਼ਿਕਰ ਕਰਦਾ ਹੈ:

ਸਿੰਘ ਸਿੰਘਣੀ ਜੋ ਮਰ ਜੈ ਹੈ। ਬਾਂਟਤ ਹਲਵਾ ਤੁਰਤ ਬਨੈ ਹੈ।
ਕਿਰਿਆ ਕਰਮ ਕਰਾਵਤ ਨਾਹੀਂ। ਹੱਡੀ ਪਾਂਧ ਨ ਗੰਗਾ ਮਾਹੀ।
ਕਰਤ ਦਸਹਿਰਾ ਗ੍ਰੰਥ ਪੜ੍ਹਾਵਤ। ਅਸਨ ਬਸਨ ਗਰੀਬਨ ਕੋ ਦਯਾਵਤ।
........ਹੋਮ ਸ਼ਰਾਧ ਨ ਖਯਾਹ ਸੰਭਾਲੈਂ। *(ਗਿ: ਗਿਆਨ ਸਿੰਘ)*

ਇਹ ਗੱਲ ਨੋਟ ਕਰਨ ਵਾਲੀ ਹੈ ਕਿ ਭਾਵੇਂ ਅਠਾਰ੍ਹਵੀਂ ਸਦੀ ਦੇ ਅਖ਼ੀਰਲੇ ਦਹਾਕੇ ਅਤੇ ਉੱਨ੍ਹੀਵੀਂ ਸਦੀ ਵਿਚ ਸਿੱਖ ਪੰਥ ਵਿਚ ਗੁਰਮਤਿ ਦੇ ਕਈ ਪੱਖਾਂ ਤੋਂ ਕਈ ਤਰ੍ਹਾਂ ਦੀਆਂ ਤਰੁੱਟੀਆਂ ਸਨ, ਪਰ ਫਿਰ ਵੀ ਸਿੱਖ ਸੰਗਤਾਂ ਕਈ ਅਜਿਹੀਆਂ ਕਮਜ਼ੋਰੀਆਂ ਤੋਂ ਬਚੀਆਂ ਹੋਈਆਂ ਸਨ, ਜਿਨ੍ਹਾਂ ਦੇ ਅਸੀਂ ਇੱਕੀਵੀਂ ਸਦੀ ਵਿਚ ਵਿਚਰਣ ਵਾਲੇ ਸ਼ਿਕਾਰ ਹੋਏ ਪਏ ਹਾਂ।

ਗੁਰੂ ਗ੍ਰੰਥ ਸਾਹਿਬ ਸ਼ਰਧਾ ਸਹਿਤ ਜਿਊਂਦੇ ਮਾਤਾ ਪਿਤਾ ਆਦਿ ਦੀ ਸੇਵਾ ਕਰਨ ਦੀ ਪ੍ਰੇਰਨਾ ਦੇਂਦੇ ਹਨ। ਜੇਕਰ ਕੋਈ ਪ੍ਰਾਣੀ ਜਿਊਂਦੇ ਮਾਂ ਪਿਓ ਦੀ ਤਾਂ ਬਾਤ ਹੀ ਨਾ ਪੁੱਛੇ, ਮਾਪੇ ਉਸ ਨਾਲ ਗੱਲ ਕਰਨ ਨੂੰ ਤਰਸਦੇ ਰਹਿਣ, ਪਰ ਇਸ ਕੋਲ ਉਨ੍ਹਾਂ ਪਾਸ ਬੈਠਣ ਦਾ ਸਮਾਂ ਹੀ ਨਾ ਹੋਵੇ; ਪ੍ਰੰਤੂ ਉਨ੍ਹਾਂ ਦੀ ਮੌਤ ਮਗਰੋਂ ਉਨ੍ਹਾਂ ਨਮਿੱਤ ਪਾਠ, ਲੰਗਰ, ਦਾਨ ਪੁੰਨ ਆਦਿ ਕਰੇ ਤਾਂ ਐਸੇ ਪ੍ਰਾਣੀਆਂ ਪ੍ਰਤੀ ਹੀ ਕਬੀਰ ਸਾਹਿਬ ਆਖਦੇ ਹਨ:

ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ॥
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ॥

(ਗਉੜੀ ਕਬੀਰ ਜੀ, ਪੰਨਾ 332)

ਅਰਥ : ਲੋਕ ਜਿਊਂਦੇ ਮਾਪਿਆਂ ਦਾ ਤਾਂ ਆਦਰ ਮਾਣ ਨਹੀਂ ਕਰਦੇ, ਪਰ ਮਰ ਗਏ ਪਿੱਤਰਾਂ ਨਮਿੱਤ ਭੋਜਨ ਖੁਆਉਂਦੇ ਹਨ। ਵਿਚਾਰੇ ਪਿੱਤਰ ਭਲਾ ਉਹ ਸ਼ਰਾਧਾਂ ਦਾ ਭੋਜਨ ਕਿਵੇਂ ਹਾਸਲ ਕਰਨ? ਉਸ ਨੂੰ ਤਾਂ ਕਾਂ-ਕੁੱਤੇ ਖਾ ਜਾਂਦੇ ਹਨ।

ਭਾਈ ਗੁਰਦਾਸ ਜੀ ਗੁਰਮਤਿ ਦੇ ਇਸ ਸਿਧਾਂਤ ਨੂੰ ਇਸ ਤਰ੍ਹਾਂ ਵਰਣਨ ਕਰਦੇ ਹਨ:

ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦੁ ਨ ਜਾਣੈ ਕਥਾ ਕਹਾਣੀ।
ਮਾਂ ਪਿਉ ਪਰਹਰਿ ਕਰੇ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ।
ਮਾਂ ਪਿਉ ਪਰਹਰਿ ਕਰੈ ਪੂਜ ਦੇਵੀ ਦੇਵ ਨ ਸੇਵ ਕਮਾਣੀ।
ਮਾਂ ਪਿਉ ਪਰਹਰਿ ਨਾਵਣਾ ਅਠਸਠਿ ਤੀਰਥ ਘੁੰਮਣ ਵਾਣੀ।

ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।
ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮ ਭੁਲਾਣੀ।
ਗੁਰੁ ਪਰਮੇਸਰੁ ਸਾਰੁ ਨ ਜਾਣੀ॥੧੩॥੩੭॥

ਅਰਥ: ਮਾਪਿਆਂ ਨੂੰ ਤਿਆਗ ਕੇ ਧਰਮ ਪੁਸਤਕ ਸੁਣੇ (ਉਹ ਭੇਦ) ਨਹੀਂ ਜਾਣੇਗਾ, ਕਥਾ ਸੁਣੇ (ਤਾਂ ਉਹ) ਕਹਾਣੀ ਹੀ ਹੈ। ਮਾਂ ਪਿਉ ਨੂੰ ਤਿਆਗ ਕੇ ਬਣਾਂ ਵਿਖੇ ਜਾ ਕੇ ਜੋ ਤਪ ਕਰਦਾ ਹੈ, ਉਹ ਬੀਆਬਾਨਾਂ ਵਿਖੇ ਭੁੱਲਾ ਫਿਰਦਾ ਹੈ, ਭਾਵ ਆਪਣੇ ਸਰੂਪ ਰੂਪੀ ਘਰ ਨੂੰ ਨਹੀਂ ਪਹੁੰਚਦਾ ਹੈ)। ਮਾਂ ਪਿਉ ਨੂੰ ਛੱਡ ਕੇ ਜੋ ਪੂਜਾ ਕਰਦਾ ਹੈ, ਉਸ ਦੀ ਸੇਵਾ ਕਮਾਈ ਨੂੰ ਦੇਵਤੇ ਨਹੀਂ ਮੰਨਦੇ ਹਨ। ਮਾਂ ਪਿਉ ਨੂੰ ਛੱਡ ਕੇ ਜੋ ਅਠਸਠ ਤੀਰਥਾਂ ਵਿਖੇ ਇਸ਼ਨਾਨ ਕਰਦਾ ਹੈ, ਉਹ ਘੁੰਮਨਵਾਣੀ ਵਿਖੇ ਪਿਆ ਗੋਤੇ ਖਾਂਦਾ ਹੈ। ਮਾਂ ਪਿਉ ਨੂੰ ਛੱਡ ਕੇ ਜੋ ਦਾਨ ਕਰਦਾ ਹੈ, ਉਹ (ਬੇਈਮਾਨ) ਅਧਰਮੀ ਅਤੇ ਅਗਿਆਨੀ ਪ੍ਰਾਣੀ ਹੈ। ਮਾਂ ਪਿਉ ਨੂੰ ਛੱਡ ਕੇ ਵਰਤ ਨੇਮ ਕਰਨਹਾਰਾ (ਚੌਰਾਸੀ ਲੱਖ ਜੂਨੀਆਂ) ਵਿਖੇ ਭਰਮ ਦਾ ਭੁੱਲਾ ਹੋਇਆ ਪਿਆ ਫਿਰਦਾ ਹੈ। ਗੁਰੂ ਅਤੇ ਪਰਮੇਸ਼ਰ ਦੀ ਸਾਰ ਉਸ ਨੇ ਨਹੀਂ ਜਾਣੀ।

[*ਨੋਟ:* ਦ੍ਰਿਸ਼ਟਾਂਤ ਦਾ ਹਮੇਸ਼ਾ ਇਕ ਅੰਗ ਹੀ ਲਈਦਾ ਹੈ, ਇਸ ਨਿਯਮ ਨੂੰ ਸਾਹਮਣੇ ਰੱਖ ਕੇ ਹੀ ਭਾਈ ਗੁਰਦਾਸ ਜੀ ਦੀ ਇਸ ਪਉੜੀ ਨੂੰ ਸਮਝਣਾ ਹੈ।]

ਸੋ, ਸੰਖੇਪ ਵਿਚ ਇਹੀ ਆਖਿਆ ਜਾ ਸਕਦਾ ਹੈ ਕਿ ਸਿੱਖੀ ਵਿਚ ਅਕਾਲ ਚਲਾਣਾ ਕਰ ਚੁੱਕੇ ਪਿੱਤਰਾਂ ਦੇ ਨਮਿੱਤ ਸ਼ਰਾਧ ਆਦਿ ਰਾਹੀਂ ਤ੍ਰਿਪਤ ਕਰਨ ਵਾਲੀ ਧਾਰਨਾ ਨੂੰ ਪ੍ਰਵਾਨ ਨਹੀਂ ਕੀਤਾ ਗਿਆ ਹੈ। ਇਸ ਲਈ ਸ਼ਰਾਧ ਦਾ ਗੁਰਮਤਿ ਵਿਚ ਕੋਈ ਮਹੱਤਵ ਨਹੀਂ ਹੈ। ਹਾਂ, ਜਿਊਂਦੇ ਬਜ਼ੁਰਗਾਂ ਦੀ ਹਰ ਤਰ੍ਹਾਂ ਨਾਲ ਸੇਵਾ-ਸੰਭਾਲ ਕਰਨ ਦੀ ਪੁਰਜ਼ੋਰ ਸ਼ਬਦਾਂ ਵਿਚ ਤਾਕੀਦ ਕੀਤੀ ਗਈ ਹੈ। ਸਾਨੂੰ 'ਗ਼ਰੀਬ ਦਾ ਮੂੰਹ ਗੁਰੂ ਕੀ ਗੋਲਕ' ਵਾਲੇ ਭਾਵ ਨੂੰ ਸਾਹਮਣੇ ਰੱਖਣ ਦੀ ਲੋੜ ਹੈ।

ਨਗਰ ਕੀਰਤਨ ਸਮੇਂ ਪੰਜ ਪਿਆਰਿਆਂ ਦੇ ਪੈਰੀਂ ਬੂਟ (ਜੋੜਾ/ਜੁੱਤੀ) ਪਾਉਣ ਸੰਬੰਧੀ

ਅਸੀਂ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਅਤੇ ਧਾਰਮਿਕ ਸਥਾਨਾਂ 'ਤੇ ਬਹੁਤ ਕੁਝ ਅਜਿਹਾ ਕਰਦੇ ਹਾਂ ਜਿਸ ਦਾ ਸਿੱਖੀ ਜੀਵਨ-ਜਾਚ ਨਾਲ ਕੋਈ ਸੰਬੰਧ ਨਹੀਂ ਹੈ। ਸਿੱਖ ਦੀ ਜੀਵਨ-ਜਾਚ ਦਾ ਮੁੱਖ ਆਧਾਰ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਹਨ। ਗੁਰੂ ਗ੍ਰੰਥ ਸਾਹਿਬ ਦੀ ਰੋਸ਼ਨੀ ਵਿਚ ਹੀ ਸਿੱਖ ਦੀ ਨਿਜੀ ਜ਼ਿੰਦਗੀ ਅਤੇ ਖ਼ਾਲਸਈ ਜਥੇਬੰਦਕ ਢਾਂਚੇ ਸੰਬੰਧੀ 'ਸਿੱਖ ਰਹਿਤ ਮਰਯਾਦਾ' ਵਿਚ ਵਰਣਨ ਕੀਤਾ ਗਿਆ ਹੈ। ਭਾਵੇਂ 'ਸਿੱਖ ਰਹਿਤ ਮਰਯਾਦਾ' ਵਿਚ ਵੀ ਗੁਰਬਾਣੀ ਦੀ ਰੋਸ਼ਨੀ ਵਿਚ ਕੁਝ ਸਿਧਾਂਤਕ ਤਬਦੀਲੀਆਂ ਦੀ ਜ਼ਰੂਰਤ ਹੈ, ਪਰ ਜਿੰਨਾ ਚਿਰ ਇਸ ਪਾਸੇ ਵੱਲ ਕੋਈ ਕਦਮ ਨਹੀਂ ਉਠਾਇਆ ਜਾਂਦਾ, ਪੰਥ ਵਿਚ ਇਕਸਾਰਤਾ ਵਾਲਾ ਭਾਵ ਬਣਾਈ ਰੱਖਣ ਲਈ, ਇਸ ਨੂੰ ਹੀ ਆਧਾਰ ਬਣਾ ਕੇ ਚੱਲਣ ਦੀ ਲੋੜ ਹੈ। ਕਈ ਸੱਜਣ 'ਸਿੱਖ ਰਹਿਤ ਮਰਯਾਦਾ' ਬਾਰੇ ਇਹ ਕਿੰਤੂ ਕਰਦੇ ਹਨ ਕਿ ਇਹ ਮਰਯਾਦਾ ਸਮੁੱਚੇ ਖ਼ਾਲਸਾ ਪੰਥ ਦੀ ਮਰਯਾਦਾ ਨਹੀਂ ਆਖੀ ਜਾ ਸਕਦੀ, ਕਿਉਂਕਿ ਇਹ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨ ਨਹੀਂ ਹੋਈ ਹੋਈ। ਜੇਕਰ ਅਜਿਹੇ ਵਿਅਕਤੀ ਧਿਆਨ ਨਾਲ ਇਸ ਨੂੰ ਪੜ੍ਹਨ ਦੀ ਖੇਚਲ ਕਰਨ ਤਾਂ ਉਨ੍ਹਾਂ ਨੂੰ ਆਪ ਹੀ ਇਸ ਗੱਲ ਦਾ ਉੱਤਰ ਮਿਲ ਜਾਵੇਗਾ ਕਿ ਇਹ ਪ੍ਰਵਾਣਿਤ ਹੈ ਕਿ ਨਹੀਂ। ਅਸੀਂ ਅਜਿਹਾ ਕਹਿਣ/ਪ੍ਰਚਾਰਨ ਵਾਲੇ ਸੱਜਣਾਂ ਤੋਂ ਅਤਿ ਨਿਮਰਤਾ ਸਹਿਤ ਇਹ ਪੁੱਛਣ ਦੀ ਗੁਸਤਾਖ਼ੀ ਕਰ ਰਹੇ ਹਾਂ ਕਿ ਜਿਸ ਮਰਯਾਦਾ ਨੂੰ ਉਹ ਮੰਨਦੇ ਹਨ, ਕੀ ਉਹ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਣਿਤ ਹੈ ? ਕੀ ਉਸ ਨੂੰ ਸਰਬ ਪ੍ਰਵਾਣਿਤ ਆਖਿਆ ਜਾ ਸਕਦਾ ਹੈ ? ਖ਼ੈਰ, ਚੂੰਕਿ ਅਸੀਂ ਆਮ ਤੌਰ 'ਤੇ ਆਪਣੀ ਨਿੱਜੀ ਜਾਂ ਕਿਸੇ ਵਿਸ਼ੇਸ਼ ਵਿਅਕਤੀ ਦੀ ਸੋਚ/ਧਾਰਨਾ ਨੂੰ ਮੁੱਖ ਰੱਖ ਕੇ ਹੀ ਚੱਲਣ ਲੱਗ ਪੈਂਦੇ ਹਾਂ, ਇਸ ਕਾਰਨ ਹੀ ਸਾਡੇ ਵਿਚ ਗੁਰਮਤਿ/ਮਰਯਾਦਾ ਆਦਿ ਦੇ ਨਾਮ 'ਤੇ ਬਹੁਤ ਕੁਝ ਅਜਿਹਾ ਪ੍ਰਚੱਲਤ ਹੋ ਗਿਆ ਹੋਇਆ ਹੈ ਜਾਂ ਪ੍ਰਚੱਲਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਨ੍ਹਾਂ ਦਾ ਗੁਰਮਤਿ ਦੇ ਸੁਨਹਿਰੀ ਸਿੱਧਾਂਤਾਂ ਨਾਲ ਕੋਈ ਸੰਬੰਧ ਨਹੀਂ ਹੈ। ਇਹ ਠੀਕ ਹੈ ਕਿ ਕਈ ਵਾਰ ਕੁਝ ਸੱਜਣ ਆਪਣੇ ਵੱਲੋਂ ਗੁਰੂ ਸਾਹਿਬ ਦੇ ਸਤਿਕਾਰ ਵਜੋਂ ਹੀ ਅਜਿਹਾ ਉਪਰਾਲਾ ਕਰਦੇ ਹਨ ਪ੍ਰੰਤੂ ਸਿੱਖ ਧਰਮ ਇਕ ਜਥੇਬੰਦਕ ਧਰਮ ਹੈ, ਇਸ ਲਈ ਸਾਨੂੰ ਗੁਰੂ ਸਾਹਿਬਾਨ ਦੇ ਸਤਿਕਾਰ ਆਦਿ ਦੇ ਉਹੀ

ਮਾਪਦੰਡ ਅਪਣਾਉਣ ਦੀ ਲੋੜ ਹੈ ਜਿਨ੍ਹਾਂ ਨੂੰ ਖ਼ਾਲਸਾ ਪੰਥ ਨੇ ਸਮੁੱਚੇ ਰੂਪ ਵਿਚ ਸਵੀਕਾਰ ਅਥਵਾ ਨਿਰਧਾਰਤ ਕੀਤਾ ਹੋਇਆ ਹੈ।

ਇਹ ਠੀਕ ਹੈ ਕਿ ਸਮੇਂ ਦੇ ਗੇੜ ਨਾਲ ਬਹੁਤ ਕੁਝ ਬਦਲ ਗਿਆ ਹੈ ਅਤੇ ਬਦਲ ਰਿਹਾ ਹੈ। ਕਿਸੇ ਵੀ ਅਜਿਹੇ ਕਰਮ ਨੂੰ, ਜਿਹੜਾ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦੇ ਵਿਪਰੀਤ ਨਾ ਹੋਵੇ, ਉਸ ਦਾ ਪ੍ਰਾਰੰਭ ਨਿੰਦਨੀਯ ਨਹੀਂ ਹੈ, ਪ੍ਰੰਤੂ ਜਿਹੜੀ ਕੋਈ ਰੀਤ ਆਦਿ ਗੁਰੂ ਆਸ਼ੇ ਦੇ ਉਲਟ ਹੈ, ਉਸ ਨੂੰ ਜ਼ਰੂਰ ਤਿਆਗਣ ਵਿਚ ਹੀ ਸਤਿਗੁਰੂ ਦੀ ਪ੍ਰਸੰਨਤਾ ਹੈ, ਖ਼ਾਲਸੇ ਦਾ ਨਿਆਰਾਪਣ ਹੈ।

ਜਿੱਥੋਂ ਤਕ ਨਗਰ ਕੀਰਤਨ ਸਮੇਂ ਪੰਜ ਪਿਆਰਿਆਂ ਦੇ ਬੂਟ (ਜੋੜਾ/ਜੁੱਤੀ) ਪਾਉਣ ਜਾਂ ਨਾ ਪਾਉਣ ਦੀ ਗੱਲ ਹੈ, ਇਸ ਦਾ ਕਿਸੇ ਵੀ ਰਹਿਤਨਾਮੇ ਵਿਚ ਜ਼ਿਕਰ ਨਹੀਂ ਕੀਤਾ ਗਿਆ ਹੈ। ਚੂੰਕਿ ਗੁਰੂ ਸਾਹਿਬਾਨ ਦੇ ਸਮੇਂ ਇਸ ਤਰ੍ਹਾਂ ਨਗਰ ਕੀਰਤਨ ਨਹੀਂ ਸਨ ਨਿਕਲਦੇ। ਇਹ ਰੀਤ ਕਾਫ਼ੀ ਬਾਅਦ ਵਿਚ ਪ੍ਰਚੱਲਤ ਹੋਈ ਹੈ। ਇਸ ਰੀਤ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ:

> ਖ਼ਾਸ ਉਤਸਵਾਂ ਤੇ ਨਗਰ ਵਿਚ ਫਿਰ ਕੇ ਵਾਜੇ ਨਾਲ ਕੀਰਤਨ ਉਪਦੇਸ਼ ਆਦਿ ਕਰਨ ਦੀ ਰੀਤਿ ਪੈ ਗਈ ਹੈ, ਜੋ ਧਰਮ ਪ੍ਰਚਾਰ ਲਈ ਬੁਰੀ ਨਹੀਂ, ਪਰ ਕਦੇ ਕਦੇ ਨਾਦਾਨ ਜੋਸ਼ੀਲੇ ਲੋਕਾਂ ਦੀ ਕ੍ਰਿਪਾ ਨਾਲ ਉਪਦ੍ਰਵ ਮਚ ਜਾਂਦੇ ਹਨ।
>
> *(ਗੁਰਮਤ ਮਾਰਤੰਡ)*

'ਸਿੱਖ ਰਹਿਤ ਮਰਯਾਦਾ' ਵਿਚ ਇਹ ਤਾਂ ਲਿਖਿਆ ਹੋਇਆ ਹੈ ਕਿ :

> ਜਿਸ ਨੇ ਸਿਰ 'ਤੇ ਗੁਰੂ ਗ੍ਰੰਥ ਸਾਹਿਬ ਜੀ ਚੁੱਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜੇ ਪਾਣ ਦੀ ਅਤੀ ਲੋੜ ਪੈ ਜਾਵੇ, ਤਾਂ ਭਰਮ ਨਹੀਂ ਕਰਨਾ।

ਪਰ ਨਗਰ ਕੀਰਤਨ ਸਮੇਂ ਪੰਜ ਪਿਆਰਿਆਂ ਦੇ ਨੰਗੇ ਪੈਰੀਂ ਚੱਲਣ ਦਾ ਵਰਣਨ ਨਹੀਂ ਕੀਤਾ ਗਿਆ ਹੈ। ਹੈਰਾਨਗੀ ਦੀ ਗੱਲ ਇਹ ਹੈ ਕਿ ਭਾਰਤ ਵਿਚ ਨਗਰ ਕੀਰਤਨ ਸਮੇਂ ਕਦੀ ਵੀ ਕਿਸੇ ਨੇ ਇਹ ਪ੍ਰਸ਼ਨ ਨਹੀਂ ਉਠਾਇਆ, ਪ੍ਰੰਤੂ ਵਿਦੇਸ਼ਾਂ ਵਿਚ ਅਕਸਰ ਹੀ ਇਹ ਸਵਾਲ ਉਠਾਇਆ ਹੀ ਨਹੀਂ ਜਾਂਦਾ ਬਲਕਿ ਕਈ ਥਾਈਂ ਪੰਜ ਪਿਆਰਿਆਂ ਨੂੰ ਨੰਗੇ ਪੈਰੀਂ ਹੀ ਚੱਲਣ ਦੀ ਕਥਿਤ ਮਰਯਾਦਾ ਦਾ ਪਾਲਣ ਕਰਨ ਲਈ ਆਖਿਆ ਜਾਂਦਾ ਹੈ। ਪੰਜ ਪਿਆਰਿਆਂ ਵਿੱਚੋਂ ਕਿਸੇ ਨੇ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨਹੀਂ ਉਠਾਈ ਹੁੰਦੀ ਹੈ।

[*ਨੋਟ:* ਜੇਕਰ ਸਵਾਰੀ ਉਠਾਈ ਵੀ ਹੋਵੇ ਤਾਂ ਵੀ ਅਜਿਹੀ ਸਥਿਤੀ ਵਿਚ ਜੁੱਤੀ/ਜੋੜਾ ਪਾਉਣ ਵਿਚ ਕਿਸੇ ਤਰ੍ਹਾਂ ਦੀ ਕੋਈ ਬੇਅਦਬੀ ਵਾਲਾ ਭਾਵ ਨਹੀਂ ਆਖਿਆ ਜਾ ਸਕਦਾ।]

ਪੰਜ ਪਿਆਰੇ ਤਾਂ ਉਸ ਗੱਡੀ ਦੇ ਅੱਗੇ ਅੱਗੇ ਪੈਦਲ ਹੀ ਚੱਲ ਰਹੇ ਹੁੰਦੇ ਹਨ ਅਤੇ ਕਈ ਥਾਈਂ ਗੱਡੀ 'ਤੇ ਸਵਾਰ ਹੁੰਦੇ ਹਨ, ਜਿਸ 'ਤੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਸੁਸ਼ੋਭਿਤ ਹੁੰਦਾ ਹੈ। ਪੰਜ ਪਿਆਰਿਆਂ ਦੇ ਨੰਗੀਂ ਪੈਰੀਂ ਚੱਲਣ ਦੀ ਹਦਾਇਤ ਨਾ ਤਾਂ ਰਹਿਤਨਾਮਿਆਂ ਵਿਚ, ਨਾ ਹੀ ਕਿਸੇ ਇਤਿਹਾਸ ਦੀ ਪੁਸਤਕ ਵਿਚ ਅਤੇ ਨਾ ਹੀ 'ਸਿੱਖ ਰਹਿਤ ਮਰਯਾਦਾ' ਵਿਚ ਕੀਤੀ ਹੋਈ ਹੈ। ਪਰ ਫਿਰ ਵੀ ਕੁਝ ਸੱਜਣਾਂ

ਵੱਲੋਂ ਇਸ ਨੂੰ ਮਰਯਾਦਾ ਦਾ ਅੰਗ ਮੰਨ ਲਿਆ ਗਿਆ ਹੋਇਆ ਹੈ। ਪੰਜ ਪਿਆਰਿਆਂ ਦੇ ਨੰਗੇਂ ਪੈਰੀਂ ਚੱਲਣ ਦੀ ਕੋਈ ਮਰਯਾਦਾ ਨਹੀਂ ਹੈ। ਜੇਕਰ ਕਿਸੇ ਡੇਰੇ ਜਾਂ ਜਥੇਬੰਦੀ ਦੀ ਅਜਿਹੀ ਧਾਰਨਾ ਹੈ ਤਾਂ ਇਸ ਨੂੰ ਸਮੁੱਚੇ ਖ਼ਾਲਸਾ ਪੰਥ ਦੀ ਧਾਰਨਾ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਜ਼ਿੰਮੇਵਾਰ ਸੱਜਣਾਂ ਨੂੰ ਪੰਥਕ ਸੋਚ ਉੱਤੇ ਪਹਿਰਾ ਦੇਣਾ ਚਾਹੀਦਾ ਹੈ ਨਾ ਕਿ ਕਰਮ-ਕਾਂਡੀ ਨੁਮਾ, ਗੁਰਮਤਿ ਦਾ ਮੂੰਹ ਚਿੜ੍ਹਾਉਣ ਵਾਲੀ ਕਿਸੇ ਦੀ ਪ੍ਰਚਾਰੀ ਹੋਈ ਗੱਲ ਉੱਤੇ। ਜੇਕਰ ਜ਼ਿੰਮੇਵਾਰ ਵਿਅਕਤੀਆਂ ਵੱਲੋਂ ਦ੍ਰਿੜ੍ਹਤਾ ਨਾਲ ਗੁਰਮਤਿ ਦੇ ਸੁਨਹਿਰੀ ਸਿਧਾਂਤਾਂ ਉੱਤੇ ਪਹਿਰਾ ਦਿੱਤਾ ਜਾਵੇ ਤਾਂ ਹੀ ਪੰਥ ਦਾ ਨਿਆਰਾਪਣ ਕਾਇਮ ਰਹਿ ਸਕਦਾ ਹੈ ਅਤੇ ਗੁਰਮਤਿ ਵਿਰੋਧੀ ਕਰਮ-ਕਾਂਡ ਨੂੰ ਪ੍ਰਚਾਰਨ ਵਾਲੀਆਂ ਤਾਕਤਾਂ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਗੁਰਮਤਿ ਵਿਚ ਨੰਗੇ ਪੈਰੀਂ ਧਾਰਮਿਕ ਸਥਾਨਾਂ 'ਤੇ ਜਾਣ ਦੀ ਕੋਈ ਮਹੱਤਤਾ ਨਹੀਂ ਦਰਸਾਈ ਗਈ ਹੈ। ਨੰਗੇ ਪੈਰੀਂ ਹੀ ਨਹੀਂ ਬਲਕਿ ਕਿਸੇ ਵੀ ਅਜਿਹੇ ਢੰਗ ਨਾਲ, ਜਿਸ ਨਾਲ ਸਾਨੂੰ ਸਰੀਰਕ ਕਸ਼ਟ ਆਦਿ ਸਹਿਣਾ/ਭੋਗਣਾ ਪਵੇ, ਉਸ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਸਿੱਖੀ ਵਿਚ ਸ਼ਰਧਾ/ਭਾਵਨਾ ਦਾ ਯਥਾਰਥ ਰੂਪ ਗਿਆਨ ਨੂੰ ਹੀ ਮੰਨਿਆ ਗਿਆ ਹੈ, ਕਿਸੇ ਅਜਿਹੇ ਕਰਮ ਨੂੰ ਨਹੀਂ।

ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ:

> ਕਿਤਨੇ ਪ੍ਰੇਮੀ ਸਿਖ, ਗੁਰੂ ਗ੍ਰੰਥ ਜੀ ਨੂੰ ਸਿਰ 'ਤੇ ਰੱਖ ਕੇ ਸਫ਼ਰ ਕਰਦੇ ਹੋਏ ਅਥਵਾ ਗੁਰੂ ਸਾਹਿਬ ਦੀ ਪਾਲਕੀ ਉਠਾਉਂਦੇ ਹੋਏ ਜੁੱਤੀ ਉਤਾਰ ਕੇ ਨੰਗੇ ਪੈਰੀਂ ਜਾਂਦੇ ਹਨ, ਅਰ ਚੌਰ ਕਰਨ ਵਾਲਾ ਅਤੇ ਕੀਰਤਨੀਏ ਸਿਖ ਜੁੱਤੀ ਉਤਾਰ ਦੇਂਦੇ ਹਨ, ਪਰ ਇਹ ਅਵਿਦਯਾ ਅਤੇ ਭ੍ਰਮ ਮੂਲਕ ਕਰਮ ਹੈ, ਰਸਤੇ ਵਿਚ ਜੁੱਤੀ ਉਤਾਰ ਕੇ ਜਾਣਾ ਯੋਗਯ ਨਹੀਂ, ਜੇ ਜੁੱਤੀ ਦੀ ਭਿੱਟ ਅਪਵਿਤ੍ਰਤਾ ਦਾ ਕਾਰਨ ਹੋ ਸਕਦੀ ਹੈ, ਤਦ ਰਸਤੇ ਵਿਚ ਪਿਆ ਖੰਘਾਰ, ਕੁੱਤੇ ਆਦਿ ਜੀਵਾਂ ਦਾ ਮਲ ਮੂਤ੍ਰ ਪੈਰਾਂ ਨੂੰ ਕਿਤਨਾ ਵਧ ਕੇ ਅਪਵਿਤ੍ਰ ਕਰ ਸਕਦਾ ਹੈ? ਕੰਕਰ, ਕੰਡਾ ਆਦਿ ਪੈਰਾਂ ਨੂੰ ਦੁੱਖ ਦਾ ਕਾਰਨ ਹੋਂਦੇ ਹਨ। ਸ੍ਰੀ ਗੁਰੂ ਸਾਹਿਬਾਨ ਦੀ ਅਰਦਲ ਵਿਚ ਜੋ ਸਿਖ ਸੇਵਕ ਚਲਦੇ ਸਨ, ਉਹ ਨਗਨ ਚਰਨ ਨਹੀਂ ਹੋਇਆ ਕਰਦੇ ਸਨ, ਗੁਰਸਿਖਾਂ ਨੂੰ ਗੁਰੂ ਨਾਨਕ ਦੇਵ ਦਾ ਵਾਕ: 'ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥' ਅਤੇ ਦਸਮੇਸ਼ ਦਾ ਵਾਕ: 'ਬੰਦਰਾਂ ਸਦੀਵ ਪਾਯ ਨਾਂਗੇ ਈ ਫਿਰਤ ਹੈ॥' ਸਦਾ ਮਨ ਵਿਚ ਵਸਾ ਕੇ ਪਾਖੰਡ ਕਰਮਾਂ ਤੋਂ ਬਚਣਾ ਚਾਹੀਏ।
>
> *(ਗੁਰਮਤ ਮਾਰਤੰਡ, ਪੰਨਾ 382)*

ਜਿਹੜੇ ਸੱਜਣ ਨੰਗੇ ਪੈਰੀਂ ਚੱਲਣ ਦਾ ਪ੍ਰਚਾਰ ਕਰਦੇ ਹਨ ਇਹ ਤਾਂ ਉਹ ਹੀ ਦੱਸ ਸਕਦੇ ਹਨ ਕਿ ਉਹ ਕੀ ਸੋਚ ਕੇ ਅਜਿਹਾ ਪ੍ਰਚਾਰਦੇ ਹਨ। ਕੀ ਉਨ੍ਹਾਂ ਦੀ ਸੋਚ/ਵਿਚਾਰ ਗੁਰੂ ਗ੍ਰੰਥ ਅਤੇ ਪੰਥ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ? ਨਹੀਂ, ਹਰਗਿਜ਼ ਨਹੀਂ।

ਅਸੀਂ ਗੁਰਦੁਆਰੇ ਅੰਦਰ ਜੋੜਾ/ਜੁੱਤੀ ਇਸ ਲਈ ਉਤਾਰ ਕੇ ਜਾਂਦੇ ਹਾਂ ਕਿਉਂਕਿ ਪੈਰਾਂ ਵਿਚ ਪਾਈ ਹੋਣ ਕਾਰਨ ਮਿੱਟੀ ਘੱਟੇ ਆਦਿ ਨਾਲ ਲਿਬੜੀ ਹੋਈ

ਹੁੰਦੀ ਹੈ, ਪਰ ਨਗਰ ਕੀਰਤਨ ਸਮੇਂ ਅਜਿਹਾ ਨਹੀਂ ਹੁੰਦਾ। ਅਸੀਂ ਗਲੀ, ਸੜਕ ਆਦਿ 'ਤੇ ਚੱਲ ਰਹੇ ਹੁੰਦੇ ਹਾਂ; ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਪਾਲਕੀ, ਗੱਡੀ ਆਦਿ ਵਿਚ ਸੁਸ਼ੋਭਿਤ ਹੁੰਦੀ ਹੈ। ਪੰਜ ਪਿਆਰੇ ਪੈਦਲ ਜਾਂ ਦੂਜੀ ਗੱਡੀ 'ਤੇ ਸਵਾਰ ਹੁੰਦੇ ਹਨ। ਬਾਕੀ ਸੰਗਤਾਂ ਸਤਿਗੁਰੂ ਦੀ ਸਵਾਰੀ ਦੇ ਪਿੱਛੇ ਤੁਰੀਆਂ ਜਾ ਰਹੀਆਂ ਹੁੰਦੀਆਂ ਹਨ। ਨਗਰ ਕੀਰਤਨ ਗੁਰੂ ਗ੍ਰੰਥ ਸਾਹਿਬ ਦੀ ਛਤਰ-ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਿਕਲ ਰਹੇ ਹੁੰਦੇ ਹਨ। ਅਜੇ ਸ਼ੁਕਰ ਹੈ ਅਜਿਹੇ ਸੱਜਣਾਂ ਦਾ ਕਿ ਉਨ੍ਹਾਂ ਨੇ ਆਮ ਸੰਗਤਾਂ ਨੂੰ ਇਸ ਤੋਂ ਛੋਟ ਦਿੱਤੀ ਹੋਈ ਹੈ, ਨਹੀਂ ਤਾਂ ਸੰਗਤਾਂ ਨੂੰ ਵੀ ਜੁੱਤੀ ਉਤਾਰ ਕੇ ਹੀ ਨਗਰ ਕੀਰਤਨ ਵਿਚ ਸ਼ਾਮਲ ਹੋਣਾ ਪੈਂਦਾ। ਗੁਰਮਤਿ ਗਿਆਨ ਦੇ ਪੁਜਾਰੀਆਂ ਨੂੰ ਸਰਦੀਆਂ/ਗਰਮੀਆਂ ਵਿਚ ਇਸ ਤਰ੍ਹਾਂ ਨੰਗੇ ਪੈਰੀਂ ਯਾਤਰਾ ਕਰਦੇ ਹੋਏ ਦੇਖ ਕੇ ਅਨਮਤਾਂ ਵਾਲੇ ਜ਼ਰੂਰ ਮੁਸਕਰਾਉਂਦੇ ਹੋਏ ਇਕ ਦੂਜੇ ਨੂੰ ਪੁੱਛਦੇ ਹੋਣਗੇ ਕਿ ਕੀ ਇਹ ਉਹ ਖ਼ਾਲਸੇ ਹਨ ਜਿਹੜੇ ਇਹ ਦਾਅਵਾ ਕਰਦੇ ਹਨ ਕਿ ਸਾਡੇ ਧਰਮ ਵਿਚ ਕਰਮ-ਕਾਂਡ ਦੀ ਕੋਈ ਥਾਂ ਨਹੀਂ ਹੈ, ਕੇਵਲ ਗਿਆਨ ਨੂੰ ਹੀ ਪ੍ਰਧਾਨਤਾ ਹੈ।

ਸਾਨੂੰ ਇਹ ਚੇਤਾ ਰੱਖਣਾ ਚਾਹੀਦਾ ਹੈ ਕਿ ਸਿੱਖੀ ਵਿਚ ਨੰਗੇ ਪੈਰੀਂ ਚੱਲਣ ਦੀ ਕੋਈ ਮਹੱਤਤਾ/ਵਿਸ਼ੇਸ਼ਤਾ ਨਹੀਂ ਸਮਝੀ ਗਈ। ਗੁਰੂ ਨਾਨਕ ਸਾਹਿਬ ਦੇ ਇਹ ਪਾਵਨ ਬਚਨਾਂ ਨੂੰ ਸ਼ਾਇਦ ਨਾ ਵਿਚਾਰਨ ਕਾਰਨ ਹੀ ਅਸੀਂ ਇਸ ਤਰ੍ਹਾਂ ਦੀ ਸੋਚ ਨੂੰ ਅਪਣਾਇਆ ਹੋਇਆ ਹੈ। ਹਜ਼ੂਰ ਦਾ ਫ਼ੁਰਮਾਨ ਹੈ:

ਪਗ ਉਪੇਤਾਣਾ॥ ਅਪਣਾ ਕੀਆ ਕਮਾਣਾ॥ *(ਵਾਰ ਆਸਾ ਮ: ੧, ਪੰਨਾ 467)*

ਅਰਥ : (ਕੋਈ) ਪੈਰਾਂ ਤੋਂ ਨੰਗਾ ਫਿਰਦਾ ਹੈ ਅਤੇ ਆਪਣੀ ਇਸ ਕੀਤੀ ਹੋਈ ਭੁੱਲ ਦਾ ਦੁੱਖ ਸਹਿ ਰਿਹਾ ਹੈ।

ਗਰਮੀਆਂ ਵਿਚ ਨੰਗੇ ਪੈਰੀਂ ਚੱਲਣ ਨਾਲ ਪੈਰਾਂ ਦਾ ਤਪਣਾ ਅਤੇ ਸਰਦੀਆਂ ਵਿਚ ਠਰਨਾ, ਪੈਰਾਂ ਵਿਚ ਕੰਡੇ ਆਦਿ ਦਾ ਚੁੱਭਣਾ, ਇਹ ਦੁੱਖ ਮਨੁੱਖ ਦੀ ਆਪਣੀ ਹੀ ਅਗਿਆਨਤਾ ਦਾ ਸਿੱਟਾ ਹਨ। ਆਪਣੀ ਹੀ ਅਗਿਆਨਤਾ ਕਾਰਨ ਉਠਾਏ ਹੋਏ ਦੁੱਖ ਹਨ; ਕੋਈ ਹੋਰ ਇਨ੍ਹਾਂ ਦੁੱਖਾਂ ਦਾ ਕਾਰਨ ਨਹੀਂ ਹੈ। (ਜਾਂ ਉਨ੍ਹਾਂ ਨੂੰ ਅਜਿਹੇ ਕਸ਼ਟ ਦਾ ਜ਼ਿੰਮੇਵਾਰ ਆਖਿਆ ਜਾ ਸਕਦਾ ਹੈ, ਜਿਹੜੇ ਆਪਣੀ ਮਤ ਕਾਰਨ ਨੰਗੇ ਪੈਰੀਂ ਚੱਲਣ ਨੂੰ ਸਤਿਕਾਰ ਆਦਿ ਦਾ ਨਾਮ ਦੇ ਕੇ ਅਜਿਹਾ ਕਰਨ ਲਈ ਪ੍ਰੇਰਦੇ ਹਨ।) ਵੈਨਕੂਵਰ ਵਿਚ 1979 ਈ: ਨੂੰ (ਸ਼ਾਇਦ ਪਹਿਲੀ ਵਾਰ) ਨਗਰ ਕੀਰਤਨ ਨਿਕਲਿਆ ਤਾਂ ਪੰਜ ਪਿਆਰਿਆਂ ਦੇ ਰਬੜ ਦੇ ਫ਼ਲੀਟ (ਕਪੜੇ ਦੇ ਬੂਟ) ਪਾਏ ਹੋਏ ਦੇਖ ਕੇ ਇਕ ਸ਼ਰਧਾਲੂ ਦੇ ਇਤਰਾਜ਼ ਕਰਨ 'ਤੇ ਪੰਜ ਪਿਆਰਿਆਂ ਨੂੰ ਨੰਗੇ ਪੈਰੀਂ ਹੀ ਚੱਲਣਾ ਪਿਆ। ਸਰਦੀਆਂ ਦੀ ਰੁੱਤ ਹੋਣ ਕਾਰਨ ਪੰਜ ਕੁ ਮੀਲ ਦਾ ਪੈਂਡਾ ਨੰਗੇ ਪੈਰੀਂ ਚੱਲਣ ਕਾਰਨ ਇਕ ਸਿੰਘ ਨੂੰ ਸਾਈਨਿਸ ਇਨਫ਼ੈਕਸ਼ਨ ਹੋ ਗਈ ਸੀ। ਗੁਰੂ ਨਾਨਕ ਸਾਹਿਬ ਇਹੋ ਜਿਹੀਆਂ ਮੁਸ਼ਕਲਾਂ/ਕਠਿਨਾਈਆਂ ਆਦਿ ਦਾ ਹੀ ਜ਼ਿਕਰ ਕਰ ਰਹੇ ਹਨ। ਮਨ ਹੱਠ ਜਾਂ ਕਿਸੇ ਹੋਰ ਅਜਿਹੇ ਕਾਰਨ ਕਰਕੇ ਜੇਕਰ ਅਸੀਂ ਨੰਗੇ ਪੈਰੀਂ ਚੱਲਦੇ ਹਾਂ ਤਾਂ ਪੈਰਾਂ ਵਿਚ ਕੰਡਾ, ਕੰਕਰ ਆਦਿ ਚੁੱਭਣ ਕਾਰਨ ਜੋ ਕਸ਼ਟ ਉਠਾਉਣਾ ਪੈ ਰਿਹਾ ਹੈ, ਉਸ ਦੇ ਅਸੀਂ ਆਪ ਹੀ ਜ਼ਿੰਮੇਵਾਰ ਹਾਂ, ਕੋਈ ਹੋਰ ਨਹੀਂ। ਇਸ ਤਰ੍ਹਾਂ ਦੇ ਕਸ਼ਟ ਆਦਿ

ਸਹਿਣ ਨਾਲ ਨਾ ਤਾਂ ਕੋਈ ਆਤਮਿਕ ਲਾਭ ਹੀ ਹੁੰਦਾ ਹੈ ਅਤੇ ਨਾ ਹੀ ਇਸ ਤਰ੍ਹਾਂ ਸਤਿਗੁਰੂ ਦੀ ਖ਼ੁਸ਼ੀ ਦਾ ਪਾਤਰ ਬਣ ਸਕੀਦਾ ਹੈ। ਇਸ ਲਈ ਗਰਮੀਆਂ ਜਾਂ ਸਰਦੀਆਂ ਵਿਚ ਨੰਗੇ ਪੈਰੀਂ ਚੱਲ ਕੇ ਅਸੀਂ ਗੁਰਮਤਿ ਦੇ ਕਿਸੇ ਸਿਧਾਂਤ ਦੀ ਨਾ ਤਾਂ ਪੂਰਤੀ ਕਰ ਰਹੇ ਹੁੰਦੇ ਹਾਂ ਅਤੇ ਨਾ ਹੀ ਸਤਿਗੁਰੂ ਦਾ ਸਤਿਕਾਰ। ਹਾਂ, ਆਪਣੀ ਮੱਤ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਮਨਮਤ ਆਖਿਆ ਹੈ, ਦਾ ਜ਼ਰੂਰ ਪ੍ਰਗਟਾਵਾ ਕਰ ਰਹੇ ਹੁੰਦੇ ਹਾਂ।

ਜਦ ਅਸੀਂ ਨੰਗੇ ਪੈਰੀਂ ਚੱਲਣ ਨੂੰ ਧਾਰਮਿਕ ਕਰਮ ਸਮਝ ਕੇ ਇਸ ਦੀ ਵਕਾਲਤ ਕਰਦੇ ਹਾਂ ਤਾਂ ਇਸ ਦਾ ਭਾਵ ਇਹ ਹੀ ਹੋਵੇਗਾ ਕਿ ਅਸੀਂ ਸਤਿਗੁਰੂ ਜੀ ਦੇ ਪ੍ਰਗਟ ਕੀਤੇ ਮਤਿ ਨਾਲ ਸਹਿਮਤ ਨਹੀਂ ਹਾਂ। ਸਤਿਗੁਰੂ ਤੋਂ ਬੇਮੁੱਖ ਨੂੰ ਮਨਮੁਖ ਕਹਿੰਦੇ ਹਨ ਪ੍ਰੰਤੂ ਜਿਹੜਾ ਪ੍ਰਾਣੀ ਇਕ ਪਾਸੇ ਤਾਂ ਗੁਰੂ ਦੀ ਸਿੱਖਿਆ ਅੱਗੇ ਆਪਣਾ ਸ਼ਰਧਾ ਨਾਲ ਸਿਰ ਝੁਕਾਉਂਦਾ ਹੈ, ਦੂਜੇ ਪਾਸੇ ਉਸੇ ਗੁਰੂ ਦੀ ਸਿੱਖਿਆ ਨਾਲੋਂ ਵੱਖਰਾ ਮੱਤ ਰੱਖਦਾ ਹੈ ਤਾਂ ਉਸ ਬਾਰੇ ਕੀ ਆਖਿਆ ਜਾਵੇ ? ਗੁਰੂ ਸਾਹਿਬ ਦੇ ਮੁਖਾਰਬਿੰਦ ਵਿੱਚੋਂ ਹੀ ਸੁਣਦੇ ਹਾਂ :

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ॥
ਨਾਨਕ ਦੋਵੈ ਕੂੜੀਆ ਥਾਇ ਨ ਕਾਈ ਪਾਇ॥

(ਵਾਰ ਆਸਾ, ਮਹਲਾ ੨, ਪੰਨਾ 474)

ਅਰਥ : (ਜੋ ਮਨੁੱਖ ਆਪਣੇ ਮਾਲਕ ਪ੍ਰਭੂ ਦੇ ਹੁਕਮ ਅੱਗੇ ਕਦੇ ਤਾਂ) ਸਿਰ ਨਿਵਾਂਦਾ ਹੈ, ਅਤੇ ਕਦੇ (ਉਸ ਦੇ ਕੀਤੇ ਉੱਤੇ) ਇਤਰਾਜ਼ ਕਰਦਾ ਹੈ, ਉਹ (ਮਾਲਕ ਦੀ ਰਜ਼ਾ ਦੇ ਰਾਹ ਉੱਤੇ ਤੁਰਨ ਤੋਂ) ਉੱਕਾ ਹੀ ਖੁੰਝਿਆ ਜਾ ਰਿਹਾ ਹੈ। ਹੇ ਨਾਨਕ! ਸਿਰ ਨਿਵਾਣਾ ਅਤੇ ਇਤਰਾਜ਼ ਕਰਨਾ—ਦੋਵੇਂ ਹੀ ਝੂਠੇ ਹਨ, ਇਨ੍ਹਾਂ ਦੋਹਾਂ ਵਿੱਚੋਂ ਕੋਈ ਗੱਲ ਭੀ (ਮਾਲਕ ਦੇ ਦਰ 'ਤੇ) ਕਬੂਲ ਨਹੀਂ ਹੁੰਦੀ।

ਸੋ, ਨਗਰ ਕੀਰਤਨ ਸਮੇਂ ਪੰਜ ਪਿਆਰਿਆਂ ਨੂੰ ਜੋੜਾ/ਜੁੱਤੀ ਪਾਉਣ ਦੀ ਕਿਸੇ ਤਰ੍ਹਾਂ ਦੀ ਵੀ ਖ਼ਾਲਸਾ ਪੰਥ ਵਿਚ ਮਨਾਹੀ ਦੀ ਪਰੰਪਰਾ ਨਹੀਂ ਹੈ। ਇਸ ਸਮੇਂ ਪੰਜ ਪਿਆਰਿਆਂ ਨੂੰ ਜੋੜਾ/ਜੁੱਤੀ ਪਾ ਕੇ ਹੀ ਚੱਲਣਾ ਚਾਹੀਦਾ ਹੈ ਤਾਂ ਕਿ ਪੈਰਾਂ ਵਿਚ ਕੋਈ ਕੰਕਰ ਆਦਿ ਨਾ ਚੁੱਭੇ। ਇਹ ਜੋੜਾ/ਜੁੱਤੀ ਜ਼ਰੂਰੀ ਨਹੀਂ ਕਿ ਰਬੜ ਜਾਂ ਕਪੜੇ ਦੇ ਹੋਣ, ਚਮੜੇ ਦੇ ਵੀ ਹੋ ਸਕਦੇ ਹਨ। ਹਾਂ, ਜੇਕਰ ਕੋਈ ਪ੍ਰਾਣੀ ਆਪਣੇ ਤੌਰ 'ਤੇ ਜੋੜਾ/ਜੁੱਤੀ ਨਹੀਂ ਪਾਉਣਾ ਚਾਹੁੰਦਾ, ਤਾਂ ਇਹ ਉਸ ਵਿਅਕਤੀ ਦੀ ਆਪਣੀ ਮਰਜ਼ੀ ਹੈ; ਪ੍ਰੰਤੂ ਜੇਕਰ ਉਹ ਸੱਜਣ ਇਹ ਆਖੇ/ਆਖਣ ਕਿ ਜੋੜਾ/ਜੁੱਤੀ ਪਾਉਣੇ ਅਯੋਗ ਹਨ ਜਾਂ ਸਤਿਗੁਰੂ ਦੀ ਬੇਅਦਬੀ ਹੈ, ਤਾਂ ਇਹ ਉਸ ਸੱਜਣ/ਸੱਜਣਾਂ ਦੀ ਆਪਣੀ ਨਿੱਜੀ ਸੋਚ ਹੈ, ਜਿਸ ਨੂੰ ਗੁਰਮਤਿ ਸਮਝ ਕੇ ਨਹੀਂ ਅਪਣਾਇਆ ਜਾ ਸਕਦਾ। ਜ਼ਿੰਮੇਵਾਰ ਸੱਜਣਾਂ ਨੂੰ ਚਾਹੀਦਾ ਹੈ ਕਿ ਜੇਕਰ ਕੋਈ ਵਿਅਕਤੀ ਆਪਣੀ ਮਤ ਅਨੁਸਾਰ ਕਿਸੇ ਗੱਲ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਜਾਂ ਮਰਯਾਦਾ ਆਦਿ ਦਾ ਨਾਮ ਦੇਂਦਾ ਹੈ ਤਾਂ ਉਸ ਨੂੰ ਕਿਸੇ ਤਰ੍ਹਾਂ ਦੀ ਅਹਿਮੀਅਤ ਦੇਣ ਦੀ ਲੋੜ ਨਹੀਂ ਹੈ। ਬੇਲੋੜੀਆਂ ਅਤੇ ਹਾਸੋ-ਹੀਣੀਆਂ ਗੱਲਾਂ ਨੂੰ ਰਹਿਤ ਦਾ ਅੰਗ ਬਣਾਉਣ ਤੋਂ ਸੰਕੋਚ ਕਰਨ ਦੀ ਲੋੜ ਹੈ।

ਸੁੱਖਣਾ ਅਤੇ ਗੁਰਮਤਿ

ਸੁੱਖਣਾ ਦਾ ਗੁਰਮਤਿ ਵਿਚ ਸੰਕਲਪ ਦੇਖਣ/ਸਮਝਣ ਤੋਂ ਪਹਿਲਾਂ ਸੁੱਖਣਾ ਤੋਂ ਕੀ ਭਾਵ ਹੈ, ਇਸ ਦੀ ਸੰਖੇਪ ਜਿਹੀ ਚਰਚਾ ਕਰਨੀ ਕੁਥਾਵੀਂ ਨਹੀਂ ਹੋਵੇਗੀ।

"ਸੁਖ ਦੀ ਪ੍ਰਾਪਤੀ ਅਤੇ ਕਸ਼ਟ ਦੂਰ ਕਰਨ ਲਈ ਕਿਸੇ ਦੇਵੀ ਦੇਵਤਾ ਤੋਂ ਵਰ ਲੈਣ ਵਾਸਤੇ ਕਿਸੇ ਭੇਟਾ ਦੇਣ ਦੀ ਪ੍ਰਤਿਗਿਆ ਕਰਨੀ, 'ਸੁੱਖਣਾ' ਅਥਵਾ 'ਮੰਨਤ' ਅਖਵਾਉਂਦੀ ਹੈ।"

ਇਸ ਤਰ੍ਹਾਂ ਸੁੱਖ ਮਨਾਉਣ (ਮੰਨਤ/ਮਨੌਤ ਕਰਨਾ/ਮੰਨਣਾ ਅਥਵਾ ਸੁੱਖਣਾ ਸੁੱਖਣ) ਵਾਲਾ ਮਨੁੱਖ ਆਪਣੇ ਇਸ਼ਟ ਨਾਲ ਇਕ ਤਰ੍ਹਾਂ ਨਾਲ ਸੌਦੇਬਾਜ਼ੀ ਕਰਦਾ ਹੋਇਆ ਆਖਦਾ ਹੈ ਕਿ ਜੇਕਰ ਤੁਸੀਂ ਮੇਰੀ ਇੱਛਾ ਨੂੰ ਪੂਰੀ ਕਰ ਦਿਓਗੇ ਤਾਂ ਮੈਂ ਅਮਕੀ ਵਸਤੂ ਭੇਟ ਕਰਾਂਗਾ, ਅਖੰਡ ਪਾਠ ਕਰਾਵਾਂਗਾ, ਗੁਰਦੁਆਰੇ ਦੇਗ ਕਰਾਵਾਂਗਾ, ਦਾਨ ਪੁੰਨ ਕਰਾਂਗਾ, ਪੰਜ ਸਿੰਘਾਂ ਨੂੰ ਪ੍ਰਸ਼ਾਦਾ ਛਕਾਵਾਂਗਾ ਇਤਿਆਦਿ। ਜੇਕਰ ਵਿਅਕਤੀ ਦੀ ਕਾਮਨਾ ਪੂਰੀ ਹੋ ਜਾਵੇ ਤਾਂ ਮਨੁੱਖ ਆਪਣੇ ਇਸ਼ਟ ਨਾਲ ਕੀਤੇ ਹੋਏ ਵਾਇਦੇ ਮੁਤਾਬਕ ਪਾਠ, ਦਾਨ-ਪੁੰਨ ਆਦਿ ਕਰਦਾ ਜਾਂ ਕਰਾਉਂਦਾ ਹੈ।

ਆਮ ਤੌਰ 'ਤੇ ਸੁੱਖਣਾ ਮਨੁੱਖ ਉਸ ਸਮੇਂ ਹੀ ਸੁੱਖਦਾ ਹੈ ਜਦ ਕਦੀ ਇਹ ਕਿਸੇ ਤਰ੍ਹਾਂ ਦੀ ਕਾਮਨਾ ਦੀ ਪੂਰਤੀ ਦੀ ਇੱਛਾ ਕਰਦਾ ਹੈ ਜਾਂ ਮੁਸੀਬਤ ਆਦਿ ਵਿਚ ਘਿਰਿਆ ਹੁੰਦਾ ਹੈ। ਅਜਿਹੀ ਪਰਿਸਥਿਤੀ ਵਿਚ ਇਹ ਆਪਣੇ ਇਸ਼ਟ ਅੱਗੇ ਜੋਦੜੀ ਕਰਦਾ ਹੋਇਆ ਇਹ ਪ੍ਰਣ ਕਰਦਾ ਹੈ ਕਿ ਜੇਕਰ ਮੇਰੀ ਇਹ ਗੱਲ ਪੂਰੀ ਹੋ ਗਈ ਤਾਂ ਬਦਲੇ ਵਿਚ ਅਮਕੇ ਅਮਕੇ ਕਰਮ ਕਰਾਂਗਾ। ਜੇਕਰ ਸੁੱਖਣਾ ਸੁੱਖਣ ਵਾਲੇ ਦਾ ਕੰਮ ਹੋ ਜਾਵੇ ਤਾਂ ਉਹ ਸਮਝਦਾ ਹੈ ਕਿ ਉਸ ਦੀ ਸੁੱਖਣਾ ਕਾਰਨ ਹੀ ਇਹ ਕੰਮ ਨੇਪਰੇ ਚੜ੍ਹਿਆ ਹੈ ਜਾਂ ਬੀਮਾਰੀ ਆਦਿ ਤੋਂ ਛੁਟਕਾਰਾ ਮਿਲਿਆ ਹੈ। ਕਾਰਜ ਦੇ ਸੰਪੂਰਨ ਹੋਣ 'ਤੇ ਮਨੁੱਖ ਕੀਤੀ ਹੋਈ ਪ੍ਰਤਿਗਿਆ ਮੁਤਾਬਕ ਪਾਠ, ਪ੍ਰਸ਼ਾਦਿ, ਦਾਨ-ਪੁੰਨ ਆਦਿ ਕਰਦਾ ਹੈ। ਜੇਕਰ ਇੱਛਾ ਪੂਰੀ ਨਾ ਹੋਵੇ ਤਾਂ ਫਿਰ ਅਜਿਹਾ ਕੁਝ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ; ਚੂੰਕਿ ਇਹ ਤਾਂ ਇਕ ਹੱਥ ਲੈ ਕੇ ਦੂਜੇ ਹੱਥ ਦੇਣ ਦੀ ਖੇਡ ਹੈ। ਕਈ ਪ੍ਰਾਣੀ ਤਾਂ ਮੰਨਤ ਪੂਰੀ ਨਾ ਹੋਣ 'ਤੇ ਆਪਣੇ ਇਸ਼ਟ ਤੋਂ ਹੀ ਮੂੰਹ ਮੋੜ ਕੇ ਕਿਸੇ ਹੋਰ ਦੀ ਸ਼ਰਣ ਵਿਚ ਚਲੇ ਜਾਂਦੇ ਹਨ।

ਉਂਜ ਤਾਂ ਮਨੁੱਖ ਜਿੱਥੇ ਕਿਤੇ ਵੀ ਲੋੜ-ਥੁੜ੍ਹ ਆਦਿ ਮਹਿਸੂਸ ਕਰਦਾ ਹੈ, ਸੁੱਖਣਾ ਸੁੱਖ ਲੈਂਦਾ ਹੈ, ਪਰ ਆਮ ਤੌਰ 'ਤੇ ਧਾਰਮਿਕ ਸਥਾਨਾਂ 'ਤੇ ਹੀ ਸੁੱਖਣਾ ਸੁੱਖੀ ਜਾਂਦੀ

ਹੈ। ਇਸ ਲਈ ਹੀ ਕਈ ਧਾਰਮਿਕ ਸਥਾਨਾਂ ਦਾ ਪ੍ਰਬੰਧ ਕਰਨ ਵਾਲੇ ਸੱਜਣ ਉਸ ਧਾਰਮਿਕ ਸਥਾਨ ਬਾਰੇ ਸਟੇਜ ਤੋਂ ਇਹ ਪ੍ਰਚਾਰ ਕਰਦੇ ਹਨ ਕਿ ਇਸ ਥਾਂ 'ਤੇ ਜਿਹੜਾ ਵੀ ਮਾਈ-ਭਾਈ ਸੁੱਖਣਾ ਸੁੱਖਦਾ ਹੈ, ਉਸ ਦੀ ਸੁੱਖਣਾ ਅਵੱਸ਼ ਪੂਰੀ ਹੋ ਜਾਂਦੀ ਹੈ। ਕਈ ਥਾਈਂ ਬੋਰਡ ਆਦਿ 'ਤੇ ਲਿਖ ਕੇ ਵੀ ਲਗਾਇਆ ਹੋਇਆ ਹੈ। ਜਦ ਕਿਸੇ ਧਾਰਮਿਕ ਸਥਾਨ 'ਤੇ ਅਜਿਹਾ ਲਿਖਿਆ ਹੋਇਆ ਜਾਂ ਧਾਰਮਿਕ ਸਥਾਨਾਂ ਦੀਆਂ ਸਟੇਜਾਂ ਤੋਂ ਸੰਗਤਾਂ ਇਹ ਸੁਣਦੀਆਂ ਹਨ ਤਾਂ ਗੁਰਮਤਿ ਸਿਧਾਂਤ ਦੀ ਅਗਿਆਨਤਾ ਕਾਰਨ ਇਸ ਨੂੰ ਸੱਚ ਮੰਨ ਲੈਂਦੀਆਂ ਹਨ। ਚੂੰਕਿ ਸੰਗਤਾਂ ਇਹ ਸੋਚ ਵੀ ਨਹੀਂ ਸਕਦੀਆਂ ਕਿ ਹਾਜ਼ਰਾ ਹਜ਼ੂਰ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿਚ ਕੋਈ ਪ੍ਰਾਣੀ (ਖ਼ਾਸ ਤੌਰ 'ਤੇ ਧਾਰਮਿਕ ਆਗੂ) ਝੂਠ ਬੋਲ ਸਕਦਾ ਹੈ ? ਸਿੱਟੇ ਵਜੋਂ ਸੰਗਤਾਂ ਉਸ ਸਥਾਨ 'ਤੇ ਜਾ ਕੇ ਜਾਂ ਜਿੱਥੇ ਵੀ ਉਨ੍ਹਾਂ ਨੂੰ ਇਹੋ ਜਿਹੀ ਲੋੜ ਮਹਿਸੂਸ ਹੁੰਦੀ ਹੈ, ਸੁੱਖਣਾ ਸੁੱਖਣੋਂ ਨਹੀਂ ਚੂਕਦੀਆਂ। ਜੇਕਰ ਸਬੱਬੀਂ ਕਿਸੇ ਦੀ ਕੋਈ ਕਾਮਨਾ ਪੂਰੀ ਹੋ ਜਾਵੇ, ਤਾਂ ਉਹ ਇਸ ਪ੍ਰਾਪਤੀ ਦੇ ਪਿੱਛੇ ਉਸ ਥਾਂ ਜਾਂ ਬਾਬੇ ਆਦਿ ਦੀ ਮਹਿਮਾ/ਚਮਤਕਾਰ ਸਮਝਦਾ ਹੈ ਅਤੇ ਜੇਕਰ ਪੂਰੀ ਨਾ ਹੋਵੇ ਤਾਂ ਆਪਣੇ ਭਾਗਾਂ ਨੂੰ ਕੋਸਣ ਲੱਗ ਪੈਂਦਾ ਹੈ ਜਾਂ ਕਿਸੇ ਹੋਰ ਥਾਂ ਜਾਂ ਕਿਸੇ ਮਹਾਂਪੁਰਖ (?) ਦੀ ਭਾਲ ਵਿਚ ਜੁੱਟ ਜਾਂਦਾ ਹੈ।

ਸੁੱਖਣਾ ਦਾ ਗੁਰਮਤਿ ਵਿਚ ਸਥਾਨ

ਗੁਰਮਤਿ ਵਿਚ ਇਸ ਤਰ੍ਹਾਂ ਦੇ ਪ੍ਰਣ ਅਥਵਾ ਸੁੱਖਣਾ ਦਾ ਕੋਈ ਥਾਂ ਨਹੀਂ ਹੈ। ਗੁਰਬਾਣੀ ਮਨੁੱਖ ਨੂੰ ਕੁਦਰਤ ਦੇ ਅਟੱਲ ਨਿਯਮ ਦੀ ਸੋਝੀ ਕਰਾਉਂਦੀ ਹੈ। ਪ੍ਰਾਣੀ ਨੂੰ ਅਕਾਲ ਪੁਰਖ ਦੇ ਹੁਕਮ ਨੂੰ ਪਛਾਣਨ ਦੀ ਸੋਝੀ ਪ੍ਰਦਾਨ ਕਰਦੀ ਹੈ। ਪ੍ਰਭੂ ਹੁਕਮ ਦੀ ਸੋਝੀ ਕਰਵਾ ਕੇ ਹੁਕਮੀ ਬੰਦਾ ਬਣਨ ਲਈ ਉਤਸ਼ਾਹਿਤ ਕਰਦੀ ਹੈ। ਇਹੀ ਕਾਰਨ ਹੈ ਕਿ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਗੁਰਸਿੱਖ ਜਿਸ ਤਰ੍ਹਾਂ ਹਰੇਕ ਤਰ੍ਹਾਂ ਦੇ ਵਹਿਮ-ਭਰਮ, ਕਰਮ-ਕਾਂਡ ਆਦਿ ਤੋਂ ਉਪਰ ਉੱਠ ਗਏ ਸਨ, ਉਸੇ ਤਰ੍ਹਾਂ ਸੁੱਖਣਾ ਸੁੱਖਣ ਵਾਲੇ ਭਰਮ ਤੋਂ ਵੀ ਉਪਰ ਉੱਠ ਚੁੱਕੇ ਸਨ। ਸੁੱਖਣਾ ਸੁੱਖਣ ਨੂੰ ਵੀ ਗੁਰੂ ਕੇ ਸਿੱਖ ਉਸ ਨਿਗਾਹ ਨਾਲ ਹੀ ਦੇਖਦੇ ਸਨ ਜਿਵੇਂ ਮੂਰਤੀ ਪੂਜਾ, ਵਰਤ ਆਦਿ ਨੂੰ। ਗੁਰਮਤਿ ਦੇ ਇਸ ਨਿਆਰੇ ਸਿਧਾਂਤ ਨੂੰ ਸਮਝਣ ਵਾਲੇ ਗੁਰਸਿੱਖ ਸੁੱਖਣਾ ਨੂੰ ਗੁਰਮਤਿ ਵਿਰੋਧੀ ਕਰਮ ਸਮਝਦਿਆਂ ਹੋਇਆਂ ਇਸ ਦਾ ਪੂਰਨ ਰੂਪ ਵਿਚ ਤਿਆਗ ਕਰ ਚੁੱਕੇ ਸਨ। ਰਹਿਤਨਾਮਿਆਂ ਵਿਚ ਵੀ ਇਸ ਤਰ੍ਹਾਂ ਦੀ ਹਦਾਇਤ ਕੀਤੀ ਗਈ ਹੈ :

> ਗੁਰੂ ਕਾ ਸਿੱਖ ਮਟ, ਬੁਤ, ਤੀਰਥ, ਦੇਵੀ, ਦੇਵਤਾ, ਬਰਤ ਪੂਜਾ ਅਰਚਾ, ਮੰਤ੍ਰ, ਜੰਤ੍ਰ, ਪੀਰ, ਬ੍ਰਾਹਮਣ, ਪੁੱਛਣਾ, ਸੁਖਣਾ, ਤਰਪਨ, ਗਾਯਤ੍ਰੀ, ਕਿਤੇ ਵਲ ਚਿਤ ਦੇਵੈ ਨਾਹੀ। *(ਭਾਈ ਦਯਾ ਸਿੰਘ ਜੀ)*

ਭਾਵੇਂ ਇਨ੍ਹਾਂ ਰਹਿਤਨਾਮਿਆਂ ਵਿਚ ਬਹੁਤ ਕੁਝ ਅਜਿਹਾ ਵੀ ਲਿਖਿਆ ਹੋਇਆ ਹੈ ਜਿਸ ਦਾ ਗੁਰਮਤਿ ਦੇ ਸਿਧਾਂਤ ਨਾਲ ਕਿਸੇ ਤਰ੍ਹਾਂ ਦਾ ਵੀ ਸੰਬੰਧ ਨਹੀਂ ਹੈ। ਪਰ ਮੰਨਤ ਮੰਨਣ ਵਾਲੀ ਮਨਮਤ ਦੀ ਇਨ੍ਹਾਂ ਵਿਚ ਸਪੱਸ਼ਟ ਸ਼ਬਦਾਂ ਵਿਚ ਮਨ੍ਹਾਈ ਕੀਤੀ

ਹੈ। ਇਸ ਭਾਵ ਵਾਲੀਆਂ ਲਿਖਤਾਂ ਇਸ ਗੱਲ ਦਾ ਵੀ ਲਖਾਇਕ ਹਨ ਕਿ ਇਸ ਸਮੇਂ ਤਕ ਖ਼ਾਲਸਾ ਪੰਥ ਇਹੋ ਜਿਹੀਆਂ ਕੁਰੀਤੀਆਂ ਤੋਂ ਬਚਿਆ ਹੋਇਆ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਕਾਫ਼ੀ ਸਮਾਂ ਬਾਅਦ ਵਿਚ, ਜਦ ਖ਼ਾਲਸੇ ਨੇ ਗੁਰਮਤਿ ਦੇ ਤੱਤ ਗਿਆਨ ਤੋਂ ਮੂੰਹ ਮੋੜਨਾ ਸ਼ੁਰੂ ਕਰ ਦਿੱਤਾ ਸੀ ਤਦੋਂ ਇਨ੍ਹਾਂ ਕੁਰੀਤੀਆਂ ਨੇ ਮੁੜ ਖ਼ਾਲਸਾ ਪੰਥ ਵਿਚ ਪ੍ਰਵੇਸ਼ ਕਰ ਲਿਆ। ਇਨ੍ਹਾਂ ਦਾ ਅੱਜ ਤਕ ਸਿੱਖ ਬੁਰੀ ਤਰ੍ਹਾਂ ਸ਼ਿਕਾਰ ਹੋਇਆ ਪਿਆ ਹੈ। ਜ਼ਿੰਮੇਵਾਰ ਸੱਜਣਾਂ ਨੂੰ ਚਾਹੀਦਾ ਹੈ ਕਿ ਉਹ ਸੰਗਤਾਂ ਨੂੰ ਵਹਿਮਾਂ-ਭਰਮਾਂ ਵਿਚ ਪਾਉਣ ਦੀ ਬਜਾਏ ਗੁਰਮਤਿ ਦੇ ਗਿਆਨ ਤੋਂ ਜਾਣੂੰ ਕਰਾਉਣ। ਜ਼ਿੰਮੇਵਾਰ ਸੱਜਣ/ਸੰਸਥਾਵਾਂ/ਸੰਗਤਾਂ ਨੂੰ ਇਸ ਪੱਖੋਂ ਸੁਚੇਤ ਕਰਨ ਦੀ ਲੋੜ ਹੈ ਕਿ ਗੁਰਬਾਣੀ ਨੂੰ ਧਿਆਨ ਨਾਲ ਪੜ੍ਹ ਵਿਚਾਰ ਕੇ ਇਸ ਵਿਚ ਦਰਸਾਈ ਹੋਈ ਜੀਵਨ-ਜੁਗਤਿ ਨੂੰ ਸਮਝ ਕੇ ਅਪਣਾਉਣਾ ਹੈ। ਪਰ ਜੇਕਰ ਗੁਰਦੁਆਰਿਆਂ ਵਿਚ ਸੰਗਤਾਂ ਨੂੰ ਗੁਰਬਾਣੀ ਵਿਚਲੀ ਜੀਵਨ-ਜੁਗਤਿ ਸਮਝਾਉਣ ਦੀ ਥਾਂ ਇਹੋ ਜਿਹੇ ਵਹਿਮਾਂ-ਭਰਮਾਂ ਦਾ ਸ਼ਿਕਾਰ ਬਣਾਉਣ ਦਾ ਹੀ ਜ਼ਿੰਮੇਵਾਰ ਸੱਜਣਾਂ ਨੇ ਕਮਰ-ਕੱਸਾ ਕਰੀ ਰੱਖਿਆ ਤਾਂ ਇਹ ਗੁਨਾਹ ਬਖ਼ਸ਼ਣਜੋਗ ਨਹੀਂ ਹੋਵੇਗਾ। ਨਿਰਸੰਦੇਹ ਅਸੀਂ ਗੁਰੂ ਦੇ ਦੇਣਦਾਰ ਹੋਵਾਂਗੇ।

ਮੰਨਤ ਮੰਨਣ ਵਾਲੀ ਧਾਰਨਾ ਨਾਲ ਗੁਰਬਾਣੀ ਵਿਚਲੀ ਜੀਵਨ-ਜੁਗਤਿ ਨੂੰ ਅਪਨਾਉਣੋਂ ਅਸਮਰੱਥ ਹੋ ਜਾਈਦਾ ਹੈ। ਚੂੰਕਿ ਸੁੱਖਣਾ ਸੁੱਖਣ ਦੀ ਧਾਰਨਾ ਨੂੰ ਅਪਣਾਇਆਂ ਅਸੀਂ ਕਦੇ ਵੀ ਵਾਹਿਗੁਰੂ ਜੀ ਦਾ ਹੁਕਮੀ ਬੰਦਾ ਨਹੀਂ ਬਣ ਸਕਦੇ। ਗੁਰੂ/ਪ੍ਰਭੂ ਵਿਚ ਸੱਚੀ ਪ੍ਰਤੀਤ ਨਹੀਂ ਲਿਆ ਸਕਦੇ ਅਤੇ ਭਰੋਸੇ ਵਿਚ ਪ੍ਰਪੱਕਤਾ ਨਾ ਹੋਣ ਕਾਰਨ, ਪ੍ਰਭੂ ਨਾਲ ਪਕੇਰੀ ਸਾਂਝ ਪਾਉਣ ਵਿਚ ਕਾਮਯਾਬ ਨਹੀਂ ਹੋ ਸਕਦੇ। ਗੁਰਬਾਣੀ ਦਾ ਫ਼ੁਰਮਾਨ ਹੈ:

ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥
ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥੧੮॥ *(ਸਲੋਕ ਫਰੀਦ ਜੀ, ਪੰਨਾ 1378)*

ਅਰਥ: ਹੇ ਫ਼ਰੀਦ! ਜੇ (ਰੱਬ ਦੀ ਬੰਦਗੀ ਕਰਦਿਆਂ ਇਵਜ਼ਾਨੇ ਵਜੋਂ ਕੋਈ ਦੁਨੀਆਂ ਦਾ) ਲਾਲਚ ਹੈ, ਤਾਂ (ਰੱਬ ਨਾਲ) ਅਸਲ ਪਿਆਰ ਨਹੀਂ ਹੈ। (ਜਦ ਤਕ) ਲਾਲਚ ਹੈ, ਤਦ ਤਕ ਪਿਆਰ ਝੂਠਾ ਹੈ। ਟੁੱਟੇ ਹੋਏ ਛੱਪਰ ਉੱਤੇ ਮੀਂਹ ਪੈਂਦਿਆਂ ਕਦ ਤਾਈਂ ਸਮਾਂ ਨਿਕਲ ਸਕੇਗਾ? (ਭਾਵ, ਜਦੋਂ ਦੁਨੀਆਂ ਵਾਲੀ ਗ਼ਰਜ਼ ਪੂਰੀ ਨਾ ਹੋਈ, ਪਿਆਰ ਟੁੱਟ ਜਾਏਗਾ।)

ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ 'ਸੁਖ ਸੁਖੇਦੀ' ਦਾ ਵਰਣਨ ਕਰਦਿਆਂ ਹੋਇਆਂ ਫਿਰ ਇਸ ਗੱਲ ਦਾ ਵੀ ਜ਼ਿਕਰ ਕੀਤਾ ਗਿਆ ਹੈ ਕਿ 'ਸਾ ਮੈ ਪਾਈ' ਪ੍ਰੰਤੂ ਅਜਿਹਾ ਕਹਿੰਦਿਆਂ ਇਸ ਦੇ ਬਦਲੇ ਵਿਚ ਕਿਸੇ ਦੁਨਿਆਵੀ ਵਸਤੂ ਜਾਂ ਧਾਰਮਕਿ ਕਰਮ-ਕਾਂਡ, (ਪੂਜਾ-ਪਾਠ ਆਦਿ) ਦੇ ਕਰਨ ਦਾ ਵਰਨਣ ਨਹੀਂ ਕੀਤਾ ਗਿਆ। ਇੱਥੇ ਇਹ ਸ਼ਬਦ ਆਤਮਿਕ ਜੀਵਨ ਦੀ ਪ੍ਰਾਪਤੀ ਲਈ ਆਪਣੇ ਇਸ਼ਟ ਅੱਗੇ ਲਏ ਗਏ ਤਰਲੇ ਦਾ ਹੀ ਲਖਾਇਕ ਹੈ, ਨਾ ਕਿ ਜੋ ਆਮ ਸੁੱਖਣਾ ਤੋਂ ਭਾਵ ਲਿਆ ਜਾਂਦਾ ਹੈ ਉਸ

ਤੋਂ। ਇਸ ਭਾਵ ਨੂੰ ਸਾਰੇ ਸ਼ਬਦ ਨੂੰ ਧਿਆਨ ਨਾਲ ਪੜ੍ਹਿਆਂ ਵਿਚਾਰਿਆਂ ਸਹਿਜੇ ਹੀ ਦੇਖ ਸਕੀਦਾ ਹੈ:

ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ॥
ਵਰੁ ਲੋੜੀਦਾ ਆਇਆ ਵਜੀ ਵਾਧਾਈ॥
ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ॥
ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ॥
ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ॥
ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ॥

(ਜੈਤਸਰੀ ਮਹਲਾ ੫, ਪੰਨਾ 704)

ਅਰਥ : ਹੇ ਸਤਸੰਗੀ ਸੱਜਣ! ਜਿਹੜੀ ਸੁੱਖਣਾ ਮੈਂ ਸਦਾ ਸੁੱਖਦੀ ਰਹਿੰਦੀ ਸਾਂ, ਉਹ (ਸੁੱਖਣਾ) ਮੈਂ ਪਾ ਲਈ ਹੈ (ਮੇਰੀ ਉਹ ਮੁਰਾਦ ਪੂਰੀ ਹੋ ਗਈ ਹੈ)। ਜਿਸ ਪ੍ਰਭੂ-ਪਤੀ ਨੂੰ ਮੈਂ (ਚਿਰਾਂ ਤੋਂ) ਲੱਭਦੀ ਆ ਰਹੀ ਸਾਂ, ਉਹ (ਮੇਰੇ ਹਿਰਦੇ ਵਿਚ) ਆ ਵਸਿਆ ਹੈ, ਹੁਣ ਮੇਰੇ ਅੰਦਰ ਆਤਮਕ ਉਤਸ਼ਾਹ ਦੇ ਵਾਜੇ ਵੱਜ ਰਹੇ ਹਨ। ਸਦਾ ਨਵੇਂ ਪ੍ਰੇਮ-ਰੰਗ ਵਾਲਾ ਤੇ ਦਇਆ ਦਾ ਸੋਮਾ ਪ੍ਰਭੂ-ਪਤੀ (ਮੇਰੇ ਅੰਦਰ ਆ ਵਸਿਆ ਹੈ, ਹੁਣ ਮੇਰੇ ਅੰਦਰ) ਬੜਾ ਅਨੰਦ ਤੇ ਉਤਸ਼ਾਹ ਬਣ ਰਿਹਾ ਹੈ। ਹੇ ਸਤਸੰਗੀ ਸੱਜਣ! ਵੱਡੀ ਕਿਸਮਤ ਨਾਲ ਉਹ ਪ੍ਰਭੂ-ਪਤੀ ਮੈਨੂੰ ਲੱਭਾ ਹੈ, ਗੁਰੂ ਨੇ ਮੈਨੂੰ ਸਾਧ ਸੰਗਤ ਵਿਚ (ਉਸ ਨਾਲ) ਮਿਲਾ ਦਿੱਤਾ ਹੈ। (ਗੁਰੂ ਨੇ) ਮੇਰਾ ਆਪਾ ਪਿਆਰੇ ਦੇ ਅੰਕ ਵਿਚ ਮਿਲਾ ਦਿੱਤਾ ਹੈ, ਮੇਰੀ ਹਰੇਕ ਆਸ ਮੁਰਾਦ ਪੂਰੀ ਹੋ ਗਈ ਹੈ। ਨਾਨਕ ਬੇਨਤੀ ਕਰਦਾ ਹੈ, ਜਿਹੜੀ ਸੁੱਖਣਾ ਮੈਂ (ਸਦਾ) ਸੁੱਖਦੀ ਰਹਿੰਦੀ ਸਾਂ, ਗੁਰੂ ਨੂੰ ਮਿਲ ਕੇ ਉਹ (ਸੁੱਖਣਾ) ਮੈਂ ਹਾਸਲ ਕਰ ਲਈ ਹੈ। ਗੁਰਵਾਕ ਹੈ:

ਸਖੀ ਇਛ ਕਰੀ ਨਿਤ ਸੁਖ ਮਨਾਈ ਪ੍ਰਭ ਮੇਰੀ ਆਸ ਪੁਜਾਏ॥
ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ॥
ਖੋਜਿ ਲਹਉ ਹਰਿ ਸੰਤ ਜਨਾ ਸੰਗੁ ਸੰਮ੍ਰਿਥ ਪੁਰਖ ਮਿਲਾਏ॥
ਨਾਨਕ ਤਿਨ ਮਿਲਿਆ ਸੁਰਿਜਨੁ ਸੁਖਦਾਤਾ ਸੇ ਵਡਭਾਗੀ ਮਾਏ॥

(ਗਉੜੀ ਮਹਲਾ ੫, ਪੰਨਾ 249)

ਅਰਥ : (ਹੇ ਸਹੇਲੀਏ! ਮੈਂ ਸਦਾ ਤਾਂਘ ਕਰਦੀ ਰਹਿੰਦੀ ਹਾਂ ਤੇ ਸੁੱਖਣਾ ਸੁੱਖਦੀ ਰਹਿੰਦੀ ਹਾਂ (ਕਿ) ਹੇ ਪ੍ਰਭੂ! ਮੇਰੀ ਆਸ ਪੂਰੀ ਕਰ, ਮੈਂ ਤੇਰੇ ਦਰਸ਼ਨ ਲਈ ਉਤਾਵਲੀ ਹੋਈ ਸਾਰੇ ਥਾਂ ਵੇਖਦੀ ਫਿਰਦੀ ਹਾਂ। (ਹੇ ਸਹੇਲੀਏ! ਪ੍ਰਭੂ ਦੀ) ਖੋਜ ਕਰ ਕਰ ਕੇ ਮੈਂ ਸੰਤ ਜਨਾਂ ਦਾ ਸਾਥ (ਜਾ) ਲੱਭਦੀ ਹਾਂ (ਸਾਧ ਸੰਗਤ ਹੀ ਉਸ ਪ੍ਰਭੂ ਦਾ) ਮੇਲ ਕਰਾਂਦੀ ਹੈ ਜੋ ਸਾਰੀਆਂ ਤਾਕਤਾਂ ਦਾ ਮਾਲਕ ਹੈ ਤੇ ਜੋ ਸਭ ਵਿਚ ਵਿਆਪਕ ਹੈ। ਹੇ ਨਾਨਕ! (ਆਖ)—ਹੇ ਮਾਂ! (ਜਿਹੜੇ ਮਨੁੱਖ ਸਾਧ ਸੰਗਤ ਵਿਚ ਮਿਲਦੇ ਹਨ) ਉਨ੍ਹਾਂ ਨੂੰ ਹੀ ਦੇਵ-ਲੋਕ ਦਾ ਮਾਲਕ ਤੇ ਸਾਰੇ ਸੁਖ ਦੇਣ ਵਾਲਾ ਪ੍ਰਭੂ ਮਿਲਦਾ ਹੈ, ਉਹੀ ਮਨੁੱਖ ਵੱਡੇ ਭਾਗਾਂ ਵਾਲੇ ਹਨ।

ਸੁੱਖਣਾ ਸੰਬੰਧੀ ਗੁਰਮਤਿ ਦਾ ਸਪੱਸ਼ਟ ਦ੍ਰਿਸ਼ਟੀਕੋਣ ਹੋਣ ਦੇ ਬਾਵਜੂਦ ਜੇਕਰ

ਸਾਨੂੰ ਇਤਿਹਾਸ ਵਿਚ ਕੁਝ ਅਜਿਹੀਆਂ ਸਾਖੀਆਂ ਲਿਖੀਆਂ ਹੋਈਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਕੁਝ ਕੁ ਗੁਰਸਿੱਖਾਂ ਵੱਲੋਂ ਸੁੱਖਣਾ ਸੁੱਖਣ ਦਾ ਜ਼ਿਕਰ ਕੀਤਾ ਗਿਆ ਹੈ, ਤਾਂ ਇਨ੍ਹਾਂ ਲਿਖਤਾਂ ਨੂੰ ਲੇਖਕਾਂ ਦੀ ਆਪਣੀ ਕਲਪਣਾ ਦਾ ਹੀ ਸਿੱਟਾ ਮੰਨਣਾ ਚਾਹੀਦਾ ਹੈ। ਨਿਰਸੰਦੇਹ ਇਨ੍ਹਾਂ ਲੇਖਕਾਂ ਨੇ ਗੁਰਮਤਿ ਦੀ ਵਿਚਾਰਧਾਰਾ ਨੂੰ ਨਜ਼ਰ-ਅੰਦਾਜ਼ ਕਰ ਕੇ ਹੀ ਇਸ ਤਰ੍ਹਾਂ ਦੀਆਂ ਸਾਖੀਆਂ ਲਿਖਣ ਦਾ ਹੀਆ ਕੀਤਾ ਹੈ। ਭਾਈ ਮੱਖਣ ਸ਼ਾਹ ਆਦਿ ਨਾਲ ਜੋੜੀਆਂ ਹੋਈਆਂ ਸਾਖੀਆਂ ਇਸ ਦੀ ਉਦਾਹਰਣ ਹਨ। ਕਈ ਸੱਜਣ ਕਈ ਵਾਰ ਇਹ ਤਰਕ ਦੇਂਦੇ ਹਨ ਕਿ ਕੀ ਇਤਿਹਾਸ ਵਿਚ ਝੂਠ ਲਿਖਿਆ ਹੋਇਆ ਹੈ ? ਇਹੋ ਜਿਹੀ ਸੋਚ ਰੱਖਣ ਵਾਲੇ ਸੱਜਣਾਂ ਨੂੰ ਸਨਿਮਰ ਬੇਨਤੀ ਹੈ ਕਿ ਅਸੀਂ ਅਗਵਾਈ ਗੁਰੂ ਗ੍ਰੰਥ ਸਾਹਿਬ ਕੋਲੋਂ ਲੈਣੀ ਹੈ, ਇਤਿਹਾਸ ਤੋਂ ਨਹੀਂ; ਸਾਡਾ ਗੁਰੂ ਸ਼ਬਦ/ ਗੁਰਬਾਣੀ ਹੈ ਨਾ ਕਿ ਇਤਿਹਾਸ। ਸਤਿਗੁਰੂ ਜੀ ਨੇ ਸਾਨੂੰ ਸ਼ਬਦ ਦੇ ਲੜ ਲਾਇਆ ਹੈ ਨਾ ਕਿ ਇਤਿਹਾਸ ਦੇ। ਪਰ ਹਾਂ, ਜੇਕਰ ਇਤਿਹਾਸ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਅਨੁਸਾਰ ਕਿਸੇ ਘਟਨਾ ਦਾ ਵਰਣਨ ਹੈ ਤਾਂ ਉਸ ਨੂੰ ਮੰਨਣ ਵਿਚ ਕੋਈ ਵੀ ਕਿੰਤੂ-ਪ੍ਰੰਤੂ ਨਹੀਂ ਹੈ, ਪਰ ਜਿਹੜੀ ਗੱਲ ਗੁਰਬਾਣੀ ਦੇ ਆਸ਼ੇ ਦੇ ਅਨੁਕੂਲ ਨਹੀਂ, ਉਸ ਨੂੰ ਕਿਵੇਂ ਮੰਨਿਆ ਜਾ ਸਕਦਾ ਹੈ ? ਅਸੀਂ ਗੁਰੂ ਸਾਹਿਬ ਦੇ ਆਪਣੇ ਮੁਖਾਰਬਿੰਦ ਵਿੱਚੋਂ ਨਿਕਲੇ ਹੋਏ ਬਚਨਾਂ ਨੂੰ ਆਧਾਰ ਬਣਾਉਣਾ ਹੈ ਜਾਂ ਉਨ੍ਹਾਂ ਬਾਰੇ ਲਿਖਣ ਵਾਲਿਆਂ ਦੀਆਂ ਲਿਖਤਾਂ ਨੂੰ ? ਜਦ ਅਸੀਂ ਇਸ ਗੱਲ ਨੂੰ ਸਾਹਮਣੇ ਰੱਖਾਂਗੇ ਤਾਂ ਯਕੀਨਨ ਅਸੀਂ ਗੁਰਬਾਣੀ ਵਿਚਲੀ ਜੀਵਨ-ਜੁਗਤਿ ਨੂੰ ਹੀ ਗੁਰਮਤਿ ਸਮਝਾਂਗੇ।

ਗੁਰਬਾਣੀ ਵਿਚ ਦਰਸਾਈ ਜੀਵਨ-ਜਾਚ ਨੂੰ ਨਜ਼ਰ-ਅੰਦਾਜ਼ ਕਰ ਕੇ ਇਤਿਹਾਸ ਦੀਆਂ ਇਹੋ ਜਿਹੀਆਂ ਕਹਾਣੀਆਂ ਨੂੰ ਆਧਾਰ ਬਣਾਉਣ ਦਾ ਹੀ ਇਹ ਨਤੀਜਾ ਹੈ ਕਿ ਗੁਰਦੁਆਰਿਆਂ ਵਿਖੇ ਆਮ ਹੀ ਇਸ ਤਰ੍ਹਾਂ ਦੀਆਂ ਅਰਦਾਸਾਂ ਹੁੰਦੀਆਂ ਦੇਖੀਆਂ/ ਸੁਣੀਆਂ ਜਾ ਸਕਦੀਆਂ ਹਨ। ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ:

> ਸਿੱਖਾਂ ਵਿਚ ਭੀ ਕਈ ਅਗਯਾਨੀ ਦੇਖੀਦੇ ਹਨ, ਜੋ ਅਰਦਾਸ ਕਰਦੇ ਹਨ ਕਿ ਮੇਰਾ ਅਮੁਕਾ ਕੰਮ ਗੁਰੂ ਕਰ ਦੇਵੇ, ਤਦ ਮੈਂ ਇਤਨੇ ਰੁਪਯੇ ਦਾ ਕੜਾਹ ਪ੍ਰਸਾਦ ਕਰਾਵਾਂਗਾ, ਗੁਰੂ ਗ੍ਰੰਥ ਸਾਹਿਬ ਦੇ ਭੋਗ ਪਵਾਵਾਂਗਾ, ਮੰਦਿਰ ਚਿਣਵਾਵਾਂਗਾ, ਸਿੱਖਾਂ ਨੂੰ ਪ੍ਰਸਾਦ ਛਕਾਵਾਂਗਾ, ਆਦਿਕ। ਪਰ ਐਸਾ ਕਰਨਾ ਸਿੱਖੀ ਦੇ ਨਿਯਮ ਤੋਂ ਵਿਰੁੱਧ ਹੈ। ਸ਼ੋਕ ਹੈ ਉਨ੍ਹਾਂ ਸਵਾਰਥੀ ਆਗੂਆਂ ਤੇ ਜੋ ਟਕੇ ਦੇ ਲਾਲਚ ਐਸੀਆਂ ਅਰਦਾਸਾਂ ਕਰਦੇ ਹਨ। *(ਗੁਰੁਮਤ ਮਾਰਤੰਡ)*

ਭਾਈ ਸਾਹਿਬ ਹੋਰ ਲਿਖਦੇ ਹਨ:

> ਜੋ ਮੁਕਦਮਾ ਜਿੱਤਣ, ਵੈਰੀ ਨੂੰ ਵਿਪਦਾ ਵਿਚ ਪਾਉਣ, ਮੰਦ ਮਨੋਰਥਾਂ ਦੀ ਸਫਲਤਾ ਲਈ ਕੜਾਹ ਪ੍ਰਸ਼ਾਦ ਭੇਟਾ ਆਦਿ ਸੁੱਖਦੇ ਹਨ, ਉਹ ਗੁਰਬਾਣੀ ਦੇ ਗਯਾਨ ਤੋਂ ਸੱਖਣੇ ਹਨ, ਇਤਿਹਾਸਕਾਰਾਂ ਨੇ ਗੁਰਮਤਿ ਵਿਰੁੱਧ ਸੁੱਖਣਾ ਸੁਖਣ ਦੀਆਂ ਸਾਖੀਆਂ ਲਿਖ ਘੜੀਆਂ ਹਨ, ਜੋ ਵਿਸ਼ਵਾਸ ਯੋਗਯ ਨਹੀਂ।
>
> *(ਗੁਰੁਮਤ ਮਾਰਤੰਡ)*

ਕਈ ਅਜਿਹੇ ਗੁਰਦੁਆਰੇ ਹਨ ਜਿਹੜੇ ਕਿਸੇ ਗੁਰਸਿੱਖ ਦੀ ਯਾਦ ਆਦਿ ਵਿਚ

ਬਣੇ ਹੋਏ ਹਨ, ਅਤੇ ਉਸ ਸਥਾਨ ਬਾਰੇ ਇਹ ਵਿਸ਼ਵਾਸ ਬਣਿਆ ਹੋਇਆ ਹੈ ਕਿ ਉਸ ਥਾਂ 'ਤੇ ਸੁੱਖੀ ਹੋਈ ਸੁੱਖਣਾ ਅਵੱਸ਼ ਪੂਰੀ ਹੁੰਦੀ ਹੈ। ਆਮ ਤੌਰ 'ਤੇ ਇਹ ਦੇਖਣ/ਸੁਣਨ ਵਿਚ ਆਉਂਦਾ ਹੈ ਕਿ ਅਜਿਹੇ ਗੁਰਦੁਆਰਾ ਸਾਹਿਬਾਨ ਵਿਖੇ ਅਰਦਾਸ ਵੀ ਉਸ ਗੁਰਸਿੱਖ ਨੂੰ ਹੀ ਮੁਖ਼ਾਤਬ ਹੋ ਕੇ ਕੀਤੀ ਜਾਂਦੀ ਹੈ। ਉਸ ਹਸਤੀ ਬਾਰੇ ਹੀ ਇਹ ਮੰਨਿਆ ਜਾਂਦਾ ਹੈ ਕਿ ਉਹ ਮਨੁੱਖ ਦੀਆਂ ਕਾਮਨਾਵਾਂ ਪੂਰੀਆਂ ਕਰਨ ਵਾਲੀ ਹੈ। ਇਨ੍ਹਾਂ ਵਿਚ ਕਈ ਅਜਿਹੇ ਗੁਰਸਿੱਖਾਂ ਨਾਲ ਸੰਬੰਧਤ ਸਥਾਨ ਹਨ, ਜਿਨ੍ਹਾਂ ਗੁਰਸਿੱਖਾਂ ਨੇ ਆਪਣਾ ਸਾਰਾ ਜੀਵਨ ਗੁਰਮਤਿ ਦੀਆਂ ਕਦਰਾਂ-ਕੀਮਤਾਂ ਨੂੰ ਪ੍ਰਚਾਰਨ ਵਿਚ ਹੀ ਲਾਇਆ ਹੁੰਦਾ ਹੈ। ਆਪਣੇ ਜੀਵਨ ਵਿਚ ਉਨ੍ਹਾਂ ਨੇ ਸੰਗਤਾਂ ਨੂੰ ਕੇਵਲ ਤੇ ਕੇਵਲ ਗੁਰਬਾਣੀ ਦੇ ਲੜ ਹੀ ਲਾਇਆ ਹੁੰਦਾ ਹੈ। ਪਰ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਉਨ੍ਹਾਂ ਦੇ ਸ਼ਰਧਾਲੂ, ਉਨ੍ਹਾਂ ਨੂੰ ਹੀ ਕਾਮਨਾ ਪੂਰੀਆਂ ਕਰਨ ਦੇ ਸਮਰੱਥ ਸਮਝ ਕੇ ਉਨ੍ਹਾਂ ਅੱਗੇ ਹੀ ਅਰਦਾਸਾਂ ਕਰਨ ਲੱਗ ਪਏ ਹਨ। ਅਜਿਹੇ ਸਥਾਨਾਂ ਦੀ ਇਸ ਤਰ੍ਹਾਂ ਦੀ ਮਹਿਮਾ ਦਰਸਾ ਕੇ ਅਜਿਹੇ ਸੱਜਣ ਜਾਣੇ-ਅਨਜਾਣੇ ਸੰਗਤਾਂ ਨੂੰ ਗੁਰਬਾਣੀ ਨਾਲੋਂ ਤੋੜ ਕੇ ਸਥਾਨਾਂ/ਵਿਅਕਤੀਆਂ ਨਾਲ ਜੋੜਨ ਦੀ ਕੁਚੇਸ਼ਟਾ ਕਰਕੇ ਨਿਰਸੰਦੇਹ ਸੰਗਤਾਂ ਨੂੰ ਗੁਮਰਾਹ ਕਰ ਰਹੇ ਹਨ। ਅਜਿਹੇ ਵੀਰਾਂ/ਭੈਣਾਂ ਨੂੰ ਗੁਰਦੇਵ ਦੇ ਇਨ੍ਹਾਂ ਬਚਨਾਂ ਨੂੰ ਪੜ੍ਹ/ਵਿਚਾਰ ਕੇ ਇਸ ਗੁਨਾਹ ਤੋਂ ਤੌਬਾ ਕਰ ਕੇ ਆਪਣੀ ਭੁੱਲ ਨੂੰ ਸੁਧਾਰ ਲੈਣਾ ਚਾਹੀਦਾ ਹੈ :

ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥

(ਵਾਰ ਸਿਰੀਰਾਗੁ, ਮਹਲਾ ੧, ਪੰਨਾ 91)

ਅਰਥ : ਹੇ ਨਾਨਕ! ਜੋ ਹੋਰਨਾਂ ਨੂੰ ਭੀ ਪਾਪਾਂ ਵਾਲੀ ਸਿੱਖਿਆ ਨਹੀਂ ਦੇਂਦੇ, ਉਹ ਮਨੁੱਖ ਪ੍ਰਭੂ ਦੀ ਹਜ਼ੂਰੀ ਵਿਚ ਚੰਗੇ ਗਿਣੇ ਜਾਂਦੇ ਹਨ।

ਕਈ ਸੱਜਣ ਇਹ ਦਲੀਲ ਪੇਸ਼ ਕਰਦੇ ਹਨ ਕਿ ਚਲੋ ਇਸ ਬਹਾਨੇ ਨਾਲ ਲੋਕੀਂ ਪਾਠ/ਕੀਰਤਨ ਆਦਿ ਕਰਵਾ ਲੈਂਦੇ ਹਨ। ਇਸ ਵਿਚ ਮਾੜਾ ਵੀ ਕੀ ਹੈ? ਐਸਾ ਕਹਿਣ ਲੱਗਿਆਂ ਅਸੀਂ ਇਹ ਨਹੀਂ ਵਿਚਾਰਦੇ ਕਿ ਸਤਿਗੁਰੂ ਜੀ ਨੇ ਇਸ (ਸਿੱਖ) ਮੱਤ ਦੀ ਨੀਂਹ ਸੱਚ 'ਤੇ ਰੱਖੀ ਹੈ। ਗੁਰਦੇਵ ਨੇ ਗੁਰਮਤਿ ਰਾਹੀਂ ਮਨੁੱਖ ਨੂੰ ਵਾਹਿਗੁਰੂ ਜੀ ਦੀ ਹੁਕਮੀ ਖੇਡ ਦੀ ਸੋਝੀ ਕਰਵਾ ਕੇ ਹੁਕਮੀ ਬੰਦਾ ਬਣਨ ਦੀ ਜੁਗਤੀ ਦਰਸਾਈ ਹੈ। ਜੇਕਰ ਅਸੀਂ (ਸਿੱਖ ਅਖਵਾਉਣ ਵਾਲੇ) ਹੀ ਇਹੋ ਜਿਹੀਆਂ ਥੋਥੀਆਂ ਦਲੀਲਾਂ ਰਾਹੀਂ ਇਹੋ ਜਿਹੇ ਕਰਮਾਂ ਨੂੰ ਠੀਕ ਦਰਸਾਉਣ ਲੱਗ ਪਈਏ ਤਾਂ ਗੁਰਮਤਿ ਦੀਆਂ ਕਦਰਾਂ-ਕੀਮਤਾਂ ਨੂੰ ਕਿਸ ਮੂੰਹ ਨਾਲ ਸ੍ਰੇਸ਼ਟ ਆਖਾਂਗੇ।

ਅਸੀਂ ਇਹ ਨਹੀਂ ਵਿਚਾਰਦੇ ਕਿ ਜੇਕਰ ਇਨ੍ਹਾਂ ਗੱਲਾਂ ਵਿਚ ਸਚਾਈ ਹੁੰਦੀ ਤਾਂ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਜ਼ੁਲਮ ਦੇ ਵਿਰੁੱਧ ਤਲਵਾਰ ਉਠਾਉਣ ਦੀ ਕੀ ਲੋੜ ਸੀ? ਜੇਕਰ ਇਸ ਤਰ੍ਹਾਂ ਸੰਭਵ ਹੁੰਦਾ ਤਾਂ ਮਨੁੱਖਤਾ ਦੇ ਸੱਚੇ ਹਮਦਰਦ ਯੁੱਧ ਆਦਿ ਰਾਹੀਂ ਖ਼ੂਨ ਵਹਾਉਣ ਤੋਂ ਅਵੱਸ਼ ਸੰਕੋਚ ਕਰਦੇ। ਜੇਕਰ ਦਸਮੇਸ਼ ਪਾਤਸ਼ਾਹ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਸਿੰਘ ਅਨੇਕਾਂ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਕੇ ਆਪਣੀ ਹੋਂਦ ਨੂੰ ਬਚਾਉਣ ਲਈ ਦਰ-ਬ-ਦਰ ਹੋ ਕੇ ਵੀ ਇਹ

ਬੋਲ ਦੁਹਰਾਉਂਦੇ ਸਨ ਕਿ "ਕੋਊ ਕਿਸੀ ਕੋ ਰਾਜ ਨਾ ਦੇਹਿ ਹੈਂ ਜੋ ਲੇਹਿ ਹੈ ਨਿਜ ਬਲ ਸੇ ਲੇਹਿ ਹੈਂ", ਤਾਂ ਇਹ ਉਨ੍ਹਾਂ ਸੂਰਬੀਰ ਯੋਧਿਆਂ ਦੀ ਗੁਰਮਤਿ ਸਿਧਾਂਤ ਪ੍ਰਤੀ ਸੁਚੇਤਤਾ ਹੀ ਸਮਝਣੀ ਚਾਹੀਦੀ ਹੈ। ਜੇ ਅਜਿਹਾ ਸੰਭਵ ਹੁੰਦਾ ਤਾਂ ਉਹ ਵੀ ਇਹ ਸੁੱਖਣਾ ਸੁੱਖ ਲੈਂਦੇ ਕਿ ਵਾਹਿਗੁਰੂ ਜੀ ਇਨ੍ਹਾਂ ਦੁਸ਼ਮਣਾਂ ਦਾ ਨਾਸ਼ ਕਰ ਦਿਓ, ਦੁਸ਼ਮਣਾਂ ਦੇ ਨਾਸ਼ ਉਪਰੰਤ ਅਸੀਂ ਇਤਨੇ ਪਾਠ/ਦਾਨ ਪੁੰਨ ਆਦਿ ਕਰਮ ਕਰਾਂਗੇ। ਅਜਿਹਾ ਹੋਣ ਨਾਲ ਸਿੰਘਾਂ ਨੂੰ ਨਾ ਤਾਂ ਅਕਹਿ ਤੇ ਅਸਹਿ ਕਸ਼ਟ ਸਹਾਰਨੇ ਪੈਂਦੇ ਅਤੇ ਨਾ ਹੀ ਇੰਨੀਆਂ ਸ਼ਹੀਦੀਆਂ ਦੇਣੀਆਂ ਪੈਂਦੀਆਂ। ਫਿਰ ਤਾਂ ਗੁਰੂ ਤੇਗ਼ ਬਹਾਦਰ ਜੀ ਵੀ ਸ਼ਹਾਦਤ ਦੇਣ ਦੀ ਥਾਂ ਕੇਵਲ ਮੰਨਤ ਹੀ ਮੰਨ ਲੈਂਦੇ ਕਿ ਐ ਪ੍ਰਭੂ ਜੀਓ! ਔਰੰਗਜ਼ੇਬ ਨੂੰ ਸੁਮੱਤ ਬਖ਼ਸ਼ੋ ਤਾਂ ਕਿ ਇਹ ਜ਼ੁਲਮ ਨਾ ਕਰੇ। ਇਸ ਤਰ੍ਹਾਂ ਮੰਨਤ ਕਰਨ ਨਾਲ ਔਰੰਗਜ਼ੇਬ ਦਾ ਮਨ ਬਦਲ ਜਾਂਦਾ ਜਾਂ ਉਸ ਦੀ ਮੌਤ ਹੋ ਜਾਂਦੀ। ਸਤਿਗੁਰੂ ਜੀ ਨੇ ਨਾ ਆਪ ਕਦੀ ਇਸ ਤਰ੍ਹਾਂ ਦੀ ਸੁੱਖਣਾ ਸੁੱਖੀ ਅਤੇ ਨਾ ਹੀ ਸਿੱਖਾਂ ਨੂੰ ਸੁੱਖਣ ਦੀ ਹਦਾਇਤ ਕੀਤੀ ਹੈ। ਖ਼ਾਲਸਾ ਪੰਥ ਉੱਤੇ ਲੱਖਾਂ ਮਾਰੂ ਝੱਖੜ ਝੁੱਲੇ ਪਰ ਕਦੇ ਵੀ ਖ਼ਾਲਸਾ ਪੰਥ ਨੇ ਇਹੋ ਜਿਹੀ ਮੰਨਤ ਨਹੀਂ ਮੰਨੀ, ਇਤਿਹਾਸ ਇਸ ਗੱਲ ਦਾ ਗਵਾਹ ਹੈ। ਚੂੰਕਿ ਸਿੱਖ ਗੁਰਮਤਿ ਦੇ ਸਿਧਾਂਤ ਨੂੰ ਸਮਝਦੇ ਸਨ; ਇਸ ਸਮਝ ਦੀ ਬਦੌਲਤ ਹੀ ਸਿੰਘਾਂ ਨੇ ਹੱਸਦਿਆਂ ਹੋਇਆਂ ਆਪਣਾ ਆਪ ਵਾਰਿਆ ਸੀ। ਗੁਰੂ-ਕਾਲ ਤੋਂ ਬਾਅਦ ਵਿਚ ਹੀ ਸੁੱਖਣਾ ਸੁੱਖਣ ਦੀਆਂ ਇਹੋ ਜਿਹੀਆਂ ਸਾਖੀਆਂ ਸਾਡੇ ਇਤਿਹਾਸ ਦਾ ਅੰਗ ਬਣੀਆਂ।

ਸੋ, ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰਮਤਿ ਵਿਚ ਕਸ਼ਟ ਆਦਿ ਸਮੇਂ ਆਤਮਿਕ ਬਲ ਹਾਸਲ ਕਰਨ ਲਈ ਅਰਦਾਸ ਦਾ ਵਿਧਾਨ ਤਾਂ ਹੈ ਪ੍ਰੰਤੂ ਬਦਲੇ ਵਿਚ ਕਿਸੇ ਕਰਮ-ਕਾਂਡੀ ਕਰਮ ਦੇ ਕਰਨ ਦਾ ਕੌਲ-ਕਰਾਰ ਨਹੀਂ ਹੈ। ਆਪਣੀਆਂ ਕਮਜ਼ੋਰੀਆਂ ਆਦਿ ਤੋਂ ਉਪਰ ਉੱਠਣ ਲਈ ਆਤਮਿਕ ਬਲ ਦੀ ਮੰਗ ਤਾਂ ਜ਼ਰੂਰ ਹੈ ਪਰ ਇਸ ਦੇ ਬਦਲੇ ਵਿਚ ਕਿਸੇ ਤਰ੍ਹਾਂ ਦੇ ਇਵਜ਼ਾਨਾ (ਰਸਮੀ ਧਰਮ-ਕਰਮ ਦੇ ਰੂਪ ਵਿਚ) ਦੇਣ ਦੀ ਰਵਾਇਤ ਨਹੀਂ ਹੈ। ਗੁਰਮਤਿ ਵਿਚ ਜਦ ਮਨੁੱਖ ਕਿਸੇ ਪ੍ਰਾਪਤੀ 'ਤੇ ਖ਼ੁਸ਼ੀ ਮਹਿਸੂਸ ਕਰਦਾ ਹੈ ਤਾਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਅਰਦਾਸ, ਪਾਠ, ਲੰਗਰ ਆਦਿ ਕਰਨ/ਕਰਾਉਣ ਦੀ ਪਰੰਪਰਾ ਤਾਂ ਹੈ, ਪਰ ਇਸ ਖ਼ੁਸ਼ੀ ਦੀ ਪ੍ਰਾਪਤੀ ਲਈ ਅਗਾਊਂ ਕੋਈ ਸ਼ਰਤ ਆਦਿ ਤਹਿ ਕਰਨ ਦੀ ਪਰੰਪਰਾ ਨਹੀਂ ਹੈ। ਲੋੜਾਂ-ਥੁੜਾਂ, ਸੰਕਟ ਆਦਿ ਸਮੇਂ ਅਰਦਾਸ ਦੀ ਪਰੰਪਰਾ ਹੈ ਪਰ ਸੁੱਖਣਾ/ਮੰਨਤ ਆਦਿ ਦਾ ਵਿਧਾਨ ਨਹੀਂ ਹੈ।

ਸੂਫ਼ੀ ਮਾਰਨਿ ਟੱਕਰਾਂ

ਭਾਈ ਕਾਨ੍ਹ ਸਿੰਘ ਨਾਭਾ ਨੇ 'ਸੂਫ਼ੀ' ਸ਼ਬਦ ਦੇ ਅਰਥ ਇਸ ਤਰ੍ਹਾਂ ਕੀਤੇ ਹਨ:

(1) ਅਰਬੀ ਸੂਫ ਪਦ ਦਾ ਅਰਥ ਪਵਿਤ੍ਰਤਾ ਅਤੇ ਉੱਨ ਹੈ। ਜੋ ਕੰਬਲ ਅਥਵਾ ਕੰਬਲ ਦੀ ਖਫਨੀ ਪਹਿਰੇ ਉਹ ਸੂਫ਼ੀ ਹੈ।

(2) ਜੋ ਪਵਿਤ੍ਰਾਤਮਾ ਹੋਵੇ, ਉਹ ਸੂਫ਼ੀ ਹੈ।

(3) ਯੂਨਾਨੀ 'ਸੋਫ਼ੀਆ' ਪਦ ਗਿਆਨ ਬੋਧਕ ਹੈ ਜੋ ਗਿਆਨੀ ਹੋਵੇ ਉਹ ਸੂਫ਼ੀ ਹੈ।

(4) ਮੁਸਲਮਾਨਾਂ ਦਾ ਇਕ ਫ਼ਿਰਕਾ ਸੂਫ਼ੀ ਅਥਵਾ ਸੂਫ਼ਈ ਅਖਾਉਂਦਾ ਹੈ ਜੋ ਵੇਦਾਂਤ ਅਤੇ ਇਸਲਾਮ ਦੇ ਮੇਲ ਤੋਂ ਉਪਜਿਆ ਹੈ। *(ਮਹਾਨ ਕੋਸ਼)*

ਸ਼ਬਦ 'ਸੂਫ਼ੀ' ਤੋਂ ਹੀ ਬਣਿਆ ਸ਼ਬਦ ਸੋਫ਼ੀ ਹੈ। ਇਸ ਦਾ ਅਰਥ ਹੈ:

ਪਰਹੇਜ਼ਗਾਰ, ਖ਼ਾਸ ਕਰਕੇ ਇਹ ਨਸ਼ਿਆਂ ਦਾ ਤਯਾਗੀ। *(ਮਹਾਨ ਕੋਸ਼)*

ਇਸ ਕਾਰਨ ਹੀ ਨਸ਼ਿਆਂ ਦੀ ਕਿਸੇ ਵੀ ਰੂਪ ਵਿਚ ਵਰਤੋਂ ਨਾ ਕਰਨ ਵਾਲਿਆਂ ਨੂੰ ਸੋਫ਼ੀ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਸੋਫ਼ੀ' ਸ਼ਬਦ ਦਾ ਬਹੁ-ਵਚਨ 'ਸੋਫ਼ੀਆ' ਸ਼ਬਦ ਆਇਆ ਹੈ। ਪ੍ਰੰਤੂ ਗੁਰਬਾਣੀ ਵਿਚ ਇਹ ਸ਼ਬਦ ਪ੍ਰਚੱਲਤ ਭਾਵਾਰਥ ਵਿਚ ਨਹੀਂ ਆਇਆ ਹੈ। ਗੁਰਬਾਣੀ ਵਿਚ ਇਹ ਸ਼ਬਦ ਮੋਹ ਰੂਪ ਨਸ਼ੇ ਦੇ ਅਰਥ ਵਿਚ ਆਇਆ ਹੈ। ਨਿਮਨ-ਲਿਖਤ ਫ਼ੁਰਮਾਨ ਵਿਚ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ:

ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥

(ਸਿਰੀਰਾਗੁ ਮ: ੧, ਪੰਨਾ 15)

ਅਰਥ: ਜਿਨ੍ਹਾਂ ਨੇ ਮੋਹ-ਨਸ਼ਾ ਛੱਡ ਕੇ ਪਰਮਾਤਮਾ ਦਾ ਦਰ ਮੱਲਣ ਦਾ ਆਹਰ ਕੀਤਾ, ਉਨ੍ਹਾਂ ਨੂੰ ਸਦਾ-ਥਿਰ ਰਹਿਣ ਵਾਲਾ ਪ੍ਰਭੂ ਮਿਲ ਪਿਆ।

ਗੁਰੂ ਗ੍ਰੰਥ ਸਾਹਿਬ ਵਿਚ ਇਹ 'ਸੋਫੀਆ' ਸ਼ਬਦ ਕੇਵਲ ਇਸ ਪੰਗਤੀ ਵਿਚ ਹੀ ਆਇਆ ਹੈ, ਹੋਰ ਕਿਧਰੇ ਨਹੀਂ ਆਇਆ।

ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਪ੍ਰਾਣੀਆਂ ਨੂੰ ਸੋਫ਼ੀ ਕਿਹਾ ਗਿਆ ਹੈ ਜਿਹੜੇ ਦੂਜਿਆਂ ਨੂੰ ਤੱਤ ਗਿਆਨ ਦਾ ਉਪਦੇਸ਼ ਕਰਦੇ ਹਨ ਪ੍ਰੰਤੂ ਆਪ ਉਸ ਵਿਚ ਵਿਸ਼ਵਾਸ ਨਹੀਂ ਕਰਦੇ। ਭਾਵ, ਜੀਵਨ ਦੀ ਜਿਨ੍ਹਾਂ ਉੱਚ ਕਦਰਾਂ-ਕੀਮਤਾਂ ਦਾ ਉਹ ਪ੍ਰਚਾਰ ਕਰਦੇ ਹਨ, ਉਨ੍ਹਾਂ ਨੂੰ ਆਪ ਧਾਰਨ ਨਹੀਂ ਕਰਦੇ ਹਨ, ਜਿਸ ਆਤਮਿਕ ਭੋਜਨ ਦੀਆਂ ਅਨੇਕਾਂ ਵਿਸ਼ੇਸ਼ਤਾਈਆਂ ਦੂਜਿਆਂ ਨੂੰ ਦੱਸ ਕੇ, ਇਹ ਭੋਜਨ ਖਾਣ ਲਈ ਉਤਸ਼ਾਹਿਤ ਕਰਦੇ ਹਨ, ਉਸ ਭੋਜਨ ਨੂੰ ਆਪ ਖਾਣ ਤੋਂ ਸੰਕੋਚ ਕਰਦੇ ਹਨ। ਜਿਨ੍ਹਾਂ ਵਿਕਾਰਾਂ ਤੋਂ ਹੋਰਨਾਂ

ਨੂੰ ਸੁਚੇਤ ਕਰਦਿਆਂ ਹੋਇਆਂ ਇਨ੍ਹਾਂ ਤੋਂ ਬਚਣ ਦੀ ਪ੍ਰੇਰਨਾ ਕਰਦੇ ਹਨ, ਆਪ ਉਨ੍ਹਾਂ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਏ ਰਹਿੰਦੇ ਹਨ। ਜਿਸ ਜੀਵਨ ਆਦਰਸ਼ ਦਾ ਢੰਡੋਰਾ ਪਿਟਦੇ ਹਨ, ਉਸ ਤੋਂ ਆਪ ਕੋਰੇ ਰਹਿੰਦੇ ਹਨ। ਜਿਸ ਪਰਮ ਰਸ ਨੂੰ ਚੱਖਣ ਦਾ ਦਿਨ ਰਾਤ ਹੋਕਾ ਦੇਂਦੇ ਹਨ, ਆਪ ਉਸ ਰਸ ਤੋਂ ਵਾਂਝੇ ਰਹਿੰਦੇ ਹਨ। ਚੂੰਕਿ ਉਨ੍ਹਾਂ ਨੂੰ ਉਸ ਨਾਮ ਖ਼ਜ਼ਾਨੇ ਦੀ, ਜਿਸ ਦੀ ਮਹਿਮਾ ਤੋਂ ਦੂਜਿਆਂ ਨੂੰ ਜਾਣੂੰ ਕਰਾ ਰਹੇ ਹੁੰਦੇ ਹਨ, ਆਪ ਬਿਲਕੁਲ ਹੀ ਸਾਰ ਨਹੀਂ ਹੁੰਦੀ। ਉਹ ਅੰਮ੍ਰਿਤ ਭੋਜਨ ਬਾਰੇ ਮੁਨਾਦੀ/ਮਨਾਦੀ ਹੀ ਕਰਦੇ ਰਹਿੰਦੇ ਹਨ ਕਿ ਇਹ ਭੋਜਨ ਸਾਰਿਆਂ ਨਾਲੋਂ ਉੱਤਮ ਭੋਜਨ ਹੈ, ਇਸ ਨੂੰ ਖਾਧਿਆਂ ਸਾਰੀਆਂ ਭੁੱਖਾਂ ਮਿਟ ਜਾਂਦੀਆਂ ਹਨ, ਪਰ ਆਪ ਇਸ ਨੂੰ ਛਕਣ ਤੋਂ ਹਮੇਸ਼ਾ ਹੀ ਸੰਕੋਚ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਸੋਫੀਆਂ ਦੀ ਇਹੋ ਜਿਹੀ ਰਹਿਣੀ ਦਾ ਵਰਣਨ ਕਰਦਿਆਂ ਹੋਇਆਂ ਸਪੱਸ਼ਟ ਕੀਤਾ ਹੈ:

ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥

(ਗਉੜੀ ਮਹਲਾ ੧, ਪੰਨਾ 152)

ਅਰਥ: ਹੇ (ਵੇਦ ਆਦਿਕ ਪੁਸਤਕਾਂ ਦਾ ਵਿਦਵਾਨ) ਪੰਡਿਤ (ਵੇਦ ਆਦਿਕ ਧਰਮ-ਪੁਸਤਕਾਂ ਨੂੰ) ਪੜ੍ਹ ਪੜ੍ਹ ਕੇ (ਭੀ) ਚਰਚਾ ਕਰਦਾ ਰਹਿੰਦਾ ਹੈ। ਉਹ ਪੰਡਿਤ (ਆਪਣੇ) ਅੰਦਰ ਵੱਸਦੇ ਨਾਮ-ਪਦਾਰਥ ਨਾਲ ਸਾਂਝ ਨਹੀਂ ਪਾਉਂਦਾ।

ਅਜਿਹੇ ਸੋਫੀ ਨਾਮ-ਪਦਾਰਥ ਨਾਲ ਸਾਂਝ ਨਾ ਪਾਉਣ ਕਾਰਨ ਆਤਮਿਕ ਭੁੱਖ ਦਾ ਸ਼ਿਕਾਰ ਹੋ ਕੇ ਤ੍ਰਿਸ਼ਨਾ ਦੀ ਅੱਗ ਵਿਚ ਦਿਨੇ-ਰਾਤ ਸੜਦੇ ਬਲਦੇ ਰਹਿੰਦੇ ਹਨ। ਇਸ ਤਰ੍ਹਾਂ ਦੇ ਸੋਫੀਆਂ ਦੀ ਇਸ ਤਰਸਯੋਗ ਹਾਲਤ ਬਾਰੇ ਹੀ ਗੁਰੂ ਗ੍ਰੰਥ ਸਾਹਿਬ ਦਾ ਫ਼ੁਰਮਾਨ ਹੈ:

ਕੜਛੀਆ ਫਿਰੰਨਿ ਸੁਆਉ ਨ ਜਾਣਨਿ੍ ਸੁਞੀਆ ॥
ਸੇਈ ਮੁਖ ਦਿਸੰਨਿ ਨਾਨਕ ਰਤੇ ਪ੍ਰੇਮ ਰਸਿ ॥

(ਵਾਰ ਗੂਜਰੀ ਮਹਲਾ ੫, ਪੰਨਾ 521)

ਅਰਥ: ਹੇ ਨਾਨਕ! ਕੜਛੀਆਂ (ਦਾਲ ਭਾਜੀ ਦੇ ਭਾਂਡੇ ਵਿਚ) ਫਿਰਦੀਆਂ ਹਨ (ਪਰ ਉਹ ਉਸ ਦਾਲ ਭਾਜੀ) ਦਾ ਸੁਆਦ ਨਹੀਂ ਜਾਣਦੀਆਂ (ਕਿਉਂਕਿ ਉਹ) ਖ਼ਾਲੀ (ਹੀ ਰਹਿੰਦੀਆਂ) ਹਨ, (ਇਸੇ ਤਰ੍ਹਾਂ) ਉਹ ਮੂੰਹ (ਸੋਹਣੇ) ਦਿੱਸਦੇ ਹਨ ਜੋ ਪ੍ਰੇਮ ਦੇ ਸੁਆਦ ਵਿਚ ਰੰਗੇ ਗਏ ਹਨ (ਨਿਰੀਆਂ ਗੱਲਾਂ ਕਰਨ ਵਾਲੇ ਮੂੰਹ ਕੜਛੀਆਂ ਵਾਂਗ ਹੀ ਹਨ)।

ਇਸ ਤਰ੍ਹਾਂ ਦੇ ਸੋਫੀ ਗਿਆਨ ਦੇ ਚਸ਼ਮੇ ਕੋਲ ਬੈਠ ਕੇ ਵੀ ਪਿਆਸੇ ਰਹਿੰਦੇ ਹਨ। ਇਹ ਅਜਿਹੇ ਸਾਕੀ ਹਨ ਜਿਹੜੇ ਹੋਰਨਾਂ ਨੂੰ ਅੰਮ੍ਰਿਤ ਦੇ ਪਿਆਲੇ ਭਰ ਭਰ ਕੇ ਛਕਾਉਣ ਦੇ ਆਹਰ ਵਿਚ ਰਹਿੰਦੇ ਹਨ, ਪਰ ਆਪਣੇ ਹੋਠਾਂ ਨਾਲ ਨਾਮ ਪਿਆਲੇ ਨੂੰ ਛੁਹਾਉਣੋਂ ਸੰਕੋਚ ਕਰਦੇ ਹਨ। ਉਨ੍ਹਾਂ ਦੇ ਇਸ ਸੰਕੋਚ ਕਾਰਨ ਉਨ੍ਹਾਂ ਨੂੰ ਮਾਨਸਿਕ ਕਲੇਸ਼ਾਂ ਤੋਂ ਛੁਟਕਾਰਾ ਨਹੀਂ ਮਿਲਦਾ। ਇਨ੍ਹਾਂ ਭਾਗਹੀਣ ਸੋਫੀਆਂ ਦੀ ਤਰਸਯੋਗ ਹਾਲਤ ਤੋਂ ਇੱਥੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸੀਤਲਤਾ ਦੇ ਸੋਮੇ ਦੇ ਪਾਸ ਬੈਠੇ ਹੋਏ ਵੀ ਤ੍ਰਿਸ਼ਨਾ-ਅੱਗ ਨਾਲ ਝੁਲਸਦੇ ਰਹਿੰਦੇ ਹਨ। ਇਨ੍ਹਾਂ ਦੀ ਹਾਲਤ

ਉਸ ਹਿਰਨ ਵਰਗੀ ਹੋ ਜਾਂਦੀ ਹੈ ਜਿਹੜਾ ਆਪਣੀ ਹੀ ਨਾਭੀ ਵਿਚ ਕਸਤੂਰੀ ਦੀ ਖ਼ਬਰ ਨਾ ਹੋਣ ਕਾਰਨ, ਕਸਤੂਰੀ ਦੀ ਭਾਲ ਵਿਚ ਬਾਹਰ ਭਟਕਦਾ ਫਿਰਦਾ ਹੈ:

ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥

(ਵਾਰ ਸੋਰਠਿ ਮਹਲਾ ੩, ਪੰਨਾ 644)

ਇਹੋ ਜਿਹੇ ਸੂਫ਼ੀ ਨਦੀ ਕੰਢੇ ਬੈਠੇ ਹੋਏ ਵੀ ਪਿਆਸ ਨਾਲ ਵਿਆਕੁਲ ਹੁੰਦੇ ਹਨ, ਪਰੋਸਿਆ ਹੋਇਆ ਥਾਲ ਇਨ੍ਹਾਂ ਦੇ ਅੱਗੇ ਰੱਖਿਆ ਹੁੰਦਾ ਹੈ ਪਰ ਖਾਣ ਤੋਂ ਸੰਕੋਚ ਕਰਨ ਕਰ ਕੇ ਭੁੱਖ ਦਾ ਦੁੱਖ ਸਹਿੰਦੇ ਹਨ। ਗਿਆਨ ਦੀ ਪੰਡ ਸਿਰ ਉੱਤੇ ਚੁੱਕੀ ਹੋਈ ਹੁੰਦੀ ਹੈ ਪਰ ਇਸ ਤੋਂ ਲਾਭ ਉਠਾਉਣ ਦੀ ਬਜਾਏ ਉਲਟਾ ਇਸ ਦੇ ਭਾਰ ਦਾ ਕਸ਼ਟ ਹੀ ਸਹਾਰਦੇ ਹਨ। ਆਮ ਲੋਕਾਈ ਨੂੰ ਆਤਮਿਕ ਅੰਧਕਾਰ ਵਿੱਚੋਂ ਬਾਹਰ ਕੱਢਣ ਦਾ ਉਪਕਾਰ ਕਰਦੇ ਹੋਏ ਆਪ ਇਸ ਅੰਧਕਾਰ ਦਾ ਸ਼ਿਕਾਰ ਹੋਣ ਕਾਰਨ ਮਾਇਆ ਦੇ ਹੱਥੋਂ ਹਰ ਪਲ ਜ਼ਲੀਲ ਹੁੰਦੇ ਰਹਿੰਦੇ ਹਨ। ਹੋਰਨਾਂ ਨੂੰ ਹਿਰਦੇ-ਘਰ ਦੀ ਰਖਵਾਲੀ ਦਾ ਹੋਕਾ ਦੇ ਰਿਹਾਂ ਦਾ ਆਪਣਾ ਹਿਰਦਾ-ਘਰ ਬੁਰੀ ਤਰ੍ਹਾਂ ਲੁੱਟਿਆ ਜਾ ਰਿਹਾ ਹੁੰਦਾ ਹੈ:

ਪੜਿ ਪੰਡਿਤੁ ਅਵਰਾ ਸਮਝਾਏ ॥ ਘਰ ਜਲਤੇ ਕੀ ਖਬਰਿ ਨ ਪਾਏ ॥

(ਮਾਰੂ ਮਹਲਾ ੩, ਪੰਨਾ 1046)

ਅਰਥ : ਹੇ ਭਾਈ! ਪੰਡਿਤ (ਧਰਮ ਪੁਸਤਕਾਂ) ਪੜ੍ਹ ਕੇ ਹੋਰਨਾਂ ਨੂੰ ਮੱਤਾਂ ਦੇਂਦਾ ਹੈ, ਪਰ (ਮਾਇਆ ਦੀ ਤ੍ਰਿਸ਼ਨਾ-ਅੱਗ ਨਾਲ ਆਪਣਾ ਹਿਰਦਾ-) ਘਰ ਸੜ ਰਹੇ ਦਾ ਉਸ ਨੂੰ ਪਤਾ ਹੀ ਨਹੀਂ ਲੱਗਦਾ।

ਇਸ ਸ਼੍ਰੇਣੀ ਦੇ ਸੂਫ਼ੀ ਅਜਿਹੇ ਪਰਉਪਕਾਰੀ (?) ਹੁੰਦੇ ਹਨ ਕਿ ਜਿਸ ਵਸਤੂ ਨੂੰ ਅੰਮ੍ਰਿਤ ਆਖ ਕੇ ਦੂਜਿਆਂ ਨੂੰ ਛਕਣ ਲਈ ਪ੍ਰੇਰਦੇ ਹਨ, ਆਪ ਉਨ੍ਹਾਂ ਨੂੰ ਇਹ ਬਿਲਕੁਲ ਹੀ ਸਵਾਦਿਸ਼ਟ ਨਹੀਂ ਲੱਗਦਾ। ਹੋਰਨਾਂ ਦੇ ਘਰ ਬਚਾਉਂਦੇ ਹੋਏ ਆਪਣਾ ਸਭ ਕੁਝ ਲੁਟਾ ਬੈਠਦੇ ਹਨ:

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ *(ਸਲੋਕ ਕਬੀਰ ਜੀ, ਪੰਨਾ 1369)*

ਅਰਥ : ਹੇ ਕਬੀਰ! ਜੋ ('ਸਾਧ' ਨਿਰਾ) ਹੋਰਨਾਂ ਨੂੰ ਮੱਤਾਂ ਦੇਂਦੇ ਹਨ, ਪਰ ਉਨ੍ਹਾਂ ਦੇ ਆਪਣੇ ਅੰਦਰ ਕੋਈ ਰਸ ਨਹੀਂ ਆਉਂਦਾ। ਅਜਿਹੇ ('ਸਾਧ') ਹੋਰਨਾਂ ਦੀ ਰਾਸ-ਪੂੰਜੀ ਦੀ ਤਾਂ ਰਾਖੀ ਕਰਨ ਦਾ ਯਤਨ ਕਰਦੇ ਹਨ, ਪਰ ਆਪਣੇ ਪਿਛਲੇ ਸਾਰੇ ਗੁਣ ਮੁਕਾ ਲੈਂਦੇ ਹਨ।

ਇਹੋ ਜਿਹੇ ਭਾਗਹੀਣ ਸੋਫ਼ੀ ਇਸ ਗੱਲ ਨੂੰ ਸਮਝਦੇ ਹਨ ਕਿ ਹੋਰਨਾਂ ਨੂੰ ਮੱਤਾਂ ਦੇਣ ਨਾਲ ਹੀ ਆਪਣੇ ਆਤਮਿਕ ਗੁਣਾਂ ਦੀ ਰਾਸ ਪੂੰਜੀ ਨੂੰ ਨਹੀਂ ਬਚਾ ਸਕੀਦਾ। ਆਪਣੀ ਇਸ ਰਾਸ-ਪੂੰਜੀ ਨੂੰ ਬਚਾਉਣ ਲਈ ਆਪ ਹੰਭਲਾ ਮਾਰਨ ਦੀ ਲੋੜ ਹੁੰਦੀ ਹੈ।

ਆਤਮਿਕ ਗੁਣਾਂ ਨੂੰ ਵਿਕਾਰਾਂ ਹੱਥੋਂ ਲੁਟਾਉਣ ਕਾਰਨ ਅਜਿਹੇ ਸੋਫ਼ੀਆਂ ਦੇ ਮਨ ਵਿਚ ਲੋਭ, ਹੰਕਾਰ ਆਦਿ ਦਾ ਹੀ ਬੋਲ-ਬਾਲਾ ਰਹਿੰਦਾ ਹੈ। ਉਨ੍ਹਾਂ ਦਾ ਮਨ ਸਥਿਰ ਨਹੀਂ ਰਹਿੰਦਾ। ਆਤਮਿਕ ਗਿਆਨ ਦੀਆਂ ਗੱਲਾਂ ਕਰਦਿਆਂ ਹੋਇਆਂ,

ਆਤਮਿਕ ਮੰਡਲ ਵਿਚ ਉਡਾਰੀਆਂ ਮਾਰਦਿਆਂ ਹੋਇਆਂ ਵੀ ਉਨ੍ਹਾਂ ਦੀਆਂ ਨਜ਼ਰਾਂ ਵਿਕਾਰਾਂ ਦੀ ਗੰਦਗੀ ਦੇ ਢੇਰ 'ਤੇ ਹੀ ਟਿਕੀਆਂ ਰਹਿੰਦੀਆਂ ਹਨ। ਅਜਿਹੀ ਰੁਚੀ ਮਨ, ਬਚਨ ਕਰਮ ਦੁਆਰਾ ਪ੍ਰਗਟ ਹੋ ਹੀ ਜਾਂਦੀ ਹੈ:

ਜਗੁ ਕਊਆ ਮੁਖਿ ਚੁੰਚ ਗਿਆਨੁ ॥ ਅੰਤਰਿ ਲੋਭੁ ਝੂਠੁ ਅਭਿਮਾਨੁ ॥
ਬਿਨੁ ਨਾਵੈ ਪਾਜੁ ਲਹਗੁ ਨਿਦਾਨਿ ॥ *(ਬਿਲਾਵਲੁ ਮਹਲਾ ੩, ਪੰਨਾ 832)*

ਅਰਥ: ਹੇ ਭਾਈ! ਮਾਇਆ-ਵੇੜ੍ਹਿਆ ਮਨੁੱਖ ਕਾਂ (ਵਾਂਗ ਲੈਂ ਲੈਂ ਕਰਨ ਵਾਲਾ) ਹੈ, (ਨਿਰਾ) ਮੂੰਹੋਂ ਜ਼ਬਾਨੀ ਜ਼ਬਾਨੀ ਆਤਮਿਕ ਜੀਵਨ ਦੀ ਸੂਝ (ਦੱਸਦਾ ਰਹਿੰਦਾ ਹੈ, ਜਿਵੇਂ ਕਾਂ ਆਪਣੀ ਚੁੰਝ ਨਾਲ ਕਾਂ ਕਾਂ ਕਰਦਾ ਹੈ)। (ਪਰ ਉਸ ਚੁੰਚ-ਗਿਆਨੀ ਦੇ) ਮਨ ਵਿਚ ਲੋਭ (ਟਿਕਿਆ ਰਹਿੰਦਾ) ਹੈ, ਅਹੰਕਾਰ (ਟਿਕਿਆ ਰਹਿੰਦਾ) ਹੈ। ਹੇ ਭਾਈ! ਨਾਮ ਤੋਂ ਵਾਂਝੇ ਰਹਿ ਕੇ ਇਹ ਧਾਰਮਿਕ ਵਿਖਾਵਾ ਆਖ਼ਰ ਉੱਘੜ ਹੀ ਜਾਂਦਾ ਹੈ। ਭਾਈ ਗੁਰਦਾਸ ਜੀ ਇਸ ਸੱਚ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:

ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ।
ਕੜਛੀ ਸਾਉ ਨ ਸੰਮ੍ਹਲੇ ਭੋਜਨ ਰਸੁ ਖਾਣੈ।
ਡਡੂ ਚਿਕੜਿ ਵਾਸੁ ਹੈ ਕਵਲੈ ਨ ਸਿਞਾਣੈ।
ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ।
ਗੁਜਰੁ ਗੋਰਸੁ ਵੇਚਿਕੈ ਖਲਿ ਸੂੜੀ ਆਣੈ।
ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ ॥੪॥੩੪॥

ਅਰਥ: ਬਾਂਦਰ ਦੇ ਗਲ ਵਿਖੇ ਰਤਨਾਂ ਦੀ ਮਣੀ (ਪਾਈਏ) ਉਹ ਕੁਝ ਮੁੱਲ ਨਹੀਂ ਜਾਣਦਾ, (ਭਾਰ ਹੀ ਗਲ ਵਿਖੇ ਸਮਝ ਕੇ ਸਿੱਟ ਦੇਂਦਾ ਹੈ)। ਕੜਛੀ ਸੁਆਦ ਨਹੀਂ ਲੈਂਦੀ (ਭਾਵੇਂ) ਕਈ ਪ੍ਰਕਾਰ ਦੇ ਭੋਜਨਾਂ ਅਰ ਖਾਣਿਆਂ ਦੇ ਰਸਾਂ (ਸੁਆਦਾਂ ਵਿਖੇ ਫਿਰਦੀ ਹੈ)। ਡੱਡੂ ਦਾ ਚਿੱਕੜ ਵਿਖੇ ਨਿਵਾਸ ਹੈ, (ਪ੍ਰੰਤੂ ਉਥੇ ਹੀ) ਕੰਵਲ (ਹੁੰਦਾ ਹੈ) ਸਿਞਾਣ ਨਹੀਂ ਕਰਦਾ, (ਸਿਵਾਲ ਵਿਚ ਹੀ ਮਸਤ ਰਹਿੰਦਾ ਹੈ)। ਮਿਰਗ ਦੀ ਨਾਭੀ ਵਿਖੇ ਹੀ ਕਸਤੂਰੀ ਹੈ, ਹੈਰਾਨ ਹੋਇਆ ਲੱਭਦਾ ਫਿਰਦਾ ਹੈ (ਕਿ ਕਿਧਰੋਂ ਸੁਗੰਧੀ ਆ ਰਹੀ ਹੈ, ਆਪਣੀ ਨਾਭੀ ਵੱਲ ਧਿਆਨ ਨਹੀਂ ਦਿੰਦਾ, ਗੁੱਜਰ ਦੁੱਧ ਵੇਚ ਕੇ ਖਲ ਅਤੇ ਛਾਣ ਬੂਰਾ ਲੈ ਆਉਂਦਾ ਹੈ। (ਤਿਵੇਂ ਬੇਮੁਖ ਮੂਲ ਥੋਂ ਭੁੱਲਿਆ ਹੋਇਆ ਅੰਤ ਨੂੰ ਜਮਾਂ ਦੇ ਕਸ਼ਟ ਪਿਆ ਸਹਾਰਦਾ ਹੈ।

[ਨੋਟ: ਵਿਕਾਰਾਂ ਦੇ ਵਹੇ ਚੜ੍ਹ ਕੇ ਸ਼ੁਭ ਗੁਣਾਂ ਦੀ ਰਾਸ-ਪੂੰਜੀ ਲੁਟਾ ਕੇ ਤ੍ਰਿਸ਼ਨਾ, ਈਰਖਾ ਆਦਿ ਵਿਚ ਸੜਦੇ ਬਲਦੇ ਰਹਿਣਾ ਹੀ ਜਮਾਂ ਦੇ ਕਸ਼ਟ ਸਹਾਰਨਾ ਹੈ।]

ਭਾਈ ਗੁਰਦਾਸ ਜੀ 39ਵੀਂ ਵਾਰ ਦੀ 8ਵੀਂ ਪਉੜੀ ਵਿਚ ਅਜਿਹੇ ਸੋਫ਼ੀਆਂ ਦੀ ਹੀ ਤਰਸਯੋਗ ਹਾਲਤ ਉੱਤੇ ਰੋਸ਼ਨੀ ਪਾਉਂਦਿਆਂ ਲਿਖਦੇ ਹਨ:

ਚਾਕਰ ਅਮਲੀ ਸੋਫੀਆਂ ਪਾਤਿਸਾਹ ਦੀ ਚਉਕੀ ਆਏ।
ਹਾਜਰ ਹਾਜਰਾਂ ਲਿਖੀਅਨਿ ਗੈਰ-ਹਾਜਰਾਂ ਗੈਰ-ਹਾਜਰ ਲਾਏ।
ਲਾਇਕ ਦੇ ਵੀਚਾਰਿਕੈ ਵਿਰਲੇ ਮਜਲਸ ਵਿਚਿ ਸਦਾਏ।
ਪਾਤਿਸਾਹ ਹੁਸਿਆਰ ਮਸਤ ਖੁਸ਼ ਫਹਿਮੀ ਦੋਵੇ ਪਰਚਾਏ।

ਦੇਨਿ ਪਿਆਲੇ ਅਮਲੀਆਂ ਸੋਫੀ ਸਭ ਪਿਆਵਣ ਲਾਏ।
ਮਤਵਾਲੇ ਅਮਲੀ ਹੋਏ ਪੀ ਪੀ ਚੜ੍ਹੇ ਸਹਿਜ ਘਰ ਜਾਏ।
ਸੂਫੀ ਮਾਰਨਿ ਟਕਰਾਂ ਪੂਜ ਨਿਵਾਜੇ ਸੀਸ ਨਿਵਾਏ।
ਵੇਦ ਕਤੇਬ ਅਜਾਬ ਵਿਚਿ ਕਰਿ ਕਰਿ ਖੁਦੀ ਬਹਸ ਬਹਸਾਏ।
ਗੁਰਮੁਖਿ ਸੁਖ ਫਲ ਵਿਰਲਾ ਪਾਏ ॥੮॥੩੯॥

ਅਰਥ : ਅਮਲੀ ਅਤੇ ਸੋਫੀ ਦੋਵੇਂ ਚਾਕਰ ਪਾਤਸ਼ਾਹ ਦੇ ਪਹਿਰੇ ਵਿਚ ਬੁਲਾਏ ਗਏ। ਜੋ ਹਾਜ਼ਰ ਸਨ ਹਾਜ਼ਰ ਲਿਖੇ ਅਰ ਜੋ ਗ਼ੈਰ-ਹਾਜ਼ਰ ਸਨ ਗ਼ੈਰ-ਹਾਜ਼ਰ ਦਰਜ ਕੀਤੇ (ਸਨਮੁਖ ਹਾਜ਼ਰ, ਤੇ ਬੇਮੁਖ ਗ਼ੈਰ-ਹਾਜ਼ਰ। ਜੋ ਹਰਦਮ ਹਜ਼ੂਰੀ ਵਿਚ ਹਨ ਸੋ ਹਾਜ਼ਰ, ਜੋ ਵਿਸਾਰੇ ਵਿਚ ਹਨ ਚਾਹੇ ਗਯਾਨੀ ਹਨ, ਗ਼ੈਰ-ਹਾਜ਼ਰ ਹਨ। "ਦੂਖ ਘਨੋ ਜਬ ਹੋਤੇ ਦੂਰਿ॥ ਅਬ ਮਸਲਤਿ ਮੋਹਿ ਮਿਲੀ ਹਦੂਰਿ॥" (ਉਨ੍ਹਾਂ ਵਿੱਚੋਂ ਜੋ ਚੰਗੇ) ਲਾਇਕ ਹਨ ਓਹ ਚੋਣਵੇਂ ਵੀਚਾਰ ਕੇ ਸਭਾ ਵਿਖੇ ਬੁਲਾਏ ਗਏ, (ਭਾਵ ਸਨਮੁਖਾਂ ਵਿੱਚੋਂ ਗੁਰਮੁਖ ਚੁਣੇ ਗਏ)। ਪਾਤਸ਼ਾਹ ਹੁਸ਼ਿਆਰ (ਹੈ ਉਸ ਨੇ) ਮਸਤ ਤੇ ਖੁਸ਼ ਫ਼ਹਿਮੀ ਦੋਵੇਂ ਪਰਚਾ ਦਿੱਤੇ (ਭਾਵ ਦੋਹਾਂ ਨੂੰ ਪ੍ਰੇਮ ਦਾ ਪਿਆਲਾ ਦਿੱਤਾ ਗਿਆ)। ਅਮਲੀਆਂ ਨੂੰ (ਪ੍ਰੇਮ) ਪਿਆਲੇ ਪਿਆਵਣ ਲਈ ਸੋਫੀਆਂ ਨੂੰ ਲਾਇਆ, (ਭਾਵ ਪੰਡਿਤ, ਮੁੱਲਾਂ, ਭਾਈ ਪਰਮੇਸ਼ਰ ਦਾ ਕਥਾ ਕੀਰਤਨ ਸੁਣਾਉਂਦੇ ਹਨ ਤੇ ਪ੍ਰੇਮੀ ਸੁਣ ਕੇ ਅਨੁਭਵ ਕਰਦੇ ਹਨ)। ਮਤਵਾਲੇ ਪੀ ਪੀ ਕੇ ਅਮਲੀ ਹੋ ਗਏ, (ਸਹਿਜ ਘਰ) ਪਰਮਾਤਮਾ ਦੇ ਘਰ ਵਿਖੇ ਜਾ ਬਿਰਾਜੇ। (ਅਰ ਜੋ) ਸੋਫੀ (ਹੀ ਰਹੇ ਲੋਕਾਂ ਨੂੰ ਦਿੰਦੇ ਰਹੇ ਪਰ ਆਪ ਪਿਆਲਾ ਨਾ ਪੀਤਾ) ਓਹ ਟੱਕਰਾਂ ਮਾਰ ਮਾਰ ਕੇ ਪੂਜਾ ਅਰ ਨਮਾਜ਼ਾਂ ਵਿਚ ਮੱਥੇ ਭੰਨਣ ਲੱਗੇ। ਵੇਦਾਂ (ਅਰ ਸ਼ਰੀਅਤ ਆਦਿ) ਕਿਤਾਬਾਂ ਦੇ ਦੁਖ ਵਿਖੇ ਹੰਕਾਰ ਦੇ ਭਰੇ ਹੋਏ ਜਿਦਾਂ ਤੇ ਝਗਿੜਆਂ ਵਿਚ ਝਗੜਦੇ ਰਹਿ ਗਏ। ਵਿਰਲਾ (ਕੋਈ, ਜੋ) ਗੁਰਮੁਖ (ਹੋਵੇ ਸੋ) ਸੁਖ ਫਲ ਪਾਉਂਦਾ ਹੈ।

ਭੱਟ ਭਿਖਾ ਜੀ ਇਸ ਤਰ੍ਹਾਂ ਦੇ ਸੋਫੀਆਂ ਬਾਰੇ ਹੀ ਕਹਿੰਦੇ ਹਨ :

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ ਰਹਤ ਕੋ ਖੁਸੀ ਨ ਆਯਉ ॥

(ਸਵਈਏ ਮਹਲੇ ਤੀਜੇ ਕੇ, ਪੰਨਾ 1395)

ਅਰਥ : ਮੈਂ ਸੰਤਾਂ ਨੂੰ ਟੋਲਦਾ ਟੋਲਦਾ ਥੱਕ ਗਿਆ ਹਾਂ, ਮੈਂ ਕਈ ਸਾਧ (ਭੀ) ਵੇਖੇ ਹਨ, ਕਈ ਸੰਨਿਆਸੀ, ਕਈ ਤਪੱਸਵੀ ਤੇ ਕਈ ਇਹ ਮੂੰਹੋਂ-ਮਿੱਠੇ ਪੰਡਿਤ (ਭੀ) ਵੇਖੇ ਹਨ। ਮੈਂ ਇਕ ਸਾਲ ਫਿਰਦਾ ਰਿਹਾ ਹਾਂ, ਕਿਸੇ ਨੇ ਮੇਰੀ ਨਿਸ਼ਾ ਨਹੀਂ ਕੀਤੀ; ਸਾਰੇ (ਮੂੰਹੋਂ) ਆਖਦੇ ਹੀ ਆਖਦੇ (ਭਾਵ, ਹੋਰਨਾਂ ਨੂੰ ਉਪਦੇਸ਼ ਕਰਦੇ ਹੀ) ਸੁਣੇ ਹਨ, ਪਰ ਕਿਸੇ ਦੀ ਰਹਿਤ ਵੇਖ ਕੇ ਮੈਨੂੰ ਅਨੰਦ ਨਹੀਂ ਆਇਆ।

ਗੁਰੂ ਗ੍ਰੰਥ ਸਾਹਿਬ ਵਿਚ ਜਦ ਆਤਮਿਕ ਮੌਤ ਦਾ ਸ਼ਿਕਾਰ ਹੋਏ ਪ੍ਰਾਣੀਆਂ ਦੀ ਗੱਲ ਕੀਤੀ ਗਈ ਹੈ ਤਾਂ ਇਸ ਵਿਚ ਅਜਿਹੇ ਸੋਫੀਆਂ ਦੀ ਵੀ ਗਿਣਤੀ ਕੀਤੀ ਗਈ ਹੈ :

ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ॥

(ਸੋਰਠਿ ਕਬੀਰ ਜੀ, ਪੰਨਾ 654)

ਅਰਥ : ਸਾਰੇ ਜਗਤ ਉੱਤੇ ਕਾਲ ਦਾ ਸਹਿਮ ਪਿਆ ਹੋਇਆ ਹੈ, ਭਰਮੀ ਗਿਆਨੀ ਭੀ ਉਸੇ ਹੀ ਲੇਖੇ ਵਿਚ ਲਿਖੇ ਗਏ ਹਨ (ਉਹ ਭੀ ਮੌਤ ਦੇ ਸਹਿਮ ਵਿਚ ਹੀ ਹਨ)।

ਇਸ ਤਰ੍ਹਾਂ ਦੇ ਸੌਫ਼ੀ ਚੂੰਕਿ ਦੂਜਿਆਂ ਨੂੰ ਹੀ ਗਿਆਨਵਾਨ ਬਣਾਉਣ ਵਿਚ ਵਿਸ਼ਵਾਸ ਰੱਖਦੇ ਹਨ, ਇਸ ਲਈ ਆਪ ਉਹ ਅਗਿਆਨੀ ਹੀ ਰਹਿੰਦੇ ਹਨ। ਦੂਜਿਆਂ ਨੂੰ ਅੰਮ੍ਰਿਤ ਭੋਜਨ ਛਕਾਉਣ ਵਿਚ ਹੀ ਇਤਨੇ ਤੱਤਪਰ ਰਹਿੰਦੇ ਹਨ ਕਿ ਉਨ੍ਹਾਂ ਨੂੰ ਆਪ ਛਕਣ ਦੀ ਫ਼ੁਰਸਤ ਹੀ ਨਹੀਂ ਮਿਲਦੀ। ਉਨ੍ਹਾਂ ਨੂੰ ਇਸ ਵਿਚ ਹੀ ਇਤਨਾ ਰਸ ਆਉਂਦਾ ਹੈ ਕਿ ਉਹ ਪ੍ਰਭੂ/ਗੁਰੂ ਪਿਆਰ ਵਿਚ ਵਿਚਰਨ ਦੇ ਅਨੰਦ ਬਾਰੇ ਸੋਚਦੇ ਹੀ ਨਹੀਂ। ਇਸ ਮਸਰੂਫ਼ੀਅਤ (ਮਾਨਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ॥ ਪੰਨਾ 981) ਕਾਰਨ ਉਹ ਆਪਾ-ਭਾਵ ਮਿਟਾ ਕੇ ਪ੍ਰਭੂ ਦੀ ਰਜ਼ਾ ਵਿਚ ਵਿਚਰਨ ਦੇ ਅਕਹਿ ਰਸ ਤੋਂ ਵਾਂਝੇ ਹੀ ਰਹਿ ਜਾਂਦੇ ਹਨ। ਭਾਈ ਗੁਰਦਾਸ ਜੀ ਇਸ ਤਰ੍ਹਾਂ ਦਾ ਉੱਦਮ ਕਰਨ ਵਾਲਿਆਂ ਬਾਰੇ ਲਿਖਦੇ ਹਨ :

ਜੈਸੇ ਮਾਲਾ ਮੇਰੁ ਪੋਈਅਤ ਸਭ ਊਪਰ ਕੈ,
ਸਿਮਰਨ ਸੰਖਿਆ ਮੈ ਨ ਆਵਤ ਬਡਾਈ ਕੈ।
ਜੈਸੇ ਬਿਰਖਨ ਬਿਖੈ ਪੇਖੀਐ ਸੇਬਲ ਊਚੋ,
ਨਿਹਫਲ ਭਇਓ ਸੋਊ ਅਤਿ ਅਧਿਕਾਈ ਕੈ।
ਜੈਸੇ ਚੀਲ ਪੰਛਿਨ ਮੈ ਉਡਤ ਅਕਾਸਚਾਰੀ,
ਹੇਰੈ ਮ੍ਰਿਤ ਪਿੰਜਰਨ ਊਚੈ ਮਤੁ ਪਾਈ ਕੈ।
ਗਾਇਬੋ ਬਜਾਇਬੋ ਸੁਨਾਇਬੋ ਨ ਕਛੂ ਤੈਸੇ,
ਗੁਰ ਉਪਦੇਸ ਬਿਨਾ ਧ੍ਰਿਗ ਚਤੁਰਾਈ ਕੈ॥੬੩੧॥ *(ਕਬਿੱਤ ਸਵੱਯੇ)*

ਅਰਥ : ਜਿਵੇਂ ਮਾਲਾ ਦਾ ਸ਼ਿਰੋਮਣੀ ਮਣਕਾ ਸਭ ਤੋਂ ਉੱਤੇ ਪਰੋਈਦਾ ਹੈ, ਪਰ (ਉੱਚੇ ਹੋਣ ਦੀ) ਵਡਾਈ ਕਾਰਨ (ਉਹ) ਸਿਮਰਨ ਦੀ ਗਿਣਤੀ ਵਿਚ ਨਹੀਂ ਆਉਂਦਾ। ਜਿਵੇਂ ਬ੍ਰਿਛਾਂ ਵਿੱਚੋਂ ਸਿੰਬਲ ਬ੍ਰਿਛ ਉੱਚਾ ਵੇਖੀਦਾ ਹੈ, ਪਰ ਅਤਿ ਵਿਸਥਾਰ ਵਾਲਾ ਵੱਡਾ ਹੋਣ ਕਾਰਨ ਉਹ ਨਿਕੰਮੇ ਫਲਾਂ ਵਾਲਾ ਹੁੰਦਾ ਹੈ (ਭਾਵ, ਉਸ ਦੇ ਫਲ ਕਿਸੇ ਦੇ ਕੰਮ ਨਹੀਂ ਆਉਂਦੇ)। ਜਿਵੇਂ ਪੰਛੀਆਂ ਵਿੱਚੋਂ ਉੱਚੇ ਆਕਾਸ਼ਾਂ ਵਿਚ ਉੱਡਣ ਵਾਲਾ ਪੰਛੀ ਚੀਲ ਹੈ, ਪਰ (ਉੱਚੇ ਉੱਡਦਿਆਂ ਉਹ) ਮੁਰਦਾਰ ਹੀ ਵੇਖਦੀ ਹੈ। ਉਸ ਦੀ ਉੱਚੇ ਆਕਾਸ਼ਾਂ ਵਿਚ ਉੱਡਣ ਵਾਲੀ ਪਾਈ ਮਤਿ ਕਿਸ ਕੰਮ ? ਇਸੇ ਤਰ੍ਹਾਂ ਸਤਿਗੁਰੂ ਦੇ ਉਪਦੇਸ਼ (ਗੁਰੂ ਦੀ ਮਤਿ ਧਾਰਨ ਕੀਤੇ) ਬਿਨਾਂ ਹੰਕਾਰ ਭਰੀ (ਉੱਚੀ) ਚਤੁਰਾਈ ਧ੍ਰਿਕਾਰ ਯੋਗ ਹੈ। (ਅਜਿਹੇ ਪ੍ਰਾਣੀ ਦਾ ਉੱਚੀ ਉੱਚੀ) ਗਾਉਣਾ, ਵਜਾਉਣਾ ਤੇ (ਦੂਜਿਆਂ ਨੂੰ ਉਪਦੇਸ਼ ਵਜੋਂ) ਸੁਣਾਉਣਾ ਕੁਝ ਵੀ ਅਰਥ ਨਹੀਂ ਰੱਖਦਾ।

ਇਸ ਤਰ੍ਹਾਂ ਦੇ ਸੋਫ਼ੀਆਂ ਦੀ ਅਜਿਹੀ ਦੀਨ ਦਸ਼ਾ ਦੇ ਕੇ ਵੀ ਜਨ-ਸਾਧਾਰਨ ਬਹੁਤ ਇੱਜ਼ਤ-ਮਾਣ ਕਰਦਾ ਹੈ। ਭਾਈ ਗੁਰਦਾਸ ਜੀ ਇਸ ਸੰਬੰਧ ਵਿਚ ਲਿਖਦੇ ਹਨ :

ਜੈਸੇ ਖਰ ਬੋਲ ਸੁਨਿ ਸਗੁਨੀਆਂ ਮਾਨ ਲੇਤ,
ਗੁਨ ਅਵਗੁਨ ਤਾਂ ਕੋ ਕਛੂ ਨ ਬਿਚਾਰ ਹੀ।
ਜੈਸੇ ਮ੍ਰਿਗ ਨਾਦ ਸੁਨਿ ਸਹੈ ਸਨਮੁਖ ਬਾਨ,
ਪ੍ਰਾਨ ਦੇਤ ਬਧਿਕ ਬਿਰਦੁ ਨ ਸਮਾਰਹੀ।
ਸੁਨਤ ਜੁਝਾਊ ਜੈਸੇ ਜੂਝੈ ਜੋਧਾ ਜੁਧ ਸਮੈ,
ਢਾਡੀ ਕੋ ਨ ਬਰਨ ਚਿਹਨ ਉਰ ਧਾਰ ਹੀ।
ਤੈਸੇ ਗੁਰ ਸਬਦ ਸੁਨਾਇ ਗਾਇ ਸਿਖ ਠਗੋਂ,
ਭੇਖ-ਧਾਰੀ ਜਾਨਿ ਮੋਹਿ ਮਾਰਿ ਨ ਬਿਡਾਰਹੀ ॥੬੧੧॥ *(ਕਬਿੱਤ ਸਵੱਯੇ)*

ਅਰਥ : ਜਿਵੇਂ ਸਗਨ ਅਪਸਗਨ ਮੰਨਣ ਵਾਲਾ ਖੋਤੇ ਦਾ ਹੀਂਗਣ ਸੁਣ ਕੇ ਸਗਨ ਮੰਨ ਲੈਂਦਾ ਹੈ ਅਤੇ ਉਸ ਖੋਤੇ ਦੇ ਕਿਸੇ ਗੁਣ ਔਗੁਣ ਨੂੰ ਨਹੀਂ ਵਿਚਾਰਦਾ। ਜਿਵੇਂ ਹਿਰਨ ਸ਼ਿਕਾਰੀ ਵੱਲੋਂ ਕੀਤੇ ਜਾ ਰਹੇ ਘੰਡੇ ਹੇੜੇ ਦਾ ਸ਼ਬਦ ਸੁਣ ਕੇ ਉਸ ਧੁਨੀ 'ਤੇ ਲੱਟੂ ਹੋ ਕੇ ਉਧਰ ਧਾਹ ਕੇ ਜਾਂਦਾ ਹੈ, ਅਤੇ ਸਾਹਮਣੇ ਤੋਂ ਸ਼ਿਕਾਰੀ ਦਾ (ਮਾਰੂ) ਤੀਰ ਸਹਿੰਦਾ ਹੈ, ਆਪਣੇ ਪ੍ਰਾਣ ਦੇ ਦੇਂਦਾ ਹੈ, ਪਰ ਸ਼ਿਕਾਰੀ ਦੇ (ਮਾਰੂ) ਸੁਭਾਵ ਨੂੰ ਨਹੀਂ ਚਿਤਾਰਦਾ। ਜਿਵੇਂ ਸੂਰਬੀਰ ਜੋਧਾ ਜੁੱਧ ਸਮੇਂ ਜੰਗੀ ਵਾਜਾ ਸੁਣ ਕੇ ਜੋਸ਼ ਵਿਚ ਜੂਝ ਮਰਦਾ ਹੈ, ਪਰ ਵਾਜਾ ਵਜਾਉਣ ਵਾਲੇ ਢਾਡੀ ਦੇ ਰੂਪ ਰੰਗ ਨੂੰ ਹਿਰਦੇ ਵਿਚ ਨਹੀਂ ਲਿਆਂਦਾ। ਇਸੇ ਤਰ੍ਹਾਂ ਮੈਂ ਪਾਖੰਡੀ ਅੰਦਰੋਂ ਹੋਰ ਤੇ ਬਾਹਰੋਂ ਹੋਰ ਹਾਂ, ਗੁਰਸਿੱਖਾਂ ਨੂੰ ਗੁਰੂ-ਸ਼ਬਦ/ਗੁਰਬਾਣੀ ਸੁਣਾ ਕੇ ਤੇ ਗਾ ਕੇ ਠੱਗਦਾ ਹਾਂ, ਪਰ ਗੁਰ-ਸ਼ਬਦ/ਗੁਰਬਾਣੀ ਦੇ ਰਸੀਏ ਗੁਰਸਿੱਖ ਉੱਤਮ ਸੁਭਾਅ ਕਰਕੇ ਮੈਨੂੰ ਭੇਖਧਾਰੀ ਜਾਣ ਕੇ ਵੀ ਮਾਰ ਕੇ ਪਰ੍ਹੇ ਨਹੀਂ ਕਰਦੇ।

ਪ੍ਰੰਤੂ ਇਹੋ ਜਿਹੇ ਇੱਜ਼ਤ-ਮਾਣ ਨਾਲ ਕਦੇ ਕਿਸੇ ਦੀ ਆਤਮਿਕ ਤ੍ਰਿਪਤੀ ਨਹੀਂ ਹੁੰਦੀ; ਇਸ ਲਈ ਇਨ੍ਹਾਂ ਸੋਫੀਆਂ ਦਾ ਜੀਵਨ ਵੀ ਸਦਾ ਚਿੰਤਾ ਅਤੇ ਝੁਰੇਵਿਆਂ ਵਿਚ ਹੀ ਬਤੀਤ ਹੁੰਦਾ ਹੈ :

ਆਪਿ ਨ ਵੰਵੈ ਸਾਹੁਰੈ ਸਿਖ ਲੋਕ ਸੁਣਾਵੈ।
ਕੰਤੁ ਨ ਪੁਛੈ ਵਾਤੜੀ ਸੋਹਾਗੁ ਗਣਾਵੈ।
ਚੂਹਾ ਖਡ ਨ ਮਾਵਈ ਲਕਿ ਛਜੁ ਵਲਾਵੈ।
ਮੰਤ੍ਰ ਨ ਹੋਇ ਅਠੂਹਿਆ ਹਥੁ ਸਪੀਂ ਪਾਵੈ।
ਸਰੁ ਸੰਨ੍ਹੈ ਆਗਾਸ ਨੋ ਫਿਰਿ ਮਥੈ ਆਵੈ।
ਦੂਹੀ ਸਰਾਈ ਜਰਦਰੂ ਬੇਮੁਖ ਪਛੁਤਾਵੈ ॥੩॥੩੪॥

ਅਰਥ : ਵਹੁਟੀ ਆਪ ਤਾਂ ਸਹੁਰੇ ਘਰ ਜਾਂਦੀ ਨਹੀਂ, ਪਰ ਲੋਕਾਂ ਨੂੰ ਸਿੱਖਿਆ ਦੇਂਦੀ ਹੈ ਕਿ ਸਹੁਰੇ ਘਰ ਰਹਿਣਾ ਬਹੁਤ ਚੰਗਾ ਹੈ ਤੇ ਸੱਸ ਸਹੁਰੇ ਦੀ ਆਗਿਆ ਵਿਚ ਚੱਲਣਾ ਸ੍ਰੇਸ਼ਟ ਹੈ। ਭਰਤਾ ਤਾਂ ਕਦੀ ਗੱਲ ਨਹੀਂ ਕਰਦਾ ਪਰ ਲੋਕਾਂ ਵਿਖੇ ਆਪਣਾ ਸੁਹਾਗ ਦੱਸਦੀ ਹੈ ਕਿ ਮੈਂ ਵੱਡੀ ਸੁਹਾਗਣ ਹਾਂ, ਕਿਉਂਜੁ ਪਤੀ ਮੇਰੇ ਅਧੀਨ ਹੈ। ਚੂਹਾ ਆਪ ਤਾਂ ਖੁੱਡ ਵਿਖੇ ਮਾਂਵਦਾ ਨਹੀਂ ਲੱਕ ਨਾਲ ਛੱਜ ਬੰਨ੍ਹਦਾ ਹੈ। ਬਿੱਛੂ ਦਾ ਮੰਤ੍ਰ ਨਹੀਂ ਆਉਂਦਾ ਪਰ ਸੱਪਾਂ ਨੂੰ ਹੱਥ ਪਾਉਂਦਾ ਹੈ। ਜੋ ਪੁਰਖ ਆਕਾਸ਼ ਨੂੰ ਬਾਣ ਮਾਰੂ, ਫੇਰ ਉਸ ਦੇ ਮੱਥੇ ਨੂੰ ਹੀ ਆਵੇਗਾ। ਬੇਮੁਖ ਲੋਕ ਪ੍ਰਲੋਕ ਦੋਹ ਥਾਂਵਾਂ ਵਿਖੇ ਸ਼ਰਮਿੰਦਾ ਹੋ ਕੇ ਪਛੁਤਾਵੇਗਾ।

ਧਰਮੁ ਪੰਖ ਕਰਿ ਉਡਰਿਆ

ਵਿਸ਼ਵ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਕਦੀ ਵੀ ਸਮੂਹਿਕ ਰੂਪ ਵਿਚ ਧਰਮ ਦਾ ਬੋਲ-ਬਾਲਾ ਨਹੀਂ ਰਿਹਾ ਹੈ। ਧਰਮ ਕਰਮ ਵਿਚ ਵਿਸ਼ਵਾਸ ਰੱਖਣ ਵਾਲਿਆਂ, ਰਸਮੀ ਧਾਰਮਿਕ ਰਹੁ-ਰੀਤ ਨਿਭਾਉਣ ਵਾਲਿਆਂ ਅਤੇ ਧਰਮ ਦੇ ਨਾਮ 'ਤੇ ਮਰਨ ਮਾਰਨ ਲਈ ਹਮੇਸ਼ਾ ਤੱਤਪਰ ਰਹਿਣ ਵਾਲਿਆਂ ਦੀ ਜ਼ਰੂਰ ਭਰਮਾਰ ਰਹੀ ਹੈ ਅਤੇ ਅੱਜ ਵੀ ਹੈ। ਪਰ ਧਰਮ ਦੇ ਬੁਨਿਆਦੀ ਸਿਧਾਂਤ ਨੂੰ ਸਮਝ ਕੇ, ਇਨ੍ਹਾਂ ਅਨੁਸਾਰ ਜੀਵਨ ਗੁਜ਼ਾਰਨ ਵਾਲਿਆਂ ਦੀ ਕਦੀ ਵੀ ਬਹੁ-ਗਿਣਤੀ ਨਹੀਂ ਹੋਈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਹਕੀਕਤ ਨੂੰ ਇਉਂ ਦਰਸਾਇਆ ਗਿਆ ਹੈ:

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ॥
ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ॥

(ਸਲੋਕ ਕਬੀਰ ਜੀ, ਪੰਨਾ 1373)

ਅਰਥ: ਹੇ ਕਬੀਰ! (ਤੀਰਥ ਵਰਤ ਆਦਿਕ ਦੇ) ਜਿਸ ਰਸਤੇ ਉੱਤੇ ਪੰਡਿਤ ਲੋਕ ਤੁਰ ਰਹੇ ਹਨ (ਇਹ ਰਾਹ ਚੂੰਕਿ ਸੌਖਾ ਹੈ) ਬਹੁ ਲੋਕ ਉਨ੍ਹਾਂ ਦੇ ਪਿੱਛੇ ਪਿੱਛੇ ਲੱਗੇ ਹੋਏ ਹਨ; ਪਰ ਪਰਮਾਤਮਾ ਦੇ ਸਿਮਰਨ (ਪਰਮਾਤਮਾ ਦੇ ਗੁਣਾਂ ਅਨੁਸਾਰੀ ਜੀਵਨ ਬਿਤਾਉਣ) ਦਾ ਰਸਤਾ, ਮਾਨੋ, ਇਕ ਔਖਾ ਪਹਾੜੀ ਰਸਤਾ ਹੈ, (ਇਨ੍ਹਾਂ ਪੰਡਿਤ ਲੋਕਾਂ ਨੂੰ ਛੱਡ ਕੇ) ਕਬੀਰ ਚੜ੍ਹਾਈ ਵਾਲਾ ਪੈਂਡਾ ਕਰ ਰਿਹਾ ਹੈ।

ਗੁਰੂ ਨਾਨਕ ਸਾਹਿਬ ਵੱਖ-ਵੱਖ ਧਰਮਾਂ ਨਾਲ ਸੰਬੰਧਤ ਧਾਰਮਿਕ ਸਥਾਨਾਂ 'ਤੇ ਖ਼ਾਸ ਉਤਸਵਾਂ ਦੇ ਸਮੇਂ ਗਏ। ਗੁਰਦੇਵ ਨੂੰ ਇਨ੍ਹਾਂ ਧਰਮ ਸਥਾਨਾਂ 'ਤੇ ਇਹ ਗੱਲ ਹੀ ਦੇਖਣ ਨੂੰ ਮਿਲੀ ਕਿ ਲੋਕੀਂ ਆਪੋ-ਆਪਣੇ ਧਰਮ ਨਾਲ ਸੰਬੰਧਤ ਪੁਰਬਾਂ ਨੂੰ ਤਾਂ ਬੜੀ ਧੂਮ-ਧਾਮ ਅਤੇ ਉਤਸ਼ਾਹ ਨਾਲ ਮਨਾ ਰਹੇ ਹਨ ਪਰ ਲੋਕਾਂ ਦੇ ਮਨਾਂ ਵਿਚ ਇਕ ਦੂਜੇ ਪ੍ਰਤੀ ਪਿਆਰ ਭਾਵਨਾ ਅਲੋਪ ਹੈ। ਜਨ-ਸਾਧਾਰਨ ਦੈਵੀ ਗੁਣਾਂ ਨੂੰ ਅਪਨਾਉਣ ਦੀ ਥਾਂ ਕੇਵਲ ਰਸਮੀ ਪੂਜਾ ਪਾਠ, ਕਰਮ-ਕਾਂਡ ਅਤੇ ਭੇਖ ਆਦਿ ਨੂੰ ਹੀ ਧਰਮ ਸਮਝ ਰਿਹਾ ਹੈ। ਧਰਮ ਸਥਾਨਾਂ 'ਤੇ ਹਜ਼ਾਰਾਂ ਨਹੀਂ ਲੱਖਾਂ ਦੀ ਭੀੜ ਵਿਚ ਗੁਰੂ ਨਾਨਕ ਸਾਹਿਬ ਨੂੰ ਇਕ ਵੀ ਅਜਿਹਾ ਸੱਚਾ ਧਰਮੀ ਨਜ਼ਰ ਨਹੀਂ ਆਇਆ ਜਿਸ ਨੂੰ ਸੱਚਮੁੱਚ ਸਚਿਆਰ ਆਖਿਆ ਜਾ ਸਕੇ। ਭਾਈ ਗੁਰਦਾਸ ਜੀ ਇਸ ਸੰਬੰਧ ਵਿਚ ਲਿਖਦੇ ਹਨ:

ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ। *(ਵਾਰ 1, ਪਉੜੀ 26)*

ਮਨੁੱਖਤਾ ਦੇ ਇਤਿਹਾਸ ਵਿਚ ਐਸਾ ਸਮਾਂ ਕਦੀ ਨਹੀਂ ਆਇਆ ਜਦੋਂ ਸਮੁੱਚੀ ਮਨੁੱਖਤਾ ਨੇ ਧਰਮ ਦੀਆਂ ਉੱਚ ਕਦਰਾਂ-ਕੀਮਤਾਂ ਨੂੰ ਅਮਲੀ ਰੂਪ ਵਿਚ ਅਪਨਾ ਕੇ, ਸੱਚੀ-ਸੁੱਚੀ ਇਨਸਾਨੀਅਤ ਦੇ ਰੂਪ ਵਿਚ ਪੇਸ਼ ਕੀਤਾ ਹੋਵੇ। ਇਹੀ ਕਾਰਨ ਹੈ ਕਿ ਸਦੀਆਂ ਪੁਰਾਣੀਆਂ ਲਿਖਤਾਂ ਵਿਚ ਵੀ ਇਹ ਕੁਝ ਹੀ ਪੜ੍ਹਨ-ਸੁਣਨ ਨੂੰ ਮਿਲਦਾ ਹੈ ਕਿ ਲੋਕੀਂ ਸੱਚ ਦੀਆਂ ਕਦਰਾਂ-ਕੀਮਤਾਂ ਤੋਂ ਮੂੰਹ ਮੋੜ ਰਹੇ ਹਨ। ਚੋਰ, ਜਾਰ ਅਤੇ ਬੇਈਮਾਨ ਹੋ ਗਏ ਹਨ, ਆਦਿ। ਹਰੇਕ ਕਾਲ ਵਿਚ ਮਨੁੱਖ ਨੇ ਆਪਣੇ ਤੋਂ ਪਹਿਲੇ ਸਮੇਂ ਨੂੰ ਸਲਾਹਿਆ ਹੈ। ਸਦੀਆਂ ਤੋਂ ਹੀ ਇਹੋ ਜਿਹਾ ਵਰਤਾਰਾ ਹੀ ਮਨੁੱਖੀ-ਇਤਿਹਾਸ ਵਿਚ ਦੇਖਣ ਵਿਚ ਆ ਰਿਹਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਸਦੀਆਂ ਤੋਂ ਪ੍ਰਚੱਲਤ ਜਨ-ਸਾਧਾਰਨ ਦੀ ਇਸ ਸੋਚ ਨੂੰ ਨਕਾਰਦਿਆਂ ਹੋਇਆਂ, ਇਹ ਸਪੱਸ਼ਟ ਕੀਤਾ ਹੈ ਕਿ ਆਪਣੇ ਆਪ ਵਿਚ ਕੋਈ ਵੀ ਸਮਾਂ ਚੰਗਾ ਜਾਂ ਮਾੜਾ ਨਹੀਂ ਹੈ। ਗੁਰਬਾਣੀ ਵਿਚ ਜੁਗਾਂ ਸੰਬੰਧੀ ਪੁਰਾਣਿਕ ਪ੍ਰਚੱਲਤ ਧਾਰਨਾ ਨੂੰ ਨਕਾਰਿਆ ਗਿਆ ਹੈ। ਨਿਮਨ-ਲਿਖਤ ਫ਼ੁਰਮਾਨ ਵਿਚ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ :

ਸਤਜੁਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗੁ ਊਤਮੋ ਜੁਗਾ ਮਾਹਿ ॥
ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥

(ਆਸਾ ਮਹਲਾ ੫, ਪੰਨਾ 406)

ਅਰਥ : ਹੇ ਭਾਈ ! ਸਤਜੁਗ ਨੂੰ, ਤ੍ਰੇਤੇ ਨੂੰ, ਦੁਆਪਰ ਨੂੰ (ਚੰਗਾ) ਜੁਗ ਆਖਿਆ ਜਾਂਦਾ ਹੈ (ਪਰ ਪ੍ਰਤੱਖ ਦਿੱਸ ਰਿਹਾ ਹੈ ਕਿ ਸਗੋਂ) ਕਲਜੁਗ ਸਾਰੇ ਜੁਗਾਂ ਵਿੱਚੋਂ ਸ੍ਰੇਸ਼ਟ ਹੈ (ਕਿਉਂਕਿ ਇਸ ਜੁਗ ਵਿਚ) ਜਿਹੜਾ ਹੱਥ ਕੋਈ ਕਰਮ ਕਰਦਾ ਹੈ, ਉਹੀ ਹੱਥ ਉਸ ਦਾ ਫਲ ਭੁਗਤਦਾ ਹੈ। ਕੋਈ ਮਨੁੱਖ ਕਿਸੇ ਹੋਰ ਮਨੁੱਖ ਦੇ ਥਾਂ (ਵਿਕਾਰਾਂ ਦੇ ਕਾਰਨ) ਫੜਿਆ ਨਹੀਂ ਜਾਂਦਾ।

ਕਿਸੇ ਵੀ ਸਮੇਂ ਨੂੰ ਮਾੜਾ ਜਾਂ ਚੰਗਾ ਆਖਣ ਦੀ ਥਾਂ ਇਹੀ ਕਿਹਾ ਹੈ ਕਿ ਜਦੋਂ ਵੀ ਕਿਸੇ ਮਨੁੱਖ ਨੇ ਸੱਚ ਦਾ ਪੱਲਾ ਛੱਡਿਆ, ਉਹ ਇਨਸਾਨੀਅਤ ਤੋਂ ਹੇਠਾਂ ਡਿੱਗ ਪਿਆ। ਸੱਚ ਤੋਂ ਮੂੰਹ ਫੇਰਨ ਵਾਲਾ ਭਾਵੇਂ ਕਥਿੱਤ ਕਿਸੇ ਸਤਜੁਗ ਵਿਚ ਸੀ ਜਾਂ ਕਿਸੇ ਹੋਰ ਜੁਗ ਵਿਚ, ਉਹ ਮਨੁੱਖਤਾ ਨੂੰ ਕਲੰਕਤ ਹੀ ਕਰਦਾ ਰਿਹਾ ਹੈ। ਤਾਹੀਓਂ ਗੁਰੂ ਗ੍ਰੰਥ ਸਾਹਿਬ ਵਿਚ ਜੁਗਾਂ ਬਾਰੇ ਪ੍ਰਚੱਲਤ ਧਾਰਨਾ ਦਾ ਵਰਣਨ ਕਰਦਿਆਂ ਹੋਇਆਂ ਇਹ ਸਪੱਸ਼ਟ ਕੀਤਾ ਹੈ ਕਿ :

ਕਲਿ ਮਹਿ ਪ੍ਰੇਤ ਜਿਨ੍ਹੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ ॥
ਦੁਆਪੁਰਿ ਤ੍ਰੇਤੈ ਮਾਣਸ ਵਰਤਹਿ ਵਿਰਲੈ ਹਉਮੈ ਮਾਰੀ ॥੧॥
ਕਲਿ ਮਹਿ ਰਾਮ ਨਾਮਿ ਵਡਿਆਈ ॥
ਜੁਗਿ ਜੁਗਿ ਗੁਰਮੁਖਿ ਏਕੋ ਜਾਤਾ ਵਿਣੁ ਨਾਵੈ ਮੁਕਤਿ ਨ ਪਾਈ ॥੧॥ਰਹਾਉ॥

(ਭੈਰਉ ਮਹਲਾ ੩, ਪੰਨਾ 1131)

ਅਰਥ : ਹੇ ਭਾਈ ! (ਜੁਗ ਭਾਵੇਂ ਕੋਈ ਭੀ ਹੋਵੇ) ਹਰੇਕ ਜੁਗ ਵਿਚ ਗੁਰੂ ਦੀ ਸਰਨ ਪੈਣ ਵਾਲੇ ਮਨੁੱਖ ਨੇ (ਹੀ) ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਹੈ। (ਕਿਸੇ

ਭੀ ਜੁਗ ਵਿਚ) ਪਰਮਾਤਮਾ ਦੇ ਨਾਮ ਤੋਂ ਬਿਨਾਂ ਕਿਸੇ ਨੇ ਭੀ ਵਿਕਾਰਾਂ ਤੋਂ ਖ਼ਲਾਸੀ ਪ੍ਰਾਪਤ ਨਹੀਂ ਕੀਤੀ। (ਇਸ ਤਰ੍ਹਾਂ) ਕਲਜੁਗ ਵਿਚ ਭੀ ਪਰਮਾਤਮਾ ਦੇ ਨਾਮ ਵਿਚ ਜੁੜਿਆਂ ਹੀ (ਲੋਕ-ਪ੍ਰਲੋਕ ਦੀ) ਇੱਜ਼ਤ ਮਿਲਦੀ ਹੈ।

ਹੇ ਭਾਈ! ਕਲਜੁਗ ਵਿਚ ਪ੍ਰੇਤ (ਸਿਰਫ਼ ਉਹੀ) ਹਨ, ਜਿਨ੍ਹਾਂ ਨੇ ਪਰਮਾਤਮਾ ਨੂੰ (ਆਪਣੇ ਹਿਰਦੇ ਵਿਚ ਵੱਸਦਾ) ਨਹੀਂ ਪਛਾਣਿਆ। ਸਤਜੁਗ ਵਿਚ ਸਭ ਤੋਂ ਉੱਚੇ ਜੀਵਨ ਵਾਲੇ ਉਹੀ ਹਨ, ਜਿਹੜੇ ਆਤਮਿਕ ਜੀਵਨ ਦੀ ਸੂਝ ਵਾਲੇ ਹੋ ਗਏ (ਸਾਰੇ ਲੋਕ ਸਤਜੁਗ ਵਿਚ ਭੀ ਪਰਮ ਹੰਸ ਨਹੀਂ ਸਨ)। ਦੁਆਪੁਰ ਵਿਚ, ਤ੍ਰੇਤੇ ਵਿਚ ਭੀ (ਸਤਜੁਗ ਅਤੇ ਕਲਜੁਗ ਵਰਗੇ ਹੀ) ਮਨੁੱਖ ਵੱਸਦੇ ਸਨ। (ਤਦੋਂ ਭੀ) ਕਿਸੇ ਵਿਰਲੇ ਨੇ ਹੀ (ਆਪਣੇ ਅੰਦਰੋਂ) ਹਉਮੈ ਦੂਰ ਕੀਤੀ।

ਇਤਨਾ ਹੀ ਨਹੀਂ, ਜੁਗਾਂ ਬਾਰੇ ਪ੍ਰਚੱਲਤ ਧਾਰਨਾ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਹੋਇਆਂ ਇਹ ਸਪੱਸ਼ਟ ਕੀਤਾ ਹੈ ਕਿ:

ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ ॥
ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ ॥੧॥
ਜੀਵਨ ਤਲਬ ਨਿਵਾਰਿ ॥
ਹੋਵੈ ਪਰਵਾਣਾ ਕਰਹਿ ਧਿਙਾਣਾ ਕਲਿ ਲਖਣ ਵੀਚਾਰਿ ॥੧॥ਰਹਾਉ॥
ਕਿਤੈ ਦੇਸਿ ਨ ਆਇਆ ਸੁਣੀਐ ਤੀਰਥ ਪਾਸਿ ਨ ਬੈਠਾ ॥
ਦਾਤਾ ਦਾਨੁ ਕਰੇ ਤਹ ਨਾਹੀ ਮਹਲ ਉਸਾਰਿ ਨ ਬੈਠਾ ॥੨॥
ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ ॥
ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ ॥੩॥

(ਰਾਮਕਲੀ ਮਹਲਾ ੧, ਪੰਨਾ 902)

ਅਰਥ: (ਹੇ ਪੰਡਿਤ! ਆਪਣੇ ਮਨ ਵਿੱਚੋਂ) ਖ਼ੁਦਗ਼ਰਜ਼ੀ ਦੂਰ ਕਰ (ਇਹ ਖ਼ੁਦਗ਼ਰਜ਼ੀ ਕਲਜੁਗ ਹੈ। ਇਸ ਖ਼ੁਦਗ਼ਰਜ਼ੀ ਦੇ ਅਸਰ ਹੇਠ ਜਰਵਾਣੇ ਲੋਕ ਕਮਜ਼ੋਰਾਂ ਉੱਤੇ) ਧੱਕਾ ਕਰਦੇ ਹਨ ਤੇ (ਉਨ੍ਹਾਂ ਦੀਆਂ ਨਜ਼ਰਾਂ ਵਿਚ) ਇਹ ਧੱਕਾ ਜਾਇਜ਼ ਸਮਝਿਆ ਜਾਂਦਾ ਹੈ। ਖ਼ੁਦਗ਼ਰਜ਼ੀ ਤੇ ਦੂਜਿਆਂ ਉੱਤੇ ਧੱਕਾ—ਹੇ ਪੰਡਿਤ! ਇਨ੍ਹਾਂ ਨੂੰ ਕਲਜੁਗ ਦੇ ਲੱਛਣ ਸਮਝ।

(ਜਿਸ ਅਸਲ ਕਲਜੁਗ ਦਾ ਜ਼ਿਕਰ ਅਸਾਂ ਕੀਤਾ ਹੈ ਉਸ) ਕਲਜੁਗ ਦਾ ਪ੍ਰਭਾਵ ਹੀ ਜੀਵਾਂ ਦੇ ਮਨਾਂ ਵਿਚ (ਖੇਡਾਂ) ਖੇਡਦਾ ਹੈ ਕਿਸੇ ਖ਼ਾਸ ਥਾਵਾਂ ਵਿਚ ਨਹੀਂ ਖੇਡ ਸਕਦਾ (ਕਿਉਂਕਿ ਸਤਜੁਗ ਤ੍ਰੇਤਾ ਦੁਆਪੁਰ ਆਦਿਕ ਸਾਰੇ ਹੀ ਸਮਿਆਂ ਵਿਚ) ਉਹੀ ਚੰਦ੍ਰਮਾ ਚੜ੍ਹਦਾ ਆਇਆ ਹੈ, ਉਹੀ ਤਾਰੇ ਚੜ੍ਹਦੇ ਆ ਰਹੇ ਹਨ, ਉਹੀ ਸੂਰਜ ਚਮਕਦਾ ਆ ਰਿਹਾ ਹੈ, ਉਹੀ ਧਰਤੀ ਹੈ ਤੇ ਉਹੀ ਹਵਾ ਝੁਲਦੀ ਆ ਰਹੀ ਹੈ।

ਕਿਸੇ ਨੇ ਕਦੇ ਨਹੀਂ ਸੁਣਿਆ ਕਿ ਕਲਜੁਗ ਕਿਸੇ ਖ਼ਾਸ ਦੇਸ ਵਿਚ ਆਇਆ ਹੋਇਆ ਹੈ, ਕਿਸੇ ਖ਼ਾਸ ਤੀਰਥ ਕੋਲ ਬੈਠਾ ਹੋਇਆ ਹੈ। ਜਿਥੇ ਕੋਈ ਦਾਨੀ ਦਾਨ ਕਰਦਾ ਹੈ ਉਥੇ ਵੀ ਬੈਠਾ ਹੋਇਆ ਕਿਸੇ ਨਹੀਂ ਸੁਣਿਆ, ਕਿਸੇ ਥਾਂ ਕਲਜੁਗ ਮਹਿਲ ਉਸਾਰ ਕੇ ਨਹੀਂ ਬੈਠ ਰਿਹਾ।

ਜੇ ਕੋਈ ਮਨੁੱਖ ਆਪਣਾ ਆਚਰਨ ਉੱਚਾ ਬਣਾਉਂਦਾ ਹੈ ਤਾਂ ਉਹ (ਸਗੋਂ ਲੋਕਾਂ ਦੀਆਂ ਨਜ਼ਰਾਂ ਵਿਚ) ਡਿੱਗਦਾ ਹੈ, ਜੇ ਕੋਈ ਤਪੀ ਹੋਣ ਦਾ ਦਾਅਵਾ ਕਰਦਾ ਹੈ ਤਾਂ ਉਸ ਦੇ ਇੰਦ੍ਰੇ ਆਪਣੇ ਵੱਸ ਵਿਚ ਨਹੀਂ ਹਨ, ਜੇ ਕੋਈ ਪਰਮਾਤਮਾ ਦਾ ਨਾਮ ਸਿਮਰਦਾ ਹੈ ਤਾਂ (ਲੋਕਾਂ ਵਿਚ ਸਗੋਂ ਉਸ ਦੀ) ਬਦਨਾਮੀ ਹੁੰਦੀ ਹੈ। (ਹੇ ਪੰਡਿਤ ! ਭੈੜਾ ਆਚਰਨ, ਇੰਦ੍ਰੇ ਵੱਸ ਵਿਚ ਨਾ ਹੋਣੇ, ਪ੍ਰਭੂ-ਨਾਮ ਵੱਲੋਂ ਨਫ਼ਰਤ-) ਇਹ ਹਨ ਕਲਜੁਗ ਦੇ ਲੱਛਣ।

ਗੁਰੂ ਗ੍ਰੰਥ ਸਾਹਿਬ ਵਿਚ ਇਹ ਗੱਲ ਸਪੱਸ਼ਟ ਅਤੇ ਨਿਰਣਾਇਕ ਰੂਪ ਵਿਚ ਦ੍ਰਿੜ੍ਹ ਕਰਵਾਈ ਗਈ ਹੈ ਕਿ ਜਦੋਂ ਵੀ ਕੋਈ ਮਨੁੱਖ ਸੱਚ ਦੀਆਂ ਕਦਰਾਂ-ਕੀਮਤਾਂ ਤੋਂ ਮੂੰਹ ਮੋੜ ਲੈਂਦਾ ਹੈ ਤਾਂ ਉਹ ਮਨੁੱਖਤਾ ਨੂੰ ਕਲੰਕਤ ਕਰਨ ਵਾਲੇ ਕਰਮ ਹੀ ਕਰਦਾ ਹੈ। ਉਸ ਦੇ ਅੰਦਰੋਂ ਸ਼ੁਭ ਗੁਣ ਖੰਭ ਲਾ ਕੇ ਉੱਡ-ਪੁੱਡ ਜਾਂਦੇ ਹਨ। ਅਜਿਹੇ ਪ੍ਰਾਣੀ ਜਿੱਥੇ ਵੀ ਹਨ, ਜਿਸ ਵੀ ਪਰਿਸਥਿਤੀ ਵਿਚ ਹਨ, ਆਪਣੀ ਖ਼ੁਦਗਰਜ਼ੀ ਨੂੰ ਹੀ ਮੁੱਖ ਰੱਖਦੇ ਹਨ। ਇਸ ਤਰ੍ਹਾਂ ਦੇ ਮਨੁੱਖ ਭਾਵੇਂ ਧਾਰਮਿਕ ਆਗੂ ਦੀ ਹੈਸੀਅਤ ਵਿਚ ਹੋਣ, ਚਾਹੇ ਰਾਜਨੀਤਕ ਆਗੂ ਦੀ ਹੈਸੀਅਤ ਵਿਚ ਜਾਂ ਕਿਸੇ ਹੋਰ ਰੂਪ ਵਿਚ, ਪਾਪ ਹੀ ਕਮਾਉਂਦੇ ਹਨ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥ ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥

(ਵਾਰ ਮਾਝ ਮਹਲਾ ੧, ਪੰਨਾ 145)

ਅਰਥ : ਇਹ ਘੋਰ ਕਲਜੁਗੀ ਸੁਭਾਉ (ਮਾਨੋ) ਛੁਰੀ ਹੈ (ਜਿਸ ਦੇ ਕਾਰਨ) ਰਾਜੇ ਜ਼ਾਲਮ ਹੋ ਰਹੇ ਹਨ, (ਇਸ ਵਾਸਤੇ) ਧਰਮ ਖੰਭ ਲਾ ਕੇ ਉੱਡ ਗਿਆ ਹੈ। ਕੂੜ (ਮਾਨੋ) ਮੱਸਿਆ ਦੀ ਰਾਤ ਹੈ, (ਇਸ ਵਿਚ) ਸੱਚ-ਰੂਪ ਚੰਦ੍ਰਮਾ ਕਿਤੇ ਚੜ੍ਹਿਆ ਦਿੱਸਦਾ ਨਹੀਂ ਹੈ। ਮੈਂ ਇਸ ਚੰਦ੍ਰਮਾ ਨੂੰ ਲੱਭ ਲੱਭ ਕੇ ਵਿਆਕੁਲ ਹੋ ਗਈ ਹਾਂ, ਹਨੇਰੇ ਵਿਚ ਕੋਈ ਰਾਹ ਦਿੱਸਦਾ ਨਹੀਂ।

(ਇਸ ਹਨੇਰੇ) ਵਿਚ (ਸ੍ਰਿਸ਼ਟੀ) ਹਉਮੈ ਦੇ ਕਾਰਨ ਦੁਖੀ ਹੋ ਰਹੀ ਹੈ, ਹੇ ਨਾਨਕ ! ਕਿਵੇਂ ਇਸ ਤੋਂ ਖ਼ਲਾਸੀ ਹੋਵੇ ?

ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਹੈ ਕਿ :

ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ ॥ ਗੁਰਮੁਖਿ ਕੋਈ ਉਤਰੈ ਪਾਰਿ ॥
ਜਿਸ ਨੋ ਨਦਰਿ ਕਰੇ ਤਿਸੁ ਦੇਵੈ ॥ ਨਾਨਕ ਗੁਰਮੁਖਿ ਰਤਨੁ ਸੋ ਲੇਵੈ ॥੨॥

(ਵਾਰ ਮਾਝ, ਮਹਲਾ ੩, ਪੰਨਾ 145)

ਅਰਥ : ਇਸ ਕਲਜੁਗੀ ਸੁਭਾਅ (-ਰੂਪ ਹਨੇਰੇ ਨੂੰ ਦੂਰ ਕਰਨ) ਲਈ (ਪ੍ਰਭੂ ਦੀ) ਸਿਫ਼ਤਿ-ਸਾਲਾਹ (ਸਮਰੱਥ) ਹੈ, (ਇਹ ਸਿਫ਼ਤਿ-ਸਾਲਾਹ) ਜਗਤ ਵਿਚ ਉੱਘਾ ਚਾਨਣ ਹੈ, (ਪਰ) ਕੋਈ (ਵਿਰਲਾ) ਜੋ ਗੁਰੂ ਦੇ ਸਨਮੁਖ ਹੁੰਦਾ ਹੈ (ਇਸ ਚਾਨਣ ਦਾ ਆਸਰਾ ਲੈ ਕੇ ਇਸ ਹਨੇਰੇ ਵਿੱਚੋਂ) ਪਾਰ ਲੰਘਦਾ ਹੈ।

ਹੇ ਨਾਨਕ ! ਪ੍ਰਭੂ ਜਿਸ ਉੱਤੇ ਮਿਹਰ ਦੀ ਨਜ਼ਰ ਕਰਦਾ ਹੈ, ਉਸ ਨੂੰ (ਇਹ

ਕੀਰਤਿ-ਰੂਪ ਚਾਨਣ) ਦੇਂਦਾ ਹੈ, ਉਹ ਮਨੁੱਖ ਗੁਰੂ ਦੇ ਸਨਮੁਖ ਹੋ ਕੇ (ਨਾਮ-ਰੂਪ) ਰਤਨ ਲੱਭ ਲੈਂਦਾ ਹੈ।

ਜੇਕਰ ਗੁਰੂ ਨਾਨਕ ਸਾਹਿਬ ਆਪਣੇ ਸਮੇਂ ਦੀ ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਦਸ਼ਾ ਦਾ ਵਰਣਨ ਕਰਦਿਆਂ ਹੋਇਆਂ ਇਹ ਕਹਿੰਦੇ ਹਨ :

(ੳ) **ਹਰਣਾਂ ਬਾਜਾਂ ਤੈ ਸਿਕਦਾਰਾਂ ਏਨਾ ਪੜਿਆ ਨਾਉ ॥**
ਫਾਂਧੀ ਲਗੀ ਜਾਤਿ ਫਹਾਇਨਿ ਅਗੈ ਨਾਹੀ ਥਾਉ ॥
ਸੋ ਪੜਿਆ ਸੋ ਪੰਡਿਤੁ ਬੀਨਾ ਜਿਨ੍ਹੀ ਕਮਾਣਾ ਨਾਉ ॥
ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥
ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨ੍ਹਿ ਬੈਠੇ ਸੁਤੇ ॥
ਚਾਕਰ ਨਹਦਾ ਪਾਇਨ੍ਹਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥
ਜਿਥੈ ਜੀਆਂ ਹੋਸੀ ਸਾਰ ॥ ਨਕੀ ਵਢੀ ਲਾਇਤਬਾਰ ॥੨॥

(ਵਾਰ ਮਲਾਰ ਮਹਲਾ ੧, ਪੰਨਾ 1288)

ਅਰਥ : ਹਰਨ, ਬਾਜ਼ ਤੇ ਅਹਿਲਕਾਰ—ਇਨ੍ਹਾਂ ਦਾ ਨਾਮ ਲੋਕ 'ਪੜ੍ਹੇ ਹੋਏ' ਰੱਖਦੇ ਹਨ (ਪਰ ਇਹ ਵਿੱਦਿਆ ਕਾਹਦੀ ਹੈ ? ਇਹ ਤਾਂ) ਫਾਹੀ ਲੱਗੀ ਹੋਈ ਹੈ ਜਿਸ ਵਿਚ ਆਪਣੇ ਹੀ ਜਾਤਿ-ਭਰਾਵਾਂ ਨੂੰ ਫਸਾਂਦੇ ਹਨ; ਪ੍ਰਭੂ ਦੀ ਹਜ਼ੂਰੀ ਵਿਚ ਐਸੇ ਪੜ੍ਹੇ ਹੋਏ ਕਬੂਲ ਨਹੀਂ ਹਨ।

ਜਿਸ ਜਿਸ ਨੇ 'ਨਾਮ' ਦੀ ਕਮਾਈ ਕੀਤੀ ਹੈ, ਉਹੀ ਵਿਦਵਾਨ ਹੈ, ਪੰਡਿਤ ਹੈ ਤੇ ਸਿਆਣਾ ਹੈ (ਕਿਉਂਕਿ ਰੁੱਖ ਦੀ) ਜੜ੍ਹ ਸਭ ਤੋਂ ਪਹਿਲਾਂ (ਜ਼ਮੀਨ ਦੇ) ਅੰਦਰ ਜੰਮਦੀ ਹੈ ਤਾਂ ਹੀ (ਰੁੱਖ ਉੱਗ ਕੇ) ਬਾਹਰ ਛਾਂ ਬਣਦੀ ਹੈ (ਸੋ, ਸੁਖਦਾਤੀ ਵਿੱਦਿਆ ਉਹੀ ਹੈ ਜੇ ਪਹਿਲਾਂ ਮਨੁੱਖ ਆਪਣੇ ਮਨ ਵਿਚ 'ਨਾਮ' ਬੀਜੇ)।

('ਨਾਮ' ਤੋਂ ਸੱਖਣੀ ਵਿੱਦਿਆ ਦਾ ਹਾਲ ਤੱਕੋ), ਰਾਜੇ (ਮਾਨੋ) ਸ਼ੇਰ ਹਨ (ਉਨ੍ਹਾਂ ਦੇ, ਪੜ੍ਹੇ ਹੋਏ) ਅਹਿਲਕਾਰ (ਮਾਨੋ) ਕੁੱਤੇ ਹਨ, ਬੈਠੇ-ਸੁੱਤੇ ਬੰਦਿਆਂ ਨੂੰ (ਭਾਵ, ਵੇਲੇ-ਕੁਵੇਲੇ) ਜਾ ਜਗਾਂਦੇ ਹਨ (ਭਾਵ, ਤੰਗ ਕਰਦੇ ਹਨ)। ਇਹ ਅਹਿਲਕਾਰ (ਮਾਨੋ ਸ਼ੇਰਾਂ ਦੀਆਂ) ਨਹੁੰਦ੍ਹਾਂ ਹਨ, ਜੋ (ਲੋਕਾਂ ਦਾ) ਘਾਤ ਕਰਦੀਆਂ ਹਨ, (ਰਾਜੇ-ਸ਼ੀਂਹ ਇਨ੍ਹਾਂ ਮੁਕੱਦਮ) ਕੁੱਤਿਆਂ ਦੀ ਰਾਹੀਂ (ਲੋਕਾਂ ਦਾ) ਲਹੂ ਪੀਂਦੇ ਹਨ।

ਪਰ ਜਿੱਥੇ ਜੀਵਾਂ ਦੀ (ਕਰਣੀ ਦੀ) ਪਰਖ ਹੁੰਦੀ ਹੈ, ਓਥੇ ਅਜਿਹੇ (ਪੜ੍ਹੇ ਹੋਏ ਬੰਦੇ) ਬੇ-ਇਤਬਾਰੇ ਨੱਕ-ਵੱਢੇ (ਸਮਝੇ ਜਾਂਦੇ ਹਨ)।

(ਅ) **ਰੰਨਾ ਹੋਈਆ ਬੋਧੀਆ ਪੁਰਸ ਹੋਏ ਸਈਆਦ ॥**
ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ ॥
ਸਰਮੁ ਗਇਆ ਘਰਿ ਆਪਣੈ ਪਤਿ ਉਠਿ ਚਲੀ ਨਾਲਿ ॥

(ਵਾਰ ਸਾਰੰਗ, ਮਹਲਾ ੧, ਪੰਨਾ 1243)

ਅਰਥ : (ਰੱਬ ਤੋਂ ਵਿਛੁੜ ਕੇ) ਮਨੁੱਖ ਜ਼ਾਲਮ ਹੋ ਰਹੇ ਹਨ ਤੇ ਤੀਵੀਆਂ ਇਸ ਜ਼ੁਲਮ ਲਈ ਸਲਾਹਕਾਰ ਬਣ ਰਹੀਆਂ ਹਨ; ਮਿੱਠਾ ਸੁਭਾਉ, ਜੁਗਤਿ ਵਿਚ ਰਹਿਣਾ, ਦਿਲ ਦੀ ਸਫ਼ਾਈ—ਇਹ ਸਭ ਗੱਲਾਂ ਦੂਰ ਹੋ ਗਈਆਂ ਹਨ ਤੇ ਵੱਢੀ ਆਦਿਕ ਹਰਾਮ

ਮਾਲ ਇਨ੍ਹਾਂ ਲੋਕਾਂ ਦਾ ਮਨ-ਭਾਉਂਦਾ ਖਾਣਾ ਹੋ ਗਿਆ ਹੈ; ਸ਼ਰਮ-ਹਯਾ ਕਿਤੇ ਆਪਣੇ ਵਤਨ ਚਲੀ ਗਈ ਹੈ (ਭਾਵ, ਇਨ੍ਹਾਂ ਮਨੁੱਖਾਂ ਤੋਂ ਕਿਤੇ ਦੂਰ-ਦੁਰੇਡੇ ਹੋ ਗਈ ਹੈ) ਅਣਖ ਭੀ ਸ਼ਰਮ-ਹਯਾ ਦੇ ਨਾਲ ਹੀ ਚਲੀ ਗਈ ਹੈ।

(ਏ) **ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥**
ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥

(ਧਨਾਸਰੀ ਮਹਲਾ ੧, ਪੰਨਾ 662)

ਅਰਥ: ਕਾਜ਼ੀ (ਜੋ ਇਕ ਪਾਸੇ ਤਾਂ ਇਸਲਾਮੀ ਧਰਮ ਦਾ ਨੇਤਾ ਹੈ ਤੇ ਦੂਜੇ ਪਾਸੇ ਹਾਕਮ ਭੀ ਹੈ, ਰਿਸ਼ਵਤ ਦੀ ਖ਼ਾਤਰ ਸ਼ਰਈ ਕਾਨੂੰਨ ਬਾਰੇ) ਝੂਠ ਬੋਲ ਕੇ ਹਰਾਮ ਦਾ ਮਾਲ (ਰਿਸ਼ਵਤ) ਖਾਂਦਾ ਹੈ। ਬ੍ਰਾਹਮਣ (ਕਰੋੜਾਂ ਸ਼ੂਦਰ-ਅਖਵਾਂਦੇ) ਬੰਦਿਆਂ ਨੂੰ ਦੁਖੀ ਕਰ ਕਰ ਕੇ ਤੀਰਥ-ਇਸ਼ਨਾਨ (ਭੀ) ਕਰਦਾ ਹੈ। ਜੋਗੀ ਭੀ ਅੰਨ੍ਹਾ ਹੈ ਤੇ ਜੀਵਨ ਦੀ ਜਾਚ ਨਹੀਂ ਜਾਣਦਾ। (ਇਹ ਤਿੰਨੇ ਆਪਣੇ ਵੱਲੋਂ ਧਰਮ-ਨੇਤਾ ਹਨ, ਪਰ) ਇਨ੍ਹਾਂ ਦੇ ਹੀ ਅੰਦਰ ਆਤਮਿਕ ਜੀਵਨ ਵੱਲੋਂ ਸੁੰਞ ਹੀ ਸੁੰਞ ਹੈ।

ਗੁਰੂ ਸਾਹਿਬ ਦੇ ਇਨ੍ਹਾਂ ਉਪਰੋਕਤ ਫ਼ੁਰਮਾਨਾਂ ਵਿਚ ਕੇਵਲ ਆਪਣੀ ਸਮੇਂ ਦੀ ਹੀ ਨਹੀਂ, ਸਗੋਂ ਹਰੇਕ ਸਮੇਂ ਦੀ ਗੱਲ ਕਰਦਿਆਂ ਹੋਇਆਂ ਇਹ ਦਰਸਾ ਰਹੇ ਹਨ ਕਿ ਜਦ ਕਦੀ ਵੀ ਕੋਈ ਪ੍ਰਾਣੀ ਮਨੁੱਖੀ ਕਦਰਾਂ-ਕੀਮਤਾਂ ਤੋਂ ਮੂੰਹ ਮੋੜ ਲੈਂਦਾ ਹੈ ਤਾਂ ਭਾਵੇਂ ਉਹ ਰਾਜਨੀਤਕ ਖੇਤਰ ਵਿਚ ਵਿਚਰ ਰਿਹਾ ਹੈ ਜਾਂ ਧਾਰਮਿਕ ਜਾਂ ਸਮਾਜਿਕ ਖੇਤਰ ਵਿਚ ਉਹ ਪਸ਼ੂਪੁਣੇ ਦਾ ਹੀ ਪ੍ਰਗਟਾਵਾ ਕਰੇਗਾ। ਇਸ ਲਈ ਅੱਜ ਵੀ ਰਾਜਨੀਤਕ ਦੁਨੀਆਂ ਵਿਚ ਜ਼ਿਆਦਾਤਰ ਇਸ ਤਰ੍ਹਾਂ ਦਾ ਵਰਤਾਰਾ ਹੀ ਵਰਤ ਰਿਹਾ ਹੈ; ਰਾਜਨੀਤਕ ਪਾਤਰ ਅਤੇ ਉਨ੍ਹਾਂ ਦੇ ਢੰਗ ਜ਼ਰੂਰ ਬਦਲ ਗਏ ਹਨ ਪ੍ਰੰਤੂ ਅਨਿਆਂ ਅਤੇ ਧੱਕੇਸ਼ਾਹੀ ਅੱਜ ਵੀ ਬਰਕਰਾਰ ਹੈ। ਜ਼ਿਆਦਾਤਰ ਜਿਨ੍ਹਾਂ ਦੇ ਹੱਥ ਵਿਚ, ਕਿਸੇ ਤਰ੍ਹਾਂ ਦੀ ਵੀ ਤਾਕਤ ਹੈ, ਉਹ ਅਤੇ ਇਨ੍ਹਾਂ ਦੇ ਸੰਗੀ ਸਾਥੀਆਂ ਦੇ ਵਤੀਰੇ ਤੋਂ ਇਹ ਗੱਲ ਚੰਗੀ ਤਰ੍ਹਾਂ ਉਘੜ ਕੇ ਸਾਹਮਣੇ ਆਉਂਦੀ ਹੈ।

ਅੱਜ ਵੀ ਧਾਰਮਿਕ ਆਗੂਆਂ ਦਾ ਇਹੀ ਹਾਲ ਹੈ। ਅਸੀਂ ਸਿੱਖ ਜਗਤ ਵੱਲ ਹੀ ਨਿਗਾਹ ਮਾਰ ਕੇ ਦੇਖੀਏ, ਇਸ ਦਾ ਉੱਤਰ ਸਾਨੂੰ ਮਿਲ ਜਾਵੇਗਾ। ਇਸੇ ਤਰ੍ਹਾਂ ਵਰਤਮਾਨ ਸਮੇਂ ਵਿਚ ਪਰਵਾਰਿਕ ਜੀਵਨ ਦਾ ਵੀ ਇਹੋ ਜਿਹਾ ਹੀ ਹਾਲ ਹੈ। ਆਲੇ-ਦੁਆਲੇ ਵੱਲ ਝਾਤੀ ਮਾਰਿਆਂ ਇਸ ਦੀਆਂ ਇਕ ਨਹੀਂ, ਅਨੇਕਾਂ ਉਦਾਹਰਣਾਂ ਮਿਲਦੀਆਂ ਹਨ।

ਸੋ, ਧਰਮ ਕੇਵਲ ਗੁਰੂ ਨਾਨਕ ਸਾਹਿਬ ਦੇ ਸਮੇਂ ਹੀ ਨਹੀਂ, ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਵੀ ਅਤੇ ਅੱਜ ਵੀ ਅਲੋਪ ਹੈ। ਕੋਈ ਟਾਵਾਂ ਟਾਵਾਂ ਮਨੁੱਖ ਹੀ ਧਰਮ ਦੀਆਂ ਉੱਚ ਕਦਰਾਂ-ਕੀਮਤਾਂ ਦਾ ਸਹੀ ਅਰਥਾਂ ਵਿਚ ਧਾਰਨੀ ਹੈ:

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥

(ਸਲੋਕ ਵਾਰਾਂ ਤੇ ਵਧੀਕ, ਮ: ੧, ਪੰਨਾ 1411)

ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ

ਹਰੇਕ ਦੇਸ਼ ਅਥਵਾ ਸਭਿਆਚਾਰ ਵਿਚ ਕਿਸੇ ਨਾ ਕਿਸੇ ਰੂਪ ਵਿਚ ਉਤਸਵ ਅਰਥਾਤ ਤਿਉਹਾਰ ਮਨਾਉਣ ਦੀ ਪੰਰਪਰਾ ਹੈ। ਇਨ੍ਹਾਂ ਤਿਉਹਾਰਾਂ ਦਾ ਸਿੱਖਿਆ ਅਤੇ ਸਮਾਜਿਕ ਪਹਿਲੂ ਤੋਂ ਇਲਾਵਾ ਧਾਰਮਿਕ ਪਹਿਲੂ ਵੀ ਹੈ। ਕਈ ਤਿਉਹਾਰ ਮੌਸਮੀ ਹਨ, ਕਈ ਕਿਸੇ ਵਿਸ਼ੇਸ਼ ਵਿਅਕਤੀ ਦੇ ਜਨਮ ਦਿਨ, ਕਿਸੇ ਜਿੱਤ ਦੀ ਖ਼ੁਸ਼ੀ ਜਾਂ ਵਿਸ਼ੇਸ਼ ਘਟਨਾ ਦਾ ਪ੍ਰਤੀਕ ਹਨ। ਇਨ੍ਹਾਂ ਤਿਉਹਾਰਾਂ ਨਾਲ ਕਈ ਤਰ੍ਹਾਂ ਦੀਆਂ ਇਤਿਹਾਸਕ ਅਤੇ ਮਿਥਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਭਾਵੇਂ ਜ਼ਿਆਦਾਤਰ ਤਿਉਹਾਰ ਮੌਸਮੀ ਹਨ, ਪਰ ਇਨ੍ਹਾਂ ਮੌਸਮੀ ਤਿਉਹਾਰਾਂ ਨਾਲ ਵੀ ਕਈ ਤਰ੍ਹਾਂ ਦੀਆਂ ਇਤਿਹਾਸਕ ਅਤੇ ਮਿਥਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਇਨ੍ਹਾਂ ਨੂੰ ਮਨਾਉਣ ਦੇ ਤੌਰ ਤਰੀਕਿਆਂ ਵਿਚ ਵੀ ਭਿੰਨਤਾ ਦੇ ਨਾਲ ਨਾਲ ਮੌਸਮ ਅਨੁਸਾਰ ਖਾਣ-ਪੀਣ ਦੀ ਭਿੰਨਤਾ ਵੀ ਹੈ। ਤਿਉਹਾਰਾਂ ਨੂੰ ਪੂਜਾ, ਵਰਤ, ਜਗਰਾਤਾ, ਕਿਸੇ ਵਿਸ਼ੇਸ਼ ਸਥਾਨ ਦੀ ਯਾਤਰਾ ਜਾਂ ਇਸ਼ਨਾਨ ਅਤੇ ਦਾਨ-ਪੁੰਨ ਆਦਿ ਕਰਕੇ ਮਨਾਏ ਜਾਣ ਦੀ ਪਰੰਪਰਾ ਹੈ।

ਇਨ੍ਹਾਂ ਤਿਉਹਾਰਾਂ ਵਿੱਚੋਂ ਹੀ ਇਕ ਦੀਵਾਲੀ ਦਾ ਤਿਉਹਾਰ ਹੈ। ਮੂਲ ਰੂਪ ਵਿਚ ਭਾਵੇਂ ਇਹ ਮੌਸਮੀ ਤਿਉਹਾਰ ਹੀ ਹੈ ਪਰ ਇਸ ਨਾਲ ਧਾਰਮਿਕ ਅਤੇ ਮਿਥਿਹਾਸਕ ਘਟਨਾਵਾਂ ਸੰਬੰਧਤ ਹੋਣ ਕਾਰਨ, ਇਸ ਨੂੰ ਧਾਰਮਿਕ ਉਤਸਵ ਦੇ ਰੂਪ ਵਿਚ ਵੀ ਮਨਾਇਆ ਜਾਂਦਾ ਹੈ। ਭਾਰਤ ਵਿਚ ਜਿਸ ਤਰ੍ਹਾਂ ਦੂਜੇ ਤਿਉਹਾਰਾਂ ਨਾਲ ਕਈ ਤਰ੍ਹਾਂ ਦੇ ਵਹਿਮ-ਭਰਮ ਪ੍ਰਚੱਲਤ ਹਨ, ਇਸੇ ਤਰ੍ਹਾਂ ਇਸ ਤਿਉਹਾਰ ਸੰਬੰਧੀ ਵੀ ਕਈ ਤਰ੍ਹਾਂ ਦੇ ਵਹਿਮ-ਭਰਮ ਪ੍ਰਚੱਲਤ ਹਨ। ਹਿੰਦੂ ਧਰਮ ਦੇ ਪੈਰੋਕਾਰ ਇਸ ਦਿਨ ਆਪਣੇ ਦਰਵਾਜ਼ਿਆਂ 'ਤੇ ਦੀਵੇ ਜਾਂ ਮੋਮਬੱਤੀਆਂ ਜਗਾ ਕੇ ਰੱਖਦੇ ਹਨ। ਇਸ ਦਿਨ ਭਾਂਡੇ ਖ਼ਰੀਦਣ ਨੂੰ ਵੀ ਪਿਛਲੇ ਕੁਝ ਸਮੇਂ ਤੋਂ ਚੰਗਾ ਸ਼ਗਨ ਸਮਝਿਆ ਜਾਣ ਲੱਗ ਪਿਆ ਹੈ। ਇਸ ਲਈ ਕਈ ਭਾਂਡਿਆਂ ਨੂੰ ਖ਼ਰੀਦਣ ਲਈ ਇਸ ਦਿਨ ਦੀ ਉਡੀਕ ਵਿਚ ਰਹਿੰਦੇ ਹਨ। ਇਸ ਦਿਨ ਲੋਕੀਂ ਲਕਸ਼ਮੀ ਦੀ ਪੂਜਾ ਵੀ ਕਰਦੇ ਹਨ। ਰਾਮਚੰਦ੍ਰ ਜੀ ਦੇ ਬਨਵਾਸ ਕੱਟ ਕੇ ਵਾਪਸ ਅਯੁੱਧਿਆ ਆਉਣ ਦੀ ਘਟਨਾ ਵੀ ਇਸ ਨਾਲ ਸੰਬੰਧਤ ਹੈ। ਰਾਮ ਚੰਦ੍ਰ ਜੀ ਦੀ ਅਯੁੱਧਿਆ ਵਾਪਸੀ ਬਦੀ ਉੱਤੇ ਨੇਕੀ ਤੇ ਜਿੱਤ ਦੇ ਪ੍ਰਤੀਕ ਵਜੋਂ ਵੀ ਦੇਖੀ ਜਾਂਦੀ ਹੈ।

ਸਿੱਖ ਜਗਤ ਦੇ ਤਿਉਹਾਰ ਧਰਮ ਨਾਲ ਹੀ ਸੰਬੰਧਤ ਤਿਉਹਾਰ ਹਨ। ਮੌਸਮੀ ਤਿਉਹਾਰਾਂ ਨੂੰ ਵੀ ਮੌਸਮ ਦੀ ਤਬਦੀਲੀ ਕਰਕੇ ਨਹੀਂ, ਬਲਕਿ ਧਾਰਮਿਕ ਮਹੱਤਤਾ

ਕਰਕੇ ਹੀ ਮਨਾਇਆ ਜਾਂਦਾ ਹੈ। ਇਸ ਲਈ ਦੀਵਾਲੀ ਨੂੰ ਵੀ ਬੰਦੀ ਛੋੜ ਦਿਵਸ ਦੇ ਰੂਪ 'ਚ ਮਨਾਇਆ ਜਾਂਦਾ ਹੈ। ਭਾਵੇਂ ਇਤਿਹਾਸਕ ਤੌਰ 'ਤੇ ਇਹ ਸਿੱਧ ਨਹੀਂ ਹੁੰਦਾ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਇਸ ਦਿਨ ਗਵਾਲੀਅਰ ਤੋਂ ਰਿਹਾਅ ਹੋ ਕੇ ਅੰਮ੍ਰਿਤਸਰ ਵਿਖੇ ਆਏ ਸਨ ਜਾਂ ਇਸ ਦਿਨ ਰਿਹਾਅ ਹੋਏ ਸਨ। ਗੁਰਮਤਿ ਦੀ ਜੀਵਨ-ਜੁਗਤਿ ਵਿਚ ਇਨ੍ਹਾਂ ਮੌਕਿਆਂ 'ਤੇ ਖ਼ਾਸ ਤਰ੍ਹਾਂ ਦਾ ਲਿਬਾਸ ਪਹਿਨਣ ਜਾਂ ਖਾਣ-ਪੀਣ ਸੰਬੰਧੀ ਕਿਸੇ ਤਰ੍ਹਾਂ ਦਾ ਵਹਿਮ-ਭਰਮ ਨਹੀਂ ਹੈ। ਇਤਨਾ ਹੀ ਨਹੀਂ, ਵਿਸ਼ੇਸ਼ ਸਥਾਨਾਂ ਦੀ ਯਾਤਰਾ ਜਾਂ ਵਿਸ਼ੇਸ਼ ਸੱਜ-ਧੱਜ ਦੀ ਵੀ ਕੋਈ ਵਿਸ਼ੇਸ਼ ਵਿਧੀ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਗੱਲ ਕੀ, ਤਿਉਹਾਰਾਂ ਨਾਲ ਜੁੜੇ ਕਿਸੇ ਤਰ੍ਹਾਂ ਦੇ ਵੀ ਵਹਿਮ-ਭਰਮ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ।

ਗੁਰਮਤਿ ਦੀ ਜੀਵਨ-ਜੁਗਤਿ ਵਿਚ ਮਨੁੱਖ ਨੂੰ ਸਮੁੱਚੇ ਰੂਪ ਵਿਚ ਇਹ ਸੋਧ ਦਿੱਤੀ ਗਈ ਹੈ ਕਿ ਕਿਸੇ ਵੀ ਉਤਸਵ ਜਾਂ ਰੀਤ ਨੂੰ ਇਸ ਢੰਗ ਨਾਲ ਨਹੀਂ ਮਨਾਉਣਾ ਹੈ ਜਿਸ ਨਾਲ ਮਨੁੱਖੀ ਕਦਰਾਂ-ਕੀਮਤਾਂ ਦਾ ਘਾਣ ਹੁੰਦਾ ਹੋਵੇ, ਵਾਤਾਵਰਨ ਵਿਚ ਪ੍ਰਦੂਸ਼ਣ ਫੈਲਦਾ ਹੋਵੇ ਜਾਂ ਮਨੁੱਖਤਾ ਦਾ ਕਿਸੇ ਵੀ ਰੂਪ ਵਿਚ ਨੁਕਸਾਨ ਹੁੰਦਾ ਹੋਵੇ:

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥
ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥

(ਵਾਰ ਵਡਹੰਸ, ਮਹਲਾ ੧, ਪੰਨਾ 590)

ਅਰਥ: ਮੈਂ ਇਹੋ ਜਿਹੀ ਰੀਤ ਨੂੰ ਸਾੜ ਦਿਆਂ ਜਿਸ ਕਰਕੇ ਪਿਆਰਾ ਪ੍ਰਭੂ ਮੈਨੂੰ ਵਿਸਰ ਜਾਏ, ਹੇ ਨਾਨਕ! ਪ੍ਰੇਮ ਉਹੋ ਹੀ ਚੰਗਾ ਹੈ ਜਿਸ ਦੀ ਰਾਹੀਂ ਖ਼ਸਮ ਨਾਲ ਇੱਜ਼ਤ ਬਣੀ ਰਹੇ।

ਭਾਵੇਂ ਗੁਰਮਤਿ ਦੀ ਜੀਵਨ-ਜੁਗਤਿ ਦਾ ਇਹ ਪੱਖ ਬਿਲਕੁਲ ਸਪੱਸ਼ਟ ਹੈ ਪਰ ਫਿਰ ਵੀ ਕੁਝ ਕੁ ਰਾਗੀ ਸਾਹਿਬਾਨ, ਪ੍ਰਚਾਰਕਾਂ ਅਤੇ ਲੇਖਕਾਂ ਵੱਲੋਂ ਭਾਈ ਗੁਰਦਾਸ ਜੀ ਦੀ ਇਕ ਪਉੜੀ ਦੀ (ਦੀਵਾਲੀ ਦੀ ਰਾਤ ਦੀਵੇ ਬਾਲੀਅਨਿ) ਪਹਿਲੀ ਪੰਗਤੀ ਤੋਂ ਇਹ ਭਾਵ ਲਿਆ ਜਾਂਦਾ ਹੈ ਜਿਵੇਂ ਭਾਈ ਸਾਹਿਬ ਦੀਵਾਲੀ ਦੀ ਰਾਤ ਨੂੰ ਉਚੇਚੇ ਤੌਰ 'ਤੇ ਦੀਵੇ ਬਾਲਣ ਦੀ ਹਦਾਇਤ ਕਰ ਰਹੇ ਹਨ। ਪ੍ਰੰਤੂ ਭਾਈ ਗੁਰਦਾਸ ਜੀ ਦੀ ਇਸ ਪਉੜੀ ਵਿਚ ਇਸ ਤਰ੍ਹਾਂ ਦੀ ਧਾਰਨਾ ਦਾ ਪ੍ਰਗਟਾਵਾ ਨਹੀਂ ਕੀਤਾ ਗਿਆ ਹੈ।

ਜਿਵੇਂ ਗੁਰਬਾਣੀ ਨੂੰ ਸਮਝਣ ਲਈ ਕੁਝ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ, ਇਸੇ ਤਰ੍ਹਾਂ ਹੀ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਸਮਝਣ ਲਈ ਵੀ ਕੁਝ ਗੱਲਾਂ ਨੂੰ ਧਿਆਨ ਵਿਚ ਰੱਖਣ ਦੀ ਜ਼ਰੂਰਤ ਹੈ। ਜੇਕਰ ਅਸੀਂ ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਨਹੀਂ ਰੱਖਾਂਗੇ ਤਾਂ ਭਾਈ ਸਾਹਿਬ ਦੀ ਰਚਨਾ ਨੂੰ ਸਮਝਣੋਂ ਉਕਾਈ ਖਾ ਜਾਵਾਂਗੇ। ਜਿੱਥੇ ਗੁਰਬਾਣੀ ਨੂੰ ਸਮਝਣ ਲਈ ਇਕ ਤੋਂ ਵਧੀਕ ਗੱਲਾਂ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ, ਉਥੇ ਭਾਈ ਸਾਹਿਬ ਦੀਆਂ ਰਚਨਾਵਾਂ ਨੂੰ ਸਮਝਣ ਲਈ ਕੇਵਲ ਮੁੱਖ ਰੂਪ ਵਿਚ ਦੋ ਗੱਲਾਂ ਨੂੰ ਸਾਹਮਣੇ ਰੱਖਣ ਦੀ ਲੋੜ ਹੈ। ਇਨ੍ਹਾਂ ਦੋਹਾਂ ਗੱਲਾਂ ਵਿੱਚੋਂ ਇਕ ਇਹ ਹੈ ਕਿ ਜ਼ਿਆਦਾਤਰ ਭਾਈ ਗੁਰਦਾਸ ਜੀ ਜੋ ਗੱਲ ਕਹਿਣਾ ਚਾਹੁੰਦੇ ਹਨ,

ਉਹ ਕਬਿੱਤਾਂ ਅਤੇ ਪਉੜੀਆਂ ਦੇ ਅੰਤ ਵਿਚ ਆਉਂਦੀ ਹੈ। ਪਹਿਲਾਂ ਭਾਈ ਸਾਹਿਬ ਆਪਣੀ ਗੱਲ ਨੂੰ ਸਪੱਸ਼ਟ ਕਰਨ ਲਈ ਉਦਾਹਰਣਾਂ ਦੇਂਦੇ ਹਨ। ਇਹ ਉਦਾਹਰਣਾਂ ਆਮ ਤੌਰ 'ਤੇ ਪਹਿਲੀਆਂ ਪੰਗਤੀਆਂ ਵਿਚ ਹੁੰਦੀਆਂ ਹਨ। ਇਨ੍ਹਾਂ ਦ੍ਰਿਸ਼ਟਾਂਤਾਂ ਮਗਰੋਂ ਭਾਈ ਸਾਹਿਬ ਨੇ ਜਿਸ ਮਨੋਰਥ ਲਈ ਇਹ ਦ੍ਰਿਸ਼ਟਾਂਤ ਦਿੱਤੇ ਹਨ, ਉਸ ਗੱਲ ਦਾ ਵਰਣਨ ਕਰਦੇ ਹਨ। ਜਿਵੇਂ :

ਚੀਟੀ ਕੇ ਉਦਰ ਬਿਖੈ ਹਸਤੀ ਸਮਾਇ ਕੈਸੇ,
ਅਤੁਲ ਪਹਾਰ ਭਾਰ ਭ੍ਰਿੰਗੀ ਨ ਉਠਾਵਈ।
ਮਛਰ ਕੇ ਡੰਗ ਨ ਮਰਤ ਹੈ ਬਾਸਕ ਨਾਗ,
ਮਕਰੀ ਨ ਚੀਤੈ ਜੀਤੈ ਸਰਿ ਨ ਪੁਜਾਵਈ।
ਤਮਚਰ ਉਡਤ ਨ ਪਹੁੰਚੈ ਆਕਾਸ-ਬਾਸ,
ਮੂਸਾ ਤਉ ਨ ਪੈਰਤ ਸਮੁੰਦ੍ਰ ਪਾਰ ਪਾਵਈ।
ਤੈਸੇ ਪ੍ਰਿਅ-ਪ੍ਰੇਮ-ਨੇਮ ਅਗਮ ਅਗਾਧਿ ਬੋਧਿ,
ਗੁਰਮੁਖਿ ਸਾਗਰ ਜਿਉ ਬੂੰਦ ਹੁਇ ਸਮਾਵਈ ॥੭੫॥ *(ਕਬਿੱਤ ਸਵੱਯੇ)*

ਇਸ ਕਬਿੱਤ ਵਿਚ ਭਾਈ ਗੁਰਦਾਸ ਜੀ ਜੋ ਮੁੱਖ ਰੂਪ ਵਿਚ ਆਖਣਾ ਚਾਹੁੰਦੇ ਹਨ, ਉਹ ਅਖ਼ੀਰਲੀ ਪੰਗਤੀ ਵਿਚ ਹੈ। ਇਸ ਅੰਤਲੀ ਪੰਗਤੀ ਦੇ ਭਾਵ ਨੂੰ ਦਰਸਾਉਣ ਲਈ ਆਪ ਉਦਾਹਰਣ ਦੇਂਦੇ ਹਨ ਕਿ ਜਿਸ ਤਰ੍ਹਾਂ ਚੀਟੀ ਦੇ ਪੇਟ ਵਿਚ ਹਾਥੀ ਨਹੀਂ ਸਮਾਅ ਸਕਦਾ, ਭ੍ਰਿੰਗੀ, ਛੋਟਾ ਜਿਹਾ ਕੀੜਾ ਪਹਾੜ ਨਹੀਂ ਚੁੱਕ ਸਕਦਾ; ਮੱਛਰ ਦੇ ਡੰਗ ਨਾਲ ਬਾਸ਼ਕ ਨਾਗ ਨਹੀਂ ਮਰਦਾ, ਮੱਕੜੀ ਚੀਤੇ ਨੂੰ ਨਹੀਂ ਜਿੱਤ ਸਕਦੀ ਤੇ ਨਾ ਹੀ ਉਸ ਦੀ ਬਰਾਬਰੀ ਕਰ ਸਕਦੀ ਹੈ; ਉੱਲੂ ਉੱਡ ਕੇ ਆਕਾਸ਼ 'ਤੇ ਪਹੁੰਚ ਨਹੀਂ ਸਕਦਾ ਅਤੇ ਚੂਹਾ ਤਰ ਕੇ ਸਮੁੰਦਰ ਦੇ ਦੂਜੇ ਕਿਨਾਰੇ ਨਹੀਂ ਪਹੁੰਚ ਸਕਦਾ; ਇਸ ਤਰ੍ਹਾਂ ਪ੍ਰਭੂ ਪਿਆਰੇ ਦੇ ਪ੍ਰੇਮ ਦੀ ਮਰਯਾਦਾ ਵੀ ਸਾਡੀ ਸਮਝ-ਸੋਝੀ ਤੋਂ ਪਰ੍ਹੇ ਹੈ ਅਤੇ ਅਤਿ ਗੰਭੀਰ ਹੈ। ਜਿਸ ਤਰ੍ਹਾਂ ਸਮੁੰਦਰ ਵਿਚ ਜਲ ਦੀ ਬੂੰਦ ਸਮਾ ਜਾਂਦੀ ਹੈ, ਇਸੇ ਤਰ੍ਹਾਂ ਹੀ ਗੁਰੂ ਦਾ ਅਨਿੰਨ ਸੇਵਕ-ਸਿੱਖ, ਜਲ ਦੀ ਬੂੰਦ ਹੋ ਕੇ ਆਪਣੇ ਪਿਆਰੇ ਪ੍ਰੀਤਮ ਵਿਚ ਲੀਨ ਹੋ ਜਾਂਦਾ ਹੈ।

ਇਸੇ ਤਰ੍ਹਾਂ ਵਾਰਾਂ ਦੀਆਂ ਜਿਨ੍ਹਾਂ ਪਉੜੀਆਂ ਵਿਚ ਗੁਰਮਤਿ ਦੇ ਕਿਸੇ ਪਹਿਲੂ ਨੂੰ ਸਪੱਸ਼ਟ ਕਰਨ ਲਈ ਆਪ ਉਦਾਹਰਣਾਂ ਦੇਂਦੇ ਹਨ, ਉਸ ਪਉੜੀ ਦੀ ਅਖ਼ੀਰਲੀ ਤੁਕ ਵਿਚ ਪਉੜੀ ਦਾ ਮੁਖ ਸਿਧਾਂਤ ਹੁੰਦਾ ਹੈ। ਇਸ ਦੇ ਨਾਲ ਹੀ ਇਸ ਗੱਲ ਨੂੰ ਵੀ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਜਦੋਂ ਕਿਸੇ ਗੱਲ ਨੂੰ ਸਪੱਸ਼ਟ ਜਾਂ ਪ੍ਰਮਾਣਿਤ ਕਰਨ ਲਈ ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ ਤਾਂ ਉਸ ਦਾ ਕੇਵਲ ਇਕ ਪੱਖ ਹੀ ਲਿਆ ਜਾਂਦਾ ਹੈ। ਉਸ ਨਾਲ ਸੰਬੰਧਤ ਦੂਜੇ ਪਹਿਲੂਆਂ ਨੂੰ ਧਿਆਨ ਵਿਚ ਨਹੀਂ ਰੱਖਿਆ ਜਾਂਦਾ। ਉਦਾਹਰਣ ਵਜੋਂ ਜਿਵੇਂ ਗੁਰਬਾਣੀ ਵਿਚ ਕੁੱਤੇ ਨਾਲ ਸੰਬੰਧਤ ਇਸ ਦੇ ਭਿੰਨ ਭਿੰਨ ਪੱਖਾਂ ਦਾ ਦ੍ਰਿਸ਼ਟਾਂਤ ਦਿੱਤਾ ਗਿਆ ਹੈ। ਗੁਰਬਾਣੀ ਦੇ ਨਿਮਨ-ਲਿਖਤ ਫ਼ੁਰਮਾਨਾਂ ਵਿਚ ਇਸ ਭਾਵ ਨੂੰ ਦੇਖਿਆ ਜਾ ਸਕਦਾ ਹੈ :

(ੳ) **ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥**

(ਆਸਾ ਮਹਲਾ ੯, ਪੰਨਾ 411)

ਅਰਥ : ਕੁੱਤੇ ਵਾਂਗ ਹਰੇਕ ਦੇ ਦਰ 'ਤੇ ਭਟਕਦਾ ਫਿਰਦਾ ਹੈ, ਇਸ ਨੂੰ ਪਰਮਾਤਮਾ ਦਾ ਭਜਨ ਕਰਨ ਦੀ ਕਦੇ ਸੁਝ ਹੀ ਨਹੀਂ ਪੈਂਦੀ।

ਜਦ ਮਨੁੱਖ ਦੀ ਭਟਕਣਾ ਦਾ ਵਰਣਨ ਆਇਆ ਹੈ ਤਾਂ ਆਖਿਆ ਗਿਆ ਹੈ ਕਿ ਮਾਇਆ ਦੇ ਮੋਹ ਵਿਚ ਫਸਿਆ ਹੋਇਆ ਪ੍ਰਾਣੀ ਕੁੱਤੇ ਵਾਂਗ ਦਰ ਦਰ 'ਤੇ ਭਟਕਦਾ ਫਿਰਦਾ ਹੈ। ਇੱਥੇ ਕੁੱਤੇ ਦੇ ਦਰ ਦਰ ਭਟਕਣ ਵਾਲੇ ਸੁਭਾਅ ਦਾ ਇਹ ਪੱਖ ਹੀ ਲਿਆ ਗਿਆ ਹੈ।

(ਅ) **ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥**

(ਦੇਵਗੰਧਾਰੀ ਮਹਲਾ ੯, ਪੰਨਾ 536)

ਅਰਥ : ਜੇ ਭਾਈ! ਕੁੱਤੇ ਦੀ ਪੂਛਲ ਵਾਂਗ ਇਹ ਮਨ ਕਦੇ ਭੀ ਸਿੱਧਾ ਨਹੀਂ ਹੁੰਦਾ, (ਕਿਸੇ ਦੀ ਭੀ) ਦਿੱਤੀ ਹੋਈ ਸਿੱਖਿਆ ਨੂੰ ਧਿਆਨ ਨਾਲ ਨਹੀਂ ਸੁਣਦਾ।

ਇਸ ਪੰਗਤੀ ਵਿਚ ਮਨੁੱਖੀ ਮਨ ਦੇ ਟੇਢੇਪਣ ਨੂੰ ਦਰਸਾਉਣ ਲਈ, ਇਸ ਨੂੰ ਕੁੱਤੇ ਦੀ ਪੂਛ ਵਾਂਗ ਵਿੰਗਾ ਹੀ ਰਹਿਣ ਵਾਂਗ ਦਰਸਾਉਣ ਲਈ, ਕੁੱਤੇ ਨਾਲ ਸੰਬੰਧਤ ਇਸ ਪੱਖ ਨੂੰ ਹੀ ਸਾਹਮਣੇ ਰੱਖਿਆ ਗਿਆ ਹੈ।

(ੲ) **ਉਦਮੁ ਕਰੈ ਸੁਆਨ ਕੀ ਨਿਆਈ ਚਾਰੇ ਕੁੰਟਾ ਘੋਖਾ॥**

(ਧਨਾਸਰੀ ਮਹਲਾ ੫, ਪੰਨਾ 672)

ਅਰਥ : (ਸੁਆਦਲੇ ਖਾਣਿਆਂ ਦੀ ਖ਼ਾਤਰ) ਉਹ ਮਨੁੱਖ ਕੁੱਤੇ ਵਾਂਗ ਦੌੜ-ਭੱਜ ਕਰਦਾ ਰਹਿੰਦਾ ਹੈ, ਚਾਰੇ ਪਾਸੇ ਭਾਲਦਾ ਫਿਰਦਾ ਹੈ।

ਇਨ੍ਹਾਂ ਪੰਗਤੀਆਂ ਵਿਚ, ਚਸਕਿਆਂ ਦੇ ਸ਼ਿਕਾਰ ਹੋ ਕੇ, ਸਦਾ ਅਤ੍ਰਿਪਤ ਰਹਿਣ ਵਾਲੇ ਪ੍ਰਾਣੀ ਦੇ ਇਸ ਸੁਭਾਅ ਦਾ ਵਰਣਨ ਕਰਦਿਆਂ ਹੋਇਆਂ, ਇਸ ਨੂੰ ਕੁੱਤੇ ਵਾਂਗ ਦੌੜ-ਭੱਜ ਕਰਦਿਆਂ ਦਰਸਾਇਆ ਹੈ। ਕੁੱਤੇ ਦੇ ਸੁਭਾਅ ਦਾ ਤ੍ਰਿਪਤ ਨਾ ਹੋਣ ਵਾਲੇ ਪੱਖ ਦਾ ਹੀ ਇੱਥੇ ਜ਼ਿਕਰ ਕੀਤਾ ਗਿਆ ਹੈ। (ਬਾਕੀ ਪ੍ਰਮਾਣ ਇਸ ਲੇਖ ਦੇ 'ਅੰਤਲੇ ਨੋਟ' ਵਿਚ ਦੇਖੋ।)

ਗੁਰੂ ਗ੍ਰੰਥ ਸਾਹਿਬ ਵਿਚ ਸੁਆਨ/ਕੁੱਤੇ ਦੇ ਸੁਭਾਅ ਆਦਿ ਦੇ ਵੱਖ-ਵੱਖ ਪਹਿਲੂਆਂ ਵਿੱਚੋਂ, ਕਿਸੇ ਗੱਲ ਨੂੰ ਦਰਸਾਉਣ ਲਈ ਕਿਸੇ ਇਕ ਪਹਿਲੂ ਦਾ ਹੀ ਵਰਣਨ ਕੀਤਾ ਗਿਆ ਹੈ। ਇਹ ਨਿਯਮ ਆਮ ਹੀ ਸਾਹਿਤ ਦੇ ਹਰੇਕ ਰੂਪ ਵਿਚ ਦੇਖਿਆ ਜਾ ਸਕਦਾ ਹੈ। ਦ੍ਰਿਸ਼ਟਾਂਤ ਦੇਣ ਸਮੇਂ ਜਿਸ ਦਾ ਦ੍ਰਿਸ਼ਟਾਂਤ ਦਿੱਤਾ ਜਾਂਦਾ ਹੈ, ਉਸ ਦੇ ਸਾਰੇ ਪਹਿਲੂਆਂ ਦਾ ਨਹੀਂ, ਬਲਕਿ ਉਸ ਦੇ ਕੇਵਲ ਇਕ ਪਹਿਲੂ ਨੂੰ ਸਾਹਮਣੇ ਰੱਖਿਆ ਜਾਂਦਾ ਹੈ।

ਇਸ ਸੰਖੇਪ ਜਿਹੀ ਚਰਚਾ ਪਿੱਛੋਂ ਭਾਈ ਗੁਰਦਾਸ ਜੀ ਦੀ 19ਵੀਂ ਵਾਰ ਦੀ 6ਵੀਂ ਪਉੜੀ ਦੀ ਵਿਚਾਰ ਕਰਦੇ ਹਾਂ। ਇਸ ਪਉੜੀ ਵਿਚ ਭਾਈ ਸਾਹਿਬ ਮੁੱਖ ਰੂਪ ਵਿਚ ਜੋ ਗੱਲ ਆਖ ਰਹੇ ਹਨ, ਉਹ ਇਸ ਪਉੜੀ ਦੇ ਅਖ਼ੀਰ ਵਿਚ ਹੈ : "ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ।" ਇਸ ਤੁਕ ਤੋਂ ਪਹਿਲੀਆਂ ਪੰਗਤੀਆਂ ਵਿਚ

ਭਾਈ ਸਾਹਿਬ ਨੇ ਸੰਸਾਰ ਦੀ ਨਾਸ਼ਮਾਨਤਾ ਨੂੰ ਦਰਸਾਉਣ ਲਈ ਕੁਝ ਉਦਾਹਰਣਾਂ ਦਿੱਤੀਆਂ ਹਨ :

ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ।
ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ।
ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ।
ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ।
ਹਰਿਚੰਦਉਰੀ ਝਾਤਿ ਵਸਾਇ ਉਚਾਲੀਅਨਿ।

ਇਸ ਪਉੜੀ ਦਾ ਭਾਵ ਹੈ ਜਿਵੇਂ ਦੀਵਾਲੀ ਦੀ ਰਾਤ ਨੂੰ ਲੋਕੀਂ ਦੀਵੇ ਬਾਲਦੇ ਹਨ ਪਰ ਇਹ ਰੋਸ਼ਨੀ ਕੁਝ ਦੇਰ ਤੀਕ ਹੀ ਰਹਿੰਦੀ ਹੈ। ਰਾਤ ਨੂੰ ਤਾਰੇ ਦਿਖਾਈ ਦੇਂਦੇ ਹਨ ਪਰ ਸੂਰਜ ਚੜ੍ਹਿਆਂ ਇਹ ਤਾਰੇ ਦਿਖਾਈ ਨਹੀਂ ਦੇਂਦੇ। ਜਿਵੇਂ ਕਿਸੇ ਪੁਰਬ ਆਦਿ ਦੇ ਸਮੇਂ ਲੋਕੀਂ ਕਿਸੇ ਤੀਰਥ ਸਥਾਨ 'ਤੇ ਜਾਂਦੇ ਹਨ। ਕੁਝ ਦਿਨ ਉਸ ਥਾਂ 'ਤੇ ਬੜਾ ਰੌਣਕ ਮੇਲਾ ਹੁੰਦਾ ਹੈ। ਇਸ ਤਰ੍ਹਾਂ ਲਗਦਾ ਹੈ ਜਿਵੇਂ ਸਾਰੀ ਲੋਕਾਈ ਹੀ ਉਥੇ ਉਮਡ਼ ਪਈ ਹੈ। ਪਰ ਫਿਰ ਸਹਿਜੇ ਸਹਿਜੇ ਲੋਕੀਂ ਆਪੋ-ਆਪਣੇ ਘਰਾਂ ਨੂੰ ਵਾਪਸ ਮੁੜ ਜਾਂਦੇ ਹਨ। ਇੰਜ ਕੁਝ ਦਿਨਾਂ ਪਿੱਛੋਂ ਉਸ ਸਥਾਨ 'ਤੇ ਲੋਕਾਂ ਦਾ ਇਹ ਜਮਘਟਾ ਦੇਖਣ ਨੂੰ ਨਹੀਂ ਮਿਲਦਾ। ਚੂੰਕਿ ਲੋਕ ਕੇਵਲ ਯਾਤਰਾ ਕਰਨ ਲਈ ਹੀ ਉਸ ਸਥਾਨ 'ਤੇ ਜਾਂਦੇ ਹਨ ਨਾ ਕਿ ਹਮੇਸ਼ਾ ਉਥੇ ਰਹਿਣ ਲਈ। ਆਕਾਸ਼ ਵਿਚ ਬੱਦਲਾਂ ਦੇ ਆਕਾਸ਼ੀ ਮਹੱਲ ਦਿਖਾਈ ਦੇਂਦੇ ਹਨ ਪਰ ਉਨ੍ਹਾਂ ਦੀ ਹੋਂਦ ਨਹੀਂ ਹੁੰਦੀ, ਇਸ ਲਈ ਛੇਤੀ ਹੀ ਛਾਈਂ-ਮਾਈਂ ਹੋ ਜਾਂਦੇ ਹਨ। ਗੁਰਮੁਖ ਜਨ ਗੁਰੂ ਦੇ ਸ਼ਬਦ ਨੂੰ ਆਪਣੇ ਹਿਰਦੇ ਵਿਚ ਵਸਾ ਕੇ, ਦੀਵਾਲੀ ਦੀ ਰਾਤ ਦੀ ਰੋਸ਼ਨੀ, ਤਾਰੇ, ਫੁੱਲ ਅਤੇ ਤੀਰਥਾਂ ਦੇ ਮੇਲਿਆਂ ਵਾਂਗ ਸੰਸਾਰ ਨੂੰ ਅਲਪ ਕਾਲ ਦੀ ਖ਼ੁਸ਼ੀ ਮੰਨ ਕੇ ਨਿਰਲੇਪ ਰਹਿੰਦੇ ਹਨ।

ਇਸ ਪਉੜੀ ਦਾ ਗਾਇਣ ਕਰਨ ਜਾਂ ਵਿਆਖਿਆ ਕਰਨ ਵਾਲੇ ਸੱਜਣਾਂ ਨੂੰ ਚਾਹੀਦਾ ਹੈ ਕਿ ਉਹ ਭਾਈ ਸਾਹਿਬ ਨੇ ਇਸ ਪਉੜੀ ਵਿਚ ਮੂਲ ਰੂਪ ਜੋ ਸੁਨੇਹਾ ਦਿੱਤਾ ਹੈ, ਉਸ ਉੱਤੇ ਜ਼ੋਰ ਦੇਣ, ਨਾ ਕਿ ਜਿਸ ਗੱਲ ਨੂੰ ਸਮਝਾਉਣ ਲਈ ਦ੍ਰਿਸ਼ਟਾਂਤ ਦਿੱਤੇ ਹਨ, ਉਨ੍ਹਾਂ ਨੂੰ ਪ੍ਰਚਾਰਨ। ਪ੍ਰਚਾਰਕ ਸ਼੍ਰੇਣੀ ਭਾਵੇਂ ਉਹ ਕਥਾ ਵਾਚਕ, ਪ੍ਰਚਾਰਕ ਜਾਂ ਰਾਗੀ ਦੇ ਰੂਪ ਵਿਚ ਹੈ, ਸਾਰਿਆਂ ਦਾ ਹੀ ਇਹ ਮੁੱਢਲਾ ਫ਼ਰਜ਼ ਹੈ ਕਿ ਸਿੱਖ ਸੰਗਤਾਂ ਵਿਚ ਗੁਰਮਤਿ ਦੀ ਜੀਵਨ-ਜੁਗਤਿ ਹੀ ਦ੍ਰਿੜ੍ਹ ਕਰਵਾਈ ਜਾਵੇ। ਗੁਰਦੁਆਰੇ ਗੁਰਮਤਿ ਦੀ ਟਕਸਾਲ ਹਨ। ਇੱਥੋਂ ਹੀ ਸੰਗਤਾਂ ਨੇ ਗੁਰਮਤਿ ਦੀ ਜੀਵਨ-ਜੁਗਤਿ ਨੂੰ ਸਿੱਖਣਾ ਅਥਵਾ ਸਮਝਣਾ ਹੈ। ਇਸ ਲਈ ਇਸ ਪਉੜੀ ਦਾ ਗਾਇਣ ਕਰਨ ਸਮੇਂ ਇਸ ਪਉੜੀ ਦੀ ਅੰਤਲੀ ਪੰਗਤੀ ਨੂੰ ਹੀ ਅਸਥਾਈ ਬਣਾ ਕੇ ਗਾਵਿਆ ਜਾਵੇ ਤਾਂ ਕਿ ਇਸ ਵਿਚ ਭਾਈ ਗੁਰਦਾਸ ਜੀ ਜੋ ਗੱਲ ਸਾਨੂੰ ਸਮਝਾਉਣਾ ਚਾਹੁੰਦੇ ਹਨ, ਉਸ ਨੂੰ ਸਮਝਿਆ ਜਾ ਸਕੇ।

ਅੰਤਲਾ ਨੋਟ

(ਸ) **ਸਿਮਰਨੁ ਨਹੀ ਆਵਤ ਫਿਰਤ ਮਦ ਮਾਵਤ ਬਿਖਿਆ ਰਾਤਾ ਸੁਆਨ ਜੈਸੇ॥**

(ਬਿਲਾਵਲੁ ਮਹਲਾ ੫, ਪੰਨਾ 829)

ਅਰਥ : (ਹੇ ਪ੍ਰਭੂ ! ਤੇਰੀ ਮਿਹਰ ਤੋਂ ਬਿਨਾਂ ਜੀਵ ਨੂੰ ਤੇਰਾ) ਸਿਮਰਨ ਕਰਨ ਦੀ ਜਾਚ ਨਹੀਂ ਆਉਂਦੀ, ਮਾਇਆ ਦੇ ਨਸ਼ੇ ਵਿਚ ਮਸਤ ਭਟਕਦਾ ਹੈ, ਮਾਇਆ (ਦੇ ਰੰਗ) ਵਿਚ ਰੰਗਿਆ ਹੋਇਆ ਜੀਵ ਇਉਂ ਫਿਰਦਾ ਹੈ ਜਿਵੇਂ (ਹਲਕਿਆ) ਕੁੱਤਾ।

ਇਨ੍ਹਾਂ ਤੁਕਾਂ ਵਿਚ ਮਾਇਆ ਦੇ ਨਸ਼ੇ ਵਿਚ ਮਸਤੇ ਹੋਏ ਮਨੁੱਖ ਨੂੰ ਹਲਕੇ ਹੋਏ ਕੁੱਤੇ ਵਾਂਗ ਭਟਕਦਾ ਹੋਇਆ ਦਰਸਾਉਣ ਲਈ ਕੁੱਤੇ ਦੇ ਇਸ ਪੱਖ ਨੂੰ ਹੀ ਸਾਹਮਣੇ ਰੱਖਿਆ ਗਿਆ ਹੈ।

(ਹ) **ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥**

(ਨਟ ਮਹਲਾ 4, ਪੰਨਾ 983)

ਅਰਥ : ਹੇ ਭਾਈ ! ਲੋਭ ਦੀ ਲਹਿਰ ਨਿਰੋਲ ਹਲਕਾਇਆ ਕੁੱਤਾ ਹੀ ਹੈ (ਜਿਵੇਂ) ਹਲਕਾਇਆ ਕੁੱਤਾ ਸਭਨਾਂ ਨੂੰ (ਵੱਢ ਵੱਢ ਕੇ) ਵਿਗਾੜਦਾ ਜਾਂਦਾ ਹੈ (ਤਿਵੇਂ ਲੋਭੀ ਮਨੁੱਖ ਹੋਰਨਾਂ ਨੂੰ ਭੀ ਆਪਣੀ ਸੰਗਤ ਵਿਚ ਲੋਭੀ ਬਣਾਈ ਜਾਂਦਾ ਹੈ)।

ਇਨ੍ਹਾਂ ਪੰਗਤੀਆਂ ਵਿਚ ਲੋਭੀ ਮਨੁੱਖ ਦਾ ਹੋਰਨਾਂ ਨੂੰ ਵੀ ਲੋਭੀ ਬਣਾਉਣ ਵਾਲੇ ਕੰਮ ਨੂੰ ਦਰਸਾਉਣ ਲਈ ਹਲਕਾਏ ਕੁੱਤੇ ਦੇ ਇਸ ਪੱਖ ਨੂੰ ਹੀ ਲਿਆ ਗਿਆ ਹੈ ਜੋ ਦੂਜਿਆਂ ਨੂੰ ਵੱਢ ਕੇ ਇਸ ਰੋਗ ਦਾ ਸ਼ਿਕਾਰ ਬਣਾ ਦੇਂਦਾ ਹੈ।

(ਕ) **ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ॥**
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ॥ *(ਸਲੋਕ ਮ: ੯, ਪੰਨਾ 1428)*

ਅਰਥ : ਹੇ ਨਾਨਕ ! (ਆਖ—ਹੇ ਭਾਈ !) ਜਿਸ ਮਨੁੱਖ ਦੇ ਮਨ ਵਿਚ ਪਰਮਾਤਮਾ ਦੀ ਭਗਤੀ ਨਹੀਂ ਹੈ, ਉਸ ਦਾ ਸਰੀਰ ਉਹੋ ਜਿਹਾ ਹੀ ਸਮਝ ਜਿਹੋ ਜਿਹਾ (ਕਿਸੇ) ਸੂਰ ਦਾ ਸਰੀਰ ਹੈ (ਜਾਂ ਕਿਸੇ) ਕੁੱਤੇ ਦਾ ਸਰੀਰ ਹੈ।

ਇਨ੍ਹਾਂ ਪੰਗਤੀਆਂ ਵਿਚ ਪ੍ਰਭੂ ਦੀ ਭਗਤੀ ਤੋਂ ਰਹਿਤ ਪ੍ਰਾਣੀ ਵੱਲੋਂ ਭੱਖ ਅਭੱਖ ਖਾਣ ਦੇ ਸੁਭਾਵ ਵਾਲੇ ਭਾਵ ਨੂੰ ਦਰਸਾਉਣ ਲਈ 'ਸੂਕਰ' ਅਤੇ 'ਸੁਆਨ' ਸ਼ਬਦ ਵਰਤੇ ਗਏ ਹਨ।

(ਖ) **ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ॥**
ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ॥

(ਸਲੋਕ ਮਹਲਾ ੯, ਪੰਨਾ 1428)

ਅਰਥ : ਹੇ ਨਾਨਕ ! (ਆਖ—ਹੇ ਭਾਈ !) ਇਕ-ਮਨ ਹੋ ਕੇ ਇਕ-ਚਿੱਤ ਹੋ ਕੇ ਪਰਮਾਤਮਾ ਦਾ ਭਜਨ ਇਸੇ ਤਰੀਕੇ ਨਾਲ ਕਰਿਆ ਕਰੋ (ਕਿ ਉਸ ਦਾ ਦਰ ਕਦੇ ਛੱਡਿਆ ਹੀ ਨਾ ਜਾਏ) ਜਿਵੇਂ ਕੁੱਤਾ (ਆਪਣੇ) ਮਾਲਕ ਦਾ ਘਰ (ਘਰ ਦਾ ਬੂਹਾ) ਸਦਾ (ਮੱਲੀ ਰੱਖਦਾ ਹੈ) ਕਦੇ ਭੀ ਛੱਡਦਾ ਨਹੀਂ ਹੈ।

ਇਸ ਸਲੋਕ ਵਿਚ ਗੁਰਦੇਵ ਕੁੱਤੇ ਦਾ ਆਪਣੇ ਮਾਲਕ ਦਾ ਦਰ ਮੱਲੀ ਰੱਖਣ ਵਾਲੇ ਗੁਣ/ਸੁਭਾਅ ਦਾ ਵਰਣਨ ਕਰਦਿਆਂ ਹੋਇਆਂ ਮਨੁੱਖ ਨੂੰ ਇਸ ਤੋਂ ਪ੍ਰੇਰਨਾ ਲੈ ਕੇ ਪ੍ਰਭੂ ਦਾ ਲੜ ਪਕੜਨ ਦੀ ਕਰਦੇ ਹਨ।

ਕੜਾਹ ਪ੍ਰਸਾਦਿ

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ :

> ਉਹ ਕੜਾਹ ਜੋ ਮਰਯਾਦਾ ਅਨੁਸਾਰ ਤਿਆਰ ਕਰ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਰੱਖ ਕੇ ਅਰਦਾਸ ਉਪਰੰਤ ਕ੍ਰਿਪਾਨ ਭੇਟ ਕਰ ਕੇ ਵਰਤਾਈਦਾ ਹੈ, ਉਸ ਨੂੰ 'ਕੜਾਹ ਪ੍ਰਸਾਦਿ' ਕਿਹਾ ਜਾਂਦਾ ਹੈ। ਪ੍ਰਸਾਦਿ ਦੇ ਅਰਥ ਹਨ : ੧. ਖ਼ੁਸ਼ੀ, ਪ੍ਰਸੰਨਤਾ। ੨. ਸਵੱਛਤਾ, ਨਿਰਮਲਤਾ। ੩. ਅਰੋਗਤਾ। ੪. ਦੇਵਤਾ ਨੂੰ ਅਰਪਿਆ ਹੋਇਆ ਖਾਣ ਯੋਗਯ ਪਦਾਰਥ। ੫. ਕਾਵਯ ਦਾ ਇੱਕ ਗੁਣ, ਪਦਾਂ ਦੀ ਜੜਤੀ ਸੁੰਦਰ ਅਤੇ ਅਰਥ ਦਾ ਸਪੱਸ਼ਟ ਹੋਣਾ। ੬. ਕ੍ਰਿਪਾ. ਅਨੁਗ੍ਰਹ। ੭. ਭੋਜਨ, ਰਸੋਈ।
>
> ਕੜਾਹ ਦਾ ਅਰਥ ਹੈ : ੧. ਕੜਾਹਾ, ਲੋਹੇ ਦਾ ਕੁੰਡੇਦਾਰ ਖੁੱਲ੍ਹੇ ਮੂੰਹ ਦਾ ਬਰਤਨ। ੨. ਕੜਾਹੇ ਵਿਚ ਤਿਆਰ ਕੀਤਾ ਅੰਨ; ਹਲੂਆ। *(ਮਹਾਨ ਕੋਸ਼)*

ਕੜਾਹ ਪ੍ਰਸਾਦਿ ਨੂੰ ਕੁਣਕਾ (ਖਾਵੈ ਕੁਣਕਾ ਵੰਡ ਕੈ), ਮਹਾਪ੍ਰਸਾਦ (ਆਣਿ ਮਹਾ ਪਰਸਾਦੁ ਵੰਡਿ ਖੁਵਾਇਆ। (ਭਾਈ ਗੁਰਦਾਸ ਜੀ, ਵਾਰ 20, ਪਉੜੀ 10), ਸ਼ਹੀਦੀ ਪ੍ਰਸਾਦਿ। ਪੰਚਾਮ੍ਰਿਤ ਅਤੇ ਦੇਗ ਵੀ ਕਿਹਾ ਜਾਂਦਾ ਹੈ ਪਰ ਹੁਣ ਕੇਵਲ 'ਕੜਾਹ ਪ੍ਰਸਾਦਿ' ਸ਼ਬਦ ਹੀ ਵਧੇਰੇ ਪ੍ਰਚੱਲਤ ਹੈ।

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੇਵਲ ਕੜਾਹ ਪ੍ਰਸਾਦਿ ਹੀ ਵਰਤਾਉਣ ਦੀ ਪਰੰਪਰਾ ਹੈ, ਕਿਸੇ ਹੋਰ ਚੀਜ਼ ਨੂੰ ਪ੍ਰਸਾਦਿ ਦੇ ਰੂਪ ਵਿਚ ਵਰਤਾਉਣ ਦੀ ਰੀਤ ਨਹੀਂ ਹੈ।

ਕੜਾਹ ਪ੍ਰਸਾਦਿ ਛੂਤ-ਛਾਤ, ਜਾਤ ਅਭਿਮਾਨ, ਊਚ-ਨੀਚ, ਗਰੀਬ-ਅਮੀਰ ਦਾ ਭੇਦ-ਭਾਵ ਮਿਟਾ ਕੇ ਏਕਤਾ, ਸਾਂਝੀਵਾਲਤਾ, ਇਕਸਾਰਤਾ, ਬਰਾਬਰਤਾ ਦਾ ਪ੍ਰਤੀਕ ਹੈ। 'ਸਿੱਖ ਰਹਿਤ ਮਰਯਾਦਾ' ਵਿਚ ਇਸ ਸੰਬੰਧੀ ਇਉਂ ਹਦਾਇਤ ਕੀਤੀ ਗਈ ਹੈ ਕਿ ਕਿਸੇ ਲਿਹਾਜ਼ ਜਾਂ ਘ੍ਰਿਣਾ ਕਰਕੇ ਵਿਤਕਰਾ ਨਾ ਕਰੇ। ਸਭ ਸਿੱਖ, ਗ਼ੈਰ-ਸਿੱਖ, ਨੀਚ-ਉਚ ਜਾਤਿ ਵਾਲੇ ਨੂੰ ਇੱਕੋ ਜਿਹਾ ਵਰਤਾਵੇ। ਕੜਾਹ ਪ੍ਰਸਾਦਿ ਵਰਤਾਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁੱਖ ਤੋਂ ਜਾਤ-ਪਾਤ, ਛੂਤ-ਛਾਤ ਦਾ ਖ਼ਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

ਕਈ ਥਾਈਂ ਕੜਾਹ ਪ੍ਰਸਾਦਿ ਨੂੰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਿਆਉਣ ਸਮੇਂ ਇਸ ਦੇ ਅੱਗੇ ਅੱਗੇ ਪਾਣੀ ਤ੍ਰੌਂਕਦੇ ਹਨ; ਭਾਈ ਕਾਨ੍ਹ ਸਿੰਘ ਨਾਭਾ ਇਸ ਸੰਬੰਧ ਵਿਚ ਲਿਖਦੇ ਹਨ ਕਿ ਇਹ ਅਵਿਦਯਾ ਕਰਮ ਹੈ। ਕਈ ਥਾਈਂ ਇਹ ਦੇਖਣ ਨੂੰ ਮਿਲਦਾ

ਹੈ ਕਿ ਜਦੋਂ ਕੜਾਹ ਪ੍ਰਸਾਦਿ ਦੀ ਦੇਗ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਿਆਂਦੀ ਜਾਂਦੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬੈਠੀਆਂ ਸੰਗਤਾਂ ਉੱਠ ਕੇ ਖੜੀਆਂ ਹੋ ਜਾਂਦੀਆਂ ਹਨ ਜਾਂ ਉਨ੍ਹਾਂ ਨੂੰ ਖੜੇ ਹੋਣ ਲਈ ਕਿਹਾ ਜਾਂਦਾ ਹੈ। ਪਰ ਇਹ ਸਭ ਕੁਝ ਅਗਿਆਨਤਾ ਵੱਸ ਦੇਖਾ-ਦੇਖੀ ਪ੍ਰਾਰੰਭ ਹੋ ਗਿਆ ਹੋਇਆ ਹੈ; ਇਨ੍ਹਾਂ ਗੱਲਾਂ ਦਾ ਗੁਰਮਤਿ ਦੀ ਰਹਿਣੀ ਨਾਲ ਕਿਸੇ ਤਰ੍ਹਾਂ ਦਾ ਕੋਈ ਸੰਬੰਧ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੜਾਹ ਪ੍ਰਸਾਦਿ ਦੀ ਦੇਗ ਸਤਿਕਾਰ ਨਾਲ ਲਿਆਉਣ ਅਤੇ ਅਰਦਾਸ ਉਪਰੰਤ ਕ੍ਰਿਪਾਨ ਭੇਟ ਕਰਨ ਦਾ ਅਰਥ ਗੁਰੂ ਨੂੰ ਭੋਗ ਲਗਾਉਣਾ ਨਹੀਂ ਹੈ। ਭਾਵੇਂ ਕਈ ਸੱਜਣ ਅਨਜਾਣਪੁਣੇ ਕਾਰਨ ਅਜਿਹਾ ਹੀ ਸਮਝਦੇ ਹਨ।

[ਨੋਟ: ਜ਼ਿਆਦਾਤਰ ਡੇਰੇਦਾਰ ਇਸ ਤਰ੍ਹਾਂ ਦੀ ਸੋਚ ਦੇ ਧਾਰਨੀ ਹੋਣ ਕਾਰਨ ਉਨ੍ਹਾਂ ਦੇ ਸ਼ਰਧਾਲੂ ਵੀ ਇਸ ਤਰ੍ਹਾਂ ਦੀ ਧਾਰਨਾ ਨੂੰ ਧਾਰਨ ਕਰੀ ਬੈਠੇ ਹਨ।]

ਇਸ ਲਈ ਕਈ ਅਰਦਾਸੀਏ ਅਰਦਾਸ ਵਿਚ 'ਭੋਗ' ਸ਼ਬਦ ਦੀ ਵਰਤੋਂ ਕਰਦੇ ਹਨ। ਕਈ ਅਰਦਾਸ ਕਰਨ ਵਾਲੇ ਸੱਜਣ ਅਰਦਾਸ ਵਿਚ 'ਆਪ ਜੀ ਨੂੰ ਭੋਗ ਲੱਗੇ, ਸੀਤ ਪ੍ਰਸਾਦਿ ਸਾਧ ਸੰਗਤ ਵਿਚ ਵਰਤੇ' ਵਰਗੀ ਅਨਮਤੀ ਸ਼ਬਦਾਵਲੀ ਵਰਤਦੇ ਹਨ। ਪ੍ਰੰਤੂ ਇਸ ਤਰ੍ਹਾਂ ਦੀ ਸ਼ਬਦਾਵਲੀ ਗੁਰਮਤਿ ਦੇ ਅਨੁਕੂਲ ਨਹੀਂ ਹੈ। ਇਸ ਤਰ੍ਹਾਂ ਦੀ ਸ਼ਬਦਾਵਲੀ ਦੀ ਵਰਤੋਂ ਕਰਨ ਵਾਲੇ ਸੱਜਣ ਗੁਰਬਾਣੀ ਦੀ ਇਹ ਤੁਕ ਆਮ ਹੀ ਅਰਦਾਸ ਵਿਚ ਪੜ੍ਹਦੇ ਹਨ:

ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਇ॥

(ਮਲਾਰ ਮਹਲਾ ੫, ਪੰਨਾ 1266)

ਪਰ ਇਸ ਪੰਗਤੀ ਵਿਚ ਕੜਾਹ ਪ੍ਰਸਾਦਿ ਦਾ ਤਾਂ ਕੋਈ ਜ਼ਿਕਰ ਨਹੀਂ ਹੈ; ਇਸ ਵਿਚ ਤਾਂ ਆਤਮਿਕ ਰਸੋਈ ਦੀ ਤਿਆਰੀ ਦੀ ਗੱਲ ਕੀਤੀ ਹੋਈ ਹੈ, ਨਾ ਕਿ ਕੜਾਹ ਪ੍ਰਸਾਦਿ ਦੀ। ਜਿਸ ਸ਼ਬਦ ਦੀ ਇਹ ਪੰਗਤੀ ਹੈ ਉਹ ਇਸ ਪ੍ਰਕਾਰ ਹੈ:

ਕਿਆ ਤੂ ਸੋਚਹਿ ਕਿਆ ਤੂ ਚਿਤਵਹਿ ਕਿਆ ਤੂੰ ਕਰਹਿ ਉਪਾਏ॥
ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ॥੧॥
ਬਰਸੈ ਮੇਘੁ ਸਖੀ ਘਰਿ ਪਾਹੁਨ ਆਏ॥
ਮੋਹਿ ਦੀਨ ਕ੍ਰਿਪਾ ਨਿਧਿ ਠਾਕੁਰ ਨਵ ਨਿਧਿ ਨਾਮਿ ਸਮਾਏ॥੧॥ਰਹਾਉ॥
ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ॥
ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਇ॥੨॥
ਦੁਸਟ ਬਿਦਾਰੇ ਸਾਜਨ ਰਹਸੇ ਇਹਿ ਮੰਦਿਰ ਘਰ ਅਪਨਾਏ॥
ਜਉ ਗ੍ਰਿਹਿ ਲਾਲੁ ਰੰਗੀਓ ਆਇਆ ਤਉ ਮੈ ਸਭਿ ਸੁਖ ਪਾਏ॥੩॥
ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਕਿ ਲੇਖੁ ਲਿਖਾਏ॥
ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ॥੪॥

(ਮਲਾਰ ਮਹਲਾ ੫, ਪੰਨਾ 1266)

ਅਰਥ: ਹੇ ਸਹੇਲੀ! (ਮੇਰੇ ਹਿਰਦੇ-) ਘਰ ਵਿਚ ਪ੍ਰਭੂ-ਪਤੀ ਜੀ ਟਿਕੇ ਹਨ (ਮੇਰੇ

ਅੰਦਰੋਂ ਤਪਸ਼ ਮਿੱਟ ਗਈ ਹੈ, ਇਉਂ ਜਾਪਦਾ ਹੈ ਜਿਵੇਂ ਮੇਰੇ ਅੰਦਰ ਉਸ ਦੀ ਮਿਹਰ ਦਾ) ਬੱਦਲ ਵੱਸ ਰਿਹਾ ਹੈ। ਹੇ ਕ੍ਰਿਪਾ ਦੇ ਖ਼ਜ਼ਾਨੇ ਪ੍ਰਭੂ ! ਹੇ ਮਾਲਕ-ਪ੍ਰਭੂ ! ਮੈਨੂੰ ਕੰਗਾਲ ਨੂੰ ਆਪਣੇ ਨਾਮ ਵਿਚ ਲੀਨ ਕਰੀ ਰੱਖ (ਇਹ ਨਾਮ ਹੀ ਮੇਰੇ ਵਾਸਤੇ) ਨੌਂ ਖ਼ਜ਼ਾਨੇ ਹੈ।

ਹੇ ਭਾਈ ! (ਪਰਮਾਤਮਾ ਦੀ ਸ਼ਰਨ ਛੱਡ ਕੇ) ਤੂੰ ਹੋਰ ਕੀ ਸੋਚਾਂ ਸੋਚਦਾ ਹੈਂ ? ਤੂੰ ਹੋਰ ਕੀ ਉਪਾਵ ਚਿਤਵਦਾ ਹੈਂ ? ਤੂੰ ਹੋਰ ਕਿਹੜੇ ਹੀਲੇ ਕਰਦਾ ਹੈਂ ? (ਵੇਖ,) ਜਿਸ (ਮਨੁੱਖ) ਦਾ ਸਹਾਈ ਪਰਮਾਤਮਾ ਆਪ ਬਣਦਾ ਹੈ ਉਸ ਨੂੰ, ਦੱਸ, ਕਿਸ ਦੀ ਪ੍ਰਵਾਹ ਰਹਿ ਜਾਂਦੀ ਹੈ ?

ਜਿਵੇਂ ਕੋਈ ਇਸਤ੍ਰੀ ਆਪਣੇ ਪਤੀ ਵਾਸਤੇ ਅਨੇਕਾਂ ਕਿਸਮਾਂ ਦੇ ਮਿੱਠੇ ਸੁਆਦਲੇ ਖਾਣੇ ਤਿਆਰ ਕਰਦੀ ਹੈ, ਬੜੀ ਸੁੱਚ ਨਾਲ ਰਸੋਈ ਸੁਥਰੀ ਬਣਾਉਂਦੀ ਹੈ, ਹੇ ਮੇਰੇ ਪ੍ਰਭੂ-ਪਾਤਿਸ਼ਾਹ ! (ਤੇਰੇ ਪਿਆਰ ਵਿਚ ਮੈਂ ਆਪਣੇ ਹਿਰਦੇ ਦੀ ਰਸੋਈ ਨੂੰ ਤਿਆਰ ਕੀਤਾ ਹੈ, ਮਿਹਰ ਕਰ, ਤੇ ਇਸ ਨੂੰ) ਹੁਣ ਪ੍ਰਵਾਨ ਕਰ।

ਹੇ ਸਖੀ ! ਇਨ੍ਹਾਂ (ਸਰੀਰ ਰੂਪੀ) ਘਰਾਂ-ਮੰਦਰਾਂ ਨੂੰ (ਜਦੋਂ ਪ੍ਰਭੂ-ਪਤੀ) ਅਪਣਾਉਂਦਾ ਹੈ (ਇਨ੍ਹਾਂ ਵਿਚ ਆਪਣਾ ਪ੍ਰਕਾਸ਼ ਕਰਦਾ ਹੈ, ਤਦੋਂ ਇਨ੍ਹਾਂ ਵਿੱਚੋਂ ਕਾਮਾਦਿਕ) ਦੁਸ਼ਟ ਨਾਸ ਹੋ ਜਾਂਦੇ ਹਨ (ਅਤੇ ਦੈਵੀ ਗੁਣ) ਸੱਜਣ ਪ੍ਰਫੁੱਲਤ ਹੋ ਜਾਂਦੇ ਹਨ। ਹੇ ਸਖੀ ! ਜਦੋਂ ਤੋਂ ਮੇਰੇ ਹਿਰਦੇ-ਘਰ ਵਿਚ ਸੋਹਣਾ ਲਾਲ (ਪ੍ਰਭੂ) ਆ ਵੱਸਿਆ ਹੈ, ਤਦੋਂ ਤੋਂ ਮੈਂ ਸਾਰੇ ਸੁਖ ਹਾਸਲ ਕਰ ਲਏ ਹਨ।

ਹੇ ਦਾਸ ਨਾਨਕ ! ਧੁਰ ਦਰਗਾਹ ਤੋਂ ਜਿਸ ਜੀਵ ਦੇ ਮੱਥੇ ਉੱਤੇ ਸਾਧ ਸੰਗਤ ਵਿਚ ਪੂਰੇ ਗੁਰੂ ਦੀ ਓਟ ਦਾ ਲੇਖ ਲਿਖਿਆ ਹੁੰਦਾ ਹੈ, ਉਸ ਨੂੰ ਸੋਹਣਾ ਪ੍ਰਭੂ-ਪਤੀ ਮਿਲ ਪੈਂਦਾ ਹੈ, ਉਸ ਨੂੰ ਫਿਰ ਕੋਈ ਦੁੱਖ ਪੋਹ ਨਹੀਂ ਸਕਦਾ।

ਸੋ, ਅਰਦਾਸ ਵਿਚ ਕੜਾਹ ਪ੍ਰਸਾਦਿ ਆਪ ਜੀ ਦੇ ਦਰ ਪ੍ਰਵਾਨ ਹੋਵੇ, ਕਹਿਣਾ ਹੀ ਯੋਗ ਹੈ। ਗੁਰਮਤਿ ਵਿਚ ਭੋਗ ਦਾ ਸੰਕਲਪ ਨਹੀਂ ਹੈ। ਇਸੇ ਤਰ੍ਹਾਂ 'ਸੀਤ ਪ੍ਰਸਾਦਿ ਸੰਗਤਾਂ ਵਿਚ ਵਰਤੇ' ਕਹਿਣਾ ਵੀ ਗ਼ਲਤ ਹੈ। ਗੁਰਮਤਿ ਵਿਚ 'ਸੀਤ ਪ੍ਰਸਾਦਿ' ਦੀ ਕੋਈ ਧਾਰਨਾ ਨਹੀਂ ਹੈ।

ਕਈ ਸੱਜਣ ਤਾਂ ਇੱਥੋਂ ਤੀਕ ਗੱਪ ਮਾਰਨ ਤੋਂ ਵੀ ਸੰਕੋਚ ਨਹੀਂ ਕਰਦੇ ਕਿ ਗੁਰੂ ਸਾਹਿਬ ਪ੍ਰਸਾਦਿ ਛਕਦੇ ਹਨ। ਇਸ ਗੱਲ ਨੂੰ ਪ੍ਰਮਾਣਿਤ ਕਰਨ ਲਈ ਮਨਘੜਤ ਕਹਾਣੀ ਵੀ ਸੁਣਾਉਂਦੇ ਹਨ ਕਿ ਕਿਵੇਂ ਇਕ ਵਾਰੀ ਕਿਸੇ ਦੇ ਸ਼ੰਕਾ ਕਰਨ 'ਤੇ ਰਸਦ ਨੂੰ ਨਾਪ ਤੋਲ ਕੇ ਦੇਗ ਤਿਆਰ ਕੀਤੀ ਗਈ, ਅਰਦਾਸ ਉਪਰੰਤ ਜਦੋਂ ਫਿਰ ਤੋਲਿਆ ਗਿਆ ਤਾਂ ਦੇਗ ਪਹਿਲਾਂ ਨਾਲੋਂ ਘੱਟ ਸੀ। ਇਸ ਤਰ੍ਹਾਂ ਦੀ ਧਾਰਨਾ ਰੱਖਣ ਵਾਲੇ ਹੀ ਸੱਜਣ ਗਰਮ ਕੜਾਹ ਪ੍ਰਸਾਦਿ ਦੀ ਅਰਦਾਸ ਕਰਨ ਦੀ ਨਿਖੇਧੀ ਕਰਦੇ ਹਨ। ਅਜਿਹੇ ਸੱਜਣਾਂ ਦਾ ਇਹ ਮੰਨਣਾ ਹੈ ਕਿ ਗਰਮ ਕੜਾਹ ਪ੍ਰਸਾਦਿ ਨੂੰ ਭੋਗ ਲਾਉਣ ਨਾਲ ਗੁਰੂ ਸਾਹਿਬ ਦੀ ਜੀਭ ਸੜ ਜਾਂਦੀ ਹੈ। ਕਈ ਸੱਜਣ ਇਹ ਗੱਪ ਮਾਰਨ ਤੋਂ ਵੀ ਸੰਕੋਚ ਨਹੀਂ ਕਰਦੇ ਕਿ ਗਰਮ ਕੜਾਹ ਪ੍ਰਸਾਦਿ ਨੂੰ ਭੋਗ ਲਾਉਣ 'ਤੇ ਗੁਰੂ ਸਾਹਿਬ ਨੇ ਪ੍ਰਗਟ ਹੋ ਕੇ ਉਨ੍ਹਾਂ ਨੂੰ ਆਪਣੀ ਸੜੀ ਹੋਈ ਜੀਭ ਵੀ ਦਿਖਾਈ।

[ਨੋਟ : ਇਕ ਸੱਜਣ ਨੇ ਦੋ ਕੁ ਹਫ਼ਤੇ ਪਹਿਲੇ ਹੀ (ਜਨਵਰੀ 2012) ਬੀ.ਸੀ. ਦੇ ਇਕ

ਗੁਰਦੁਆਰਾ ਸਾਹਿਬ ਵਿਖੇ ਆਪਣੇ ਵਿਆਖਿਆਨ ਦੌਰਾਨ ਇਹ ਗੱਲ ਆਖੀ ਕਿ ਇਕ ਵਾਰ ਉਸ ਨੇ ਕਾਹਲੀ ਕਾਹਲੀ ਵਿਚ ਗਰਮ ਗਰਮ ਕੜਾਹ ਪ੍ਰਸਾਦਿ ਦੀ ਦੇਗ ਨੂੰ ਭੋਗ ਲਵਾ ਦਿੱਤਾ। ਦੀਵਾਨ ਦੀ ਸਮਾਪਤੀ ਉਪਰੰਤ ਜਦੋਂ ਉਹ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲਿਆ ਤਾਂ ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਏ। ਗੁਰੂ ਸਾਹਿਬ ਨੇ ਆਪਣੀ ਜੀਭ ਦਿਖਾਉਂਦਿਆਂ ਹੋਇਆਂ ਕਿਹਾ ਕਿ ਦੇਖ ਤੂੰ ਗਰਮ ਗਰਮ ਦੇਗ ਨੂੰ ਭੋਗ ਲਵਾਇਆ ਹੈ, ਮੇਰੀ ਜੀਭ ਸੜ ਗਈ ਹੈ, ਇਸ ਲਈ ਪ੍ਰਸਾਦਿ ਠੰਡਾ ਕਰ ਕੇ ਭੋਗ ਲਗਾਇਆ ਕਰ।]

ਕੜਾਹ ਪ੍ਰਸਾਦਿ ਚੂੰਕਿ ਸੰਗਤਾਂ ਵਿਚ ਵਰਤਾਉਣਾ ਹੁੰਦਾ ਹੈ, ਇਸ ਲਈ ਵਰਤਾਉਣ ਤੋਂ ਪਹਿਲਾਂ ਇਤਨਾ ਕੁ ਠੰਡਾ ਕਰ ਲੈਣਾ ਚਾਹੀਦਾ ਹੈ ਜਿਸ ਨਾਲ ਵਰਤਾਉਣ ਵਾਲੇ ਅਤੇ ਲੈਣ ਵਾਲਿਆਂ ਦੇ ਹੱਥ ਨਾ ਸੜਨ।

ਗੁਰੂ ਸਾਹਿਬ ਨੇ ਸਾਨੂੰ ਸ਼ਬਦ/ਗਿਆਨ ਗੁਰੂ ਦੇ ਲੜ ਲਾਇਆ ਹੈ, ਇਸ ਨੂੰ ਨਾ ਭੁੱਖ ਲੱਗਦੀ ਹੈ, ਨਾ ਹੀ ਪਿਆਸ ਲੱਗਦੀ ਹੈ, ਨਾ ਹੀ ਗਰਮੀ ਲੱਗਦੀ ਹੈ ਅਤੇ ਨਾ ਹੀ ਸਰਦੀ ਲੱਗਦੀ ਹੈ।

ਕੜਾਹ ਪ੍ਰਸਾਦਿ ਵਿਚ ਕ੍ਰਿਪਾਨ ਭੇਟ ਕਰਨ ਬਾਰੇ ਕਈ ਸੱਜਣਾਂ ਦਾ ਇਹ ਖ਼ਿਆਲ ਹੈ ਕਿ ਕ੍ਰਿਪਾਨ ਅਕਾਲ ਪੁਰਖ ਦੀ ਰਸਨਾ ਹੈ; ਇਸ ਲਈ ਕ੍ਰਿਪਾਨ ਭੇਟ ਕਰਨ ਦਾ ਭਾਵ ਪ੍ਰਸਾਦਿ ਪ੍ਰਭੂ ਨੂੰ ਅਰਪਨ ਕਰਨਾ ਹੈ। ਪਰ ਇਸ ਧਾਰਨਾ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ ਹੈ।

ਕ੍ਰਿਪਾਨ ਭੇਟ ਕੇਵਲ ਕੜਾਹ ਪ੍ਰਸਾਦਿ ਦੀ ਦੇਗ ਨੂੰ ਹੀ ਭੇਟ ਕਰਨ ਦੀ ਮਰਯਾਦਾ ਹੈ, ਕਿਸੇ ਹੋਰ ਕਿਸਮ ਦੇ ਪ੍ਰਸਾਦਿ ਨੂੰ ਨਹੀਂ। ਗੁਰੂ ਸਾਹਿਬ ਦੀ ਹਜ਼ੂਰੀ ਵਿਚ ਕੇਵਲ ਕੜਾਹ ਪ੍ਰਸਾਦਿ ਦੀ ਦੇਗ ਵਰਤਾਉਣ ਦੀ ਹੀ ਪਰੰਪਰਾ ਹੈ।

ਕੜਾਹ ਪ੍ਰਸਾਦਿ ਵਰਤਾਉਣ ਸਮੇਂ ਪੰਜਾਂ ਪਿਆਰਿਆਂ ਦਾ ਛਾਂਦਾ ਕੱਢਣ ਉਪਰੰਤ ਸੰਗਤਾਂ ਵਿਚ ਵਰਤਾਉਣ ਤੋਂ ਪਹਿਲਾਂ, ਗੁਰੂ ਗ੍ਰੰਥ ਸਾਹਿਬ ਦੇ ਪੰਘੂੜੇ ਅਥਵਾ ਮੰਜੀ ਦੇ ਹੇਠਾਂ ਕੌਲੀ ਆਦਿ ਵਿਚ ਪਾ ਕੇ ਰੱਖਿਆ ਜਾਂਦਾ ਹੈ, ਉਹ ਗੁਰੂ ਸਾਹਿਬ ਲਈ ਨਹੀਂ ਬਲਕਿ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਸਿੰਘ ਜਾਂ ਸਿੰਘਣੀ ਲਈ ਹੁੰਦਾ ਹੈ ਤਾਂ ਕਿ ਚੌਰ ਦੀ ਸੇਵਾ ਤੋਂ ਮੁਕਤ ਹੋ ਕੇ ਉਹ ਇਸ ਨੂੰ ਛਕ ਸਕੇ।

ਇਹ ਆਮ ਹੀ ਦੇਖਣ ਵਿਚ ਆਉਂਦਾ ਹੈ ਕਿ ਦੀਵਾਨ ਦੀ ਸਮਾਪਤੀ 'ਤੇ ਜਦੋਂ ਕੜਾਹ ਪ੍ਰਸਾਦਿ ਵਰਤਾਇਆ ਜਾਂਦਾ ਹੈ ਤਾਂ ਸੰਗਤਾਂ ਵਿਚ ਸ਼ੋਰ-ਸ਼ਰਾਬਾ ਪੈ ਜਾਂਦਾ ਹੈ। ਇਹੋ ਜਿਹੇ ਵਰਤਾਰੇ ਨੂੰ ਜਾਇਜ਼ ਠਹਿਰਾਉਣ ਲਈ ਕਈ ਸੱਜਣ ਇਹ ਕਹਿੰਦੇ ਹਨ ਕਿ ਹੁਣ ਦੀਵਾਨ ਵਿਚ ਕਲਜੁਗ ਆ ਗਿਆ ਹੈ। ਇਸ ਤਰ੍ਹਾਂ ਦੀ ਧਾਰਨਾ ਰੱਖਣ ਵਾਲੇ ਇਕ ਸਾਖੀ ਦਾ ਆਮ ਹੀ ਵਰਣਨ ਕਰਦੇ ਹਨ ਕਿ ਗੁਰੂ ਨਾਨਕ ਸਾਹਿਬ ਨੇ ਕਲਜੁਗ ਦੀ ਬੇਨਤੀ ਨੂੰ ਮੰਨ ਕੇ ਉਸ ਨੂੰ ਦੀਵਾਨ ਦੀ ਸਮਾਪਤੀ 'ਤੇ ਅੰਦਰ ਆਉਣ ਦੀ ਆਗਿਆ ਦਿੱਤੀ ਹੋਈ ਹੈ। ਪਰ ਇਹ ਸਭ ਮਨਘੜਤ ਕਹਾਣੀਆਂ ਹਨ; ਗੁਰਬਾਣੀ ਦੀ ਜੀਵਨ-ਜੁਗਤਿ ਵਿਚ ਇਸ ਤਰ੍ਹਾਂ ਦੀ ਕਿਸੇ ਵੀ ਧਾਰਨਾ ਵਿਚ ਵਿਸ਼ਵਾਸ ਨਹੀਂ ਹੈ ਅਤੇ ਨਾ ਹੀ ਗੁਰਬਾਣੀ ਪੁਰਾਣ ਸਾਹਿਤ ਵਿਚ ਵਰਣਿਤ ਜੁਗਾਂ ਦੀ ਧਾਰਨਾ ਨੂੰ ਸਵੀਕਾਰ ਕਰਦੀ ਹੈ।

ਕਈ ਸੱਜਣ ਕੇਵਲ ਆਪਣੇ ਹੀ ਜੱਥੇ ਦੇ ਸਿੰਘ ਜਾਂ ਸਿੰਘਣੀ ਵੱਲੋਂ ਤਿਆਰ ਕੀਤਾ ਹੋਇਆ ਪ੍ਰਸਾਦਿ ਛਕਦੇ ਹਨ। ਇਹ ਸੋਚ ਗੁਰਮਤਿ ਅਨੁਸਾਰ ਨਹੀਂ ਹੈ ਅਤੇ ਇਸ ਬਾਰੇ ਇਤਨਾ ਹੀ ਕਿਹਾ ਜਾ ਸਕਦਾ ਹੈ ਕਿ ਉਹ ਗੁਰੂ ਦਾ ਪ੍ਰਸਾਦਿ ਨਹੀਂ ਬਲਕਿ ਆਪਣੇ ਜੱਥੇ ਦਾ ਪ੍ਰਸਾਦਿ ਹੀ ਛਕਦੇ ਹਨ।

ਕੜਾਹ ਪ੍ਰਸਾਦਿ ਦੀਵਾਨ ਦੀ ਸਮਾਪਤੀ ਉਪਰੰਤ ਹੀ ਵਰਤਾਉਣ ਦੀ ਪਰੰਪਰਾ ਸੀ; ਗੁਰੂ-ਕਾਲ ਤੋਂ ਕਾਫ਼ੀ ਚਿਰ ਪਿੱਛੋਂ ਹਰੇਕ ਸਮੇਂ ਹੀ ਵਰਤਾਉਣ ਦੀ ਰੀਤ ਪ੍ਰਚੱਲਤ ਹੋ ਗਈ ਹੈ। ਇਸ ਰੀਤ ਦੇ ਪ੍ਰਚੱਲਤ ਹੋਣ ਨਾਲ ਗੁਰੂ ਦਰਬਾਰ ਦੀ ਹਾਜ਼ਰੀ ਭਰਨ ਵਾਲੀਆਂ ਸੰਗਤਾਂ ਦੀ ਗੁਰਬਾਣੀ ਪੜ੍ਹਨ-ਸੁਣਨ ਦੀ ਰੁਚੀ ਘਟੀ ਹੈ। ਚੂੰਕਿ ਆਮ ਸਿੱਖ ਸੰਗਤਾਂ ਨੇ ਗੁਰਬਾਣੀ ਰੂਪ ਪ੍ਰਸਾਦਿ ਦੀ ਅਹਿਮੀਅਤ ਨੂੰ ਸਮਝ ਕੇ ਗ੍ਰਹਿਣ ਕਰਨ ਦੀ ਥਾਂ, ਕੇਵਲ ਕੜਾਹ ਪ੍ਰਸਾਦਿ ਨੂੰ ਹੀ ਗੁਰ ਪ੍ਰਸਾਦਿ ਦਾ ਪ੍ਰਤੀਕ ਮੰਨ ਲਿਆ ਹੈ। ਅਸੀਂ ਗੁਰਮਤਿ ਦੇ ਇਸ ਸੁਨਹਿਰੀ ਸਿਧਾਂਤ ਨੂੰ ਭੁੱਲਦੇ ਜਾ ਰਹੇ ਹਾਂ ਕਿ ਗੁਰੂ ਦਰਬਾਰ ਦੀ ਹਾਜ਼ਰੀ ਭਰਨ ਦਾ ਮੁੱਖ ਮਨੋਰਥ ਗੁਰੂ ਉਪਦੇਸ਼ ਨੂੰ ਸੁਣਨਾ ਹੈ। ਗੁਰੂ ਦਰਬਾਰ ਵਿਚ ਆਉਣ ਵਾਲੇ ਮਾਈ ਭਾਈ ਨੂੰ ਅਸ਼ੀਰਵਾਦ ਨਹੀਂ, ਉਪਦੇਸ਼ ਮਿਲਦਾ ਹੈ। ਇਸ ਉਪਦੇਸ਼ ਨੂੰ ਹਿਰਦੇ ਵਿਚ ਵਸਾ ਕੇ ਸਾਡਾ ਜੀਵਨ ਸੰਵਰਦਾ ਹੈ। ਕੜਾਹ ਪ੍ਰਸਾਦਿ ਨੂੰ ਅਸ਼ੀਰਵਾਦ ਦੇ ਰੂਪ ਵਿਚ ਸਵੀਕਾਰ ਕਰਨ ਕਾਰਨ ਅਸੀਂ ਗੁਰ-ਉਪਦੇਸ਼ ਵੱਲੋਂ ਅਵੇਸਲੇ ਹੁੰਦੇ ਜਾ ਰਹੇ ਹਾਂ। ਕੜਾਹ ਪ੍ਰਸਾਦਿ ਦਾ ਸੰਕਲਪ ਗੁਰਮਤਿ ਦੇ ਸੁਨਹਿਰੀ ਸਿਧਾਂਤਾਂ (ਊਚ-ਨੀਚ, ਅਮੀਰ-ਗਰੀਬ, ਛੂਤ-ਛਾਤ ਅਤੇ ਲਿੰਗ-ਭੇਦ ਆਦਿ ਦੇ ਭੇਦ-ਭਾਵ ਤੋਂ ਉਪਰ ਉੱਠ ਕੇ ਇੱਕੋ ਜਿਹੇ ਵਰਤਾਵ ਕਰਨ ਆਦਿ) ਵੱਲ ਸੰਕੇਤ ਕਰਨ ਦੇ ਨਾਲ ਸਰੀਰਕ ਆਹਾਰ ਹੈ। ਇਸ ਜੀਵਨ-ਜੁਗਤਿ ਦੀ ਸਮਝ ਗੁਰਬਾਣੀ ਨੂੰ ਧਿਆਨ ਨਾਲ ਪੜ੍ਹਨ-ਸੁਣਨ ਨਾਲ ਹੀ ਆਉਣੀ ਹੈ, ਨਾ ਕਿ ਕੇਵਲ ਕੜਾਹ ਪ੍ਰਸਾਦਿ ਛਕਣ ਨਾਲ।

ਸੋ, ਜਿਸ ਪ੍ਰਸਾਦਿ ਨਾਲ ਸਾਡੇ ਜੀਵਨ ਵਿਚ ਤਬਦੀਲੀ ਆਉਣੀ ਹੈ, ਉਹ ਬਾਣੀ/ਸ਼ਬਦ ਦਾ ਪ੍ਰਸਾਦਿ ਹੈ। ਇਸ ਪ੍ਰਸਾਦਿ ਨੂੰ ਛਕਣ ਅਥਵਾ ਹਿਰਦੇ ਵਿਚ ਵਸਾਉਣ ਨਾਲ ਸਾਡੀ ਕਲਿਆਣ ਹੋਣੀ ਹੈ, ਸਾਡੇ ਅੰਦਰ ਬਲ ਰਹੀ ਤ੍ਰਿਸ਼ਨਾ ਦੀ ਅੱਗ ਬੁਝਣੀ ਹੈ, ਵਿਕਾਰਾਂ ਦੀ ਤਪਸ਼ ਤੋਂ ਸਾਡਾ ਛੁਟਕਾਰਾ ਹੋਣਾ ਹੈ। ਗੁਰੂ ਦਰਬਾਰ ਵਿਚ ਮੁੱਖ ਰੂਪ ਵਿਚ ਇਹ ਸ਼ਬਦ ਰੂਪੀ ਪ੍ਰਸਾਦਿ ਹੀ ਲੈਣ ਲਈ ਜਾਈਦਾ ਹੈ। ਸ਼ਬਦ ਰੂਪੀ ਪ੍ਰਸਾਦਿ ਹੀ ਸਾਡੇ ਜੀਵਨ ਵਿਚ ਤਬਦੀਲੀ ਲਿਆਉਂਦਾ ਹੈ। ਇਸ ਪ੍ਰਸਾਦਿ ਨਾਲ ਹੀ ਸਾਡੀ ਆਤਮਿਕ ਕਲਿਆਣ ਹੁੰਦੀ ਹੈ।

ਤੁਰਕ ਦਾ ਵਿਸ਼ਵਾਸ ਨਾ ਕਰਨ ਸੰਬੰਧੀ

ਸਾਡੇ ਇਤਿਹਾਸ ਵਿਚ ਕਈ ਇਤਿਹਾਸਕਾਰਾਂ ਜਾਂ ਲੇਖਕਾਂ ਨੇ ਇਸ ਨੂੰ ਐਵੇਂ ਹੀ ਗੁਰੂ ਜੀ ਨਾਲ ਜੋੜ ਦਿੱਤਾ ਹੈ ਜੋ ਸੱਚ ਨਹੀਂ। ਜਿਸ ਦਾ ਗੁਰੂ ਸਾਹਿਬਾਨ ਨਾਲ ਕਿਸੇ ਤਰ੍ਹਾਂ ਦਾ ਵੀ ਕੋਈ ਸੰਬੰਧ ਨਹੀਂ ਹੈ। ਚੂੰਕਿ ਸਾਰੇ ਹੀ ਗੁਰੂ ਸਾਹਿਬਾਨ ਗੁਰੂ ਨਾਨਕ ਜੋਤਿ ਦੇ ਹੀ ਪ੍ਰਕਾਸ਼ ਅਥਵਾ ਇੱਕੋ ਜੋਤਿ ਅਤੇ ਜੁਗਤੀ ਦੇ ਧਾਰਨੀ ਸਨ। ਗੁਰੂ ਸਾਹਿਬਾਨ ਨੇ ਜੋ ਮਨੁੱਖਤਾ ਨੂੰ ਉਪਦੇਸ਼ ਬਖ਼ਸ਼ਸ਼ ਕੀਤਾ ਹੈ, ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਇਸ ਲਈ ਕਿਸੇ ਵੀ ਲਿਖਾਰੀ ਦੀ ਅਜਿਹੀ ਲਿਖਤ, ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਦੇ ਅਨੁਕੂਲ ਅਥਵਾ ਕਸਵੱਟੀ ਉੱਤੇ ਪੂਰੀ ਨਹੀਂ ਉਤਰਦੀ, ਉਸ ਦਾ ਗੁਰੂ ਸਾਹਿਬ ਨਾਲ ਕੋਈ ਸੰਬੰਧ ਨਹੀਂ ਹੋ ਸਕਦਾ। ਇਸ ਲਈ ਗੁਰੂ ਸਾਹਿਬਾਨ ਦੇ ਪਾਵਨ ਮੁੱਖ 'ਚੋਂ ਕਢਵਾਈ ਹੋਈ ਕਿਸੇ ਵੀ ਅਜਿਹੀ ਗੱਲ ਬਾਰੇ, ਜਿਸ ਦੀ ਪੁਸ਼ਟੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਨਹੀਂ ਹੁੰਦੀ, ਇਹੀ ਸਮਝਣਾ ਚਾਹੀਦਾ ਹੈ ਕਿ ਉਹ ਲੇਖਕ ਦੀ ਆਪਣੀ ਹੀ ਧਾਰਨਾ ਹੈ। ਗੁਰੂ ਸਾਹਿਬਾਨ ਨਾਲ ਉਸ ਦਾ ਕੋਈ ਸੰਬੰਧ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਜੋ ਕੋਈ ਵੀ ਕਿਸੇ ਗੱਲ ਲਈ ਕਸੂਰਵਾਰ ਹੈ, ਕੇਵਲ ਉਸ ਨੂੰ ਕਸੂਰਵਾਰ ਮੰਨ ਕੇ, ਉਸ ਨੂੰ ਕੋਸਿਆ ਜਾਂ ਲਾਹਨਤ ਪਾਈ ਹੈ। ਕਿਸੇ ਇਕ ਮਨੁੱਖ ਦੀ ਗਲਤੀ ਕਾਰਨ ਉਸ ਦੀ ਜਾਤ, ਇਲਾਕੇ ਜਾਂ ਧਰਮ ਆਦਿ ਨਾਲ ਸੰਬੰਧਤ ਵਿਅਕਤੀਆਂ ਨੂੰ ਕਸੂਰਵਾਰ ਨਹੀਂ ਮੰਨਿਆ ਅਤੇ ਨਾ ਹੀ ਸਮੁੱਚੀ ਜਾਤ ਜਾਂ ਇਲਾਕੇ ਨੂੰ ਲਾਹਨਤ ਪਾਈ ਹੈ। ਹਾਂ, ਨੀਚ ਕਰਮ ਕਰਨ ਵਾਲੇ ਦੇ ਪਦ-ਚਿੰਨ੍ਹਾਂ 'ਤੇ ਚੱਲਣ ਵਾਲਿਆਂ ਤੋਂ ਮਨੁੱਖ ਨੂੰ ਜ਼ਰੂਰ ਸੁਚੇਤ ਕੀਤਾ ਹੈ।

ਆਮ ਤੌਰ 'ਤੇ ਇਹ ਆਮ ਹੀ ਪੜ੍ਹਨ-ਸੁਣਨ ਵਿਚ ਆਉਂਦਾ ਹੈ ਕਿ ਜੇਕਰ ਕਿਸੇ ਇਕ ਵਿਅਕਤੀ ਨੇ ਕੋਈ ਗ਼ਲਤੀ ਕੀਤੀ ਹੈ ਤਾਂ ਉਸ ਜਾਤ, ਇਲਾਕੇ ਜਾਂ ਧਰਮ ਆਦਿ ਨਾਲ ਸੰਬੰਧਤ ਸਮੂਹ ਪ੍ਰਾਣੀਆਂ ਨੂੰ ਹੀ ਕੋਸਿਆ ਜਾਂਦਾ ਹੈ। ਇਸ ਰੁਚੀ ਅਧੀਨ ਹੀ ਕੁਝ ਇਤਿਹਾਸਕਾਰਾਂ ਨੇ ਗੁਰੂ ਸਾਹਿਬ ਨੂੰ ਕਿਸੇ ਕਸੂਰਵਾਰ ਵਿਅਕਤੀ ਦੀ ਸਮੁੱਚੀ ਜਾਤ, ਧਰਮ, ਇਲਾਕੇ ਜਾਂ ਉਸ ਕਿੱਤੇ ਨਾਲ ਸੰਬੰਧਤ ਸਮੂਹ ਪ੍ਰਾਣੀਆਂ ਬਾਰੇ ਫ਼ਤਵਾ ਜਾਰੀ ਕਰਨ ਦਾ ਵਰਣਨ ਕੀਤਾ ਹੈ। ਜਿਵੇਂ ਇਕ ਸੁਨਿਆਰੇ ਸਿੱਖ ਦੀ ਬੇਈਮਾਨੀ ਨੂੰ ਦੇਖ ਕੇ ਲੇਖਕਾਂ ਨੇ ਇਹ ਸ਼ਬਦ ਗੁਰੂ ਗੋਬਿੰਦ ਜੀ ਨਾਲ ਜੋੜ ਦਿੱਤੇ ਕਿ ਗੁਰੂ ਜੀ ਨੇ ਕਿਹਾ ਹੈ ਕਿ ਸੁਨਿਆਰਾ ਕਦੀ ਵੀ ਸਚਿਆਰ ਸਿੱਖ ਨਹੀਂ ਹੋ ਸਕਦਾ, ਜੋ ਠੀਕ ਨਹੀਂ ਹੈ। ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਕਿਸੇ ਸੁਨਿਆਰ ਜਾਤ ਦੇ

ਸਿੱਖ ਦੀ ਬੇਈਮਾਨੀ ਨੂੰ ਦੇਖ ਕੇ ਗੁਰਦੇਵ ਨੇ ਉਸ ਨੂੰ ਝਾੜ ਪਾਈ ਹੋਵੇਗੀ। ਪ੍ਰੰਤੂ ਇਹ ਕਹਿਣਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਇਕ ਦੀ ਬੇਈਮਾਨੀ ਕਾਰਨ ਸਮੁੱਚੇ ਸੁਨਿਆਰ ਭਾਈਚਾਰੇ ਪ੍ਰਤੀ ਹੀ ਅਜਿਹਾ ਫ਼ਰਮਾਇਆ ਹੈ, ਗ਼ਲਤ ਹੈ।

ਇਸੇ ਤਰ੍ਹਾਂ ਮੁਸਲਮਾਨਾਂ ਪ੍ਰਤੀ ਗੁਰਦੇਵ ਦੇ ਪਵਿੱਤਰ ਮੁਖਾਰਬਿੰਦ ਵਿੱਚੋਂ ਇਹ ਕਢਵਾਇਆ ਹੈ ਕਿ ਆਪ ਜੀ ਨੇ ਆਖਿਆ ਕਿ ਮੁਸਲਮਾਨ ਦਾ ਵਿਸ਼ਵਾਸ ਨਹੀਂ ਕਰਨਾ, ਭਾਵੇਂ ਉਹ ਕਿੰਨੀਆਂ ਵੀ ਸਹੁੰਆਂ ਖਾਵੇ। ਦਸਮੇਸ਼ ਪਾਤਸ਼ਾਹ ਦੇ ਪਾਵਨ ਮੁੱਖ ਵਿੱਚੋਂ ਅਜਿਹਾ ਕਢਵਾਉਣ ਵਾਲੇ ਲੇਖਕ ਇਹ ਭੁੱਲ ਹੀ ਗਏ ਕਿ ਗੁਰੂ ਗੋਬਿੰਦ ਸਿੰਘ ਜੀ ਉਤੋਂ ਆਪਾ ਵਾਰਨ ਵਾਲਿਆਂ ਵਿਚ ਕਈ ਇਸਲਾਮ ਦੇ ਪੈਰੋਕਾਰ ਵੀ ਸਨ। ਪੀਰ ਬੁੱਧੂ ਸ਼ਾਹ ਜੀ, ਗ਼ਨੀ ਖ਼ਾਂ, ਨਬੀ ਖ਼ਾਂ ਆਦਿ ਗੁਰੂ ਸਾਹਿਬ ਦੇ ਉਤਨੇ ਹੀ ਵਿਸ਼ਵਾਸ ਦੇ ਪਾਤਰ ਸਨ, ਜਿਤਨੇ ਕਿ ਆਪ ਜੀ ਦੇ ਹਜ਼ੂਰੀ ਸਿੱਖ। ਬਾਬਾ ਫ਼ਰੀਦ ਜੀ, ਸਧਨਾ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਇਨ੍ਹਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਦਾ ਅਤੁੱਟ ਅੰਗ ਹੈ। ਕਦੀ ਵੀ ਕਿਸੇ ਸਿੱਖ ਨੇ ਇਨ੍ਹਾਂ ਭਗਤਾਂ ਦੀ ਬਾਣੀ ਸੰਬੰਧੀ ਇਹ ਆਖਣ ਦੀ ਹਿੰਮਤ ਨਹੀਂ ਕੀਤੀ ਕਿ ਇਸ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਭਗਤ ਇਸਲਾਮਕ ਦੁਨੀਆਂ ਨਾਲ ਸੰਬੰਧ ਰੱਖਣ ਵਾਲੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਗੁਰਦੇਵ ਨੇ ਮਨੁੱਖ ਨੂੰ ਇਹ ਪ੍ਰੇਰਨਾ ਜ਼ਰੂਰ ਕੀਤੀ ਹੈ ਕਿ ਕੁਝ ਐਸੇ ਮਨੁੱਖ ਹੁੰਦੇ ਹਨ, ਜਿਹੜੇ ਵਿਸ਼ਵਾਸ ਯੋਗ ਨਹੀਂ ਹੁੰਦੇ। ਇਸ ਲਈ ਉਨ੍ਹਾਂ ਉੱਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ, ਚੂੰਕਿ ਅਜਿਹੇ ਪ੍ਰਾਣੀ ਕਿਸੇ ਵੇਲੇ ਵੀ ਧੋਖਾ ਦੇ ਸਕਦੇ ਹਨ। ਸਤਿਗੁਰੂ ਜੀ ਤੋਂ ਇਸ ਬਾਰੇ ਪੁੱਛੀਏ ਕਿ ਮਹਾਰਾਜ ਉਹ ਵਿਅਕਤੀ ਕੌਣ ਹਨ? ਕੀ ਉਹ ਮੁਸਲਮਾਨ ਹਨ, ਹਿੰਦੂ ਹਨ ਜਾਂ ਕਿਸੇ ਹੋਰ ਧਰਮ, ਜਾਤ ਜਾਂ ਇਲਾਕੇ ਨਾਲ ਸੰਬੰਧ ਰੱਖਣ ਵਾਲੇ ਹਨ? ਹਜ਼ੂਰ ਉੱਤਰ ਵਿਚ ਆਖਦੇ ਹਨ ਕਿ ਉਹ ਮਨੁੱਖ ਜਿਹੜੇ ਵਿਸ਼ਵਾਸ ਯੋਗ ਨਹੀਂ ਹਨ, ਉਹ ਲੋਭੀ ਮਨੁੱਖ ਹਨ। ਲੋਭੀ ਭਾਵੇਂ ਸਿੱਖ ਹੈ, ਮੁਸਲਮਾਨ ਹੈ, ਹਿੰਦੂ ਹੈ, ਈਸਾਈ ਹੈ ਜਾਂ ਕਿਸੇ ਹੋਰ ਧਰਮ ਨਾਲ ਸੰਬੰਧ ਰੱਖਣ ਵਾਲਾ, ਉਹ ਇਤਬਾਰਯੋਗ ਵਿਅਕਤੀ ਨਹੀਂ ਹੈ। ਅਸਲ ਵਿਚ ਲੋਭੀ ਮਨੁੱਖ ਦਾ ਕੋਈ ਧਰਮ ਨਹੀਂ ਹੋਇਆ ਕਰਦਾ, ਉਸ ਦਾ ਧਰਮ ਤਾਂ ਕੇਵਲ ਉਸ ਦਾ ਆਪਣਾ ਸਵਾਰਥ ਹੀ ਹੋਇਆ ਕਰਦਾ ਹੈ। ਉਹ ਆਪਣੇ ਲੋਭ ਲਈ ਕਿਸੇ ਵੀ ਹੱਦ ਤਕ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਲੋਭੀ ਵਿਅਕਤੀ ਦਾ ਵਿਸ਼ਵਾਸ ਨਾ ਕਰਨ ਦੇ ਕਈ ਕਾਰਨ ਦਰਸਾਏ ਗਏ ਹਨ, ਜਿਨ੍ਹਾਂ ਵਿੱਚੋਂ ਕੁਝ ਕੁ ਇਹ ਹਨ:

(ੳ) ਲੋਭੀ ਪ੍ਰਾਣੀ, ਇਸ ਲਈ ਵਿਸ਼ਵਾਸ ਯੋਗ ਨਹੀਂ ਹੈ ਕਿਉਂਕਿ ਉਸ ਨੂੰ ਹਲਕਾਏ ਹੋਏ ਕੁੱਤੇ ਵਾਂਗ ਕੁਝ ਵੀ ਨਹੀਂ ਸੁੱਝਦਾ, ਉਹ ਭੱਖ ਅਭੱਖ ਸਭ ਕੁਝ ਖਾ ਜਾਂਦਾ ਹੈ:

ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥
ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥

(ਸਿਰੀਰਾਗੁ ਮਹਲਾ ੫, ਪੰਨਾ 50)

(ਅ) ਉਹ ਧਨ ਨੂੰ ਹੀ ਜ਼ਿੰਦਗੀ ਦਾ ਸਹਾਰਾ ਸਮਝਦਾ ਹੈ, ਇਸ ਲਈ ਇਸ ਦੀ ਖ਼ਾਤਰ ਉਹ ਕੁਝ ਵੀ ਕਰਨ ਲਈ ਤਿਆਰ ਹੋ ਜਾਂਦਾ ਹੈ:

ਲੋਭੀ ਕਾ ਧਨੁ ਪ੍ਰਾਣ ਅਧਾਰੁ ॥ *(ਰਾਮਕਲੀ ਮਹਲਾ ੫, ਪੰਨਾ 914)*

(ੲ) ਉਹ ਰੱਬ ਨਾਲੋਂ ਟੁੱਟੇ ਹੋਏ ਹੁੰਦੇ ਹਨ, ਉਨ੍ਹਾਂ ਦਾ ਸੁਭਾਅ ਸੁਆਨ ਵਾਂਗ ਹੁੰਦਾ ਹੈ, ਉਨ੍ਹਾਂ ਦੇ ਅੰਦਰ ਖੋਟੀ ਮੱਤ ਰੂਪੀ ਮੈਲ ਭਰੀ ਹੁੰਦੀ ਹੈ, ਅਤੇ ਉਹ ਕੇਵਲ ਆਪਣੀ ਗ਼ਰਜ਼ ਦੀ ਖ਼ਾਤਰ ਹੀ ਗੱਲਾਂ ਕਰਨ ਵਾਲੇ ਹੁੰਦੇ ਹਨ:

ਸਾਕਤ ਸੁਆਨ ਕਹੀਅਹਿ ਬਹੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ ॥
ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ ॥
(ਕਲਿਆਣ ਮਹਲਾ ੪, ਪੰਨਾ 1326)

(ਸ) ਉਹ ਅਜਿਹੀ ਪਰਿਸਥਿਤੀ ਵਿਚ ਧੋਖਾ ਦੇਂਦੇ ਹਨ ਕਿ ਉਸ ਵੇਲੇ ਹੋਰ ਕੁਝ ਕਰਨਾ ਸੰਭਵ ਨਹੀਂ ਹੁੰਦਾ:

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ ॥
(ਸਲੋਕ ਵਾਰਾਂ ਤੇ ਵਧੀਕ, ਮਹਲਾ ੩, ਪੰਨਾ 1417)

ਸੋ, ਗੁਰੂ ਗੋਬਿੰਦ ਸਿੰਘ ਜੀ ਦਾ ਇਹ ਕਥਨ ਨਹੀਂ ਹੈ ਕਿ ਮੁਸਲਮਾਨ ਦਾ ਕਦੀ ਵੀ ਵਿਸਾਹ ਨਾ ਕੀਤਾ ਜਾਵੇ। ਇਤਿਹਾਸ ਵਿਚ ਇਹੋ ਜਿਹੀਆਂ ਗੱਲਾਂ ਗੁਰੂ ਸਾਹਿਬਾਨ ਨਾਲ ਜੋੜਨ ਦੇ ਦੋ ਕਾਰਨ ਹੋ ਸਕਦੇ ਹਨ: ਇਕ ਇਹ ਕਿ ਅਠਾਰ੍ਹਵੀਂ/ਉੱਨੀਵੀਂ ਸਦੀ ਦੇ ਕੁਝ ਦਹਾਕਿਆਂ ਤੀਕ ਇਸਲਾਮ ਵਿਚ ਵਿਸ਼ਵਾਸ ਰੱਖਣ ਵਾਲੀ ਸ਼੍ਰੇਣੀ ਦੇ ਹੱਥ ਰਾਜਸੀ ਤਾਕਤ ਸੀ, ਜਿਹੜੀ ਸਿੱਖਾਂ ਦਾ ਖੁਰਾ-ਖੋਜ ਮਿਟਾਉਣ 'ਤੇ ਤੁਲੀ ਹੋਈ ਸੀ। ਹਕੂਮਤ ਦੇ ਇਸ ਰਵੱਈਏ ਕਾਰਨ ਸਿੱਖਾਂ ਦੇ ਮਨਾਂ ਵਿਚ ਹਕੂਮਤ ਪ੍ਰਤੀ ਗ਼ੁੱਸਾ ਸੀ।

ਦੂਜਾ ਹੈ ਕਿਸੇ ਸ਼ਰਾਰਤੀ ਧਿਰ ਵੱਲੋਂ ਇਸਲਾਮ ਦੇ ਪੈਰੋਕਾਰਾਂ ਅਤੇ ਸਿੱਖਾਂ ਵਿਚ ਦੂਰੀਆਂ ਵਧਾਉਣ ਦੀ ਭਾਵਨਾ ਨਾਲ। ਇਸ ਤਰ੍ਹਾਂ ਦੀ ਲਿਖਤ ਨਾਲ ਸ਼ਰਾਰਤੀ ਧਿਰ ਨੇ ਇੱਕੋ ਤੀਰ ਨਾਲ ਦੋ ਨਿਸ਼ਾਨੇ ਸਾਧਨੇ ਚਾਹੇ ਹਨ; ਇਕ ਇਹ ਕਿ ਸਿੱਖ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਫ਼ੁਰਮਾਨ ਸਮਝ ਕੇ ਇਸਲਾਮ ਦੇ ਪੈਰੋਕਾਰਾਂ ਤੇ ਵਿਸ਼ਵਾਸ ਨਹੀਂ ਕਰਨਗੇ ਅਤੇ ਦੂਜਾ ਇਸਲਾਮ ਦੇ ਪੈਰੋਕਾਰ ਵੀ ਇਸ ਗੱਲ ਤੋਂ ਭਲੀ ਪ੍ਰਕਾਰ ਸੁਚੇਤ ਹੋਣਗੇ ਕਿ ਸਿੱਖਾਂ ਨੇ ਉਨ੍ਹਾਂ ਦਾ ਕਦੀ ਵੀ ਵਿਸ਼ਵਾਸ ਨਹੀਂ ਕਰਨਾ, ਕਿਉਂਕਿ ਇਨ੍ਹਾਂ ਦੇ ਗੁਰੂ ਨੇ ਇਨ੍ਹਾਂ ਨੂੰ ਅਜਿਹਾ ਕਰਨ ਲਈ ਹਦਾਇਤ ਕੀਤੀ ਹੋਈ ਹੈ। ਇਸ ਤਰ੍ਹਾਂ ਦੋਵੇਂ ਧਿਰਾਂ ਆਪਸ ਵਿਚ ਕਿਸੇ ਵੀ ਪਰਿਸਥਿਤੀ ਵਿਚ ਇਕੱਠਿਆਂ ਨਹੀਂ ਬੈਠ ਸਕਣਗੀਆਂ। ਸਾਨੂੰ ਵਿਰੋਧੀਆਂ ਦੀਆਂ ਇਹੋ ਜਿਹੀਆਂ ਚਾਲਾਂ ਨੂੰ ਸਮਝਦਿਆਂ ਹੋਇਆਂ ਇਸ ਕਥਨ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਕਥਨ ਨਹੀਂ ਸਮਝਣਾ ਚਾਹੀਦਾ। ਗੁਰਬਾਣੀ ਦੀ ਰੋਸ਼ਨੀ ਵਿਚ ਹੀ ਵਿਚਰਦਿਆਂ ਹੋਇਆਂ ਇਹ ਨਿਰਣਾ ਕਰਨਾ ਚਾਹੀਦਾ ਹੈ ਕਿ ਲੋਭੀ, ਸਵਾਰਥੀ ਆਦਿ ਪ੍ਰਾਣੀ ਹੀ ਵਿਸ਼ਵਾਸਯੋਗ ਨਹੀਂ ਹੈ, ਭਾਵੇਂ ਉਹ ਕਿਸੇ

ਵੀ ਜਾਤ, ਧਰਮ ਆਦਿ ਨਾਲ ਸੰਬੰਧ ਰੱਖਦਾ ਹੈ। ਇਨਸਾਨੀਅਤ ਤੋਂ ਰਹਿਤ ਮਨੁੱਖ ਦਾ ਕੋਈ ਦੀਨ ਈਮਾਨ ਨਹੀਂ ਹੁੰਦਾ। ਜੇਕਰ ਉਸ ਉੱਤੇ ਕਿਸੇ ਧਰਮ, ਜਾਤ, ਇਲਾਕੇ ਅਤੇ ਕਿੱਤੇ ਆਦਿ ਦਾ ਲੇਬਲ ਲੱਗਾ ਹੋਇਆ ਹੈ ਤਾਂ ਉਸ ਜਾਤ, ਧਰਮ, ਇਲਾਕੇ ਆਦਿ ਨਾਲ ਸੰਬੰਧਤ ਸਾਰੇ ਇਨਸਾਨ ਭੈੜੇ ਨਹੀਂ ਆਖੇ ਜਾ ਸਕਦੇ। ਕਿਸੇ ਵੀ ਧਰਮ, ਕੌਮ, ਜਾਤ ਜਾਂ ਕਿਸੇ ਵੀ ਕਿੱਤੇ ਨਾਲ ਸੰਬੰਧਤ ਸਾਰੇ ਵਿਅਕਤੀ ਮਾੜੇ ਨਹੀਂ ਹੁੰਦੇ, ਹਰੇਕ ਥਾਈਂ ਥੋੜ੍ਹੇ ਬਹੁਤ ਮਾੜੀ ਸੋਚ ਅਥਵਾ ਕਰਮ ਵਾਲੇ ਵੀ ਹੁੰਦੇ ਹਨ; ਉਨ੍ਹਾਂ ਕਰਕੇ ਸਾਰਿਆਂ ਨੂੰ ਬੁਰਾ-ਭਲਾ ਕਹਿਣਾ ਕਿਸੇ ਤਰ੍ਹਾਂ ਵੀ ਯੋਗ ਨਹੀਂ ਹੈ।

ਸੋ, ਇਸ ਗੱਲ ਵਿਚ ਕੋਈ ਸਚਾਈ ਨਹੀਂ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਆਖਿਆ ਹੈ ਕਿ ਮੁਸਲਮਾਨ ਦਾ ਕਦੀ ਵੀ ਵਿਸ਼ਵਾਸ ਨਾ ਕੀਤਾ ਜਾਵੇ, ਭਾਵੇਂ ਉਹ ਕਿੰਨੀਆਂ ਵੀ ਸਹੁੰਆਂ (ਕਸਮਾਂ) ਖਾਵੇ। ਇਹ ਜਾਂ ਤਾਂ ਕਿਸੇ ਪੰਥ ਵਿਰੋਧੀ ਨੇ ਜਾਂ ਫਿਰ ਹਕੂਮਤ ਵੱਲੋਂ ਸਤਾਏ ਹੋਏ ਕਿਸੇ ਸਿੱਖ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਜੋੜ ਕੇ ਇਸ ਨੂੰ ਪ੍ਰਚਾਰਨਾ ਸ਼ੁਰੂ ਕਰ ਦਿੱਤਾ; ਜਿਸ ਨੂੰ ਸਤਿਗੁਰੂ ਜੀ ਦਾ ਫ਼ੁਰਮਾਨ ਸਮਝ ਕੇ ਕਈਆਂ ਨੇ ਸੱਚ ਮੰਨ ਲਿਆ ਹੈ।

ਸਹਿਜ ਪਾਠ ਜਾਂ ਅਖੰਡ ਪਾਠ ਸਮੇਂ ਰੁਮਾਲਾ ਭੇਟ ਕਰਨਾ

ਰੁਮਾਲਾ ਭੇਟ ਕਰਨ ਸੰਬੰਧੀ ਚਰਚਾ ਕਰਨ ਤੋਂ ਪਹਿਲਾਂ 'ਰੁਮਾਲਾ' ਸ਼ਬਦ ਦੇ ਅਰਥ ਅਤੇ ਇਸ ਨੂੰ ਭੇਟ ਕਰਨ ਦੇ ਭਾਵ ਸੰਬੰਧੀ ਸੰਖੇਪ ਜਿਹੀ ਵਿਚਾਰ ਕਰਨੀ ਕੁਥਾਂ ਨਹੀਂ ਹੋਵੇਗੀ। 'ਰੁਮਾਲ/ਰੁਮਾਲਾ' ਫ਼ਾਰਸੀ ਦਾ ਸ਼ਬਦ ਹੈ; ਇਸ ਦਾ ਅਰਥ ਹੈ ਮੂੰਹ ਨੂੰ ਸਾਫ਼ ਕਰਨ ਵਾਲਾ ਬਸਤਰ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ 'ਰੁਮਾਲ' ਸ਼ਬਦ ਨੂੰ ਇਸ ਅਰਥ ਵਿਚ ਵੀ ਵਰਤਿਆ ਜਾਂਦਾ ਹੈ ਪ੍ਰੰਤੂ ਸਿੱਖ ਜਗਤ ਵਿਚ ਇਸ ਸ਼ਬਦ ਨੂੰ ਇਕ ਵਿਸ਼ੇਸ਼ ਭਾਵਾਰਥ ਵਿਚ ਵਰਤਿਆ ਜਾਂਦਾ ਹੈ। ਸਿੱਖ ਜਗਤ ਵਿਚ ਗੁਰੂ ਗ੍ਰੰਥ ਸਾਹਿਬ ਉੱਤੇ ਜੋ ਬਸਤਰ ਦਿੱਤਾ ਜਾਂਦਾ ਹੈ, ਉਸ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ। ਸੋ, ਇਸ ਤਰ੍ਹਾਂ ਰੁਮਾਲ/ਰੁਮਾਲੇ ਤੋਂ ਭਾਵ ਉਸ ਬਸਤਰ ਤੋਂ ਲਿਆ ਜਾਂਦਾ ਹੈ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ/ਸਰੂਪ ਨੂੰ ਲਪੇਟਿਆ ਜਾਂਦਾ ਹੈ ਅਰਥਾਤ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਸਮੇਂ ਇਨ੍ਹਾਂ ਦੇ ਉਪਰ ਅਤੇ ਮੰਜੀ ਆਦਿ ਉਪਰ ਵਿਛਾਉਣ ਲਈ ਵਰਤਿਆ ਜਾਂਦਾ ਹੈ। ਇਸ ਲਈ ਇਹ ਕਹਿਣਾ ਅਢੁੱਕਵਾਂ ਨਹੀਂ ਹੈ ਕਿ ਸਿੱਖ ਜਗਤ ਵਿਚ ਇਸ ਸ਼ਬਦ ਦੇ ਪ੍ਰਚੱਲਤ ਅਰਥਾਂ ਨਾਲੋਂ ਭਿੰਨ ਅਰਥਾਂ ਵਿਚ ਵਰਤੋਂ ਹੋਣ ਕਾਰਨ, ਇਸ ਸ਼ਬਦ ਦਾ ਕੋਸ਼ਾਂ ਵਿਚ ਅੰਕਤ ਅਰਥਾਂ ਨਾਲ ਕੋਈ ਸੰਬੰਧ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਿਆਂ ਵਿਚ ਲਪੇਟਣ ਦਾ ਅਰਥ ਮਨੁੱਖੀ ਸਰੀਰ ਵਾਂਗ ਬਸਤਰ ਪਹਿਨਣ/ਪਹਿਨਾਉਣ ਤੋਂ ਨਹੀਂ ਹੈ। ਭਾਵੇਂ ਕਈ ਸੱਜਣ ਰੁਮਾਲਿਆਂ ਵਿਚ ਗੁਰੂ ਗ੍ਰੰਥ ਸਾਹਿਬ ਨੂੰ ਲਪੇਟਣ ਦਾ ਭਾਵ ਕੁਝ ਅਜਿਹਾ ਹੀ ਲੈਂਦੇ ਹਨ, ਪਰ ਇਹ ਉਨ੍ਹਾਂ ਦੀ ਨਿੱਜੀ ਧਾਰਨਾ ਹੈ, ਖ਼ਾਲਸਾ ਪੰਥ ਵੱਲੋਂ ਇਸ ਧਾਰਨਾ ਨੂੰ ਇਸ ਰੂਪ ਵਿਚ ਸਵੀਕਾਰ ਨਹੀਂ ਕੀਤਾ ਗਿਆ ਹੈ। ਇਸ ਤਰ੍ਹਾਂ ਦਾ ਭਾਵ ਲੈਣ ਵਾਲੇ ਸੱਜਣ ਹੀ ਗੁਰੂ ਗ੍ਰੰਥ ਸਾਹਿਬ ਨੂੰ ਗਰਮੀਆਂ ਵਿਚ ਠੰਡੇ ਅਤੇ ਸਰਦੀਆਂ ਵਿਚ ਗਰਮ ਕਪੜੇ ਦੇ ਰੁਮਾਲੇ ਚੜ੍ਹਾਉਣ ਦਾ ਪ੍ਰਚਾਰ ਕਰਦੇ ਹਨ। ਅਜਿਹੇ ਸੱਜਣ 'ਪ੍ਰਗਟ ਗੁਰਾਂ ਦੀ ਦੇਹ' ਦਾ ਭਾਵ ਇਹ ਹੀ ਲੈਂਦੇ ਹਨ ਕਿ ਜਿਵੇਂ ਸਤਿਗੁਰੂ ਜੀ ਦਾ ਪੰਜ ਭੂਤਕ ਸਰੀਰ ਹੈ, ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬੀੜ/ਸਰੂਪ ਹੈ। ਇਸ ਕਾਰਨ ਹੀ ਇਸ ਤਰ੍ਹਾਂ ਦੀ ਧਾਰਨਾ ਰੱਖਣ ਵਾਲੇ ਸੱਜਣ ਸਰਦੀਆਂ ਵਿਚ ਗੁਰੂ ਗ੍ਰੰਥ ਸਾਹਿਬ ਪਾਸ ਹੀਟਰ ਅਤੇ ਗਰਮੀਆਂ ਵਿਚ ਏਅਰ ਕੰਡੀਸ਼ਨ ਦੀ ਵਰਤੋਂ ਕਰਦੇ ਹਨ। ਅਜਿਹੀ ਧਾਰਨਾ ਰੱਖਣ ਵਾਲੇ ਵੀਰ ਭੈਣ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਤੇ ਸੰਤੋਖਣ ਨੂੰ ਗੁਰੂ ਗ੍ਰੰਥ ਸਾਹਿਬ

ਜੀ ਦਾ ਜਾਗਣਾ ਅਤੇ ਸੌਣਾ ਮੰਨਦੇ ਹਨ। ਗੁਰੂ ਗ੍ਰੰਥ ਸਾਹਿਬ ਦੇ ਪੰਨਿਆਂ ਨੂੰ ਇਕ ਇਕ ਕਰਕੇ ਸਾਫ਼ ਕਰਨ ਵਾਲੀ ਕਾਰ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਇਸ਼ਨਾਨ ਕਰਾਉਣਾ ਕਹਿੰਦੇ ਹਨ। ਲੰਗਰ ਤਿਆਰ ਕਰ ਕੇ, ਥਾਲ ਵਿਚ ਪਾ ਕੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਰੱਖ ਕੇ ਭੋਗ ਆਦਿ ਲਗਾਉਣ ਵਿਚ ਵਿਸ਼ਵਾਸ ਰੱਖਦੇ ਹਨ।

ਜਦ ਅਸੀਂ ਗੁਰੂ ਗ੍ਰੰਥ ਸਾਹਿਬ ਬਾਰੇ ਇਹ ਕਹਿੰਦੇ ਹਾਂ ਕਿ ਇਹ ਸਾਡੇ ਗੁਰੂ ਹਨ ਤਾਂ ਇਸ ਦਾ ਭਾਵ ਕੇਵਲ ਇਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਜੋ ਲਿਖਿਆ ਹੈ ਉਹ ਸਾਡਾ ਗੁਰੂ ਹੈ ਅਰਥਾਤ ਗੁਰਬਾਣੀ ਵਿਚਲਾ ਗਿਆਨ ਹੀ ਸਾਡਾ ਗੁਰੂ ਹੈ। ਇਸ ਲਈ ਆਤਮ ਗਿਆਨ ਦੇ ਇਸ ਭੰਡਾਰ ਦੀ ਸੇਵਾ-ਸੰਭਾਲ ਲਈ ਅਤੇ ਸਤਿਕਾਰ ਲਈ ਗੁਰੂ ਗ੍ਰੰਥ ਸਾਹਿਬ ਨੂੰ ਬਸਤਰ ਨਾਲ ਸਤਿਕਾਰ ਨਾਲ ਲਪੇਟ ਕੇ ਰੱਖਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਨੂੰ ਹੀ ਨਹੀਂ ਸਗੋਂ ਗੁਰਬਾਣੀ ਦੀਆਂ ਸੈਂਚੀਆਂ ਆਦਿ ਨੂੰ ਵੀ ਅਸੀਂ ਕੱਪੜੇ/ਰੁਮਾਲੇ ਵਿਚ ਲਪੇਟ ਕੇ ਰੱਖਦੇ ਹਾਂ। ਸੈਂਚੀਆਂ, ਗੁਟਕਿਆਂ ਆਦਿ ਵਿਚ ਗੁਰਬਾਣੀ ਹੋਣ ਕਾਰਨ, ਅਸੀਂ ਸੰਭਾਲ ਅਤੇ ਸਤਿਕਾਰ ਵਾਲੇ ਪੱਖ ਨੂੰ ਹੀ ਸਾਹਮਣੇ ਰੱਖ ਕੇ ਇਨ੍ਹਾਂ ਨੂੰ ਕਪੜੇ ਵਿਚ ਲਪੇਟਦੇ ਹਾਂ; ਇਨ੍ਹਾਂ ਨੂੰ ਗਰਮੀ ਜਾਂ ਸਰਦੀ ਤੋਂ ਬਚਾਉਣ ਦੇ ਖ਼ਿਆਲ ਨਾਲ ਨਹੀਂ। ਇਸ ਲਈ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲੇ ਵਿਚ ਲਪੇਟਣ ਦਾ ਭਾਵ ਗੁਰੂ ਗ੍ਰੰਥ ਸਾਹਿਬ ਦੀ ਸੰਭਾਲ ਅਤੇ ਸਤਿਕਾਰ ਤੋਂ ਹੀ ਹੈ, ਨਾ ਕਿ ਮਨੁੱਖੀ ਸਰੀਰ ਵਾਂਗ ਬਸਤਰ ਦੀ ਲੋੜ ਨੂੰ ਮਹਿਸੂਸ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਪਹਿਨਾਉਣ ਤੋਂ।

ਗੁਰੂ ਗ੍ਰੰਥ ਸਾਹਿਬ ਦੇ ਸੇਵਾ-ਸੰਭਾਲ ਅਤੇ ਸਤਿਕਾਰ ਕਾਰਨ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਿਆਂ ਵਿਚ ਲਪੇਟ ਕੇ ਰੱਖਣ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਮੰਜੀ/ਤਖ਼ਤਪੋਸ਼ 'ਤੇ ਹੀ ਕਰੀਦਾ ਹੈ, ਮੰਜੀ/ਤਖ਼ਤਪੋਸ਼ ਆਦਿ 'ਤੇ ਵੀ ਰੁਮਾਲੇ ਵਿਛਾਏ ਜਾਂਦੇ ਹਨ, ਪ੍ਰਕਾਸ਼ ਕਰਨ ਉਪਰੰਤ ਗੁਰੂ ਗ੍ਰੰਥ ਸਾਹਿਬ ਉੱਪਰ ਵੀ ਰੁਮਾਲਾ ਪਾਇਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਉਪਰੋਂ ਰੁਮਾਲਾ ਕੇਵਲ ਪਾਠ ਕਰਨ ਸਮੇਂ ਹੀ ਲਾਹੀਦਾ ਹੈ। ਪਾਠ ਕਰਨ ਉਪਰੰਤ ਫਿਰ ਰੁਮਾਲਾ ਗੁਰੂ ਗ੍ਰੰਥ ਸਾਹਿਬ ਉਪਰ ਪਾ ਦਿੱਤਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਲਈ ਇਸ ਲਈ ਹੀ ਰੁਮਾਲਾ ਭੇਟ ਕਰਨ ਦੀ ਪਰੰਪਰਾ ਹੈ। ਤਾਹੀਓਂ, ਸਿੱਖ ਸੰਗਤਾਂ ਸਹਿਜ ਪਾਠ ਆਦਿ ਸਮੇਂ ਗੁਰੂ ਗ੍ਰੰਥ ਸਾਹਿਬ ਲਈ ਰੁਮਾਲਾ ਭੇਟ ਕਰਦੀਆਂ ਹਨ, ਤਾਂ ਕਿ ਵਾਰੋ-ਵਾਰੀ ਰੁਮਾਲੇ ਬਦਲ ਕੇ ਵਰਤੇ ਜਾ ਸਕਣ। ਭਾਵੇਂ 'ਸਿੱਖ ਰਹਿਤ ਮਰਯਾਦਾ' ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ "ਭੋਗ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤੀ 'ਅਰਦਾਸ' ਕਰਾਈ ਜਾਵੇ।" ਪਰ ਸੰਗਤਾਂ ਵਿਚ ਇਸ ਗੱਲ ਦਾ ਪ੍ਰਚਾਰ ਨਾ ਹੋਣ ਕਾਰਨ ਆਮ ਸਿੱਖ ਇਹੀ ਸਮਝਦਾ ਹੈ ਕਿ ਰੁਮਾਲਾ ਭੇਟ ਕਰਨਾ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਨਾਲ ਸੰਬੰਧਤ ਹੋਰ ਵਸਤੂਆਂ ਦੀ ਕਈ ਥਾਈਂ ਲੋੜ ਹੋਣ ਦੇ ਬਾਵਜੂਦ ਵੀ ਇਨ੍ਹਾਂ ਨੂੰ ਭੇਟ ਕਰਨ ਦੀ ਥਾਂ ਕੇਵਲ ਰੁਮਾਲਾ ਹੀ ਭੇਟ ਕੀਤਾ ਜਾਂਦਾ ਹੈ। ਸਾਡੀ ਇਸ ਧਾਰਨਾ ਕਾਰਨ ਹੀ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਾ ਹਰ ਹਾਲਤ ਵਿਚ ਅਰਪਣ ਕਰਨਾ ਚਾਹੁੰਦੇ ਹਾਂ, ਭਾਵੇਂ ਇਸ ਦੀ ਲੋੜ

ਹੋਵੇ ਜਾਂ ਨਾ ਹੋਵੇ। ਗੁਰਮਤਿ ਵਿਚ ਵਹਿਮ-ਭਰਮ ਦੇ ਕਿਸੇ ਵੀ ਰੂਪ ਨੂੰ ਸਵੀਕਾਰ ਨਹੀਂ ਕੀਤਾ ਗਿਆ ਹੈ। ਰੁਮਾਲਾ ਭੇਟ ਕਰਨ ਨੂੰ ਇਕ ਰਸਮ ਦੇ ਰੂਪ ਵਿਚ ਪ੍ਰਵਾਨ ਕਰ ਕੇ ਇਸ ਨੂੰ ਹਰ ਹਾਲਤ ਵਿਚ ਭੇਟਾ ਕਰਨਾ ਜ਼ਰੂਰੀ ਨਹੀਂ ਹੈ, ਬਲਕਿ ਜਿਸ ਵੀ ਚੀਜ਼ ਦੀ ਜ਼ਰੂਰਤ ਹੈ ਕੇਵਲ ਉਹ ਹੀ ਅਰਪਣ ਕਰਨੀ ਚਾਹੀਦੀ ਹੈ। ਜਿੱਥੇ ਰੁਮਾਲੇ ਦੀ ਜ਼ਰੂਰਤ ਹੈ ਕੇਵਲ ਉਥੇ ਹੀ ਰੁਮਾਲਾ ਚੜ੍ਹਾਉਣ ਦੀ ਲੋੜ ਹੈ। ਜੇਕਰ ਰੁਮਾਲਿਆਂ ਦੀ ਬਹੁਤਾਤ ਹੈ ਤਾਂ ਚਾਨਣੀ, ਸੁਖਾਸਨ ਲਈ ਬਸਤਰ ਆਦਿ ਭੇਟਾ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਲਾਇਬ੍ਰੇਰੀ ਲਈ ਕਿਤਾਬਾਂ ਆਦਿ ਵੀ ਦਿੱਤੀਆਂ ਜਾ ਸਕਦੀਆਂ ਹਨ। ਇਹ ਵੀ ਜ਼ਰੂਰੀ ਨਹੀਂ ਕਿ ਜਿਸ ਗੁਰਦੁਆਰਾ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆਂਦਾ ਹੈ, ਉਥੇ ਹੀ ਇਹ ਵਸਤੂਆਂ ਭੇਟ ਕੀਤੀਆਂ ਜਾਣ। ਜੇਕਰ ਉਸ ਗੁਰਦੁਆਰਾ ਸਾਹਿਬ ਵਿਖੇ ਇਨ੍ਹਾਂ ਵਸਤੂਆਂ ਦੀ ਲੋੜ ਨਹੀਂ ਤਾਂ ਜਿੱਥੇ ਜ਼ਰੂਰਤ ਹੈ ਉਸ ਸਥਾਨ 'ਤੇ ਦਿੱਤੀਆਂ ਜਾ ਸਕਦੀਆਂ ਹਨ। ਯੋਗ ਤਾਂ ਇਹ ਹੈ ਕਿ ਰੁਮਾਲਾ ਚੜ੍ਹਾਉਣ ਦਾ ਚਾਹਵਾਨ ਸੱਜਣ ਜ਼ਿੰਮੇਵਾਰ ਸੱਜਣਾਂ ਨੂੰ ਪੁੱਛ ਕੇ ਜਿਸ ਚੀਜ਼ ਦੀ ਜ਼ਰੂਰਤ ਹੈ, ਉਸ ਵਿਚ ਆਪਣਾ ਯਥਾ ਯੋਗ ਯੋਗਦਾਨ ਪਾਉਣ। ਰੁਮਾਲਾ ਭੇਟ ਕਰਨ ਨੂੰ ਰਸਮ ਦੇ ਰੂਪ ਵਿਚ ਨਹੀਂ, ਬਲਕਿ ਇਸ ਦੀ ਅਹਿਮੀਅਤ ਨੂੰ ਸਮਝਣ ਦੀ ਲੋੜ ਹੈ। ਅੱਜ ਤਕਰੀਬਨ ਹਰੇਕ ਗੁਰਦੁਆਰਾ ਸਾਹਿਬ ਵਿਖੇ ਹੀ ਇਤਨੇ ਜ਼ਿਆਦਾ ਰੁਮਾਲੇ ਇਕੱਠੇ ਹੋਏ ਹੋਏ ਹਨ ਕਿ ਇਨ੍ਹਾਂ ਨੂੰ ਰੱਖਣ ਲਈ ਕਈ ਥਾਈਂ ਜਗ੍ਹਾ ਦੀ ਵੀ ਘਾਟ ਮਹਿਸੂਸ ਹੋ ਰਹੀ ਹੈ।

ਕਈ ਵਿਦਵਾਨ ਪਾਠ ਦੀ ਸਮਾਪਤੀ 'ਤੇ ਰੁਮਾਲਾ ਅਰਪਣ ਸੰਬੰਧੀ ਇਹ ਧਾਰਨਾ ਰੱਖਦੇ ਹਨ ਕਿ ਰੁਮਾਲਾ ਭੇਟ ਕਰਨ ਦੀ ਪੁਰਾਤਨ ਮਰਯਾਦਾ ਹੈ, ਇਸ ਲਈ ਇਸ ਨੂੰ ਇਸ ਤਰ੍ਹਾਂ ਹੀ ਜਾਰੀ ਰੱਖਣਾ ਚਾਹੀਦਾ ਹੈ। ਪਾਠ ਦੀ ਸਮਾਪਤੀ 'ਤੇ ਰੁਮਾਲਾ ਅਵੱਸ਼ ਭੇਟ ਕਰਨ ਦੀ ਵਕਾਲਤ ਕਰਨ ਵਾਲੇ ਇਕ ਵਿਦਵਾਨ ਸੱਜਣ, ਇਸ ਵਿਚ ਚਰਚਾ ਕਰਦਿਆਂ ਹੋਇਆਂ ਇਉਂ ਲਿਖਦੇ ਹਨ: "ਗੁਰਦੁਆਰਿਆਂ ਵਿੱਚੋਂ ਆਮ ਕਰਕੇ ਬੱਚਿਆਂ ਨੂੰ ਚੋਲੇ ਪਾਉਣ ਹਿੱਤ ਰੁਮਾਲੇ ਦਿੱਤੇ ਜਾਂਦੇ ਹਨ, ਪਰ ਇਹ ਇਨ੍ਹਾਂ ਦੀ ਅਯੋਗ ਵਰਤੋਂ ਹੈ। ਵਾਧੂ ਪਏ ਰੁਮਾਲਿਆਂ ਦੀ ਵਰਤੋਂ ਚੰਦੋਇਆਂ ਵਾਸਤੇ ਜਾਂ ਗੁਰਪੁਰਬਾਂ 'ਤੇ ਸਜਾਵਟ ਹਿੱਤ ਕਰ ਲੈਣੀ ਚਾਹੀਦੀ ਹੈ। ਸਭ ਤੋਂ ਚੰਗੀ ਗੱਲ ਇਹ ਹੈ ਕਿ ਅਜਿਹੇ ਵਾਧੂ ਪਏ ਰੁਮਾਲੇ ਕਿਸੇ ਅਜਿਹੇ ਗੁਰ-ਅਸਥਾਨਾਂ 'ਤੇ ਪਹੁੰਚਾ ਦਿੱਤੇ ਜਾਣ ਜਿਥੇ ਕਿ ਰੁਮਾਲਿਆਂ ਦੀ ਥੁੜ ਹੋਣ ਕਾਰਨ ਕਈ ਕਈ ਦਿਨ ਰੁਮਾਲੇ ਬਦਲੇ ਹੀ ਨਹੀਂ ਜਾਂਦੇ। ਅਜਿਹਾ ਕਰਨ ਨਾਲ ਗੁਰੂ ਮਹਾਰਾਜ ਦੀ ਸ਼ਾਨ ਹਰ ਅਸਥਾਨ 'ਤੇ ਬਰਾਬਰ ਰੱਖਣ ਵਿਚ ਵੀ ਸੰਗਤਾਂ ਦੀ ਪ੍ਰਸੰਨਤਾ ਮਿਲਦੀ ਹੈ।"

ਕੋਈ ਪੰਦਰਾਂ ਕੁ ਸਾਲ (ਸੰਨ 1992) ਪਹਿਲਾਂ ਬਿਰਧ ਬੀੜਾਂ ਅਤੇ ਰੁਮਾਲਿਆਂ ਸੰਬੰਧੀ ਵਿਚਾਰ-ਵਟਾਂਦਰਾ ਕਰਨ ਲਈ ਕੁਝ ਸੁਹਿਰਦ ਸੱਜਣਾਂ ਨੇ ਇਸ ਸੰਬੰਧੀ ਵੈਨਕੂਵਰ ਵਿਚ ਮੀਟਿੰਗ ਬੁਲਾਈ ਸੀ, ਜਿਸ ਵਿਚ ਇਸ ਸੰਬੰਧ 'ਚ ਵਿਚਾਰ-ਵਟਾਂਦਰਾ ਕੀਤਾ ਗਿਆ। ਫ਼ੈਸਲਾ ਇਹ ਲਿਆ ਗਿਆ ਕਿ ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ ਤੋਂ ਇਸ ਸੰਬੰਧੀ ਰਾਏ ਲਈ ਜਾਵੇ। ਧਰਮ ਪ੍ਰਚਾਰ ਕਮੇਟੀ ਨੂੰ ਜਦ ਇਸ ਸੰਬੰਧ ਵਿਚ

ਪੁੱਛਿਆ ਗਿਆ ਤਾਂ ਉਨ੍ਹਾਂ ਦਾ ਬਿਰਧ ਬੀੜਾਂ ਸੰਬੰਧੀ ਉੱਤਰ ਆਇਆ ਕਿ ਇਨ੍ਹਾਂ ਦਾ ਸਸਕਾਰ ਕੇਵਲ ਤੇ ਕੇਵਲ ਗੋਇੰਦਵਾਲ ਹੀ ਹੋ ਸਕਦਾ ਹੈ ਅਤੇ ਰੁਮਾਲਿਆਂ ਸੰਬੰਧੀ ਇਹ ਆਖਿਆ ਗਿਆ ਕਿ ਇਨ੍ਹਾਂ ਨੂੰ ਅਗਨ ਭੇਟ ਕਰ ਦਿੱਤਾ ਜਾਵੇ। ਰੁਮਾਲਿਆਂ ਸੰਬੰਧੀ ਇਹੋ ਜਿਹੀ ਰਾਏ ਹੋਰ ਵੀ ਕਈ ਸੱਜਣ ਰੱਖਦੇ ਹਨ। ਵਿਚਾਰਨ ਵਾਲੀ ਗੱਲ ਇਹ ਹੈ ਕਿ ਗੁਰਦੁਆਰਿਆਂ ਵਿਖੇ ਰੁਮਾਲਿਆਂ ਦੀ ਬਹੁਤਾਤ ਕਾਰਨ ਸੰਗਤਾਂ ਵੱਲੋਂ ਚੜ੍ਹਾਏ ਹੋਏ ਰੁਮਾਲਿਆਂ ਨੂੰ ਕੇਵਲ ਇਕ ਵਾਰੀ ਹੀ ਗੁਰੂ ਗ੍ਰੰਥ ਸਾਹਿਬ ਨਾਲ ਛੁਹਾ ਕੇ ਫਿਰ ਉਨ੍ਹਾਂ ਨੂੰ ਅਗਨ ਭੇਟ ਕਰ ਦੇਣ ਦਾ ਕੀ ਅਰਥ ? ਕੀ ਇਸ ਵਿਚ ਹੀ ਗੁਰੂ ਸਾਹਿਬ ਦੀ ਪ੍ਰਸੰਨਤਾ ਹੈ ? ਗੁਰਮਤਿ ਦਾ ਤੱਤ ਗਿਆਨ ਸਾਨੂੰ ਅਜਿਹੀ ਸਿੱਖਿਆ ਪ੍ਰਦਾਨ ਨਹੀਂ ਕਰਦਾ। ਹਾਂ, ਇਸ ਮਾਇਆ ਨਾਲ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਪ੍ਰਚਾਰਨ ਨਾਲ, ਲੋੜਵੰਦਾਂ ਦੀ ਸੇਵਾ ਕਰਨ ਨਾਲ, ਕਿਸੇ ਦਾ ਨੰਗੇਜ ਆਦਿ ਢਕਣ ਨਾਲ ਅਵੱਸ਼ ਗੁਰੂ ਸਾਹਿਬ ਦੀ ਪ੍ਰਸੰਨਤਾ ਦੇ ਅਸੀਂ ਪਾਤਰ ਬਣ ਸਕਦੇ ਹਾਂ। ਕਿਸੇ ਵਿਅਕਤੀ ਵੱਲੋਂ ਆਪਣੇ ਪਹਿਨੇ ਹੋਏ ਬਸਤਰ ਲਾਹ ਕੇ ਗੁਰੂ ਮਹਾਰਾਜ ਨੂੰ ਭੇਟ ਕਰਨ ਬਾਰੇ ਤਾਂ ਇਹ ਆਖਿਆ ਜਾ ਸਕਦਾ ਹੈ ਕਿ ਇਹ ਬੇਅਦਬੀ ਹੈ ਪ੍ਰੰਤੂ ਗੁਰੂ ਗ੍ਰੰਥ ਸਾਹਿਬ ਨੂੰ ਭੇਟ ਕੀਤਾ ਹੋਇਆ ਰੁਮਾਲਾ ਕਿਸੇ ਲੋੜਵੰਦ ਨੂੰ ਦੇਣ ਵਿਚ ਕਿਸੇ ਤਰ੍ਹਾਂ ਦੀ ਬੇਅਦਬੀ ਨਹੀਂ ਹੈ। ਅਗਨ ਭੇਟ ਕਰਨ ਜਾਂ ਕਿਸੇ ਹੋਰ ਢੰਗ ਨਾਲ ਕੀਮਤੀ ਰੁਮਾਲਿਆਂ ਨੂੰ ਨਸ਼ਟ ਕਰਨ ਵਿਚ ਗੁਰੂ ਸਾਹਿਬ ਦੀ ਪ੍ਰਸੰਨਤਾ ਨਹੀਂ ਹੋ ਸਕਦੀ।

[*ਨੋਟ:* ਕੁਝ ਮਹੀਨੇ ਪਹਿਲਾਂ (ਸੰਨ 2011) ਵੈਨਕੂਵਰ ਦੇ ਇਕ ਗੁਰਦੁਆਰਾ ਸਾਹਿਬ ਤੋਂ ਹੀ ਦੋ ਵੱਡੇ ਟਰੱਕ ਰੁਮਾਲਿਆਂ ਦੇ ਅਗਨ ਭੇਟ ਕੀਤੇ ਗਏ ਹਨ। ਜਿਨ੍ਹਾਂ ਰੁਮਾਲਿਆਂ ਵਿਚ ਜ਼ਿਆਦਾਤਰ ਰੁਮਾਲਿਆਂ ਦੀ ਕੀਮਤ ਸੌ ਡਾਲਰ ਤੋਂ ਵਧੀਕ ਸੀ।]

ਅੰਤ ਵਿਚ ਪਾਠਕਾਂ ਦਾ ਧਿਆਨ ਭਾਈ ਕਾਨ੍ਹ ਸਿੰਘ ਨਾਭਾ ਹੁਰਾਂ ਦੀ ਇਸ ਸੰਬੰਧੀ ਲਿਖਤ ਵੱਲ ਦਿਵਾਇਆ ਜਾ ਰਿਹਾ ਹੈ:

> ਜਿਸ ਗੁਰਦੁਆਰੇ ਬਹੁਤ ਰੁਮਾਲ ਗੁਰੂ ਗ੍ਰੰਥ ਸਾਹਿਬ ਲਈ ਮੌਜੂਦ ਹੋਣ, ਉਥੇ ਭੋਗ ਪੈਣ ਵੇਲੇ ਰੁਮਾਲ ਅਰਪਣਾ ਲਾਭਦਾਇਕ ਨਹੀਂ। ਜਿਥੇ ਰੁਮਾਲ ਦੀ ਜ਼ਰੂਰਤ ਹੋਵੇ ਉਥੇ ਭੇਟਾ ਕਰਨਾ ਚਾਹੀਏ। ਰੁਮਾਲ ਚੜ੍ਹਾਉਣਾ ਰਸਮ ਨਹੀਂ ਬਣਾ ਲੈਣੀ ਚਾਹੀਏ। ਸਤਿਗੁਰੂ, ਰੁਮਾਲਾਂ ਨਾਲੋਂ ਯਤੀਮਾਂ ਨੂੰ ਵਸਤ੍ਰ ਦੇਣੇ ਜ਼ਿਆਦਾ ਪਸੰਦ ਕਰਦੇ ਹਨ। ਸਰ੍ਹਾਣੇ, ਗੁਦੈਲਾ, ਚਾਂਦਨੀ, ਦੂਹਰ ਆਦਿਕ ਸਮਾਨ ਪ੍ਰੇਮੀ ਘਟ ਹੀ ਭੇਟਾ ਕਰਦੇ ਦੇਖੇ ਹਨ।
> *(ਗੁਰਮਤ ਮਾਰਤੰਡ)*

ਸੋ, ਪਾਠ ਦੀ ਸਮਾਪਤੀ ਜਾਂ ਕਿਸੇ ਹੋਰ ਸਮਾਗਮ ਸਮੇਂ 'ਤੇ ਰੁਮਾਲਾ ਭੇਟ ਤਾਂ ਹੀ ਕਰਨਾ ਚਾਹੀਦਾ ਹੈ, ਜੇਕਰ ਉਸ ਗੁਰਦੁਆਰਾ ਸਾਹਿਬ ਵਿਖੇ ਇਸ ਦੀ ਜ਼ਰੂਰਤ ਹੈ। ਜੇਕਰ ਗੁਰਦੁਆਰਾ ਸਾਹਿਬ ਵਿਖੇ ਰੁਮਾਲੇ ਦੀ ਜ਼ਰੂਰਤ ਨਹੀਂ ਤਾਂ ਕੋਈ ਹੋਰ ਵਸਤੂ ਭੇਟ ਕੀਤੀ ਜਾ ਸਕਦੀ ਹੈ। ਜ਼ਿੰਮੇਵਾਰ ਸੱਜਣਾਂ ਨੂੰ ਚਾਹੀਦਾ ਹੈ ਕਿ ਉਹ ਪਾਠ ਆਦਿ ਕਰਾਉਣ ਵਾਲੇ ਪਰਿਵਾਰਾਂ ਨੂੰ ਪਹਿਲਾਂ ਹੀ ਸੂਚਿਤ ਕਰ ਦੇਣ ਅਤੇ ਸਟੇਜਾਂ ਤੋਂ ਵੀ ਸਮੇਂ ਸਮੇਂ ਸੰਗਤਾਂ ਨੂੰ ਇਸ ਸਬੰਧ ਵਿਚ ਸੂਚਨਾ ਦਿੱਤੀ ਜਾਵੇ ਤਾਂ ਕਿ ਸੰਗਤਾਂ ਇਸ ਗੱਲ ਤੋਂ ਭਲੀ ਪ੍ਰਕਾਰ ਜਾਣੂ ਹੋ ਸਕਣ।

ਗੁਰਮਤਿ ਵਿਚ ਸੰਗਰਾਂਦ ਦਾ ਸੰਕਲਪ

'ਸੰਗਰਾਂਦ' ਸ਼ਬਦ ਸੰਸਕ੍ਰਿਤ ਦੇ ਸੰਕ੍ਰਾਂਤਿ ਦਾ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ। ਇਸ ਦਾ ਅਰਥ ਹੈ :

> 1. ਸੂਰਜ ਦਾ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿਚ ਜਾਣਾ; 2. ਸੂਰਜ ਦਾ ਇਕ ਰਾਸ਼ੀ ਤੋਂ ਦੂਜੀ ਰਾਸ਼ੀ ਵਿਚ ਜਾਣ ਦਾ ਸਮਾਂ। *(ਹਿੰਦੀ ਸ਼ਬਦ ਕੋਸ਼)*

ਸੂਰਜ ਦੀ ਉਪਾਸ਼ਨਾ ਕਰਨ ਵਾਲੇ ਸੰਗਰਾਂਦ ਨੂੰ ਪਵਿੱਤ੍ਰ ਦਿਹਾੜਾ ਮੰਨਦੇ ਹਨ। ਇਸ ਲਈ ਇਸ ਦਿਨ ਉਚੇਚੇ ਤੌਰ 'ਤੇ ਪੂਜਾ-ਪਾਠ ਅਤੇ ਦਾਨ-ਪੁੰਨ ਅਤੇ ਕਿਸੇ ਵਿਸ਼ੇਸ਼ ਥਾਂ 'ਤੇ ਇਸ਼ਨਾਨ ਆਦਿ ਕੀਤਾ ਜਾਂਦਾ ਹੈ। ਇਹ ਸਭ ਕੁਝ ਸੂਰਜ ਦੇਵਤਾ ਨੂੰ ਪ੍ਰਸੰਨ ਕਰਨ ਦੀ ਭਾਵਨਾ ਨਾਲ ਕੀਤਾ ਜਾਂਦਾ ਹੈ ਤਾਂ ਕਿ ਸੂਰਜ ਦੇਵਤਾ ਉਸ ਰਾਸ਼ੀ ਵਿਚ ਰਹਿ ਕੇ ਉਨ੍ਹਾਂ ਦਾ ਸਾਰਾ ਮਹੀਨਾ ਸੁੱਖੀਂ-ਸਾਂਦੀ ਲੰਘਾਵੇ।

[ਨੋਟ : ਗੁਰਦੁਆਰਾ ਸਾਹਿਬ ਦੀਆਂ ਸਟੇਜਾਂ ਤੋਂ ਵੀ ਆਮ ਤੌਰ 'ਤੇ ਇਸ ਤਰ੍ਹਾਂ ਦਾ ਹੀ ਪ੍ਰਚਾਰ ਕੀਤਾ ਜਾਂਦਾ ਹੈ ਕਿ ਅਮਕੇ ਦਿਨ ਜਾਂ ਅੱਜ ਸੰਗਰਾਂਦ ਦਾ ਪਵਿੱਤ੍ਰ ਦਿਹਾੜਾ ਹੈ। ਇਤਨਾ ਹੀ ਨਹੀਂ, ਅਰਦਾਸ ਵਿਚ ਵੀ ਸੂਰਜ ਦੀ ਉਪਾਸ਼ਨਾ ਕਰਨ ਵਾਲਿਆਂ ਦੀ ਤਰਜ਼ 'ਤੇ ਹੀ ਇਹ ਸ਼ਬਦ ਵਰਤੇ ਜਾਂਦੇ ਹਨ ਕਿ ਪਿਛਲਾ ਮਹੀਨਾ ਸੁੱਖੀਂ-ਸਾਂਦੀਂ ਬਤੀਤ ਹੋਇਆ ਹੈ, ਇਹ ਮਹੀਨਾ ਵੀ ਸੁੱਖਾਂ ਸਹਿਤ ਬਤੀਤ ਕਰਾਉਣਾ। ਸੂਰਜ ਦੀ ਪੂਜਾ ਕਰਨ ਵਾਲਿਆਂ ਅਤੇ ਸਾਡੇ ਵਿਚ ਅੰਤਰ ਇਤਨਾ ਕੁ ਹੀ ਹੈ ਕਿ ਉਹ ਸੂਰਜ ਦੇਵਤਾ ਨੂੰ ਮੁਖ਼ਾਤਬ ਹੋ ਕੇ ਅਜਿਹੀ ਅਰਦਾਸ ਕਰਦੇ ਹਨ ਜਦ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋ ਕੇ ਅਕਾਲ ਪੁਰਖ ਨੂੰ ਮੁਖ਼ਾਤਬ ਕਰ ਕੇ ਕਰਦੇ ਹਾਂ। ਅਰਦਾਸ ਦੀ ਭਾਵਨਾ ਵਿਚ ਕੋਈ ਅੰਤਰ ਨਹੀਂ ਹੈ।]

ਗੁਰੂ ਗ੍ਰੰਥ ਸਾਹਿਬ ਵਿਚ ਭਾਵੇਂ 'ਸੰਗਰਾਂਦ' ਸ਼ਬਦ ਕਿਧਰੇ ਨਹੀਂ ਆਇਆ, ਪਰ ਫਿਰ ਵੀ ਇਸ ਦਿਹਾੜੇ ਦੇ ਸੰਬੰਧ ਵਿਚ ਗੁਰਮਤਿ ਦੀ ਸੋਝੀ ਨਾ ਹੋਣ ਕਾਰਨ ਸਾਡੇ ਵਿਚ ਵੀ ਕਈ ਤਰ੍ਹਾਂ ਦੇ ਵਹਿਮ-ਭਰਮ ਪ੍ਰਚੱਲਤ ਹਨ। ਜਿਵੇਂ ਕਿ ਮਹੀਨੇ ਦਾ ਨਾਮ ਇਸਤ੍ਰੀ ਦੇ ਮੂੰਹੋਂ ਸੁਣਨ ਦੀ ਬਜਾਏ ਪੁਰਸ਼ ਦੇ ਮੂੰਹੋਂ ਸੁਣਨਾ, ਕਿਸੇ ਨੂੰ ਉਧਾਰ ਨਾ ਦੇਣਾ ਆਦਿ। ਸਿੱਖ ਧਰਮ ਵਿਚ 'ਪੂਜਾ ਅਕਾਲ ਕੀ' ਦਾ ਹੀ ਸਿਧਾਂਤ ਹੈ, ਪਰ ਗੁਰੂ-ਕਾਲ ਤੋਂ ਬਾਅਦ ਸਿੱਖ ਜਗਤ ਨੇ ਉਨ੍ਹਾਂ ਕਰਮ-ਕਾਂਡਾਂ ਨੂੰ ਮੁੜ ਅਪਣਾ ਲਿਆ, ਜਿਨ੍ਹਾਂ ਵਿੱਚੋਂ ਗੁਰੂ ਸਾਹਿਬ ਨੇ ਬਾਹਰ ਕੱਢਿਆ ਸੀ। ਚੂੰਕਿ ਖ਼ਾਲਸਾ ਪੰਥ ਨੂੰ ਆਪਣੀ ਹੋਂਦ ਨੂੰ ਬਚਾਉਣ ਲਈ ਭਾਰੀ ਸੰਘਰਸ਼ ਕਰਨਾ ਪਿਆ, ਜਿਸ ਕਾਰਨ ਪ੍ਰਚਾਰ ਵੱਲ ਇਤਨਾ ਧਿਆਨ ਨਾ ਦੇ ਸਕਿਆ। ਜਦ ਸਿੱਖ ਮਿਸਲਾਂ ਦਾ ਸਮਾਂ ਆਇਆ ਤਾਂ ਉਸ ਸਮੇਂ

ਵੀ ਸਿੱਖ ਸਰਦਾਰਾਂ ਨੇ ਆਪਣੇ ਰਾਜ ਭਾਗ ਦੀਆਂ ਹੱਦਾਂ ਵਧਾਉਣ ਲਈ ਯਤਨ ਜ਼ਰੂਰ ਕੀਤਾ, ਪ੍ਰੰਤੂ ਸਿੱਖੀ ਦੇ ਪ੍ਰਚਾਰ ਵੱਲ ਧਿਆਨ ਨਾ ਦਿੱਤਾ। ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਸਮੇਂ ਮਹਾਰਾਜੇ ਨੇ ਗੁਰਦੁਆਰਿਆਂ ਨਾਲ ਜਾਗੀਰਾਂ ਤਾਂ ਬਹੁਤ ਲਗਵਾਈਆਂ, ਪਰ ਪ੍ਰਚਾਰ ਦੇ ਖੇਤਰ ਵਿਚ ਕੋਈ ਉਸਾਰੂ ਕੰਮ ਨਹੀਂ ਹੋਇਆ। ਧਾਰਮਿਕ ਰਹੁ-ਰੀਤਾਂ 'ਚੋਂ ਗੁਰਮਤਿ ਦੀ ਖ਼ੁਸ਼ਬੋ ਦੀ ਥਾਂ ਕਰਮ-ਕਾਂਡ ਦੀ ਸੜਾਂਦ ਪਹਿਲਾਂ ਵਾਂਗ ਹੀ ਬਰਕਰਾਰ ਰਹੀ। ਸਿੱਟੇ ਵਜੋਂ ਸਿੱਖਾਂ ਵਿਚ ਕਰਮ-ਕਾਂਡਾਂ ਦਾ ਬੋਲਬਾਲਾ ਦਿਨ ਪ੍ਰਤਿ ਦਿਨ ਵਧਦਾ ਹੀ ਚਲਾ ਗਿਆ। ਗੁਰਦੁਆਰੇ ਕੇਵਲ ਕਹਿਣ ਨੂੰ ਗੁਰਦੁਆਰੇ ਸਨ, ਪਰ ਸਹੀ ਅਰਥਾਂ ਵਿਚ ਕਰਮ-ਕਾਂਡ ਦਾ ਕੇਂਦਰ ਬਣ ਚੁੱਕੇ ਸਨ ਅਤੇ ਹੁਣ ਵੀ ਕਰਮ-ਕਾਂਡ ਦਾ ਕੇਂਦਰ ਹਨ।

ਖ਼ਾਲਸਾ ਪੰਥ ਵਹਿਮਾਂ-ਭਰਮਾਂ ਦੀ ਦਲਦਲ ਵਿਚ ਕਿੱਥੋਂ ਤੱਕ ਫਸ ਚੁੱਕਾ ਸੀ, ਇਸ ਦੀ ਇਕ ਉਦਾਹਰਣ ਦਿੱਤੀ ਜਾ ਰਹੀ ਹੈ। ਅਕਤੂਬਰ 1856 ਈ: ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਮੁੱਖ ਗ੍ਰੰਥੀ ਭਾਈ ਜੱਸਾ ਸਿੰਘ ਹੁਰਾਂ ਦਾ ਦੇਹਾਂਤ ਮੰਜੀ ਉੱਤੇ ਹੋ ਜਾਣ ਕਾਰਨ ਪੁਜਾਰੀਆਂ ਨੇ ਭਾਈ ਸਾਹਿਬ ਬਾਰੇ ਇਹ ਗੱਲ ਧੁਮਾ ਦਿੱਤੀ ਕਿ ਉਹ ਬੇ-ਗਤੇ ਮਰੇ ਹਨ। ਹਰਿਦੁਆਰ ਜਾ ਕੇ ਉਨ੍ਹਾਂ ਦੀ ਗਤੀ ਕਰਾਉਣ ਦੀਆਂ ਸਲਾਹਾਂ ਦਿੱਤੀਆਂ ਜਾਣ ਲੱਗ ਪਈਆਂ। ਬਾਬਾ ਦਰਬਾਰਾ ਸਿੰਘ ਜੀ ਨੇ ਬਾਬਾ ਬਿਕਰਮ ਸਿੰਘ (ਬੇਦੀ), ਜੋ ਅਕਾਲ ਤਖ਼ਤ ਸਾਹਿਬ ਦੇ ਪੁਜਾਰੀ ਸਨ, ਅਤੇ ਹੋਰ ਇਸ ਤਰ੍ਹਾਂ ਦੀ ਸੋਚ ਰੱਖਣ ਵਾਲਿਆਂ ਨੂੰ ਸਮਝਾਇਆ ਕਿ ਜੇਕਰ ਗੁਰੂ ਗ੍ਰੰਥ ਸਾਹਿਬ ਦੀ ਸੇਵਾ-ਸੰਭਾਲ, ਸਿੱਖੀ ਦਾ ਨਿਤਨੇਮ, ਰਹਿਣੀ ਆਦਿ ਕਰਮ ਉਨ੍ਹਾਂ ਦੀ ਗਤੀ ਨਹੀਂ ਕਰਾ ਸਕਦੇ ਤਾਂ ਕੀ ਬ੍ਰਾਹਮਣਾਂ ਦਾ ਕਰਮ-ਕਾਂਡ ਵਧੇਰੇ ਮਹੱਤਵਪੂਰਨ ਹੈ ਜਿਹੜਾ ਭਾਈ ਸਾਹਿਬ ਦੀ ਗਤੀ ਕਰਾ ਦੇਵੇਗਾ? ਬਾਬਾ ਬਿਕਰਮ ਸਿੰਘ ਹੁਰਾਂ ਦਾ ਉੱਤਰ ਸੀ ਕਿ ਭਾਵੇਂ ਉਨ੍ਹਾਂ (ਬਾਬਾ ਦਰਬਾਰਾ ਸਿੰਘ) ਦੀ ਗੱਲ ਠੀਕ ਹੈ ਪਰ ਬਰਾਦਰੀ ਤੇ ਜਨਤਾ ਨਾਲ ਮੇਲ-ਮਿਲਾਪ ਕਾਇਮ ਰੱਖਣ ਲਈ ਲੋਕਾਚਾਰੀ ਨੂੰ ਨਿਭਾਉਣਾ ਜ਼ਰੂਰੀ ਹੈ।

ਪਾਠਕ-ਜਨ ਆਪ ਹੀ ਅੰਦਾਜ਼ਾ ਲਗਾ ਲੈਣ ਕਿ ਜਦ ਧਾਰਮਿਕ ਆਗੂਆਂ ਦੀ ਇਹੋ ਜਿਹੀ ਸੋਚ ਸੀ ਤਾਂ ਆਮ ਸਿੱਖ ਸੰਗਤਾਂ ਦੀ ਕਿਹੋ ਜਿਹੀ ਧਾਰਨਾ ਹੋਵੇਗੀ? ਇਸ ਘਟਨਾ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

[ਨੋਟ: ਅੱਜ ਦੇ ਧਾਰਮਿਕ ਆਗੂਆਂ ਦੀ ਹਾਲਤ ਕਈ ਪੱਖਾਂ ਤੋਂ ਪਹਿਲਾਂ ਨਾਲੋਂ ਵੀ ਨਿੱਘਰ ਚੁੱਕੀ ਹੈ।]

ਅਜਿਹੀ ਹੀ ਸਥਿਤੀ ਵਿਚ ਆਮ ਸੰਗਤਾਂ ਤੋਂ ਗੁਰਮਤਿ ਸਿਧਾਂਤਾਂ ਦੀ ਸੋਝੀ ਦੀ ਕੀ ਆਸ ਰੱਖੀ ਜਾ ਸਕਦੀ ਸੀ? ਕੁਝ ਸੁਧਾਰਕ ਲਹਿਰਾਂ ਚੱਲੀਆਂ, ਜਿਨ੍ਹਾਂ ਨੇ ਆਪੋ-ਆਪਣੀ ਵਿੱਤ ਅਨੁਸਾਰ ਗੁਰਮਤਿ ਪ੍ਰਚਾਰ ਦੇ ਖੇਤਰ ਵਿਚ ਚੰਗਾ ਯੋਗਦਾਨ ਪਾਇਆ। ਇਨ੍ਹਾਂ ਵਿਚ ਮੁਢਲੀ ਨਿਰੰਕਾਰੀ ਲਹਿਰ, ਸਿੰਘ ਸਭਾ ਲਹਿਰ ਆਦਿ ਦੇ ਨਾਮ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਗੁਰਦੁਆਰਿਆਂ ਦਾ ਪ੍ਰਬੰਧ ਸਿੱਖ ਪੰਥ ਦੇ ਹੱਥ 'ਚ ਆਉਣ ਨਾਲ ਭਾਵੇਂ ਗੁਰਦੁਆਰਿਆਂ ਵਿਚ ਕੁਝ ਕੁ ਸੁਧਾਰ ਜ਼ਰੂਰ ਹੋਇਆ ਪਰ ਜਿਤਨਾ ਹੋਣਾ ਚਾਹੀਦਾ ਸੀ ਉਤਨਾ ਨਾ ਹੋ ਸਕਿਆ। ਜਿਵੇਂ ਜਿਵੇਂ ਸਮਾਂ ਗੁਜ਼ਰਦਾ

ਗਿਆ, ਗੁਰਦੁਆਰਿਆਂ ਦੀ ਹਾਲਤ ਸੁਧਰਨ ਦੀ ਥਾਂ ਵਿਗੜਦੀ ਹੀ ਚਲੀ ਗਈ ਅਤੇ ਦਿਨ ਪ੍ਰਤਿ ਦਿਨ ਹੋਰ ਵਿਗੜਦੀ ਹੀ ਜਾ ਰਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰਦੁਆਰਿਆਂ ਦੀਆਂ ਇਮਾਰਤਾਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸੁੰਦਰ ਬਣ ਗਈਆਂ ਹਨ, ਸੰਗਤਾਂ ਦੀ ਰਿਹਾਇਸ਼ ਆਦਿ ਦੇ ਪ੍ਰਬੰਧ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਵਧੀਆ ਹਨ, ਇਸ ਦੇ ਨਾਲ ਲੰਗਰ ਆਦਿ ਦਾ ਪ੍ਰਬੰਧ ਵੀ ਪਹਿਲਾਂ ਨਾਲੋਂ ਚੰਗੇਰਾ ਹੈ ਅਤੇ ਕਥਾ ਕੀਰਤਨ ਦੇ ਪ੍ਰਵਾਹ ਦੇ ਨਾਲ ਅਖੰਡ ਪਾਠਾਂ ਦੀਆਂ ਲੜੀਆਂ ਵੀ ਅਤੁੱਟ ਚੱਲ ਰਹੀਆਂ ਹਨ, ਪ੍ਰੰਤੂ ਫਿਰ ਵੀ ਕਰਮ-ਕਾਂਡ ਘਟਣ ਦੀ ਬਜਾਇ ਦਿਨ ਪ੍ਰਤਿ ਦਿਨ ਵਧਦੇ ਹੀ ਜਾ ਰਹੇ ਹਨ। ਜਿਸ ਦਾ ਮੁੱਖ ਕਾਰਨ ਇਹ ਹੈ ਕਿ ਇਨ੍ਹਾਂ ਉਪਰਾਲਿਆਂ ਰਾਹੀਂ ਗੁਰਮਤਿ ਦੀਆਂ ਕਦਰਾਂ-ਕੀਮਤਾਂ ਨੂੰ ਪ੍ਰਚਾਰਨਾ ਨਹੀਂ ਬਲਕਿ ਇਨ੍ਹਾਂ ਰਾਹੀਂ ਮਾਇਕ ਪੱਖ ਨੂੰ ਮਜ਼ਬੂਤ ਕਰਨਾ ਹੈ।

ਫ਼ਿਰ, ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹਮਾਹਾ ਹਨ, ਇਕ ਮਾਝ ਰਾਗ ਵਿਚ ਗੁਰੂ ਅਰਜਨ ਸਾਹਿਬ ਦਾ ਉਚਾਰਿਆ ਹੋਇਆ ਅਤੇ ਦੂਜਾ ਤੁਖਾਰੀ ਰਾਗ ਵਿਚ ਗੁਰੂ ਨਾਨਕ ਸਾਹਿਬ ਦਾ ਉਚਾਰਨ ਕੀਤਾ ਹੋਇਆ। ਇਨ੍ਹਾਂ ਦੋਹਾਂ ਬਾਰਹਮਾਹਾਂ ਦਾ ਸੰਗਰਾਂਦ ਨਾਲ ਕੋਈ ਸੰਬੰਧ ਨਹੀਂ ਹੈ। ਬਾਰਹਮਾਹਾ ਲੋਕ-ਕਾਵਿ ਦਾ ਇਕ ਰੂਪ ਹੈ ਜਿਸ ਵਿਚ ਬਾਰਾਂ ਮਹੀਨਿਆਂ ਦੇ ਆਧਾਰ ਉੱਤੇ ਕਾਵਿ ਸਿਰਜਣਾ ਕੀਤੀ ਗਈ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਰੁੱਤਾਂ ਦੇ ਆਧਾਰ 'ਤੇ ਕੇਵਲ ਬਾਰਹਮਾਹਾ ਹੀ ਨਹੀਂ ਬਲਕਿ 'ਦਿਨ ਰੈਣ, ਥਿਤੀ, ਵਾਰ ਸਤ ਅਤੇ ਰੁਤੀ' ਦੇ ਸਿਰਲੇਖਾਂ ਹੇਠਾਂ ਵੀ ਬਾਣੀ ਉਚਾਰਣ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਿਸੇ ਵੀ ਸ਼ਬਦ ਵਿਚ ਕਿਸੇ ਵੀ ਦਿਨ ਬਾਰੇ ਇਹ ਨਹੀਂ ਆਖਿਆ ਗਿਆ ਕਿ ਅਮਕਾ ਦਿਨ ਆਪਣੇ ਆਪ ਵਿਚ ਚੰਗਾ ਜਾਂ ਮਾੜਾ ਹੈ। ਹਾਂ, ਇਹ ਜ਼ਰੂਰ ਆਖਿਆ ਹੈ ਕਿ ਆਮ ਸਾਧਾਰਨ ਦਿਨ ਨੂੰ ਚੰਗਾ ਅਥਵਾ ਸਫਲ ਕਿਵੇਂ ਬਣਾਇਆ ਜਾ ਸਕਦਾ ਹੈ। ਗੁਰੂ ਨਾਨਕ ਜੋਤਿ ਦੇ ਪੰਜਵੇਂ ਪ੍ਰਕਾਸ਼ ਇਸ ਸੰਬੰਧ 'ਚ ਫ਼ੁਰਮਾਉਂਦੇ ਹਨ :

ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ ॥
ਜਿਤੁ ਦਿਨਿ ਵਿਸਰੈ ਪਾਰਬ੍ਰਹਮੁ ਫਿਟੁ ਭਲੇਰੀ ਰੁਤਿ ॥

(ਵਾਰ ਗਉੜੀ ਮਹਲਾ ੫, ਪੰਨਾ 318)

ਅਰਥ : ਹੇ ਨਾਨਕ! ਉਹੀ ਦਿਨ ਚੰਗਾ ਸੋਹਣਾ ਹੈ ਜਿਸ ਦਿਨ ਪਰਮਾਤਮਾ ਮਨ ਵਿਚ ਵੱਸੇ, ਜਿਸ ਦਿਨ ਪਰਮਾਤਮਾ ਵਿਸਰ ਜਾਂਦਾ ਹੈ, ਉਹ ਸਮਾਂ ਮੰਦਾ ਜਾਣੋ, ਉਹ ਸਮਾਂ ਫਿਟਕਾਰ-ਜੋਗ ਹੈ।

ਕਈ ਸੱਜਣ ਇਹ ਕਹਿੰਦੇ ਹਨ ਕਿ ਸੰਗਰਾਂਦ ਦੇ ਬਹਾਨੇ ਨਾਲ ਲੋਕੀਂ ਗੁਰਦੁਆਰੇ ਮੱਥਾ ਟੇਕਣ ਆ ਜਾਂਦੇ ਹਨ। ਇਸ ਲਈ ਇਸ ਵਿਚ ਮਾੜਾ ਵੀ ਕੀ ਹੈ? ਅਜਿਹੇ ਸੱਜਣ ਇਸ ਗੱਲ ਨੂੰ ਨਹੀਂ ਵਿਚਾਰਦੇ ਕਿ ਗੁਰਦੁਆਰੇ ਪੂਜਾ ਸਥਾਨ ਨਹੀਂ ਬਲਕਿ ਸਿੱਖ ਧਰਮ ਦੇ ਪ੍ਰਚਾਰ-ਪਸਾਰ ਦਾ ਧੁਰਾ ਹਨ, ਗੁਰਮਤਿ ਨੂੰ ਸਮਝਣ ਦਾ ਕੇਂਦਰ ਹਨ, ਜਿੱਥੋਂ ਅਸੀਂ ਗੁਰਮਤਿ ਨੂੰ ਸਮਝਣਾ ਹੈ; ਜੇਕਰ ਗੁਰਦੁਆਰੇ ਕਿਸੇ ਵਹਿਮ-ਭਰਮ ਅਧੀਨ ਜਾਂਦੇ ਹਾਂ ਜਾਂ ਹੋਰ ਵਹਿਮਾਂ-ਭਰਮਾਂ ਦਾ ਸ਼ਿਕਾਰ ਹੋ ਕੇ ਮੁੜਦੇ ਹਾਂ ਤਾਂ ਹੋਰ ਕਿਹੜਾ

ਥਾਂ ਹੈ ਜਿਸ ਥਾਂ 'ਤੇ ਜਾ ਕੇ ਅਸੀਂ ਗੁਰਮਤਿ ਨੂੰ ਸਮਝਣਾ ਹੈ ? ਇਸ ਪਾਠਸ਼ਾਲਾ 'ਚੋਂ ਹੀ ਤਾਂ ਅਸੀਂ ਅਗਿਆਨਤਾ ਦੇ ਅੰਧੇਰੇ ਨੂੰ ਗੁਰੂ ਗਿਆਨ ਦੇ ਪ੍ਰਕਾਸ਼ ਨਾਲ ਮਿਟਾਉਣਾ ਹੈ। ਭਰਮ ਦਾ ਸ਼ਿਕਾਰ ਹੋਣ ਕਾਰਨ ਹੀ ਅਸੀਂ ਜਾਣੇ-ਅਨਜਾਣੇ ਬਾਣੀ ਵਿਚ ਫ਼ਰਕ ਕਰਨ ਲੱਗ ਪੈਂਦੇ ਹਾਂ। ਸਾਡਾ ਧਿਆਨ ਮਹੀਨੇ ਦੇ ਨਾਮ ਵੱਲ ਹੀ ਲਗਿਆ ਹੁੰਦਾ ਹੈ, ਅਤੇ ਕਈ ਵਾਰ ਤਾਂ ਅਜਿਹਾ ਵੇਖਣ ਨੂੰ ਮਿਲਦਾ ਹੈ ਕਿ ਮਹੀਨੇ ਦਾ ਨਾਂ ਸੁਣ ਕੇ ਅਗਲੀਆਂ ਪੰਗਤੀਆਂ ਸੁਣਨ ਦੀ ਲੋੜ ਹੀ ਮਹਿਸੂਸ ਨਹੀਂ ਕੀਤੀ ਜਾਂਦੀ। ਕਈ ਵਾਰ ਤਾਂ ਕਈ ਸੱਜਣ ਘੰਟਾ ਦੋ ਘੰਟੇ ਪਾਠ ਜਾਂ ਕੀਰਤਨ ਆਦਿ ਸੁਣਨ ਉਪਰੰਤ ਵੀ ਮਹੀਨੇ ਦਾ ਨਾਮ ਜੇਕਰ ਨਾ ਸੁਣ ਸਕਣ ਤਾਂ ਡਾਢੇ ਮਾਯੂਸ ਹੋ ਜਾਂਦੇ ਹਨ। ਇਸ ਨਿਰਾਸਤਾ ਦਾ ਕਾਰਨ ਸੰਗਰਾਂਦ ਬਾਰੇ ਪ੍ਰਚੱਲਤ ਸਨਾਤਨੀ ਭਰਮ ਹੀ ਹੈ।

[ਨੋਟ : ਸ਼ਾਇਦ ਇਹੀ ਕਾਰਨ ਹੈ ਕਿ ਗੁਰਮਤਿ ਦੀ ਸੋਝੀ ਰੱਖਣ ਵਾਲੇ ਸੱਜਣ ਸਾਡੇ ਧਾਰਮਿਕ ਸਥਾਨਾਂ ਵਿਚ ਕਰਮ-ਕਾਂਡਾਂ ਦਾ ਬੋਲ-ਬਾਲਾ ਦੇਖ ਕੇ, ਇਨ੍ਹਾਂ ਧਾਰਮਿਕ ਸਥਾਨਾਂ ਵਿਚ ਗੁਰਮਤਿ ਦੇ ਪ੍ਰਚਾਰ ਦੀ ਆਸ ਲਾਹ ਕੇ, ਗੁਰਮਤਿ ਦੇ ਪ੍ਰਚਾਰ ਲਈ ਹੋਰ ਸਾਧਨ ਅਪਨਾਉਣ ਲਈ ਮਜਬੂਰ ਹੋ ਗਏ ਹਨ।]

ਗੁਰਦੁਆਰੇ ਤਾਂ ਸਿੱਖੀ ਦੀ ਟਕਸਾਲ ਹਨ, ਜਿੱਥੋਂ ਅਸੀਂ ਸਿੱਖੀ ਦੀ ਜੀਵਨ-ਜਾਚ ਸਿੱਖਣੀ ਹੈ; ਗੁਰਮਤਿ ਨੂੰ ਸਮਝਣਾ ਹੈ। ਜੇਕਰ ਇਨ੍ਹਾਂ ਸਿੱਖੀ ਦੇ ਸੋਮਿਆਂ 'ਚ ਅਸੀਂ ਇਹੋ ਜਿਹੇ ਕਰਮ-ਕਾਂਡਾਂ ਕਾਰਨ ਹੀ ਹਾਜ਼ਰੀ ਭਰਦੇ ਰਹੇ ਜਾਂ ਸਾਡੇ ਇਹ ਗੁਰਧਾਮ ਕਰਮ-ਕਾਂਡਾਂ ਨੂੰ ਹੀ ਬੜ੍ਹਾਵਾ ਦੇਂਦੇ ਰਹੇ, ਤਾਂ ਫਿਰ ਅਸੀਂ ਗੁਰਮਤਿ ਦੀ ਪ੍ਰੇਰਨਾ ਹੋਰ ਕਿੱਥੋਂ ਲਵਾਂਗੇ ? ਭਾਈ ਗੁਰਦਾਸ ਜੀ ਸਾਨੂੰ ਮਾਇਆ ਦੇ ਮੋਹ ਵਿਚ ਘੂਕ ਸੁੱਤਿਆਂ ਨੂੰ ਝੰਝੋੜ ਕੇ ਜਗਾਉਂਦਿਆਂ ਹੋਇਆਂ, ਗੁਰਦੁਆਰੇ ਦੀ ਮਹੱਤਤਾ ਨੂੰ ਇਸ ਤਰ੍ਹਾਂ ਦਰਸਾਉਂਦੇ ਹਨ :

ਬਾਹਰ ਕੀ ਅਗਨਿ ਬੁਝਤ ਜਲ ਸਰਿਤਾ ਕੈ,
ਨਾਉ ਮੈ ਜਉ ਅਗਨਿ ਲਾਗੈ ਕੈਸੇ ਕੈ ਬੁਝਾਈਐ ?
ਬਾਹਰ ਸੈ ਭਾਗਿ ਓਟ ਲੀਜੀਅਤ ਕੋਟ ਗੜ,
ਗੜ ਮੈ ਜਉ ਲੂਟਿ ਲੀਜੈ ਕਹੋ ਕਤ ਜਾਈਐ ?
ਚੋਰਨ ਕੈ ਤ੍ਰਾਸ ਜਾਇ ਸਰਨਿ ਗਹੈ ਨਰਿੰਦ,
ਮਾਰੈ ਮਹੀਪਤਿ ਜੀਉ ਕੈਸੇ ਕੈ ਬਚਾਈਐ ?
ਮਾਇਆ ਡਰ ਡਰਪਤ ਹਾਰਿ ਗੁਰ-ਦੁਆਰੈ ਜਾਵੈ,
ਤਹਾ ਜਉ ਮਾਇਆ ਬਿਆਪੈ ਕਹਾ ਠਹਰਾਈਐ ? ॥੫੪੪॥ *(ਕਬਿੱਤ ਸਵੱਯੇ)*

[ਨੋਟ : ਮਾਇਆ ਤੋਂ ਭਾਵ ਉਸ ਰਹਿਣੀ, ਵਿਸ਼ਵਾਸ, ਸੋਚ ਅਤੇ ਪਕੜ ਆਦਿ ਤੋਂ ਹੈ, ਜਿਸ ਦੇ ਪ੍ਰਭਾਵ ਕਾਰਨ ਅਸੀਂ ਗੁਰਮਤਿ ਦਾ ਲੜ ਛੱਡ ਕੇ ਮਨਮਤਿ ਅਥਵਾ ਮਨਮੁਖਤਾ ਦੇ ਦਾਮਨ ਨੂੰ ਘੁੱਟ ਕੇ ਫੜ ਲੈਂਦੇ ਹਾਂ। ਅਸੀਂ ਵਹਿਮਾਂ-ਭਰਮਾਂ ਦਾ ਸ਼ਿਕਾਰ ਹੋ ਕੇ ਗੁਰਮਤਿ ਦੇ ਗਾਡੀ ਮਾਰਗ ਤੋਂ ਭਟਕ ਕੇ ਕਰਮ-ਕਾਂਡ ਦੇ ਰਸਤੇ ਨੂੰ ਅਪਣਾ ਲੈਂਦੇ ਹਾਂ, ਅਤੇ ਇਸ ਕਰਮ-ਕਾਂਡ ਵਾਲੇ ਮਾਰਗ ਨੂੰ ਹੀ ਗੁਰਮਤਿ ਦਾ ਮਾਰਗ ਸਮਝ ਕੇ ਅੱਖਾਂ ਮੀਚ ਕੇ ਤੁਰੇ ਜਾਂਦੇ ਹਾਂ।]

ਸਾਨੂੰ ਇਕ ਭੁਲੇਖਾ ਇਹ ਪਿਆ ਹੋਇਆ ਹੈ ਕਿ ਗੁਰਦੁਆਰੇ ਆਉਣ ਵਾਲੇ

ਸ਼ਰਧਾਲੂਆਂ ਦੀ ਸ਼ਰਧਾ ਨੂੰ ਠੇਸ ਨਾ ਪੁੱਜੇ। ਇਸ ਡਰ ਅਤੇ ਧਾਰਨਾ ਕਾਰਨ ਹੀ ਧਾਰਮਿਕ ਸਥਾਨਾਂ 'ਚ ਆਉਣ-ਜਾਣ ਵਾਲੇ ਸ਼ਰਧਾਲੂਆਂ ਦੀ ਅਜਿਹੀ (ਗਿਆਨ ਵਿਹੂਣੀ) ਸ਼ਰਧਾ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਗੁਰਮਤਿ ਗਿਆਨ ਦੀ ਸਾਂਝ ਪਾਉਣ ਤੋਂ ਸੰਕੋਚ ਕੀਤਾ ਜਾਂਦਾ ਹੈ। ਸਾਨੂੰ ਸ਼ਰਧਾ ਬਾਰੇ ਗੁਰਮਤਿ ਦਾ ਪੱਖ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਅਨੁਸਾਰ ਸ਼ਰਧਾ ਦਾ ਸਰੂਪ ਕੀ ਹੈ ? ਜਦ ਅਸੀਂ ਗੁਰਮਤਿ ਦਾ ਸ਼ਰਧਾ ਵਾਲਾ ਪੱਖ ਸਮਝ ਲਵਾਂਗੇ ਤਾਂ ਸਾਨੂੰ ਸਮਝ ਆ ਜਾਵੇਗੀ ਕਿ ਗੁਰਦੁਆਰੇ ਸ਼ਰਧਾਲੂਆਂ ਦੀ ਅਗਿਆਨਮਈ ਸ਼ਰਧਾ ਦੀ ਪੂਰਤੀ ਲਈ ਨਹੀਂ, ਬਲਕਿ ਇਸ ਅਗਿਆਨਤਾ ਤੋਂ ਛੁਟਕਾਰਾ ਦਿਵਾਉਣ ਲਈ ਹੋਂਦ ਵਿਚ ਆਏ ਹਨ। ਗੁਰਦੁਆਰੇ ਭਰਮ ਦੇ ਛਉੜ ਕੱਟਣ ਲਈ ਹਨ ਨਾ ਕਿ ਇਨ੍ਹਾਂ ਭਰਮਾਂ ਵਿਚ ਸ਼ਰਧਾਲੂਆਂ ਨੂੰ ਫਸਾਉਣ ਲਈ। ਗੁਰੂ ਸਾਹਿਬ ਪਾਸ ਗੁਰੂ ਦੀ ਮਤਿ ਲੈਣ ਲਈ ਜਾਈਦਾ ਹੈ, ਨਾ ਕਿ ਆਪਣੀ ਅਗਿਆਨਤਾ ਅਥਵਾ ਅੰਧਕਾਰ ਨੂੰ ਹੋਰ ਮਜ਼ਬੂਤ ਕਰਨ ਲਈ। ਗੁਰੂ ਗ੍ਰੰਥ ਸਾਹਿਬ ਸਾਨੂੰ ਥਿੱਤਾਂ, ਵਾਰਾਂ ਆਦਿ ਨਾਲ ਜੁੜੇ ਹੋਏ ਵਹਿਮਾਂ-ਭਰਮਾਂ ਤੋਂ ਉਪਰ ਉਠਾਉਂਦੇ ਹੋਏ ਅਜਿਹਾ ਉਪਦੇਸ਼ ਦ੍ਰਿੜ੍ਹ ਕਰਾਉਂਦੇ ਹਨ:

ਥਿਤੀ ਵਾਰ ਸੇਵਹਿ ਮੁਗਧ ਗਵਾਰ ॥ *(ਬਿਲਾਵਲੁ ਮ: ੩, ਪੰਨਾ 843)*

ਪਰ ਕੀ ਅਸੀਂ ਉਨ੍ਹਾਂ ਦੀ ਹਜ਼ੂਰੀ ਵਿਚ ਹੀ ਇੰਜ ਆਖ ਕੇ ਕਿ ਅੱਜ ਬੜਾ ਪਵਿੱਤ੍ਰ ਅਥਵਾ ਸ਼ੁਭ ਦਿਹਾੜਾ ਹੈ, ਗੁਰੂ ਸਾਹਿਬ ਦੀ ਬਖ਼ਸ਼ਿਸ਼ ਕੀਤੀ ਵਿਚਾਰਧਾਰਾ ਦਾ ਮਜ਼ਾਕ ਨਹੀਂ ਉਡਾ ਰਹੇ ਹੁੰਦੇ ਹਾਂ ? ਇਹ ਕਿਹੋ ਜਿਹੀ ਗੁਰੂ ਦੀ ਉਪਮਾ ਕਰ ਰਹੇ ਹਾਂ। ਪ੍ਰਚਾਰਕ ਸ਼੍ਰੇਣੀ ਅਤੇ ਪ੍ਰਬੰਧਕ ਸੱਜਣਾਂ ਨੂੰ, ਇਸ ਗੱਲ ਨੂੰ ਹਮੇਸ਼ਾ ਹੀ ਮੁੱਖ ਰੱਖ ਕੇ ਗੁਰਮਤਿ ਸਿਧਾਂਤਾਂ ਉੱਤੇ ਪਹਿਰਾ ਦੇਣਾ ਚਾਹੀਦਾ ਹੈ ਕਿ ਗੁਰਦੁਆਰੇ ਗੁਰੂ ਦੀ ਮਤਿ ਦੇ ਪ੍ਰਚਾਰਨ ਦੇ ਸਥਾਨ ਹਨ, ਨਾ ਕਿ ਮਨਮਤਿ ਨੂੰ ਦ੍ਰਿੜ੍ਹ ਕਰਾਉਣ ਜਾਂ ਮਾਇਕ ਪੱਖ ਜਾਂ ਆਮ ਮਨੁੱਖ ਦੀ ਨਰਾਜ਼ਗੀ ਜਾਂ ਪ੍ਰਸੰਨਤਾ ਨੂੰ ਮੁੱਖ ਰੱਖ ਕੇ ਗੁਰਮਤਿ ਦੇ ਸਿਧਾਂਤਾਂ ਨਾਲ ਖਿਲਵਾੜ ਕਰਨ ਦੇ। ਸਾਨੂੰ ਗੁਰਦੁਆਰਿਆਂ ਦੀ ਮਹੱਤਤਾ ਨੂੰ ਸਮਝ ਕੇ ਗੁਰੂ ਦਰਬਾਰ ਦੀ ਹਾਜ਼ਰੀ (ਜੇਕਰ ਸੰਭਵ ਹੋਵੇ) ਤਾਂ ਰੋਜ਼ਾਨਾ ਹੀ ਭਰਨੀ ਚਾਹੀਦੀ ਹੈ। ਗੁਰਦੁਆਰੇ ਸਿੱਖ ਸੰਗਤਾਂ ਦੇ ਮਿਲ ਬੈਠਣ ਲਈ ਹੀ ਬਣਾਏ ਗਏ ਹਨ। ਜੇਕਰ ਸਿੱਖ ਸੰਗਤਾਂ ਹੀ ਇਨ੍ਹਾਂ ਸਥਾਨਾਂ 'ਚ ਨਹੀਂ ਆਉਣਗੀਆਂ ਤਾਂ ਅਨਮਤਾਂ ਵਾਲਿਆਂ ਨੇ ਤਾਂ ਗੁਰਦੁਆਰੇ ਨਹੀਂ ਆਉਣਾ, ਸਿੱਖ ਸੰਗਤਾਂ ਨੇ ਹੀ ਆਉਣਾ ਹੈ। ਇਸ ਲਈ ਸਾਨੂੰ ਗੁਰਦੁਆਰਿਆਂ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ ਲੱਗਦੀ ਵਾਹੇ ਹਰੇਕ ਦਿਨ ਹੀ ਗੁਰਦੁਆਰਾ ਸਾਹਿਬ ਹਾਜ਼ਰੀ ਭਰਨੀ ਚਾਹੀਦੀ ਹੈ। ਗੁਰਦੁਆਰਾ ਸਾਹਿਬ ਜਾਣ ਲਈ ਕਿਸੇ ਵਿਸ਼ੇਸ਼ ਦਿਨ ਦੀ ਉਡੀਕ ਸਿੱਖੀ ਜੀਵਨ-ਜੁਗਤਿ ਦਾ ਅੰਗ ਨਹੀਂ ਹੈ। ਸਾਨੂੰ ਸੰਗਤ ਦੀ ਮਹੱਤਤਾ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਸਮਝਣ ਦੀ ਲੋੜ ਹੈ। ਅੰਤ ਵਿਚ ਭਾਈ ਗੁਰਦਾਸ ਜੀ ਵੱਲੋਂ, ਜੋ ਗੁਰਸਿੱਖਾਂ ਦੇ ਨਿਤ ਕਰਮ ਦਾ ਵਰਣਨ, ਵਾਰ 28, ਪਉੜੀ 7 ਵਿਚ ਕੀਤਾ ਗਿਆ ਹੈ, ਉਸ ਵੱਲ ਪਾਠਕਾਂ ਦਾ ਧਿਆਨ ਦਿਵਾਇਆ ਜਾ ਰਿਹਾ ਹੈ:

ਗੁਰ ਸਿਖੀ ਦਾ ਦੇਖਣਾ ਗੁਰਮੁਖਿ ਸਾਧ ਸੰਗਤਿ ਗੁਰਦੁਆਰਾ।
ਗੁਰ ਸਿਖੀ ਦਾ ਚਖਣਾ ਸਾਧ ਸੰਗਤਿ ਗੁਰ ਸਬਦੁ ਵੀਚਾਰਾ।

ਅਰਥ : ਗੁਰਸਿੱਖੀ ਦਾ ਦਰਸ਼ਨ ਗੁਰਦੁਆਰੇ ਗੁਰਮੁਖਾਂ ਤੇ ਸਾਧ ਸੰਗਤ ਦੇ ਦਰਸ਼ਨ ਵਿਖੇ ਹੋ ਸਕਦਾ ਹੈ। ਗੁਰਸਿੱਖ ਦਾ ਚਖਣਾ (ਭਾਵ ਸਵਾਦ ਲੈਣਾ) ਸਾਧ ਸੰਗਤ ਵਿਖੇ ਗੁਰ-ਸ਼ਬਦ ਦਾ ਵਿਚਾਰ ਹੈ।

ਸੋ, ਸੰਗਰਾਂਦ ਦਾ ਸਿੱਖ ਮੱਤ ਵਿਚ ਕੋਈ ਮਹੱਤਵ ਨਹੀਂ ਹੈ, ਅਤੇ ਨਾ ਹੀ ਇਸ ਨੂੰ ਦੂਜਿਆਂ ਦਿਹਾੜਿਆਂ ਨਾਲੋਂ ਪਵਿੱਤਰ ਮੰਨਿਆ ਗਿਆ ਹੈ। ਇਸ ਦੇ ਪ੍ਰਚੱਲਤ ਹੋਣ ਦੇ ਕਈ ਕਾਰਨਾਂ 'ਚੋਂ ਕੁਝ ਕੁ ਇਹ ਹਨ: ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਪਿੱਛੋਂ ਲੰਮਾ ਸਮਾਂ ਖ਼ਾਲਸਾ ਪੰਥ ਨੂੰ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਜੱਦੋ-ਜਹਿਦ ਕਰਦਿਆਂ ਜੰਗਲਾਂ, ਪਹਾੜਾਂ, ਰੇਗਿਸਤਾਨ ਆਦਿ 'ਚ ਦਿਨ-ਕਟੀ ਕਰਨ ਲਈ ਮਜਬੂਰ ਹੋਣ ਕਾਰਨ, ਗੁਰਦੁਆਰਿਆਂ ਦੀ ਸੇਵਾ-ਸੰਭਾਲ ਨੂੰ ਆਪ ਨਾ ਸੰਭਾਲ ਸਕਣ ਦੀ ਹਾਲਤ 'ਚ, ਨਿਰਮਲੇ ਅਤੇ ਉਦਾਸੀਆਂ ਦਾ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨਾ, ਅਤੇ ਗੁਰੂ ਗ੍ਰੰਥ ਸਾਹਿਬ ਦੀ ਕਥਾ ਵਿਚਾਰ ਦੀ ਬਜਾਇ ਗੁਰਮਤਿ ਵਿਰੋਧੀ ਪੁਸਤਕਾਂ ਦੀ ਕਥਾ ਦਾ ਪ੍ਰਾਰੰਭ ਹੋਣਾ, ਸਿੱਟੇ ਵਜੋਂ ਗੁਰਮਤਿ ਰਹਿਣੀ ਨੂੰ ਉਸ (ਸਨਾਤਨੀ) ਰਹੁ-ਰੀਤ ਵਿਚ ਰੰਗ ਕੇ ਪੇਸ਼ ਕੀਤਾ ਜਾਣਾ, ਜਿਸ 'ਚੋਂ ਗੁਰੂ ਸਾਹਿਬ ਨੇ ਬਾਹਰ ਕੱਢਿਆ ਸੀ; ਜ਼ਿੰਮੇਵਾਰ ਸੱਜਣਾਂ ਨੂੰ, ਭਾਵੇਂ ਉਹ ਪ੍ਰਬੰਧਕ ਦੇ ਰੂਪ 'ਚ ਹਨ, ਚਾਹੇ ਗ੍ਰੰਥੀ ਸਿੰਘ ਜਾਂ ਪ੍ਰਚਾਰਕ ਦੇ ਰੂਪ ਵਿਚ, ਚਾਹੀਦਾ ਹੈ ਕਿ ਉਹ ਸੰਗਰਾਂਦ ਵਾਲੇ ਦਿਨ ਨੂੰ 'ਸੰਗਰਾਂਦ ਮਨਾਈ ਜਾਵੇਗੀ' ਆਦਿ ਗੁਰਮਤਿ ਵਿਰੋਧੀ ਸ਼ਬਦ ਵਰਤਣ ਤੋਂ ਸੰਕੋਚ ਕਰ ਕੇ ਗੁਰ-ਸ਼ਬਦ ਦੀ ਮਹਤੱਤਾ ਉੱਤੇ ਜ਼ੋਰ ਦੇ ਕੇ ਖ਼ਾਲਸੇ ਦੇ ਨਿਆਰੇਪਣ ਦੀ ਰਹਿਣੀ ਦਾ ਪ੍ਰਮਾਣ ਪੇਸ਼ ਕਰਨ। ਗੁਰਮਤਿ ਦੇ ਇਸ ਪੱਖ ਨੂੰ ਹੀ ਉਜਾਗਰ ਕਰਨ ਉੱਤੇ ਜ਼ੋਰ ਦੇਣ ਕਿ:

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥
ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥

(ਬਾਰਹਮਾਹਾ ਮਾਂਝ ਮਹਲਾ ੫, ਪੰਨਾ 136)

ਅਰਥ : ਜਿਨ੍ਹਾਂ ਉੱਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ (ਆਪਣੇ ਨਾਮ ਦੀ ਦਾਤਿ ਦੇਂਦਾ ਹੈ) ਉਨ੍ਹਾਂ ਵਾਸਤੇ ਸਾਰੇ ਮਹੀਨੇ ਸਾਰੇ ਦਿਹਾੜੇ ਸਾਰੇ ਹੀ ਮੁਹੂਰਤ ਸੁਲੱਖਣੇ ਹਨ (ਸੰਗਰਾਂਦ ਆਦਿਕ ਦੀ ਪਵਿੱਤ੍ਰਤਾ ਦੇ ਭਰਮ-ਭੁਲੇਖੇ ਉਨ੍ਹਾਂ ਨੂੰ ਨਹੀਂ ਪੈਂਦੇ)। ਹੇ ਹਰੀ! (ਮੇਰੇ ਉੱਤੇ) ਮਿਹਰ ਕਰ, ਮੈਂ ਨਾਨਕ (ਤੇਰੇ ਦਰ ਤੋਂ ਤੇਰੇ) ਦੀਦਾਰ ਦੀ ਦਾਤਿ ਮੰਗਦਾ ਹਾਂ।

ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਸੰਬੰਧੀ ਕੁਝ ਭਰਮ ਭੁਲੇਖੇ

ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਉਪਰੰਤ ਗੁਰੂ ਗ੍ਰੰਥ ਸਾਹਿਬ ਵਿੱਚੋਂ ਜੋ ਪਹਿਲਾ ਇੱਕ ਸ਼ਬਦ ਪੜ੍ਹੀਦਾ ਹੈ, ਉਸ ਨੂੰ ਹੁਕਮ, ਮੁਖਵਾਕ, ਵਾਕ ਜਾਂ ਅਵਾਜ਼ਾ ਕਿਹਾ ਜਾਂਦਾ ਹੈ, ਪ੍ਰੰਤੂ ਵਧੇਰੇ ਹੁਕਮ (ਹੁਕਮਨਾਮਾ) ਸ਼ਬਦ ਹੀ ਪ੍ਰਚੱਲਤ ਹੈ। ਹਰੇਕ ਤਰ੍ਹਾਂ ਦੇ ਕਾਰਜ ਦੀ ਅਰੰਭਤਾ/ਸਮਾਪਤੀ 'ਤੇ ਅਰਦਾਸ ਉਪਰੰਤ 'ਹੁਕਮ' ਲਿਆ ਜਾਂਦਾ ਹੈ। ਇਸ ਹੁਕਮ ਦੇ ਸੰਬੰਧ ਵਿਚ ਸਾਡੇ ਵਿਚ ਪ੍ਰਚੱਲਤ ਅਨੇਕਾਂ ਭਰਮ ਭੁਲੇਖਿਆਂ ਵਿੱਚੋਂ ਕੁਝ ਕੁ ਇਸ ਤਰ੍ਹਾਂ ਹਨ :

ਅੱਜ ਦਾ ਹੁਕਮ (Order of the day)

ਕਈ ਸੱਜਣ 'ਹੁਕਮ' ਬਾਰੇ ਇਹ ਆਖਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦਾ ਅੱਜ ਦਾ ਜਾਂ ਅੱਜ ਲਈ ਇਹ ਹੁਕਮ ਹੈ। ਇਸ ਕਾਰਨ ਹੀ ਕਈ ਵੀਰ/ਭੈਣ ਇਸ ਸ਼ਬਦ ਨੂੰ ਅੱਜ ਦਾ ਹੁਕਮ ਜਾਂ Order of the day ਆਖਦੇ ਹਨ। ਪਰ ਹੁਕਮ ਬਾਰੇ ਇਹ ਆਖਣਾ ਜਾਂ ਸਮਝਣਾ ਕਿ ਇਹ ਹੁਕਮ ਉਸੇ ਦਿਨ ਲਈ ਹੀ ਹਜ਼ੂਰ ਨੇ ਬਖ਼ਸ਼ਸ਼ ਕੀਤਾ ਹੈ, ਸਾਡੀ ਅਗਿਆਨਤਾ ਦਾ ਪ੍ਰਤੀਕ ਹੈ। ਜੇਕਰ ਇਹ ਮੰਨ ਲਿਆ ਜਾਏ ਤਾਂ ਹਰੇਕ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਸਮੇਂ ਲਿਆ ਹੋਇਆ ਜਾਂ ਬੋਰਡ ਉੱਤੇ ਲਿਖਿਆ ਹੋਇਆ ਹੁਕਮ ਇੱਕ ਨਹੀਂ, ਸਗੋਂ ਭਿੰਨ-ਭਿੰਨ ਹੁੰਦਾ ਹੈ। ਜੇਕਰ ਇਕ ਗੁਰਦੁਆਰਾ ਸਾਹਿਬ ਵਿਖੇ ਸੋਰਠਿ ਰਾਗ ਵਿੱਚੋਂ ਹੈ ਤਾਂ ਦੂਜੇ ਵਿਚ ਹੋ ਸਕਦਾ ਹੈ ਕਿ ਧਨਾਸਰੀ ਰਾਗ ਵਿੱਚੋਂ ਹੋਵੇ। ਇਸੇ ਤਰ੍ਹਾਂ ਕਿਤੇ ਇਹ ਹੁਕਮ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚੋਂ ਹੁੰਦਾ ਹੈ, ਕਿਤੇ ਗੁਰੂ ਅਰਜਨ ਸਾਹਿਬ ਜਾਂ ਕਿਸੇ ਹੋਰ ਗੁਰੂ ਸਾਹਿਬਾਨ ਜਾਂ ਭਗਤ ਸਾਹਿਬਾਨ ਦੀ ਬਾਣੀ 'ਚੋਂ ਲਿਆ ਗਿਆ ਹੁੰਦਾ ਹੈ। ਹਰੇਕ ਗੁਰਦੁਆਰਾ ਸਾਹਿਬ ਵਿਖੇ ਵੱਖ-ਵੱਖ ਹੁਕਮ ਦੇਖ ਕੇ ਕੀ ਇਹ ਸਮਝਿਆ ਜਾਵੇ ਕਿ ਸਤਿਗੁਰੂ ਜੀ ਦਾ ਵੱਖ-ਵੱਖ ਗੁਰਦੁਆਰਿਆਂ ਵਿਚ ਹਾਜ਼ਰੀ ਭਰਨ ਵਾਲੀਆਂ ਸੰਗਤਾਂ ਲਈ ਅੱਜ ਲਈ ਵੱਖੋ-ਵੱਖਰਾ ਹੁਕਮ ਹੈ ? ਨਹੀਂ, ਹਜ਼ੂਰ ਦਾ ਉਪਦੇਸ਼ ਤਾਂ ਸਾਰੀ ਹੀ ਮਨੁੱਖਤਾ ਲਈ ਹਮੇਸ਼ਾ ਹੀ ਇੱਕੋ ਰਿਹਾ ਹੈ, ਅਤੇ ਰਹੇਗਾ। ਜਦ ਅਸੀਂ ਹੁਕਮ ਸੰਬੰਧੀ ਇੰਜ ਆਖਦੇ ਹਾਂ ਕਿ ਇਹ ਅੱਜ ਦਾ ਹੁਕਮ ਹੈ ਤਾਂ ਇਸ ਦਾ ਭਾਵ ਇੰਨਾ ਹੀ ਸਮਝਣਾ ਚਾਹੀਦਾ ਹੈ ਕਿ ਅੱਜ ਸੁਬ੍ਹਾ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਸਮੇਂ ਜੋ ਪਹਿਲਾ ਸ਼ਬਦ ਪੜ੍ਹਿਆ ਅਥਵਾ ਹੁਕਮ ਲਿਆ

ਗਿਆ ਹੈ, ਉਹ ਇਹ ਸ਼ਬਦ ਹੈ। ਇਸ ਸ਼ਬਦ ਨੂੰ ਹੀ ਗੁਰਦੁਆਰਾ ਸਾਹਿਬ ਵਿਚ ਬੋਰਡ ਉੱਤੇ ਲਿਖਿਆ ਹੁੰਦਾ ਹੈ। ਪ੍ਰੰਤੂ ਗੁਰੂ ਦਾ ਜੋ ਸੱਚਾ ਅਤੇ ਸਾਰੀ ਮਨੁੱਖਤਾ ਲਈ ਸਾਂਝਾ ਸੰਦੇਸ਼ ਹੈ, ਉਹ ਸਦਾ ਉਹੀ ਹੈ, ਸੀ ਅਤੇ ਰਹੇਗਾ ਜੋ ਅੱਜ ਹੈ, ਕੱਲ੍ਹ ਸੀ ਜਾਂ ਭਲਕੇ ਵੀ ਹੋਵੇਗਾ। ਕੇਵਲ ਉਸ 'ਤੇ ਅਮਲ ਕਰਨ ਦੀ ਲੋੜ ਹੈ। ਸੋ, ਭਾਵੇਂ ਇਹ ਸ਼ਬਦ ਆਮ ਹੀ ਵਰਤਿਆ ਜਾਂਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਦਾ ਹਰੇਕ ਸ਼ਬਦ ਹਮੇਸ਼ਾ ਹੀ ਮਨੁੱਖਤਾ ਨੂੰ ਅਗਵਾਈ ਬਖ਼ਸ਼ਸ਼ ਕਰਨ ਵਾਲਾ ਹੈ। ਗੁਰਬਾਣੀ ਦੇ ਹਰੇਕ ਸ਼ਬਦ ਦਾ ਸੰਦੇਸ਼ ਕੇਵਲ ਅੱਜ, ਭਲਕ ਜਾਂ ਕੱਲ੍ਹ ਤਕ ਹੀ ਸੀਮਤ ਨਹੀਂ ਹੈ; ਸਗੋਂ ਸਦੀਵੀ ਕਾਲ ਹੈ।

ਨਵੇਂ ਸਾਲ ਦਾ ਹੁਕਮ

ਜਿਸ ਤਰ੍ਹਾਂ ਆਮ ਸਿੱਖ ਸੰਗਤਾਂ ਸੰਗਰਾਂਦ ਨੂੰ ਪਵਿੱਤਰ ਦਿਹਾੜਾ ਮੰਨਦੀਆਂ ਹਨ, ਉਸੇ ਤਰ੍ਹਾਂ ਨਵੇਂ ਸਾਲ ਦੇ ਪਹਿਲੇ ਦਿਹਾੜੇ (ਪਹਿਲੀ ਜਨਵਰੀ) ਨੂੰ ਵੀ ਸ਼ੁਭ ਦਿਹਾੜਾ ਸਮਝਣ ਲੱਗ ਪਈਆਂ ਹਨ। ਕਈ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਵੱਲੋਂ ਇਸ ਦਿਨ ਆਏ ਹੁਕਮ ਨੂੰ ਛਪਵਾ ਕੇ ਸੰਗਤਾਂ ਵਿਚ ਵੰਡਿਆ ਜਾਂਦਾ ਹੈ। ਸੰਗਤਾਂ ਸ਼ਰਧਾ ਨਾਲ ਗੁਰੂ ਸਾਹਿਬਾਨ ਦੀਆਂ ਕਲਪਿਤ ਤਸਵੀਰਾਂ ਵਾਂਗ ਇਸ ਸ਼ਬਦ ਨੂੰ ਵੀ ਕੰਧ ਆਦਿ 'ਤੇ ਟੰਗ ਦੇਂਦੀਆਂ ਹਨ, ਜਾਂ ਫ਼ਰਿੱਜ ਆਦਿ ਨਾਲ ਚਿਪਕਾ ਦੇਂਦੀਆਂ ਹਨ। ਸਾਲ ਭਰ ਸ਼ਾਇਦ ਹੀ ਕਿਸੇ ਪਰਿਵਾਰ ਨੂੰ ਇਸ ਹੁਕਮ ਨੂੰ ਪੜ੍ਹਨ ਵਿਚਾਰਨ ਦਾ ਧਿਆਨ ਆਉਂਦਾ ਹੋਵੇ। ਫਿਰ ਦੂਜੇ ਸਾਲ ਪ੍ਰਬੰਧਕਾਂ ਵੱਲੋਂ ਨਵਾਂ ਹੁਕਮ ਛਪਵਾ ਕੇ ਵੰਡਿਆ ਜਾਂਦਾ ਹੈ। ਨਵੇਂ ਸਾਲ ਦੇ ਇਸ ਹੁਕਮ ਨੂੰ ਵੀ ਸੰਗਤਾਂ ਸ਼ਰਧਾ ਸਹਿਤ ਘਰ ਲੈ ਆਉਂਦੀਆਂ ਹਨ। ਨਵਾਂ ਹੁਕਮ ਆਉਣ 'ਤੇ ਪਿਛਲੇ ਸਾਲ ਦਾ ਹੁਕਮ ਬੇਲੋੜਾ ਪ੍ਰਤੀਤ ਹੋਣ ਲੱਗ ਪੈਂਦਾ ਹੈ। ਇਸ ਲਈ ਉਸ ਨੂੰ ਹੁਣ ਘਰ ਵਿਚ ਰੱਖਣ ਦਾ ਕੋਈ ਅਰਥ ਨਹੀਂ ਰਹਿੰਦਾ। ਅਜਿਹੀ ਸਥਿਤੀ ਵਿਚ ਕਈ ਪਰਿਵਾਰ ਅਕਸਰ ਹੀ ਪੁੱਛਦੇ ਹਨ ਕਿ ਅਸੀਂ ਇਸ ਸਾਲ ਦਾ ਹੁਕਮ ਲੈ ਕੇ ਆਏ ਹਾਂ, ਹੁਣ ਪਿਛਲੇ ਸਾਲ ਵਾਲੇ ਹੁਕਮ ਦਾ ਕੀ ਕਰੀਏ, ਜੀ!

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਐਸਾ ਪੁੱਛਣ ਵਾਲੇ ਵੀਰਾਂ ਭੈਣਾਂ ਦੇ ਮਨ ਵਿਚ ਗੁਰੂ ਗ੍ਰੰਥ ਸਾਹਿਬ ਪ੍ਰਤੀ ਸ਼ਰਧਾ ਹੈ; ਸ਼ਰਧਾ ਕਾਰਨ ਹੀ ਉਹ ਇਹ ਜਾਣਨਾ ਚਾਹੁੰਦੇ ਹਨ ਕਿ ਨਵਾਂ ਹੁਕਮ ਆਉਣ 'ਤੇ ਪੁਰਾਣੇ ਹੁਕਮ ਦਾ ਹੁਣ ਕੀ ਕੀਤਾ ਜਾਏ! ਇਹ ਤਾਂ ਗ੍ਰੰਥੀ ਸਿੰਘ ਅਤੇ ਪ੍ਰਬੰਧਕ ਸੱਜਣਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਮ ਸੰਗਤਾਂ ਨੂੰ ਗੁਰਮਤਿ ਦੀ ਜਾਣਕਾਰੀ ਦੇਣ। ਜੇਕਰ ਸਾਲ ਦੇ ਪਹਿਲੇ ਦਿਨ ਆਏ ਮੁੱਖਵਾਕ ਦੀ ਅਨਜਾਣਪੁਣੇ ਵਿਚ ਕੋਈ ਮੰਗ ਕਰਦਾ ਹੈ ਤਾਂ ਉਸ ਨੂੰ ਦੱਸਿਆ ਜਾਏ ਕਿ ਸਤਿਗੁਰੂ ਜੀ ਦਾ ਹਰੇਕ ਸਮੇਂ ਦਾ ਹੁਕਮ ਇੱਕੋ ਜਿਹੀ ਮਹੱਤਤਾ ਰੱਖਦਾ ਹੈ; ਅਤੇ ਗੁਰੂ ਗ੍ਰੰਥ ਸਾਹਿਬ ਦਾ ਕਿਸੇ ਸਮੇਂ ਵੀ ਆਇਆ ਹੁਕਮ ਨਵਾਂ ਜਾਂ ਪੁਰਾਣਾ ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਹਮੇਸ਼ਾ ਲਈ ਇੱਕੋ ਜਿਹਾ ਹੈ। ਜੇਕਰ ਅਸੀਂ ਸੰਗਤਾਂ ਤਕ ਗੁਰਦੇਵ ਦਾ ਇਹ ਸੁਨੇਹਾ ਪਹੁੰਚਾਵਾਂਗੇ ਤਾਂ ਨਵੇਂ ਸਾਲ ਵਾਲੇ ਦਿਨ ਦੇ ਹੁਕਮ ਨੂੰ ਹੀ ਉਚੇਚੇ ਤੌਰ 'ਤੇ ਛਪਵਾ ਕੇ ਵੰਡਣ ਦੀ ਲੋੜ ਨਹੀਂ ਪਵੇਗੀ ਅਤੇ ਨਾ ਹੀ ਸੰਗਤਾਂ ਨੂੰ ਅਗਲੇ ਸਾਲ ਇਹ ਪੁੱਛਣ ਦੀ ਜ਼ਰੂਰਤ ਪਵੇਗੀ ਕਿ ਹੁਣ ਪੁਰਾਣੇ ਹੁਕਮ ਦਾ ਕੀ ਕਰੀਏ?

ਕੁਝ ਚੋਣਵੇਂ ਸ਼ਬਦਾਂ ਦੇ ਹੀ ਹੁਕਮ ਲੈਣ ਸੰਬੰਧੀ

ਕਈ ਸੱਜਣ ਇਹ ਸਮਝਦੇ ਹਨ ਕਿ ਕੁਝ ਰਾਗਾਂ ਵਿਚਲੀ ਬਾਣੀ ਵਿੱਚੋਂ ਹੀ ਹੁਕਮ ਲੈਣਾ ਚਾਹੀਦਾ ਹੈ। ਪਰ ਇਹ ਧਾਰਨਾ ਗੁਰਮਤਿ ਅਨੁਸਾਰ ਨਹੀਂ ਹੈ। "ੴ" ਤੋਂ ਲੈ ਕੇ "ਤੇਰਾ ਕੀਤਾ ਜਾਤੋ ਨਾਹੀ" ਦੇ ਸਲੋਕ ਤਕ ਹਰੇਕ ਸ਼ਬਦ ਹੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਹੈ। ਜੇਕਰ ਆਮ ਤੌਰ 'ਤੇ ਕੁਛ ਰਾਗਾਂ ਵਿੱਚਲੀ ਬਾਣੀ ਵਿੱਚੋਂ ਹੀ ਹੁਕਮ ਲਿਆ ਜਾਂਦਾ ਹੈ ਤਾਂ ਇਸ ਦਾ ਕਾਰਨ ਇਤਨਾ ਹੀ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਸਮੇਂ ਅੱਧ ਵਿਚਾਲਿਓਂ ਹੀ ਗੁਰੂ ਗ੍ਰੰਥ ਸਾਹਿਬ ਨੂੰ ਖੋਲ੍ਹੀਦਾ ਹੈ, ਜਿੱਥੋਂ ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ ਅਤੇ ਬਿਲਾਵਲੁ ਰਾਗ ਵਿਚ ਬਾਣੀ ਦਰਜ ਹੈ। ਇਸ ਕਰਕੇ ਆਮ ਤੌਰ 'ਤੇ ਸੋਰਠਿ ਰਾਗ ਤੋਂ ਬਿਲਾਵਲੁ ਰਾਗ ਵਿਚਲੀ ਬਾਣੀ ਵਿੱਚੋਂ ਹੀ ਹੁਕਮ ਲਿਆ ਜਾਂਦਾ ਹੈ। ਇਸ ਦਾ ਇਹ ਬਿਲਕੁਲ ਅਰਥ ਨਹੀਂ ਕਿ ਕੇਵਲ ਇਨ੍ਹਾਂ ਰਾਗਾਂ ਵਿਚਲੀ ਬਾਣੀ ਵਿੱਚੋਂ ਹੀ ਹੁਕਮ ਲਿਆ ਜਾ ਸਕਦਾ ਹੈ ਜਾਂ ਇਨ੍ਹਾਂ ਰਾਗਾਂ ਵਿਚਲੀ ਬਾਣੀ ਦੇ ਸ਼ਬਦ ਹੀ ਹੁਕਮ ਹਨ। ਇਹ ਹੁਕਮ ਕਿਸੇ ਵੀ ਹੋਰ ਰਾਗ ਜਾਂ ਪੰਨੇ ਤੋਂ ਲਿਆ ਜਾ ਸਕਦਾ ਹੈ। ਕਿਸੇ ਵਿਸ਼ੇਸ਼ ਰਾਗ ਜਾਂ ਪੰਨੇ ਤੋਂ ਹੀ ਹੁਕਮਲੈਣ ਦੇ ਉਚੇਚ ਵਾਲੀ ਭਾਵਨਾ ਤੋਂ ਸੰਕੋਚ ਕਰਨਾ ਹੀ ਠੀਕ ਹੈ। ਪ੍ਰੰਤੂ ਅਜਿਹਾ ਉਚੇਚੇ ਤੌਰ 'ਤੇ ਕਿਸੇ ਵਿਸ਼ੇਸ਼ ਰਾਗ ਜਾਂ ਪੰਨੇ ਤੋਂ ਹੀ ਹੁਕਮ ਲੈਣ ਵਾਲੀ ਭਾਵਨਾ ਨਾਲ ਨਾ ਕੀਤਾ ਜਾਵੇ।

ਹੁਕਮ ਲੈਣ ਦੀ ਧਾਰਨਾ ਬਾਰੇ

ਅਸੀਂ ਆਮ ਹੀ ਜਦੋਂ ਕੋਈ ਕਾਰਜ ਆਦਿ ਸ਼ੁਰੂ ਕਰਨਾ ਹੋਵੇ ਤਾਂ ਅਰਦਾਸ ਕਰ ਕੇ ਹੁਕਮ ਲੈਂਦੇ ਹਾਂ। ਆਮ ਤੌਰ 'ਤੇ ਅਜਿਹੇ ਸਮੇਂ ਲਏ ਗਏ ਹੁਕਮ ਨੂੰ 'ਪਰੀਛਾ ਫਲ' ਵਾਂਗ ਹੀ ਸਮਝਿਆ ਜਾਂਦਾ ਹੈ। ਅਜਿਹੀ ਧਾਰਨਾ ਕਾਰਨ ਅਕਸਰ ਹੀ ਕਈ ਵੀਰ/ਭੈਣ ਪੁੱਛਣ ਲੱਗ ਪੈਂਦੇ ਹਨ ਕਿ ਮਹਾਰਾਜ ਨੇ ਇਸ ਵਾਕ ਰਾਹੀਂ ਕੀ ਆਖਿਆ ਹੈ; ਸਾਡਾ ਕੰਮ ਬਣੇਗਾ ਕਿ ਨਹੀਂ ਜਾਂ ਸਾਡੀ ਕਾਮਨਾ ਪੂਰੀ ਹੋਵੇਗੀ ਕਿ ਨਹੀਂ, ਆਦਿ। ਪ੍ਰੰਤੂ ਹੁਕਮ ਇਸ ਕਰਕੇ ਨਹੀਂ ਲਿਆ ਜਾਂਦਾ ਕਿ ਸਾਨੂੰ ਇਸ ਗੱਲ ਦਾ ਪਤਾ ਲੱਗ ਸਕੇ ਕਿ ਇਸ ਕੰਮ ਵਿਚ ਸਾਨੂੰ ਕਾਮਯਾਬੀ ਮਿਲੇਗੀ ਜਾਂ ਨਹੀਂ? ਹੁਕਮ ਲੈਣ ਦਾ ਤਾਂ ਇਹ ਭਾਵ ਹੈ ਕਿ ਅਸੀਂ ਸਤਿਗੁਰੂ ਦੀ ਸ਼ਰਨ ਵਿਚ ਆ ਕੇ ਗੁਰੂ ਸਾਹਿਬਾਨ ਦੁਆਰਾ ਦਰਸਾਈ ਜੀਵਨ-ਜਾਚ ਨੂੰ ਸਮਝੀਏ ਤਾਂ ਕਿ ਜੀਵਨ ਦੇ ਕਿਸੇ ਵੀ ਖੇਤਰ ਵਿਚ ਵਿਚਰਦਿਆਂ ਕਾਮਯਾਬ ਹੋਣ ਲਈ ਸੱਚ ਦੀਆਂ ਕਦਰਾਂ-ਕੀਮਤਾਂ ਤੋਂ ਮੂੰਹ ਮੋੜ ਕੇ ਝੂਠ, ਬੇਈਮਾਨੀ, ਫ਼ਰੇਬ ਆਦਿ ਦਾ ਸਹਾਰਾ ਨਾ ਲਈਏ। ਜੇਕਰ ਸਾਨੂੰ ਸਫਲਤਾ ਨਹੀਂ ਮਿਲਦੀ ਤਾਂ ਵੀ ਮਾਯੂਸ ਹੋਣ ਦੀ ਬਜਾਏ ਵਾਹਿਗੁਰੂ ਦੀ ਰਜ਼ਾ ਵਿਚ ਵਿਚਰਦਿਆਂ ਹੋਇਆਂ ਚੜ੍ਹਦੀ ਕਲਾ ਵਿਚ ਵਿਚਰ ਸਕੀਏ। ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਸੰਬੰਧ ਵਿੱਚ ਲਿਖਿਆ ਹੈ:

> ਇਸ ਸ਼ਬਦ ਨੂੰ ਪਰੀਛਾ ਫਾਲ ਵਾਕਰ ਫਾਲ ਸਮਝਣਾ ਅਗਿਆਨ ਹੈ।
>
> (ਗੁਰਮਤ ਮਾਰਤੰਡ)

ਮਨਮਰਜ਼ੀ ਦਾ ਹੁਕਮਨਾਮਾ

ਇਹ ਆਮ ਹੀ ਸੁਣਨ ਅਤੇ ਵੇਖਣ ਵਿਚ ਆਉਂਦਾ ਹੈ ਕਿ ਹੁਕਮ ਲੈਣ ਵਾਲੇ ਸੱਜਣ ਖ਼ਾਸ ਤੌਰ 'ਤੇ ਪਾਠੀ ਅਤੇ ਗ੍ਰੰਥੀ ਸਾਹਿਬਾਨ ਪਰਿਵਾਰ ਨੂੰ ਖ਼ੁਸ਼ ਕਰਨ ਲਈ ਕੁਝ ਚੋਣਵੇਂ ਸ਼ਬਦਾਂ ਦਾ ਹੀ ਹੁਕਮ ਲੈਂਦੇ ਹਨ। ਦੂਜੇ ਪਾਸੇ ਪਰਿਵਾਰ ਵੀ ਸ਼ਬਦ ਸੁਣ ਕੇ ਇੰਜ ਮਹਿਸੂਸ ਕਰਦਾ ਹੈ ਜਿਵੇਂ ਹਜ਼ੂਰ ਨੇ ਇਸ ਸ਼ਬਦ ਰਾਹੀਂ ਉਨ੍ਹਾਂ ਦੇ ਭਾਵਾਂ ਦੀ ਹੀ ਤਰਜਮਾਨੀ ਕੀਤੀ ਹੈ। ਕਈ ਵਾਰੀ ਤਾਂ ਇਹ ਦੇਖਣ ਨੂੰ ਵੀ ਆਉਂਦਾ ਹੈ ਕਿ ਕਈ ਗ੍ਰੰਥੀ ਸਾਹਿਬਾਨ ਜਾਂ ਸੰਬੰਧੀ ਆਦਿ ਜੇਕਰ ਖ਼ੁਸ਼ੀ ਆਦਿ ਦੇ ਮੌਕੇ "ਗੁਰਿ ਪੂਰੈ ਕਿਰਪਾ ਧਾਰੀ॥ ਪ੍ਰਭਿ ਪੂਰੀ ਲੋਚ ਹਮਾਰੀ॥" ਜਾਂ "ਅਉਖੀ ਘੜੀ ਨ ਦੇਖਣ ਦੇਈ ਅਪਨਾ ਬਿਰਦੁ ਸਮਾਲੇ॥" ਆਦਿ ਹੁਕਮ ਆਵੇ ਤਾਂ ਪਰਿਵਾਰ ਨੂੰ ਵਧਾਈ ਦੇਣ ਲੱਗ ਪੈਂਦੇ ਹਨ ਕਿ ਗੁਰੂ ਮਹਾਰਾਜ ਨੇ ਬੜਾ ਵਧੀਆ ਹੁਕਮਨਾਮਾ ਬਖ਼ਸ਼ਿਆ ਹੈ। ਪਰਿਵਾਰ ਦੀ ਰੁਚੀ ਅਨੁਸਾਰ ਹੁਕਮ ਲੈਣਾ ਜਾਂ ਪਰਿਵਾਰ ਦਾ ਇਹ ਸਮਝਣਾ ਕਿ ਇਸ ਸ਼ਬਦ ਵਿਚ ਉਨ੍ਹਾਂ ਦੀ ਕਥਿਤ ਕਾਮਨਾ ਆਦਿ ਦੀ ਪੂਰਤੀ ਵੱਲ ਇਸ਼ਾਰਾ ਹੈ, ਸਾਡੀ ਅਗਿਆਨਤਾ ਦਾ ਹੀ ਲਖਾਇਕ ਹੈ। ਗੁਰੂ ਸਾਹਿਬ ਦਾ ਉਪਦੇਸ਼ ਸਾਰੇ ਹੀ ਪ੍ਰਾਣੀਆਂ ਲਈ ਇੱਕੋ ਜਿਹਾ ਹੈ। ਇਸ ਉਪਦੇਸ਼ ਨੂੰ ਜੋ ਵੀ ਧਾਰਨ ਕਰੇਗਾ, ਉਸ ਦਾ ਆਤਮਿਕ ਕਾਰਜ ਅਵੱਸ਼ ਸੰਵਰੇਗਾ। ਗੁਰੂ ਗ੍ਰੰਥ ਸਾਹਿਬ ਦਾ ਕੋਈ ਵੀ ਸ਼ਬਦ, ਕਿਸੇ ਵੀ ਪ੍ਰਾਣੀ ਦੇ, ਕਿਸੇ ਵੀ ਅਜਿਹੇ ਕਰਮ ਦੀ ਪ੍ਰੋੜ੍ਹਤਾ ਨਹੀਂ ਕਰਦਾ, ਜਿਹੜਾ ਮਨੁੱਖ ਨੂੰ ਇਨਸਾਨੀਅਤ ਤੋਂ ਡੇਗਣ ਵਾਲਾ ਹੋਵੇ। ਕਿਸੇ ਵੀ ਸ਼ਬਦ ਵਿਚ ਮਨੁੱਖ ਦੀ ਬੇਈਮਾਨੀ ਨੂੰ, ਚੋਰੀ ਯਾਰੀ ਨੂੰ, ਬੇਇਨਸਾਫ਼ੀ ਆਦਿ ਨੂੰ ਜਾਇਜ਼ ਨਹੀਂ ਠਹਿਰਾਇਆ ਗਿਆ ਹੈ। ਹਰੇਕ ਸ਼ਬਦ ਵਿਚ ਹੀ ਇਨਸਾਨੀ ਉੱਚ ਕਦਰਾਂ-ਕੀਮਤਾਂ ਦਾ ਜ਼ਿਕਰ ਕਰਦਿਆਂ ਮਨੁੱਖ ਨੂੰ ਇਨ੍ਹਾਂ ਨੂੰ ਅਪਨਾਉਣ ਦੀ ਹੀ ਪ੍ਰੇਰਨਾ ਦਿੱਤੀ ਗਈ ਹੈ। ਸੋ, ਭਾਵੇਂ ਹੁਕਮ ਲੈਣ ਵਾਲਾ ਸੱਜਣ ਕਿਤੋਂ ਵੀ ਹੁਕਮਨਾਮਾ ਲੈ ਲਵੇ, ਸੰਦੇਸ਼ ਇੱਕੋ ਹੀ ਹੈ ਕਿ ਹੇ ਭਾਈ! ਵਾਹਿਗੁਰੂ ਜੀ ਦਾ ਨਾਮ ਜਪ, ਸੱਚੀ ਸੁੱਚੀ ਕਿਰਤ ਕਰ ਅਤੇ ਉਸ ਦਸਾਂ ਨਹੁੰਆਂ ਦੀ ਕਿਰਤ ਕਮਾਈ ਨੂੰ ਵੰਡ ਕੇ ਛਕ; ਵਾਹਿਗੁਰੂ ਦੀ ਰਜ਼ਾ ਨੂੰ ਬਾਣੀ ਰਾਹੀਂ ਸਮਝ ਕੇ ਉਸ ਪ੍ਰਭੂ ਦਾ ਹੁਕਮੀ ਬੰਦਾ ਬਣ। ਕਿਸੇ ਵੀ ਸ਼ਬਦ ਵਿਚ ਇਹ ਸੰਦੇਸ਼ ਨਹੀਂ ਮਿਲੇਗਾ ਕਿ ਹੇ ਮਨੁੱਖ! ਤੈਨੂੰ ਨਾਮ ਜਪਣ ਦੀ, ਕਿਰਤ ਕਰਨ ਦੀ, ਵੰਡ ਕੇ ਛਕਣ ਦੀ, ਪ੍ਰਭੂ ਦਾ ਭਾਣਾ ਮੰਨਣ ਦੀ ਜ਼ਰੂਰਤ ਨਹੀਂ; ਕੇਵਲ ਪਾਠ ਕਰਾਉਣ ਨਾਲ ਜਾਂ ਲੰਗਰ ਆਦਿ ਦੀ ਸੇਵਾ ਅਤੇ ਦਾਨ-ਪੁੰਨ ਕਰਨ ਨਾਲ ਹੀ ਤੇਰੀ ਕਲਿਆਣ ਹੋ ਜਾਵੇਗੀ।

ਕਰੜਾ ਹੁਕਮਨਾਮਾ

ਕਈ ਸੱਜਣ ਸੰਗਤਾਂ ਨੂੰ ਇਹ ਪ੍ਰੇਰਨਾ ਦੇਂਦੇ ਹਨ ਕਿ ਜੇਕਰ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਤੁਹਾਡੀ ਇੱਛਾ ਅਨੁਕੂਲ ਨਾ ਹੋਵੇ, ਅਰਥਾਤ ਕਰੜਾ ਆ ਜਾਏ ਤਾਂ ਉਹ ਹਜ਼ੂਰ ਨੂੰ ਵਾਪਸ ਮੋੜ ਦੇਵੋ। ਵਾਪਸ ਮੋੜਨ ਤੋਂ ਉਨ੍ਹਾਂ ਦਾ ਭਾਵ ਹੈ ਕਿ ਗੁਰੂ ਗ੍ਰੰਥ ਸਾਹਿਬ ਉੱਤੇ ਰੁਮਾਲਾ ਪਾ ਕੇ ਅਰਦਾਸ ਕਰ ਕੇ ਫਿਰ ਹੁਕਮ ਲਵੋ। ਜੇਕਰ ਫਿਰ ਵੀ ਅਨੁਕੂਲ

ਹੁਕਮ ਨਾ ਆਵੇ ਤਾਂ ਫਿਰ ਰੁਮਾਲਾ ਪਾ ਕੇ ਅਰਦਾਸ ਕਰ ਕੇ ਹੁਕਮ ਲਵੋ। ਤੀਜੀ ਵਾਰ ਵੀ ਆਪਣੇ ਅਨੁਕੂਲ ਹੁਕਮ ਨਾ ਆਉਣ ਦੀ ਸੂਰਤ ਵਿਚ ਤੀਜੀ ਵਾਰ ਫਿਰ ਅਰਦਾਸ ਕਰ ਕੇ ਹੁਕਮ ਲਿਆ ਜਾਵੇ। ਚੌਥੀ ਵਾਰ ਵੀ ਜੇਕਰ ਅਨੁਕੂਲ ਹੁਕਮ ਨਾ ਆਵੇ ਤਾਂ ਫਿਰ ਰੁਮਾਲਾ ਪਾ ਕੇ ਉੱਠ ਜਾਵੋ, ਇਹ ਸੋਚ ਕੇ ਕਿ ਅੱਜ ਹਜ਼ੂਰ ਮਿਹਰਵਾਨ ਨਹੀਂ ਹਨ। ਐਸੇ ਸੱਜਣਾਂ ਅਨੁਸਾਰ "ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ" ਅਤੇ ਹੋਰ ਅਜਿਹੇ ਭਾਵ ਵਾਲੇ ਸ਼ਬਦ ਕਰੜੇ ਹੁਕਮ ਹਨ। ਅਸਲ ਵਿਚ ਗੁਰਬਾਣੀ ਦੇ ਅਰਥ-ਭਾਵ ਦੀ ਸਮਝ ਨਾ ਹੋਣ ਕਾਰਨ ਹੀ ਅਜਿਹਾ ਆਖਿਆ ਜਾ ਰਿਹਾ ਹੈ। ਜੇਕਰ ਬਾਣੀ ਦੇ ਸਿਧਾਂਤ ਦੀ ਸਮਝ ਹੋਵੇ ਤਾਂ ਕਿਸੇ ਵੀ ਸ਼ਬਦ ਬਾਰੇ ਇੰਜ ਆਖਣ ਦਾ ਕਿਸੇ ਨੂੰ ਵੀ ਹੀਆ ਨਾ ਪਵੇ। ਗੁਰਬਾਣੀ ਦੇ ਸਿਧਾਂਤ ਨੂੰ ਸਮਝਿਆਂ ਪਤਾ ਲੱਗ ਜਾਵੇਗਾ ਕਿ ਸਤਿਗੁਰੂ ਮਨੁੱਖ ਨੂੰ ਵਾਹਿਗੁਰੂ ਜੀ ਦੀ ਹੁਕਮੀ ਖੇਡ ਦੀ ਸੋਝੀ ਬਖ਼ਸ਼ਸ਼ ਕਰ ਕੇ ਇਸ ਨੂੰ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਦੀ ਜੁਗਤੀ ਸਮਝਾਉਂਦੇ ਹਨ, ਨਾ ਕਿ ਪਰਮਾਤਮਾ ਦੇ ਹੁਕਮ ਨੂੰ ਬਦਲਣ ਦੀ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਈ ਵੀ ਹੁਕਮ ਨਾ ਕਰੜਾ ਹੈ ਅਤੇ ਨਾ ਹੀ ਕੋਮਲ ਹੈ। ਗੁਰੂ ਗ੍ਰੰਥ ਸਾਹਿਬ ਦਾ ਹਰੇਕ ਹੁਕਮ ਵਾਹਿਗੁਰੂ ਦਾ ਸਿਮਰਨ ਕਰਨ ਅਰਥਾਤ ਪ੍ਰਭੂ ਦੇ ਗੁਣ ਧਾਰਨ ਕਰਨ, ਪ੍ਰਭੂ ਦਾ ਭਾਣਾ ਮੰਨਣ ਅਤੇ ਸ਼ੁਭ ਕਰਮ ਕਰਨ ਦੀ ਭਰਪੂਰ ਪ੍ਰੇਰਨਾ ਕਰਦਿਆਂ, ਇਹ ਹੀ ਦ੍ਰਿੜ੍ਹ ਕਰਾਉਂਦਾ ਹੈ ਕਿ :

ਕਰਣੀ ਬਾਝਹੁ ਤਰੈ ਨ ਕੋਇ॥ *(ਵਾਰ ਰਾਮਕਲੀ ਮ: ੩, ਪੰਨਾ 952)*

ਚੰਗਾ ਜਾਂ ਮਾੜਾ ਹੁਕਮ

ਗੁਰੂ ਗ੍ਰੰਥ ਸਾਹਿਬ ਦੇ ਹੁਕਮ ਬਾਰੇ ਕਈ ਸੱਜਣਾਂ ਪਾਸੋਂ ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਗੁਰੂ ਸਾਹਿਬ ਨੇ ਬੜਾ ਚੰਗਾ ਹੁਕਮ ਬਖ਼ਸ਼ਿਆ ਹੈ। ਕਿਸੇ ਹੁਕਮ ਬਾਰੇ ਇਹ ਵੀ ਮੰਨਿਆ ਜਾਂਦਾ ਹੈ ਕਿ ਹੁਕਮ ਬਹੁਤ ਹੀ ਮਾੜਾ ਆਇਆ ਹੈ। ਪਰ ਗੁਰੂ ਗ੍ਰੰਥ ਸਾਹਿਬ ਦਾ ਹਰੇਕ ਸ਼ਬਦ ਮਨੁੱਖਤਾ ਲਈ ਕਲਿਆਣਕਾਰੀ ਹੈ। ਇਸ ਲਈ ਕਿਸੇ ਹੁਕਮ ਨੂੰ ਚੰਗਾ ਜਾਂ ਮਾੜਾ ਆਖਣਾ ਜਾਂ ਸਮਝਣਾ ਸਾਡੀ ਘੋਰ ਅਗਿਆਨਤਾ ਦਾ ਹੀ ਪ੍ਰਤੀਕ ਹੈ। ਅਸਲ ਵਿਚ ਬਾਣੀ ਦੇ ਅਰਥ-ਭਾਵ ਦੀ ਸਮਝ ਨਾ ਹੋਣ ਕਾਰਨ ਅਸੀਂ ਅਜਿਹਾ ਆਖਣ ਜਾਂ ਸੋਚਣ ਲੱਗ ਪੈਂਦੇ ਹਾਂ। ਜੇਕਰ ਬਾਣੀ ਦੇ ਅਰਥ-ਭਾਵ ਦੀ ਸਾਨੂੰ ਸਮਝ ਆ ਜਾਏ ਤਾਂ ਅਜਿਹੇ ਭਰਮ-ਭੁਲੇਖੇ ਆਪਣੇ ਆਪ ਦੂਰ ਹੋ ਜਾਣਗੇ।

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਆਇਆ ਹੁਕਮ

ਕਈ ਵੀਰ/ਭੈਣ ਸ੍ਰੀ ਦਰਬਾਰ ਸਾਹਿਬ ਤੋਂ ਆਏ ਹੁਕਮ ਨੂੰ ਸਥਾਨਕ ਗੁਰਦੁਆਰੇ 'ਚ ਆਏ ਹੁਕਮ ਤੋਂ ਵਿਸ਼ੇਸ਼ ਸਮਝਦੇ ਹਨ; ਪ੍ਰੰਤੂ ਅਜਿਹੀ ਸੋਚ ਅਥਵਾ ਧਾਰਨਾ ਸਾਡੀ ਗੁਰਮਤਿ ਤੋਂ ਅਨਜਾਣਪੁਣਾ ਹੀ ਪ੍ਰਗਟ ਕਰਦੀ ਹੈ। ਹਰੇਕ ਗੁਰਦੁਆਰਾ ਸਾਹਿਬ ਵਿਖੇ ਹੁਕਮ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਲਿਆ ਜਾਂਦਾ ਹੈ, ਭਾਵੇਂ ਉਹ ਸ੍ਰੀ ਦਰਬਾਰ ਸਾਹਿਬ ਹੈ ਜਾਂ ਕੋਈ ਹੋਰ ਗੁਰ-ਸਥਾਨ। ਸੋ, ਹੁਕਮ ਤਾਂ ਗੁਰੂ ਗ੍ਰੰਥ ਸਾਹਿਬ ਦਾ ਹੀ ਹੈ। ਦੁਨੀਆਂ

ਦੇ ਕਿਸੇ ਵੀ ਹਿੱਸੇ ਵਿਚ ਗੁਰੂ ਗ੍ਰੰਥ ਸਾਹਿਬ ਵਿੱਚੋਂ ਲਿਆ ਗਿਆ ਹੁਕਮ ਇੱਕੋ ਹੀ ਦਰਜਾ ਰੱਖਦਾ ਹੈ; ਭਾਵੇਂ ਉਹ ਕਿਸੇ ਇਤਿਹਾਸਕ ਸਥਾਨ 'ਚ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਵਿੱਚੋਂ ਲਿਆ ਗਿਆ ਹੈ ਜਾਂ ਉਹ ਕਿਸੇ ਪਿੰਡ ਜਾਂ ਸ਼ਹਿਰ ਦੇ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਤੋਂ।

ਹੁਕਮ ਲੈਣ ਦੀ ਮਰਯਾਦਾ

ਉਂਜ ਤਾਂ "੧ਓ" ਤੋਂ ਲੈ ਕੇ "ਤੇਰਾ ਕੀਤਾ ਜਾਤੋ ਨਾਹੀ" ਦੇ ਸਲੋਕ ਤਕ ਹਰੇਕ ਸ਼ਬਦ ਹੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਹੈ; ਪ੍ਰੰਤੂ ਪੰਥ ਵਿਚ ਇਕਸਾਰਤਾ ਦਾ ਭਾਵ ਬਣਾਈ ਰੱਖਣ ਲਈ ਹੁਕਮ ਲੈਣ ਦੀ ਮਰਯਾਦਾ ਕਾਇਮ ਕੀਤੀ ਗਈ ਹੈ। 'ਸਿੱਖ ਰਹਿਤ ਮਰਯਾਦਾ' ਵਿਚ ਹੁਕਮ ਲੈਣ ਦੀ ਵਿਧੀ ਇਸ ਤਰ੍ਹਾਂ ਵਰਣਨ ਕੀਤੀ ਗਈ ਹੈ :

> 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਜੋ ਪਹਿਲਾ ਸ਼ਬਦ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਏ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਏ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ 'ਤੇ ਭੋਗ ਪਾਇਆ ਜਾਵੇ।

ਕਈ ਸੱਜਣ ਦੁਪਹਿਰ ਵੇਲੇ ਪੰਨੇ ਦੇ ਮੱਧ ਦਾ ਸ਼ਬਦ ਅਤੇ ਸ਼ਾਮ ਵੇਲੇ ਪੰਨੇ ਦੇ ਅੰਤ ਦਾ ਸ਼ਬਦ ਪੜ੍ਹਦੇ ਹਨ, ਇਹ ਉਨ੍ਹਾਂ ਵੀਰਾਂ/ਭੈਣਾਂ ਦੀ ਆਪਣੀ ਸੋਚ ਅਥਵਾ ਧਾਰਨਾ ਹੈ। ਜੇਕਰ ਸਾਨੂੰ ਇਹ ਸਮਝ ਆ ਜਾਵੇ ਕਿ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਹਰੇਕ ਸ਼ਬਦ ਵਿੱਚ "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ" ਦੀ ਹੀ ਜੀਵਨ-ਜੁਗਤਿ ਸਮਝਾ ਰਹੇ ਹਨ ਤਾਂ ਸ਼ਾਇਦ ਫਿਰ ਇਸ ਤਰ੍ਹਾਂ ਆਖਣ ਜਾਂ ਲਿਖਣ ਦੀ ਲੋੜ ਹੀ ਨਾ ਪਵੇ ਕਿ ਕੋਈ ਸ਼ਬਦ ਚੰਗਾ ਹੈ ਜਾਂ ਮਾੜਾ ਹੈ, ਇਹ ਸ਼ਬਦ ਹੁਕਮ ਹੈ, ਇਹ ਸ਼ਬਦ ਹੁਕਮ ਨਹੀਂ ਹੈ, ਸਵੇਰ ਵੇਲੇ ਇੱਥੋਂ ਹੁਕਮ ਲੈਣਾ ਹੈ, ਦੁਪਹਿਰ ਸਮੇਂ ਇੱਥੋਂ ਅਤੇ ਸ਼ਾਮ ਸਮੇਂ ਇੱਥੋਂ ਹੁਕਮ ਲੈਣਾ ਹੈ। ਇਤਨਾ ਹੀ ਨਹੀਂ ਬਲਕਿ ਫਿਰ ਤਾਂ ਉਚੇਚੇ ਤੌਰ 'ਤੇ ਕੋਈ ਵਿਸ਼ੇਸ਼ ਸ਼ਬਦ ਲੱਭ ਕੇ ਪੜ੍ਹਨ ਦੀ ਵੀ ਲੋੜ ਨਹੀਂ ਪੈਣ ਲੱਗੀ। ਜੀ ਹਾਂ, ਫਿਰ ਜਿਹੜਾ ਵੀ ਕੋਈ ਸ਼ਬਦ ਕਿਸੇ ਵੀ ਪੰਨੇ ਤੋਂ, ਕਿਸੇ ਵੀ ਰਾਗ ਵਿਚ ਦਰਜ ਬਾਣੀ ਨੂੰ, ਪੰਨੇ ਦੇ ਸ਼ੁਰੂ ਤੋਂ, ਮੱਧ 'ਚੋਂ ਜਾਂ ਪੰਨੇ ਦੇ ਅੰਤ ਵਿੱਚੋਂ ਪੜ੍ਹੇਗਾ, ਅਸੀਂ ਉਸ ਨੂੰ ਹੀ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਦੇ ਰੂਪ ਵਿਚ ਸਵੀਕਾਰ ਕਰ ਕੇ ਉਸ ਅੱਗੇ ਸੀਸ ਨਿਵਾਵਾਂਗੇ।

[ਨੋਟ : ਕੇਹਾ ਚੰਗਾ ਹੋਵੇ ਜੇਕਰ ਗੁਰਦੁਆਰਿਆਂ ਵਿੱਚ ਬੋਰਡ ਉੱਤੇ ਜੋ ਹੁਕਮ ਲਿਖਿਆ ਜਾਂਦਾ ਹੈ, ਉਸ ਸ਼ਬਦ ਦੇ ਅਰਥ ਵੀ ਨਾਲ ਲਿਖ ਦਿੱਤੇ ਜਾਣ। ਸ਼ਬਦ ਦੇ ਅਰਥ ਪੰਜਾਬੀ ਦੇ ਨਾਲ ਨਾਲ ਅੰਗਰੇਜ਼ੀ ਜਾਂ ਹੋਰ ਸਥਾਨਕ ਭਾਸ਼ਾ ਵਿਚ ਲਿਖ ਦਿੱਤੇ ਜਾਣ ਤਾਂ ਕਿ ਸੰਗਤਾਂ ਸ਼ਬਦ ਦੇ ਭਾਵਾਰਥ ਤੋਂ ਜਾਣੂੰ ਹੋ ਸਕਣ।]

ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਸੰਬੰਧੀ ਕੁਝ ਭਰਮ ਭੁਲੇਖੇ

ਗੁਰੂ ਗ੍ਰੰਥ ਸਾਹਿਬ ਸਾਡੇ ਲਈ ਕੇਵਲ ਧਾਰਮਿਕ ਗ੍ਰੰਥ ਦਾ ਹੀ ਦਰਜਾ ਨਹੀਂ ਰੱਖਦੇ, ਬਲਕਿ ਗੁਰੂ ਦਾ ਦਰਜਾ ਰੱਖਦੇ ਹਨ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਥਾਨ 'ਤੇ ਉਪਰ ਚਾਨਣੀ (ਚੰਦੋਆ) ਲਗਾ ਕੇ, ਮੰਜੀ/ਤਖ਼ਤਪੋਸ਼ 'ਤੇ, ਰੁਮਾਲਾ ਵਿਛਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਉੱਤੇ ਚੌਰ ਝੁਲਾਇਆ ਜਾਂਦਾ ਹੈ। ਸਿੱਖ ਜਗਤ ਵਿਚ ਇਹ ਪਾਤਸ਼ਾਹੀ ਚਿੰਨ੍ਹ ਕੇਵਲ ਗੁਰੂ ਗ੍ਰੰਥ ਸਾਹਿਬ ਲਈ ਹੀ ਰਾਖਵੇਂ ਹਨ। ਇਹ ਸਤਿਕਾਰ ਗੁਰੂ ਗ੍ਰੰਥ ਸਾਹਿਬ ਜੀ ਦੇ ਭੌਤਿਕ ਆਕਾਰ ਕਰਕੇ ਨਹੀਂ, ਇਨ੍ਹਾਂ ਵਿਚਲੀ ਬਾਣੀ/ਗਿਆਨ ਕਰਕੇ ਹੈ। ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੇ ਦੋ ਪੱਖ ਹਨ: ਇਕ ਹੈ ਇਨ੍ਹਾਂ ਵਿਚ ਦਰਸਾਈ ਜੀਵਨ-ਜਾਚ ਨੂੰ ਪੜ੍ਹ, ਬੁੱਝ, ਸਮਝ ਕੇ ਅਪਨਾਉਣਾ ਅਤੇ ਦੂਜਾ ਹੈ ਬਾਹਰਲਾ। ਇਸ ਬਾਹਰਲੇ ਸਤਿਕਾਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਸਤਿਕਾਰ ਨਾਲ ਰੁਮਾਲੇ ਵਿਚ ਲਪੇਟ ਕੇ ਰੱਖਣਾ, ਉਪਰ ਚਾਨਣੀ/ਚੰਦੋਆ ਲਗਾਉਣਾ, ਸਤਿਕਾਰ ਸਹਿਤ ਮੰਜੀ ਜਾਂ ਤਖ਼ਤਪੋਸ਼ ਉੱਤੇ ਪ੍ਰਕਾਸ਼ ਕਰਨਾ, ਅਦਬ ਨਾਲ ਮੱਥਾ ਟੇਕਣਾ, ਸੰਤੋਖਣਾ ਆਦਿ ਆਉਂਦੇ ਹਨ। ਗੁਰੂ ਸਾਹਿਬ ਦਾ ਜਿਤਨਾ ਵੀ ਅਸੀਂ ਸਤਿਕਾਰ ਕਰ ਸਕੀਏ, ਥੋੜ੍ਹਾ ਹੈ। ਪਰ ਅਸੀਂ ਜਾਣੇ-ਅਨਜਾਣੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਹਰਲੇ ਸਤਿਕਾਰ ਦੇ ਕੁਝ ਅਜਿਹੇ ਰੂਪ ਕਾਇਮ ਕਰ ਲਏ ਹੋਏ ਹਨ ਜਿਨ੍ਹਾਂ ਨੂੰ ਗੁਰਮਤਿ ਦੀ ਜੀਵਨ-ਜੁਗਤਿ ਵਿਚ ਸਤਿਕਾਰ ਦਾ ਚਿੰਨ੍ਹ ਸਵੀਕਾਰ ਨਹੀਂ ਕੀਤਾ ਗਿਆ ਹੈ। ਪਰ ਫਿਰ ਵੀ ਸਿੱਖ ਸੰਗਤਾਂ ਵਿਚ ਕਥਿਤ ਸਤਿਕਾਰ ਦੇ ਕਈ ਮਾਪਦੰਡ ਪ੍ਰਚੱਲਤ ਹਨ। ਜੇਕਰ ਗੁਰਮਤਿ ਦੀ ਜੀਵਨ-ਜਾਚ ਨੂੰ ਸਮਝਣ ਵਾਲਾ ਕੋਈ ਵਿਅਕਤੀ ਇਨ੍ਹਾਂ ਕਥਿਤ ਸਤਿਕਾਰ ਦੇ ਮਾਪਦੰਡਾਂ ਨੂੰ ਨਹੀਂ ਅਪਨਾਉਂਦਾ ਤਾਂ ਉਸ ਨੂੰ ਅਸ਼ਰਧਕ ਸਮਝਿਆ ਜਾਂਦਾ ਹੈ। ਕਈ ਵਾਰ ਤਾਂ ਅਜਿਹੇ ਕਥਿਤ ਸਤਿਕਾਰ ਨਾ ਕਰਨ ਵਾਲੇ ਨੂੰ ਬਹੁਤ ਬੁਰਾ-ਭਲਾ ਵੀ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਦੇ ਇਹੋ ਜਿਹੇ ਮਾਪਦੰਡਾਂ ਵਿੱਚੋਂ ਕੁਝ ਕੁ ਦੀ ਇੱਥੇ ਚਰਚਾ ਕਰ ਰਹੇ ਹਾਂ:

ਗੁਰੂ ਗ੍ਰੰਥ ਸਾਹਿਬ ਦਾ ਸਰੂਪ ਇਕ ਥਾਂ ਤੋਂ ਦੂਜੇ ਥਾਂ ਲਿਜਾਣ ਸਮੇਂ ਤੁਪਕਾ-ਤੁਪਕਾ ਪਾਣੀ ਤ੍ਰੌਂਕਦੇ ਜਾਣ ਸੰਬੰਧੀ

ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨੂੰ ਇਕ ਥਾਂ ਤੋਂ ਦੂਜੀ ਥਾਂ 'ਤੇ ਲਿਜਾਣ ਸਮੇਂ, ਗੁਰੂ ਗ੍ਰੰਥ ਸਾਹਿਬ ਦੇ ਅੱਗੇ ਇਕ ਪ੍ਰਾਣੀ ਪਾਣੀ ਦਾ ਛਿੱਟਾ ਦੇਂਦਾ ਜਾਂਦਾ ਹੈ। ਇਸ ਕ੍ਰਿਆ ਨੂੰ ਸਤਿਗੁਰੂ ਜੀ ਦੇ ਸਤਿਕਾਰ ਦਾ ਚਿੰਨ੍ਹ ਮੰਨਿਆ ਹੋਇਆ ਹੈ। ਕਈ ਵਾਰੀ ਤਾਂ ਅਜਿਹਾ ਵੀ ਦੇਖਣ ਨੂੰ ਮਿਲਦਾ ਹੈ ਕਿ ਮੀਂਹ ਪੈ ਰਿਹਾ ਹੁੰਦਾ ਹੈ ਪਰ ਫਿਰ ਵੀ ਤੁਪਕਾ ਤੁਪਕਾ ਪਾਣੀ ਤ੍ਰੌਂਕਿਆ ਜਾ ਰਿਹਾ ਹੁੰਦਾ ਹੈ। ਪਿਛਲੇ ਕੁਝ ਸਮੇਂ ਤੋਂ ਕਈ ਥਾਈਂ ਨਗਰ ਕੀਰਤਨ ਸਮੇਂ ਵੀ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਅੱਗੇ ਪਾਣੀ ਦਾ ਛਿੜਕਾਓ ਕਰਨ ਦਾ ਰਿਵਾਜ ਪ੍ਰਚੱਲਤ ਹੋ ਗਿਆ ਹੈ। ਜੇਕਰ ਰਸਤਾ-ਕੱਚਾ ਹੋਣ ਕਾਰਨ ਮਿੱਟੀ ਘੱਟਾ ਉੱਡਣ ਦੀ ਸੰਭਾਵਨਾ ਹੈ ਤਾਂ ਪਾਣੀ ਦਾ ਛਿੜਕਾਓ ਯੋਗ ਹੈ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਲਿਜਾਣ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਪਾਣੀ ਦਾ ਛਿੜਕਾਓ ਕੀਤਾ ਜਾਵੇ ਤਾਂ ਕਿ ਲੰਘਣ ਲੱਗਿਆਂ ਮਿੱਟੀ ਘੱਟਾ ਨਾ ਉੱਡੇ। ਪਰ ਤੁਪਕਾ-ਤੁਪਕਾ ਪਾਣੀ ਨਾਲ ਮਿੱਟੀ-ਘੱਟੇ ਨੂੰ ਉੱਡਣੋਂ ਨਹੀਂ ਰੋਕਿਆ ਜਾ ਸਕਦਾ। ਪ੍ਰੰਤੂ ਜਦ ਅਸੀਂ ਪੱਕੀ ਸੜਕ/ਰਸਤੇ 'ਤੇ ਵੀ ਪਾਣੀ ਤ੍ਰੌਂਕਦੇ ਜਾਂਦੇ ਹਾਂ ਤਾਂ ਉਸ ਸਮੇਂ ਇਹ ਕਰਮ ਕਰਮ-ਕਾਂਡ ਤੋਂ ਵੱਧ ਹੋਰ ਕੁਝ ਨਹੀਂ ਕਿਹਾ ਜਾ ਸਕਦਾ। ਹੈਰਾਨਗੀ ਇਸ ਗੱਲ ਦੀ ਹੈ ਕਿ ਕਈ ਗੁਰਦੁਆਰਿਆਂ ਵਿਖੇ ਉਚੇਚੇ ਤੌਰ 'ਤੇ ਅਜਿਹਾ ਪ੍ਰਬੰਧ ਕੀਤਾ ਹੋਇਆ ਹੈ ਕਿ ਜਿਸ ਵੈਨ ਆਦਿ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਲਿਜਾਣਾ ਹੁੰਦਾ ਹੈ, ਉਸ ਦੇ ਅੱਗੇ ਪੱਕੇ ਤੌਰ 'ਤੇ ਕੁੱਪੀ ਆਦਿ ਬੰਨ੍ਹੀ ਹੋਈ ਹੈ, ਜਿਸ ਵਿੱਚੋਂ ਤੁਪਕਾ-ਤੁਪਕਾ ਪਾਣੀ ਚੋਂਦਾ ਰਹਿੰਦਾ ਹੈ। ਕਈ ਥਾਈਂ ਜੇਕਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਨੂੰ ਕਾਰ ਆਦਿ ਵਿਚ ਲੈ ਕੇ ਜਾ ਰਿਹਾ ਹੁੰਦਾ ਹੈ ਤਾਂ ਇਕ ਸ਼ਰਧਾਲੂ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਉਸ ਕਾਰ ਦੇ ਅੱਗੇ ਅੱਗੇ ਪਾਣੀ ਤ੍ਰੌਂਕਦਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਦੇ ਅੱਗੇ ਇਸ ਤਰ੍ਹਾਂ ਤੁਪਕਾ-ਤੁਪਕਾ ਪਾਣੀ ਛਿੜਕਣ ਦੀ ਸਾਡੇ ਵਿਚ ਕੋਈ ਰਵਾਇਤ ਨਹੀਂ ਹੈ। (ਕਈ ਥਾਈਂ ਤਾਂ ਕੜਾਹ ਪ੍ਰਸਾਦਿ ਦੀ ਦੇਗ ਨੂੰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਲਿਆਉਣ ਸਮੇਂ ਵੀ ਪਾਣੀ ਛਿੜਕਿਆ ਜਾਂਦਾ ਹੈ, ਕਿਤੇ ਪੰਜ ਪਿਆਰਿਆਂ ਦੇ ਅੱਗੇ ਵੀ ਪਾਣੀ ਦਾ ਛਿੜਕਾਓ ਕੀਤਾ ਜਾਂਦਾ ਹੈ, ਅਤੇ ਕਈ ਥਾਈਂ ਪ੍ਰਭਾਤ ਫੇਰੀ ਦੇ ਅੱਗੇ ਵੀ ਪਾਣੀ ਦਾ ਛਿੜਕਾਓ ਕੀਤਾ ਜਾਂਦਾ ਹੈ।) ਭਾਵੇਂ ਇਤਿਹਾਸ ਦੇ ਲਗਭਗ ਹਰੇਕ ਪੰਨੇ 'ਤੇ ਹੀ ਗੁਰਮਤਿ ਦੇ ਵਿਰੁੱਧ ਕੁਝ ਨਾ ਕੁਝ ਲਿਖਿਆ ਜ਼ਰੂਰ ਮਿਲ ਜਾਂਦਾ ਹੈ, ਪਰ ਇਸ ਬਾਰੇ ਪੁਰਾਤਨ ਲਿਖਤਾਂ ਵਿਚ ਕਿਧਰੇ ਵੀ ਇਸ ਤਰ੍ਹਾਂ ਦਾ ਵਰਣਨ ਨਹੀਂ ਮਿਲਦਾ। ਜੇਕਰ ਸਾਡਾ ਇਹੀ ਹਾਲ ਰਿਹਾ ਤਾਂ ਸ਼ਾਇਦ ਕੋਈ ਸੱਜਣ ਇਹ ਵੀ ਉੱਦਮ ਕਰ ਦੇਵੇ ਕਿ ਵਿਦੇਸ਼ਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਲਿਆਉਣ ਲਈ ਹਵਾਈ ਜਹਾਜ਼ 'ਤੇ ਵੀ ਕੋਈ ਅਜਿਹਾ ਪ੍ਰਬੰਧ ਕਰ ਲਵੇ ਕਿ ਜਹਾਜ਼ ਦੇ ਅਗਲੇ ਹਿੱਸੇ ਵਿਚ ਕੋਈ ਅਜਿਹੀ ਚੀਜ਼ ਫਿਟ ਕਰ ਦੇਵੇ, ਜਿਸ ਵਿਚ ਪਾਣੀ ਦੀ ਇੰਨੀ ਕੁ ਮਾਤਰਾ ਮੌਜੂਦ ਹੋਵੇ ਕਿ ਉਸ ਵਿਚ ਆਪਣੇ ਆਪ ਹੀ ਤੁਪਕਾ-ਤੁਪਕਾ ਪਾਣੀ ਦਾ ਛਿੜਕਾਓ ਹੁੰਦਾ ਰਹੇ।

ਗੁਰੂ ਗ੍ਰੰਥ ਸਾਹਿਬ ਨੂੰ ਭੋਗ ਲਵਾਉਣ ਸੰਬੰਧੀ

ਕੜਾਹ ਪ੍ਰਸਾਦਿ ਬਾਰੇ ਕਈ ਪ੍ਰਾਣੀ ਇਹ ਸਮਝਦੇ ਹਨ ਕਿ ਅਰਦਾਸ ਰਾਹੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਇਸ ਦਾ ਭੋਗ ਲਵਾਇਆ ਜਾਂਦਾ ਹੈ। ਕਈ ਥਾਈਂ ਤਾਂ ਇਸ ਧਾਰਨਾ ਅਧੀਨ ਅਰਦਾਸ ਲਈ ਜਿਹੜੀ ਦੇਗ ਬਣਾਈ ਜਾਂਦੀ ਹੈ, ਉਹ ਦੇਸੀ ਘਿਉ ਦੀ ਬਣਾਈ ਜਾਂਦੀ ਹੈ ਅਤੇ ਸੰਗਤਾਂ ਵਿਚ ਵਰਤਾਉਣ ਲਈ ਡਾਲਡੇ (ਬਨਸਪਤੀ) ਘਿਓ ਦੀ ਬਣਾ ਕੇ ਵਰਤਾਈ ਜਾਂਦੀ ਹੈ। ਕੜਾਹ ਪ੍ਰਸਾਦਿ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪ੍ਰਸਾਦੇ (ਭੋਜਨ) ਦਾ ਥਾਲ ਲਿਆ ਕੇ ਰੱਖਣ ਸੰਬੰਧੀ ਵੀ ਇਹੋ ਜਿਹੀ ਧਾਰਨਾ ਹੀ ਦੇਖਣ ਨੂੰ ਮਿਲਦੀ ਹੈ।

[ਨੋਟ: ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੇਵਲ ਕੜਾਹ ਪ੍ਰਸਾਦਿ ਦੀ ਅਰਦਾਸ ਦੀ ਹੀ ਪਰੰਪਰਾ ਹੈ, ਪ੍ਰਸ਼ਾਦੇ ਦੀ ਨਹੀਂ।]

ਅਰਦਾਸੀਏ ਵੱਲੋਂ ਵੀ ਅਰਦਾਸ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਨਾਲ ਕਿ ਆਪ ਜੀ ਨੂੰ ਭੋਗ ਲੱਗੇ, ਇਸ ਭਰਮ ਨੂੰ ਹੋਰ ਬਲ ਦੇਣ ਵਿਚ ਸਹਾਇਕ ਹੁੰਦੇ ਹਨ। ਕਈ ਪਰਿਵਾਰ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਆਪਣੇ ਘਰ ਵਿਖੇ ਕੀਤਾ ਹੋਇਆ ਹੈ ਅਤੇ ਉਹ ਜੇਕਰ ਪ੍ਰਸ਼ਾਦਾ ਬਾਹਰੋਂ ਛਕ ਕੇ ਆਉਣ ਤਾਂ ਫਿਰ ਘਰ ਆ ਕੇ ਸਤਿਗੁਰੂ ਜੀ ਲਈ ਉਚੇਚੇ ਤੌਰ 'ਤੇ ਪ੍ਰਸ਼ਾਦਾ ਤਿਆਰ ਕਰ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਲਿਆ ਕੇ, ਹਜ਼ੂਰ ਨੂੰ ਭੋਗ ਲਵਾਉਂਦੇ ਹਨ?

ਗੁਰੂ ਗ੍ਰੰਥ ਸਾਹਿਬ ਜੀ ਨੂੰ ਗਰਮੀ ਅਤੇ ਸਰਦੀ ਲੱਗਣ ਸੰਬੰਧੀ

ਗੁਰੂ ਗ੍ਰੰਥ ਸਾਹਿਬ ਜੀ ਨੂੰ ਗਰਮੀਆਂ ਦੀ ਰੁੱਤ ਵਿਚ ਪਤਲੇ ਅਥਵਾ ਠੰਡੇ ਅਤੇ ਸਰਦੀਆਂ ਵਿਚ ਗਰਮ ਰੁਮਾਲੇ ਇਸ ਧਾਰਨਾ ਨਾਲ ਚੜ੍ਹਾਏ ਜਾਂਦੇ ਹਨ ਕਿ ਗੁਰੂ ਸਾਹਿਬ ਨੂੰ ਵੀ ਗਰਮੀ ਜਾਂ ਸਰਦੀ ਲੱਗਦੀ ਹੈ। ਕਈ ਥਾਈਂ ਤਾਂ ਗੁਰੂ ਗ੍ਰੰਥ ਸਾਹਿਬ ਨੂੰ ਸੁਖਾਸਨ ਉਪਰੰਤ ਜਿਸ ਸਥਾਨ 'ਤੇ ਰੱਖਿਆ ਜਾਂਦਾ ਹੈ, ਉਸ ਕਮਰੇ ਆਦਿ ਵਿਖੇ ਹੀਟਰ ਆਦਿ ਦਾ ਪ੍ਰਬੰਧ ਇਸੇ ਹੀ ਸੋਚ ਕਾਰਨ ਕੀਤਾ ਜਾਂਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਗਿਆਨ ਦਾ ਖ਼ਜ਼ਾਨਾ ਹੈ, ਇਹ ਗੁਰਮਤਿ ਗਿਆਨ ਗਰਮੀ ਅਤੇ ਸਰਦੀ ਤੋਂ ਰਹਿਤ ਹੈ। ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲੇ ਵਿਚ ਲਪੇਟ ਕੇ ਰੱਖਣ ਦਾ ਮਨੋਰਥ ਸਤਿਕਾਰ ਅਤੇ ਸੰਭਾਲ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖਾਸਨ ਸੰਬੰਧੀ

ਗੁਰੂ ਗ੍ਰੰਥ ਸਾਹਿਬ ਨੂੰ ਗਰਮੀ ਅਤੇ ਸਰਦੀ ਤੋਂ ਪ੍ਰਭਾਵਿਤ ਹੋਣ ਵਾਲੀ ਸੋਚ ਵਾਲੇ ਕਈ ਵੀਰ/ਭੈਣ ਗੁਰੂ ਗ੍ਰੰਥ ਸਾਹਿਬ ਦੇ ਸੁਖਾਸਨ ਸੰਬੰਧੀ ਇਹ ਧਾਰਨਾ ਰੱਖਦੇ ਹਨ ਕਿ ਗੁਰੂ ਸਾਹਿਬ ਨੂੰ ਆਰਾਮ ਦਿਵਾਉਣ ਲਈ ਸੁਖ-ਆਸਨ ਕੀਤਾ ਜਾਂਦਾ ਹੈ। ਅਜਿਹੀ ਸੋਚ ਕਾਰਨ ਹੀ ਕਈ ਪ੍ਰਾਣੀ ਸੁਖ-ਆਸਨ ਦੀ ਅਰਦਾਸ ਸਮੇਂ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰਦੇ ਹਨ ਕਿ, "ਹੇ ਸੱਚੇ ਪਾਤਸ਼ਾਹ ਜੀਓ! ਆਪ ਜੀ ਦੇ ਸੁਖ-ਆਸਨ

ਕੀਤੇ ਗਏ ਹਨ, ਆਪ ਹੁਣ ਵਿਸ਼ਰਾਮ ਕਰੋ, ਸੰਗਤਾਂ ਨੂੰ ਛੁੱਟੀਆਂ ਬਖ਼ਸ਼ੋ, ਅੰਮ੍ਰਿਤ ਵੇਲੇ ਫਿਰ ਦਰਸ਼ਨ ਦੀਦਾਰ ਬਖ਼ਸ਼ਸ਼ ਕਰ ਕੇ ਨਿਹਾਲ ਕਰਨਾ।" ਕਈ ਥਾਈਂ ਤਾਂ ਜਿਸ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਬਿਰਾਜਮਾਨ ਕੀਤਾ ਹੁੰਦਾ ਹੈ, ਉਥੇ ਦੀਵਾਨ ਦੀ ਸਮਾਪਤੀ ਉਪਰੰਤ ਆਉਣ ਵਾਲੀਆਂ ਸੰਗਤਾਂ ਨੂੰ ਕਮਰੇ ਦੇ ਬਾਹਰੋਂ ਹੀ ਇਹ ਕਹਿੰਦਿਆਂ ਹੋਇਆਂ ਮੱਥਾ ਟੇਕਣ ਲਈ ਆਖਦੇ ਹਨ ਕਿ ਗੁਰੂ ਮਹਾਰਾਜ ਹੁਣ ਆਰਾਮ ਕਰ ਰਹੇ ਹਨ। ਇਸ ਸੋਚ ਕਾਰਨ ਹੀ ਕਈ ਸੱਜਣ ਅਖੰਡ ਪਾਠ ਦੀ ਸਮਾਪਤੀ ਉਪਰੰਤ ਤੁਰੰਤ ਹੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖ-ਆਸਨ ਕਰ ਦੇਂਦੇ ਹਨ। ਗੁਰੂ ਗ੍ਰੰਥ ਸਾਹਿਬ ਬਾਰੇ ਇਹੋ ਜਿਹੀ ਧਾਰਨਾ ਸਾਡੀ ਅਗਿਆਨਤਾ ਦਾ ਹੀ ਲਖਾਇਕ ਹੈ। ਗੁਰੂ ਗਿਆਨ (ਸ਼ਬਦ-ਗੁਰੂ) ਮਨੁੱਖ ਵਾਂਗੂ ਸੌਣ ਅਤੇ ਜਾਗਣ ਤੋਂ ਉਪਰ ਹੈ, ਇਹ ਤਾਂ ਸਦਾ ਹੀ ਜਾਗਦੇ ਹਨ। 'ਸਿੱਖ ਰਹਿਤ ਮਰਯਾਦਾ' ਵਿਚ ਸੁਖ-ਆਸਨ ਸੰਬੰਧੀ ਕੇਵਲ ਇਤਨਾ ਹੀ ਲਿਖਿਆ ਹੋਇਆ ਹੈ ਕਿ ਜਦ ਤਕ ਗ੍ਰੰਥੀ ਜਾਂ ਸੇਵਾਦਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਲਈ ਹਾਜ਼ਰ ਰਹਿ ਸਕੇ ਜਾਂ ਪਾਠੀਆਂ, ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ ਰਹੇ ਜਾਂ ਬੇਅਦਬੀ ਦਾ ਖ਼ਤਰਾ ਨਾ ਹੋਵੇ, ਤਦ ਤਕ ਪ੍ਰਕਾਸ਼ ਰਹੇ। ਉਪਰੰਤ ਸੁਖ-ਆਸਨ ਕਰ ਦੇਣਾ ਉਚਿਤ ਹੈ ਤਾਂ ਜੋ ਬੇਅਦਬੀ ਨਾ ਹੋਵੇ। 'ਸਿੱਖ ਰਹਿਤ ਮਰਯਾਦਾ' ਵਿਚ ਹੀ ਨਹੀਂ, ਬਲਕਿ ਕਿਧਰੇ ਵੀ ਇਹ ਨਹੀਂ ਲਿਖਿਆ ਹੋਇਆ ਕਿ ਗੁਰੂ ਗ੍ਰੰਥ ਸਾਹਿਬ ਜੀ ਆਮ ਪ੍ਰਾਣੀ ਵਾਂਗ ਸੌਂਦੇ ਜਾਂ ਜਾਗਦੇ ਹਨ।

ਪਦ-ਛੇਦ ਅਤੇ ਲੜੀਵਾਰ ਬੀੜ ਸੰਬੰਧੀ

ਕਈ ਵੀਰ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਇਆ ਹੋਵੇ ਤਾਂ ਮੱਥਾ ਨਹੀਂ ਟੇਕਦੇ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਗੁਰੂ ਸਾਹਿਬ ਨੇ ਲੜੀਵਾਰ ਬੀੜ ਨੂੰ ਗੁਰਗੱਦੀ ਸੌਂਪੀ ਸੀ। ਇਸ ਲਈ ਉਹ ਪਦ-ਛੇਦ ਬੀੜ ਨੂੰ ਗੁਰੂ ਮੰਨਣ ਤੋਂ ਇਨਕਾਰੀ ਹਨ। ਇਹੋ ਜਿਹੀ ਸੋਚ ਰੱਖਣ ਵਾਲੇ ਸੱਜਣ ਗੁਰਬਾਣੀ ਵਿਚਲੇ ਗਿਆਨ ਨੂੰ ਗੁਰੂ ਸਵੀਕਾਰ ਕਰਨ ਦੀ ਬਜਾਏ, ਲੜੀਵਾਰ ਬੀੜ ਵਿਚਲੇ ਗਿਆਨ ਨੂੰ ਹੀ ਗੁਰੂ ਮੰਨਦੇ ਹਨ। ਇਸ ਤਰ੍ਹਾਂ ਇਹ ਵੀਰ/ਭੈਣ ਗੁਰੂ ਗਿਆਨ ਦੇ ਪੁਜਾਰੀ ਹਨ ਜਾਂ ਅੱਖਰਾਂ ਦੇ, ਇਸ ਦਾ ਉੱਤਰ ਤਾਂ ਅਜਿਹੇ ਸੱਜਣ ਹੀ ਦੇ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਦਾ ਸਰੂਪ ਘਰ ਆਦਿ ਲੈ ਕੇ ਜਾਣ ਸਮੇਂ ਨੰਗੇ ਪੈਰੀਂ ਚੱਲਣ ਸੰਬੰਧੀ

ਨੰਗੇ ਪੈਰੀਂ ਚੱਲਣ ਦੀ ਮਹੱਤਤਾ ਨੂੰ ਗੁਰਮਤਿ ਵਿਚ ਪ੍ਰਵਾਨ ਨਹੀਂ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਤਾਂ ਇਸ ਕਰਮ ਨੂੰ ਅਗਿਆਨਮਈ ਕਰਮ ਹੀ ਆਖਿਆ ਗਿਆ ਹੈ। ਇਤਿਹਾਸ ਵਿਚ ਵੀ ਇਹੋ ਜਿਹੀ ਕੋਈ ਲਿਖਤ ਨਹੀਂ ਮਿਲਦੀ ਜਿਸ ਵਿਚ ਇਹ ਲਿਖਿਆ ਹੋਵੇ ਕਿ ਗੁਰੂ ਮਹਾਰਾਜ ਨਾਲ ਤੁਰਨ ਵਾਲੇ ਹਜ਼ੂਰੀ ਸਿੱਖ ਸਤਿਗੁਰੂ ਜੀ ਦੇ ਸਤਿਕਾਰ ਨੂੰ ਮੁੱਖ ਰੱਖਦਿਆਂ ਨੰਗੇ ਪੈਰੀਂ ਚਲਿਆ ਕਰਦੇ ਸਨ। 'ਸਿੱਖ ਰਹਿਤ

ਮਰਯਾਦਾ' ਵਿਚ ਇਸ ਸੰਬੰਧ ਵਿਚ ਇਤਨਾ ਹੀ ਲਿਖਿਆ ਹੋਇਆ ਹੈ ਕਿ ਜਿਸ ਨੇ ਸਿਰ 'ਤੇ ਗੁਰੂ ਗ੍ਰੰਥ ਸਾਹਿਬ ਜੀ ਚੁੱਕਿਆ ਹੋਵੇ, ਉਹ ਨੰਗੇ ਪੈਰੀਂ ਚੱਲੇ, ਪਰ ਜੇਕਰ ਕਿਸੇ ਮੌਕੇ ਜੋੜੇ ਪਾਉਣ ਦੀ ਲੋੜ ਪੈ ਜਾਵੇ, ਤਾਂ ਭਰਮ ਨਹੀਂ ਕਰਨਾ। ਅਤਿ ਦੀ ਗਰਮੀ ਜਾਂ ਸਰਦੀ ਵਿਚ ਮਨ ਹੱਠ ਨਾਲ ਨੰਗੇ ਪੈਰੀਂ ਤੁਰਨਾ ਆਪਣੀ ਮਨਮੱਤ ਤਾਂ ਕਹੀ ਜਾ ਸਕਦੀ ਹੈ ਪ੍ਰੰਤੂ ਗੁਰਮਤਿ ਨਹੀਂ। ਇਸ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਘਰ ਆਦਿ ਲੈ ਕੇ ਜਾਣ ਸਮੇਂ ਜੇਕਰ ਕਿਸੇ ਨੇ ਜੁੱਤੀ ਪਾਈ ਹੋਈ ਹੈ ਤਾਂ ਇਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਹੀਂ ਹੈ।

ਜੁਰਾਬਾਂ ਪਾ ਕੇ ਤਾਬਿਆ ਵਿਚ ਬੈਠਣ ਸੰਬੰਧੀ

ਕਈ ਸ਼ਰਧਾਲੂ ਜੁਰਾਬਾਂ ਪਾ ਕੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਚ ਬੈਠਣ ਨੂੰ ਬੇਅਦਬੀ ਸਮਝਦੇ ਹਨ। ਇਸ ਦਾ ਕਾਰਨ ਜੁਰਾਬਾਂ ਪਾ ਕੇ ਜੁੱਤੀ ਪਹਿਨਣ ਕਾਰਨ ਜੁੱਤੀ ਦੀ ਭਿੱਟ ਹੀ ਮੰਨਿਆ ਜਾਂਦਾ ਹੈ। ਪ੍ਰੰਤੂ ਸਿੱਖੀ ਵਿਚ ਜੁੱਤੀ ਦੀ ਭਿੱਟ ਨੂੰ ਇਸ ਰੂਪ ਵਿਚ ਸਵੀਕਾਰ ਨਹੀਂ ਕੀਤਾ ਗਿਆ। ਹਾਂ, ਜੇਕਰ ਜੁਰਾਬਾਂ ਮੈਲੀਆਂ ਜਾਂ ਮੁੜ੍ਹਕਾ ਆਦਿ ਆਉਣ ਕਾਰਨ ਗਿੱਲੀਆਂ ਹੋਣ ਤਾਂ ਜੁਰਾਬਾਂ ਲਾਹ ਲੈਣੀਆਂ ਚਾਹੀਦੀਆਂ ਹਨ। ਪਰ ਜੇਕਰ ਜੁਰਾਬਾਂ ਸਾਫ਼ ਸੁਥਰੀਆਂ ਪਹਿਨੀਆਂ ਹੋਈਆਂ ਹਨ ਤਾਂ ਉਨ੍ਹਾਂ ਨੂੰ ਉਤਾਰਨ ਦੀ ਜ਼ਰੂਰਤ ਨਹੀਂ ਹੈ। ਮਕਸਦ ਤਾਂ ਇਤਨਾ ਹੀ ਸੀ ਕਿ ਗੰਦੇ ਜਾਂ ਮਿੱਟੀ ਘੱਟੇ ਨਾਲ ਲਿਬੜੇ ਪੈਰ ਧੋ ਕੇ ਅਰਥਾਤ ਸਾਫ਼ ਕਰ ਕੇ ਮਹਾਰਾਜ ਦੀ ਹਜ਼ੂਰੀ 'ਚ ਬੈਠਿਆ ਜਾਵੇ। ਸੋ, ਕਾਰਨ ਸਫ਼ਾਈ ਹੀ ਸੀ, ਕਿਸੇ ਤਰ੍ਹਾਂ ਦਾ ਵਹਿਮ-ਭਰਮ ਨਹੀਂ ਸੀ; ਪ੍ਰੰਤੂ ਸਹਿਜੇ ਸਹਿਜੇ ਇਸ ਨੂੰ ਵਹਿਮ-ਭਰਮ ਦੇ ਰੂਪ ਵਿਚ ਬਦਲ ਦਿੱਤਾ ਗਿਆ।

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਚੌਕੀ/ਸਟੂਲ ਆਦਿ 'ਤੇ ਬੈਠਣ ਸੰਬੰਧੀ

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਈ ਪ੍ਰਾਣੀ ਸਰੀਰਕ ਕਮਜ਼ੋਰੀ ਆਦਿ ਕਾਰਨ ਸਟੂਲ/ਬੈਂਚ ਆਦਿ ਦੀ ਵਰਤੋਂ ਕਰ ਲੈਂਦੇ ਹਨ। ਕਈ ਸੱਜਣ ਮਜਬੂਰੀ ਵਿਚ ਇਨ੍ਹਾਂ ਦੀ ਵਰਤੋਂ ਕਰ ਕੇ ਸੰਗਤ ਵਿਚ ਬੈਠੇ ਵਿਅਕਤੀਆਂ ਨੂੰ ਦੇਖ ਕੇ ਇਹ ਮਹਿਸੂਸ ਕਰਦੇ ਹਨ ਕਿ ਅਜਿਹੇ ਪ੍ਰਾਣੀ ਗੁਰੂ ਮਹਾਰਾਜ ਦੀ ਬੇਅਦਬੀ ਕਰ ਰਹੇ ਹਨ। ਅਜਿਹੇ ਵੀਰ/ ਭੈਣ ਇਹ ਸਮਝਦੇ ਹਨ ਕਿ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿਚ ਕਿਸੇ ਨੂੰ ਇਸ ਤਰ੍ਹਾਂ ਨਹੀਂ ਬੈਠਣਾ ਚਾਹੀਦਾ। ਗੁਰੂ ਗ੍ਰੰਥ ਸਾਹਿਬ ਦੀ ਸੰਗਤ ਵਿਚ ਬੈਠੇ ਸਾਰੇ ਹੀ ਸਿੱਖ ਬਰਾਬਰ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਸੰਗਤ ਵਿਚ ਬੈਠਣ ਲਈ ਕੋਈ ਉੱਚਾ ਜਾਂ ਨੀਵਾਂ ਦਰਜਾ ਜਾਂ ਅਸਥਾਨ ਨਹੀਂ ਹੈ। 'ਸਿੱਖ ਰਹਿਤ ਮਰਯਾਦਾ' ਵਿਚ ਲਿਖਿਆਹੈ ਕਿ "ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮਤ ਹੈ। ਇਨ੍ਹਾਂ ਸ਼ਬਦਾਂ ਦਾ ਭਾਵ ਤਾਂ ਇਹ ਹੈ ਕਿ ਕਿਸੇ ਦਾ ਸੰਗਤ

ਨਾਲੋਂ ਉੱਚਾ/ਸ੍ਰੇਸ਼ਟ ਸਮਝ ਕੇ ਇਸ ਤਰ੍ਹਾਂ ਨਾਲ ਬੈਠਣਾ ਜਾਂ ਬਿਠਾਉਣਾ ਮਨਮਤਿ ਹੈ। ਪ੍ਰੰਤੂ ਕਈ ਸੱਜਣ ਸੰਗਤ ਵਿਚ ਆਪਣੀ ਕਿਸੇ ਸਰੀਰਕ ਮਜਬੂਰੀ ਕਰਕੇ ਚੌਕੀ ਆਦਿ ਦੀ ਵਰਤੋਂ ਕਰਦੇ ਹਨ, ਜਿਸ 'ਤੇ ਸੰਗਤ ਵਿੱਚੋਂ ਇਸ ਪ੍ਰਾਣੀ ਦਾ ਵਿਰੋਧ ਕਰਨਾ ਠੀਕ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਮੰਜੀ ਜਾਂ ਪਾਲਕੀ ਦੇ ਪਾਵਿਆਂ ਨੂੰ ਘੁੱਟਣ ਸੰਬੰਧੀ

ਕਈ ਪ੍ਰਾਣੀ ਪਾਲਕੀ ਜਾਂ ਮੰਜੀ ਦੇ ਪਾਵਿਆਂ ਨੂੰ ਇਹ ਸਮਝ ਕੇ ਘੁੱਟਦੇ-ਨੱਪਦੇ ਹਨ ਕਿ ਇਹ ਗੁਰੂ ਸਾਹਿਬ ਜੀ ਦੇ ਚਰਨ ਹਨ। ਪਰ ਗੁਰੂ ਸਾਹਿਬ ਜੀ ਦੇ ਚਰਨ ਤਾਂ ਗੁਰੂ ਦਾ ਸ਼ਬਦ, ਗੁਰੂ ਦਾ ਉਪਦੇਸ਼ ਹੈ ਨਾ ਕਿ ਪਾਲਕੀ ਜਾਂ ਮੰਜੀ ਦੇ ਪਾਵੇ। ਗੁਰ-ਸ਼ਬਦ ਨੂੰ ਪੜ੍ਹ-ਵਿਚਾਰ ਕੇ ਹਿਰਦੇ ਵਿਚ ਵਸਾਉਣਾ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਨੂੰ ਪਕੜਨਾ ਹੈ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਸੰਗਤਾਂ ਇਹ ਕੁਝ ਆਪਣੇ ਵੱਲੋਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਜੋਂ ਹੀ ਕਰਦੀਆਂ ਹਨ। ਚੂੰਕਿ ਆਮ ਸੰਗਤਾਂ ਨੂੰ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਨਾ ਹੋਣ ਕਾਰਨ, ਉਨ੍ਹਾਂ ਨੂੰ ਜੋ ਕੁਝ ਕਿਸੇ ਨੇ ਦੱਸਿਆ, ਉਸ ਨੂੰ ਉਨ੍ਹਾਂ ਨੇ ਸੱਚ ਕਰਕੇ ਮੰਨ ਲਿਆ ਹੋਇਆ ਹੈ। ਭਾਵੇਂ ਇਹ ਹਰੇਕ ਸਿੱਖ ਦੀ ਜ਼ਿੰਮੇਵਾਰੀ ਹੈ ਕਿ ਉਹ ਗੁਰਮਤਿ ਦੀ ਮਰਯਾਦਾ ਨੂੰ ਸਮਝਣ ਦਾ ਖੁਦ ਯਤਨ ਕਰੇ, ਪਰ ਜ਼ਿੰਮੇਵਾਰ ਸੱਜਣਾਂ ਦੀ ਵਧੇਰੇ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸੰਗਤਾਂ ਨੂੰ ਗੁਰਮਤਿ ਦੇ ਸਿਧਾਂਤਾਂ ਤੋਂ ਜਾਣੂੰ ਕਰਾਉਣ। ਚੂੰਕਿ ਆਮ ਸੰਗਤਾਂ ਨੂੰ ਜਦ ਕਦੀ ਕੋਈ ਜ਼ਿੰਮੇਵਾਰ ਪ੍ਰਾਣੀ ਇਹ ਕਹਿੰਦਾ ਹੈ ਕਿ ਗੁਰੂ ਸਾਹਿਬ ਦੇ ਸਤਿਕਾਰ ਵਿਚ ਅਜਿਹਾ ਕਰਨਾ ਜ਼ਰੂਰੀ ਹੈ ਤਾਂ ਸੰਗਤਾਂ ਸ਼ਰਧਾ ਭਾਵ ਨਾਲ ਅਜਿਹਾ ਕਰਮ ਕਰਨ ਵਿਚ ਸਤਿਗੁਰੂ ਜੀ ਦੀ ਪ੍ਰਸੰਨਤਾ ਹਾਸਲ ਕਰਨ ਲਈ ਇਸ ਕਰਮ ਤੋਂ ਕਿਵੇਂ ਵਾਂਝੀਆਂ ਰਹਿ ਸਕਦੀਆਂ ਹਨ ? ਇਸ ਤਰ੍ਹਾਂ ਅਸੀਂ ਜਾਣੇ-ਅਨਜਾਣੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਦੇ ਇਸ ਰੂਪ ਨੂੰ ਕਰਮ-ਕਾਂਡ 'ਚ ਬਦਲ ਕੇ ਰੱਖ ਦਿੱਤਾ ਹੈ, ਸਾਨੂੰ ਇਸ ਤੋਂ ਉਪਰ ਉੱਠਣ ਦੀ ਲੋੜ ਹੈ।

ਲੰਗਰੁ ਚਲੈ ਗੁਰ ਸਬਦਿ

ਸਿੱਖ ਜਗਤ ਵਿਚ ਸੰਗਤ ਅਤੇ ਪੰਗਤ ਦੀ ਪ੍ਰਥਾ ਗੁਰੂ ਨਾਨਕ ਸਾਹਿਬ ਤੋਂ ਪ੍ਰਾਰੰਭ ਹੋਈ ਹੈ ਅਤੇ ਓਦੋਂ ਤੋਂ ਹੀ ਨਿਰੰਤਰ ਰੂਪ ਵਿਚ ਚੱਲਦੀ ਆ ਰਹੀ ਹੈ। ਸੰਗਤ ਵਿਚ ਰੂਹ ਦੀ (ਆਤਮਿਕ) ਖ਼ੁਰਾਕ ਦਾ ਪ੍ਰਬੰਧ ਹੈ ਅਤੇ ਲੰਗਰ ਵਿਚ ਤਨ ਦੀ ਖ਼ੁਰਾਕ ਦਾ। ਜਿਸ ਤਰ੍ਹਾਂ ਸੰਗਤ ਵਿਚ ਹਰੇਕ ਮਨੁੱਖ ਮਾਤਰ ਬੈਠ ਕੇ ਆਤਮਿਕ ਭੋਜਨ ਛਕ ਸਕਦਾ ਹੈ, ਉਸੇ ਤਰ੍ਹਾਂ ਪੰਗਤ ਵਿਚ ਹਰੇਕ ਪ੍ਰਾਣੀ ਲੰਗਰ ਛਕ ਸਕਦਾ ਹੈ। ਸੰਗਤ ਅਤੇ ਪੰਗਤ ਵਿਚ ਕਿਸੇ ਨਾਲ ਵੀ ਜਾਤ-ਪਾਤ, ਊਚ-ਨੀਚ, ਗ਼ਰੀਬ-ਅਮੀਰ ਦਾ ਭਿੰਨ-ਭੇਦ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਗੁਰਦੁਆਰਾ ਸਾਹਿਬ ਵਿਖੇ ਤਨ ਅਤੇ ਮਨ ਦੋਹਾਂ ਦੀ ਖ਼ੁਰਾਕ ਦਾ ਯਥਾਯੋਗ ਪ੍ਰਬੰਧ ਹੈ। ਜੀਵਨ ਨੂੰ ਸਾਵਾਂ ਪੱਧਰਾ ਅਤੇ ਸੰਤੁਲਤ ਰੱਖਣ ਲਈ ਇਨ੍ਹਾਂ ਦੋਹਾਂ ਦੀ ਜ਼ਰੂਰਤ ਹੈ। ਭਾਈ ਬਲਵੰਡ ਰਾਇ ਅਤੇ ਭਾਈ ਸੱਤੇ ਦੀ ਰਾਮਕਲੀ ਵਾਰ ਵਿਚ ਗੁਰੂ-ਘਰ ਦੀ ਇਸ ਰੀਤ ਦਾ ਇਉਂ ਵਰਣਨ ਕੀਤਾ ਗਿਆ ਹੈ:

ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥ *(ਪੰਨਾ 967)*

ਅਰਥ: (ਜਿਵੇਂ ਗੁਰੂ ਅੰਗਦ ਦੇਵ ਜੀ ਦੇ ਸਤਸੰਗ-ਰੂਪ) ਲੰਗਰ ਵਿਚ (ਨਾਮ ਦੀ) ਦੌਲਤ ਵੰਡੀ ਜਾ ਰਹੀ ਹੈ, ਆਤਮਿਕ ਜੀਵਨ ਦੇਣ ਵਾਲਾ ਨਾਮ-ਰਸ ਵੰਡਿਆ ਜਾ ਰਿਹਾ ਹੈ (ਤਿਵੇਂ ਮਾਤਾ ਖੀਵੀ ਜੀ ਦੀ ਸੇਵਾ ਸਦਕਾ ਲੰਗਰ ਵਿਚ ਸਭ ਨੂੰ) ਘਿਉ ਵਾਲੀ ਖੀਰ ਵੰਡੀ ਜਾ ਰਹੀ ਹੈ।

ਲੰਗਰ ਦਾ ਮਨੋਰਥ ਜਿੱਥੇ ਸਰੀਰਿਕ ਲੋੜ ਦੀ ਪੂਰਤੀ ਹੈ, ਉਥੇ ਨਾਲ ਇੱਕੋ ਹੀ ਥਾਂ ਬੈਠ ਕੇ ਇੱਕੋ ਜਿਹਾ ਹੀ ਲੰਗਰ ਸਾਰਿਆਂ ਲਈ ਤਿਆਰ ਕਰ ਕੇ ਸੁੱਚ-ਭਿੱਟ, ਛੂਤ-ਛਾਤ, ਊਚ-ਨੀਚ ਦੇ ਵਿਤਕਰੇ ਨੂੰ ਮਿਟਾ ਕੇ ਭਰਾਤਰੀ-ਭਾਵ ਪੈਦਾ ਕਰਨਾ ਵੀ ਹੈ। ਲੰਗਰ ਵਿੱਚੋਂ ਪ੍ਰਸ਼ਾਦਾ ਛਕਣ ਵਾਲੇ ਦੇ ਮਨ ਵਿਚ ਨਾ ਤਾਂ ਹੀਣਤਾ-ਭਾਵ ਪੈਦਾ ਹੁੰਦਾ ਹੈ ਅਤੇ ਨਾ ਹੀ ਇਸ ਵਿਚ ਯਥਾਯੋਗ ਹਿੱਸਾ ਪਾਉਣ ਵਾਲੇ ਨੂੰ ਹੰਕਾਰ। ਕਿਉਂਕਿ ਤਿਲ-ਫੁਲ ਭੇਟਾ ਕਰਨ ਵਾਲਾ ਕਿਸੇ ਵਿਅਕਤੀ ਦੇ ਮੂੰਹ ਵਿਚ ਨਹੀਂ, ਸਗੋਂ ਗੁਰੂ ਕੇ ਲੰਗਰ ਵਿਚ ਭੇਟ ਕਰ ਰਿਹਾ ਹੁੰਦਾ ਹੈ। ਇਸੇ ਤਰ੍ਹਾਂ ਪ੍ਰਸ਼ਾਦਾ ਛਕਣ ਵਾਲਾ ਕਿਸੇ ਵਿਅਕਤੀ ਦੇ ਘਰ ਵਿੱਚੋਂ ਨਹੀਂ ਸਗੋਂ ਗੁਰੂ ਕੇ ਲੰਗਰ ਵਿੱਚੋਂ ਛਕ ਰਿਹਾ ਹੁੰਦਾ ਹੈ। ਗੁਰੂ ਕਾ ਲੰਗਰ ਕਿਸੇ ਵਿਅਕਤੀ ਵਿਸ਼ੇਸ਼ ਦਾ ਨਹੀਂ ਬਲਕਿ ਗੁਰੂ ਦਾ ਹੈ। ਇਸ ਵਿਚ ਯੋਗਦਾਨ ਪਾਉਣ ਵਾਲਾ ਟਹਿਲੂਆ ਹੈ, ਦਾਤਾ ਨਹੀਂ; ਦਾਤਾ ਤਾਂ ਪ੍ਰਭੂ ਆਪ ਹੈ।

ਇਸ ਧਾਰਨਾ ਕਾਰਨ ਨਾ ਤਾਂ ਲੰਗਰ ਵਿਚ ਤਿਲ-ਫੁਲ ਭੇਟ ਕਰਨ ਵਾਲੇ ਦੇ ਮਨ ਵਿਚ ਭੇਟ ਕਰਨ ਦਾ ਅਭਿਮਾਨ ਪੈਦਾ ਹੁੰਦਾ ਹੈ ਅਤੇ ਨਾ ਹੀ ਲੰਗਰ ਵਿੱਚੋਂ ਪ੍ਰਸ਼ਾਦਾ ਛਕਣ ਵਾਲੇ ਦੇ ਮਨ ਵਿਚ ਹੀਣਤਾ-ਭਾਵ ਪੈਦਾ ਹੁੰਦਾ ਹੈ। ਗੁਰਦੁਆਰਾ ਸੰਸਥਾ ਵਿਚ ਲੰਗਰ ਦਾ ਇਕ ਨਿਵੇਕਲਾ ਅਤੇ ਵਿਸ਼ੇਸ਼ ਸਥਾਨ ਹੋਣ ਕਾਰਨ ਇਸ ਦਾ ਵਿਸ਼ੇਸ਼ ਮਹੱਤਵ ਹੈ। ਲੰਗਰ ਸੰਸਥਾ ਖ਼ਾਲਸੇ ਦੀ ਨਿਆਰੀ ਜੀਵਨ-ਜੁਗਤਿ ਦਾ ਇਕ ਵਿਸ਼ੇਸ਼ ਅੰਗ ਹੈ।

ਗੁਰਦੁਆਰਾ ਸਾਹਿਬ ਵਿਖੇ ਜੋ ਅਤਿ ਮਹੱਤਵ ਪੂਰਨ ਅਤੇ ਵਿਸ਼ੇਸ਼ ਲੰਗਰ ਦਾ ਰੂਪ ਹੈ, ਉਹ ਗੁਰ-ਸ਼ਬਦ ਅਥਵਾ ਗੁਰਬਾਣੀ ਸਦਕਾ ਹੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ :

> ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ਕ ਆਚਰਯ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨ ਪੂਰਣਾ, ਇਸਤ੍ਰੀ ਜਾਤਿ ਦੀ ਪਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਵਿਸ਼ਰਾਮ ਦਾ ਅਸਥਾਨ ਹੈ। *(ਮਹਾਨ ਕੋਸ਼)*

ਗੁਰਬਾਣੀ ਗੁਰਮਤਿ ਦੀ ਜੀਵਨ-ਜੁਗਤਿ ਦਾ ਧੁਰਾ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੁੜ ਬੈਠਣ ਦਾ ਮੁੱਖ ਮਨੋਰਥ ਗੁਰਬਾਣੀ ਦੀ ਜੀਵਨ-ਜੁਗਤਿ ਨੂੰ ਸਮਝਣਾ ਹੈ। ਗੁਰੂ ਨਾਨਕ ਸਾਹਿਬ ਤਥਾ ਬਾਕੀ ਗੁਰੂ ਸਾਹਿਬਾਨ ਕੋਲ ਸੰਗਤਾਂ ਇਸ ਭੋਜਨ ਨੂੰ ਛਕਣ ਲਈ ਨੇੜੇ-ਤੇੜਿਓਂ ਹੀ ਨਹੀਂ, ਦੂਰ-ਦੁਰੇਡਿਓਂ ਵੀ ਹੁੰਮ-ਹੁਮਾ ਕੇ ਆਉਂਦੀਆਂ ਸਨ। ਗੁਰਦੁਆਰੇ ਸਥਾਨ ਦੇ ਅਤਿ ਨਿਕਟਵਰਤੀ ਅਤੇ ਸਮਕਾਲੀ ਭਾਈ ਗੁਰਦਾਸ ਜੀ, ਇਸ ਸੰਬੰਧੀ ਆਪਣੀ ਅੱਖੀ ਦੇਖੀਂ ਗਵਾਹੀ ਭਰਦਿਆਂ ਲਿਖਦੇ ਹਨ :

> **ਚਾਰੇ ਚਕ ਨਿਵਾਇਓਨੁ ਸਿਖ ਸੰਗਤਿ ਆਵੈ ਅਗਣਤਾ॥**
> **ਲੰਗਰੁ ਚਲੈ ਗੁਰ ਸਬਦਿ ਪੂਰੇ ਪੂਰੀ ਬਣੀ ਬਣਤਾ॥** *(ਵਾਰ 24, ਪਉੜੀ 20)*

ਇਸ ਗੁਰਬਾਣੀ ਅਥਵਾ ਨਾਮ ਭੋਜਨ ਨਾਲ ਹੀ ਅਸੀਂ ਆਤਮਿਕ ਤੌਰ 'ਤੇ ਬਲਵਾਨ ਬਣ ਸਕਦੇ ਹਾਂ। ਇਹ ਭੋਜਨ ਹੀ ਸਾਨੂੰ ਮਨਮੁਖ ਤੋਂ ਗੁਰਮੁਖ ਬਣਨ ਵਿਚ ਸਹਾਇਤਾ ਕਰਦਾ ਹੈ। ਇਸ ਭੋਜਨ ਦੀ ਬਦੌਲਤ ਹੀ ਸਾਡੇ ਮਨ ਵਿੱਚੋਂ ਮੇਰ-ਤੇਰ, ਈਰਖਾ-ਦਵੈਸ਼ ਆਦਿ ਵਿਕਾਰ ਦੂਰ ਹੁੰਦੇ ਹਨ।

ਇਹ ਆਮ ਹੀ ਦੇਖਣ ਵਿਚ ਆ ਰਿਹਾ ਹੈ ਕਿ ਸਿੱਖ ਸੰਗਤਾਂ ਅਤੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨ ਵਾਲਿਆਂ ਵਿਚ ਜਿਹੋ ਜਿਹੀ ਸੁਚੇਤਤਾ ਲੰਗਰ ਪ੍ਰਤੀ ਦੇਖਣ ਨੂੰ ਮਿਲ ਰਹੀ ਹੈ, ਉਸ ਤਰ੍ਹਾਂ ਦੀ ਸੁਚੇਤਤਾ ਆਤਮਿਕ ਭੋਜਨ ਸੰਬੰਧੀ ਦੇਖਣ ਨੂੰ ਨਹੀਂ ਮਿਲ ਰਹੀ। ਇਸ ਭੋਜਨ ਵੱਲੋਂ ਅਵੇਸਲੇਪਣ ਕਾਰਨ ਇਹ ਘੱਟ ਹੀ ਦੇਖਣ-ਸੁਣਨ ਨੂੰ ਮਿਲਦਾ ਹੈ ਕਿ ਕਿਸੇ ਮਾਈ/ਭਾਈ ਨੇ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਗੁਰਬਾਣੀ ਦੀ ਜੀਵਨ-ਜੁਗਤਿ ਤੋਂ ਉਲਟ ਕਥਾ ਕਹਾਣੀਆਂ ਸੁਣਾਉਣ ਵਾਲਿਆਂ ਨੂੰ ਕਿਸੇ ਤਰ੍ਹਾਂ ਦੀ ਪੁੱਛ-ਗਿੱਛ ਕੀਤੀ ਹੋਵੇ ਜਾਂ ਜ਼ਿੰਮੇਵਾਰ ਸੱਜਣਾਂ ਪਾਸ ਸ਼ਿਕਾਇਤ ਕੀਤੀ ਹੋਵੇ। ਸਿੱਖ ਸੰਗਤਾਂ ਵੱਲੋਂ ਇਸ ਤਰ੍ਹਾਂ ਦੀ ਸ਼ਿਕਾਇਤ ਤਾਂ ਆਮ

ਹੀ ਸੁਣੀ ਜਾਂਦੀ ਹੈ ਕਿ ਕੜਾਹ ਪ੍ਰਸਾਦਿ ਜ਼ਿਆਦਾ ਗਰਮ ਗਰਮ ਵਰਤਾ ਦਿੱਤਾ ਹੈ, ਜ਼ਿਆਦਾ ਠੰਡਾ ਹੈ, ਇਸ ਵਿਚ ਘਿਉ ਜ਼ਿਆਦਾ ਹੈ, ਆਟਾ ਚੰਗੀ ਤਰ੍ਹਾਂ ਨਹੀਂ ਭੁੰਨਿਆ ਜਾਂ ਜ਼ਿਆਦਾ ਭੁੰਨਿਆ ਹੋਇਆ ਹੈ, ਪ੍ਰਸਾਦਿ ਵਰਤਾਉਣ ਵਾਲੇ ਨੇ ਪ੍ਰਸਾਦਿ ਵਰਤਾਉਣ ਲੱਗਿਆਂ ਹੱਥ ਨਹੀਂ ਧੋਤੇ, ਲੰਗਰ ਮਰਯਾਦਾ ਅਨੁਸਾਰ ਨਹੀਂ ਬਣਾਇਆ ਗਿਆ, ਲੰਗਰ ਵਰਤਾਉਣ ਵਾਲਿਆਂ ਨੇ ਠੀਕ ਢੰਗ ਨਾਲ ਨਹੀਂ ਵਰਤਾਇਆ, ਲਸਣ ਦੀ ਵਰਤੋਂ ਲੰਗਰ ਵਿਚ ਨਹੀਂ ਕਰਨੀ ਚਾਹੀਦੀ, ਆਦਿ। ਪ੍ਰੰਤੂ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਹੋ ਰਹੇ ਗੁਰਮਤਿ ਵਿਰੋਧੀ ਪ੍ਰਚਾਰ ਸੰਬੰਧੀ ਘੱਟ ਹੀ ਸੰਗਤਾਂ ਵੱਲੋਂ ਸੰਬੰਧਤ ਧਿਰਾਂ ਨੂੰ ਪੁੱਛ-ਗਿੱਛ ਕੀਤੀ ਜਾਂਦੀ ਹੈ ਜਾਂ ਇਤਰਾਜ਼ ਕੀਤਾ ਜਾਂਦਾ ਹੈ।

ਸਾਡਾ ਇਹ ਭਾਵ ਨਹੀਂ ਹੈ ਕਿ ਜੇਕਰ ਪ੍ਰਬੰਧਕ-ਢਾਂਚੇ ਦੇ ਕਿਸੇ ਰੂਪ ਵਿਚ ਕੋਈ ਤਰੁੱਟੀ ਜਾਂ ਕਮਜ਼ੋਰੀ ਹੈ ਤਾਂ ਜ਼ਿੰਮੇਵਾਰ ਵਿਅਕਤੀਆਂ ਦੇ ਧਿਆਨ ਵਿਚ ਨਾ ਲਿਆਂਦੀ ਜਾਵੇ। ਸਾਡਾ ਇਹ ਮੰਨਣਾ ਹੈ ਕਿ ਹਰੇਕ ਸਿੱਖ ਨੂੰ ਜਿੱਥੇ ਕਿਤੇ ਵੀ ਕੋਈ ਕਮਜ਼ੋਰੀ ਜਾਂ ਤਰੁੱਟੀ ਨਜ਼ਰ ਆਉਂਦੀ ਹੈ, ਉਸ ਨੂੰ ਜ਼ਿੰਮੇਵਾਰ ਸੱਜਣਾਂ ਦੇ ਧਿਆਨ ਵਿਚ ਤੁਰੰਤ ਲਿਆਉਣ ਦੀ ਲੋੜ ਹੈ। ਗੁਰਦੁਆਰਾ ਸਾਹਿਬ ਕਿਸੇ ਦੀ ਨਿੱਜੀ ਮਲਕੀਅਤ ਨਹੀਂ, ਸਗੋਂ ਖ਼ਾਲਸਾ ਪੰਥ ਦੀ ਮਲਕੀਅਤ ਹੈ। ਇਸ ਲਈ ਇਸ ਦੇ ਆਦਰਸ਼ ਨੂੰ ਕਾਇਮ ਰੱਖਣ ਲਈ ਹਰੇਕ ਸਿੱਖ ਨੂੰ ਸਭਿਅਕ ਢੰਗ ਦੁਆਰਾ ਯਥਾਯੋਗ ਯੋਗਦਾਨ ਪਾਉਣ ਦੀ ਲੋੜ ਹੈ। ਜਿੱਥੇ ਵੀ ਕਿਤੇ ਕੋਈ ਘਾਟ ਨਜ਼ਰ ਆਉਂਦੀ ਹੈ, ਉਸ ਨੂੰ ਜ਼ਿੰਮੇਵਾਰ ਸੱਜਣਾਂ ਦੇ ਧਿਆਨ ਵਿਚ ਲਿਆਉਣਾ ਜ਼ਰੂਰੀ ਹੈ। ਇਸ ਤਰ੍ਹਾਂ ਨਾਲ ਹੀ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿਚ ਸੁਧਾਰ ਹੋ ਸਕਦਾ ਹੈ। ਇਸ ਤਰ੍ਹਾਂ ਦਾ ਕਦਮ ਉਠਾਉਣ ਨਾਲ ਹੀ ਗੁਰਧਾਮਾਂ ਵਿੱਚੋਂ ਗੁਰਬਾਣੀ ਦੀ ਜੀਵਨ-ਜੁਗਤਿ ਦੀ ਸੁਗੰਧੀ ਆਵੇਗੀ। ਪਰ ਇਹ ਤਾਂ ਹੀ ਸੰਭਵ ਹੈ ਜੇਕਰ ਹਰੇਕ ਸਿੱਖ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਕਰੇ। ਇਸ ਤਰ੍ਹਾਂ ਦੀ ਸੇਵਾ ਨਿਭਾਉਣ ਵਾਲਿਆਂ ਨੂੰ ਇਸ ਗੱਲ ਦਾ ਜ਼ਰੂਰ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਕਿਸੇ ਵੀ ਤਰੁੱਟੀ ਵੱਲ ਜ਼ਿੰਮੇਵਾਰ ਸੱਜਣਾਂ ਦਾ ਧਿਆਨ ਦੁਆਉਣ ਪਿੱਛੇ ਕਿਸੇ ਨੂੰ ਨੀਵਾਂ ਦਿਖਾਉਣ ਦੀ ਜਾਂ ਆਪਣਾ ਆਪ ਜਤਾਉਣ ਦੀ ਭਾਵਨਾ ਨਾ ਹੋਵੇ, ਸਗੋਂ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਸੁਚੱਜਾ ਬਣਾਉਣ ਦੀ ਹੋਣੀ ਚਾਹੀਦੀ ਹੈ। ਜ਼ਿੰਮੇਵਾਰ ਸੱਜਣਾਂ ਨੂੰ ਵੀ ਕਿਸੇ ਵੱਲੋਂ ਸਭਿਅਕ ਢੰਗ ਦੁਆਰਾ ਕੀਤੇ ਇਤਰਾਜ਼ ਜਾਂ ਸ਼ਿਕਾਇਤ/ਸੁਝਾਅ ਨੂੰ ਇਸ ਨਿਗਾਹ ਨਾਲ ਹੀ ਦੇਖਣ ਦੀ ਜ਼ਰੂਰਤ ਹੈ, ਨਾ ਕਿ ਇਸ ਨੂੰ ਨਿੱਜੀ ਵਕਾਰ ਬਣਾਉਣ ਦੀ।

ਹਾਂ, ਇਸ ਗੱਲ ਦਾ ਜ਼ਰੂਰ ਧਿਆਨ ਰੱਖਣ ਦੀ ਲੋੜ ਹੈ ਕਿ ਸ਼ਿਕਾਇਤ ਕਰਨ ਵਾਲੇ ਦੀ ਸ਼ਿਕਾਇਤ ਜਾਇਜ਼ ਹੈ ਜਾਂ ਨਜਾਇਜ਼, ਅਰਥਾਤ ਇਤਰਾਜ਼ ਠੀਕ ਹੈ ਜਾਂ ਨਹੀਂ। ਕਈ ਵਾਰ ਕਈ ਸੱਜਣ ਕਿਸੇ ਪ੍ਰਚਾਰਕ ਆਦਿ ਵੱਲੋਂ ਗੁਰਮਤਿ ਆਸ਼ੇ ਅਨੁਸਾਰ ਆਖੀ ਹੋਈ ਗੱਲ ਸੰਬੰਧੀ (ਗੁਰਮਤਿ ਦੀ ਸਹੀ ਜਾਣਕਾਰੀ ਨਾ ਹੋਣ ਕਾਰਨ) ਵੀ ਇਤਰਾਜ਼ ਕਰਨ ਲੱਗ ਪੈਂਦੇ ਹਨ। ਇਸੇ ਤਰ੍ਹਾਂ ਕਿਸੇ ਗੁਰਦੁਆਰਾ ਸਾਹਿਬ ਵਿਖੇ ਪੰਥ ਪ੍ਰਵਾਣਿਤ 'ਸਿੱਖ ਰਹਿਤ ਮਰਯਾਦਾ' ਅਨੁਸਾਰ ਕਿਸੇ ਕਾਰਜ ਨੂੰ ਹੁੰਦਾ ਦੇਖ ਕੇ ਕਿਸੇ ਡੇਰੇ ਨਾਲ ਸੰਬੰਧਤ ਸੱਜਣ ਇਤਰਾਜ਼ ਕਰਦੇ ਹਨ ਕਿ ਫ਼ਲਾਣੇ ਗੁਰਦੁਆਰਾ ਸਾਹਿਬ

ਵਿਖੇ ਤਾਂ ਇਸ ਤਰ੍ਹਾਂ ਨਹੀਂ ਹੁੰਦਾ। ਇਸ ਲਈ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ ਕਿ ਇਤਰਾਜ਼ ਕਰਨ ਵਾਲੇ ਦਾ ਇਤਰਾਜ਼ ਠੀਕ ਹੈ ਜਾਂ ਨਹੀਂ। ਜੇਕਰ ਜਾਇਜ਼ ਹੈ ਤਾਂ ਉਸ ਨੂੰ ਮੰਨਣ ਵਿਚ ਕਿਸੇ ਤਰ੍ਹਾਂ ਦੀ ਹਿਚਕਿਚਾਹਟ ਨਹੀਂ ਹੋਣੀ ਚਾਹੀਦੀ।

ਆਤਮਿਕ ਭੋਜਨ ਵੱਲੋਂ ਸਾਡੀ ਇਸ ਅਣਗਹਿਲੀ ਕਾਰਨ ਹੀ ਸਟੇਜਾਂ ਤੋਂ ਆਮ ਤੌਰ 'ਤੇ ਬਹੁਤ ਕੁਝ ਅਜਿਹਾ ਸੁਣਨ ਨੂੰ ਮਿਲਦਾ ਹੈ ਜਿਸ ਦਾ ਗੁਰਮਤਿ ਦੀ ਰਹਿਣੀ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਜਿਸ ਨਾਲ ਸਾਡਾ ਆਤਮਿਕ ਜੀਵਨ ਪਲ੍ਹਰਦਾ ਨਹੀਂ, ਸਗੋਂ ਤਬਾਹ ਹੁੰਦਾ ਹੈ। ਇਹ ਆਮ ਹੀ ਦੇਖਣ ਸੁਣਨ ਵਿਚ ਆਉਂਦਾ ਹੈ ਕਿ ਕਥਿਤ ਬਾਬੇ, ਕਥਾਵਾਚਕ/ਪ੍ਰਚਾਰਕ ਅਤੇ ਰਾਗੀ/ਢਾਡੀ ਗੁਰਬਾਣੀ ਦੇ ਕਿਸੇ ਸ਼ਬਦ ਨੂੰ ਲੈ ਕੇ ਸ਼ਬਦ ਵਿਚਲੇ ਭਾਵਾਰਥ ਨੂੰ ਸਮਝਾਉਣ ਦੀ ਬਜਾਏ ਪੁਰਾਣਾਂ, ਸ਼ਾਸਤਰਾਂ, ਮਹਾਂਭਾਰਤ ਅਤੇ ਰਾਮਾਇਣ ਦੀਆਂ ਕਥਾ ਕਹਾਣੀਆਂ ਸੁਣਾਉਣ ਲੱਗ ਪੈਂਦੇ ਹਨ ਜਾਂ ਸ਼ਰਾਬੀ-ਕਬਾਬੀ ਸ਼ਾਇਰਾਂ ਦੇ ਟੋਟਕੇ ਜਾਂ ਚੁਟਕਲੇ ਸੁਣਾਉਣ ਲੱਗ ਪੈਂਦੇ ਹਨ। ਜਿਸ ਦਲਦਲ ਵਿੱਚੋਂ ਗੁਰੂ ਸਾਹਿਬਾਨ ਨੇ ਮਨੁੱਖਤਾ ਨੂੰ ਬਾਹਰ ਕੱਢਿਆ ਸੀ, ਅਜਿਹੇ ਸੱਜਣਾਂ ਵੱਲੋਂ ਸਿੱਖ ਸੰਗਤਾਂ ਨੂੰ ਉਸੇ ਹੀ ਦਲਦਲ ਵਿਚ ਫਿਰ ਧਕੇਲਿਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਪਾਵਨ ਗੁਰਦੁਆਰਾ ਸਾਹਿਬਾਨ ਪੂਜਾ ਸਥਾਨ ਬਣ ਕੇ ਰਹਿ ਗਏ ਹਨ। ਗੁਰਬਾਣੀ ਦੀ ਜੀਵਨ-ਜੁਗਤਿ ਨਾਲ ਜੋੜਨ ਦੀ ਥਾਂ ਗੁਰੂ ਸਾਹਿਬਾਨ ਦੀਆਂ ਵਸਤੂਆਂ ਜਾਂ ਸਥਾਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਜਾ ਰਹੀ ਹੈ ਅਤੇ ਕਿਧਰੇ ਕਰਮ-ਕਾਂਡਾਂ ਦੀ ਸਿੱਖਿਆ ਦ੍ਰਿੜ੍ਹ ਕਰਵਾਈ ਜਾ ਰਹੀ ਹੈ। ਆਮ ਸਿੱਖ ਸੰਗਤ ਨੂੰ ਇਨ੍ਹਾਂ ਗੱਲਾਂ ਨਾਲ ਕੋਈ ਸਰੋਕਾਰ ਹੀ ਨਹੀਂ। ਜ਼ਿਆਦਾਤਰ ਸੰਗਤਾਂ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਅਤੇ ਯਥਾਸ਼ਕਤ ਮਾਇਆ ਭੇਟ ਕਰਨ ਤੀਕ ਹੀ ਆਪਣੇ ਆਪ ਨੂੰ ਸੀਮਤ ਰੱਖਦੀਆਂ ਹਨ। ਉਨ੍ਹਾਂ ਦੀ ਇਸ ਗੱਲ ਵਿਚ ਕੋਈ ਦਿਲਚਸਪੀ ਨਹੀਂ ਹੈ ਕਿ ਸਟੇਜ ਤੋਂ ਕੀ ਸੁਣਾਇਆ ਜਾ ਰਿਹਾ ਹੈ ਜਾਂ ਗੁਰਦੁਆਰਾ ਸਾਹਿਬ ਵਿਖੇ ਕਿਸ ਤਰ੍ਹਾਂ ਦਾ ਪ੍ਰਚਾਰ ਹੋ ਰਿਹਾ ਹੈ।

ਇਸ ਆਤਮਿਕ ਭੋਜਨ ਵੱਲੋਂ ਅਣਗਹਿਲੀ ਦਾ ਇਹ ਸਿੱਟਾ ਹੈ ਕਿ ਗੁਰਦੁਆਰਾ ਸਾਹਿਬ ਦੀਆਂ (ਜ਼ਿਆਦਾਤਰ) ਸਟੇਜਾਂ ਤੋਂ ਜੋ ਕੁਝ ਪ੍ਰਚਾਰਿਆ ਜਾ ਰਿਹਾ ਹੈ, ਉਸ ਨਾਲ ਸਾਡੀ ਦੂਜਿਆਂ (ਧਰਮਾਂ) ਨਾਲ ਤਾਂ ਸਾਂਝ ਕੀ ਪੈਣੀ ਹੈ, ਅਸੀਂ ਆਪਸ ਵਿਚ ਵੀ ਬੁਰੀ ਤਰ੍ਹਾਂ ਵੰਡੇ ਗਏ ਹਾਂ। ਧੜੇਬਾਜ਼ੀ, ਗੁੱਟਬੰਦੀ ਦਿਨੋ-ਦਿਨ ਵਧ ਰਹੀ ਹੈ। ਆਪਸ ਵਿਚ ਭਰਾਤਰੀ-ਭਾਵ ਦੀ ਥਾਂ ਵੈਰ-ਵਿਰੋਧ ਪੈਦਾ ਹੋ ਰਿਹਾ ਹੈ। ਗੁਰਦੁਆਰੇ ਜੋ ਸਿੱਖੀ ਦੀ ਪਾਠਸ਼ਾਲਾ ਹਨ, ਸਾਡੀ ਇਸ ਅਣਗਹਿਲੀ ਕਾਰਨ ਹੀ ਸਾਡੇ ਗੁਰਦੁਆਰਾ ਸਾਹਿਬਾਨ (ਜ਼ਿਆਦਾਤਰ) ਧੜੇਬੰਦੀ ਅਤੇ ਜੰਗ ਦਾ ਅਖਾੜਾ ਬਣੇ ਹੋਏ ਹਨ। ਗੁਰੂ ਕੀ ਗੋਲਕ ਦੀ ਮਾਇਆ ਸਿੱਖੀ ਦੀਆਂ ਕਦਰਾਂ-ਕੀਮਤਾਂ ਨੂੰ ਪ੍ਰਚਾਰਨ ਦੀ ਥਾਂ ਇਕ ਦੂਜੇ ਨੂੰ ਭੰਡਣ ਅਤੇ ਮੁਕੱਦਮਿਆਂ 'ਤੇ ਖ਼ਰਚ ਹੋ ਰਹੀ ਹੈ।

ਸਟੇਜ ਤੋਂ ਜੋ ਕੁਝ ਵੀ ਸਾਡੇ ਅੱਗੇ ਪਰੋਸ ਕੇ ਰੱਖ ਦਿੱਤਾ ਜਾਂਦਾ ਹੈ, ਅਸੀਂ ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਉਸ ਨੂੰ ਆਪਣੀ ਝੋਲੀ ਵਿਚ ਪਵਾ ਲੈਂਦੇ ਹਾਂ। ਇਸ ਤਰ੍ਹਾਂ ਦਾ ਰਵੱਈਆ ਸਾਡੀ ਅਣਗਹਿਲੀ ਅਤੇ ਅਗਿਆਨਤਾ ਦਾ ਹੀ ਲਖਾਇਕ ਹੈ।

ਗੁਰਦੁਆਰਾ ਸਾਹਿਬ ਵਿਖੇ ਜਿੱਥੇ ਲੰਗਰ ਦਾ ਯੋਗ ਪ੍ਰਬੰਧ ਕਰਨ ਦੀ ਲੋੜ ਹੈ, ਉਥੇ ਆਤਮਿਕ ਭੋਜਨ ਵੱਲ ਵੀ ਧਿਆਨ ਦੀ ਲੋੜ ਹੈ। ਗੁਰਦੁਆਰਾ ਮੁੱਖ ਰੂਪ ਵਿਚ ਆਤਮਿਕ ਭੋਜਨ ਦਾ ਕੇਂਦਰ ਹੈ। ਸਾਨੂੰ ਇਸ ਸਥਾਨ ਤੋਂ ਮਿਲ ਰਹੀ ਇਸ ਖ਼ੁਰਾਕ ਵੱਲ ਪੂਰਾ ਧਿਆਨ ਦੇਣ ਦੀ ਲੋੜ ਹੈ। ਜੇਕਰ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਕੋਈ ਅਜਿਹੀ ਗੱਲ ਕੀਤੀ ਜਾ ਰਹੀ ਹੈ ਜਿਹੜੀ ਗੁਰਮਤਿ ਦੀ ਜੀਵਨ-ਜੁਗਤਿ ਦਾ ਭਾਗ ਨਹੀਂ ਹੈ ਤਾਂ ਅਜਿਹੀ ਗੱਲ ਕਰਨ ਵਾਲੇ ਸੱਜਣ ਦੇ ਜਾਂ ਪ੍ਰਬੰਧਕਾਂ ਦੇ ਧਿਆਨ ਵਿਚ ਯੋਗ ਢੰਗ ਅਤੇ ਸਭਿਅਕ ਢੰਗ ਨਾਲ ਲਿਆਉਣਾ ਜ਼ਰੂਰੀ ਹੈ। ਅਜਿਹਾ ਕਰਨ ਲਈ ਸਾਨੂੰ ਆਪ ਵੀ ਗੁਰਬਾਣੀ ਨੂੰ ਧਿਆਨ ਨਾਲ ਪੜ੍ਹਨ ਵਿਚਾਰਨ ਦੀ ਲੋੜ ਹੈ। ਜੇਕਰ ਸਾਨੂੰ ਗੁਰਬਾਣੀ ਦੀ ਸਮਝ ਹੀ ਨਹੀਂ ਹੋਵੇਗੀ ਤਾਂ ਕਿਸ ਤਰ੍ਹਾਂ ਨਾਲ ਨਿਰਣਾ ਕਰ ਸਕਾਂਗੇ ਕਿ ਜੋ ਕੁਝ ਸਟੇਜ ਤੋਂ ਸੁਣਾਇਆ ਜਾ ਰਿਹਾ ਹੈ, ਇਹ ਗੁਰਮਤਿ ਦੇ ਆਸ਼ੇ ਅਨੁਸਾਰ ਹੈ ਜਾਂ ਨਹੀਂ। ਗੁਰਦੁਆਰਾ ਸਾਹਿਬਾਨ ਦੀ ਸੇਵਾ-ਸੰਭਾਲ ਕਰਨ ਵਾਲੇ ਪ੍ਰਬੰਧਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਅਜਿਹਾ ਪ੍ਰਬੰਧ ਕਰਨ ਕਿ ਸਟੇਜ ਤੋਂ ਬੋਲਣ ਵਾਲੇ ਕਥਾਵਾਚਕ ਜਾਂ ਪ੍ਰਚਾਰਕ ਆਦਿ ਲਈ ਦੀਵਾਨ ਦੀ ਸਮਾਪਤੀ ਮਗਰੋਂ ਘੱਟੋ-ਘੱਟ ਪੰਦਰਾਂ ਵੀਹ ਮਿੰਟ ਦਾ ਸਮਾਂ ਨੀਯਤ ਕੀਤਾ ਹੋਵੇ, ਅਤੇ ਇਸ ਸਮੇਂ ਵਿਚ ਕਿਸੇ ਵੀ ਸ੍ਰੋਤੇ ਦਾ ਕੋਈ ਸ਼ੰਕਾ ਹੋਵੇ, ਉਹ ਨਿਰਸੰਕੋਚ ਸਭਿਅਕ ਢੰਗ ਨਾਲ ਪ੍ਰਗਟ ਕਰੇ। ਵਿਦਵਾਨ ਸੱਜਣ ਉਸ ਦਾ ਯਥਾਯੋਗ ਉੱਤਰ ਦੇਵੇ। ਇਸ ਸਮੇਂ ਪ੍ਰਬੰਧਕ ਸੱਜਣਾਂ ਵਿੱਚੋਂ ਵੀ ਇਕ-ਅੱਧ ਮੈਂਬਰ ਹਾਜ਼ਰ ਰਹੇ, ਜੋ ਇਸ ਗੱਲ ਦਾ ਪੂਰਾ ਖ਼ਿਆਲ ਰੱਖੇ ਕਿ ਇਸ ਸਮੇਂ ਕਿਸੇ ਤਰ੍ਹਾਂ ਦਾ ਵਾਦ-ਵਿਵਾਦ ਪੈਦਾ ਨਾ ਹੋਵੇ ਅਤੇ ਸਭਿਅਕ ਢੰਗ ਅਤੇ ਸੁਖਾਵੇਂ ਮਾਹੌਲ ਵਿਚ ਇਹ ਗੱਲ-ਬਾਤ ਹੋਵੇ। ਜੇਕਰ ਸਾਡੇ ਗੁਰਦੁਆਰਾ ਸਾਹਿਬਾਨ ਵਿਖੇ ਅਜਿਹੀ ਵਿਵਸਥਾ ਕਾਇਮ ਹੋ ਜਾਵੇ ਤਾਂ ਫਿਰ ਸਟੇਜ 'ਤੇ ਬੋਲਣ ਵਾਲੇ ਸੱਜਣ ਕਿਸੇ ਵੀ ਵਿਸ਼ੇ ਸੰਬੰਧੀ ਬੋਲਣ ਤੋਂ ਪਹਿਲਾਂ ਉਸ ਬਾਰੇ ਖੋਜ-ਪੜਤਾਲ ਕਰਨਾ ਨਹੀਂ ਭੁੱਲਣਗੇ। ਇਤਨਾ ਹੀ ਨਹੀਂ, ਇਸ ਦੇ ਨਾਲ ਗੁਰਮਤਿ ਵਿਰੋਧੀ ਗੱਲ ਜਾਂ ਕਿਸੇ ਕਥਿੱਤ ਬਾਬਿਆਂ ਦੀ ਮਹਾਨਤਾ ਦਰਸਾਉਣ ਲਈ ਮਨਘੜਤ ਕਹਾਣੀਆਂ ਘੜ ਕੇ ਸੁਣਾਉਣ ਵਾਲੇ ਵੀ ਜ਼ਰੂਰ ਸੰਕੋਚ ਕਰਨਗੇ। ਪਰ ਇਹ ਸਭ ਕੁਝ ਤਾਂ ਹੀ ਸੰਭਵ ਹੈ ਜੇਕਰ ਪ੍ਰਬੰਧਕ ਅਤੇ ਸੰਗਤਾਂ ਇਸ ਗੱਲ ਨੂੰ ਮਹਿਸੂਸ ਕਰਨ ਕਿ ਗੁਰਦੁਆਰਾ ਸਾਹਿਬ ਵਿਖੇ ਆਤਮਿਕ ਭੋਜਨ ਦੀ ਸ਼ੁੱਧਤਾ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ ਤਾਂ ਜੋ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਸੰਗਤਾਂ ਨੂੰ ਕਿਸੇ ਤਰ੍ਹਾਂ ਵੀ ਗੁਰਬਾਣੀ ਦੀ ਜੀਵਨ-ਜੁਗਤਿ ਤੋਂ ਭਿੰਨ ਕੋਈ ਸੁਨੇਹਾ ਨਾ ਮਿਲੇ।

ਸੋ ਗੱਲ ਕੀ, ਜਿੱਥੇ ਲੰਗਰ ਦਾ ਪ੍ਰਬੰਧ ਗੁਰ-ਆਸ਼ੇ ਅਨੁਸਾਰ ਚਲਾਉਣ ਦੀ ਲੋੜ ਹੈ, ਉਥੇ ਗੁਰਬਾਣੀ ਦੀ ਜੀਵਨ-ਜੁਗਤਿ ਨੂੰ ਵੀ ਗੁਰ-ਆਸ਼ੇ ਅਨੁਸਾਰ ਪ੍ਰਚਾਰਨ ਦੀ ਜ਼ਰੂਰਤ ਹੈ ਤਾਂ ਕਿ ਸਿੱਖ ਸੰਗਤਾਂ ਨੂੰ ਸ਼ੁੱਧ ਆਤਮਿਕ ਭੋਜਨ ਮਿਲ ਸਕੇ।

•

ISBN 978-0-9681683-9-4
9 780968 168394